

ਬਲਵੰਤ ਗਾਰਗੀ ਦੀਆਂ ਕਹਾਣੀਆਂ



# ਬਲਵੰਤ
# ਗਾਰਗੀ
# ਦੀਆਂ
# ਕਹਾਣੀਆਂ

# ਬਲਵੰਤ ਗਾਰਗੀ
# ਦੀਆਂ
# ਕਹਾਣੀਆਂ

## ਲੇਖਕ ਦੀਆਂ ਹੋਰ ਪੁਸਤਕਾਂ

ਨਾਟਕ : ਅਭਿਸਾਰਿਕਾ, ਲੋਹਾ ਕੁੱਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕਣਕ ਦੀ ਬੱਲੀ, ਸੌਂਕਣ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਗਗਨ ਮੈਂ ਥਾਲੁ, ਐਕਟ੍ਰੈੱਸ।

ਇਕਾਂਗੀ : ਕੁਆਰੀ ਟੀਸੀ, ਪੱਤਣ ਦੀ ਬੇੜੀ, ਪੈਂਤੜੇਬਾਜ਼, ਚਾਕੂ।

ਬਲਵੰਤ ਗਾਰਗੀ ਦੇ ਨਾਟਕ।

ਬਲਵੰਤ ਗਾਰਗੀ ਦੇ ਇਕਾਂਗੀ ਨਾਟਕ।

ਬਲਵੰਤ ਗਾਰਗੀ ਦੀਆਂ ਕਹਾਣੀਆਂ।

ਨਾਵਲ : ਕੱਕਾ ਰੇਤਾ।

ਕਹਾਣੀ : ਮਿਰਚਾਂ ਵਾਲਾ ਸਾਧ, ਕਾਲਾ ਅੰਬ, ਡੁਲ੍ਹੇ ਬੇਰ।

ਖੋਜ : ਰੰਗ ਮੰਚ, ਲੋਕ ਨਾਟਕ।

ਰੇਖਾ-ਚਿੱਤਰ : ਹੁਸੀਨ ਚਿਹਰੇ, ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਕੌਡੀਆਂ ਵਾਲਾ ਸੱਪ, ਸ਼ਰਬਤ ਦੀਆਂ ਘੁੱਟਾਂ।

ਯਾਤਰਾ : ਪਾਤਾਲ ਦੀ ਧਰਤੀ।

ਆਤਮ ਕਥਾ : ਨੰਗੀ ਧੁੱਪ, ਕਾਸ਼ਨੀ ਵਿਹੜਾ।

# ਬਲਵੰਤ ਗਾਰਗੀ

## ਦੀਆਂ

# ਕਹਾਣੀਆਂ

ਨਵਯੁਗ

Balwant Gargi Dian Kahaniyan

© ਸਭ ਹੱਕ ਲੇਖਕ ਦੇ ਰਾਖਵੇਂ ਹਨ

ਅਗਸਤ : 1999

ਪ੍ਰਕਾਸ਼ਕ
ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ,
ਨਵੀਂ ਦਿੱਲੀ-110016

ਟਾਈਪ ਸੈਟਿੰਗ ਅਤੇ ਛਾਪਕ
ਜਨਤਕ ਪ੍ਰੈਸ
ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

ਮੁੱਲ : 250/- ਰੁਪਏ ISBN 81-7599-054-6

ਆਪਣੇ ਪਿਤਾ ਨੂੰ
ਜਿਨ੍ਹਾਂ ਨੇ ਮੈਨੂੰ ਸਬਰ
ਦੀ ਗੁੜ੍ਹਤੀ ਦਿੱਤੀ ।

## ਦੋ ਸ਼ਬਦ

ਇਨ੍ਹਾਂ ਕਹਾਣੀਆਂ ਵਿਚ ਮੇਰੇ ਜ਼ਾਤੀ ਤਜਰਬੇ ਗੁੰਨ੍ਹੇ ਹੋਏ ਹਨ ਪਰ ਇਨ੍ਹਾਂ ਨੂੰ ਮੈਂ ਆਪਣੀ ਕਲਪਨਾ ਦੁਆਰਾ ਮੁੜ ਜੀਵਿਤ ਕਰਕੇ ਰਚਿਆ ਹੈ। ਇਨ੍ਹਾਂ ਵਿਚ ਨਿਹੰਗ, ਘੋਰੀ ਸਾਧ, ਨੌਜੁਆਨ ਸਿੱਖ ਮੁੰਡਾ ਜੋ ਕੇਸ ਕਤਲ ਕਰਵਾਉਣ ਪਿੱਛੋਂ ਮਾਨਸਿਕ ਸੰਤਾਪ ਕਟ ਕੇ ਫਿਰ ਸਿੰਘ ਸਜ ਜਾਂਦਾ ਹੈ, ਗੰਗਾ ਦੇ ਤਟ 'ਤੇ ਬੈਠੀ ਮਾੜਾ ਜੀ ਤੇ ਪਿਉ ਨੂੰ ਕਤਲ ਕਰਨ ਵਾਲਾ ਉਜਾਗਰ ਸਿੰਘ ਆਦਿ ਮੇਰੇ ਜ਼ਾਤੀ ਤਜਰਬੇ ਨਾ ਹੁੰਦੇ ਹੋਏ ਵੀ ਮੇਰੇ ਆਪਣੇ ਤਜਰਬੇ ਬਣ ਗਏ।

ਮੈਂ ਨਵੀਂ ਦਿੱਲੀ ਵਿਚ ਆਪਣੇ ਨਿੱਕੇ ਕਮਰੇ ਵਿਚ ਬੈਠਾ ਬਠਿੰਡੇ ਦੇ ਵਿਸ਼ਾਲ ਪਾਸਾਰ ਨੂੰ ਰਚ ਰਿਹਾ ਹਾਂ। ਮੇਰੇ ਕੋਲ ਟੈਲੀਫ਼ੋਨ ਦੀ ਘੰਟੀ ਵਜ ਰਹੀ ਹੈ, ਨੌਕਰ ਕਾਹਵਾ ਤਿਆਰ ਕਰ ਰਿਹਾ ਹੈ, ਤੇ ਮੈਂ ਮਿਰਚਾਂ ਵਾਲੇ ਹਠੀ ਸਾਧ ਬਾਬਾ ਢੇਰੂ ਦੇ ਧੂਣੇ 'ਤੇ ਬੈਠਾ ਹਾਂ, ਉਜਾਗਰ ਸਿੰਘ ਨੂੰ ਤਲਵਾਰ ਨਾਲ ਆਪਣੇ ਪਿਉ ਨੂੰ ਵਢਦੇ ਹੋਏ ਦੇਖ ਰਿਹਾ ਹਾਂ।

ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਪਿਛਲੇ ਪੰਦਰਾਂ ਸਾਲਾਂ ਵਿਚ ਲਿਖੀਆਂ ਗਈਆਂ। ਜੀਵਨ ਦੇ ਇਸ ਦੌਰ ਵਿਚ ਮੈਂ ਮਾਨਸਿਕ ਤੜਪਾਂ, ਮਰਦ-ਤੀਵੀਂ ਦੇ ਬਹੁ-ਪੱਖੀ ਰਿਸ਼ਤੇ ਤੇ ਕਾਮ ਵੇਗ ਦੀ ਪ੍ਰਬਲ ਹੋਣੀ ਬਾਰੇ ਲਿਖਿਆ ਹੈ। ਪਰ ਇਸ ਦੌਰਾਨ ਮੈਂ ਕੁਝ ਹੋਰ ਕਹਾਣੀਆਂ ਵੀ ਲਿਖੀਆਂ ਹਨ ਜੋ ਪਿੰਡ ਦੇ ਸਾਦ-ਮੁਰਾਦੇ ਪਾਤਰਾਂ ਤੇ ਉਨ੍ਹਾਂ ਦੇ ਜਜ਼ਬਿਆਂ ਨੂੰ ਚਿਤਰਦੀਆਂ ਹਨ।

ਇਨ੍ਹਾਂ ਦੀ ਬੋਲੀ ਸੁਚੇਤ ਤੌਰ ਤੇ ਇਨ-ਬਿਨ ਪ੍ਰਕਿਰਤੀਵਾਦੀ ਨਹੀਂ ਵਰਤੀ ਸਗੋਂ ਕਿਤੇ ਕਿਤੇ ਮਲਵਈ ਦਾ ਛਿੱਟਾ ਦਿੱਤਾ ਹੈ ਤਾਂ ਜੁ ਪਾਤਰ ਤੇ ਸਥਿਤੀ ਦਾ ਰੰਗ ਉਘੜ ਸਕੇ। ਕਹਾਣੀਆਂ ਦਾ ਮੋਟਾ-ਠੁੱਲ੍ਹਾ ਸੁਭਾਅ, ਪਾਸਾਰ, ਵਾਯੂਮੰਡਲ ਤੇ ਰੰਗ ਬਠਿੰਡੇ ਦੇ ਚੁਫੇਰੀਂ ਵਿਛੇ ਰੇਤਲੇ ਇਲਾਕੇ ਦੀ ਪੈਦਾਵਾਰ ਹਨ।

—ਬਲਵੰਤ ਗਾਰਗੀ

ਪੰਜਾਬੀ ਯੂਨੀਵਰਸਿਟੀ
ਪਟਿਆਲਾ

## ਤਤਕਰਾ


1. ਕਾਹਵਾ ਘਰ ਦੀ ਹਸੀਨਾ ..... 11
2. ਰੱਬੋ ਮਰਾਸਣ ..... 17
3. ਕਾਲਾ ਅੰਬ ..... 24
4. ਕਮਲਾ ਮਦਰਾਸਣ ..... 29
5. ਦੇਗਚੀ ..... 41
6. ਵੱਡੀ ਸੱਧਰ ..... 48
7. ਫਿੱਟੇ ਮੂੰਹ ..... 53
8. ਪਿਆਜ਼ੀ ਚੁੰਨੀ ..... 61
9. ਦੁੱਧ ਦਾ ਛੰਨਾ ..... 66
10. ਮਾਸਕੋ ਦੀ ਕੁੜੀ ..... 72
11. ਸਾਂਝਾ ਚੁੱਲ੍ਹਾ ..... 79
12. ਭਾਖੜਾ ਡੈਮ ..... 83
13. ਪੀਲੇ ਲੱਡੂ ..... 87
14. ਮਿਰਚਾਂ ਵਾਲਾ ਸਾਧ ..... 92
15. ਕਾਣੀ ਵੰਡ ..... 98
16. ਮਲੱਠੀ ਵਾਲਾ ਪਾਨ ..... 103
17. ਮਨੂ ਦੀਆਂ ਜੁਰਾਬਾਂ ..... 109
18. ਗੰਗਾ ਅਸ਼ਨਾਨ ..... 114
19. ਡਾਕੂਆਂ ਦਾ ਡੇਰਾ ..... 122
20. ਮਾਤਾ ਜੀ ..... 129
21. ਕਫ਼ਨ ਚੋਰ ..... 139
22. ਜੈ ਪੰਡਿਤ ਸਦਾ ਨੰਦ ਜੀ ..... 144
23. ਧੋਖਾ ..... 150
24. ਛੁੱਟੀ ..... 158
25. ਦਾਨੋ ..... 163
26. ਗਰਮ ਝੱਗ ..... 169
27. ਕੜਾਕਾ ਸਿੰਘ ..... 177
28. ਸੌ ਮੀਲ ਦੌੜ ..... 185
29. ਬੁੱਢੀ ਦੀ ਪੀਪੀ ..... 194
30. ਪੂੰਨੀ ਦੀ ਬੋਲੀ ..... 206
31. ਸ਼ਤਾਬਦੀ ਟਿਕਟ ..... 213
32. ਖੇਮਾ ਸੁਨਿਆਰਾ ..... 225
33. ਉਂਗਲਾਂ ..... 231
34. ਛੱਲੇ ..... 237
35. ਟਿੱਡਾ ਸਾਈਂ ..... 243
36. ਪਾਣੀ ਦਾ ਤੁਪਕਾ ..... 248
37. ਟਿਕਟ ਚੈੱਕਰ ..... 258

# 1

# ਕਾਹਵਾ ਘਰ ਦੀ ਹਸੀਨਾ

ਜਦੋਂ ਰੰਡੀਆਂ ਦੇ ਪੇਸ਼ੇ ਦੇ ਖ਼ਿਲਾਫ਼ ਕਾਨੂੰਨ ਪਾਸ ਹੋਇਆ, ਤਾਂ ਲੰਡਨ ਦੀਆਂ ਸਾਰੀਆਂ ਗਸ਼ਤੀਆਂ ਦਾ ਧੰਦਾ ਠੱਪ ਹੋ ਗਿਆ।

ਇਸ ਤੋਂ ਪਹਿਲਾਂ ਉਹ ਰਾਤ ਵੇਲੇ ਹਾਈਡ ਪਾਰਕ ਤੇ ਰੰਗੀਨ ਇਲਾਕਿਆਂ ਵਿਚ ਬਿਜਲੀ ਦੇ ਖੰਭਿਆਂ ਹੇਠ ਖੜੀਆਂ ਗਾਹਕਾਂ ਨੂੰ ਉਡੀਕਦੀਆਂ। ਪਰ ਹੁਣ ਪੁਲੀਸ ਵੱਲੋਂ ਸਖ਼ਤੀ ਹੋਣ ਕਰਕੇ ਉਹ ਅਲੋਪ ਹੋ ਗਈਆਂ ਸਨ। ਸੜਕਾਂ ਨੂੰ ਛੱਡ ਕੇ ਉਨ੍ਹਾਂ ਨੇ ਕਾਹਵਾ ਘਰਾਂ ਤੇ ਸ਼ਰਾਬ-ਖਾਨਿਆਂ ਨੂੰ ਜਾ ਮੱਲਿਆ ਸੀ।

ਰਣਧੀਰ ਨੇ ਇਨ੍ਹਾਂ ਗਸ਼ਤੀਆਂ ਨੂੰ ਸੜਕ ਉਤੇ ਖੜੇ ਰਾਤ ਨੂੰ ਤੱਕਿਆ ਸੀ। ਉਨ੍ਹਾਂ ਦੀਆਂ ਨਕਲੀ ਝਿੰਮਣੀਆਂ, ਸ਼ੋਖ਼ ਲਿਪਸਟਿਕ, ਚਮਕਦਾਰ ਵਾਲੀਆਂ ਤੇ ਸੁਨਹਿਰੇ ਸੈਂਡਲ ਦੂਰੋਂ ਹੀ ਕੂਕ ਉਠਦੇ ਸਨ ਕਿ ਇਹ ਪੇਸ਼ਾ ਕਮਾਉਣ ਵਾਲੀਆਂ ਹਨ। ਇਨ੍ਹਾਂ ਵਿਚ ਸਰੋਦੀ ਸੁੰਦਰਤਾ ਤੇ ਰੁਮਾਂਸ ਅਸਲੋਂ ਗ਼ਾਇਬ ਸਨ।

ਰਣਧੀਰ ਤਿੰਨ ਸਾਲ ਤੋਂ ਲੰਡਨ ਰਹਿ ਰਿਹਾ ਸੀ। ਉਹ ਭਾਰਤ ਵਿਚ ਸਰਕਾਰੀ ਦਫ਼ਤਰ ਵਿਚ ਕਮਰਸ਼ਿਲ ਆਰਟਿਸਟ ਸੀ। ਚੰਗੀ ਤਨਖ਼ਾਹ। ਪਰ ਸਰਕਾਰੀ ਦਫ਼ਤਰ ਵਿਚ ਇਸ਼ਤਿਹਾਰੀ ਤਸਵੀਰਾਂ ਬਣਾਉਂਦੇ-ਬਣਾਉਂਦੇ ਉਹ ਅੱਕ ਗਿਆ ਸੀ। ਉਮਰ ਲੰਘਦੀ ਜਾ ਰਹੀ ਸੀ। ਲਕੀਰਾਂ ਵਾਹੁੰਦੇ-ਵਾਹੁੰਦੇ ਵਕਤ ਵੀ ਉਸ ਦੇ ਮੱਥੇ ਉਤੇ ਲਕੀਰਾਂ ਵਾਹ ਰਿਹਾ ਸੀ। ਜ਼ਿੰਦਗੀ ਰਸਹੀਨ ਸੀ। ਕਮਰਸ਼ਿਲ ਆਰਟਿਸਟ ਹੋਣਾ ਜਾਂ ਜਲੇਬੀਆਂ ਤਲਣਾ—ਇਕੋ ਗੱਲ ਸੀ। ਇਸ ਵਿਚ ਰੁਮਾਂਸ ਕਿਥੇ ? ਰਣਧੀਰ ਇਸੇ ਰੁਮਾਂਸ ਦੀ ਤਲਾਸ਼ ਵਿਚ ਪੱਕੀ ਸਰਕਾਰੀ ਨੌਕਰੀ ਨੂੰ ਛੱਡ ਕੇ ਲੰਡਨ ਆ ਗਿਆ ਸੀ।

ਇਥੇ ਉਹ ਕਈ ਮਹੀਨੇ ਗੁਰਦੁਆਰੇ ਰਿਹਾ। ਫਿਰ ਉਸ ਨੂੰ ਰਾਤ ਦੀ ਡਿਊਟੀ ਉਤੇ ਡਾਕਖ਼ਾਨੇ ਵਿਚ ਨੌਕਰੀ ਮਿਲ ਗਈ।

ਆਰਟਿਸਟ ਹੋਣ ਕਰਕੇ ਉਸ ਨੂੰ ਕਾਹਵਾ ਘਰਾਂ ਵਿਚ ਜਾਣ ਦਾ ਠਰਕ ਸੀ।

ਹਰ ਰੋਜ਼ ਦਿਨ ਵੇਲੇ ਉਹ ਇਕ ਅਤਾਲਵੀ ਕਾਹਵਾ ਘਰ ਵਿਚ ਜਾਂਦਾ ਜਿਥੇ ਖੂੰਜੇ ਦੀ ਮੇਜ਼ ਮੱਲ ਕੇ ਉਹ ਘੰਟਿਆਂ-ਬੱਧੀ ਬੈਠਾ ਕਾਹਵਾ ਪੀਂਦਾ।

ਪਿਆਲਿਆਂ ਦੀ ਖਣਕ ਤੇ ਲੋਕਾਂ ਦੀ ਚਹਿਲ-ਪਹਿਲ ਉਸ ਨੂੰ ਚੰਗੀ ਲਗਦੀ। ਜਦੋਂ ਕੋਈ ਨਵਾਂ ਜੋੜਾ ਜਾਂ ਮੁੰਡੇ-ਕੁੜੀਆਂ ਦਾ ਟੋਲਾ ਆ ਕੇ ਬੈਠਦਾ, ਤਾਂ ਉਹ ਇਕ ਨਜ਼ਰ ਉਨ੍ਹਾਂ ਨੂੰ ਦੇਖ ਕੇ ਫਿਰ ਆਪਣਾ ਕੰਮ ਕਰਨ ਲੱਗ ਪੈਂਦਾ। ਉਹ ਇਕ ਤਰ੍ਹਾਂ ਦਾ ਹਾਜ਼ਰੀ ਲਾਉਣ ਵਾਲਾ ਰਜਿਸਟਰ ਸੀ।

ਇਕ ਦਿਨ ਉਹ ਬੈਠਾ ਕੁਝ ਲਿਖ ਰਿਹਾ ਸੀ ਕਿ ਤਿੰਨ ਕੁੜੀਆਂ ਕੈਫ਼ੇ ਵਿਚ ਦਾਖ਼ਲ ਹੋਈਆਂ। ਉਨ੍ਹਾਂ ਨੇ ਅੱਧ-ਮੁਕਾਏ ਚਿੱਤਰ ਤੇ ਡਰਾਇੰਗ-ਪੇਪਰ ਗੋਲ ਕਰ ਕੇ ਕੱਛੇ ਮਾਰੇ ਹੋਏ ਸਨ। ਹੱਥਾਂ ਵਿਚ ਬੁਰਸ਼ ਤੇ ਰੰਗਦਾਰ ਪੈਂਸਿਲਾਂ ਸਨ। ਉਹ ਰਣਧੀਰ ਤੋਂ ਚਾਰ-ਪੰਜ ਮੇਜ਼ਾਂ ਛੱਡ ਕੇ ਪਰ੍ਹਾਂ ਬੈਠ ਗਈਆਂ। ਉਨ੍ਹਾਂ ਕਾਫ਼ੀ ਦੇ ਪਿਆਲੇ ਮੰਗਵਾਏ ਤੇ ਗੱਲਾਂ ਕਰਨ ਲੱਗੀਆਂ।

ਤਿੰਨਾਂ ਨੇ ਮੋਕਲੇ ਸਵੈਟਰ ਪਾਏ ਹੋਏ ਸਨ। ਦੋ ਕੁੜੀਆਂ ਦੇ ਖੁੱਲ੍ਹੇ ਵਾਲ ਮੋਢਿਆਂ ਉਤੇ ਡਿੱਗ ਰਹੇ ਸਨ। ਤੀਜੀ ਨੇ, ਜੋ ਇਨ੍ਹਾਂ ਵਿਚੋਂ ਸਭ ਤੋਂ ਸੁਹਣੀ ਸੀ, ਰੇਸ਼ਮੀ ਸੁਨਹਿਰੇ ਵਾਲਾਂ ਦਾ ਅਜੰਤਾ-ਜੂੜਾ ਕੀਤਾ ਹੋਇਆ ਸੀ। ਨਾ ਬੁੱਲ੍ਹਾਂ ਉਤੇ ਲਿਪਸਟਿਕ ਅਤੇ ਨਾ ਕੋਈ ਮੇਕ-ਅੱਪ। ਸਿਰਫ਼ ਅੱਖਾਂ ਵਿਚ ਕੱਜਲ ਦੀ ਡੋਰੀ ਜੋ ਪੇਂਟਰ ਕੁੜੀਆਂ ਅਕਸਰ ਲਾਉਂਦੀਆਂ ਸਨ। ਸਵੈਟਰ ਵਿਚ ਉਸ ਦੇ ਸਾਦਾ ਭਰਪੂਰ ਜੋਬਨਾਂ ਦਾ ਉਭਾਰ ਨਜ਼ਰ ਆ ਰਿਹਾ ਸੀ। ਇਸ ਹੁਸਨ ਵਿਚ ਪਵਿੱਤਰ ਆਕਰਸ਼ਣ ਸੀ।

ਰਣਧੀਰ ਨੇ ਕਈ ਵਾਰ ਉਸ ਵਲ ਦੇਖਿਆ। ਉਹ ਕੰਵਲ-ਫੁੱਲ ਵਾਂਗ ਅਭਿੱਜ ਬੈਠੀ ਆਪਣੀਆਂ ਸਹੇਲੀਆਂ ਨਾਲ ਹੱਸ-ਹੱਸ ਗੱਲਾਂ ਕਰ ਰਹੀ ਸੀ।

ਇਤਨੇ ਵਿਚ ਰਣਧੀਰ ਦਾ ਇਕ ਮਲੰਗ ਦੋਸਤ, ਜੋ ਇਨਕਲਾਬੀ ਜੁਸ਼ੀਲੀਆਂ ਨਜ਼ਮਾਂ ਲਿਖਣ ਕਾਰਨ ਫੜਿਆ ਗਿਆ ਸੀ ਤੇ ਦਸ ਸਾਲ ਹੋਏ ਮੈਕਸੀਕੋ ਤੋਂ ਨੱਠ ਕੇ ਲੰਡਨ ਆ ਵੜਿਆ ਸੀ, ਉਸ ਨਾਲ ਆ ਬੈਠਾ। ਰੰਗ ਤਾਂਬਈ, ਦਾੜ੍ਹੀ ਹਾਜੀਆਂ ਵਰਗੀ, ਨਾਂ ਫ਼ਰਾਂਸਿਸ। ਉਸ ਦੀ ਸੱਜੀ ਲੱਤ ਦੀ ਹੱਡੀ ਟੁੱਟੀ ਸੀ, ਇਸ ਲਈ ਉਹ ਲੰਗੜਾ ਕੇ ਤੁਰਦਾ ਸੀ। ਉਹ ਅਕਸਰ ਮੈਕਸੀਕੋ ਦੇ ਸਾਨ੍ਹਾਂ ਦੀ ਖ਼ੂਨੀ ਲੜਾਈ ਤੇ ਪੇਂਟਰਾਂ ਦੀਆਂ ਗੱਲਾਂ ਸੁਣਾਉਂਦਾ।

ਰਣਧੀਰ ਨੇ ਉਸ ਨੂੰ ਕਾਫ਼ੀ ਦਾ ਪਿਆਲਾ ਪੇਸ਼ ਕੀਤਾ ਤੇ ਆਖਿਆ, "ਪੇਂਟਰਾਂ ਦੀਆਂ ਦਾੜ੍ਹੀਆਂ ਉਲਝੀਆਂ ਤੇ ਹੜਬਾਂ ਨਿਕਲੀਆਂ ਹੁੰਦੀਆਂ ਹਨ, ਪਰ ਪੇਂਟਰ ਕੁੜੀਆਂ ਬਹੁਤ ਸੁਹਣੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਔਰਤ ਦੇ ਸਰੀਰ ਦੀਆਂ ਗੁਲਾਈਆਂ ਤੇ ਲਚਕੀਲੇ ਅੰਗਾਂ ਦੇ ਰਹੱਸ ਦਾ ਗਿਆਨ ਹੁੰਦਾ ਹੈ। ਮੈਨੂੰ ਅਜਿਹੀਆਂ ਕੁੜੀਆਂ ਬਹੁਤ ਚੰਗੀਆਂ ਲਗਦੀਆਂ ਹਨ।"

ਫ਼ਰਾਂਸਿਸ ਭੁੱਖਾ ਸੀ। ਉਸ ਨੇ ਸੈਂਡਵਿਚ ਖਾਂਦੇ ਹੋਏ ਕਾਹਵੇ ਦਾ ਘੁੱਟ ਭਰ ਕੇ ਆਖਿਆ, "ਜੇ ਪੇਂਟਰ ਦੇਖਣੇ ਨੇ, ਤਾਂ ਮੈਕਸੀਕੋ ਜਾ। ਲੰਡਨ ਦੇ ਥੀਏਟਰ ਚੰਗੇ ਹਨ, ਪਰ ਪੇਂਟਰ ਇਕਦਮ ਰੱਦੀ।"

ਰਣਧੀਰ ਬੋਲਿਆ, "ਲੰਡਨ ਵਿਚ ਦਿਨ-ਬ-ਦਿਨ ਪੇਂਟਰਾਂ ਦੀ ਗਿਣਤੀ ਵਧ ਰਹੀ ਹੈ।"



"ਨਹੀਂ, ਗਸ਼ਤੀਆਂ ਦੀ ਗਿਣਤੀ ਵਧ ਰਹੀ ਹੈ। ਔਹ ਸਾਹਮਣੇ ਦੇਖ! ਜਿਸ ਵਲ ਉਂਗਲ ਕਰੇਂ, ਬੁਲਾ ਦਿਆਂ।"

ਫ਼ਰਾਂਸਿਸ ਦੀ ਫੜ੍ਹਾਂ ਮਾਰਨ ਦੀ ਆਦਤ ਸੀ। ਰਣਧੀਰ ਨੇ ਉੱਤਰ ਦਿੱਤਾ "ਮੈਨੂੰ ਮੱਕਾਰ ਗਸ਼ਤੀਆਂ ਵਿਚ ਕੋਈ ਦਿਲਚਸਪੀ ਨਹੀਂ। ਸੁਆਦ ਤਾਂ ਤਦ ਐ ਜੇ ਤੂੰ ਇਨ੍ਹਾਂ ਵਿਚੋਂ ਕਿਸੇ ਨੂੰ ਬੁਲਾ ਕੇ ਦਿਖਾਵੇਂ।"

"ਤੂੰ ਕਿਸੇ ਵਲ ਇਸ਼ਾਰਾ ਕਰ।"

ਰਣਧੀਰ ਨੇ ਉਸ ਪੇਂਟਰ ਕੁੜੀ ਵਲ ਇਸ਼ਾਰਾ ਕੀਤਾ, ਜਿਸ ਦੇ ਸੁਨਹਿਰੀ ਅਜੰਤਾ-ਜੂੜੇ ਨੇ ਉਸ ਨੂੰ ਖਿੱਚ ਰਖਿਆ ਸੀ।

ਫ਼ਰਾਂਸਿਸ ਨੇ ਸ਼ੇਖ਼ੀ ਨਾਲ ਮੇਜ਼ ਉਤੇ ਮੁੱਕਾ ਮਾਰਿਆ ਤੇ ਆਖਿਆ, "ਫੇਰ ਪਿੱਛੇ ਨਾ ਹਟ ਜਾਈਂ!"

ਉਹ ਉਠਿਆ ਤੇ ਕੈਦੋ ਦੀ ਤੋਰ ਕੁਰਸੀਆਂ ਤੋਂ ਬਚਦਾ ਉਨ੍ਹਾਂ ਦੀ ਮੇਜ਼ ਦੁਆਲੇ ਜਾ ਖੜਾ ਹੋਇਆ। ਰਣਧੀਰ ਡਰ ਰਿਹਾ ਸੀ ਕਿ ਸਾਲਾ ਜੁੱਤੀਆਂ ਪੁਆਏਗਾ।

ਉਸ ਦੇਖਿਆ ਉਹ ਉਨ੍ਹਾਂ ਨਾਲ ਹੱਸ-ਹੱਸ ਗੱਲਾਂ ਕਰ ਰਿਹਾ ਸੀ।

ਥੋੜ੍ਹੇ ਚਿਰ ਪਿੱਛੋਂ ਉਹ ਲੰਗੜਾਉਂਦਾ ਹੋਇਆ ਆਇਆ ਤੇ ਜੇਤੂ ਅੰਦਾਜ਼ ਵਿਚ ਬੋਲਿਆ, "ਹੁਣੇ ਦੋ ਕੁੜੀਆਂ, ਤੇਰੀ ਮੇਜ਼ ਉਤੇ ਆਉਣਗੀਆਂ। ਚੁਣ ਲਵੀਂ।"

ਰਣਧੀਰ ਦੀ ਦੁਬਿਧਾ ਤਾੜ ਕੇ ਉਸ ਆਖਿਆ, "ਇਨ੍ਹਾਂ ਨੂੰ ਪੇਂਟਰ ਨਾ ਸਮਝ। ਇਹ ਗਸ਼ਤੀਆਂ ਦਾ ਨਵਾਂ ਢੰਗ ਹੈ ਪੁਲਿਸ ਤੋਂ ਬਚਣ ਦਾ। ਆਪਣੇ ਆਪ ਨੂੰ ਸ਼ਰੀਫ਼ ਤੇ ਆਰਟਿਸਟਿਕ ਰੂਪ ਵਿਚ ਪੇਸ਼ ਕਰਦੀਆਂ ਹਨ। ਇਹ ਬੁਰਸ਼ ਤੇ ਅੱਧ-ਮੁੱਕੀਆਂ ਤਸਵੀਰਾਂ ਬਸ ਦਰਸ਼ਨੀ ਹਨ। ਲਿਆ ਕੱਢ ਤਿੰਨ ਸ਼ਲਿੰਗ, ਮੈਂ ਟੇਟ ਗੈਲਰੀ ਜਾਣਾ ਹੈ।"

ਇਤਨੇ ਵਿਚ ਅਜੰਤਾ-ਜੂੜੇ ਵਾਲੀ ਕੁੜੀ ਤੇ ਉਸ ਦੀ ਇਕ ਸਾਥਣ ਉਨ੍ਹਾਂ ਕੋਲ ਆ ਗਈਆਂ। ਰਣਧੀਰ ਅਦਬ ਨਾਲ ਉਠਿਆ ਤੇ ਉਨ੍ਹਾਂ ਨੂੰ ਬੈਠਣ ਲਈ ਆਖਿਆ। ਫ਼ਰਾਂਸਿਸ ਉਸੇ ਤਰ੍ਹਾਂ ਲੱਤਾਂ ਪਸਾਰੀ ਬੈਠਾ ਸਿਗਰਟ ਦਾ ਧੂੰਆਂ ਛਡਦਾ ਰਿਹਾ।

ਉਨ੍ਹਾਂ ਦੀ ਜਾਣ-ਪਛਾਣ ਕਰਵਾਉਂਦੇ ਉਹ ਬੋਲਿਆ, "ਇਹ ਮੇਰੀਆਂ ਬੜੀਆਂ ਪੱਕੀਆਂ ਸਹੇਲੀਆਂ ਹਨ। ਲਉ ਬਈ, ਹੁਣ ਤੁਸੀਂ ਆਪਣੇ-ਆਪਣੇ ਨਾਂ ਦੱਸ ਦਿਉ ਮੇਰੇ ਦੋਸਤ ਨੂੰ।"

ਅਜੰਤਾ ਜੂੜੇ ਵਾਲੀ ਦਾ ਨਾਂ ਲਿਜ਼ੀ ਸੀ ਤੇ ਦੂਜੀ ਦਾ ਮਾਰਥਾ। ਫ਼ਰਾਂਸਿਸ ਤਿੰਨ ਸ਼ਲਿੰਗ ਫੜ ਕੇ ਤੇ ਕੁੜੀਆਂ ਨੂੰ "ਟਾ ਟਾ" ਕਰ ਕੇ ਲੰਗ ਮਾਰਦਾ ਹੋਇਆ ਚਲਾ ਗਿਆ।

ਕੁੜੀਆਂ ਨੇ ਸਿਗਰਟ ਸੁਲਗਾਏ ਤੇ ਪੁੱਛਿਆ, "ਕਿਹੜੀ ਪਸੰਦ ਹੈ?"

ਦੋ ਔਰਤਾਂ ਨੂੰ ਸਾਹਮਣੇ ਬਿਠਾ ਕੇ ਇਹ ਕਹਿਣਾ ਕਿ ਉਨ੍ਹਾਂ ਵਿਚੋਂ ਇਕ ਪਸੰਦ ਹੈ ਤੇ ਦੂਜੀ ਨਹੀਂ, ਰਣਧੀਰ ਨੂੰ ਨੀਚ ਗੱਲ ਲਗਦੀ ਸੀ। ਬਾਜ਼ਾਰ ਵਿਚ ਗਾਜਰਾਂ ਦਾ ਭਾਅ ਕਰਦੇ ਹੋਏ ਵੀ ਬੰਦਾ ਦੁਕਾਨਦਾਰ ਦੀ ਘਟੀਆ ਗਾਜਰ ਨੂੰ ਨਹੀਂ ਨਿੰਦਦਾ।

ਕਾਲੇ ਛੱਤਿਆਂ ਵਾਲੀ ਬੋਲੀ, "ਮੈਨੂੰ ਤੂੰ ਪਸੰਦ ਹੈਂ। ਕੀ ਖ਼ਿਆਲ ਹੈ?"

ਰਣਧੀਰ ਦੀ ਨਜ਼ਰ ਲਿਜ਼ੀ ਵਲ ਜੰਮੀ ਹੋਈ ਸੀ।

ਉਸ ਦਾ ਬਿਨਾ ਮੇਕ-ਅੱਪ ਪਵਿੱਤਰ ਚੇਹਰਾ ਤੇ ਅਦੁੱਤੀ ਮੁਸਕਰਾਹਟ ਉਸ ਦਾ

ਮਨ ਭਰਮਾ ਰਹੀ ਸੀ। ਇਤਨੀ ਸੋਹਣੀ ਕੋਮਲ ਕੁੜੀ ਭੈੜੀ ਨਹੀਂ ਹੋ ਸਕਦੀ। ਉਸ ਦਾ ਸਡੌਲ ਤੇ ਗੁੰਦਵਾਂ ਸਰੀਰ ਮੋਕਲੇ ਸਵੈਟਰ ਵਿਚੋਂ ਨਜ਼ਰ ਆ ਰਿਹਾ ਸੀ। ਉਹ ਉਸ ਨਾਲ ਕੋਈ ਸੌਦੇਬਾਜ਼ੀ ਨਹੀਂ ਸੀ ਕਰ ਸਕਦਾ। ਪਰ ਉਸ ਨੂੰ ਕੁਝ ਨਾ ਕੁਝ ਤਾਂ ਆਖਣਾ ਹੀ ਸੀ।

"ਮੈਨੂੰ ਲਿਜ਼ੀ ਪਸੰਦ ਹੈ।" ਰਣਧੀਰ ਨੇ ਇਹ ਸ਼ਬਦ ਕੌੜੇ ਹੀਏ ਨਾਲ ਆਖੇ।

ਮਿੰਟਾਂ ਵਿਚ ਹੀ ਭਾਅ ਦੀ ਗੱਲ ਹੋਈ। ਲਿਜ਼ੀ ਘਰ ਜਾਣ ਦੇ ਛੇ ਪਾਊਂਡ ਮੰਗਦੀ ਸੀ ਤੇ ਮਾਰਥਾ ਚਾਰ। ਰਣਧੀਰ ਨੇ ਲਿਜ਼ੀ ਨਾਲ ਗੱਲ ਪੱਕੀ ਕਰ ਲਈ। ਕਾਫ਼ੀ ਦਾ ਪਿਆਲਾ ਮੁਕਾ ਕੇ ਉਸ ਆਪਣੀਆਂ ਕਿਤਾਬਾਂ ਚੁੱਕੀਆਂ ਤੇ ਲਿਜ਼ੀ ਨੇ ਅੱਧ-ਮੁਕਾਏ ਚਿੱਤਰ। ਮੁਸਕਰਾ ਕੇ ਬੋਲੀ, "ਇਨ੍ਹਾਂ ਚਿੱਤਰਾਂ ਵਿਚ ਤੇਰੇ ਘਰ ਚਲ ਕੇ ਰੰਗ ਭਰਾਂਗੇ।"

ਟੈਕਸੀ ਵਿਚ ਬੈਠ ਕੇ ਉਹ ਦੋਵੇਂ ਉਸ ਕਮਰੇ ਵਿਚ ਪਹੁੰਚੇ ਜੋ ਰਣਧੀਰ ਨੇ ਇਕ ਬੁੱਢੀ ਮੇਮ ਤੋਂ ਕਿਰਾਏ ਉਤੇ ਲਿਆ ਹੋਇਆ ਸੀ। ਦਿਨ ਵੇਲੇ ਬੁੱਢੀ ਹਸਪਤਾਲ ਵਿਚ ਦਾਈ ਦਾ ਕੰਮ ਕਰਦੀ ਸੀ। ਸਵੇਰੇ ਦਸ ਵਜੇ ਜਾਂਦੀ ਤੇ ਸ਼ਾਮ ਨੂੰ ਪੰਜ ਵਜੇ ਮੁੜਦੀ।

ਲਿਜ਼ੀ ਕਮਰੇ ਵਿਚ ਆਈ, ਤਾਂ ਰਣਧੀਰ ਨੇ ਹੀਟਰ ਜਗਾਇਆ। ਝਟਪਟ ਚਾਹ ਦੀ ਕੇਤਲੀ ਸਟੋਵ ਉਤੇ ਰੱਖੀ ਤੇ ਅਲਮਾਰੀ ਵਿਚੋਂ ਪਲੇਟਾਂ-ਪਿਆਲੇ ਕੱਢ ਕੇ ਮੇਜ਼ ਉਤੇ ਸਜਾਉਣ ਲੱਗਾ। ਬਦਾਮਾਂ ਵਾਲੀ ਪੇਸਟਰੀ ਤੇ ਚਾਕਲੇਟ ਕੇਕ, ਜੋ ਉਸ ਰਸਤੇ ਵਿਚੋਂ ਖਰੀਦੇ ਸਨ, ਵੀ ਨਾਲ ਰਖ ਦਿੱਤੇ। ਸੁਰਖ਼ ਸ਼ੇਡ ਵਾਲਾ ਟੇਬਲ ਲੈਂਪ ਜਗਾ ਕੇ ਖੂੰਜੇ ਵਿਚ ਰੱਖ ਦਿੱਤਾ। ਇਸ ਦੀ ਹਲਕੀ ਸੂਹੀ ਰੌਸ਼ਨੀ ਨੇ ਕਮਰੇ ਵਿਚ ਨਿੱਘਾ ਰੁਮਾਂਟਿਕ ਵਾਤਾਵਰਣ ਕਾਇਮ ਕਰ ਦਿੱਤਾ।

ਚਾਹ ਬਣਾ ਕੇ ਹਟਿਆ ਤਾਂ ਉਸ ਦੇਖਿਆ, ਲਿਜ਼ੀ ਨੇ ਸਵੈਟਰ ਲਾਹ ਕੇ, ਤਹਿ ਕਰਕੇ ਤਿਪਾਈ ਉਤੇ ਰੱਖ ਦਿੱਤਾ ਸੀ ਅਤੇ ਸਿਰਫ਼ ਕਾਲਾ ਸਕਰਟ ਪਾਈ ਕੁਰਸੀ ਉਤੇ ਬੈਠੀ ਸੀ। ਰਣਧੀਰ ਨੂੰ ਉਸ ਦੇ ਨੰਗੇ ਸਡੌਲ ਮੋਢੇ ਤੇ ਪਿੱਠ ਨਜ਼ਰ ਆਈ ਅਤੇ ਉਸ ਦੀ ਲੰਮੀ ਗੋਰੀ ਗਰਦਨ, ਜਿਸ ਉਤੇ ਦੋਧਾ-ਛੱਲੀ ਦੇ ਵਾਲਾਂ ਵਾਂਗ ਲੂਈਂ ਸੀ।

ਉਹ ਉਸ ਵਲ ਵਧਿਆ ਤੇ ਪਿੱਛੋਂ ਦੀ ਝੁਕ ਕੇ ਉਸ ਦੇ ਮੋਢਿਆਂ ਨੂੰ ਛੁਹਿਆ, ਜੋ ਸੂਹੀ ਰੌਸ਼ਨੀ ਵਿਚ ਦਮਕ ਰਹੇ ਸਨ। ਉਹ ਉਸ ਦੇ ਤਣੇ ਹੋਏ ਜੋਬਨਾਂ ਦੀ ਅਦਭੁਤ ਸੁੰਦਰਤਾ ਵਲ ਖਿੱਚਿਆ ਗਿਆ।

ਲਿਜ਼ੀ ਨੇ ਉਸ ਦੇ ਮੱਥੇ ਨੂੰ ਥਪਕ ਕੇ ਆਖਿਆ, "ਪਹਿਲਾਂ ਛੇ ਪਾਊਂਡ!"

ਇਸ ਰੁਮਾਂਸ ਨੂੰ ਉਸ ਦੇ ਕਾਰੋਬਾਰੀ ਸ਼ਬਦਾਂ ਨੇ ਭੰਗ ਕਰ ਦਿੱਤਾ। ਰਣਧੀਰ ਨੂੰ ਛੇ ਪਾਊਂਡਾਂ ਦੀ ਇਤਨੀ ਚਿੰਤਾ ਨਹੀਂ ਸੀ ਜਿਤਨੀ ਉਸ ਦੇ ਅਲੋਕਾਰੀ ਰੂਪ ਉਤੇ ਲੱਗ ਰਹੇ ਧੱਬੇ ਦੀ। ਉਸ ਆਖਿਆ, "ਮੈਂ ਤੈਨੂੰ ਛੇ ਦੀ ਥਾਂ ਦਸ ਪਾਊਂਡ ਦੇਣਾ ਚਾਹੁੰਦਾ ਹਾਂ। ਪਰ ਮੈਂ ਗ਼ਰੀਬ ਚਿੱਤਰਕਾਰ ਹਾਂ। ਮੇਰੇ ਕੋਲ ਪੈਸੇ ਘੱਟ ਤੇ ਜਜ਼ਬਾ ਵਧੇਰੇ ਹੈ। ਤੂੰ ਇਤਨੀ ਸੁੰਦਰ ਹੈਂ ਕਿ ਆਦਮੀ ਤੇਰੇ ਜਿਹੀ ਕੁੜੀ ਉਤੋਂ ਜਾਨ ਵੀ ਵਾਰ ਸਕਦਾ ਹੈ...।"

"ਮੈਨੂੰ ਜਾਨ ਨਹੀਂ ਚਾਹੀਦੀ, ਛੇ ਪਾਊਂਡ ਚਾਹੀਦੇ ਹਨ। ਤੇ ਜੇ ਤੇਰੇ ਕੋਲ



ਪੈਸੇ ਨਹੀਂ, ਤਾਂ ਮੈਂ..."

ਉਸ ਨੇ ਤਿਪਾਈ ਉਤੇ ਰੱਖੇ ਸਵੈਟਰ ਵਲ ਹੱਥ ਵਧਾਇਆ। ਰਣਧੀਰ ਨੇ ਉਸ ਦਾ ਹੱਥ ਰੋਕ ਕੇ ਆਖਿਆ, "ਤੂੰ ਮੇਰੇ ਨਾਲ ਸੌਦਾ ਨਾ ਕਰ। ਇਸ ਨਾਲ ਮੈਨੂੰ ਦੁਖ ਹੁੰਦਾ ਹੈ। ਮੈਂ ਤੈਨੂੰ ਛੇ ਪਾਊਂਡ ਦੇਵਾਂਗਾ, ਪਰ ਤੂੰ ਉਨ੍ਹਾਂ ਨੂੰ ਮੇਰੇ ਵੱਲੋਂ ਸਿਰਫ਼ ਤੁਹਫ਼ਾ ਸਮਝੀਂ। ਤੇਰੀ ਸੁੰਦਰਤਾ ਦੀ ਭੇਟ। ਮੈਂ ਤੈਨੂੰ ਇਕ ਰੇਸ਼ਮੀ ਚੁੰਨੀ ਵੀ ਦੇਵਾਂਗਾ, ਜੋ ਮੈਂ ਭਾਰਤ ਤੋਂ ਲੈ ਕੇ ਆਇਆ ਸਾਂ।"

ਉਸ ਨੇ ਸੂਟਕੇਸ ਵਿਚੋਂ ਸਿਆਹ ਰੇਸ਼ਮੀ ਚੁੰਨੀ ਕੱਢੀ ਤੇ ਲਿਜ਼ੀ ਦੇ ਨੰਗੇ ਮੋਢਿਆਂ ਉਤੇ ਪਾ ਦਿੱਤੀ। ਇਸ ਦੇ ਸੁਨਹਿਰੇ ਪੱਲੇ ਉਸ ਦੇ ਮੋਢਿਆਂ ਤੋਂ ਛਾਤੀਆਂ ਉਤੇ ਤਿਲ੍ਹਕ ਰਹੇ ਸਨ।

ਉਸ ਨੇ ਚੁੰਨੀ ਨੂੰ ਮੋਢਿਆਂ ਤੋਂ ਲਾਹ ਕੇ ਜਾਚਿਆ ਤੇ ਬੋਲੀ, "ਬਹੁਤ ਸੋਹਣੀ ਹੈ। ਮੇਰੇ ਲਈ ਹੈ?"

"ਹਾਂ।"

"ਦੋ ਪਾਊਂਡ ਦੀ ਹੋਵੇਗੀ।"

ਰਣਧੀਰ ਬੋਲਿਆ, "ਇਹ ਮੇਰੇ ਵੱਲੋਂ ਤੋਹਫ਼ਾ ਹੈ। ਤੇਰੇ ਵਰਗੀ ਸੋਹਣੀ ਕੁੜੀ ਮੈਂ ਨਹੀਂ ਦੇਖੀ। ਮੇਰੇ ਦਿਲ ਵਿਚ ਤੇਰੇ ਲਈ ਅਥਾਹ ਪਿਆਰ ਜਾਗ ਉਠਿਆ ਹੈ। ਮੈਂ ਤੇਰੇ ਅਧੀਨ ਹੋ ਕੇ ਤੇਰੀ ਪੂਜਾ ਕਰਨੀ ਚਾਹੁੰਦਾ ਹਾਂ। ਤੇਰੇ ਨਮਿੱਤ ਆਪਣੇ ਇਸ ਗ਼ਰੀਬ ਕਮਰੇ ਵਿਚ...ਮੈਂ ਤੇਰੇ ਲਈ ਚਾਹ ਤਿਆਰ ਕੀਤੀ ਹੈ। ਚਾਹ ਪੀਂਦਿਆਂ ਤੇਰੇ ਨਾਲ ਗੱਲਾਂ ਕਰਨ ਨੂੰ ਜੀਅ ਕਰਦਾ ਹੈ...।"

ਉਹ ਉੱਠੀ ਤੇ ਉਸ ਨੇ ਚੁੰਨੀ ਨੂੰ ਵੀ ਤਹਿ ਕਰਕੇ ਸਵੈਟਰ ਉਤੇ ਰੱਖ ਦਿੱਤਾ। ਫਿਰ ਲਚਕ ਨਾਲ ਤੁਰਦੀ ਹੋਈ ਚਾਹ ਦੀ ਮੇਜ਼ ਕੋਲ ਆ ਕੇ ਬੈਠ ਗਈ। ਉਹ ਸ਼ਾਇਦ ਭੁੱਖੀ ਸੀ ਕਿਉਂਕਿ ਉਸ ਨੇ ਬੜੇ ਚਾਅ ਨਾਲ ਪੇਸਟਰੀਆਂ ਤੇ ਕੇਕ ਖਾਣੇ ਸ਼ੁਰੂ ਕੀਤੇ ਤੇ ਚਾਹ ਦੇ ਘੁੱਟ ਭਰਨ ਲੱਗੀ। ਸੂਹੀ ਹਲਕੀ ਰੋਸ਼ਨੀ ਵਿਚ ਉਸ ਦੇ ਸਡੌਲ ਅੰਗ ਪਿਆਜ਼ੀ ਹੁਸਨ ਵਿਚ ਡੁੱਬੇ ਹੋਏ ਸਨ।

ਚਾਹ ਪੀਂਦਿਆਂ ਉਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਕੀਤੀਆਂ। ਉਸ ਦੇ ਹੁਸਨ ਨੇ ਰਣਧੀਰ ਨੂੰ ਸੌਦੇਬਾਜ਼ੀ ਦੀ ਦੁਨੀਆਂ ਤੋਂ ਦੂਰ ਲਿਆ ਖੜ੍ਹਾ ਕੀਤਾ ਸੀ ਅਤੇ ਉਹ ਇਕ ਆਦਰਸ਼ਮਈ ਰੁਮਾਂਸ ਦੇ ਸੁਫ਼ਨੇ ਲੈਂਦਾ ਉਸ ਦੇ ਭਰਪੂਰ ਸ਼ਬਾਬ ਨੂੰ ਤੱਕ ਰਿਹਾ ਸੀ, ਜੋ ਉਸ ਦੀ ਛੁਹ ਨੂੰ ਉਡੀਕ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਡੋਰੇ ਸਨ, ਅੰਗਾਂ ਵਿਚ ਸੇਕ। ਉਹ ਪੂਰੀ ਤਰ੍ਹਾਂ ਪੰਘਰੀ ਬੈਠੀ ਸੀ।

ਉਸ ਨੇ ਰਣਧੀਰ ਦੀ ਗੱਲ੍ਹ ਨੂੰ ਛੁਹਿਆ ਤੇ ਬੜੀ ਮੁਹੱਬਤ ਨਾਲ ਉਸ ਦੀ ਗਰਦਨ ਨੂੰ ਸਹਿਲਾਉਣ ਲੱਗੀ। ਰਣਧੀਰ ਅੰਦਰ ਕਿਰਮਚੀ ਲੀਕਾਂ ਦੌੜ ਗਈਆਂ।

ਉਹ ਉਸ ਵਲ ਵਧਿਆ, ਤਾਂ ਉਹ ਫ਼ੌਰਨ ਪਿੱਛੇ ਹਟ ਗਈ ਤੇ ਬੋਲੀ, "ਛੇ ਪਾਊਂਡ।"

ਉਹ ਸਿਰ ਫੜ ਕੇ ਬੈਠ ਗਿਆ। ਲਿਜ਼ੀ ਉਸ ਦੇ ਰੁਮਾਂਸ ਨੂੰ ਉਧੇੜ ਕੇ, ਇਸ ਦਾ ਅੰਦਰਲਾ ਪਾਸਾ ਦਿਖਾਉਣ ਉਤੇ ਤੁਲੀ ਹੋਈ ਸੀ। ਰਣਧੀਰ ਇਸ ਜ਼ਲੀਲ ਹਕੀਕਤ ਨੂੰ ਦੇਖਣਾ ਨਹੀਂ ਸੀ ਚਾਹੁੰਦਾ।

ਉਹ ਉਸੇ ਤਰ੍ਹਾਂ ਉਸ ਦੇ ਸਾਹਮਣੇ ਅੱਧ-ਨੰਗੀ ਬੈਠੀ ਸੀ ਅਤੇ ਉਸ ਨੂੰ ਭਰਮਾ ਰਹੀ ਸੀ। ਆਸ਼ਕ ਸੁੱਚੇ ਜਜ਼ਬੇ ਤੇ ਮਹਿਬੂਬ ਸਰੀਰ ਦੇ ਵਿਚਕਾਰ ਛੇ ਪਾਊਂਡ ਸਨ।

ਉਹ ਉਠਿਆ ਤੇ ਉਸ ਨੇ ਜੇਬ ਵਿਚੋਂ ਸੱਤ ਪਾਊਂਡ ਕੱਢ ਕੇ ਲਿਜ਼ੀ ਦੀ ਹਥੇਲੀ ਉਤੇ ਰੱਖ ਦਿੱਤੇ। "ਇਨ੍ਹਾਂ ਨੂੰ ਸਾਂਭ ਲੈ, ਪਰ ਗਿਣੀਂ ਨਾ। ਮੈਂ ਤੈਨੂੰ ਪੂਰੇ ਛੇ ਪਾਊਂਡ ਨਹੀਂ ਦੇਣਾ ਚਾਹੁੰਦਾ। ਸੌਦਾ ਨਹੀਂ ਕਰਨਾ ਚਾਹੁੰਦਾ। ਮੈਨੂੰ ਤੇਰੇ ਨਾਲ ਮੁਹੱਬਤ ਹੈ। ਮੈਂ ਇਸ ਤਰ੍ਹਾਂ ਕਿਸੇ ਸੁੰਦਰੀ ਦੇ ਸਰੀਰ ਨੂੰ ਖ਼ਰੀਦਣਾ ਬੁਰਾ ਸਮਝਦਾ ਹਾਂ।"

ਲਿਜ਼ੀ ਨੇ ਪਾਊਂਡ ਫੜ ਲਏ। ਤੇ ਇਕ-ਇਕ ਕਰਕੇ ਉਨ੍ਹਾਂ ਨੂੰ ਗਿਣਿਆਂ। ਫਿਰ ਉਠੀ ਤੇ ਤਿਪਾਈ ਉਤੇ ਰੱਖੇ ਸਵੈਟਰ ਵਿਚ ਪਾਉਣ ਲੱਗੀ।

ਰਣਧੀਰ ਸਿਰ ਫੜ ਕੇ ਉਸੇ ਤਰ੍ਹਾਂ ਬੈਠਾ ਕੁੜ੍ਹ ਰਿਹਾ ਸੀ।

ਜਦੋਂ ਉਸ ਨੇ ਸਿਰ ਚੁੱਕਿਆ ਤਾਂ ਲਿਜ਼ੀ ਨੇ ਕਾਲਾ ਸਕਰਟ ਉਤਾਰ ਕੇ ਇਕ ਪਾਸੇ ਰੱਖ ਦਿੱਤਾ ਸੀ। ਉਹ ਖੜੀ ਉਸ ਨੂੰ ਉਡੀਕ ਰਹੀ ਸੀ।

## 2

# ਰੱਬੋ ਮਰਾਸਣ

ਰੱਬੋ ਮਰਾਸਣ ਫੁੱਲ-ਚਿੜੀਆਂ ਕੱਢ ਕੇ ਗਲੀ ਵਿਚ ਨਿਕਲਦੀ ਤਾਂ ਸਾਰੇ ਉਸ ਨੂੰ ਭੁੱਖੀਆਂ ਨਜ਼ਰਾਂ ਨਾਲ ਦੇਖਦੇ। ਦੋ ਘੋੜੇ ਦੀ ਬੋਸਕੀ ਦੀ ਫਿਸਲਵੀਂ ਸਰਸਰਾਹਟ ਤੇ ਕਾਲੇ ਸਲੀਪਰਾਂ ਦੀ ਸ਼ਹਿਵਤ ਸਾਰੇ ਪਿੰਡ ਉਤੇ ਹਾਵੀ ਸੀ।

ਪਿੰਡ ਦਾ ਚੌਧਰੀ ਨਿਧਾਨ ਸਿੰਘ ਪੁਰਾਣਾ ਫ਼ੌਜੀ ਸੀ। ਅਠਾਰਾਂ ਸਾਲ ਨੌਕਰੀ ਕਰਕੇ ਜਦੋਂ ਉਹ ਘਰ ਮੁੜਿਆ ਤਾਂ ਰੰਨ, ਨਾ ਕੰਨ। ਵੱਡੇ ਭਰਾ ਦੇ ਟੱਬਰ ਵਿਚ ਹੀ ਆ ਕੇ ਰਹਿਣ ਲੱਗਾ। ਮੁੱਛਾਂ ਨੂੰ ਦੇਸੀ ਘਿਉ ਲਾ ਕੇ ਤੇ ਕਾਲੀ ਡੋਰੀ ਨਾਲ ਦਾੜ੍ਹੀ ਚੜ੍ਹਾ ਕੇ ਸੱਥ ਵਿਚ ਆ ਬੈਠਦਾ। ਵੱਡਾ ਭਰਾ ਚੌਧਰੀ ਸੀ ਤੇ ਨਿਧਾਨ ਸਿੰਘ ਘੜੰਮ ਚੌਧਰੀ।

ਕਲਾਲਾਂ ਦੇ ਮੁੰਡੇ ਦਾ ਵਿਆਹ ਸੀ। ਰੱਬੋ ਚੌਧਰੀਆਂ ਦੇ ਘਰ ਉਨ੍ਹਾਂ ਦਾ ਸੱਦਾ ਲੈ ਕੇ ਆਈ ਸੀ। ਨਿਧਾਨ ਸਿੰਘ ਬੈਠਕ ਵਿਚ ਸੰਦਲੀ ਬਾਜ ਨਾਲ ਦਾੜ੍ਹੀ ਚੜ੍ਹਾ ਰਿਹਾ ਸੀ ਕਿ ਉਸ ਦੀ ਨਜ਼ਰ ਰੱਬੋ ਉਤੇ ਪਈ। ਉਸ ਨੇ ਕਾਲੇ ਚਮਕੀਲੇ ਵਾਲਾਂ ਦੀਆਂ ਫੁੱਲ-ਚਿੜੀਆਂ ਕੱਢੀਆਂ ਹੋਈਆਂ ਸਨ ਤੇ ਕੰਨਾਂ ਵਿਚ ਮੋਤੀਏ ਦੀਆਂ ਕਲੀਆਂ। ਉਸ ਦੇ ਮੁਸ਼ਕੀ ਹੁਸਨ ਨੂੰ ਤੱਕ ਕੇ ਨਿਧਾਨ ਸਿੰਘ ਦਾ ਸੰਦਲੀ ਬਾਜ ਹੱਥ ਵਿਚ ਹੀ ਰਹਿ ਗਿਆ। ਉਸ ਪਿੱਛੋਂ ਜਿਧਰ ਨੂੰ ਰੱਬੋ ਮਰਾਸਣ ਲੰਘਦੀ ਨਿਧਾਨ ਸਿੰਘ ਆਪਣੀ ਅਲਕ ਵਛੇਰੀ ਦੀਆਂ ਵਾਗਾਂ ਉਸੇ ਪਾਸੇ ਮੋੜ ਲੈਂਦਾ।

ਨਿਧਾਨ ਸਿੰਘ ਨੂੰ ਵਿਆਹ ਕਰਵਾਉਣ ਦਾ ਚਾਅ ਸੀ। ਪਰ ਡੋਗਰਾਂ ਦੇ ਇਸ ਪਿੰਡ ਦੀ ਹਵਾ ਕੁਝ ਅਜਿਹੀ ਖ਼ਰਾਬ ਸੀ ਕਿ ਫ਼ੌਜੀਆਂ ਨੂੰ ਕੋਈ ਘੱਟ ਹੀ ਸਾਕ ਕਰਦਾ। ਲਾਮ ਉਤੇ ਗਏ ਸਿਪਾਹੀ ਦਾ ਕੀ ਪਤਾ? ਅੱਧੀ ਰੰਡੀ ਤਾਂ ਕੁੜੀ ਉਸੇ ਦਿਨ ਹੋ ਜਾਂਦੀ ਜਿਸ ਦਿਨ ਉਸ ਦਾ ਵਿਆਹ ਹੁੰਦਾ। ਮਾਪਿਆਂ ਨੂੰ ਇਸ ਗੱਲ ਦਾ ਖ਼ਿਆਲ ਸੀ ਕਿ ਉਨ੍ਹਾਂ ਦੀ ਧੀ ਸ਼ਰੀਕੇ ਵਿਚ ਰੁਲਦੀ ਰਹੇਗੀ। ਹਾਂ, ਨਾਵਾਂ ਤਾਰ ਕੇ ਭਾਵੇਂ ਕੋਈ ਲੈ

ਆਉਂਦਾ। ਪਰ ਚੌਧਰੀ ਅਨਖ ਵਾਲੇ ਸਨ। ਵੱਡਾ ਭਰਾ ਇਸ ਤਰ੍ਹਾਂ ਮੁੱਲ ਦੀ ਲਿਆਂਦੀ ਤੀਵੀਂ ਨੂੰ ਦੇਹਲੀ ਵੀ ਨਹੀਂ ਸੀ ਚੜ੍ਹਨ ਦੇਣਾ ਚਾਹੁੰਦਾ।

ਨਿਧਾਨ ਸਿੰਘ ਨੇ ਜਦ ਆਪਣੀ ਵੱਡੀ ਭਤੀਜੀ ਬੰਤੀ ਦੇ ਸਾਕ ਦੀ ਗੱਲ ਛੇੜੀ ਤਾਂ ਵਿਚੋਲੇ ਨੂੰ ਸਲਾਹ ਦਿੱਤੀ ਕਿ ਉਹ ਕਿਧਰੇ ਵੱਟੇ ਦੀ ਸਾਈ ਲਾ ਕੇ ਰੁਪਿਆ ਫੜਾਵੇ। ਇਧਰ ਬੰਤੀ ਦਾ ਵਿਆਹ ਹੋਵੇ ਤੇ ਉਧਰ ਉਸ ਦਾ ਚਾਚਾ ਘੋੜੀ ਚੜ੍ਹ ਕੇ ਕਿਸੇ ਮੁਟਿਆਰ ਨੂੰ ਘਰ ਲੈ ਆਏ। ਜਦੋਂ ਵੱਡੇ ਭਰਾ ਨੂੰ ਇਸ ਵੱਟੇ-ਸੱਟੇ ਦਾ ਪਤਾ ਲਗਾ ਤਾਂ ਉਸ ਨੇ ਜੁੱਤੀ ਕੱਢ ਲਈ। ਝਗੜਾ ਹੋਇਆ। ਪਰ ਗੱਲ ਵਿਚ ਹੀ ਰਹੀ। ਸਿਰਫ਼ ਨਿਧਾਨ ਸਿੰਘ ਇਸ ਪਿੱਛੋਂ ਬਾਹਰਲੀ ਹਵੇਲੀ ਵਿਚ ਰਹਿਣ ਲੱਗਾ। ਜੀਅ ਕਰਦਾ ਤਾਂ ਉਹ ਵੱਡੀ ਭਰਜਾਈ ਕੋਲ ਰੋਟੀ ਖਾ ਆਉਂਦਾ, ਨਹੀਂ ਤਾਂ ਇਧਰ ਹੀ ਬਣਾ ਲੈਂਦਾ। ਇਸ ਨਾਲ ਨਿਧਾਨ ਸਿੰਘ ਨੂੰ ਖੁੱਲ੍ਹ-ਖੇਡ ਹੋ ਗਈ ਸੀ। ਉਹ ਰੱਬੋ ਨੂੰ ਫਸਾਉਣ ਦੀਆਂ ਤਰਕੀਬਾਂ ਸੋਚਦਾ।

ਰੱਬੋ ਦਾ ਘਰਵਾਲਾ ਭਾਂਗਰੀ ਮਰਾਸੀ ਉਮਰ ਵਿਚ ਵਡੇਰਾ ਸੀ। ਮਹਿੰਦੀ-ਰੰਗੀ ਦਾੜ੍ਹੀ ਤੇ ਗੰਜਾ ਸਿਰ। ਅੱਗੇ ਪਿੱਛੇ ਉਹ ਰੱਬੋ ਨੂੰ ਕੁੱਟਦਾ, ਪਰ ਵਿਆਹ-ਸ਼ਾਦੀਆਂ ਦੀ ਰੁੱਤੇ ਉਸ ਨੂੰ ਪੁਚਕਾਰ ਕੇ ਰੱਖਦਾ। ਜੇ ਢੋਲਕ ਪਾਟੀ ਹੁੰਦੀ, ਤਾਂ ਉਸ ਨੂੰ ਦੁਬਾਰਾ ਮੜ੍ਹ ਕੇ ਖੰਭਣੀਆਂ ਬੰਨ੍ਹ ਕੇ ਉਸ ਨੂੰ ਵਿਆਹ ਵਾਲੇ ਘਰ ਲੈ ਜਾਂਦਾ। ਆਪ ਮੁਹਾਠਾਂ ਉਤੇ ਜਿਸਤ ਦਾ ਕੌਲਾ ਲੈ ਕੇ ਬਹਿ ਰਹਿੰਦਾ ਤੇ ਰੱਬੋ ਕੁੜੀਆਂ ਦੇ ਪਿੜ ਵਿਚ ਨੱਚਦੀ।

ਰੱਬੋ ਦੀ ਆਵਾਜ਼ ਤੇਲ ਵਿਚ ਰਸੀ ਹੋਈ ਬੰਸਰੀ ਵਰਗੀ ਸੀ, ਤੇ ਉਸ ਦੇ ਮੁਸ਼ਕੀ ਜੋਬਨ ਵਿਚ ਅੱਡੀ ਦੀ ਧਮਕ ਸੀ। ਵਿਆਹ ਵਾਲੇ ਘਰ ਅੱਧੀ ਰਾਤ ਤੀਕ ਗਿੱਧਾ ਮੱਚਦਾ ਤਾਂ ਰੱਬੋ ਦੀ ਢੋਲਕ ਦੇ ਗੀਤ ਸੁਣਨ ਲਈ ਮੁੰਡੇ-ਖੁੰਡੇ ਬਨੇਰਿਆਂ ਉਤੇ ਬੈਠੇ ਰਹਿੰਦੇ। ਬੁੱਢੇ-ਠੇਰੇ ਵੀ ਅੱਖਾਂ ਮੀਚੀ ਮੰਜੀਆਂ ਉਤੇ ਛਾਪਲੇ ਪਏ ਰਹਿੰਦੇ।

ਨਿਧਾਨ ਸਿੰਘ ਦੇ ਦਿਲ ਵਿਚ ਰੱਬੋ ਖੁਭ ਗਈ ਸੀ। ਉਸ ਨੇ ਭਾਂਗਰੀ ਮਰਾਸੀ ਨੂੰ ਗੰਢਣਾ ਸ਼ੁਰੂ ਕੀਤਾ। ਵੇਲੇ ਕੁਵੇਲੇ ਉਹ ਮੁਰਗਾ ਝਟਕਦਾ ਤੇ ਭਾਂਗਰੀ ਨੂੰ ਛੁਰੀਆਂ ਦੇ ਕੇ ਆਖਦਾ, "ਲੈ ਪੀਰ ਜ਼ਾਦਿਆ! ਚੰਗੀ ਤਰ੍ਹਾਂ ਭੁੰਨ ਕੇ ਲਿਆਈਂ।" ਬਾਹਰਲੀ ਹਵੇਲੀ ਵਿਚ ਇੱਟਾਂ ਦੇ ਚੁੱਲ੍ਹੇ ਉਤੇ ਭਾਂਗਰੀ ਮੁਰਗਾ ਭੁੰਨਦਾ ਤੇ ਨਿਧਾਨ ਸਿੰਘ ਦਾਰੂ-ਸਿੱਕਾ ਛਕ ਕੇ ਪਿੰਡ ਵਿਚ ਗੇੜੇ ਕੱਢਦਾ।

ਕਈ ਵਾਰ ਉਹ ਬੰਦੂਕ ਫੜ ਕੇ ਬਾਹਰ ਨਿਕਲ ਜਾਂਦਾ। ਤਿੱਤਰ ਬਟੇਰ ਮਾਰਦਾ: "ਲੈ ਪੀਰ ਜ਼ਾਦਿਆ! ਅੱਜ ਆਪਦੀ ਮਰਾਸਣ ਨੂੰ ਸਾਡੇ ਨਾਂ ਦਾ ਇਹ ਤੋਹਫ਼ਾ ਖਵਾ ਦੇਵੀਂ।"

ਉਸ ਦਾ ਭਾਵ ਇਹ ਹੁੰਦਾ ਸੀ ਕਿ ਭਾਂਗਰੀ ਚੌਧਰੀ ਨਿਧਾਨ ਸਿੰਘ ਦਾ ਪ੍ਰਤੀਨਿਧ ਬਣ ਕੇ, ਰੱਬੋ ਨੂੰ ਸਿਰਫ਼ ਭੁੰਨਿਆ ਹੋਇਆ ਤਿੱਤਰ ਹੀ ਨਾ ਖਿਲਾਵੇ ਸਗੋਂ ਰਾਤ ਨੂੰ ਉਸ ਉਤੇ ਹੱਥ ਵੀ ਫੇਰੇ।

ਨਿਧਾਨ ਸਿੰਘ ਦਾ ਸੁਨੇਹਾ, ਤੇ ਤਪਕੇ ਹੋਏ ਭਾਵ, ਰੱਬੋ ਤੀਕ ਭੁੰਨੇ ਹੋਏ ਤਿੱਤਰਾਂ ਰਾਹੀਂ ਹੀ ਪਹੁੰਚਦੇ ਸਨ।

ਭਾਂਗਰੀ ਦੀ ਪਹਿਲੀ ਮਰਾਸਣ ਨੂੰ ਮਰੇ ਪੰਦਰਾਂ ਸਾਲ ਹੋ ਗਏ ਸਨ। ਉਸ ਦੀ ਧੀ ਜਵਾਨ ਹੋਈ ਤਾਂ ਭਾਂਗਰੀ ਨੇ ਉਸ ਦੇ ਵੱਟੇ ਵਿਚ ਰੱਬੋ ਲੈ ਆਂਦੀ ਸੀ। ਅੱਠ



ਸਾਲ ਪਿੱਛੋਂ ਭਾਂਗਰੀ ਦੇ ਗੋਡੇ ਰਹਿ ਗਏ ਸਨ ਪਰ ਰੱਬੋ ਉਸੇ ਤਰ੍ਹਾਂ ਜਵਾਨ। ਉਹ ਫੁੱਲ-ਚਿੜੀਆਂ ਕੱਢ ਕੇ ਤੇ ਕੰਨਾਂ ਵਿਚ ਮੋਤੀਏ ਦੀਆਂ ਕਲੀਆਂ ਸਜਾ ਕੇ ਉਸੇ ਮੜ੍ਹਕ ਨਾਲ ਤੁਰਦੀ।

ਇਕ ਦਿਨ ਭਾਂਗਰੀ ਭੁੰਨੇ ਹੋਏ ਤਿੱਤਰ ਤੇ ਸ਼ਰਾਬ ਦਾ ਅਧੀਆ ਲੈ ਕੇ ਘਰ ਆਇਆ ਤਾਂ ਰੱਬੋ ਬੋਲੀ: "ਇਹ ਪੀਰਾਂ ਮਾਰਿਆ ਨਿਧਾਨਾ ਚੌਧਰੀ ਤੇਰੇ ਉਤੇ ਬੜਾ ਮਿਹਰਬਾਨ ਹੋਇਐ!"

ਭਾਂਗਰੀ ਬੋਲਿਆ, "ਅੱਲਾ ਦੇ ਫ਼ਜ਼ਲ ਨਾਲ ਅੰਨ੍ਹਾ ਖ਼ਰਚ ਐ ਚੌਧਰੀ ਦਾ। ਅੱਜ ਆਖਦਾ ਸੀ ਕਿ ਰੱਬੋ ਨੂੰ ਟੂਮਾਂ ਬਣਵਾ ਦੇ, ਅੱਧੇ ਪੈਸੇ ਮੈਂ ਦੇ ਦੇਊਂ।"

"ਜੁੱਤੀ ਸੌ ਇਹ ਜਿਹੀਆਂ ਟੂਮਾਂ 'ਤੇ। ਮੈਂ ਭੁੱਲੀ ਆਂ ਏਸ ਤਲੰਗੇ ਨੂੰ!"

ਟੂਮਾਂ ਬਣਵਾਉਣ ਦੀ ਗੱਲ ਸੁਣ ਕੇ ਰੱਬੋ ਨੂੰ ਚੌਧਰੀ ਨਾਲੋਂ ਵਧੇਰੇ ਗੁੱਸਾ ਭਾਂਗਰੀ ਉਤੇ ਆਇਆ। ਉਹ ਬੋਲੀ—"ਅੰਨ੍ਹਾ ਖ਼ਰਚ ਕਰਨ ਵਾਲਾ ਬੰਦਾ ਅੰਨ੍ਹਾ ਨਹੀਂ ਹੁੰਦਾ! ਮੁਰਗਾ ਛਕਾਉਂਦੈ ਤਾਂ ਕਿਸੇ ਆਸ ਉਤੇ।"

ਭਾਂਗਰੀ ਬੋਲਿਆ, "ਮੈਥੋਂ ਕੀ ਲੈਣਾ ਏ ਉਸ ਨੇ? ਪਾਟੀਆਂ ਜੁੱਲੀਆਂ ਤੇ ਗੰਢੀ ਹੋਈ ਢੋਲਕੀ?"

ਰੱਬੋ ਚਮਕ ਕੇ ਬੋਲੀ, "ਤੈਨੂੰ ਉਸ ਨੇ ਚਾਟ 'ਤੇ ਲਾ ਲਿਐ।"

ਭਾਂਗਰੀ ਨੇ ਮਹਿੰਦੀ ਰੰਗੀ ਦਾੜ੍ਹੀ ਨੂੰ ਪਲੋਸ ਕੇ ਆਖਿਆ, "ਕਮਲੀਏ, ਮਰਾਸੀਆਂ ਦੀ ਤਾਂ ਸਾਰੀ ਜਾਗੀਰ ਗੱਲ-ਬਾਤ ਤੇ ਮਸ਼ਕਰੀ ਹੀ ਹੁੰਦੀ ਐ। ਤੂੰ ਹੋਰ ਪਾਸੇ ਹੀ ਤੁਰ ਪਈ। ਮਰਾਸੀ ਦੀ ਇੱਜਤ ਤਾਂ ਥਿੰਧੇ ਘੜੇ ਵਾਂਗ ਐ। ਬਦਨਾਮੀ ਦੀ ਇਕ ਬੂੰਦ ਵੀ ਨਹੀਂ ਠਹਿਰਦੀ। ਬਦਨਾਮੀ ਹੁੰਦੀ ਐ ਲਾਲਿਆਂ ਤੇ ਚੌਧਰੀਆਂ ਦੀ। ਆਪਣੀ ਕਾਹਦੀ ਬਦਨਾਮੀ?"

ਰੱਬੋ ਚੁੱਪ ਹੋ ਰਹੀ ਪਰ ਉਸਦੀਆਂ ਨਜ਼ਰਾਂ ਕੌੜੀਆਂ ਸਨ। ਭਾਂਗਰੀ ਦੀ ਗੰਜੀ ਟਿੰਡ ਉਤੇ ਪਸੀਨੇ ਦੇ ਕਤਰੇ ਚਮਕ ਰਹੇ ਸਨ। ਰੱਬੋ ਨੂੰ ਇਉਂ ਲੱਗਾ ਜਿਵੇਂ ਕਿਸੇ ਥਿੰਧੇ ਘੜੇ ਉਤੇ ਬੂੰਦਾਂ ਠਹਿਰੀਆਂ ਹੋਈਆਂ ਹੋਣ। ਉਹ ਖ਼ੁਦ ਇਸ ਗੱਲ ਨੂੰ ਸਮਝਦੀ ਸੀ ਕਿ ਮਰਾਸਣ ਦਾ ਕਿੱਤਾ ਤੇ ਧਰਮ ਇਹੋ ਹੈ ਕਿ ਪਿੰਡ ਦੇ ਸਾਰੇ ਘਰਾਂ ਵਿਚ ਖੁਸ਼ੀ ਤੇ ਗ਼ਮੀ ਸਾਂਝੀ ਕਰੇ। ਉਹ ਸਾਂਝੀ ਧੜਕਣ ਬਣ ਕੇ ਹੀ ਫਲ-ਫੁਲ ਸਕਦੀ ਹੈ। ਆਪਣੇ ਘਰਵਾਲੇ ਦੀ ਗੱਲ ਸੁਣੀ ਅਣਸੁਣੀ ਕਰਕੇ ਉਸ ਨੇ ਬਾਲੋ ਦੇ ਸ਼ੀਸ਼ੇ ਵਿਚ ਆਪਣਾ ਚਿਹਰਾ ਤੱਕਿਆ, ਫੁੱਲ-ਚਿੜੀਆਂ ਕੱਢੀਆਂ, ਕੰਨਾਂ ਵਿਚ ਮੋਤੀਏ ਦੀਆਂ ਕਲੀਆਂ ਟੁੰਗੀਆਂ ਤੇ ਢੋਲਕੀ ਚੁੱਕ ਕੇ ਪਟਵਾਰੀਆਂ ਦੇ ਘਰ ਮੁੰਡਾ ਜੰਮਣ ਦੀ ਵਧਾਈ ਦੇਣ ਚਲੀ ਗਈ।

ਨਿਧਾਨ ਸਿੰਘ ਨੇ ਭਾਂਗਰੀ ਦੇ ਹੱਥੀਂ ਜੋ ਸੁਨੇਹੇ ਘੱਲੇ ਸਨ, ਉਹ ਸਭ ਵਿਅਰਥ ਸਾਬਤ ਹੋਏ। ਉਹ ਇਹੋ ਸਮਝਦਾ ਕਿ ਮਰਾਸੀ ਤੇ ਮਰਾਸਣ ਦੀ ਅੰਦਰੋਂ ਸੁਰ ਮਿਲੀ ਹੋਈ ਹੈ ਤੇ ਉਸ ਦਾ ਕੰਮ ਨਹੀਂ ਬਣਨਾ। ਰੱਬੋ ਜੇ ਉਸ ਨੂੰ ਗਲੀ ਵਿਚ ਮਿਲ ਜਾਂਦੀ ਤਾਂ ਹੱਸ ਕੇ ਗੱਲ ਕਰਦੀ ਪਰ ਮਸ਼ਕਰੀ ਭਰੀ ਸੁਰੀਲੀ ਸ਼ੋਖੀ ਨਾਲ। ਇਕ ਵਾਰ ਉਸ ਨੇ ਚੋਟ ਕੀਤੀ, "ਚੌਧਰੀ, ਥੋਡੇ ਘਰ ਹੁਣ ਕੋਈ ਵਿਆਹ ਈ ਨਹੀਂ ਹੁੰਦਾ। ਸੁੱਖ ਨਾਲ ਐਡਾ ਵੱਡਾ ਲਾਣਾ ਐ। ਜੇ ਤੇਰੀਆਂ ਭਤੀਜੀਆਂ ਦਾ ਕਿਤੇ ਰੁਪਈਆ ਨਹੀਂ

ਫੜਾਇਆ, ਤਾਂ ਤੂੰ ਆਪ ਈ ਕਿਤੋਂ ਰੁਪਈਆ ਫੜ ਲੈ । ਜੇ ਤੂੰ ਘੋੜੀ ਚੜ੍ਹੇਂ ਤਾਂ ਮੈਂ ਸਾਰੀ ਰਾਤ ਢੋਲਕੀ ਵਜਾਵਾਂ ।"

ਇਹ ਗੱਲ ਆਖ ਕੇ ਰੱਬੋ ਤੇਜ਼ੀ ਨਾਲ ਨਿਕਲ ਗਈ ਤੇ ਨਿਧਾਨ ਸਿੰਘ ਦੇਸੀ ਘਿਉ ਨਾਲ ਚੋਪੜੀਆਂ ਮੁੱਛਾਂ ਨੂੰ ਮਰੋੜਦਾ ਰਹਿ ਗਿਆ । ਉਸ ਦੇ ਮਨ ਵਿਚ ਮਰਾਸਣ ਦੀਆਂ ਫੁੱਲ-ਚਿੜੀਆਂ ਤੇ ਮੋਤੀਏ ਦੀਆਂ ਕਲੀਆਂ ਦੇਰ ਤਕ ਲਰਜ਼ਦੀਆਂ ਰਹੀਆਂ ।

ਆਖ਼ਿਰ ਨਿਧਾਨ ਸਿੰਘ ਦੀ ਵੱਡੀ ਭਤੀਜੀ ਬੰਤੀ ਦਾ ਰਿਸ਼ਤਾ ਇਕ ਤਕੜੇ ਜਾਗੀਰਦਾਰ ਦੇ ਪੁੱਤ ਨਾਲ ਹੋ ਗਿਆ । ਮਹੀਨਾ ਪਹਿਲਾਂ ਕੜਾਹੀ ਧਰ ਦਿੱਤੀ ਤੇ ਢੋਲਕੀ ਬਿਠਾ ਦਿੱਤੀ । ਨਿਧਾਨ ਸਿੰਘ ਭਤੀਜੀ ਦੇ ਵਿਆਹ ਦੀਆਂ ਤਿਆਰੀਆਂ ਤੇ ਸੁਆਗਤ ਦਾ ਮੋਹਰੀ ਸੀ । ਹਲਵਾਈ ਨੂੰ ਸੀਧਾ ਦੇਣ, ਲਾਗੀਆਂ ਨੂੰ ਤਾੜਨ-ਫਾੜਨ ਤੇ ਧਰਮਸ਼ਾਲਾ ਵਿਚ ਬਰਾਤ ਦੇ ਉਤਾਰੇ ਦਾ ਪ੍ਰਬੰਧ ਉਸ ਜ਼ਿੰਮੇ ਸੀ । ਵੱਡਾ ਭਰਾ ਤਾਂ ਲੈਣ-ਦੇਣ, ਵਰੀ ਤਿਆਰ ਕਰਵਾਉਣ ਤੇ ਪਿੰਡ ਦੀਆਂ ਸਾਕ-ਸਕੀਰੀਆਂ ਨੂੰ ਨਿਭਾਉਣ ਵਿਚ ਰੁੱਝਿਆ ਹੋਇਆ ਸੀ । ਨਿਧਾਨ ਸਿੰਘ ਦੀ ਘੜੱਮ-ਚੌਧਰ ਦੀ ਲੋੜ ਸੀ ਕੁੜੀ ਦੇ ਵਿਆਹ ਸਮੇਂ ।

ਵਿਆਹ ਦੇ ਪ੍ਰਬੰਧ ਵਿਚ ਫ਼ੌਜੀ ਨਿਯਮ ਦੀ ਪੁਖ਼ਤਗੀ ਸੀ । ਹਰ ਕੰਮ ਵੇਲੇ ਸਿਰ ਤੇ ਕੜਕੇ-ਧੜਕੇ ਨਾਲ । ਸਿਰਫ਼ ਕੁੜੀਆਂ ਦੇ ਗੀਤਾਂ ਉਤੇ ਕੋਈ ਪਾਬੰਦੀ ਨਹੀਂ ਸੀ । ਰੋਟੀ ਪਿੱਛੋਂ ਕੁੜੀਆਂ ਵਿਹੜੇ ਵਿਚ ਗਿੱਧਾ ਪਾਉਂਦੀਆਂ ਤਾਂ ਰਾਤ ਦੇ ਪਿਛਲੇ ਪਹਿਰ ਤੀਕ ਰੱਬੋ ਦੀ ਢੋਲਕੀ ਸੁਣਾਈ ਦੇਂਦੀ । ਗਿੱਧੇ ਦੀਆਂ ਬੋਲੀਆਂ ਤੇ ਤੁਰਤ ਘੜੇ ਟੱਪਿਆ ਦਾ ਹੜ੍ਹ ਸੀ । ਰੱਬੋ ਨੱਚਦੀ ਤਾਂ ਕੁੜੀਆਂ ਦੂਹਰੀਆਂ-ਤੀਹਰੀਆਂ ਹੋ ਹੋ ਕੇ ਨੱਚਦੀਆਂ । ਭਾਂਡੇ ਮਾਂਜਦੀ ਝਿਊਰੀ ਤੇ ਨੈਣ ਵੀ ਨਾਲ ਹੇਕਾਂ ਲਾਉਣ ਲਗਦੀਆਂ । ਨਿਧਾਨ ਸਿੰਘ ਵਿਆਹ ਦੇ ਕੰਮ-ਕਾਜ ਦਾ ਫੋਰ ਹੋਣ ਕਰਕੇ ਵੱਡੀ ਹਵੇਲੀ ਵਿਚ ਰਹਿਣ ਲੱਗ ਪਿਆ । ਦੋ ਵਜੇ ਤੀਕ ਗਿੱਧਾ ਮੱਚਦਾ ਤੇ ਬਾਹਰ ਵਿਹੜੇ ਵਿਚ ਜਿਥੇ ਉਸ ਦੀ ਘੋੜੀ ਬੰਨ੍ਹੀ ਹੁੰਦੀ, ਮੰਜੀ ਡਾਹ ਕੇ ਜਾਗੋ-ਮੀਟੀ ਵਿਚ ਪਿਆ ਰਹਿੰਦਾ । ਵਾਰ-ਵਾਰ ਰੱਬੋ ਦਾ ਫਿਸਲਵਾਂ ਹੁਸਨ ਉਸ ਦੇ ਮਨ ਵਿਚ ਸਰਸਰਾਉਂਦਾ । ਸੁਤ-ਉਨੀਂਦਰੇ ਵਿਚ ਕਾਲੀਆਂ ਫੁੱਲ-ਚਿੜੀਆਂ ਉਡਦੀਆਂ ਤੇ ਮੋਤੀਏ ਦੀਆਂ ਕਲੀਆਂ ਝੂਮਦੀਆਂ । ਅਲਾਣੀ ਮੰਜੀ ਉਤੇ ਪਿਆ ਉਹ ਦੌਣ ਨਾਲ ਅੱਡੀਆਂ ਰਗੜਦਾ । ਬੰਤੀ ਦੇ ਫੇਰਿਆਂ ਵਾਲੀ ਰਾਤ ਸੀ । ਘਰ ਦੇ ਲੋਕ ਵਿਆਹ ਦੇ ਸ਼ੁਭ ਕਾਰਜ ਵਿਚ ਰੁੱਝੇ ਹੋਏ ਸਨ । ਨਿਧਾਨ ਸਿੰਘ ਨੇ ਸ਼ਰਾਬ ਪੀਤੀ ਤੇ ਡਿਓਢੀ ਦੇ ਲਾਗੇ ਦੁਬਕ ਕੇ ਬੈਠਾ ਰਿਹਾ । ਰੋਟੀ ਖਾ ਕੇ ਤੇ ਲਾਗ ਲੈ ਕੇ ਅੱਧੀ ਰਾਤ ਜਦੋਂ ਰੱਬੋ ਘਰ ਨੂੰ ਜਾਣ ਲੱਗੀ ਤਾਂ ਨਿਧਾਨ ਸਿੰਘ ਨੇ ਕਰਾਰੀ ਆਵਾਜ਼ ਵਿਚ ਕਿਹਾ, "ਤੁਰੀ ਜਾਨੀ ਐਂ ਕੱਲੀ ਹੀ, ਆਪਣੇ ਮਰਾਸੀ ਨੂੰ ਤਾਂ ਨਾਲ ਲੈ ਜਾ ।"

"ਕਿਥੇ ਐ ਉਹ ?"

"ਤਵੇਲੇ ਵਿਚ ਪਿਐ ਸਹੁਰਾ, ਗੁੱਟ ਹੋਇਆ ।"

ਰੱਬੋ ਸਹਿਜ-ਸੁਭਾ ਹੀ ਤਵੇਲੇ ਵਲ ਮੁੜੀ ਕਿ ਪਿੱਛੋਂ ਦੀ ਆ ਕੇ ਨਿਧਾਨ ਸਿੰਘ ਨੇ ਉਸ ਦੇ ਮੂੰਹ ਉਤੇ ਹੱਥ ਧਰ ਕੇ ਦੂਜੇ ਹੱਥ ਨਾਲ ਜੱਫਾ ਪਾ ਲਿਆ । ਰੱਬੋ ਨੇ ਹੱਥ-ਪੈਰ ਮਾਰੇ ਪਰ ਉਸ ਦਾ ਮੂੰਹ ਘੁੱਟਿਆ ਹੋਇਆ ਸੀ । ਉਸ ਦੀ ਢੋਲਕੀ ਡਿੱਗ ਪਈ । ਨਿਧਾਨ ਸਿੰਘ ਉਸ ਨੂੰ ਧੂਹ ਕੇ ਤਵੇਲੇ ਅੰਦਰ ਲੈ ਗਿਆ । ਪਿਛਵਾੜੇ ਵਿਚੋਂ



ਉਸ ਦੀ ਘੋੜੀ ਦੀ ਉੱਚੀ ਹਿਣਕਣੀ ਸੁਣਾਈ ਦਿੱਤੀ ਤੇ ਹਵੇਲੀ ਵਿਚੋਂ ਫੇਰਿਆਂ ਦੇ ਗੀਤ । ਤਬੇਲੇ ਦੇ ਹਨੇਰੇ ਵਿਚ ਰੱਬੋ ਮਰਾਸਣ ਦੀ ਹੌਂਕਦੀ ਜਦੋ-ਜਹਿਦ ਇਨ੍ਹਾਂ ਆਵਾਜ਼ਾਂ ਵਿਚ ਘੁਲ ਗਈ ।

ਜਦੋਂ ਰੱਬੋ ਤਵੇਲੇ ਵਿਚੋਂ ਬਾਹਰ ਨਿਕਲੀ ਤਾਂ ਹਵੇਲੀ ਦੇ ਵਿਹੜੇ ਵਿਚੋਂ ਪੰਡਿਤ ਦੇ ਮੰਤਰ ਸੁਣਾਈ ਦੇ ਰਹੇ ਸਨ ਅਤੇ ਅਗਨ-ਕੁੰਡ ਵਿਚੋਂ ਸਾਮਗਰੀ ਦੀਆਂ ਲਪਟਾਂ ਉੱਡ ਰਹੀਆਂ ਸਨ । ਰੱਬੋ ਨੇ ਢੋਲਕੀ ਚੁੱਕੀ ਤੇ ਕਾਹਲੀ-ਕਾਹਲੀ ਘਰ ਚਲੀ ਗਈ ।

ਦੂਜੇ ਦਿਨ ਸਾਰੇ ਪਿੰਡ ਵਿਚ ਤਵੇਲੇ ਵਾਲੀ ਗੱਲ ਉੱਡੀ ਹੋਈ ਸੀ । ਜੈ ਕੁਰ ਝਿਊਰੀ ਨੇ ਦੋਹਾਂ ਨੂੰ ਦੇਖ ਲਿਆ ਸੀ । ਉਹ ਰੱਬੋ ਤੋਂ ਖਾਰ ਵੀ ਖਾਂਦੀ ਸੀ । ਬਸ ਦਿਨ ਚੜ੍ਹਦੇ ਨੂੰ ਉਸ ਨੇ ਇਸ ਗੱਲ ਨੂੰ ਖੰਭ ਲਾ ਦਿੱਤੇ । ਜਿੰਨੇ ਮੂੰਹ ਉਨੀਆਂ ਗੱਲਾਂ ।

ਜੀਵੀ ਬਾਹਮਣੀ ਬੋਲੀ, "ਆਪ ਈ ਗਈ ਹੋਊ ਧਗੜੀ । ਅਸੀਂ ਵੀ ਤਾਂ ਸਾਰੀ ਉਮਰ ਕੰਮ ਕਰਦੀਆਂ ਹੀ ਰਹੀਆਂ ਹਾਂ ਚੌਧਰੀਆਂ ਦੇ ਘਰ । ਕਦੀ ਕਿਸੇ ਨੇ ਮੈਲੀ ਅੱਖ ਨਾਲ ਨਹੀਂ ਤੱਕਿਆ ।"

ਜੀਜੀ ਤੇਲਣ ਬੋਲੀ, "ਇਹ ਪੱਟੀਆਂ ਚੋਪੜ ਕੇ ਫੁੱਲ-ਚਿੜੀਆਂ ਕੱਢੀ ਫਿਰਦੀ ਸੀ । ਮੈਨੂੰ ਪਤਾ ਸੀ ਕੋਈ ਕਾਰਾ ਕਰਕੇ ਰਹੂ ।"

ਪਟਵਾਰਨ ਨੇ ਦਲੀਲ ਲੜਾਈ, "ਇਸ ਜਾਏ-ਖਾਣੇ ਨਿਧਾਨ ਸਿੰਘ ਦੀ ਅੱਖ ਚਿਰ ਤੋਂ ਮਰਾਸਣ ਉਤੇ ਸੀ । ਕਦੇ ਤਾਂ ਬਿੱਜ ਪੈਣੀ ਸੀ ।"

ਭਾਗਰੀ ਨੇ ਰੱਬੋ ਨੂੰ ਕੁੱਟਿਆ, "ਹਰਾਮਜ਼ਾਦੀਏ, ਤੂੰ ਇਸ ਉਮਰ ਵਿਚ ਮੇਰੀ ਦਾੜ੍ਹੀ ਨੂੰ ਮਿੱਟੀ ਵਿਚ ਰੋਲ ਦਿੱਤਾ ।"

ਰੱਬੋ ਚਿਰ ਤੀਕ ਡੁਸਕਦੀ ਰਹੀ । ਕਈ ਦਿਨ ਘਰੋਂ ਬਾਹਰ ਨਾ ਨਿਕਲੀ ।

ਨਿਧਾਨ ਸਿੰਘ ਨੂੰ ਵੀ ਘਰੋਂ ਲਾਹਣ-ਤਾਹਣ ਹੋਈ । ਵੱਡੇ ਭਰਾ ਨੇ ਭਰੀ ਪੰਚਾਇਤ ਵਿਚ ਉਸ ਨਾਲ ਕੁਪੱਤ ਕੀਤੀ ਤੇ ਉਸ ਦਾ ਹੁੱਕਾ-ਪਾਣੀ ਛੇਕ ਦਿੱਤਾ । ਦੋਹਾਂ ਦੀ ਪਿੰਡ ਵਿਚ ਬਦਨਾਮੀ ਹੋਈ ਤਾਂ ਦੋਹਾਂ ਵਿਚਕਾਰ ਕੁੜੱਤਣ ਤੇ ਰੜਕ ਮਿਟ ਕੇ ਸਾਂਝੀ ਹੋਣੀ ਦੀ ਭਾਗੀ ਬਣ ਗਈ । ਕੋਈ ਰੱਬੋ ਨੂੰ ਕੋਸਦਾ, ਕੋਈ ਨਿਧਾਨ ਸਿੰਘ ਨੂੰ ।

ਇਕ ਦਿਨ ਨਿਧਾਨ ਸਿੰਘ ਤੇ ਰੱਬੋ ਦੋਵੇਂ ਗਾਇਬ ਸਨ । ਕਿਸੇ ਨੂੰ ਇਹ ਨਾ ਪਤਾ ਲੱਗਾ ਕਿ ਉਹ ਦੋਵੇਂ ਕਿਵੇਂ, ਤੇ ਕਿਥੇ ਮਿਲੇ । ਨਿਧਾਨ ਸਿੰਘ ਦੀ ਇਸ ਪਿੰਡੋਂ ਤੀਹ ਮੀਲ ਦੂਰ ਇਕ ਛੋਟੀ ਜਿਹੀ ਢੇਰੀ ਸੀ । ਉਹ ਬਾਹਰਲੇ ਘਰੋਂ ਹੀ ਗੱਡਾ ਜੋਤ ਕੇ ਤੇ ਸਾਰਾ ਸਾਮਾਨ ਲੱਦ ਕੇ ਰਾਤ ਵੇਲੇ ਨਿਕਲ ਗਿਆ ਸੀ । ਆਪਣੀ ਘੋੜੀ ਤੇ ਰੱਬੋ ਮਰਾਸਣ ਨੂੰ ਵੀ ਨਾਲ ਹੀ ਲੈ ਗਿਆ ਸੀ ।

ਨਵੇਂ ਪਿੰਡ ਆ ਕੇ ਨਿਧਾਨ ਸਿੰਘ ਨੇ ਆਪਣੀ ਜ਼ਮੀਨ ਸਾਂਭੀ ਤੇ ਰਹਿਣ ਲੱਗਾ । ਉਸ ਨੇ ਮੁੜ ਆਪਣੇ ਜੱਦੀ ਪਿੰਡ ਜਾਣ ਦਾ ਖ਼ਿਆਲ ਉੱਕਾ ਛੱਡ ਦਿੱਤਾ । ਰੱਬੋ ਨੂੰ ਉਸ ਨੇ ਆਪਣੇ ਘਰ ਵਸਾ ਲਿਆ ਸੀ । ਉਸ ਨੂੰ ਇਸ ਮਰਾਸਣ ਨਾਲ ਸੱਚ-ਮੁੱਚ ਦਾ ਇਸ਼ਕ ਸੀ ।

ਨਵੇਂ ਪਿੰਡ ਆ ਕੇ ਰੱਬੋ ਨੇ ਫੁੱਲ-ਚਿੜੀਆਂ ਕੱਢਣੀਆਂ ਛੱਡ ਦਿੱਤੀਆਂ ਤੇ ਕੰਨਾਂ ਵਿਚੋਂ ਮੋਤੀਏ ਦੀਆਂ ਕਲੀਆਂ ਵੀ ਤਜ ਦਿੱਤੀਆਂ । ਉਸ ਨੇ ਹੁਣ ਆਪਣੇ ਨਵੇਂ ਜੀਵਨ ਦੀ ਰਸ-ਹੀਣਤਾ ਨੂੰ ਪਰਵਾਨ ਕਰ ਲਿਆ । ਇਕ ਦਿਨ ਉਸ ਨੇ ਨਿਧਾਨ ਸਿੰਘ ਨੂੰ

ਆਖਿਆ, "ਭਾਂਗਰੀ ਨੂੰ ਵੀ ਇਥੇ ਬੁਲਾ ਲੈ। ਉਸ ਵਿਚ ਹੁਣ ਸ਼ਾਹ-ਸਤ ਨਹੀਂ। ਵਿਚਾਰਾ ਭੁੱਖਾ ਮਰਦਾ ਹੋਊ। ਉਸ ਤੈਨੂੰ ਹੁਣ ਕੀ ਆਖਣੈ।" ਨਿਧਾਨ ਸਿੰਘ ਨੇ ਮਨ ਵਿਚ ਸੋਚਿਆ ਤੇ ਆਖ਼ਿਰ ਭਾਂਗਰੀ ਨੂੰ ਬੁਲਾ ਲਿਆ। ਇਥੇ ਆ ਕੇ ਭਾਂਗਰੀ ਨੇ ਨਵੇਂ ਰਿਸ਼ਤੇ ਨੂੰ ਸਵੀਕਾਰ ਕਰ ਲਿਆ। ਉਹ ਨਿਧਾਨ ਸਿੰਘ ਦੇ ਡੰਗਰਾਂ ਦੀ ਰਾਖੀ ਕਰਦਾ, ਉਸ ਨੂੰ ਸ਼ਰਾਬ ਵਰਤਾਉਂਦਾ ਤੇ ਨਿੱਕੇ-ਮੋਟੇ ਕੰਮਾਂ ਦਾ ਧਿਆਨ ਰੱਖਦਾ। ਰੱਬੋ ਨੂੰ ਉਹ ਚੌਧਰਾਣੀ ਦੇ ਰੂਪ ਵਿਚ ਦੇਖਣ ਲੱਗ ਪਿਆ ਸੀ।

ਨਿਧਾਨ ਸਿੰਘ ਰੱਬੋ ਨੂੰ ਪ੍ਰਾਪਤ ਕਰਕੇ ਵੀ ਇਹ ਮਹਿਸੂਸ ਕਰਦਾ ਸੀ ਕਿ ਕੋਈ ਕਸਰ ਰਹਿ ਗਈ। ਉਸ ਦਾ ਰੂਪ-ਰੰਗ ਤੇ ਜੋਬਨ ਉਸੇ ਤਰ੍ਹਾਂ ਸੀ ਪਰ ਜਿਵੇਂ ਇਨ੍ਹਾਂ ਵਿਚ ਰੱਬੋ ਦੀ ਰੂਹ ਨਾ ਹੋਵੇ। ਇਕ ਦਿਨ ਉਸ ਨੇ ਰੱਬੋ ਨੂੰ ਆਖਿਆ, "ਤੂੰ ਹੁਣ ਫੁੱਲ-ਚਿੜੀਆਂ ਕਿਉਂ ਨਹੀਂ ਕਢਦੀ?" ਰੱਬੋ ਬੋਲੀ, "ਇਸ ਪਿੰਡ ਵਿਚ ਮੈਂ ਚੌਧਰਾਣੀ ਹਾਂ। ਪਿਛਲੇ ਪਿੰਡ ਦੀ ਗੱਲ ਪਿਛਲੇ ਵੇਲਿਆਂ ਨਾਲ ਰਹੀ!" ਨਿਧਾਨ ਸਿੰਘ ਨੂੰ ਇਉਂ ਲੱਗਿਆ ਜਿਵੇਂ ਰੱਬੋ ਨੇ ਉਸ ਨੂੰ ਪੂਰੀ ਤਰ੍ਹਾਂ ਕਬੂਲ ਨਾ ਕੀਤਾ ਹੋਵੇ। ਫੁੱਲ-ਚਿੜੀਆਂ ਰੱਬੋ ਦੇ ਮੁਸ਼ਕੀ ਜੋਬਨ ਤੇ ਸ਼ੋਖ਼ ਸੁਭਾ ਦੀਆਂ ਪ੍ਰਤੀਕ ਸਨ। ਰੱਬੋ ਨੇ ਇਨ੍ਹਾਂ ਨੂੰ ਸਾਂਭ ਕੇ ਕਿਤੇ ਰੱਖ ਦਿੱਤਾ ਸੀ। ਉਸ ਦੇ ਮਨ ਅੰਦਰ ਹਾਲੇ ਵੀ ਕੋਈ ਗੰਢ ਸੀ। ਨਿਧਾਨ ਸਿੰਘ ਇਸ ਗੰਢ ਨੂੰ ਖੋਲ੍ਹ ਕੇ ਰੱਬੋ ਦੀ ਸਾਲਮ ਸ਼ਖ਼ਸੀਅਤ ਦਾ ਮਾਲਕ ਬਣਨਾ ਚਾਹੁੰਦਾ ਸੀ। ਉਹ ਆਪਣੇ ਲੰਮੇ ਸਿਆਹ ਵਾਲਾਂ ਨੂੰ ਖਿੱਚ ਕੇ ਸਿੱਧੀ ਗੁੱਤ ਕਰਦੀ ਜਿਸ ਨਾਲ ਉਸ ਦੀ ਸਾਰੀ ਸ਼ਖ਼ਸੀਅਤ ਖਿੱਚੀ ਤੇ ਸੂਤੀ ਗਈ ਸੀ। ਜਦੋਂ ਨਿਧਾਨ ਸਿੰਘ ਫੁੱਲ-ਚਿੜੀਆਂ ਦੀ ਗੱਲ ਛੇੜਦਾ ਤਾਂ ਰੱਬੋ ਇਸ ਨੂੰ ਪੁਰਾਣੀ ਗੱਲ ਆਖ ਕੇ ਟਾਲ ਦੇਂਦੀ।

ਚੌਧਰੀ ਦੇ ਘਰ ਦੇ ਜ਼ਿਮੀਂਦਾਰੇ ਦਾ ਹੁਣ ਇਕ ਨਿੱਤ-ਨੇਮ ਜਿਹਾ ਬੱਝ ਗਿਆ ਸੀ। ਉਹ ਘੋੜੀ ਉਤੇ ਚੜ੍ਹ ਕੇ ਖੇਤਾਂ ਦਾ ਚੱਕਰ ਲਾਉਂਦਾ ਜਾਂ ਕਦੀ-ਕਦੀ ਮੰਡੀ ਚਲਾ ਜਾਂਦਾ। ਉਸ ਦਾ ਨੌਕਰ ਮਾਖੂ ਤਵੇਲੇ ਦੇ ਅੱਗੇ ਵਾੜੇ ਵਿਚ ਘੋੜੀ ਨੂੰ ਨਹਿਲਾਉਂਦਾ ਤੇ ਖਰਖਰਾ ਕਰਦਾ, ਭਾਂਗਰੀ ਮੁਰਗੀਆਂ ਨੂੰ ਚੋਗਾ ਪਾਉਂਦਾ ਫਿਰਦਾ। ਰੱਬੋ ਵਿਹੜੇ ਵਿਚ ਬੈਠ ਕੇ ਦੁੱਧ ਰਿੜਕਦੀ ਤੇ ਰੋਟੀਆਂ ਪਕਾਉਂਦੀ।

ਇਸ ਤਰ੍ਹਾਂ ਦੋ ਸਾਲ ਲੰਘ ਗਏ। ਨਿਧਾਨ ਸਿੰਘ ਦੇ ਖੇਤਾਂ ਵਿਚ ਭਰਪੂਰ ਫਸਲ ਉੱਗੀ ਤੇ ਦਾਣਿਆਂ ਨਾਲ ਕੋਠੇ ਭਰ ਗਏ। ਉਸ ਨੇ ਰੱਬੋ ਨੂੰ ਸੋਨੇ ਦੇ ਲੋਟਨ ਘੜਾ ਕੇ ਦਿੱਤੇ।

ਰੱਬੋ ਨੇ ਚਾਈਂ-ਚਾਈਂ ਲੋਟਣ ਪਾਏ ਤਾਂ ਨਿਧਾਨ ਸਿੰਘ ਬੋਲਿਆ, "ਰੱਬ ਦੀ ਸਹੁੰ, ਇਹ ਲੋਟਣ ਤਾਂ ਫੁੱਲ-ਚਿੜੀਆਂ ਨਾਲ ਹੀ ਜਚਦੇ ਨੇ।" ਰੱਬੋ ਨੇ ਕੋਈ ਉੱਤਰ ਨਾ ਦਿੱਤਾ ਤੇ ਕੋਠੇ ਉਤੇ ਕਪੜੇ ਸੁੱਕਣੇ ਪਾਉਣ ਚਲੀ ਗਈ।

ਕੱਚੇ ਕੋਠੇ ਦੀ ਨੀਵੀਂ ਛੱਤ ਉਤੋਂ ਉਸ ਨੇ ਹੇਠਾਂ ਝਾਤ ਮਾਰੀ ਤਾਂ ਦੇਖਿਆ ਵਾੜੇ ਵਿਚ ਮਾਖੂ ਘੋੜੀ ਨੂੰ ਖਰਖਰਾ ਕਰ ਰਿਹਾ ਸੀ। ਤੇੜ ਹਰਾ ਪਰਨਾ, ਜੋ ਖੁੱਚਾਂ ਤੋਂ ਉਪਰ ਤੀਕ ਬੰਨ੍ਹਿਆ ਹੋਇਆ ਸੀ। ਉਸ ਦਾ ਕਾਲਾ ਪਿੰਡਾ ਲਿਸ਼ਕ ਰਿਹਾ ਸੀ ਜਿਵੇਂ ਕਾਲਾ ਤੂਤ ਹੋਵੇ। ਰੱਬੋ ਕੁਝ ਚਿਰ ਖੜੀ ਮਾਖੂ ਤੇ ਘੋੜੀ ਨੂੰ ਤੱਕਦੀ ਰਹੀ।

ਮਾਖੂ ਦੀ ਨਜ਼ਰ ਉਤਾਂਹ ਗਈ ਤਾਂ ਉਸ ਨੇ ਮਾਲਕਿਨ ਨੂੰ ਦੇਖਿਆ।



ਰੱਬੋ ਬੋਲੀ, "ਚੌਧਰੀ ਨੇ ਫੇਰ ਜਾਣੈ ਕਿਤੇ? ਹੁਣੇ ਤੇ ਆਏ ਨੇ ਉਹ।"

ਮਾਖੂ ਨੇ ਉੱਤਰ ਦਿੱਤਾ, "ਉਹ ਮਰਜੀ ਦੇ ਮਾਲਿਕ ਨੇ। ਕੀ ਪਤਾ ਕਿਧਰ ਤੁਰ ਪੈਣ। ਮੈਨੂੰ ਇਹੋ ਹੁਕਮ ਐ ਕਿ ਮੈਂ ਸਵਾਰੀ ਤਿਆਰ ਰੱਖਾਂ।" ਘੋੜੀ ਦੇ ਸੁਡੌਲ ਪੁੜਿਆਂ ਉਤੇ ਥਾਪੀ ਦੇ ਕੇ ਉਹ ਫੇਰ ਖਰਖਰਾ ਕਰਨ ਲੱਗਾ।

ਰੱਬੋ ਕੁਝ ਦੇਰ ਘੂਰਦੀ ਰਹੀ ਤੇ ਫੇਰ ਉਸ ਨੇ ਹੁਕਮ ਦਿੱਤਾ, "ਅੱਜ ਬਗ਼ੀਚੇ ਵਿਚ ਜਾ ਕੇ ਮੋਤੀਏ ਦੀਆਂ ਕਲੀਆਂ ਲਿਆਵੀਂ!"

ਕਪੜੇ ਸੁੱਕਣੇ ਪਾ ਕੇ ਹੇਠਾਂ ਉਤਰੀ ਤਾਂ ਨਿਧਾਨ ਸਿੰਘ ਮੰਜੀ ਉਤੇ ਬੈਠਾ ਮੁੱਛਾਂ ਨੂੰ ਵੱਟ ਦੇ ਰਿਹਾ ਸੀ।

ਉਸ ਸ਼ਾਮ ਜਦ ਨਿਧਾਨ ਸਿੰਘ ਘਰ ਮੁੜਿਆ ਤਾਂ ਰੱਬੋ ਬਾਲੋ ਵਾਲੇ ਸ਼ੀਸ਼ੇ ਵਿਚ ਆਪਣਾ ਮੂੰਹ ਦੇਖ ਕੇ ਫੁੱਲ-ਚਿੜੀਆਂ ਕੱਢ ਰਹੀ ਸੀ......

## 3

# ਕਾਲਾ ਅੰਬ

ਮੈਂ ਛੜਾ ਸਾਂ ਤੇ ਪਟੇਲ ਨਗਰ ਵਿਚ ਮੈਨੂੰ ਕੋਈ ਮਕਾਨ ਕਿਰਾਏ ਉਤੇ ਨਹੀਂ ਸੀ ਮਿਲ ਰਿਹਾ । ਜਿਥੇ ਜਾਂਦਾ ਮਾਲਕ ਮਕਾਨ ਘੂਰ ਕੇ ਪੁੱਛਦਾ, "ਤੁਹਾਡੀ ਬੀਵੀ ?"

ਮੈਂ ਆਖਦਾ, "ਬਸ ਜੀ ਸ਼ਾਦੀ ਹੋਣ ਹੀ ਵਾਲੀ ਹੈ, ਇਸੇ ਲਈ ਮਕਾਨ ਤਲਾਸ਼ ਕਰ ਰਿਹਾ ਹਾਂ ।"

ਇਤਨੇ ਵਿਚ ਮਾਲਕ-ਮਕਾਨ ਦੀ ਮੋਟੀ-ਧਾਪਾਂ ਬੀਵੀ ਜਾਂ ਜਵਾਨ ਧੀ ਬਾਹਰ ਕਿਸੇ ਕੰਮ ਲਈ ਨਿਕਲਦੀ ਤਾਂ ਮੇਰਾ ਮੱਥਾ ਠਣਕਦਾ ਕਿ ਇਹ ਮਕਾਨ ਨਹੀਂ ਮਿਲਣਾ । ਮਾਲਕ ਮਕਾਨ ਆਪਣੀ ਕੁੜੀ ਨੂੰ ਝਿੜਕ ਕੇ ਮੇਰੇ ਵਲ ਗਹਿਰੀ ਨਜ਼ਰ ਨਾਲ ਤੱਕਦਾ ਤੇ ਆਖਦਾ, "ਇਹ ਕਬੀਲਦਾਰਾਂ ਦਾ ਮਹੱਲਾ ਐ । ਇਥੇ ਛੜਿਆਂ ਦਾ ਕੰਮ ਨਹੀਂ ।"

ਮੈਂ ਬਥੇਰੇ ਜਤਨ ਕੀਤੇ ਪਰ ਕੋਈ ਮਕਾਨ ਕਿਰਾਏ ਉਤੇ ਨਾ ਮਿਲਿਆ । ਇਕ-ਦੋ ਸਿਫ਼ਾਰਸ਼ਾਂ ਪਹੁੰਚਾਈਆਂ, ਤਿੰਨ ਮਹੀਨੇ ਦਾ ਪੇਸ਼ਗੀ ਕਿਰਾਇਆ ਦੇਣਾ ਮੰਜ਼ੂਰ ਕੀਤਾ, ਗੋਰਮਿੰਟ ਆਫ਼ ਇੰਡੀਆ ਦੀ ਪੱਕੀ ਨੌਕਰੀ ਤੇ ਹਰ ਮਹੀਨੇ ਤਨਖ਼ਾਹ ਦੇ ਸਬੂਤ ਦਿੱਤੇ । ਪਰ ਹਰ ਥਾਂ ਤੋਂ ਕੋਰਾ ਜਵਾਬ ਮਿਲਿਆ ।

ਆਖ਼ਿਰ ਇਕ ਬੁੱਢੇ ਠੇਕੇਦਾਰ ਨੇ, ਜਿਸ ਦੇ ਨਾ ਧੀ ਸੀ, ਨਾ ਪੁੱਤ, ਮੈਨੂੰ ਇਕ ਛੋਟਾ ਜਿਹਾ ਕਮਰਾ ਦੇਣਾ ਮੰਜ਼ੂਰ ਕਰ ਲਿਆ । ਕਿਰਾਇਆ ਸੱਤਰ ਰੁਪਏ । ਅੱਗੇ ਕੱਚਾ ਵਿਹੜਾ ਸੀ, ਜਿਸ ਵਿਚ ਨਲਕਾ ਤੇ ਟੁੱਟਿਆ ਹੋਇਆ ਗੁਸਲਖ਼ਾਨਾ । ਨਾਲ ਹੀ ਨੀਵੀਂ ਕੱਚੀ ਕੰਧ ਸੀ । ਇਸ ਕੰਧ ਦੇ ਪਰਲੇ ਪਾਸੇ ਤਿੰਨ ਰਫ਼ਿਊਜੀ ਟੱਬਰ ਰਹਿੰਦੇ ਸਨ ।

ਮੈਂ ਤੜਕੇ ਉੱਠ ਕੇ ਗੁਆਂਢੀ ਗੁਆਲੇ ਤੋਂ ਸਾਹਮਣੇ ਖੜ੍ਹਾ ਹੋ ਕੇ ਮੱਝ ਦਾ ਦੁੱਧ ਚੁਆਉਂਦਾ, ਝੱਟ-ਪੱਟ ਨਾਸ਼ਤਾ ਤੇ ਚਾਹ ਤਿਆਰ ਕਰਦਾ ਅਤੇ ਸੁਵਖਤੇ ਹੀ ਜੰਦਰਾ ਮਾਰ ਕੇ ਦਫ਼ਤਰ ਚਲਿਆ ਜਾਂਦਾ । ਸ਼ਾਮ ਦੇ ਪੰਜ ਵਜੇ ਕਾਫ਼ੀ ਹਾਊਸ ਵਿਚ ਜਾ ਕੇ



ਗਰਮ-ਗਰਮ ਵੜੇ ਤੇ ਡੋਸਾ ਖਾਂਦਾ, ਕਾਫ਼ੀ ਪੀਂਦਾ ਤੇ ਪੰਜਾਬੀ ਲੇਖਕਾਂ ਦੀਆਂ ਚੁਗ਼ਲੀਆਂ ਸੁਣਦਾ । ਮੁੜਦੇ ਹੋਏ ਮੈਂ ਸੇਰ ਪੱਕੇ ਅੰਬ ਜ਼ਰੂਰ ਖ਼ਰੀਦਦਾ ।

ਨਿੱਕੇ ਹੁੰਦੇ ਤੋਂ ਮੇਰੀ ਭੂਆ ਨੇ ਇਹ ਗੱਲ ਮੇਰੇ ਢਿੱਡ ਵਿਚ ਪਾ ਦਿੱਤੀ ਸੀ ਕਿ ਜੇ ਬੰਦਾ ਗਰਮੀਆਂ ਵਿਚ ਹਰ ਰੋਜ਼ ਸੇਰ ਪੱਕੇ ਅੰਬ ਚੂਪ ਕੇ ਕੱਚੀ ਲੱਸੀ ਪੀਂਦਾ ਰਹੇ ਤਾਂ ਇਹ ਸਿੱਧਾ ਖ਼ੂਨ ਬਣਾਉਂਦੇ ਹਨ । ਆਦਮੀ ਕਦੇ ਬੀਮਾਰ ਨਹੀਂ ਹੁੰਦਾ ।

ਪਟੇਲ ਨਗਰ ਦੇ ਬਸ ਸਟੈਂਡ ਤੋਂ ਉਤਰਦਿਆਂ ਹੀ ਸਬਜ਼ੀ ਤੇ ਫਲਾਂ ਦੀਆਂ ਦੁਕਾਨਾਂ ਹਨ । ਇਥੇ ਕੋਈ ਵੀਹ ਰੇੜ੍ਹੀਆਂ ਵਾਲੇ ਤਰ੍ਹਾਂ-ਤਰ੍ਹਾਂ ਦੇ ਅੰਬ ਸਜਾਈ ਹੋਕੇ ਦੇਂਦੇ ਹਨ । ਲੰਗੜਾ, ਸੰਧੂਰੀ, ਮਾਲਦਾ, ਚੌਸਾ, ਸਫ਼ੈਦਾ, ਤੋਤਾ-ਪਰੀ, ਫ਼ਜ਼ਲੀ, ਦੁਸਹਿਰੀ, ਸਰੌਲੀ, ਟਪਕਾ ਤੇ ਬੰਬਈ ਦਾ ਅਲਫ਼ਾਨਜ਼ੋ, ਜਿਸ ਨੂੰ ਹਾਫ਼ਿਜ਼ ਜੀ ਵੀ ਆਖਦੇ ਹਨ । ਰੇੜ੍ਹੀਆਂ ਵਾਲੇ ਤੁਕਾਂ ਜੋੜ ਕੇ ਆਪਣੇ-ਆਪਣੇ ਮਾਲ ਦੀਆਂ ਸਿਫ਼ਤਾਂ ਕਰਦੇ ਤੇ ਜ਼ਿੱਦ-ਜ਼ਿੱਦ ਕੇ ਭਾਅ ਦਸਦੇ ।

ਮੈਂ ਅੰਬ ਨੂੰ ਬਿਨਾਂ ਟੋਹੇ ਦੱਸ ਸਕਦਾ ਹਾਂ ਕਿ ਇਸ ਦੀ ਗੁਠਲੀ ਕਿੰਨੀ ਵੱਡੀ ਹੈ, ਵਾਲਾਂ ਵਾਲੀ ਹੈ ਜਾਂ ਰੋੜੀ । ਅੰਬ ਅੰਦਰੋਂ ਪੀਲਾ ਹੈ, ਜਾਂ ਕੇਸਰੀ, ਜਾਂ ਸੰਦਲੀ, ਜਾਂ ਬਾਦਾਮੀ, ਜਾਂ ਹਲਕਾ ਹਰਾ । ਗੁੱਦਾ ਗਿਲਟੀਦਾਰ ਹੈ ਜਾਂ ਰਸੇਦਾਰ । ਸਵਾਦ ਮਿੱਠਾ ਹੈ ਕਿ ਬਕਬਕਾ, ਤੁਰਸ਼ ਹੈ ਜਾਂ ਖੱਟਾ ।

ਕਾਲਜ ਵਿਚ ਪੜ੍ਹਦਿਆਂ ਮੈਂ ਤੇ ਮੇਰਾ ਲੰਗੋਟੀਆ ਸਾਧੂ ਸਿੰਘ ਜਦੋਂ ਕਿਸੇ ਮੇਲੇ ਜਾਂ ਵਿਆਹ-ਸ਼ਾਦੀ ਵਿਚ ਤੀਵੀਆਂ ਜਾਂ ਜਵਾਨ ਕੁੜੀਆਂ ਨੂੰ ਦੇਖਦੇ, ਤਾਂ ਉਨ੍ਹਾਂ ਦੀ ਖ਼ੂਬਸੂਰਤੀ ਦੇ ਨੰਬਰ ਦੇਂਦੇ । ਜੇ ਕੋਈ ਬਜ਼ੁਰਗ ਨੇੜੇ ਹੁੰਦਾ ਤਾਂ ਸਾਧੂ ਸਿੰਘ ਆਖਦਾ, 'ਬੜੀ ਗਰਮੀ ਐ । ਆ ਚੱਲ ਕੇ ਰਤਾ ਅੰਬਾਂ ਦੀ ਬਹਾਰ ਦੇਖੀਏ ।' 'ਅੰਬ' ਇਕ ਤਰ੍ਹਾਂ ਦਾ ਖ਼ੁਫ਼ੀਆ ਸ਼ਬਦ ਸੀ ਤੇ ਅਸੀਂ ਇਕ ਦੂਜੇ ਦਾ ਭਾਵ ਸਮਝ ਜਾਂਦੇ ।

ਤੀਵੀਆਂ ਨੂੰ ਦੇਖ ਕੇ ਅਸੀਂ ਆਪਣੀ-ਆਪਣੀ ਪਰਖ ਦਾ ਵਟਾਂਦਰਾ ਇਸ ਤਰ੍ਹਾਂ ਕਰਦੇ :

ਸਾਧੂ ਸਿੰਘ : ਔਹ ਤਾਂ ਸਾਲੀ ਚੂਪੀ ਹੋਈ ਗੁਠਲੀ ਐ ।

ਮੈਂ : ਤੂੰ ਸੰਧੂਰੀ ਦੇ ਦਰਸ਼ਨ ਨਹੀਂ ਕੀਤੇ ?

ਸਾਧੂ ਸਿੰਘ : ਕਿਹੜੀ ?

ਮੈਂ : ਔਹ ਜਿਹੜੀ ਲੰਗੜੇ ਬਨਾਰਸੀ ਤੇ ਚੌਂਸੇ ਦੇ ਵਿਚਕਾਰ ਖੜ੍ਹੀ ਐ ।

ਸਾਧੂ ਸਿੰਘ : ਤੇਰੀ ਨਜ਼ਰ ਬੜੀ ਤੇਜ਼ ਐ, ਕੰਜਰਾ ! ਮੈਂ ਤਾਂ ਬਬੜ੍ਹ ਵਾਲੇ ਗਲ-ਘੋਟੂ ਫ਼ਜ਼ਲੀ ਉਤੇ ਹੀ ਲਾਲ੍ਹਾਂ ਸੁੱਟੀ ਬੈਠਾ ਸਾਂ ! ਪਰ ਤੇਰੇ ਸੰਧੂਰੀ ਦਾ ਜਵਾਬ ਨਹੀਂ । ਸਹੁੰ ਗੁਰੂ ਦੀ ਮਿਸਰੀ ਐ !

ਨੌਜਵਾਨ ਔਰਤਾਂ ਦੇ ਹੁਸਨ, ਉਨ੍ਹਾਂ ਦੇ ਗੱਦਰ ਜਿਸਮ ਤੇ ਰਸੀਲੇ ਅੰਗਾਂ ਨੂੰ ਅਸੀਂ ਅੰਬਾਂ ਦੀ ਸ਼ਬਦਾਵਲੀ ਵਿਚ ਢਾਲ ਕੇ ਪਾਰਖੂਆਂ ਵਾਂਗ ਅਨੰਦ ਲੈਂਦੇ । ਬਚਪਨ ਵਿਚ ਜਦੋਂ ਅਸੀਂ ਅੰਬਾਂ ਦੇ ਦਰਖ਼ਤਾਂ ਉਤੇ ਚੜ੍ਹ ਕੇ ਟੀਸੀ ਦੇ ਲਾਲ-ਲਾਲ ਅੰਬ ਤੋੜਦੇ ਤਾਂ ਸੰਘਣੇ ਸਾਵੇ ਪੱਤਿਆਂ ਵਿਚੋਂ ਉਹੀ ਮਹਿਕ ਆਉਂਦੀ ਜੋ ਰੱਬੋ ਮਰਾਸਣ ਦੇ ਸਰੀਰ ਵਿਚੋਂ ਉਠਦੀ, ਜਦੋਂ ਕਦੀ ਉਹ ਸਾਡੇ ਵਿਹੜੇ ਆ ਕੇ ਪਿਆਰ ਨਾਲ ਮੈਨੂੰ ਕੁੱਛੜ ਵਿਚ ਲੈਂਦੀ ।

ਆਪਣੇ ਪਿੰਡ ਵਿਚ ਮੈਂ ਚਾਚੀਆਂ-ਤਾਈਆਂ ਦੇ ਵਿਹੜਿਆਂ ਵਿਚ ਖੇਡ ਕੇ ਵੱਡਾ ਹੋਇਆ ਸਾਂ । ਮੇਰੇ ਭਰਵੀਂ ਕਾਲੀ ਦਾੜ੍ਹੀ ਆ ਗਈ ਸੀ । ਭਾਵੇਂ ਉਨ੍ਹਾਂ ਲਈ ਮੈਂ ਹਾਲੇ ਵੀ ਮੁੰਡਾ-ਖੁੰਡਾ ਹੀ ਸਾਂ ਪਰ ਪਟੇਲ ਨਗਰ ਦੇ ਮਹੱਲੇ ਵਿਚ ਖ਼ਤਰਨਾਕ ਛੜਾ । ਮੇਰੀ ਇਸ ਮਹੱਲੇ ਨਾਲ ਕੋਈ ਸਾਂਝ ਨਹੀਂ ਸੀ । ਸਵੇਰੇ ਦਫ਼ਤਰ ਜਾਂਦਾ ਤੇ ਹਨੇਰੇ ਹੋਏ ਮੁੜਦਾ । ਗਰਮੀਆਂ ਦੇ ਦਿਨ ਹੋਣ ਕਰਕੇ ਲੋਕ ਗਲੀ ਵਿਚ ਮੰਜੀ ਡਾਹੀ ਬੈਠੇ ਹੁੰਦੇ । ਮੈਂ ਨੀਵੀਂ ਪਾਈ ਆਪਣੇ ਵਿਹੜੇ ਦੀ ਖਿੜਕੀ ਖੋਲ੍ਹਦਾ, ਨਲਕੇ ਹੇਠ ਬੈਠ ਕੇ ਨਹਾਉਂਦਾ, ਤੇ ਦੋ-ਚਾਰ ਬਾਲਟੀਆਂ ਕੱਚੇ ਵਿਹੜੇ ਵਿਚ ਛਿੜਕਦਾ । ਪਾਣੀ ਛਿੜਕਣ ਨਾਲ ਤਪੀ ਹੋਈ ਮਿੱਟੀ ਵਿਚੋਂ ਮਹਿਕਦੀ ਹੋਈ ਭੜਾਸ ਉਠਦੀ । ਮੰਜੀ ਵਿਹੜੇ ਵਿਚ ਡਾਹ ਕੇ ਤੇੜ ਤੁਹਿਮਦ ਬੰਨ੍ਹ ਕੇ ਨੰਗੇ ਧੜ ਮੈਂ ਬਾਲਟੀ ਵਿਚੋਂ ਠੰਡੇ ਕੀਤੇ ਅੰਬ ਚੂਪਦਾ । ਬੜਾ ਆਨੰਦ ਆਉਂਦਾ । ਫਿਰ ਕੱਚੀ ਲੱਸੀ ਦੇ ਦੋ ਗਿਲਾਸ ਪੀਂਦਾ । ਇਸ ਨਿਤਨੇਮ ਪਿਛੋਂ ਮੈਂ ਸੌਂ ਜਾਂਦਾ ।

ਸਾਰੇ ਮਹੱਲੇ ਵਿਚ ਮੇਰੀ ਸ਼ਰਾਫ਼ਤ ਦਾ ਸਿੱਕਾ ਬੈਠ ਗਿਆ ਸੀ ।

ਇਕ ਸ਼ਾਮ, ਜਦੋਂ ਮੈਂ ਆਪਣੇ ਨਿੱਤ-ਨੇਮ ਤੋਂ ਵਿਹਲਾ ਹੋ ਕੇ ਮੰਜੀ ਉਤੇ ਲੇਟਿਆ, ਤਾਂ ਮੇਰੀ ਨਜ਼ਰ ਵਿਹੜੇ ਵਿਚ ਲੱਗੀ ਕਪੜੇ ਟੰਗਣ ਵਾਲੀ ਤਣੀ ਉਤੇ ਜਾ ਪਈ । ਕੋਈ ਛੋਟਾ ਜਿਹਾ ਝੱਗਾ ਲਟਕ ਰਿਹਾ ਸੀ । ਇਹ ਮੇਰੀ ਕਮੀਜ਼ ਨਹੀਂ ਸੀ ਹੋ ਸਕਦੀ । ਨਾ ਹੀ ਉਹ ਪਜਾਮਾ ਜਾਂ ਲੰਗੋਟ ਸੀ । ਮੈਂ ਸੋਚਦਾ ਰਿਹਾ ਕਿ ਸ਼ਾਇਦ ਸਵੇਰੇ ਜਾਂਦਾ ਹੋਇਆ ਚਿੱਟਾ ਪਰਨਾ ਸੁੱਕਣਾ ਪਾ ਕੇ ਭੁੱਲ ਗਿਆ ਸਾਂ । ਪਰਨਾ ਤਾਂ ਨਚੋੜ ਕੇ ਕਿੱਲੀ ਉਤੇ ਪਾਇਆ ਸੀ । ਮੈਂ ਉਠਿਆ ਤੇ ਦੁਬਿਧਾ ਮਿਟਾਉਣ ਖਾਤਰ ਇਸ ਕਪੜੇ ਨੂੰ ਤਣੀ ਉਤੋਂ ਲਾਹਿਆ । ਇਉਂ ਲਗਿਆ ਜਿਵੇਂ ਸੱਪ ਹੱਥ ਵਿਚ ਆ ਗਿਆ ਹੋਵੇ । ਇਹ ਕਿਸੇ ਜ਼ਨਾਨੀ ਦੀ ਅੰਗੀ ਸੀ !

ਸੋਚਣ ਲੱਗਾ, ਮੇਰੇ ਘਰ ਇਹ ਅੰਗੀ ਕਿਥੋਂ ਆਈ ? ਕੌਣ ਭੁੱਲ ਗਿਆ ? ਮੈਨੂੰ ਪਤਾ ਸੀ ਕਿ ਦਿਨ ਵੇਲੇ, ਮੇਰੀ ਗ਼ੈਰ-ਹਾਜ਼ਰੀ ਵਿਚ, ਮਹੱਲੇ ਦੀਆਂ ਤੀਵੀਆਂ ਇਥੇ ਆ ਕੇ ਪਾਣੀ ਭਰਦੀਆਂ ਤੇ ਕਪੜੇ ਧੋਂਦੀਆਂ ਸਨ । ਇਹ ਗੱਲ ਮੈਨੂੰ ਗੁਆਂਢੀ ਗਵਾਲੇ ਨੇ ਦੱਸੀ ਸੀ ਕਿ ਜਦੋਂ ਉਹ ਆਪਣੀ ਮੱਝ ਨੂੰ ਨੁਹਾਉਣ ਲਈ ਮੇਰੇ ਨਲਕੇ ਤੋਂ ਪਾਣੀ ਲੈਣ ਆਉਂਦਾ ਤਾਂ ਵਿਹੜੇ ਵਿਚ ਦੋ-ਚਾਰ ਜ਼ਨਾਨੀਆਂ ਹਮੇਸ਼ਾ ਕਪੜੇ ਧੋ ਰਹੀਆਂ ਹੁੰਦੀਆਂ । ਮੈਂ ਇਹ ਗੱਲ ਸੁਣ ਕੇ ਚੁੱਪ ਹੋ ਰਿਹਾ ਕਿ ਚਲੋ ਦਿਨ ਵੇਲੇ ਘਰ ਦੀ ਰਾਖੀ ਰਹਿੰਦੀ ਹੈ ਅਤੇ ਮੇਰੇ ਵਿਹੜੇ ਦੀ ਖੁੱਲ੍ਹਦਿਲੀ ਕਰਕੇ ਮੈਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਭਲਾਮਾਣਸ ਹਾਂ, ਮੇਰਾ ਕੀ ਜਾਂਦਾ ਸੀ । ਐਤਵਾਰ ਦੇ ਦਿਨ ਜਦੋਂ ਮੈਂ ਘਰ ਹੁੰਦਾ, ਉਸ ਦਿਨ ਕੋਈ ਨਹੀਂ ਸੀ ਆਉਂਦਾ ।

ਮੈਂ ਅੰਗੀ ਨੂੰ ਹਨੇਰੇ ਵਿਚ ਟੋਹ ਕੇ ਦੇਖਿਆ । ਜਾਲੀਦਾਰ ਨਰਮ ਮੋਮਜਾਮੇ ਦੀਆਂ ਗੁਲਾਈਆਂ ਤੇ ਤਣੀਆਂ ਹਾਲੀਂ ਸਿਲ੍ਹੀਆਂ ਸਨ । ਮੈਨੂੰ ਸ਼ਰਾਰਤ ਸੁੱਝੀ । ਬਾਲਟੀ ਵਿਚੋਂ ਬਚੇ ਹੋਏ ਦੋ ਅੰਬ ਕੱਢ ਕੇ ਮੈਂ ਅੰਗੀ ਦੀਆਂ ਮੋਮੀ ਗੁਲਾਈਆਂ ਵਿਚ ਪਾ ਦਿੱਤੇ ਅਤੇ ਇਨ੍ਹਾਂ ਨੂੰ ਆਪਣੀ ਛਾਤੀ ਨਾਲ ਬੰਨ੍ਹ ਕੇ ਪਲੋਸਦਾ ਰਿਹਾ । ਫਿਰ ਮੈਨੂੰ ਆਪਣੀ ਇਸ ਹਰਕਤ ਉਤੇ ਸ਼ਰਮ ਤੇ ਹਾਸਾ ਆਇਆ । ਇਰਦ-ਗਿਰਦ ਤੱਕਿਆ । ਕੋਈ ਨਹੀਂ ਸੀ ਦੇਖ ਰਿਹਾ, ਪਰ ਮੈਨੂੰ ਇਹ ਹਰਕਤ ਆਪਣੇ-ਆਪ ਵਿਚ ਫ਼ਜ਼ੂਲ ਜਾਪੀ । ਮੈਂ ਅੰਗੀ



ਖੋਲ੍ਹ ਕੇ, ਅੰਬ ਬਾਲਟੀ ਵਿਚ ਸੁੱਟੇ ਤੇ ਉਸ ਨੂੰ ਉਸੇ ਤਰ੍ਹਾਂ ਤਣੀ ਉਤੇ ਲਟਕਾ ਦਿੱਤਾ ।

ਸਵੇਰੇ ਮੈਂ ਦੁੱਧ ਲੈਣ ਗਿਆ । ਵਾਪਸ ਆਇਆ ਤਾਂ ਅੰਗੀ ਗ਼ਾਇਬ ਸੀ ।

ਮੈਂ ਚਾਹ ਤਿਆਰ ਕੀਤੀ ਤੇ ਨਾਸ਼ਤਾ ਕਰਕੇ ਦਫ਼ਤਰ ਚਲਾ ਗਿਆ । ਫਿਰ ਉਸੇ ਨਿੱਤ ਦੇ ਮਾਮੂਲ ਵਿਚ ਦਿਨ ਲੰਘਦੇ ਗਏ ।

ਇਕ ਦਿਨ ਮੈਂ ਦਫ਼ਤਰੋਂ ਆਇਆ ਤਾਂ ਮੇਰਾ ਮੱਥਾ ਦੁੱਖ ਰਿਹਾ ਸੀ । ਉਸ ਦਿਨ ਦਫ਼ਤਰ ਵਿਚ ਮੈਂ ਇਕ ਪੁਰਾਣੀ ਫ਼ਾਈਲ ਵਿਚ ਰੁੱਝਿਆ ਰਿਹਾ ਸਾਂ । ਅਫ਼ਸਰ ਨੇ ਸਾਰਾ ਕੰਮ ਮੁਕੰਮਲ ਕਰਕੇ ਜਾਣ ਦੀ ਤਾਕੀਦ ਕੀਤੀ ਸੀ । ਸ਼ਾਮ ਨੂੰ ਜਦੋਂ ਕੰਮ ਮੁਕਾ ਕੇ ਬਾਹਰ ਨਿਕਲਿਆ ਤਾਂ ਜਿਸਮ ਟੁੱਟ ਰਿਹਾ ਸੀ । ਇਤਨੀ ਥਕਾਵਟ ਸੀ ਕਿ ਬਸ ਚੜ੍ਹਨ ਲਈ ਲੰਮੀ ਲਾਈਨ ਵਿਚ ਖਲੋਣ ਦੀ ਹਿੰਮਤ ਨਾ ਪਈ । ਸਕੂਟਰ ਫੜਿਆ ਤੇ ਸਿੱਧਾ ਘਰ ਆ ਕੇ ਮੰਜੀ ਉਤੇ ਲੇਟ ਗਿਆ । ਉਸ ਦਿਨ ਮੈਂ ਅੰਬ ਵੀ ਨਾ ਖ਼ਰੀਦੇ ।

ਰਾਤ ਨੂੰ ਦੇਰ ਤੀਕ ਮੇਰਾ ਸਿਰ ਦੁਖਦਾ ਰਿਹਾ । ਗਰਮੀ ਤੇ ਹੁੰਮਸ ਕਾਰਨ ਨੀਂਦ ਨਹੀਂ ਸੀ ਆ ਰਹੀ । ਰਾਤ ਦੇ ਤੀਜੇ ਪਹਿਰ ਜਦੋਂ ਹਵਾ ਵਿਚ ਰਤਾ ਠੰਢ ਘੁਲ ਗਈ, ਤਾਂ ਕਿਤੇ ਮੇਰੀ ਅੱਖ ਲੱਗੀ ਅਤੇ ਦਿਨ ਚੜ੍ਹੇ ਤੀਕ ਸੁੱਤਾ ਰਿਹਾ ।

ਉਸ ਦਿਨ ਮੈਂ ਦਫ਼ਤਰ ਤੋਂ ਛੁੱਟੀ ਕਰ ਲਈ ਤੇ ਕਮਰੇ ਅੰਦਰ ਮੰਜੀ ਡਾਹ ਕੇ ਆਰਾਮ ਕਰਨ ਦੀ ਸੋਚੀ । ਚਾਹ ਪੀ ਕੇ ਬੂਹਾ ਢੋਇਆ ਤੇ ਪੱਖਾ ਛੱਡ ਕੇ ਸੌਂ ਗਿਆ ।

ਗਿਆਰਾਂ ਕੁ ਵਜੇ ਮੁੜ੍ਹਕੋ-ਮੁੜ੍ਹਕੀ ਹੋਇਆ ਮੈਂ ਉਠਿਆ । ਬਿਜਲੀ ਦੇ ਯਕਾ-ਯਕ ਬੰਦ ਹੋ ਜਾਣ ਨਾਲ ਪੱਖਾ ਖਲੋ ਗਿਆ ਸੀ । ਕਮਰੇ ਵਿਚ ਸਾਹ ਘੁਟ ਰਿਹਾ ਸੀ । ਤਾਜ਼ੀ ਹਵਾ ਲੈਣ ਲਈ ਮੈਂ ਨਿੱਕੀ ਖਿੜਕੀ ਖੋਲ੍ਹੀ । ਵਿਹੜੇ ਵਿਚ ਇਕ ਔਰਤ ਤਣੀ ਉਤੇ ਅੰਗੀ ਟੰਗ ਰਹੀ ਸੀ । ਤੇੜ ਬਾਰੀਕ ਪੇਟੀਕੋਟ, ਜੋ ਭਿੱਜ ਕੇ ਉਹਦੇ ਸਰੀਰ ਨਾਲ ਚੰਬੜਿਆ ਹੋਇਆ ਸੀ । ਧੜ ਨੰਗਾ, ਵਾਲ ਖੁੱਲ੍ਹੇ, ਰੰਗ ਪੱਕਾ ਮੁਸ਼ਕੀ । ਉਹ ਮੇਰੇ ਗੁਆਂਢੀ ਤੰਦੂਰ ਵਾਲੇ ਦੀ ਜਵਾਨ ਬੀਵੀ ਸੀ—ਦੋ ਬੱਚਿਆਂ ਦੀ ਮਾਂ, ਜਿਨ੍ਹਾਂ ਨੂੰ ਕੁੱਛੜ ਲਈ ਬੈਠੀ ਉਹ ਤੰਦੂਰ ਉਤੇ ਰੋਟੀਆਂ ਥੱਪਦੀ ਹੁੰਦੀ ਸੀ ।

ਮੈਂ ਇਕਦਮ ਖਿੜਕੀ ਭੀੜ ਲਈ ਅਤੇ ਫਿਰ ਪੋਲੇ ਜਿਹਾ ਰਤਾ ਕੁ ਖੋਲ੍ਹ ਕੇ ਝੀਥ ਵਿਚੋਂ ਦੀ ਤੱਕਣ ਲੱਗਾ ।

ਉਹ ਵੇਲਾ ਤਾੜ ਕੇ ਇਥੇ ਨਹਾਉਣ ਆਈ ਸੀ । ਵਿਹੜੇ ਦਾ ਖਿੜਕ ਬੰਦ ਕਰਕੇ ਉਸ ਨੇ ਕੁੰਡੀ ਵਿਚ ਦਾਤਣ ਫਸਾ ਰੱਖੀ ਸੀ ਤੇ ਨਿਸ਼ਚਿੰਤ ਹੋ ਕੇ ਨਹਾਉਣ ਦਾ ਮਜ਼ਾ ਲੈ ਰਹੀ ਸੀ ।

ਉਸ ਨੇ ਅੰਗੀ ਨੂੰ ਛੰਡਿਆ ਤੇ ਅੱਡੀਆਂ ਚੁੱਕ ਕੇ ਤਣੀ ਉਤੇ ਪਾਉਣ ਲੱਗੀ ।

ਮੈਂ ਸਾਹ ਰੋਕੀ ਖੜਾ ਸਾਂ ।

ਉਸ ਦੀਆਂ ਦੋਵੇਂ ਬਾਹਾਂ ਉਤਾਂਹ ਨੂੰ ਉਲਰੀਆਂ ਹੋਈਆਂ ਸਨ । ਮੈਨੂੰ ਕੱਛਾਂ ਦੇ ਮੁੰਨੇ ਹੋਏ ਵਾਲ ਨਜ਼ਰ ਆਏ ਤੇ ਨਾਲ ਹੀ ਉਸਦੀਆਂ ਤਣੀਆਂ ਹੋਈਆਂ ਕਾਲੀਆਂ ਛਾਤੀਆਂ । ਇਨ੍ਹਾਂ ਉਤੇ ਕਾਲੇ ਦਾਇਰੇ ਸਨ ਜਿਵੇਂ ਕਿਸੇ ਨੇ ਬੁਰਸ਼ ਨਾਲ ਲੁੱਕ ਫੇਰੀ ਹੋਵੇ । ਦਾਇਰਿਆਂ ਉਤੇ ਫ਼ਾਲਸਈ ਡੋਡੀਆਂ ਉਭਰੀਆਂ ਹੋਈਆਂ ਸਨ । ਮੈਨੂੰ ਇਉਂ ਜਾਪਿਆ ਜਿਵੇਂ ਲਿਫੀ ਹੋਈ ਟਹਿਣੀ ਉਤੇ ਦੋ ਕਾਲੇ ਅੰਬ ਟੁੰਗ ਰੱਖੇ ਹੋਣ ।

ਧੁੱਪ ਵਿਚ ਉਨ੍ਹਾਂ ਉਤੇ ਪਾਣੀ ਦੀਆਂ ਦੋ ਬੂੰਦਾਂ ਡਲ੍ਹਕ ਰਹੀਆਂ ਸਨ, ਜਿਵੇਂ ਅੰਬ ਨੂੰ ਰਤਾ ਕੁ ਦਬਾਉਣ ਨਾਲ ਰਸ ਦੇ ਟੇਪੇ ਬਾਹਰ ਆ ਜਾਂਦੇ ਹਨ। ਕਾਲੇ ਅੰਬਾਂ ਦੇ ਇਸ ਰਸ ਭਰੇ ਹੁਸਨ ਨੂੰ ਮੈਂ ਤੱਕ ਰਿਹਾ ਸਾਂ। ਇਕ ਦਮ ਉਸ ਦੀ ਨਜ਼ਰ ਅੱਧ-ਖੁੱਲ੍ਹੀ ਖਿੜਕੀ ਵਲ ਪਈ ਤੇ ਅੰਗੀ ਨੂੰ ਛੱਡ ਕੇ ਉਸ ਨੇ ਝੱਟ ਪਾਸਾ ਪਰਤ ਲਿਆ।

ਮੈਂ ਫ਼ੌਰਨ ਖਿੜਕੀ ਤੋਂ ਪਰ੍ਹਾਂ ਹਟ ਗਿਆ। ਮੈਨੂੰ ਗੁਸਲਖਾਨੇ ਵਿਚੋਂ ਬਾਲਟੀ ਦਾ ਖੜਕਾ ਸੁਣਾਈ ਦਿੱਤਾ ਤੇ ਫਿਰ ਪੈਰਾਂ ਦੀ ਬਿੜਕ। ਥੋੜ੍ਹੇ ਚਿਰ ਪਿਛੋਂ ਵਿਹੜੇ ਦੇ ਫਿੜਕ ਦੇ ਖੁੱਲ੍ਹਣ ਤੇ ਭਿੜਨ ਦੀ ਆਵਾਜ਼ ਆਈ। ਉਹ ਜਾ ਚੁੱਕੀ ਸੀ।

ਮੈਂ ਆ ਕੇ ਮੁੜ ਮੰਜੀ ਉਤੇ ਪੈ ਗਿਆ। ਥੋੜ੍ਹੇ ਚਿਰ ਪਿੱਛੋਂ ਬਿਜਲੀ ਆ ਗਈ। ਪੱਖਾ ਚੱਲਣ ਲੱਗਾ ਤੇ ਸੁਤ-ਉਨੀਂਦਰੇ ਵਿਚ ਮੈਂ ਸ਼ਾਮ ਤੀਕ ਲੇਟਿਆ ਰਿਹਾ। ਜਦੋਂ ਉਠਿਆ ਤਾਂ ਧੁੱਪਾਂ ਕਦੋਂ ਦੀਆਂ ਢਲ ਚੁੱਕੀਆਂ ਸਨ। ਮੇਰਾ ਸਰੀਰ ਹੌਲਾ-ਫੁੱਲ ਸੀ ਤੇ ਤਬੀਅਤ ਬਿਲਕੁਲ ਠੀਕ।

ਮੂੰਹ-ਹੱਥ ਧੋ ਕੇ ਮੈਂ ਸੈਰ ਕਰਨ ਤੁਰ ਗਿਆ। ਆਦਤ ਅਨੁਸਾਰ ਬੱਸਾਂ ਦੇ ਅੱਡੇ ਕੋਲ ਫਲਾਂ ਦੀਆਂ ਦੁਕਾਨਾਂ ਤੇ ਰੇੜ੍ਹੀਆਂ ਉਤੇ ਅੰਬ ਖਰੀਦਣ ਜਾ ਨਿਕਲਿਆ।

ਮੈਨੂੰ ਦੇਖਣਸਾਰ, ਰੋਜ਼ ਦਾ ਗਾਹਕ ਸਮਝ ਕੇ, ਰੇੜ੍ਹੀ ਵਾਲੇ ਨੇ ਕਿਹਾ, "ਬਾਬੂ ਜੀ, ਅੱਜ ਤਾਜ਼ਾ ਸੰਧੂਰੀ ਆਇਆ ਏ। ਰਤਾ ਚੱਖ ਕੇ ਦੇਖੋ।"

ਮੈਂ ਅੰਬ ਦੀ ਫ਼ਾਕ ਚੱਖੀ ਤੇ ਮੈਨੂੰ ਇਸ ਦਾ ਸੁਆਦ ਬਕਬਕਾ ਜਾਪਿਆ। ਮੇਰੇ ਸਿਰ ਹਿਲਾਉਣ ਉਤੇ ਉਸ ਨੇ ਬਨਾਰਸੀ-ਲੰਗੜਾ ਦਿਖਾਇਆ ਤੇ ਬੋਲਿਆ, "ਲਉ ਇਹ ਲੈ ਜਾਉ। ਨਿਰੀ ਮਿਸਰੀ।"

ਮੈਂ ਉਸ ਨੂੰ ਟੋਹਿਆ ਤੇ ਨਮੂਨੇ ਵਜੋਂ ਚੂਪਣ ਲਈ ਇਕ ਅੰਬ ਖਰੀਦਿਆ। ਮੂੰਹ ਨੂੰ ਬਿਲਕੁਲ ਬੇਸੁਆਦ। ਇਸ ਪਿਛੋਂ ਮੈਨੂੰ ਉਸ ਨੇ ਸਰੌਲੀ, ਚੌਸਾ, ਦੁਸਹਿਰੀ ਤੇ ਸਹਾਰਨੀ ਦਿਖਾਏ। ਪਰ ਮੈਨੂੰ ਹਰ ਅੰਬ ਫਿੱਕਾ ਤੇ ਖੱਟਾ-ਟੀਟ ਜਾਪਿਆ।

ਦੁਕਾਨਦਾਰ ਨੇ ਖਿੱਝ ਕੇ ਪੁੱਛਿਆ, "ਬਾਬੂ ਜੀ, ਸਾਰੀਆਂ ਵਧੀਆ ਕਿਸਮਾਂ ਤੁਹਾਨੂੰ ਦਿਖਾ ਦਿੱਤੀਆਂ। ਤੁਹਾਨੂੰ ਚਾਹੀਦਾ ਕਿਹੜਾ ਅੰਬ ਏ?"

ਮੇਰੇ ਮੂੰਹ ਵਿਚੋਂ ਆਪ-ਮੁਹਾਰੇ ਨਿਕਲ ਗਿਆ—

"ਕਾਲਾ ਅੰਬ!"

ਦੁਕਾਨਦਾਰ ਮੇਰੇ ਵਲ ਹੈਰਾਨ ਹੋ ਕੇ ਤੱਕਣ ਲੱਗਾ।

## 4

# ਕਮਲਾ ਮਦਰਾਸਣ

ਇਤਨੀ ਕੜਕੀ ਕਦੇ ਨਹੀਂ ਸੀ ਆਈ। ਅਕਸਰ ਕਿਸੇ ਨਾ ਕਿਸੇ ਕੁੜੀ ਨਾਲ ਮੇਰਾ ਸਿਲਸਿਲਾ ਬਣਿਆ ਹੀ ਰਹਿੰਦਾ। ਪਰ ਹੁਣ ਪਿਛਲੇ ਛੇ ਮਹੀਨਿਆਂ ਤੋਂ ਚੁੱਲ੍ਹਾ ਠੰਢਾ ਸੀ।

ਇਕ ਸ਼ਾਮ ਮੇਰਾ ਲੰਗੋਟੀਆ ਯਾਰ ਦੁਨੀ ਚੰਦ ਦਿੱਲੀ ਆਇਆ। ਬਾਲ-ਬੱਚੇਦਾਰ ਆਦਮੀ ਸੀ, ਸਰਕਾਰੀ ਨੌਕਰ ਤੇ ਖਾਣ-ਪੀਣ ਵਾਲਾ ਬੰਦਾ।

ਉਸ ਨੇ ਆਉਣ ਸਾਰ ਜੱਫ਼ੀ ਪਾਈ ਤੇ ਬੈਗ ਵਿਚੋਂ ਸ਼ਰਾਬ ਦੀ ਬੋਤਲ ਕੱਢ ਕੇ ਮੇਜ਼ ਉਤੇ ਰੱਖੀ। ਬੋਲਿਆ, "ਇਹ ਗੁਨਾਹ ਕਰਨ ਦਾ ਮਜ਼ਾ ਸਿਰਫ਼ ਤੇਰੇ ਨਾਲ ਹੀ ਆਉਂਦਾ ਐ। ਲਿਆ ਗਿਲਾਸ ਕੱਢ ਤੇ ਕੁਝ ਖਾਣ ਨੂੰ ਮੰਗਵਾ।"

ਮੈਂ ਜੇਬ ਵਿਚੋਂ ਪੈਸੇ ਕੱਢਣ ਲੱਗਾ, ਤਾਂ ਉਸ ਨੇ ਮੇਰਾ ਹੱਥ ਫੜ ਕੇ ਆਖਿਆ, "ਇਹ ਮੇਰੇ ਜ਼ਿੰਮੇਂ!" ਤੇ ਦਸ ਰੁਪਏ ਦਾ ਨੋਟ ਬਦੋ-ਬਦੀ ਮੈਨੂੰ ਫੜਾ ਦਿੱਤਾ। ਮੈਂ ਉਸੇ ਵੇਲੇ ਜਾ ਕੇ ਨੁੱਕੜ ਦੀ ਦੁਕਾਨ ਤੋਂ ਮੱਛੀ ਤੇ ਕਲੇਜੀ ਲੈ ਆਇਆ।

ਗੱਪਾਂ ਮਾਰਦੇ ਤੇ ਖਾਂਦੇ-ਪੀਂਦਿਆਂ ਨੂੰ ਰਾਤ ਦੇ ਦਸ ਵਜ ਗਏ।

ਦੁਨੀ ਚੰਦ ਨੇ ਲੋਰ ਵਿਚ ਆ ਕੇ ਆਖਿਆ, "ਸ਼ਾਦੀ ਹੋਇਆਂ ਪੰਦਰਾਂ ਸਾਲ ਹੋ ਗਏ। ਭਲਾ ਤੂੰ ਦੱਸ, ਰੋਜ਼ ਦਾਲ ਖਾਂਦਾ-ਖਾਂਦਾ ਬੰਦਾ ਅੱਕ ਨਹੀਂ ਜਾਂਦਾ?"

ਮੈਂ ਉਸ ਦੀਆਂ ਅੱਖਾਂ ਵਿਚ ਤਰਦੀ ਲਾਲਸਾ ਦੇਖ ਕੇ ਬੋਲਿਆ, "ਸੁਣਿਐ ਵਿਆਹ ਕਰਵਾ ਕੇ ਬੰਦਾ ਸੰਤੁਸ਼ਟ ਹੋ ਜਾਂਦਾ ਐ?"

"ਐਵੇਂ ਤੇਰਾ ਵਹਿਮ ਐ। ਦਿਲ ਵਿਚ ਧੁਖਧੁਖੀ ਲੱਗੀ ਰਹਿੰਦੀ ਐ, ਪਰ ਕਬੀਲਦਾਰੀ ਵਿਚ ਫਸ ਕੇ ਬੰਦਾ ਡਰਦਾ ਰਹਿੰਦੈ। ਤੈਨੂੰ ਮੌਜ ਐ।"

ਮੈਨੂੰ ਚੁੱਪ ਦੇਖ ਕੇ ਉਹ ਫਿਰ ਬੋਲਿਆ, "ਲੈ ਇਹ ਗਿਲਾਸ ਖ਼ਤਮ ਕਰ ਤੇ ਫਿਰ ਕਿਤੇ ਸੈਰ-ਤਮਾਸ਼ੇ ਨੂੰ ਚੱਲੀਏ।"

"ਕਿਥੇ ?"

"ਕਿਸੇ ਚੰਗੀ ਥਾਂ ਹੀ ਚੱਲਾਂਗੇ। ਇਥੇ ਲਾਹੌਰ ਵਾਲੀ ਗੱਲ ਤਾਂ ਨਹੀਂ। ਉਥੋਂ ਦੀ ਹੀਰਾ-ਮੰਡੀ ਪਾਕਿਸਤਾਨ ਦੇ ਨਾਲ ਈ ਗਈ। ਦਿੱਲੀ ਦੇ ਕੋਠੇ ਵੀ ਫ਼ਸਾਦਾਂ ਪਿਛੋਂ ਸੁੰਞੇ ਹੋ ਗਏ। ਪਰ ਹੁਣ ਥੋੜ੍ਹੀ-ਥੋੜ੍ਹੀ ਰੌਣਕ ਫੇਰ ਆਉਣ ਲੱਗੀ ਐ। ਚੱਲ, ਤਿਆਰ ਹੋ।"

ਰੰਡੀ ਦੇ ਕੋਠੇ ਜਾਣ ਦਾ ਕਦੇ ਹੀਆ ਨਹੀਂ ਸੀ ਪਿਆ। ਇਥੇ ਜਾਣ ਲਈ ਆਦਮੀ ਨੂੰ ਹੁਸ਼ਿਆਰ ਤੇ ਖਿਡਿਆ ਹੋਇਆ ਹੋਣਾ ਚਾਹੀਦਾ ਹੈ, ਨਹੀਂ ਤਾਂ ਝੰਡ ਕਰਵਾ ਕੇ ਤੇ ਰੁਪਏ ਗੁਆ ਕੇ ਘਰ ਮੁੜ ਆਉਂਦਾ ਹੈ। ਹੁਣ ਦੁਨੀ ਚੰਦ ਮੇਰੇ ਨਾਲ ਸੀ ਤੇ ਸ਼ਰਾਬ ਦਾ ਅਧੀਆ ਅੰਦਰ ਸੀ, ਇਸ ਲਈ ਮੈਂ ਦਲੇਰ ਸਾਂ। ਨਾਲੇ ਇਕ ਨਵੇਂ ਤਜਰਬੇ ਦੀ ਭਾਵਨਾ ਦਿਲ ਵਿਚ ਜਾਗ ਉਠੀ ਸੀ।

ਅਸਾਂ ਗਿਲਾਸ ਮੁਕਾਏ ਤੇ ਟੈਕਸੀ ਵਿਚ ਬੈਠ ਕੇ ਅਜਮੇਰੀ ਗੇਟ ਦੇ ਉਸ ਬਾਜ਼ਾਰ ਵਿਚ ਜਾ ਉਤਰੇ ਜਿਥੇ ਦਿਨ ਵੇਲੇ ਮਾਲ ਨਾਲ ਲੱਦੇ ਟਰੱਕ ਤੇ ਠੇਲ੍ਹੇ ਫਸੇ ਖੜੇ ਹੁੰਦੇ ਹਨ ਤੇ ਰਾਤ ਵੇਲੇ ਕਲੀਆਂ ਵਾਲੇ ਕੁੜਤੇ ਪਾਈ ਤਮਾਸ਼ਬੀਨ ਤੇ ਦੱਲੇ ਘੁੰਮਦੇ ਹਨ।

ਅਸੀਂ ਕਈ ਕੋਠਿਆਂ ਉਤੇ ਗਏ। ਮੈਨੂੰ ਤਾਂ ਕਈ ਛਮਕ-ਪਰੀਆਂ ਚੰਗੀਆਂ ਲਗੀਆਂ, ਪਰ ਦੁਨੀ ਚੰਦ ਨੂੰ ਕੋਈ ਨਹੀਂ ਸੀ ਜਚਦੀ। ਹਰ ਕੋਠੇ ਦੀਆਂ ਪੌੜੀਆਂ ਇਕੋ ਤਰ੍ਹਾਂ ਦੀਆਂ ਸਨ — ਭੀੜੀਆਂ, ਸਿਲ੍ਹੀਆਂ, ਹਨੇਰੀਆਂ। ਲੋਕ ਉਤਰਦੇ ਚੜ੍ਹਦੇ ਜੇ ਇਕ ਦੂਜੇ ਨਾਲ ਟਕਰਾ ਵੀ ਜਾਂਦੇ ਤਾਂ ਬਗ਼ੈਰ ਉਏ-ਤੋਏ ਕੀਤਿਆਂ ਖਿਸਕਵੇਂ ਜਿਹੇ ਲੰਘ ਜਾਂਦੇ ਸਨ। ਇਨ੍ਹਾਂ ਪੌੜੀਆਂ ਵਿਚੋਂ ਕੱਥੇ, ਅਲਾਇਚੀ ਤੇ ਤਮਾਕੂ ਦੀ ਬੂ ਆਉਂਦੀ ਸੀ ਤੇ ਵਿਚ-ਵਿਚ ਸ਼ਰਾਬ ਦਾ ਭਬਕਾ ਵੀ ਸੀ।

ਮੇਰੀ ਬੇਸਬਰੀ ਦੇਖ ਕੇ ਦੁਨੀ ਚੰਦ ਨੇ ਆਖਿਆ, "ਹੌਂਸਲਾ ਰੱਖ, ਕਿਸੇ ਚੰਗੀ ਥਾਂ ਬੈਠਾਂਗੇ।"

ਆਖ਼ਰ ਅਸੀਂ ਇਕ ਖ਼ਾਮੋਸ਼ ਜਿਹੇ ਸਾਫ਼, ਰੌਸ਼ਨ ਕੋਠੇ ਅੱਗੇ ਰੁਕੇ। ਅੰਦਰ ਫ਼ਰਸ਼ ਉਤੇ ਚਿੱਟੀਆਂ ਚਾਦਰਾਂ ਤੇ ਗਾਉ-ਤਕੀਏ ਸਜੇ ਹੋਏ ਸਨ। ਵਿਚਕਾਰ ਇਕ ਭਰਵੇਂ ਸਰੀਰ ਵਾਲੀ ਸਾਂਵਲੇ ਰੰਗ ਦੀ ਔਰਤ ਬੈਠੀ ਸੀ। ਉਸ ਦੇ ਤੇਲੀਆ-ਮੱਥੇ ਉਤੇ ਲਾਲ ਬਿੰਦੀ, ਤੇ ਨੱਕ ਵਿਚ ਕੋਕਾ ਚਮਕ ਰਿਹਾ ਸੀ।

ਸਾਨੂੰ ਦੇਖ ਕੇ ਉਸ ਨੇ ਆਪਣੀਆਂ ਮੋਟੀਆਂ ਕਾਲੀਆਂ ਅੱਖਾਂ ਉਤਾਂਹ ਚੁੱਕੀਆਂ। ਉਹ ਮੁਸਕਰਾਈ ਤੇ ਬੜੇ ਕਸਬੀ ਅੰਦਾਜ਼ ਨਾਲ ਬੋਲੀ, "ਆਈਏ!"

ਦੁਨੀ ਚੰਦ ਨੇ ਮੇਰੇ ਵਲ ਦੇਖਿਆ ਤੇ ਆਖਿਆ, "ਇਹ ਠੀਕ ਐ।"

ਉਹ ਬੂਹੇ ਵਿਚ ਜੁੱਤੀ ਲਾਹ ਕੇ ਅੰਦਰ ਗਾਉ-ਤਕੀਏ ਕੋਲ ਇਕ ਪਾਸੇ ਜਾ ਬੈਠਾ। ਮੈਂ ਵੀ ਮਗਰੇ-ਮਗਰ ਉਸ ਦੇ ਕੋਲ ਜਾ ਕੇ ਬੈਠ ਗਿਆ।

ਇਕ ਪਾਸੇ ਦੋ ਸਾਜ਼ਿੰਦੇ ਬੈਠੇ ਸਨ — ਸਾਰੰਗੀ ਤੇ ਤਬਲੇ ਵਾਲਾ। ਪਿੱਛੇ ਨਟਰਾਜ ਦੀ ਮੂਰਤੀ ਸੀ, ਜਿਸ ਅੱਗੇ ਧੂਫ ਜਲ ਰਹੀ ਸੀ। ਸਾਨੂੰ ਦੇਖ ਕੇ ਉਹ ਔਰਤ ਸਫ਼ੈਦ ਸਾੜ੍ਹੀ ਸੰਭਾਲਦੀ ਨਖ਼ਰੇ ਨਾਲ ਉੱਠੀ, ਤੇ ਸਾਡੇ ਸਾਹਮਣੇ ਗੋਡੇ ਮੂਧੇ ਮਾਰ ਕੇ ਬੈਠ ਗਈ।



ਉਹ ਬੋਲੀ, "ਕੁਛ ਸੁਨੀਏਗਾ ?"

ਉਸ ਦੇ ਉਚਾਰਣ ਵਿਚ ਦੱਖਣੀ ਭਾਰਤ ਦਾ ਲਹਿਜਾ ਸੀ ਤੇ ਸਰੀਰ ਮੋਟੀਆਂ ਮੂਰਤੀਆਂ ਵਾਂਗ ਨਿੱਗਰ।

ਦੁਨੀ ਚੰਦ ਨੇ ਉੱਤਰ ਦਿੱਤਾ, "ਕੁਛ ਪੀਨੇ ਕਾ ਪ੍ਰੋਗਰਾਮ ਬਨੇਗਾ ?"

ਉਸ ਆਖਿਆ, "ਜੈਸਾ ਆਪ ਚਾਹੇਂ।"

ਦੁਨੀ ਚੰਦ ਨੇ ਦਸ-ਦਸ ਦੇ ਤਿੰਨ ਨੋਟ ਕੱਢੇ ਤੇ ਸਾਰੰਗੀ ਵਾਲੇ ਮੀਏਂ ਨੂੰ ਫੜਾ ਦਿੱਤੇ। ਮੀਆਂ ਉਠ ਕੇ ਬਾਹਰ ਗਿਆ ਤੇ ਫੇਰ ਆਪਣੀ ਥਾਂ ਆ ਬੈਠਾ।

ਕੁਝ ਹੀ ਮਿੰਟਾਂ ਪਿੱਛੋਂ ਇਕ ਛੋਕਰਾ ਵਿਸਕੀ ਦਾ ਅਧੀਆ, ਸੋਡੇ ਦੀਆਂ ਬੋਤਲਾਂ ਤੇ ਕਬਾਬ ਲੈ ਕੇ ਆ ਗਿਆ।

ਮੈਨੂੰ ਦੁਨੀ ਚੰਦ ਦੇ ਇਸ ਤਰ੍ਹਾਂ ਪੈਸਾ ਲੁਟਾਉਣ ਉਤੇ ਗੁੱਸਾ ਆ ਰਿਹਾ ਸੀ। ਮੈਂ ਹਿਸਾਬ ਲਾਇਆ ਸਾਰਾ ਮਾਲ ਸਾਢੇ ਬਾਈ ਰੁਪਏ ਦਾ ਸੀ। ਬਾਕੀ ਦੇ ਪੈਸੇ ਹਜ਼ਮ।

ਉਹ ਬੋਲੀ, "ਕਿਆ ਸੁਨਾਊਂ ?"

ਦੁਨੀ ਚੰਦ ਨੇ ਸ਼ਰਾਬ ਦੇ ਦੋ ਘੁੱਟ ਭਰੇ ਉਸ ਦੇ ਪੱਟ ਉਤੇ ਧੱਫਾ ਮਾਰ ਕੇ ਆਖਿਆ, "ਗਾਣਾ ਸ਼ਾਣਾ ਰਹਿਣ ਦੇ। ਸਿਰਫ਼ ਬੈਠਾਂਗੇ।"

"ਠਹਿਰੀਏਗਾ ?"

"ਹਾਂ, ਠਹਿਰਾਂਗੇ ਵੀ।" ਦੁਨੀ ਚੰਦ ਨੇ ਖਿੜ ਕੇ ਆਖਿਆ।

ਰੰਡੀਆਂ ਦੇ ਕੋਠੇ ਦੀ ਭਾਸ਼ਾ ਵਿਚ "ਠਹਿਰਨ" ਦਾ ਅਰਥ ਹੈ "ਜਿਨਸੀ ਮਿਲਾਪ।"

ਉਹ ਸ਼ਰਾਬ ਪੀਂਦਾ ਰਿਹਾ ਤੇ ਊਟ-ਪਟਾਂਗ ਗੱਲਾਂ ਕਰਦਾ ਰਿਹਾ। ਰੰਡੀ ਉਸ ਦੀਆਂ ਯਬੁਲੀਆਂ ਦਾ ਸੰਖੇਪ, ਢੁੱਕਵਾਂ ਜਵਾਬ ਦੇਂਦੀ ਰਹੀ ਤੇ ਬੜੀ ਸੂਝ ਨਾਲ ਗੱਲਾਂ ਦੀ ਡਗਮਗਾਉਂਦੀ ਕਿਸ਼ਤੀ ਨੂੰ ਸਿੱਧੀ ਆਪਣੇ ਮੰਤਵ ਵਲ ਲੈ ਜਾ ਰਹੀ ਸੀ।

ਜਦੋਂ ਉਹ ਕੁਝ ਹੋਰ ਪੈੱਗ ਚੜ੍ਹਾ ਚੁੱਕਾ ਤਾਂ ਬੋਲਿਆ, "ਚਲ ਫੇਰ ਹੁਣ ਠਹਿਰ-ਠੁਹਰ ਵੀ ਲਈਏ!"

ਉਹ ਉੱਠੀ ਤੇ ਨਾਲ ਦੇ ਨਿੱਕੇ ਕਮਰੇ ਵਿਚ ਚਲੀ ਗਈ ਤੇ ਦੁਨੀ ਚੰਦ ਉਸ ਦੇ ਪਿੱਛੇ-ਪਿੱਛੇ।

ਮੈਨੂੰ ਦੁਨੀ ਚੰਦ ਦੀ ਬੇਬਾਕੀ, ਤੇ ਖੁੱਲ੍ਹੇ ਵਤੀਰੇ ਉਤੇ ਹੈਰਾਨੀ ਹੋ ਰਹੀ ਸੀ।

ਪੰਦਰਾਂ ਮਿੰਟਾਂ ਪਿੱਛੋਂ ਦੁਨੀ ਚੰਦ ਬਾਹਰ ਨਿਕਲਿਆ, ਤਾਂ ਉਹ ਕੁਝ ਸੰਭਲਿਆ ਹੋਇਆ ਸੀ। ਉਸ ਦੇ ਚਿਹਰੇ ਉਤੇ ਸ਼ਾਂਤਮਈ ਢਿੱਲੀ ਮੁਸਕਰਾਹਟ ਸੀ। ਉਸ ਮੈਨੂੰ ਆਖਿਆ, "ਤੂੰ ਜਾਣੈਂ ?"

ਮੈਂ ਸ਼ਰਮ ਨਾਲ ਸੁੰਗੜਿਆ ਬੈਠਾ ਸਾਂ। "ਨਹੀਂ।"

"ਪੈਸਿਆਂ ਦੀ ਫ਼ਿਕਰ ਨਾ ਕਰ।"

ਮੈਂ ਆਖਿਆ, "ਨਹੀਂ।"

ਅਸੀਂ ਦੋਵੇਂ ਚੱਲਣ ਲਈ ਤਿਆਰ ਹੋਏ, ਤਾਂ ਉਹ ਬੋਲੀ, "ਫਿਰ ਭੀ ਆਈਏਗਾ ? ਬਸ ਕਿਸੀ ਸੇ ਪੂਛ ਲੇਨਾ ਕਮਲਾ ਮਦਰਾਸਣ ਕਾ ਨਾਮ। ਮੁਝੇ ਸਭ ਜਾਨਤੇ ਹੈਂ।"

ਅਸੀਂ ਪੌੜੀਆਂ ਉਤਰ ਆਏ। ਜਦੋਂ ਪੌੜੀਆਂ ਦੀ ਸਿੱਲ੍ਹੀ ਹਨੇਰੀ ਹਵਾੜ੍ਹ ਵਿਚੋਂ

ਨਿਕਲ ਕੇ ਸੜਕ ਉਤੇ ਆਏ ਤਾਂ ਮੈਂ ਤਾਜ਼ਾ ਹਵਾ ਦੇ ਘੁੱਟ ਭਰੇ । ਇਸ ਸਾਰੀ ਬਕਵਾਸ ਉਤੇ ਮੈਨੂੰ ਘਿਰਣਾ ਜਿਹੀ ਆਈ, ਜਿਥੇ ਤੀਵੀਆਂ ਦਾ ਭਾਅ, ਗਾਜਰਾਂ ਤੇ ਗੋਭੀ ਵਾਂਗ ਕੀਤਾ ਜਾਂਦਾ ਸੀ । ਭਾਅ ਦੇ ਖ਼ਿਆਲ ਨਾਲ ਹੀ ਮੇਰੇ ਅੰਦਰ ਇਹ ਸਵਾਲ ਉਠਿਆ ਕਿ ਦੁਨੀ ਚੰਦ ਨੇ ਉਸ ਨੂੰ ਕਿੰਨੇ ਰੁਪਏ ਦਿੱਤੇ ਹੋਣਗੇ । ਮੇਰੇ ਪੁੱਛਣ ਉਤੇ ਉਹ ਬੋਲਿਆ, "ਸੱਤ ਰੁਪਏ ।"

ਮੈਂ 'ਸੱਤ ਰੁਪਏ' ਸੁਣ ਕੇ ਬੜਾ ਹੈਰਾਨ ਹੋਇਆ ਕਿਉਂਕਿ ਉਸ ਨੇ ਟੈਕਸੀ, ਸ਼ਰਾਬ ਤੇ ਖਾਣ-ਪੀਣ ਉਤੇ ਉਸ ਰਾਤ ਪੰਜਾਹ ਰੁਪਏ ਖ਼ਰਚ ਕਰ ਦਿੱਤੇ ਹੋਣਗੇ ।

ਦੁਨੀ ਚੰਦ ਮੇਰੇ ਘਰ ਇਕ ਰਾਤ ਰਹਿ ਕੇ ਚਲਾ ਗਿਆ ।

ਤੀਜੇ ਦਿਨ ਸ਼ਾਮ ਵੇਲੇ ਮੈਂ ਆਪਣੇ ਕਮਰੇ ਵਿਚ ਇਕੱਲਾ ਬੈਠਾ ਸਾਂ । ਸਾਰਾ ਦਿਨ ਹਲਕੀ-ਹਲਕੀ ਬਾਰਸ਼ ਹੁੰਦੀ ਰਹੀ ਸੀ । ਮੈਂ ਕਿਤੇ ਬਾਹਰ ਨਹੀਂ ਸਾਂ ਜਾ ਸਕਿਆ । ਫ਼ਿਜ਼ਾ ਵਿਚ ਇਕ ਬਾਸੀ ਬੇਦਿਲੀ ਜਿਹੀ ਸੀ, ਜੋ ਮੇਰੇ ਮਨ ਉਤੇ ਭਾਰੂ ਸੀ । ਇਕ ਦਮ ਕਮਲਾ ਮਦਰਾਸਣ ਦਾ ਖ਼ਿਆਲ ਆਇਆ । ਉਸ ਦੇ ਕਮਰੇ ਦੇ ਚਮਕਦਾਰ ਮਾਹੌਲ ਦਾ ਤੇ ਉਸ ਦੀ ਨਮਕੀਨ ਨਿੱਘੀ ਸ਼ਖ਼ਸੀਅਤ ਦਾ ।

ਮੈਂ ਬਿਨਾਂ ਸੋਚੇ ਆਪਣੇ ਕਮਰੇ ਵਿਚੋਂ ਬਾਹਰ ਨਿਕਲਿਆ, ਟੈਕਸੀ ਫੜੀ ਤੇ ਸਿੱਧਾ ਉਸ ਦੀਆਂ ਪੌੜੀਆਂ ਅੱਗੇ ਜਾ ਉਤਰਿਆ । ਟੈਕਸੀ ਦਾ ਕਿਰਾਇਆ ਦੇ ਕੇ ਮੇਰੇ ਕੋਲ ਨੌਂ ਰੁਪਏ ਬਚਦੇ ਸਨ ।

ਪੌੜੀਆਂ ਚੜ੍ਹ ਕੇ ਮੈਂ ਉਸ ਦੇ ਕੋਠੇ ਉਤੇ ਪੁੱਜਾ ਤਾਂ ਮਹਿਫ਼ਲ ਗਰਮ ਸੀ । ਕਮਲਾ ਗਾ ਰਹੀ ਸੀ । ਗਾਉਂਦਿਆਂ ਉਸ ਨੇ ਮੇਰੇ ਵਲ ਦੇਖਿਆ ਤੇ ਅੱਖ ਦੇ ਹਲਕੇ ਸਾਂਵਲੇ ਇਸ਼ਾਰੇ ਨਾਲ ਮੈਨੂੰ "ਜੀ ਆਇਆਂ ਨੂੰ" ਆਖਿਆ । ਮੈਂ ਇਕ ਗਾਉ-ਤਕੀਏ ਉਤੇ ਕੂਹਣੀ ਰੱਖ ਕੇ ਮਹਿਫ਼ਲ ਵਿਚ ਬੈਠ ਗਿਆ ।

ਅੱਠ-ਦਸ ਬੰਦਿਆਂ ਦਾ ਟੋਲਾ ਬੈਠਾ ਵਾਹ-ਵਾਹ ਕਰ ਰਿਹਾ ਸੀ । ਵਿਚ-ਵਿਚ ਕੋਈ ਮਨਚਲਾ ਰੁਪਏ ਦਾ ਨੋਟ ਕੱਢ ਕੇ ਉਸ ਨੂੰ ਫੜਾਉਂਦਾ । ਇਹ ਟੋਲਾ ਕਿਸੇ ਬਰਾਤ ਵਿਚ ਦਿੱਲੀ ਆਇਆ ਸੀ । ਦਿਨ ਵੇਲੇ ਕੁਤਬ ਦੀ ਲਾਠ ਤੇ ਗਾਂਧੀ ਜੀ ਦੀ ਸਮਾਧੀ ਦੇ ਦਰਸ਼ਨ ਕਰਕੇ, ਸ਼ਾਮ ਨੂੰ ਸ਼ਰਾਬ ਪੀ ਕੇ ਰੰਡੀ ਦੇ ਕੋਠੇ ਆ ਚੜ੍ਹਿਆ ਸੀ । ਇਕ ਘੰਟਾ ਉਹ ਝੂਮ-ਝੂਮ ਕੇ ਫ਼ਿਲਮੀ ਗਾਣੇ ਸੁਣਦੇ ਰਹੇ ਤੇ ਕਮਲਾ ਦੇ ਨਖ਼ਰੇ ਉਤੇ ਰੁਪਏ ਕੁਰਬਾਨ ਕਰਦੇ ਰਹੇ ।

ਮੈਂ ਇਕ ਪਾਸੇ ਬੈਠਾ ਇਹ ਮਨਜ਼ਰ ਦੇਖਦਾ ਰਿਹਾ । ਵਾਰ-ਵਾਰ ਜੇਬ ਵਿਚ ਹੱਥ ਪਾ ਕੇ ਨੌਂ ਰੁਪਏ ਦੇ ਨੋਟ ਗਿਣ ਲੈਂਦਾ ਤੇ ਸੋਚਦਾ ਕਿ ਇਨ੍ਹਾਂ ਵਿਚੋਂ ਸੱਤ ਰੁਪਏ ਕਮਲਾ ਨੂੰ ਤੇ ਦੋ ਰੁਪਏ ਘਰ ਪਹੁੰਚਣ ਤੇ ਸਵੇਰ ਦੇ ਨਾਸ਼ਤੇ ਲਈ ਰੱਖਾਂਗਾ ।

ਆਖ਼ਰ ਬਰਾਤੀਆਂ ਦਾ ਟੋਲਾ ਉਠ ਕੇ ਚਲਾ ਗਿਆ । ਉਹ ਸ਼ਾਇਦ ਸਾਰੇ ਇਕ ਦੂਜੇ ਦੇ ਸਾਹਮਣੇ "ਕਾਣੇ" ਨਹੀਂ ਸਨ ਹੋਣਾ ਚਾਹੁੰਦੇ ।

ਮੈਂ ਇਕੱਲਾ ਰਹਿ ਗਿਆ । ਕਮਲਾ ਨੇ ਗਾਣਾ ਖ਼ਤਮ ਕਰ ਦਿੱਤਾ ਸੀ । ਮੀਏਂ ਨੇ ਸਾਰੇ ਨੋਟ ਸਾਂਭ ਕੇ ਸਾਰੰਗੀ ਦੇ ਢਿੱਡ ਵਿਚ ਪਾ ਲਏ ਸਨ ।

ਉਹ ਬੋਲੀ, "ਤੁਸੀਂ ਨਹੀਂ ਉਸ ਦਿਨ ਠਹਿਰੇ ?"

"ਅੱਜ ਇਸੇ ਲਈ ਆਇਆ ਹਾਂ", ਇਹ ਆਖਦੇ ਸਾਰ ਮੇਰੇ ਅੰਦਰ ਵਾਸ਼ਨਾ ਦੀ ਤੇਜ਼ ਲਹਿਰ ਦੌੜ ਗਈ ।



ਉਹ ਮੈਨੂੰ ਨਾਲ ਦੇ ਨਿੱਕੇ ਕਮਰੇ ਵਿਚ ਲੈ ਗਈ, ਤੇ ਮੈਂ ਉਸ ਦੀ ਤਲੀ ਉਤੇ ਸੱਤ ਰੁਪਏ ਰੱਖ ਦਿੱਤੇ । ਉਸ ਨੇ ਸ਼ੁਕਰੀਆ ਆਖ ਕੇ ਇਨ੍ਹਾਂ ਨੂੰ ਸਾੜ੍ਹੀ ਦੇ ਲੜ ਨਾਲ ਬੰਨ੍ਹ ਲਿਆ ।

ਕਮਰਾ ਸਾਫ਼-ਸੁਥਰਾ ਸੀ ਤੇ ਨਰਮ ਬਿਸਤਰ ਉਤੇ ਹੱਥ ਦੀ ਕੱਢੀ ਚਾਦਰ ਵਿਛੀ ਹੋਈ ਸੀ । ਆਲੇ ਵਿਚ ਲਕਸ਼ਮੀ ਦੀ ਮੂਰਤੀ ਤੇ ਨਿੱਕਾ ਜਿਹਾ ਚੂੰਗੜਾ ਪਿਆ ਸੀ, ਜਿਸ ਵਿਚ ਘਿਉ ਦੀ ਜੋਤ ਜਗ ਰਹੀ ਸੀ । ਦੀਵੇ ਦੀ ਲਾਟ ਨਾਲ ਆਲੇ ਦੀ ਨਿੱਕੀ ਮਹਿਰਾਬ ਤੇ ਇਸ ਉਤਲੀ ਕੰਧ ਕਾਲੀ ਹੋ ਗਈ ਸੀ ।

ਜੋ ਕੁਝ ਮੈਂ ਆਮ ਰੰਡੀ ਦੇ ਘਰ ਬਾਰੇ ਸੁਣਿਆ ਸੀ, ਇਹ ਕਮਰਾ ਉਸ ਨਾਲੋਂ ਕਿਤੇ ਸ਼ੁੱਧ ਸੀ । ਇਥੇ ਨਾ ਮੈਲਾ-ਚਿੱਕੜ ਬਿਸਤਰ, ਨਾ ਮੁਸ਼ਕ ਵਾਲੇ ਸਿਰਹਾਣੇ, ਨਾ ਫ਼ਰਸ਼ ਉਤੇ ਸਿਗਰਟਾਂ ਦੇ ਟੋਟੇ ।

ਮੇਰੇ ਚਿਹਰੇ ਤੋਂ ਘਬਰਾਹਟ ਭਾਂਪ ਕੇ ਬੋਲੀ, "ਫ਼ਿਕਰ ਨਾ ਕਰੋ, ਇਥੇ ਕੋਈ ਨਹੀਂ ਆਉਂਦਾ । ਮੇਰਾ ਕੰਮ ਇਨ੍ਹਾਂ ਪੰਜਾਬਣਾਂ ਵਰਗਾ ਨਹੀਂ, ਜੋ ਪੈਸੇ ਬਟੋਰਨ ਲੱਗੀਆਂ ਹੋਈਆਂ ਹਨ । ਇਹ ਚੁਬਾਰਾ ਮੈਂ ਪਗੜੀ ਉਤੇ ਲਿਆ ਹੈ । ਮੈਂ ਪੂਰੀ ਮਾਲਕ ਹਾਂ । ਮੈਂ ਕਿਸੇ ਨੂੰ ਦਲਾਲੀ ਨਹੀਂ ਦੇਂਦੀ, ਨਾ ਇਨ੍ਹਾਂ ਪੰਜਾਬਣਾਂ ਵਾਂਗ ਮੰਜੀ ਤੇ ਚੌਕੀਦਾਰੀ ਦੇ ਪੈਸੇ ਵੱਖਰੇ ਵਸੂਲ ਕਰਦੀ ਹਾਂ । ਇਨ੍ਹਾਂ ਨੇ ਧੰਦੇ ਦੀ ਇੱਜ਼ਤ ਵਿਗਾੜ ਦਿੱਤੀ ਹੈ...ਤੁਸੀਂ ਕੋਟ ਲਾਹ ਕੇ ਆਰਾਮ ਨਾਲ ਬੈਠੋ । ਮੈਨੂੰ ਕੋਈ ਜਲਦੀ ਨਹੀਂ । ਗਾਹਕ ਦਾ ਦਿਲ ਖ਼ੁਸ਼ ਹੋਣਾ ਚਾਹੀਦਾ ਹੈ, ਇਹ ਸਾਡਾ ਧਰਮ..."

ਉਹ ਬੜੇ ਠਰ੍ਹੰਮੇ ਨਾਲ ਇਹ ਗੱਲਾਂ ਕਰ ਰਹੀ ਸੀ । ਉਸ ਦੇ ਪੇਸ਼ਾਵਰਾਨਾ ਅੰਦਾਜ਼ ਵਿਚ ਨਫ਼ਾਸਤ ਸੀ ਜਿਵੇਂ ਕੋਈ ਮਹਿੰਦੀ ਰੰਗੇ ਹੱਥਾਂ ਨਾਲ ਗੋਹਾ ਹੂੰਝ ਰਹੀ ਹੋਵੇ ।

ਉਸ ਰਾਤ ਮੈਂ ਕਮਲਾ ਕੋਲ ਦੋ ਘੰਟੇ ਠਹਿਰਿਆ । ਜਦੋਂ ਘਰ ਮੁੜਿਆ ਤਾਂ ਮਨ ਵਿਚ ਬਹੁਤ ਸਾਰੇ ਤਾਰੇ ਆਪਸ ਵਿਚ ਟਕਰਾਉਂਦੇ ਹੋਏ ਘੁੰਮ ਰਹੇ ਸਨ ।

ਕਮਲਾ ਮਦਰਾਸਣ ਕੋਲ ਮੈਂ ਹਫ਼ਤੇ ਵਿਚ ਦੋ-ਤਿੰਨ ਵਾਰ ਜਾਣਾ ਸ਼ੁਰੂ ਕਰ ਦਿੱਤਾ ।

ਇਕ ਦਿਨ ਮੈਂ ਮਾਮੂਲ ਅਨੁਸਾਰ ਜਦ ਉਥੇ ਪੁੱਜਾ, ਕਮਲਾ ਬੈਠੀ ਇਕ ਮਾੜਰੂ ਜਿਹੇ ਸੇਠ ਨਾਲ ਗੱਲਾਂ ਕਰ ਰਹੀ ਸੀ । ਸੇਠ ਨੇ ਬਾਰੀਕ ਮਲਮਲ ਦੀ ਲਾਂਗੜ ਵਾਲੀ ਧੋਤੀ ਤੇ ਸੋਨੇ ਦੀ ਜ਼ੰਜੀਰੀ ਵਾਲਾ ਰੇਸ਼ਮੀ ਕੁੜਤਾ ਪਾਇਆ ਹੋਇਆ ਸੀ । ਕਾਲੀ ਮਖ਼ਮਲ ਦੀ ਕਿਸ਼ਤੀ ਟੋਪੀ ਨੂੰ ਉਸ ਆਪਣੇ ਗੋਡੇ ਕੋਲ ਫ਼ਰਸ਼ ਉਤੇ ਰਖਿਆ ਹੋਇਆ ਸੀ । ਉਸ ਦੇ ਸੱਜੇ ਪੈਰ ਦੇ ਅੰਗੂਠੇ ਵਿਚ, ਨਵੇਂ ਨੋਟਾਂ ਦੀ ਗੱਡੀ ਸੀ ।

ਕਦੇ-ਕਦੇ ਉਹ ਲੋਰ ਵਿਚ ਆ ਕੇ ਕਮਲਾ ਦੀ ਚੋਲੀ ਵਿਚਕਾਰਲੇ ਡੂੰਘ ਵਿਚ ਨੋਟ ਫਸਾ ਦੇਂਦਾ ਤੇ ਫੇਰ ਪਾਨ ਖਾਧੇ ਦੰਦ ਦਿਖਾ ਕੇ ਤੇ ਅੱਖਾਂ ਝਪਕ ਕੇ ਹੱਸਦਾ ।

ਕਮਲਾ ਦੀਆਂ ਅੱਖਾਂ ਵਿਚ ਚੰਚਲ ਮੱਕਾਰੀ ਤੇ ਪਿਆਰ ਦਾ ਜਲਵਾ ਸੀ । ਮੁਸਕਰਾਹਟ ਵਿਚ ਉਹੀ ਰਸ ਤੇ ਗੱਦਰ ਸਰੀਰ ਵਿਚ ਉਹੀ ਨਮਕੀਨੀ ਸੀ ਜਿਸ ਤੋਂ ਮੈਂ ਜਾਣੂੰ ਸਾਂ । ਮੇਰੇ ਸਾਹਮਣੇ ਬਿਨਾ ਕਿਸੇ ਝਿਜਕ ਜਾਂ ਰੱਖ-ਰਖਾਉ ਤੋਂ ਉਹ ਸੇਠ

ਨਾਲ ਪ੍ਰੇਮ-ਲੀਲ੍ਹਾ ਰਚਾ ਰਹੀ ਸੀ। ਮੈਂ ਕਿਸੇ ਵੱਡੇ ਹਲਵਾਈ ਦੀ ਦੁਕਾਨ ਉਤੇ, ਜੋ ਪਕਵਾਨਾਂ ਨਾਲ ਭਰੇ ਥਾਲ ਕਿਸੇ ਗਾਹਕ ਨੂੰ ਦੇ ਰਿਹਾ ਹੋਵੇ, ਛਟਾਂਕ ਬਰਫ਼ੀ ਲੈਣ ਦੀ ਉਡੀਕ ਵਿਚ ਖੜਾ ਸਾਂ।

ਇਤਨੇ ਵਿਚ ਕੁਝ ਰੌਲਾ ਜਿਹਾ ਪਿਆ। ਪੌੜੀਆਂ ਵਿਚ ਉਤਰਨ-ਚੜ੍ਹਨ ਦੀ ਦਗੜ-ਦਗੜ ਹੋਈ, ਤਖ਼ਤੇ ਖੜਕਾਉਣ ਦਾ ਸ਼ੋਰ ਉਠਿਆ, ਤੇ ਫਿਰ ਇਕ ਦਮ ਖ਼ਾਮੋਸ਼ੀ ਛਾ ਗਈ। ਇਸ ਰੌਲੇ ਦੇ ਯਕਾ-ਯਕ ਦਬਣ ਨਾਲ ਹੀ ਹੇਠਲੀ ਮੰਜ਼ਿਲ ਤੋਂ ਆਵਾਜ਼ ਸੁਣਾਈ ਦਿੱਤੀ : "ਪੁਲਿਸ!"

ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

ਸੇਠ ਨੇ ਝੱਟ ਟੋਪੀ ਸਿਰ ਉਤੇ ਰੱਖੀ, ਨੋਟਾਂ ਦੀ ਗੱਡੀ ਧੋਤੀ ਦੀ ਅੰਟੀ ਵਿਚ ਅੜੁੰਗੀ, ਤੇ ਉੱਠ ਖਲੋਤਾ। ਬੂਹੇ ਵਲ ਲਪਕਿਆ ਤੇ ਕਾਲੇ ਪੰਪ ਪੈਰੀਂ ਪਾ ਕੇ ਤਿੱਤਰ ਹੋ ਗਿਆ। ਮੈਂ ਉੱਠਣ ਲੱਗਾ, ਤਾਂ ਕਮਲਾ ਬੂਹੇ ਵਲ ਟੇਢੀ ਝਾਤ ਮਾਰ ਕੇ ਬੋਲੀ, "ਇਸ ਸਾਲੇ ਨੂੰ ਜਾਣ ਦੇ। ਚਾਰ ਘੰਟੇ ਦਾ ਬੈਠਾ ਸੀ। ਜਿਤਨੇ ਪੈਸੇ ਦੇਣੇ ਸਨ, ਦੇ ਚੁੱਕਾ ਸੀ। ਤੁਸੀਂ ਬੈਠੋ। ਇਥੇ ਪੁਲਿਸ ਨਹੀਂ ਆਵੇਗੀ। ਹੇਠਲੀਆਂ ਕੁੜੀਆਂ ਕਈ ਵਾਰ ਕਿਸੇ ਗਾਹਕ ਨਾਲ ਲ਼ਫੜਾ ਕਰ ਬੈਠਦੀਆਂ ਹਨ ਤੇ ਉਸ ਨੂੰ ਨਸਾਉਣ ਲਈ ਪੁਲਿਸ ਦਾ ਡਰਾਮਾ ਰਚ ਦੇਂਦੀਆਂ ਹਨ।

ਮੇਰਾ ਡਰ ਜਾਂਦਾ ਰਿਹਾ। ਥੋੜ੍ਹੇ ਚਿਰ ਪਿੱਛੋਂ ਹੇਠੋਂ ਫਿਰ ਗਾਉਣ ਤੇ ਘੁੰਗਰੂਆਂ ਦੀ ਛਣਕਾਰ ਸੁਣਾਈ ਦੇਣ ਲੱਗੀ।

ਕਮਲਾ ਬੋਲੀ, "ਚਲੋ ਅੰਦਰ ਬੈਠੀਏ। ਗੱਲਾਂ ਕਰਾਂਗੇ।"

ਉਸ ਨੇ ਇਸ਼ਾਰੇ ਨਾਲ ਸਾਜ਼ਿੰਦਿਆਂ ਨੂੰ ਛੁੱਟੀ ਕਰ ਦਿੱਤੀ।

ਉਸ ਰਾਤ ਮੈਂ ਸਵੇਰ ਤੀਕ ਉਸ ਕੋਲ ਰਿਹਾ। ਜਦ ਮੈਂ ਉਸ ਨੂੰ ਰੁਪਏ ਦੇਣ ਲੱਗਾ ਤਾਂ ਉਸ ਆਖਿਆ, "ਇਨ੍ਹਾਂ ਨੂੰ ਰਖੋ। ਫਿਰ ਕਦੇ ਲੈ ਲਵਾਂਗੀ। ਅੱਜ ਤੁਸੀਂ ਮੇਰੇ ਮਹਿਮਾਨ ਹੋ।"

ਉਹ ਬਿਸਤਰ ਵਿਚ ਪਈ ਚਿਰ ਰਾਤ ਤੀਕ ਗੱਲਾਂ ਕਰਦੀ ਰਹੀ। ਉਸ ਦਾ ਸਾਂਵਲਾ ਜਿਸਮ ਰਾਤ ਦੇ ਹਨੇਰੇ ਵਿਚ ਇਕ-ਮਿੱਕ ਹੋ ਗਿਆ ਸੀ। ਉਹ ਘਰੇਲੂ ਔਰਤ ਵਾਂਗ ਗੱਲਾਂ ਕਰਕੇ ਮੈਨੂੰ ਫੁਸਲਾ ਰਹੀ ਸੀ। ਮੈਂ ਸੋਚਿਆ ਮੈਂ ਕਿਥੋਂ ਦਾ ਰਈਸ ਹਾਂ ਤੇ ਮੇਰੇ ਕੋਲੋਂ ਇਸ ਨੇ ਕੀ ਲੈ ਲੈਣਾ ਹੈ।

ਉਹ ਆਖ ਰਹੀ ਸੀ, "ਮਦਰਾਸ ਵਿਚ ਮੈਂ ਦੋ-ਤਿੰਨ ਫ਼ਿਲਮਾਂ ਵਿਚ ਐਕਸਟਰਾ ਦਾ ਪਾਰਟ ਕੀਤਾ। ਉਥੇ ਮੇਰਾ ਇਕ ਮਰਾਠੇ ਨਾਲ ਇਸ਼ਕ ਹੋ ਗਿਆ ਜੋ ਮੈਨੂੰ ਬੰਬਈ ਲੈ ਗਿਆ। ਅਸੀਂ ਦਾਦਰ ਰਹਿੰਦੇ ਸਾਂ, ਜਿਥੇ ਫਿਲਮਾਂ ਦੇ ਕਈ ਸਟੂਡੀਊ ਹਨ। ਕੰਮ ਚੋਖਾ ਸੀ। ਜਦੋਂ ਮੇਰੇ ਬੱਚੀ ਹੋਣ ਵਾਲੀ ਸੀ ਤਾਂ ਫ਼ਿਲਮਾਂ ਵਿਚੋਂ ਕੰਮ ਮਿਲਣਾ ਬੰਦ ਹੋ ਗਿਆ। ਉਹ ਸ਼ਰਾਬ ਪੀ ਕੇ ਮੈਨੂੰ ਕੁੱਟਦਾ। ਇਕ ਦਿਨ ਮੈਂ ਉਸ ਨੂੰ ਛੱਡ ਕੇ ਦਿੱਲੀ ਆ ਗਈ। ਇਥੇ ਆ ਕੇ ਇਹ ਕੋਠਾ ਲੈ ਲਿਆ। ਥੋੜ੍ਹੇ ਚਿਰ ਪਿੱਛੋਂ ਹੀ ਮੇਰੇ ਬੱਚੀ ਪੈਦਾ ਹੋਈ।....

...ਰਸੋਈ ਵਾਲੇ ਕਮਰੇ ਵਿਚ ਉਸ ਦਾ ਪੰਘੂੜਾ ਹੈ। ਬਹੁਤ ਹੀ ਪਿਆਰੀ ਬੱਚੀ ਹੈ। ਜਦੋਂ ਗਾਹਕਾਂ ਨੂੰ ਭੁਗਤਾਉਂਦੀ ਹਾਂ, ਉਹ ਸੁੱਤੀ ਹੁੰਦੀ ਹੈ...ਤੁਸੀਂ ਕੀ ਸੋਚ ਰਹੇ ਹੋ?"



"ਕੁਝ ਵੀ ਨਹੀਂ।"

ਉਹ ਉਸੇ ਲੋਰ ਵਿਚ ਬੋਲਦੀ ਰਹੀ, "ਦੋ ਸਾਲ ਮੈਂ ਇਹ ਧੰਦਾ ਹੋਰ ਕਰਾਂਗੀ। ਫਿਰ ਮੇਰੀ ਬੱਚੀ ਤਿੰਨ ਸਾਲ ਦੀ ਹੋ ਜਾਵੇਗੀ ਤੇ ਮੈਂ ਇਹ ਕੋਠਾ ਛੱਡ ਦਿਆਂਗੀ। ਤਿੰਨ ਸਾਲ ਦੇ ਬੱਚੇ ਨੂੰ ਆਪਣੇ ਆਲੇ-ਦੁਆਲੇ ਦਾ ਗਿਆਨ ਹੋਣਾ ਸ਼ੁਰੂ ਹੋ ਜਾਂਦਾ ਹੈ। ਮੈਂ ਨਹੀਂ ਚਾਹੁੰਦੀ ਮੇਰੀ ਬੱਚੀ ਉਤੇ ਇਸ ਦਾ ਕੋਈ ਅਸਰ ਪਵੇ। ਮੈਂ ਉਸ ਦੀ ਪੜ੍ਹਾਈ ਲਈ ਰੁਪਏ ਅਲਹਿਦਾ ਰੱਖ ਛੱਡੇ ਹਨ। ਮੇਰੇ ਕੋਲ ਕਾਫ਼ੀ ਪੈਸਾ ਹੈ...ਜਦੋਂ ਵੀ ਮੈਂ ਮਰਦ ਜ਼ਾਤ ਨਾਲ ਪਿਆਰ ਕੀਤਾ ਉਸ ਮੈਨੂੰ ਧੋਖਾ ਦਿੱਤਾ। ਪਰ ਕਿਸੇ ਉਤੇ ਵਿਸ਼ਵਾਸ ਕੀਤੇ ਬਿਨਾਂ ਗੁਜ਼ਾਰਾ ਵੀ ਨਹੀਂ। ਮਨੁੱਖ ਪੱਥਰ ਦੀ ਮੂਰਤੀ ਵਿਚ ਵਿਸ਼ਵਾਸ ਰੱਖ ਕੇ ਜੀਵਨ ਬਿਤਾਉਣਾ ਚਾਹੁੰਦਾ ਹੈ, ਕਿਉਂਕਿ ਪੱਥਰ ਧੋਖਾ ਨਹੀਂ ਦੇ ਸਕਦਾ।"

ਉਹ ਚੁੱਪ ਹੋ ਗਈ। ਹਨੇਰੇ ਵਿਚ ਮੈਨੂੰ ਉਸ ਦਾ ਸਾਂਵਲਾ ਗਰਮ ਸਾਹ ਮਹਿਸੂਸ ਹੋਇਆ, ਜਿਸ ਵਿਚ ਤਜਰਬੇ ਦੀ ਕੁੜੱਤਣ ਤੇ ਇਸਤਰੀ ਦੇ ਪੰਘਰੇ ਜਜ਼ਬਾਤ ਦੀ ਲਰਜ਼ਿਸ਼ ਸੀ।

ਸਵੇਰੇ ਪੰਜ ਵਜੇ ਜਦ ਮੈਂ ਤੁਰਨ ਲੱਗਾ, ਤਾਂ ਉਸ ਨੇ ਮੇਰਾ ਕੋਟ ਫੜਾਉਂਦਿਆਂ ਆਖਿਆ, "ਆਉ ਤੁਹਾਨੂੰ ਆਪਣੀ ਬੱਚੀ ਦਿਖਾਵਾਂ।"

ਨਾਲ ਦੇ ਨਿੱਕੇ ਕਮਰੇ ਵਿਚ ਗਏ, ਜਿਥੇ ਨੀਲੇ ਲਾਟੂ ਦੀ ਮੱਧਮ ਰੋਸ਼ਨੀ ਵਿਚ ਬੱਚੀ ਸੁੱਤੀ ਪਈ ਸੀ। ਮੈਂ ਝੁਕ ਕੇ ਬੱਚੀ ਨੂੰ ਦੇਖਿਆ। ਕਮਲਾ ਮੇਰੀ ਓਟ ਪਿਛੇ ਖੜੀ ਸੀ। ਅੱਖ ਬਚਾ ਕੇ ਮੈਂ ਸੱਤ ਰੁਪਏ, ਬੱਚੀ ਦੇ ਸਿਰਹਾਣੇ ਹੇਠ ਰੱਖ ਦਿੱਤੇ ਤੇ ਉਸ ਦਾ ਮੱਥਾ ਚੁੰਮ ਕੇ ਬੋਲਿਆ, "ਵਾਕਈ ਬਹੁਤ ਪਿਆਰੀ ਹੈ।"

ਅਗਲੀ ਰਾਤ ਜਦ ਮੈਂ ਕਮਲਾ ਕੋਲ ਗਿਆ, ਤਾਂ ਉਹ ਮੇਰੇ ਨਾਲ ਲੜ ਪਈ। ਬੋਲੀ, "ਤੂੰ ਬੱਚੀ ਨੂੰ ਰੁਪਏ ਦੇ ਕੇ ਪਾਪ ਕੀਤਾ। ਮੈਂ ਤੈਨੂੰ ਗਾਹਕ ਸਮਝ ਕੇ ਉਸ ਕੋਲ ਨਹੀਂ ਸਾਂ ਲੈ ਕੇ ਗਈ। ਜੇ ਕੁਝ ਦੇਣਾ ਹੀ ਸੀ, ਤਾਂ ਕੋਈ ਖਿਡਾਉਣਾ ਦੇਂਦਾ ਜਾਂ ਇਕ ਰੁਪਿਆ—ਪਰ ਤੂੰ ਉਹੀ ਸੱਤ ਰੁਪਏ ਉਸ ਨੂੰ ਦਿੱਤੇ ਜੋ ਰਾਤ ਠਹਿਰਨ ਲਈ ਮੈਨੂੰ ਦੇਣੇ ਸਨ। ਤੈਨੂੰ ਸ਼ਰਮ ਨਾ ਆਈ?" ਉਸ ਨੇ ਸਾਰੇ ਹੀ ਨੋਟ ਮੁੱਠੀ ਵਿਚ ਮਰੋੜ ਕੇ ਮੇਰੇ ਵਲ ਵਗਾਹ ਮਾਰੇ ਤੇ ਰੋਣ ਲਗ ਪਈ।

ਮੈਨੂੰ ਬਹੁਤ ਨਮੋਸ਼ੀ ਹੋਈ। ਰੁਪਏ ਜੇਬ ਵਿਚ ਪਾ ਲਏ। ਤੇ ਉਸ ਤੋਂ ਮੁਆਫ਼ੀ ਮੰਗੀ।

ਇਸ ਪਿਛੋਂ ਕਮਲਾ ਦਾ ਘਰ ਮੇਰੇ ਲਈ ਹਰ ਸਮੇਂ ਖੁੱਲ੍ਹਾ ਸੀ। ਕਈ ਵਾਰੀ ਮੈਂ ਦਿਨ ਵੇਲੇ ਵੀ ਜਾ ਵੜਦਾ। ਉਹ ਚਾਅ ਨਾਲ ਸਾਗ-ਗੋਸ਼ਤ ਬਣਾਉਂਦੀ ਤੇ ਮੇਰੀ ਸੇਵਾ ਕਰਦੀ। ਕਈ ਵਾਰ ਮੇਰੇ ਰੁਮਾਲ ਤੇ ਜੁਰਾਬਾਂ ਵੀ ਧੋ ਦੇਂਦੀ। ਮੈਂ ਬੱਚੀ ਨੂੰ ਚੁੱਕ ਕੇ ਪਿਆਰ ਕਰਦਾ। ਇਕ-ਦੋ ਵਾਰ ਦਿਲ ਵਿਚ ਇਹ ਵੀ ਆਈ ਕਿ ਇਸ ਨੂੰ ਆਪਣੇ ਘਰ ਵਸਾ ਲਵਾਂ, ਪਰ ਹੀਆ ਨਹੀਂ ਸੀ ਪੈਂਦਾ।

ਅਕਸਰ ਰਾਤ ਦੇ ਗਿਆਰਾਂ ਵਜੇ ਮੈਂ ਉਸ ਕੋਲ ਜਾਂਦਾ। ਉਦੋਂ ਤੀਕ ਉਹ ਆਪਣੇ ਧੰਦੇ ਤੋਂ ਵਿਹਲੀ ਹੋ ਚੁੱਕੀ ਹੁੰਦੀ। ਕਈ ਵਾਰ ਉਸ ਦੇ ਹੱਥਾਂ ਦਾ ਪੱਕਿਆ ਸਾਗ-ਗੋਸ਼ਤ ਖਾਂਦਿਆਂ ਮੈਂ ਇਹ ਸੋਚਦਾ ਜਿਵੇਂ ਮੈਂ ਉਸ ਦੀ ਹਰਾਮ ਦੀ ਕਮਾਈ ਖਾ ਰਿਹਾ ਹਾਂ।

ਇਕ ਰਾਤ ਮੈਂ ਤੇ ਕਮਲਾ ਬੈਠੇ ਰੋਟੀ ਖਾ ਰਹੇ ਸਾਂ। ਹੇਠਲੀ ਮੰਜ਼ਲ ਤੋਂ ਚੀਕਾਂ ਸੁਣਾਈ ਦਿੱਤੀਆਂ। ਲੋਕਾਂ ਦੇ ਦੌੜਨ ਦੀ ਆਵਾਜ਼ ਤੇ ਫਿਰ ਇਕ ਬੁੱਢੀ ਦੀ ਹਾਲ-ਦੁਹਾਈ : "ਖ਼ੂਨ! ਖ਼ੂਨ !!"

ਅਸੀਂ ਦੋਵੇਂ ਸਹਿਮ ਗਏ।

ਥੋੜ੍ਹੇ ਚਿਰ ਪਿੱਛੋਂ ਭਾਰੀ ਬੂਟਾਂ ਦੀ ਦਗੜ-ਦਗੜ ਹੋਈ। ਮੈਂ ਖਿੜਕੀ ਵਿਚੋਂ ਹੇਠਾਂ ਝਾਕ ਕੇ ਦੇਖਿਆ, ਪੁਲਿਸ ਦਾ ਟਰੱਕ ਤੇ ਜੀਪ ਖੜੀ ਸੀ ਤੇ ਸਿਪਾਹੀਆਂ ਨੇ ਬਿਲਡਿੰਗ ਨੂੰ ਘੇਰਾ ਪਾਇਆ ਹੋਇਆ ਸੀ।

ਇਕ ਥਾਣੇਦਾਰ ਤੇ ਚਾਰ ਸਿਪਾਹੀ ਕਮਲਾ ਦੇ ਕੋਠੇ ਵੀ ਆ ਚੜ੍ਹੇ। ਸਭਨਾਂ ਕੋਠਿਆਂ ਦੀ ਤਲਾਸ਼ੀ ਹੋ ਰਹੀ ਸੀ। ਸਾਰੇ ਤਮਾਸ਼ਬੀਨ, ਹੱਤਾ ਕਿ ਕਈ ਸਾਜ਼ਿੰਦੇ ਵੀ ਦੌੜ ਗਏ ਸਨ।

ਪੁਲਿਸ ਵਾਲਿਆਂ ਨੇ ਕਮਲਾ ਨੂੰ ਕੁਝ ਨਾ ਆਖਿਆ, ਪਰ ਮੈਨੂੰ ਫੜ ਕੇ ਲੈ ਗਏ। ਮੇਰੇ ਨਾਲ ਹੀ ਦੂਸਰੀ ਮੰਜ਼ਲ ਦੇ ਤਿੰਨ ਸਾਜ਼ਿੰਦੇ ਤੇ ਚਾਰ ਰੰਡੀਆਂ ਫੜੀਆਂ ਗਈਆਂ, ਅਤੇ ਪਹਾੜ ਗੰਜ ਦੇ ਦੋ ਗੁੰਡੇ ਤੇ ਦੋ ਲਾਲੇ ਵੀ।

ਇਹ ਖ਼ੂਨ ਇਕ ਪੰਜਾਬਣ ਰੰਡੀ ਸਦਕਾ ਹੋਇਆ ਸੀ, ਜਿਸ ਦਾ ਨਾਂ ਬੇਗ਼ਮ ਸੀ। ਦੋ ਸਮਗਲਰ, ਜਿਨ੍ਹਾਂ ਦੀ ਆਪਸ ਵਿਚ ਲਗਦੀ ਸੀ, ਬੇਗ਼ਮ ਦੇ ਆਸ਼ਿਕ ਸਨ। ਉਹ ਰਾਤ ਦੋਵੇਂ ਇਕੱਠੇ ਹੋ ਗਏ ਅਤੇ ਇਹ ਨਿਬੇੜਾ ਕਰਨ ਲਈ ਕਿ ਦੋਹਾਂ ਵਿਚੋਂ ਕੌਣ ਬੇਗ਼ਮ ਕੋਲ ਠਹਿਰੇਗਾ, ਆਪਸ ਵਿਚ ਲੜ ਪਏ। ਬੇਗਮ ਦੇ ਛੁਡਾਉਂਦੇ-ਛੁਡਾਉਂਦੇ ਇਕ ਸਮਗਲਰ ਨੇ ਦੂਜੇ ਦੀ ਛਾਤੀ ਵਿਚ ਛੁਰਾ ਕੱਢ ਮਾਰਿਆ। ਛੁਰਾ ਲਗਦੇ ਸਾਰ ਛਾਤੀ ਵਿਚੋਂ ਖ਼ੂਨ ਦਾ ਫ਼ਵਾਰਾ ਛੁਟਿਆ ਤੇ ਛੇ ਫੁੱਟ ਲੰਮਾ ਜਵਾਨ ਥਾਏਂ ਢੇਰੀ ਹੋ ਗਿਆ। ਕਾਤਲ ਦੌੜ ਗਿਆ ਸੀ।

ਥਾਣੇ ਲੈ ਜਾ ਕੇ ਸਾਨੂੰ ਸਾਰਿਆਂ ਨੂੰ ਵੱਖ-ਵੱਖ ਬੰਦ ਕਰ ਦਿੱਤਾ। ਦੋ ਦਿਨ ਪੁਲਿਸ ਦੇ ਰਗੜੇ ਖਾ ਕੇ ਤੇ ਪੈਸੇ ਝੋਕ ਕੇ (ਜਿਸ ਲਈ ਮੈਨੂੰ ਆਪਣਾ ਗਰਾਮੋਫ਼ੋਨ ਵੇਚਣਾ ਪਿਆ) ਮਸਾਂ ਛੁਟਕਾਰਾ ਹੋਇਆ।

ਮੈਂ ਦਿਲ ਵਿਚ ਕਮਲਾ ਮਦਰਾਸਣ ਨੂੰ ਸੌ-ਸੌ ਗਾਲ੍ਹ ਕੱਢੀ, ਆਪਣੇ-ਆਪ ਉਤੇ ਲਾਹਨਤ ਪਾਈ ਤੇ ਰੰਡੀ ਦੇ ਕੋਠੇ ਜਾਣ ਤੋਂ ਤੋਬਾ ਕੀਤੀ।

ਦਿਨ ਲੰਘਦੇ ਗਏ। ਮੇਰਾ ਆਪਣੇ ਦਫ਼ਤਰ ਦੀ ਸਿੰਧਣ ਕੁੜੀ ਨਾਲ ਮੰਗਲਾਚਾਰ ਹੋ ਗਿਆ। ਦੋ-ਢਾਈ ਮਹੀਨੇ ਉਸ ਨਾਲ ਦੋਸਤੀ ਰਹੀ। ਉਹ ਧਾਰੀਦਾਰ ਸ਼ਰਬਤੀ ਖ਼ਰਬੂਜ਼ੇ ਵਾਂਗ ਸੀ, ਜੋ ਵਿਚੋਂ ਫਿੱਕਾ ਨਿਕਲ ਆਵੇ। ਕਈ ਵਾਰ ਕਮਲਾ ਦੀ ਲਜ਼ੀਜ਼ ਸ਼ਖ਼ਸੀਅਤ ਯਾਦ ਆਉਂਦੀ, ਪਰ ਮੈਂ ਇਸ ਨੂੰ ਗਈ-ਗੁਜ਼ਰੀ ਗੱਲ ਸਮਝ ਕੇ ਛੱਡ ਦੇਂਦਾ।

ਸਿੰਧਣ ਕੁੜੀ ਨੇ ਢਾਈ ਮਹੀਨਿਆਂ ਵਿਚ ਹੀ ਮੈਨੂੰ ਤੰਗ ਕਰ ਮਾਰਿਆ। ਹਰ ਵੇਲੇ ਕੋਈ ਨਾ ਕੋਈ ਸਵਾਲ ਪਾਈ ਰਖਦੀ : ਕਦੇ ਸਿਨੇਮਾ ਦਾ ਟਿਕਟ, ਕਦੇ ਬੰਗਾਲੀ ਮਾਰਕੀਟ ਦੇ ਗੋਲ-ਗੱਪੇ ਤੇ ਚਾਟ ਕਦੇ ਉਸ ਦੇ ਸੈਂਡਲ ਦੀ ਅੱਡੀ ਲਗਵਾਉਣੀ। ਫਿਰ ਮੈਨੂੰ ਪਤਾ ਲਗਾ ਕਿ ਮੇਰੇ ਵਰਗੇ ਹੋਰ ਵੀ ਦੋ-ਚਾਰ ਝੁੱਡੂ ਉਸ ਦੇ ਚੱਕਰ ਵਿਚ ਹਨ। ਮੇਰਾ ਹੱਥ ਖਿੱਚਿਆ ਦੇਖ ਕੇ ਉਹ ਛੜੱਪਾ ਮਾਰ ਗਈ ਤੇ ਉਸ ਨੇ ਮੇਰੇ ਨਾਲ



ਗੱਲ ਕਰਨੀ ਛੱਡ ਦਿੱਤੀ।

ਮੈਂ ਫਿਰ ਉਸੇ ਤਰ੍ਹਾਂ ਫ਼ਾਂਕ ਦਾ ਫ਼ਾਂਕ। ਹੁਣ ਮੈਨੂੰ ਕਈ ਵਾਰ ਕਮਲਾ ਯਾਦ ਆਉਂਦੀ ਨਾਲ ਹੀ ਕੋਠਿਆਂ ਦੀ ਪਕੜ-ਧਕੜ ਤੇ ਮਸ਼ਕੂਕ ਸਨਸਨੀ ਦਾ ਖ਼ਿਆਲ ਆਉਂਦਾ। ਇਸ ਡਰ ਦੇ ਹੇਠਾਂ ਇਕ ਲਾਲਸਾ ਵੀ ਧੜਕਦੀ ਸੀ। ਪਰ ਮੈਂ ਦੁਬਾਰਾ ਉਹ ਹਨੇਰੀਆਂ ਸਿੱਲ੍ਹੀਆਂ ਪੌੜੀਆਂ ਚੜ੍ਹਨ ਲਈ ਤਿਆਰ ਨਹੀਂ ਸਾਂ।

ਇਕ ਵਾਰ ਮੇਰਾ ਫ਼ੌਜੀ ਦੋਸਤ ਬਖ਼ਤੌਰਾ ਸਿੰਘ ਛੁੱਟੀ ਜਾਂਦਾ ਰਾਹ ਵਿਚ ਮੇਰੇ ਕੋਲ ਰੁਕ ਗਿਆ। ਰਾਤ ਨੂੰ ਮੇਰੇ ਮਨ ਵਿਚ ਆਈ ਅੱਜ ਕਿਉਂ ਨਾ ਕਮਲਾ ਕੋਲ ਜਾਇਆ ਜਾਵੇ। ਬਖ਼ਤੌਰਾ ਤਗੜਾ, ਉੱਚਾ-ਲੰਮਾ, ਕੁੰਢੀਆਂ ਮੁੱਛਾਂ ਵਾਲਾ ਗੱਭਰੂ ਸੀ। ਉਸ ਦੀ ਖੱਬੀ ਗੱਲ੍ਹ ਉਤੇ ਇਕ ਲੰਮਾ ਕਾਤੀਦਾਰ ਕਾਲਾ ਨਿਸ਼ਾਨ ਸੀ। ਉਸ ਦੇ ਨਾਲ ਹੋਣ ਕਰਕੇ ਮੇਰਾ ਹੌਸਲਾ ਦੁਗਣਾ ਹੋ ਗਿਆ।

ਅਸੀਂ ਰਾਤ ਦੇ ਦਸ ਵਜੇ ਜਦ ਕਮਲਾ ਦੇ ਕੋਠੇ ਦੀਆਂ ਪੌੜੀਆਂ ਚੜ੍ਹਨ ਲੱਗੇ ਤਾਂ ਹੇਠਾਂ ਪਨਵਾੜੀ ਨੇ ਮੁਸਕਰਾ ਕੇ ਮੇਰਾ ਸੁਆਗਤ ਕੀਤਾ ਤੇ ਆਖਿਆ, "ਬੜੇ ਦਿਨੋਂ ਮੇਂ ਦਰਸ਼ਨ ਹੂਏ ਆਪ ਕੇ। ਪਾਨ ਖਾਈਏਗਾ ?"

ਜਾੜ੍ਹਾਂ ਹੇਠ ਪਾਨ ਦਬਾ ਕੇ ਅਸੀਂ ਉਪਰ ਚੜ੍ਹੇ। ਮੈਨੂੰ ਪੌੜੀਆਂ ਵਿਚੋਂ ਹਨੇਰੀ ਸਿੱਲ੍ਹੀ ਜਾਣੀ-ਪਛਾਣੀ ਹਵਾੜ੍ਹ ਆਈ, ਜਿਸ ਵਿਚ ਨਰਮ-ਨਰਮ ਤਸੱਲੀ ਸੀ। ਘੁੰਗਰੂਆਂ ਤੇ ਤਬਲੇ ਦੀ ਥਾਪ ਉਸੇ ਤਰ੍ਹਾਂ ਗੂੰਜ ਰਹੀ ਸੀ। ਜ਼ਿੰਦਗੀ, ਧੰਦਾ, ਚਹਿਲ-ਪਹਿਲ, ਤਮਾਸ਼ਬੀਨਾਂ ਦੇ ਜਲਵੇ ਉਸੇ ਤਰ੍ਹਾਂ ਰਵਾਂ ਸਨ। ਇਸ ਮਾਹੌਲ ਨੇ ਮੇਰੀ ਅਸੰਤੁਸ਼ਟ ਭਾਵਨਾ ਨੂੰ ਥਪਕੀ ਦਿੱਤੀ। ਲੰਘਦੇ-ਲੰਘਦੇ ਮੈਂ ਦੂਜੀ ਮੰਜ਼ਲ ਦੇ ਕੋਠੇ ਤੇ ਇਸ ਦੇ ਵਿਹੜੇ ਵਲ ਨਜ਼ਰ ਮਾਰੀ। ਰੌਸ਼ਨੀ ਵਿਚ ਹਾਸੇ ਤੇ ਵਾਹ-ਵਾਹ ਦਾ ਸ਼ੋਰ ਸੀ।

ਅਸੀਂ ਕਮਲਾ ਦੇ ਕੋਠੇ ਅੱਗੇ ਜਾ ਕੇ ਖਲੋ ਗਏ। ਵੱਡਾ ਕਮਰਾ ਖ਼ਾਲੀ ਜਾਪਿਆ, ਹਾਲਾਂਕਿ ਦੋਵੇਂ ਸਾਜ਼ਿੰਦੇ ਤੇ ਚਿੱਟੀਆਂ ਚਾਦਰਾਂ ਉਸੇ ਤਰ੍ਹਾਂ ਸਨ। ਕਮਲਾ ਉਥੇ ਨਹੀਂ ਸੀ।

ਸਾਰੰਗੀ ਵਾਲੇ ਮੀਏਂ ਨੇ ਮੈਨੂੰ ਦੇਖ ਕੇ ਸਲਾਮ ਕੀਤਾ ਤੇ ਅਸੀਂ ਅੰਦਰ ਜਾ ਕੇ ਬੈਠ ਗਏ। ਮੈਂ ਪੁੱਛਿਆ, "ਕਮਲਾ ਕਿਥੇ ਹੈ ?" ਮੀਆਂ ਬੋਲਿਆ, "ਬੈਠੀਏ, ਅਭੀ ਆਤੀ ਹੈਂ।"

ਇਤਨੇ ਵਿਚ ਨਾਲ ਦੇ ਕਮਰੇ ਵਿਚੋਂ ਇਕ ਭੁੱਚਰ ਸਰਦਾਰ ਆਪਣੇ ਤਹਿਮਦ ਨੂੰ ਠੀਕ ਕਰਦਾ ਨਿਕਲਿਆ ਤੇ ਸਾਡੇ ਵਲ ਘੂਰਦਾ ਹੋਇਆ ਬਾਹਰ ਚਲਾ ਗਿਆ। ਦੋ ਮਿੰਟ ਪਿੱਛੋਂ ਕਮਲਾ ਨਿੱਕੇ ਕਮਰੇ ਵਿਚੋਂ ਨਮੂਦਾਰ ਹੋਈ। ਉਸ ਨੇ ਸਫ਼ੈਦ ਸਾੜ੍ਹੀ ਪਾਈ ਹੋਈ ਸੀ, ਜਿਸ ਵਿਚੋਂ ਉਸ ਦਾ ਗਦਰਾਇਆ ਹੋਇਆ ਸਰੀਰ ਧਮ-ਧਮ ਕਰ ਰਿਹਾ ਸੀ। ਮੱਥੇ ਦੀ ਮੋਟੀ ਬਿੰਦੀ ਤੇ ਨੱਕ ਵਿਚ ਕੋਕਾ ਉਸੇ ਤਰ੍ਹਾਂ ਚਮਕ ਰਿਹਾ ਸੀ।

ਮੈਨੂੰ ਦੇਖ ਕੇ ਉਹ ਠਠੰਬਰੀ ਤੇ ਫਿਰ ਸੰਭਲ ਕੇ ਬੋਲੀ, "ਅੱਜ ਕਿਵੇਂ ਰਾਹ ਭੁੱਲ ਗਏ ?"

ਮੈਨੂੰ ਉਸ ਦੇ ਧੰਦੇ ਦਾ ਪਤਾ ਸੀ ਤੇ ਮੈਂ ਇਹ ਵੀ ਜਾਣਦਾ ਸਾਂ ਕਿ ਉਹ ਇਥੇ ਸਤਵੰਤੀ ਨਾਰੀ ਬਣੀ ਬੈਠੀ ਸਿਰਫ਼ ਮੈਨੂੰ ਹੀ ਨਹੀਂ ਸੀ ਉਡੀਕ ਰਹੀ। ਪਰ ਭੁੱਚਰ ਸਰਦਾਰ ਨੂੰ ਉਸੇ ਕਮਰੇ ਵਿਚੋਂ ਬਾਹਰ ਨਿਕਲਦੇ ਦੇਖ ਕੇ, ਜਿਥੇ ਮੈਂ ਕਈ ਰਾਤਾਂ

ਗੁਜ਼ਾਰੀਆਂ ਸਨ, ਮੈਨੂੰ ਗੁੱਸਾ ਆਇਆ । ਇਉਂ ਲੱਗਿਆ ਜਿਵੇਂ ਚਿੱਟੀ ਚਾਦਰ ਉਤੇ ਕੋਈ ਚਿੱਕੜ ਵਿਚ ਲਿਬੜਿਆ ਮੁਸ਼ਕ ਮਾਰਦਾ ਬੋਕ ਆਪਣੇ ਨਿਸ਼ਾਨ ਛੱਡ ਗਿਆ ਹੋਵੇ ।

ਮੈਂ ਈਰਖਾ ਵਿਚ ਉਬਲ ਰਿਹਾ ਸਾਂ । ਤਬੀਅਤ ਹੋਰ ਗੰਧਲੀ ਹੋ ਗਈ ।

ਮੈਨੂੰ ਚੁੱਪ ਦੇਖ ਕੇ ਉਹ ਬੋਲੀ, "ਤੁਹਾਡੇ ਦੋਸਤ ਦਾ ਕੀ ਨਾਂ ਹੈ ?"

ਮੈਂ ਆਖਿਆ, "ਤੂੰ ਨਾਂ ਤੋਂ ਕੀ ਲੈਣੈਂ, ਇਹ ਮੇਰਾ ਦੋਸਤ ਹੈ ।" ਬਖ਼ਤੌਰਾ ਸਿੰਘ ਨੂੰ ਸਾਡੀ ਗੁੱਝੀ ਗੱਲ ਦਾ ਪਤਾ ਨਹੀਂ ਸੀ । ਉਹ ਖ਼ੁਸ਼ ਹੋ ਕੇ ਬੋਲਿਆ, "ਬਈ, ਬੜਾ ਤਰ ਮਾਲ ਐ ।"

ਮੇਰੇ ਅੰਦਰ ਦੁਸ਼ਟ ਭਾਵ ਜਾਗਿਆ । ਮੈਂ ਆਖਿਆ, "ਮੇਰਾ ਦੋਸਤ ਤੇਰੇ ਨਾਲ ਠਹਿਰੇਗਾ ।"

ਕਮਲਾ ਨੇ ਇਸ ਗੱਲ ਦਾ ਸਾਧਾਰਨ ਪੇਸ਼ਾਵਰਾਨਾ ਮੁਸਕਰਾਹਟ ਨਾਲ ਉੱਤਰ ਦਿੱਤਾ, "ਮੈਨੂੰ ਤੁਹਾਡਾ ਦੋਸਤ ਵੀ ਉਤਨਾ ਹੀ ਅਜ਼ੀਜ਼ ਹੈ ।"

ਮੈਂ ਸੜ-ਬਲ ਕੇ ਕੋਲੇ ਹੋ ਗਿਆ ਤੇ ਅੰਦਰੋਂ-ਅੰਦਰ ਉਸ ਦੇ ਘਟੀਆ ਚਲਨ ਨੂੰ ਧਿਤਕਾਰਨ ਲੱਗਾ । ਸਾਲੀ ਨੂੰ ਬਖ਼ਤੌਰ ਸਿੰਘ ਹੀ ਠੀਕ ਕਰੇਗਾ !

ਉਹ ਉਸ ਨਾਲ ਅੰਦਰ ਗਿਆ ਤੇ ਮੈਂ ਮੀਏਂ ਨੂੰ ਇਹ ਆਖ ਕੇ ਚਲਾ ਆਇਆ ਕਿ ਜਦ ਮੇਰਾ ਦੋਸਤ ਆਵੇ ਤਾਂ ਉਹ ਮੈਨੂੰ ਹੇਠਾਂ ਪਾਨ ਵਾਲੀ ਦੁਕਾਨ ਉਤੇ ਮਿਲ ਲਵੇ ।

ਛੇਤੀ-ਛੇਤੀ ਪੌੜੀਆਂ ਉਤਰ ਕੇ ਮੈਂ ਬਾਜ਼ਾਰ ਵਿਚ ਆ ਗਿਆ । ਸਿਗਰਟਾਂ ਖ਼ਰੀਦੀਆਂ, ਲੰਮਾ ਕਸ਼ ਖਿੱਚਿਆ ਤੇ ਫੁੱਟਪਾਥ ਉਤੇ ਟਹਿਲਣ ਲੱਗਾ । ਦਿਮਾਗ਼ ਵਿਚ ਕਈ ਖ਼ਿਆਲ ਗੁੱਥਮ-ਗੁੱਥਾ ਸਨ : ਭੁੱਚਰ ਸਰਦਾਰ ਦਾ ਤਹਿਮਦ; ਮੀਏਂ ਦੀ ਸਾਰੰਗੀ; ਬਖ਼ਤੌਰੇ ਦੀਆਂ ਕੁੰਢੀਆਂ ਮੁੱਛਾਂ । ਇਉਂ ਲੱਗਿਆ ਜਿਵੇਂ ਸਾਰੰਗੀ ਦੇ ਮੱਥੇ ਉਤੇ ਮੋਟੀ ਗੋਲ ਬਿੰਦੀ ਲੱਗੀ ਹੋਵੇ । ਮੇਰੇ ਅੰਦਰ ਨਫ਼ਰਤ ਦੇ ਚਿੰਗਾੜੇ ਉੱਡਣ ਲੱਗੇ ਤੇ ਇਨ੍ਹਾਂ ਦੀ ਬੁਝਦੀ ਭੜਕਦੀ ਰੌਸ਼ਨੀ ਵਿਚ ਕਮਲਾ ਦਾ ਸਾਂਵਲਾ ਮਸਤੀ ਭਰਿਆ ਜੋਬਨ ਡੁੱਬਦਾ ਤੇ ਉਭਰਦਾ ਨਜ਼ਰ ਆਇਆ ।

ਅੱਧਾ ਘੰਟਾ ਮੈਂ ਫਿਰਦਾ ਰਿਹਾ । ਇਤਨੇ ਵਿਚ ਪਾਨ ਦੀ ਦੁਕਾਨ ਉਤੇ ਖੜਾ ਬਖ਼ਤੌਰਾ ਦਿਖਾਈ ਦਿੱਤਾ । ਉਹ ਮੈਨੂੰ ਲੱਭ ਰਿਹਾ ਸੀ ।

ਦੂਰੋਂ ਹੀ ਉਸ ਦੀਆਂ ਵਰਾਛਾਂ ਖਿੜ ਗਈਆਂ ਤੇ ਉਹ ਮੇਰੇ ਵਲ ਵਧਿਆ । ਮੋਢੇ ਉਤੇ ਧੱਫਾ ਮਾਰ ਕੇ ਬੋਲਿਆ, "ਤੂੰ ਉਥੋਂ ਦੌੜ ਈ ਆਇਆ ? ਨਿਰੇ ਸੁਰਗ ਦੇ ਝੂਟੇ ਸਨ । ਰੁਪਏ ਤਾਂ ਸੱਤ ਧਰਾ ਲਏ, ਪਰ ਆਨੰਦ ਆ ਗਿਆ ।"

ਅਸੀਂ ਦੋਵੇਂ ਘਰ ਪਰਤ ਆਏ । ਸਾਰੇ ਰਾਹ ਬਖ਼ਤੌਰਾ ਉਸੇ ਦੀਆਂ ਗੱਲਾਂ ਕਰਦਾ ਰਿਹਾ । ਉਹ ਵਾਰ-ਵਾਰ ਹੱਸਦਾ ਤੇ ਉਸ ਦੀ ਖੱਬੀ ਗੱਲ੍ਹ ਉਤਲਾ ਕਾਤੀਦਾਰ ਨਿਸ਼ਾਨ ਹੋਰ ਡੂੰਘਾ ਹੋ ਜਾਂਦਾ ।

ਦੂਜੇ ਦਿਨ ਉਹ ਚਲਾ ਗਿਆ ।

ਉਸ ਦੇ ਜਾਣ ਪਿੱਛੋਂ ਤੀਜੇ ਦਿਨ ਮੈਂ ਕਮਲਾ ਕੋਲ ਗਿਆ । ਸੋਚਿਆ ਅੱਜ ਉਸ ਨੂੰ ਇਕੱਲਾ ਮਿਲਾਂਗਾ ਤੇ ਪੁੱਛਾਂਗਾ ਕਿ ਉਸ ਨੇ ਇਸ ਤਰ੍ਹਾਂ ਬੇਸ਼ਰਮਾਂ ਵਾਂਗ ਮੇਰੇ ਸਾਹਮਣੇ ਆਪਣੇ ਤ੍ਰੀਮਤਪਣ ਨੂੰ ਕਿਉਂ ਲਾਜ ਲਗਵਾਈ ।



ਕਮਲਾ ਨੇ ਉਸੇ ਖ਼ੁਸ਼ਗਵਾਰ ਮੁਸਕਰਾਹਟ ਨਾਲ ਮੇਰਾ ਸੁਆਗਤ ਕੀਤਾ । ਉਸ ਦੇ ਚਿਹਰੇ ਉਤੇ ਉਹੀ ਉਦਾਰਤਾ ਤੇ ਨਮਕੀਨ ਕਸ਼ਿਸ਼ ਸੀ । ਮੈਂ ਆਪਣੇ ਦਿਲ ਦੀ ਰੜਕ ਲੁਕਾ ਕੇ ਗੱਲਾਂ ਕਰਦਾ ਰਿਹਾ । ਕੁਝ ਚਿਰ ਪਿੱਛੋਂ 'ਠਹਿਰਨ' ਦੀ ਗੱਲ ਕੀਤੀ ਤਾਂ ਉਹ ਮੈਨੂੰ ਨਿੱਕੇ ਕਮਰੇ ਵਿਚ ਲੈ ਗਈ ।

ਜਾਂਦੇ ਸਾਰ ਬੋਲੀ, "ਲਿਆ ਪੈਸੇ ।"

ਮੈਂ ਉਸ ਵਲ ਤੱਕਿਆ । ਉਸ ਦਾ ਗੰਭੀਰ ਕਾਰੋਬਾਰੀ ਚਿਹਰਾ ਦੇਖ ਕੇ ਜੀਅ ਕੀਤਾ ਕਿ ਥੱਪੜ ਮਾਰਾਂ । ਪਰ ਪਹਿਲਾਂ ਇਸੇ ਥਾਂ ਰੰਡੀ ਦੇ ਇਸ਼ਕ ਵਿਚ ਹੋਏ ਖ਼ੂਨ ਦੀ ਗੱਲ ਯਾਦ ਕਰਕੇ ਮੈਂ ਸੰਭਲ ਗਿਆ ਤੇ ਆਖਿਆ, "ਮੈਨੂੰ ਨਹੀਂ ਸੀ ਪਤਾ ਕਿ ਜਿਹੜਾ ਸੱਤ ਰੁਪਏ ਦੇਵੇ, ਉਹੀ ਇਸ ਬਿਸਤਰ ਦਾ ਮਾਲਕ !"

ਉਸ ਦਾ ਚਿਹਰਾ ਤਮਕਿਆ ਤੇ ਉਹ ਬਿਫ਼ਰ ਕੇ ਬੋਲੀ, "ਤੂੰ ਇਸ ਘਰ ਨੂੰ ਕੀ ਗਊ-ਸ਼ਾਲਾ ਸਮਝ ਰਖਿਆ ਹੈ ? ਮੈਂ ਬੋਟੀਆਂ ਨੁਚਵਾਉਣ ਦੇ ਪੈਸੇ ਲੈਂਦੀ ਹਾਂ । ਹਲਾਲ ਦੀ ਕਮਾਈ ਹੈ, ਹਰਾਮ ਦੀ ਨਹੀਂ ।"

ਮੇਰੇ ਸਾਰੇ ਮਤੇ ਪੱਕੇ-ਪਕਾਏ ਰਹਿ ਗਏ । ਉਲਾਂਭਾ ਦੇਣ ਦੀ ਵਾਰੀ ਹੀ ਨਾ ਆਈ । ਉਹ ਰੰਡੀ ਦੇ ਪੂਰੇ ਰੂਪ ਵਿਚ ਉਜਾਗਰ ਹੋ ਗਈ । ਮੈਂ ਜੇਬ ਵਿਚੋਂ ਸੱਤ ਰੁਪਏ ਕੱਢੇ ਤੇ ਫੜਾ ਦਿੱਤੇ । ਉਸ ਨੇ ਪਹਿਲੇ ਦਿਨਾਂ ਵਾਂਗ ਸਾੜ੍ਹੀ ਦੇ ਪੱਲੇ ਨਾਲ ਬੰਨ੍ਹ ਲਏ । ਥੋੜ੍ਹੀ ਦੇਰ ਲਈ ਉਹ ਰਸੋਈ ਵਿਚ ਗਈ ਤੇ ਫਿਰ ਮੇਰੇ ਕੋਲ ਆ ਬੈਠੀ, ਜਿਵੇਂ ਸਾਡਾ ਕੋਈ ਝਗੜਾ ਹੀ ਨਹੀਂ ਸੀ ਹੋਇਆ । ਜਿਵੇਂ ਮੈਂ ਕੋਈ ਨਵਾਂ ਗਾਹਕ ਹੋਵਾਂ ਤੇ ਉਹ ਮੈਨੂੰ ਪੂਰੇ ਨਿੱਘ ਤੇ ਜਿਸਮਾਨੀ ਚਮਤਕਾਰ ਨਾਲ ਲੁਭਾ ਰਹੀ ਹੋਵੇ ।

ਉਸ ਰਾਤ ਪਿੱਛੋਂ ਮੈਂ ਕਈ ਦਿਨ ਕੁੜ੍ਹਦਾ ਰਿਹਾ । ਮੇਰੇ ਦਿਲ ਵਿਚ ਰੜਕ ਤੇ ਗੁੱਸਾ ਸੀ, ਪਰ ਨਾਲ ਹੀ ਇਕ ਸੰਗਲੀਦਾਰ ਲਗਾਉ ਵੀ । ਮੈਂ ਉਸ ਦੇ ਇਸ ਅਜੀਬ ਵਤੀਰੇ ਉਤੇ ਹੈਰਾਨ ਹੁੰਦਾ । ਫਿਰ ਸੋਚਦਾ : ਮਨਾਂ, ਕਿਹੜੇ ਵਹਿਮ ਵਿਚ ਪੈ ਗਿਆ । ਆਖ਼ਰ ਰੰਡੀ ਹੈ, ਪੈਸੇ ਦੀ ਪੀਰ, ਉਸ ਦਾ ਧੰਦਾ ਹੈ ਤੇ ਮੈਂ ਵੀ ਸੈਂਕੜਿਆਂ ਵਿਚੋਂ ਇਕ ਗਾਹਕ ਹਾਂ । ਮੈਂ ਆਪਣੀਆਂ ਤਪਦੀਆਂ ਹੋਈਆਂ ਨਸਾਂ ਨੂੰ ਸ਼ਾਂਤੀ ਦੇਣ ਜਾਂਦਾ ਹਾਂ, ਇਸ ਲਈ ਜੇ ਉਹ ਪੈਸੇ ਮੰਗੇ ਤਾਂ ਗਿਲਾ ਕਿਸ ਗੱਲ ਦਾ ?

ਹੁਣ ਤੀਜੇ ਚੌਥੇ ਦਿਨ, ਜਦੋਂ ਜੀਅ ਕਰਦਾ, ਮੈਂ ਉਸ ਕੋਲ ਚਲਾ ਜਾਂਦਾ । ਮੇਰੇ ਅੰਦਰ ਤਮਾਸ਼ਬੀਨਾਂ ਵਾਲੀ ਪਾਕਿਆਈ ਤੇ ਰੁਪਏ ਨਾਲ ਖ਼ਰੀਦੀ ਹੋਈ ਜਿਸਮਾਨੀ ਲੱਜ਼ਤ ਨੂੰ ਮਾਨਣ ਦਾ ਅਹਿਸਾਸ ਜਾਗ ਪਿਆ ਸੀ । ਕਮਲਾ ਨਾਲ ਇਕ ਸੁਆਦਲਾ ਕਾਰੋਬਾਰੀ ਰਿਸ਼ਤਾ ਕਾਇਮ ਹੋ ਗਿਆ ਸੀ ਤੇ ਮੈਂ ਉਸ ਦਾ ਪੱਕਾ ਗਾਹਕ ਸਾਂ ।

ਸਾਲ ਖ਼ਤਮ ਹੋਣ ਵਾਲਾ ਸੀ ਤੇ ਦਫ਼ਤਰ ਵੱਲੋਂ ਮੈਨੂੰ ਹੁਕਮ ਹੋਇਆ ਕਿ 30 ਜੂਨ ਤੋਂ ਪਹਿਲਾਂ-ਪਹਿਲਾਂ ਸਾਰੇ ਕੇਸ ਮੁਕੰਮਲ ਕਰਾਂ ਤੇ ਹਿਸਾਬ ਮੁਕਾਵਾਂ । ਮੈਂ ਦੇਰ ਤੀਕ ਆਪਣੇ ਦਫ਼ਤਰ ਬੈਠਾ ਰਹਿੰਦਾ । ਅਕਸਰ ਫ਼ਾਈਲਾਂ ਘਰ ਵੀ ਲੈ ਆਉਂਦਾ । ਪੰਦਰਾਂ-ਵੀਹ ਦਿਨ ਸਿਰ ਖੁਰਕਣ ਦੀ ਵਿਹਲ ਨਹੀਂ ਸੀ ।

ਮਹੀਨਾ ਖ਼ਤਮ ਹੋਣ ਪਿੱਛੋਂ ਜਦੋਂ ਪਹਿਲੀ ਤਾਰੀਖ਼ ਨੂੰ ਤਨਖ਼ਾਹ ਮਿਲੀ ਤਾਂ ਮੈਂ ਸ਼ਾਮ ਨੂੰ ਲਿਸ਼ਕ-ਪੁਸ਼ਕ ਕੇ ਤਿਆਰ ਹੋਇਆ । ਮਦਰਾਸਣ ਨੂੰ ਮਿਲਣ ਗਿਆ ।

ਮੈਂ ਦਨਦਨਾਉਂਦਾ ਹੋਇਆ ਉਪਰ ਜਾ ਪਹੁੰਚਿਆ ਤੇ ਸਿੱਧਾ ਉਸ ਦੇ ਕੋਠੇ ਦੇ

ਬੂਹੇ ਅੱਗੇ ਜਾ ਖੜੋਤਾ। ਅੰਦਰ ਰੰਗ ਹੀ ਹੋਰ ਸੀ। ਚਿੱਟੀਆਂ ਚਾਦਰਾਂ ਦੀ ਥਾਂ ਡੱਬੀਆਂ ਵਾਲੇ ਖੇਸ ਵਿਛੇ ਹੋਏ ਸਨ। ਚਾਰ ਸੁਕੀਆਂ ਕੁੜੀਆਂ, ਜਿਨ੍ਹਾਂ ਨੇ ਗੱਲ੍ਹਾਂ ਉਤੇ ਪਾਊਡਰ ਸੁਰਖ਼ੀ ਥੱਪੀ ਹੋਈ ਸੀ, ਬੈਠੀਆਂ ਇਕ ਦੂਜੀ ਨਾਲ ਛੇੜਖਾਨੀ ਕਰ ਰਹੀਆਂ ਸਨ। ਦੋ ਨੇ ਘੁਟਵੀਆਂ ਪਤਲੂਨਾਂ ਤੇ ਪੀਲੇ ਬਲਾਊਜ਼ ਪਾਏ ਹੋਏ ਸਨ, ਦੋ ਨੇ ਚੂੜੀਦਾਰ ਪਜਾਮੀਆਂ ਤੇ ਲੰਮੇ-ਲੰਮੇ ਝੁਮਕੇ।

ਮੈਨੂੰ ਦੇਖ ਕੇ ਉਹ ਹੋਰ ਮਚਲ ਗਈਆਂ ਤੇ ਬੋਲੀਆਂ, "ਕਿਸ ਨਾਲ ਸ਼ਾਦੀ ਕਰੇਂਗਾ? ਪਤਲੂਣ ਨਾਲ ਕਿ ਚੂੜੀਦਾਰ ਨਾਲ?"

ਮੈਂ ਪੁੱਛਿਆ, "ਕਮਲਾ ਮਦਰਾਸਣ ਕਿੱਥੇ ਹੈ?"

ਇਕ ਜਣੀ ਚਮਕ ਕੇ ਬੋਲੀ, "ਮੈਂ ਹਾਂ ਕਮਲਾ ਬੰਗਾਲਣ....ਰਸਗੁੱਲਾ.... ਖਾਏਂਗਾ?"

ਦੂਜੀ ਨੇ ਟੋਕ ਕੇ ਆਖਿਆ, "ਅਰੀ ਬਕਤੀ ਕਿਉਂ ਹੈ? ਸੇਠ ਠਹਿਰਨੇ ਆਇਆ ਹੈ, ਯੇ ਸਾਲੀ ਭਗਾ ਦੇਗੀ। ਆਈਏ ਸੇਠ, ਅੰਦਰ ਆਈਏ, ਹਮ ਆਪ ਕੀ ਕਮਲਾ ਸੇ ਕਮ ਨਹੀਂ।"

ਮੈਂ ਇਹ ਬਕਵਾਸ ਦੇਖ ਕੇ ਹੇਠਾਂ ਉਤਰ ਆਇਆ। ਪਾਨ ਵਾਲੇ ਤੋਂ ਸਿਗਰਟ ਖ਼ਰੀਦੇ ਤੇ ਪੁੱਛਿਆ, "ਕਮਲਾ ਕਿੱਥੇ ਗਈ?"

ਉਸ ਨੇ ਸਿਗਰਟਾਂ ਦੀ ਡੱਬੀ ਫੜਾਉਂਦੇ ਆਖਿਆ, "ਸਾਹਿਬ ਆਠ ਰੋਜ਼ ਹੂਏ ਵੁਹ ਯਹਾਂ ਸੇ ਚਲੀ ਗਈ। ਬਹੁਤ ਸੇ ਲੋਗ ਪੂਛਨੇ ਆਤੇ ਹੈਂ, ਮਗਰ ਕਿਸੀ ਕੋ ਬਤਾ ਕਰ ਨਹੀਂ ਗਈ।"

ਕੁਝ ਦਿਨ ਪਿੱਛੋਂ ਮੈਂ ਦਫ਼ਤਰ ਦੀ ਇਕ ਫ਼ਾਈਲ ਵਿਚ ਉਲਝਿਆ ਬੈਠਾ ਸਾਂ ਕਿ ਡਾਕੀਆ ਮੇਰੇ ਨਾਂ ਦਾ ਮਨੀਆਰਡਰ ਲੈ ਕੇ ਆਇਆ। ਮੈਂ ਹੈਰਾਨ ਸਾਂ ਕਿ ਮੈਨੂੰ ਮਨੀਆਰਡਰ ਭੇਜਣ ਵਾਲਾ ਕੌਣ ਹੈ? ਮੈਂ ਦਸਤਖ਼ਤ ਕੀਤੇ ਤੇ ਉਸ ਨੇ 77 ਰੁਪਏ ਫੜਾ ਦਿੱਤੇ, ਨਾਲ ਹੀ ਮਨੀਆਰਡਰ ਫ਼ਾਰਮ ਦੀ ਸਲਿੱਪ ਪਾੜ ਕੇ ਦੇ ਦਿੱਤੀ ਉਸ ਉਤੇ ਲਿਖਿਆ ਸੀ—

"ਇਹ ਤੁਹਾਡਾ ਕਰਜ਼ਾ ਸੀ ਜੋ ਮੈਂ ਸੰਭਾਲ ਕੇ ਰਖਿਆ। ਅੱਜ ਇਹ ਅਮਾਨਤ ਵਾਪਸ ਕਰ ਰਹੀ ਹਾਂ। ਮੈਂ ਵਿਆਹ ਕਰਵਾ ਲਿਆ ਹੈ।

ਤੁਹਾਡੀ
—ਕਮਲਾ "ਭਾਰਦਵਾਜ"

## 5

## ਦੇਗਚੀ

ਨਿੱਕੇ ਜਿਹੇ ਕਮਰੇ ਵਿਚ ਅਸੀਂ ਦੋ ਛੜੇ ਰਹਿੰਦੇ ਸਾਂ। ਦੋਵੇਂ ਬੇਕਾਰ, ਦੋਵੇਂ ਘੋਲੀ, ਦੋਵੇਂ ਸ਼ਾਇਰ। ਦੋਹਾਂ ਦੀ ਕੋਈ ਕੁੜੀ ਵਾਕਿਫ਼ ਨਹੀਂ ਸੀ, ਇਸ ਲਈ ਅਕਸਰ ਕਲਪਨਾ ਦੇ ਸੰਸਾਰ ਵਿਚ ਹੀ ਅਸੀਂ ਸੁਹਣੀਆਂ ਕੁੜੀਆਂ ਨਾਲ ਇਸ਼ਕ ਕਰਦੇ।

ਅਸੀਂ ਦਿਨ ਚੜ੍ਹੇ ਆਰਾਮ ਨਾਲ ਉੱਠਦੇ। ਹੌਲੀ-ਹੌਲੀ ਚਾਹ ਬਣਾਉਂਦੇ, ਅਖ਼ਬਾਰ ਪੜ੍ਹਦੇ, ਤੇ ਫਿਰ ਉਸ ਸਫ਼ੇ ਨੂੰ ਤਿੰਨ ਵਾਰ ਘੋਖਦੇ, ਜਿਸ ਉਤੇ ਸ਼ਾਦੀਆਂ ਤੇ ਨੌਕਰੀਆਂ ਦੇ ਇਸ਼ਤਿਹਾਰ ਹੁੰਦੇ।

ਮੇਰਾ ਸਾਥੀ ਦੇਵਿੰਦਰ ਸਿੰਘ ਜੋਸ਼ ਮੋਚਨੇ ਨਾਲ ਦਾੜ੍ਹੀ ਦੇ ਵਾਲ ਪੁਟਦਾ ਹੋਇਆ ਬੋਲਦਾ: "ਲੈ ਬਈ, ਇਹ ਕੁੜੀ ਤੇਰੇ ਕੰਮ ਦੀ ਐ—ਉਮਰ 30 ਸਾਲ, ਬੀ. ਏ., ਬੀ. ਟੀ. ਪਾਸ, ਸਰਕਾਰੀ ਸਕੂਲ ਵਿਚ ਪੱਕੀ ਨੌਕਰੀ, ਬਾਪ ਰਿਟਾਇਰਡ ਸਿਵਲ ਸਰਜਨ—"

"ਉਏ ਕੋਈ ਸ਼ਕਲ-ਸੂਰਤ ਦੀ ਗੱਲ ਵੀ ਕਰ! ਕੋਈ ਮੋਟੀਆਂ ਐਨਕਾਂ ਵਾਲੀ ਫੰਡਰ ਮਾਸਟਰਾਣੀ ਹੋਊ। ਛੱਡ ਇਸ ਨੂੰ। ਅਗਲਾ ਇਸ਼ਤਿਹਾਰ ਪੜ੍ਹ।"

"ਲੈ ਸੁਣ, ਲੰਮੀ ਸੁਹਣੀ ਕੁੜੀ, ਗੋਰਾ ਰੰਗ, ਤਿੱਖੇ ਨੈਣ-ਨਕਸ਼, ਬੀ. ਏ. ਪਾਸ, ਉਮਰ ਵੀਹ ਸਾਲ, ਸਿਤਾਰ ਵਜਾਉਣ ਦੀ ਸ਼ੁਕੀਨ, ਵਰ ਦੀ ਲੋੜ ਹੈ ਜਿਸ ਦੀ ਆਮਦਨ ਘੱਟ ਤੋਂ ਘੱਟ ਇਕ ਹਜ਼ਾਰ ਰੁਪਿਆ ਮਹੀਨਾ ਹੋਵੇ—"

"ਇਹ ਤਾਂ ਸਾਲੀ ਕਿਸੇ ਠੇਕੇਦਾਰ ਨਾਲ ਵਿਆਹ ਕਰੂ। ਇਸ ਨੂੰ ਚੰਗੇ ਵਰ ਦੀ ਨਹੀਂ, ਚੰਗੇ ਰੁਪਏ ਦੀ ਲੋੜ ਐ। ਅੱਗੇ ਪੜ੍ਹ।"

ਅਸੀਂ ਵਾਰੀ-ਵਾਰੀ ਸਭ ਕੁੜੀਆਂ ਨੂੰ ਰੱਦ ਕਰ ਦੇਂਦੇ। ਫੇਰ ਨੌਕਰੀਆਂ ਵਾਲਾ ਕਾਲਮ ਪੜ੍ਹਦੇ। ਇਸ ਵਿਚ ਵੀ ਇੰਜੀਨੀਅਰਾਂ ਤੇ ਅਕਾਊਂਟੈਂਟਾਂ ਦੀ ਲੋੜ ਹੁੰਦੀ। ਕਦੇ ਕੋਈ ਅਜਿਹਾ ਇਸ਼ਤਿਹਾਰ ਨਹੀਂ ਸੀ ਪੜ੍ਹਿਆ ਜਿਸ ਵਿਚ ਸ਼ਾਇਰ ਦੀ ਲੋੜ ਹੋਵੇ।

ਫਿਰ ਅਸੀਂ ਦਿੱਲੀ ਵਿਚ ਹੋਈਆਂ ਚੋਰੀਆਂ ਤੇ ਉਧਾਲਿਆਂ ਦੀਆਂ ਖ਼ਬਰਾਂ ਪੜ੍ਹਦੇ। ਗਿਆਰਾਂ ਵਜਦੇ ਨੂੰ ਦੋਵੇਂ ਦਾੜ੍ਹੀਆਂ ਚੜ੍ਹਾ ਕੇ ਤੇ ਬੂਟ ਲਿਸ਼ਕਾ ਕੇ ਪਟੇਲ ਨਗਰ ਤੋਂ ਕਨਾਟ ਪਲੇਸ ਵਲ ਨਿਕਲ ਤੁਰਦੇ। ਸ਼ਾਮ ਨੂੰ ਥੱਕੇ-ਟੁੱਟੇ ਘਰ ਆਉਂਦੇ ਤਾਂ ਇਕ ਦੂਜੇ ਨੂੰ ਮਿਲ ਕੇ ਬੜੇ ਖ਼ੁਸ਼ ਹੁੰਦੇ।

ਅਸਾਂ ਦੋਹਾਂ ਨੇ ਆਪਣੇ-ਆਪਣੇ ਕੰਮ ਵੰਡੇ ਹੋਏ ਸਨ। ਸਵੇਰੇ ਦੁੱਧ ਮੈਂ ਲਿਆਉਂਦਾ, ਅੱਗ ਉਹ ਬਾਲਦਾ, ਪਿਆਲੇ ਮੈਂ ਧੋਂਦਾ, ਚਾਹ ਉਹ ਬਣਾਉਂਦਾ, ਆਟਾ ਮੈਂ ਗੁੰਨ੍ਹਦਾ, ਰੋਟੀ ਉਹ ਪਕਾਉਂਦਾ। ਪਰ ਭਾਂਡੇ ਮਾਂਜਣ ਤੋਂ ਅਸੀਂ ਦੋਵੇਂ ਟਲਦੇ ਸਾਂ। ਰੋਜ਼ ਇਹੋ ਸੋਚਦੇ ਕਿ ਜਿਸ ਦਿਨ ਸਾਡੇ ਵਿਚੋਂ ਕਿਸੇ ਨੂੰ ਨੌਕਰੀ ਮਿਲ ਗਈ, ਉਸੇ ਦਿਨ ਭਾਂਡੇ ਮਾਂਜਣ ਵਾਲੀ ਮਾਈ ਰੱਖ ਲਵਾਂਗੇ। ਇਸ ਲਈ ਭਾਂਡੇ ਅਕਸਰ ਉਸੇ ਤਰ੍ਹਾਂ ਪਏ ਰਹਿੰਦੇ। ਜਿਸ ਬਰਤਨ ਦੀ ਲੋੜ ਹੁੰਦੀ, ਉਸ ਨੂੰ ਤੁਰੰਤ ਮਾਂਜ-ਧੋ ਕੇ ਵਰਤ ਲੈਂਦੇ ਤੇ ਫੇਰ ਉਸੇ ਤਰ੍ਹਾਂ ਸੁੱਟ ਦੇਂਦੇ। ਪੰਜੀਂ-ਸੱਤੀਂ ਦਿਨੀਂ ਸਭਨਾਂ ਭਾਂਡਿਆਂ ਦੇ ਮਾਂਜਣ ਦੀ ਵਾਰੀ ਆ ਜਾਂਦੀ, ਪਰ ਮੋਟੇ ਥੱਲੇ ਵਾਲੀ ਭਰਤ ਦੀ ਦੇਗਚੀ ਦੀ, ਜਿਸ ਵਿਚ ਚਾਹ ਬਣਾਉਂਦੇ ਸਾਂ, ਕਦੀ ਵਾਰੀ ਨਾ ਆਉਂਦੀ।

ਇਹ ਦੇਗਚੀ ਮੈਂ ਆਪਣੇ ਪਿੰਡੋਂ ਲੈ ਕੇ ਆਇਆ ਸਾਂ, ਜੋ ਮੇਰੀ ਨਾਨੀ ਨੂੰ ਦਾਜ ਵਿਚ ਮਿਲੀ ਸੀ ਅਤੇ ਉਸ ਨੇ ਅੱਗੇ ਆਪਣੀ ਧੀ ਨੂੰ ਮੇਰੇ ਛੂਛਕ ਵਿਚ ਦੇਸੀ ਘਿਉ ਨਾਲ ਭਰ ਕੇ ਦਿੱਤੀ ਸੀ। ਪਿੰਡ ਦੇ ਦੁੱਧ-ਮੱਖਣਾਂ ਦਾ ਪਲਿਆ, ਜਦੋਂ ਮੈਂ ਪੰਜਾਬੀ ਕਵਿਤਾ ਲਿਖਣ ਲੱਗਾ ਤਾਂ ਚਾਹ ਪੀਣੀ ਸ਼ੁਰੂ ਕਰ ਦਿੱਤੀ। ਕਈ ਸਾਲਾਂ ਤੋਂ ਮੈਂ ਪਿੰਡੋਂ ਆਪਣੀ ਕਿਸਮਤ ਅਜ਼ਮਾਈ ਕਰਨ ਲਈ ਦਿੱਲੀ ਆਇਆ ਹੋਇਆ ਸਾਂ ਅਤੇ ਇਸੇ ਦੇਗਚੀ ਵਿਚ ਚਾਹ ਬਣਾ ਕੇ ਪੀਂਦਾ ਰਿਹਾ ਸਾਂ।

ਇਸ ਦੇਗਚੀ ਵਿਚੋਂ ਚਾਹ ਦੀ ਧੁਆਂਖੀ ਕੁੜੱਤਣ ਦੀ ਬੂ ਆਉਂਦੀ, ਜੋ ਮੈਨੂੰ ਬਹੁਤ ਚੰਗੀ ਲਗਦੀ। ਇਸ ਦੇ ਬਾਹਰ ਖਿੰਘਰੀਲੀ ਕਾਲਖ ਜੰਮੀ ਹੋਈ ਸੀ। ਅਸੀਂ ਸੋਚਦੇ ਕਿ ਜੇ ਪਿਛਲੇ ਸੱਠ ਸਾਲਾਂ ਵਿਚ ਇਸ ਦੇਗਚੀ ਦਾ ਕੁਝ ਨਹੀਂ ਵਿਗੜਿਆ, ਤਾਂ ਹੁਣ ਕੀ ਖ਼ਰਾਬ ਹੋ ਜਾਣਾ ਹੈ। ਸਾਡੀ ਲਾ-ਪ੍ਰਵਾਹੀ ਕਰਕੇ ਇਸ ਦੇ ਨਿੱਗਰ ਸਰੀਰ ਉਤੇ ਕਲੱਤਣ ਵੱਟਿਆ ਕੋਝਾ ਜੋਬਨ ਆ ਗਿਆ ਸੀ, ਜਿਸ ਦੇ ਅਸੀਂ ਆਦੀ ਹੋ ਗਏ ਸਾਂ।

ਇਕ ਦਿਨ ਸਾਡਾ ਇਕ ਮਿੱਤਰ ਅਵਤਾਰ ਜ਼ੀਰਵੀ ਬੰਬਈ ਤੋਂ ਸਾਨੂੰ ਮਿਲਣ ਆਇਆ। ਉਸ ਨੇ ਫ਼ਿਲਮਾਂ ਵਿਚ ਕਈ ਗੀਤ ਲਿਖੇ ਸਨ ਤੇ ਇਕ-ਦੋ ਕਰਾਰੇ ਇਸ਼ਕ ਵੀ ਕੀਤੇ ਸਨ। ਉਸ ਦੀ ਰੇਸ਼ਮੀ ਕਮੀਜ਼ ਦੀ ਜੇਬ ਵਿਚ ਸੌ-ਸੌ ਦੇ ਨੋਟ ਸਨ। ਉਸ ਨੇ ਕਨਾਟ ਪਲੇਸ ਵਿਚੋਂ ਪੇਸਟਰੀਆਂ ਤੇ ਕੇਕ ਖ਼ਰੀਦੇ ਅਤੇ ਟੈਕਸੀ ਵਿਚ ਬੈਠ ਕੇ ਸਾਨੂੰ ਮਿਲਣ ਆਇਆ। ਅਸੀਂ ਉਸ ਨੂੰ ਜੱਫੀਆਂ ਪਾ ਕੇ ਮਿਲੇ ਤੇ ਝਟ ਚਾਹ ਪੀਣ ਲਈ ਆਖਿਆ।

ਸਾਡੇ ਨਿੱਕੇ ਕਮਰੇ ਦੇ ਬਾਹਰ ਵਿਹੜਾ ਤੇ ਰਸੋਈ ਸੀ। ਮੈਂ ਚੁੱਲ੍ਹੇ ਉਤੇ ਦੇਗਚੀ ਵਿਚ ਪਾਣੀ ਉਬਲਣਾ ਰੱਖ ਦਿੱਤਾ।

ਅਵਤਾਰ ਨੇ ਰਸੋਈ ਵਿਚ ਖਿੰਡੇ ਭਾਂਡੇ ਤੇ ਪਲੇਟਾਂ ਤੇ ਫਿਰ ਧੁਆਂਖੀ ਹੋਈ ਦੇਗਚੀ ਦੇਖੀ। ਬੋਲਿਆ, "ਉਏ ਕੰਜਰੋ! ਦੇਗਚੀ ਐਨੀ ਗੰਦੀ ਕਿਉਂ ਰਖੀ ਐ?"



ਮੈਂ ਆਖਿਆ, "ਬੰਬਈ ਜਾ ਕੇ ਤੂੰ ਕੁਝ ਜ਼ਿਆਦਾ ਹੀ ਸ਼ੁਕੀਨ ਹੋ ਗਿਐਂ। ਦੇਗਚੀ ਜਿੰਨੀ ਪੁਰਾਣੀ, ਉਤਨੀ ਚਾਹ ਸੁਆਦ!"

ਅਵਤਾਰ ਬੋਲਿਆ, "ਮੈਂ ਨਹੀਂ ਪੀਵਾਂਗਾ ਇਸ ਵਿਚ ਚਾਹ।" ਤੇ ਇਹ ਦਿਖਾਉਣ ਲਈ ਕਿ ਬੰਬਈ ਜਾ ਕੇ ਉਹ ਬਦਲਿਆ ਨਹੀਂ ਸੀ, ਉਸ ਨੇ ਆਪਣੀ ਰੇਸ਼ਮੀ ਕਮੀਜ਼ ਦੀਆਂ ਬਾਹਵਾਂ ਚੜ੍ਹਾਈਆਂ ਤੇ ਬਦੋ-ਬਦੀ ਦੇਗਚੀ ਨੂੰ ਚੁੱਲ੍ਹੇ ਉਤੋਂ ਲਾਹ ਕੇ ਪਾਣੀ ਡੋਹਲਣ ਲੱਗਾ। ਮੈਂ ਉਸ ਦਾ ਹੱਥ ਫੜ ਲਿਆ ਤੇ ਆਖਿਆ, "ਕਿਉਂ ਬਣੀ-ਬਣਾਈ ਚਾਹ ਦਾ ਨਾਸ ਮਾਰਨ ਲਗਿਐਂ। ਬਿਹਾਰ ਵਿਚ ਕਾਲ ਪਿਆ ਹੋਇਐ, ਬੰਗਾਲ ਵਿਚ ਬਲਵੇ ਹੋ ਰਹੇ ਨੇ, ਤੇ ਤੂੰ ਕੌਮ ਦਾ ਨੁਕਸਾਨ ਕਰਨ ਲਗਿਐਂ। ਇਹ ਬੰਬਈ ਦੇ ਈਰਾਨੀ ਹੋਟਲਾਂ ਦੀ ਚਾਹ ਤੋਂ ਤਾਂ ਸੌ ਦਰਜੇ ਚੰਗੀ ਐ।"

ਮੈਂ ਫਿਰ ਉਸੇ ਤਰ੍ਹਾਂ ਉਬਲਦੀ ਦੇਗਚੀ ਨੂੰ ਚੁੱਲ੍ਹੇ ਉਤੇ ਰੱਖ ਦਿੱਤਾ।

ਅਵਤਾਰ ਦੇ ਜਾਣ ਪਿੱਛੋਂ ਦੇਗਚੀ ਦੀ ਉਹੀ ਹਾਲਤ ਰਹੀ ਤੇ ਸਾਡੀ ਉਸ ਤੋਂ ਵੀ ਖਸਤਾ।

ਬੇਰੁਜ਼ਗਾਰੀ ਤੋਂ ਤੰਗ ਆ ਕੇ ਦੇਵਿੰਦਰ ਸਿੰਘ ਜੋਸ਼ ਨੇ ਅੰਗਰੇਜ਼ੀ ਦਾ ਟਾਈਪ ਸਿੱਖ ਲਿਆ ਤੇ ਉਸ ਨੂੰ ਇਕ ਵਕੀਲ ਨੇ ਸ਼ਾਮ ਵੇਲੇ ਚਾਰ ਘੰਟੇ ਰੋਜ਼ਾਨਾ ਕੰਮ ਕਰਨ ਵਾਸਤੇ ਰਖ ਲਿਆ।

ਇਤਨੇ ਵਿਚ ਮੈਨੂੰ ਵੀ ਨੌਕਰੀ ਮਿਲ ਗਈ। ਸਾਬਣ ਬਨਾਉਣ ਵਾਲੇ ਇਕ ਕਾਰਖਾਨੇ ਵਿਚ ਕਲਰਕ ਦੀ ਥਾਂ ਖ਼ਾਲੀ ਸੀ। ਮੈਂ ਉਥੇ ਭਰਤੀ ਹੋ ਗਿਆ। ਕਾਰਖ਼ਾਨੇ ਦੇ ਸੇਲਜ਼ ਡਿਪਾਰਟਮੈਂਟ ਵਿਚ ਬਹੁਤ ਸਾਰੀਆਂ ਕੁੜੀਆਂ ਵੀ ਕੰਮ ਕਰਦੀਆਂ ਸਨ। ਗੁਦਾਮ ਵਿਚੋਂ, ਸਾਡੇ ਕਮਰੇ ਵਿਚੋਂ ਤੇ ਕਪੜਿਆਂ ਵਿਚੋਂ ਸਾਬਣ ਦੀ ਤਿਲ੍ਹਕਤੀਂ ਜਿਹੀ ਮਹਿਕ ਆਉਂਦੀ, ਜਿਸ ਤੋਂ ਅਸੀਂ ਸਾਰੇ ਨਫ਼ਰਤ ਕਰਦੇ ਸਾਂ।

ਅੱਧੀ ਛੁੱਟੀ ਵੇਲੇ ਮੈਂ ਛੋਲੇ ਕੁਲਚੇ ਖਾਂਦਾ, ਤਾਂ ਇਨ੍ਹਾਂ ਵਿਚੋਂ ਵੀ ਸਾਬਣ ਦੀ ਮੈਲ ਕੱਢੂ ਖੁਸ਼ਬੂ ਆਉਂਦੀ। ਮੂੰਹ ਵਿਚ ਛੋਲਿਆਂ ਦੇ ਨਾਲ-ਨਾਲ ਝੱਗ ਦਾ ਸੁਆਦ ਵੀ ਆਉਂਦਾ। ਅੱਠ ਘੰਟੇ ਕੰਮ ਕਰਨ ਪਿਛੋਂ ਜਦੋਂ ਮੈਂ ਘਰ ਪਰਤਦਾ ਤਾਂ ਚਾਹ ਦਾ ਆਨੰਦ ਦੁਗਣਾ ਹੁੰਦਾ। ਤਨਖ਼ਾਹ ਬਹੁਤੀ ਨਹੀਂ ਸੀ। ਪਹਿਲੇ ਕੁਝ ਮਹੀਨੇ ਤਾਂ ਨੁੱਕੜ ਵਾਲੇ ਹਟ-ਬਾਣੀਏ ਦਾ ਹਿਸਾਬ ਹੀ ਚੁਕਾਉਂਦੇ ਰਹੇ। ਭਾਂਡੇ ਮਾਂਜਣ ਵਾਲੀ ਮਾਈ ਰਖਣ ਦੀ ਨੌਬਤ ਹੀ ਨਾ ਆਈ। ਸਗੋਂ ਦੇਗਚੀ ਦੀ ਧੁਆਂਖੀ ਹੋਈ ਕੁੜੱਤਣ ਭਰੀ ਮਹਿਕ ਦੇ ਅਸੀਂ ਇਤਨੇ ਆਦੀ ਹੋ ਗਏ ਸਾਂ ਕਿ ਕਿਸੇ ਹੋਰ ਥਾਂ ਦੀ ਚਾਹ ਸੁਆਦ ਹੀ ਨਹੀਂ ਸੀ ਲਗਦੀ।

ਮੇਰੇ ਦਫ਼ਤਰ ਵਿਚ ਬੜੀ ਚੁਲਬਲੀ ਜਿਹੀ ਕੁੜੀ ਸੀ—ਰੰਗ ਸਾਂਵਲਾ, ਅੱਖਾਂ ਮੋਟੀਆਂ ਤੇ ਸ਼ਰਾਰਤੀ ਗੱਦਰ ਜਿਸਮ। ਉਸ ਦਾ ਨਾਂ ਲੀਲਾ ਸੀ। ਉਹ ਸਾਰੇ ਕਲਰਕਾਂ ਨਾਲ ਟਿੱਚਰਾਂ ਕਰਦੀ, ਹਰ ਇਕ ਨੂੰ ਮਜ਼ਾਕ ਨਾਲ "ਭਾਪਾ" ਜੀ ਆਖਦੀ। ਬੁੱਢੇ, ਸੁਕੜੂ ਖ਼ਜ਼ਾਨਚੀ ਤੋਂ ਜਦੋਂ ਮਹੀਨੇ ਦੀ ਤਨਖ਼ਾਹ ਲੈਣ ਜਾਂਦੀ ਤਾਂ ਉਸ ਨੂੰ ਵੀ ਮਸ਼ਕਰੀ ਕਰਨੋਂ ਨਹੀਂ ਸੀ ਟਲਦੀ। ਇਕ ਵਾਰ ਤਨਖ਼ਾਹ ਲੈਂਦੇ ਹੋਏ ਉਸ ਨੇ ਇਕ ਨਵਾਂ ਪੈਸਾ ਬੁੱਢੇ ਖ਼ਜ਼ਾਨਚੀ ਦੇ ਗੰਜੇ ਸਿਰ ਉਤੋਂ ਵਾਰ ਕੇ ਉਸ ਦੀ ਝੋਲੀ ਵਿਚ ਸੁੱਟ ਦਿੱਤਾ ਤੇ ਬੋਲੀ, "ਭਾਪਾ ਜੀ ਇਸ ਰਕਮ ਦਾ ਖਾਲਿਸ ਦੇਸੀ ਘਿਉ ਲੈ ਕੇ ਖਾ ਲੈਣਾ।

ਸਿਹਤ ਬਣ ਜਾਵੇਗੀ।"

ਸਾਰੇ ਕਲਰਕ ਤੇ ਕੁੜੀਆਂ ਹੱਸਣ ਲੱਗੇ।

ਮੈਂ ਲੀਲਾ ਨੂੰ ਕਈ ਹਫ਼ਤੇ ਤਾੜਦਾ ਰਿਹਾ ਕਿ ਇਸ ਨਾਲ ਕਿਸ ਤਰ੍ਹਾਂ ਦੋਸਤੀ ਪੱਕੀ ਕੀਤੀ ਜਾਵੇ।

ਇਕ ਦਿਨ ਦਫ਼ਤਰ ਦੀ ਛੁੱਟੀ ਤੋਂ ਕੁਝ ਮਿੰਟ ਪਹਿਲਾਂ ਹੀ ਮੈਂ ਬਾਹਰ ਨਿਕਲ ਆਇਆ ਤੇ ਇਕ ਚੰਗੇ ਜਿਹੇ ਸਕੂਟਰ-ਰਿਕਸ਼ਾ ਵਾਲੇ ਨੂੰ ਹਾਕ ਮਾਰ ਕੇ ਰੋਕ ਲਿਆ। ਉਸ ਨੇ ਸਕੂਟਰ ਮੋੜਿਆ ਤੇ ਮੈਂ ਉਸ ਨੂੰ ਪਟੇਲ ਨਗਰ ਚਲਣ ਲਈ ਆਖਿਆ। ਦੋ-ਚਾਰ ਮਿੰਟ ਮੈਂ ਉਸ ਦਾ ਮੀਟਰ ਠੀਕ ਕਰਵਾਉਣ ਤੇ ਸਿਗਰਟ ਖਰੀਦਣ ਵਿਚ ਲਗਾ ਦਿੱਤੇ। ਇਹ ਸਾਰਾ ਕੁਝ ਮੈਂ ਇਸ ਚਾਲਾਕੀ ਨਾਲ ਵਿਉਂਤਿਆ ਸੀ ਕਿ ਜਦੋਂ ਲੀਲਾ ਬਸ ਫੜਨ ਲਈ ਇਥੋਂ ਦੀ ਲੰਘੇ ਤਾਂ ਮੈਂ ਸਹਿਜ ਸੁਭਾ ਹੀ ਉਸ ਨੂੰ ਮਿਲ ਪਵਾਂ।

ਮੈਂ ਸਕੂਟਰ ਵਿਚ ਬੈਠਣ ਲੱਗਾ ਤਾਂ ਲੀਲਾ ਅੱਖਾਂ ਮਟਕਾਉਂਦੀ ਕੋਲੋਂ ਦੀ ਲੰਘੀ।

ਬਨਾਵਟੀ ਹੈਰਾਨੀ ਨਾਲ ਮੈਂ ਪੁੱਛਿਆ, "ਇਤਨੀ ਤੇਜ਼-ਤੇਜ਼ ਕਿਧਰ ਜਾ ਰਹੀ ਐਂ?"

"ਬਸ ਫੜਨੀ ਐ" ਉਹ ਬੋਲੀ।

"ਕਿਥੋਂ ਲਈ?"

"ਦੇਵ ਨਗਰ ਲਈ—ਘਰ ਜਾਣਾ ਐ।"

ਮੈਂ ਆਖਿਆ, "ਮੈਂ ਪਟੇਲ ਨਗਰ ਜਾ ਰਿਹਾ ਹਾਂ। ਰਸਤੇ ਵਿਚ ਲਾਹ ਦਿਆਂਗਾ। ਆ ਬੈਠ ਜਾ।"

ਉਸ ਨੇ ਬਸਾਂ ਦੇ ਸਟੈਂਡ ਵਲ ਨਜ਼ਰ ਮਾਰੀ, ਜਿਥੇ ਮੁਸਾਫ਼ਰਾਂ ਦੀ ਲੰਮੀ ਕਤਾਰ ਲਗੀ ਹੋਈ ਸੀ। ਰਤਾ ਕੁ ਸੋਚ ਕੇ ਉਹ ਬੋਲੀ, "ਚੰਗਾ।"

ਉਹ ਸਕੂਟਰ ਵਿਚ ਮੇਰੇ ਨਾਲ ਬੈਠ ਗਈ:

ਸਕੂਟਰ ਦਿੱਲੀ ਦੀਆਂ ਖਸਤਾ ਸੜਕਾਂ ਉਤੇ ਉਛਲਦਾ ਹੋਇਆ ਜਾ ਰਿਹਾ ਸੀ ਤੇ ਘੜੀ-ਮੁੜੀ ਮੇਰਾ ਮੋਢਾ ਤੇ ਪੱਟ ਲੀਲਾ ਨਾਲ ਲਗਦਾ। ਮੇਰੇ ਸਰੀਰ ਵਿਚ ਸੁਸਰੀਆਂ ਦੌੜਨ ਲੱਗੀਆਂ।

ਥੋੜ੍ਹੀ ਜਿਹੀ ਗੱਲ-ਬਾਤ ਪਿਛੋਂ ਮੈਂ ਉਸ ਨੂੰ ਆਖਿਆ, "ਆਪਾਂ ਦੋਵੇਂ ਇਕੱਠੇ ਕੰਮ ਕਰਦੇ ਹਾਂ, ਪਰ ਕਦੀ ਰਲ ਕੇ ਚਾਹ ਵੀ ਨਹੀਂ ਪੀਤੀ। ਅੱਜ ਤੂੰ ਐਨੀ ਛੇਤੀ ਘਰ ਪਹੁੰਚ ਕੇ ਕੀ ਕਰਨਾ ਐ? ਚਲ ਮੇਰੇ ਵਲ ਚਲੀਏ, ਉਥੇ ਚਾਹ ਪੀਵਾਂਗੇ। ਨਾਲੇ ਮੇਰਾ ਘਰ ਦੇਖ ਲਵੀਂ।"

ਉਸ ਨੇ ਦੋ-ਚਾਰ ਵਾਰੀ ਨਾਂਹ-ਨੁੱਕਰ ਕੀਤੀ ਤੇ ਆਖ਼ਿਰ ਮੰਨ ਗਈ। ਉਸ ਵੇਲੇ ਸਕੂਟਰ ਸੜਕ ਦੇ ਇਕ ਟੋਏ ਉਤੋਂ ਬੁੜ੍ਹਕਿਆ ਤੇ ਅਸੀਂ ਦੋਵੇਂ ਉਛਲ ਕੇ ਇਕ ਦੂਜੇ ਨਾਲ ਟਕਰਾ ਗਏ। ਮੇਰਾ ਖ਼ੂਨ ਤੇਜ਼-ਤੇਜ਼ ਸਕੂਟਰ ਦੇ ਪਹੀਆਂ ਵਾਂਗ ਗਰਦਿਸ਼ ਕਰ ਰਿਹਾ ਸੀ।

ਜਦੋਂ ਅਸੀਂ ਕਰੋਲ ਬਾਗ਼ ਕੋਲ ਦੀ ਲੰਘਣ ਲੱਗੇ ਤਾਂ ਲੀਲਾ ਨੇ ਇਕ ਦਮ ਆਪਣਾ ਮਨ ਬਦਲ ਲਿਆ ਤੇ ਬੋਲੀ, "ਮੈਂ ਆਪਣੇ ਘਰ ਹੀ ਜਾਵਾਂਗੀ। ਤੇਰੇ ਨਾਲ ਚਾਹ ਫੇਰ ਕਿਸੇ ਦਿਨ ਪੀ ਲਵਾਂਗੀ।"



ਇਹ ਫ਼ਿਕਰਾ ਉਸ ਨੇ ਇਤਨੀ ਉਭੜਵਾਹੀ ਦ੍ਰਿੜ੍ਹਤਾ ਨਾਲ ਆਖਿਆ ਕਿ ਮੈਂ ਦੇਖਦਾ ਰਹਿ ਗਿਆ। ਮੈਨੂੰ ਕੋਈ ਗੱਲ ਨਾ ਸੁੱਝੀ। ਮੈਂ ਸਕੂਟਰ ਵਾਲੇ ਨੂੰ ਦੇਵ ਨਗਰ ਵਲ ਚਲਣ ਲਈ ਆਖਿਆ।

ਲੀਲਾ ਨੇ ਸਕੂਟਰ ਵਿਚੋਂ ਉਤਰ ਕੇ ਮੇਰਾ ਧੰਨਵਾਦ ਕੀਤਾ ਤੇ ਕਾਹਲੀ-ਕਾਹਲੀ ਚਲੀ ਗਈ। ਮੈਂ ਸਕੂਟਰ ਵਿਚ ਬੈਠ ਕੇ ਇਕੱਲਾ ਹੀ ਆਪਣੇ ਘਰ ਪਹੁੰਚ ਗਿਆ।

ਘਰ ਪਹੁੰਚ ਕੇ ਰੋਜ਼ ਵਾਂਗ ਜੰਦਰਾ ਖੋਲ੍ਹਿਆ, ਬੁਸ਼ਰਟ ਨੂੰ ਕਿੱਲੀ ਉਤੇ ਟੰਗਿਆ ਤੇ ਦੇਗਚੀ ਵਿਚ ਪਾਣੀ ਭਰ ਕੇ ਚੁੱਲ੍ਹੇ ਉਤੇ ਰਖ ਦਿੱਤਾ। ਥੋੜ੍ਹੇ ਚਿਰ ਲਈ ਮੈਂ ਮੰਜੀ ਉਤੇ ਉਦਾਸ ਲੇਟ ਗਿਆ। ਦਿਮਾਗ ਵਿਚ ਰਹਿ ਰਹਿ ਕੇ ਲੀਲਾ ਦੀਆਂ ਸ਼ਰਾਰਤੀ ਮੋਟੀਆਂ ਅੱਖਾਂ ਘੁੰਮ ਰਹੀਆਂ ਸਨ ਅਤੇ ਆਪਣੇ ਆਪ ਉਤੇ ਗੁੱਸਾ ਆ ਰਿਹਾ ਸੀ।

ਦੇਗਚੀ ਉਬਲ-ਉਬਲ ਕੇ ਝੱਲੀ ਹੋ ਗਈ ਸੀ। ਮੈਂ ਚਾਹ ਬਣਾਈ ਤੇ ਪਿਆਲੇ ਵਿਚ ਪਾ ਕੇ ਪੀਣ ਲੱਗਾ। ਪਰ ਅੱਜ ਚਾਹ ਦਾ ਮਜ਼ਾ ਨਾ ਆਇਆ।

ਦੂਜੇ ਦਿਨ ਲੀਲਾ ਮੈਨੂੰ ਦਫ਼ਤਰ ਵਿਚ ਮਿਲੀ ਤਾਂ ਮੈਂ ਸ਼ਰਾਰਤ ਨਾਲ ਪੁੱਛਿਆ, "ਮੇਰੇ ਘਰ ਚਾਹ ਪੀਣ ਨਹੀਂ ਆਉਣਾ?"

ਲੀਲਾ ਨੇ ਉਸੀ ਸ਼ੋਖੀ ਨਾਲ ਆਖਿਆ, "ਜ਼ਰੂਰ ਆਵਾਂਗੀ।"

ਇਸ ਪਿਛੋਂ ਮੇਰੇ ਤੇ ਲੀਲਾ ਵਿਚਕਾਰ ਅਕਸਰ ਇਹੋ ਚਾਹ ਪੀਣ ਦੀ ਗੱਲ ਹੁੰਦੀ, ਜਿਸ ਨੂੰ ਉਹ ਇਹ ਆਖ ਕੇ ਟਾਲ ਦੇਂਦੀ, "ਜ਼ਰੂਰ ਆਵਾਂਗੀ।"

ਉਸ ਦੇ ਇਸ ਜਵਾਬ ਤੋਂ ਮੇਰੇ ਦਿਲ ਵਿਚ ਰੜਕ ਸਗੋਂ ਵਧੇਰੇ ਹੁੰਦੀ ਗਈ। ਮੈਂ ਮਨਸੂਬੇ ਬੰਨ੍ਹਦਾ ਤੇ ਵਿਉਂਤਾਂ ਘੜਦਾ ਕਿ ਕਿਸੇ ਦਿਨ ਇਸ ਸਾਲੀ ਦੀ ਮੜਕ ਜ਼ਰੂਰ ਭੰਨਣੀ ਹੈ।

ਇਕ ਦਿਨ ਬਾਰਿਸ਼ ਹੋ ਰਹੀ ਸੀ। ਮੈਂ ਮੌਕਾ ਤਾੜ ਕੇ ਸਕੂਟਰ ਵਾਲਾ ਜਾਲ ਵਿਛਾਇਆ।

ਛੁੱਟੀ ਹੋਣ ਤੋਂ ਕੁਝ ਮਿੰਟ ਪਹਿਲਾਂ ਹੀ ਮੈਂ ਦਫ਼ਤਰੋਂ ਨਿਕਲ ਆਇਆ ਅਤੇ ਸਕੂਟਰ ਨੂੰ ਘੇਰ ਕੇ ਖੜ੍ਹਾ ਹੋ ਗਿਆ। ਥੋੜ੍ਹੇ ਚਿਰ ਪਿਛੋਂ ਹੀ ਬਾਰਿਸ਼ ਤੋਂ ਬਚਣ ਲਈ ਸਿਰ ਉਤੇ ਅਖ਼ਬਾਰ ਰੱਖੀ ਲੀਲਾ ਭਿਜਦੀ ਹੋਈ ਕੋਲੋਂ ਦੀ ਲੰਘੀ, ਤਾਂ ਮੈਂ ਹਾਕ ਮਾਰ ਲਈ,ਉਹ ਝਟ ਸਕੂਟਰ ਵਿਚ ਆ ਬੈਠੀ।

ਸਕੂਟਰ ਦੌੜਨ ਲੱਗਾ ਤਾਂ ਕਣੀਆਂ ਤੋਂ ਬਚਣ ਲਈ ਅਸੀਂ ਇਕ ਦੂਜੇ ਦੇ ਹੋਰ ਨੇੜੇ ਹੋ ਬੈਠੇ। ਮੈਂ ਆਖਿਆ, "ਅੱਜ ਚਾਹ ਪੀਣ ਦਾ ਦਿਨ ਐ। ਚਲ, ਮੇਰੇ ਘਰ ਚਲੀਏ। ਉਥੇ ਚਲ ਕੇ ਗਰਮ-ਗਰਮ ਚਾਹ ਪੀਵਾਂਗੇ।"

ਲੀਲਾ ਬੋਲੀ, "ਮੰਜ਼ੂਰ ਹੈ।"

ਕਰੋਲ ਬਾਗ਼ ਆਇਆ ਤਾਂ ਮੇਰਾ ਦਿਲ ਧੜਕਿਆ, ਪਰ ਅੱਜ ਲੀਲਾ ਨੇ ਮੇਰੇ ਘਰ ਜਾਣ ਦਾ ਫ਼ੈਸਲਾ ਕਰ ਲਿਆ ਸੀ। ਮੈਂ ਖ਼ੁਸ਼ ਸਾਂ।

ਸਕੂਟਰ ਚਿੱਕੜ ਤੇ ਪਾਣੀ ਨਾਲ ਭਰੇ ਟੋਇਆਂ ਵਿਚੋਂ ਦੀ ਛਿੱਟੇ ਉਡਾਉਂਦਾ ਛੇਤੀ ਹੀ ਮੇਰੇ ਘਰ ਪਹੁੰਚ ਗਿਆ।

ਮੈਂ ਜੰਦਰਾ ਖੋਲ੍ਹਿਆ ਤੇ ਰੁਮਾਂਟਿਕ ਅੰਦਾਜ਼ ਨਾਲ ਝੁਕ ਕੇ ਲੀਲਾ ਨੂੰ ਕਮਰੇ

ਵਿਚ ਪਰਵੇਸ਼ ਕਰਨ ਲਈ ਆਖਿਆ।

ਉਹ ਕਮਰੇ ਵਿਚ ਇਸ ਤਰ੍ਹਾਂ ਦਾਖ਼ਿਲ ਹੋਈ ਜਿਵੇਂ ਉਸ ਨੂੰ ਇਸ ਵਿਚ ਪਈ ਹਰ ਚੀਜ਼ ਦਾ ਪਹਿਲਾਂ ਹੀ ਪਤਾ ਹੋਵੇ। ਮੈਂ ਪਿਛਲੀ ਕੰਧ ਵਾਲੀ ਖਿੜਕੀ ਦਾ ਹਰਾ ਪਰਦਾ ਤਾਣ ਦਿੱਤਾ।

ਕਮਰੇ ਵਿਚ ਇਕ ਪੁਰਾਣੀ ਮੇਜ਼ ਤੇ ਦੋ ਕੁਰਸੀਆਂ ਸਨ, ਤੇ ਦੋ ਮੰਜੀਆਂ ਉਤੇ ਦੋ ਬਿਸਤਰੇ।

ਲੀਲਾ ਨੇ ਪੁੱਛਿਆ, "ਦੂਜਾ ਬਿਸਤਰਾ ਕਿਸ ਦਾ ਏ?"

ਮੈਂ ਆਖਿਆ, "ਮੇਰੇ ਦੋਸਤ ਦਾ। ਉਸ ਦੀ ਸ਼ਾਮ ਦੀ ਡਿਊਟੀ ਹੈ, ਉਹ ਰਾਤ ਨੂੰ ਦੇਰ ਨਾਲ ਆਉਂਦਾ ਹੈ।"

"ਤਾਂ ਫੇਰ ਤੂੰ ਕਿਸੇ ਸਾਥੀ ਨਾਲ ਰਹਿ ਰਿਹਾ ਏਂ?" ਇਹ ਆਖ ਕੇ ਉਹ ਮੁਸਕਰਾਈ।

"ਤੇਰੀ ਚੱਪਲੀ ਭਿੱਜ ਗਈ ਐ" ਮੈਂ ਆਖਿਆ, "ਇਸ ਨੂੰ ਲਾਹ ਕੇ ਆਰਾਮ ਨਾਲ ਮੰਜੀ ਉਤੇ ਬੈਠ ਜਾ। ਇਸ ਮੰਜੀ ਨੂੰ ਹੀ ਗੱਦੇਦਾਰ ਕਾਊਚ ਸਮਝ ਲੈ। ਮੈਂ ਇਤਨੇ ਵਿਚ ਚਾਹ ਬਣਾਉਂਦਾ ਹਾਂ।"

ਉਹ ਚਪਲੀ ਲਾਹ ਕੇ ਆਰਾਮ ਨਾਲ ਮੰਜੀ ਉਤੇ ਬੈਠ ਗਈ। ਦੋਹਾਂ ਬਿਸਤਰਿਆਂ ਦੇ ਦੋਵੇਂ ਸਰਹਾਣੇ ਜੋੜ ਕੇ ਉਸ ਨੇ ਢੋਅ ਲਗਾ ਲਿਆ।

ਮੈਂ ਰਸੋਈ ਵਿਚ ਗਿਆ ਤੇ ਅੱਗ ਬਾਲ ਕੇ ਦੇਗਚੀ ਵਿਚ ਪਾਣੀ ਉਬਲਣਾ ਧਰ ਦਿੱਤਾ। ਮੇਰੇ ਸਰੀਰ ਵਿਚ ਤਿਤਲੀਆਂ ਉੱਡ ਰਹੀਆਂ ਸਨ ਤੇ ਮੈਂ ਨਿੱਕੇ-ਨਿੱਕੇ ਮਨਸੂਬੇ ਬੰਨ੍ਹ ਰਿਹਾ ਸਾਂ ਕਿ ਕਿਸ਼ ਤਰ੍ਹਾਂ ਮੈਂ ਉਸ ਦੀ ਚਪਲੀ ਚੁੱਕ ਕੇ ਚੁੱਲ੍ਹੇ ਉਤੇ ਸੁਕਾਵਾਂਗਾ। ਫਿਰ ਮੈਂ ਉਸ ਦੇ ਗਿੱਲੇ ਵਾਲਾਂ ਤੇ ਗੱਲ੍ਹਾਂ ਉਤੇ ਡਿੱਗੇ ਪਾਣੀ ਦੇ ਕਤਰਿਆਂ ਨੂੰ ਪੂੰਝਣ ਦੀ ਕੋਸ਼ਿਸ਼ ਕਰਾਂਗਾ। ਫਿਰ ਉਸ ਦੇ ਝੁਮਕਿਆਂ ਨੂੰ ਹੱਥ ਲਾ ਕੇ ਦੇਖਾਂਗਾ ਤੇ ਫਿਰ...

ਮੈਂ ਪੈਰਾਂ ਦੀ ਬਿੜਕ ਸੁਣੀ। ਦੇਖਿਆ ਲੀਲਾ ਨੰਗੇ ਪੈਰੀਂ ਰਸੋਈ ਵਿਚ ਆ ਗਈ।

"ਹਾਲੇ ਚਾਹ ਨਹੀਂ ਬਣੀ? ਮੈਨੂੰ ਇਕੱਲੀ ਨੂੰ ਅੰਦਰ ਬਿਠਾ ਰਖਿਆ ਏ", ਫਿਰ ਉਸ ਦੀ ਨਜ਼ਰ ਦੇਗਚੀ ਵਲ ਗਈ ਤੇ ਉਹ ਬੋਲੀ, "ਉਫ਼! ਕਿੰਨੀ ਕਾਲਖ ਜੰਮੀ ਏ ਇਸ ਦੇਗਚੀ ਉਤੇ। ਇਉਂ ਲਗਦਾ ਏ ਜਿਵੇਂ ਸਦੀਆਂ ਤੋਂ ਇਸ ਨੂੰ ਕਦੇ ਕਿਸੇ ਨੇ ਸਾਫ਼ ਹੀ ਨਹੀਂ ਕੀਤਾ।"

ਮੈਂ ਆਖਿਆ, "ਇਸ ਵਿਚ ਚਾਹ ਬਹੁਤ ਸੁਆਦ ਬਣਦੀ ਐ। ਪੀਵੇਂਗੀ ਤਾਂ ਯਾਦ ਕਰੇਂਗੀ।"

ਮੈਂ ਪਲੇਟਾਂ ਪਿਆਲੇ ਮੇਜ਼ ਉਤੇ ਸਜਾ ਦਿੱਤੇ। ਪੀਪੀ ਵਿਚੋਂ ਮੱਠੀਆਂ ਕੱਢੀਆਂ ਤੇ ਨਾਲ ਅੰਬ ਦਾ ਅਚਾਰ। ਥੋੜ੍ਹੇ ਚਿਰ ਵਿਚ ਮੈਂ ਚਾਹ ਲੈ ਕੇ ਆ ਗਿਆ। ਲੀਲਾ ਉਸੇ ਤਰ੍ਹਾਂ ਪਸਰ ਕੇ ਮੰਜੀ ਉਤੇ ਬੈਠ ਗਈ ਤੇ ਮੈਂ ਕੁਰਸੀ ਉਤੇ।

ਅਸੀਂ ਦੋਵੇਂ ਚਾਹ ਪੀਣ ਲੱਗੇ, ਤਾਂ ਮੇਰਾ ਧਿਆਨ ਲੀਲਾ ਦੇ ਝੁਮਕਿਆਂ ਤੇ ਭਿੱਜੇ ਹੋਏ ਵਾਲਾਂ ਵਲ ਸੀ। ਲੀਲਾ ਨੇ ਪਹਿਲਾਂ ਸਾਬਣ ਦੇ ਕਾਰਖਾਨੇ ਦੇ ਬੁੱਢੇ ਖਜ਼ਾਨਚੀ



ਦੀ ਗੱਲ ਛੇੜੀ, ਫਿਰ 'ਬਹੂ ਬੇਗਮ' ਫ਼ਿਲਮ ਦੀ, ਫਿਰ ਚਿੜੀਆ ਘਰ ਦੇ ਲੰਗੂਰਾਂ ਦੀ ਤੇ ਅਖ਼ੀਰ ਮੱਠੀਆਂ ਤੇ ਅਚਾਰ ਦੀ ਤਾਰੀਫ਼ ਕਰਨ ਲੱਗੀ।

ਮੈਂ ਇਸ਼ਕ ਦੀਆਂ ਗੱਲਾਂ ਸੋਚ ਰਿਹਾ ਸਾਂ। ਪਰ ਸਮਝ ਨਹੀਂ ਸੀ ਆਉਂਦੀ ਕਿ ਲੰਗੂਰਾਂ ਤੇ ਮੱਠੀਆਂ ਵਿਚੋਂ ਮੁਹੱਬਤ ਦੀ ਗੱਲ ਕਿਵੇਂ ਤੋਰਾਂ। ਮੈਂ ਉਸ ਦੇ ਸੁਡੌਲ ਅੰਗਾਂ ਨੂੰ ਤੱਕ ਰਿਹਾ ਸਾਂ, ਜਿਨ੍ਹਾਂ ਵਿਚੋਂ ਸੇਕ ਆਉਂਦਾ ਸੀ।

ਚਾਹ ਦੇ ਤਿੰਨ ਪਿਆਲੇ ਪੀ ਕੇ ਤੇ ਚਾਰ ਮੱਠੀਆਂ ਖਾ ਕੇ ਉਹ ਇਕ ਦਮ ਬੋਲੀ, "ਮੇਰੀਆਂ ਚੱਪਲੀਆਂ ਸੁੱਕ ਗਈਆਂ ਤਾਂ ਚੁੱਕ ਲਿਆ। ਮੈਂ ਜਾਣਾ ਏਂ। ਬਹੁਤ ਦੇਰ ਹੋ ਗਈ।"

"ਰਤਾ ਠਹਿਰ ਜਾ। ਹਾਲੇ ਕੀ ਕਾਹਲੀ ਏ?" ਮੈਂ ਆਖਿਆ।

ਉਹ ਉਠ ਖਲੋਤੀ ਤੇ ਬੋਲੀ, "ਨਹੀਂ, ਮੈਨੂੰ ਦੇਰ ਹੋ ਰਹੀ ਏ। ਕਿਥੇ ਹੈ ਮੇਰੀ ਚਪਲੀ?"

ਉਸ ਦਾ ਇਹ ਰੁੱਖਾ ਜਵਾਬ ਸੁਣ ਕੇ ਮੈਂ ਰਸੋਈ ਵਿਚ ਗਿਆ ਤੇ ਚਪਲੀ ਲੈ ਆਇਆ।

ਚਪਲੀ ਪਹਿਨ ਕੇ ਉਹ ਬੋਲੀ, "ਚਾਹ ਵਾਕਈ ਬਹੁਤ ਸਵਾਦ ਸੀ। ਸ਼ੁਕਰੀਆ।"

ਬਾਰਿਸ਼ ਥੰਮ੍ਹ ਚੁੱਕੀ ਸੀ।

ਮੈਂ ਉਸ ਨੂੰ ਛੱਡਣ ਲਈ ਬਾਹਰ ਤੀਕ ਆਇਆ। ਉਸ ਨੇ ਸਾੜ੍ਹੀ ਦੇ ਪੱਲੇ ਨਾਲ ਸਿਰ ਕੱਜ ਲਿਆ ਤੇ ਤੇਜ਼-ਤੇਜ਼ ਕਦਮ ਪੁੱਟਦੀ ਚਲੀ ਗਈ।

ਜਦੋਂ ਮੈਂ ਵਾਪਸ ਕਮਰੇ ਵਿਚ ਆਇਆ, ਤਾਂ ਆਉਂਦੇ ਸਾਰ ਬਿਸਤਰੇ ਉਤੇ ਨਿਢਾਲ, ਮੂਧੇ-ਮੂੰਹ ਢੈ ਪਿਆ। ਫਿਰ ਬੇਚੈਨੀ ਨਾਲ ਉਠਿਆ ਤੇ ਕਮਰੇ ਵਿਚ ਚੱਕਰ ਕੱਟਣ ਲੱਗਾ। ਦਿਲ ਵਿਚ ਖਲਬਲੀ ਜਿਹੀ ਮੱਚੀ ਹੋਈ ਸੀ। ਕਮਰੇ ਵਿਚੋਂ ਨਿਕਲ ਕੇ ਰਸੋਈ ਵਿਚ ਜਾ ਵੜਿਆ, ਜਿਥੇ ਚੁੱਲ੍ਹੇ ਲਾਗੇ ਧੁਆਂਖੀ ਹੋਈ ਦੇਗਚੀ ਪਈ ਸੀ।

ਮੈਨੂੰ ਦੇਗਚੀ ਉਤੇ ਗੁੱਸਾ ਆਇਆ। ਮੈਂ ਇਸ ਨੂੰ ਚੁੱਕ ਕੇ ਵਿਹੜੇ ਵਿਚ ਲੈ ਆਇਆ ਤੇ ਰੇਤ ਨਾਲ ਜ਼ੋਰ-ਜ਼ੋਰ ਦੀ ਰਗੜ ਕੇ ਮਾਂਜਣ ਲੱਗਾ।

# 6

## ਵੱਡੀ ਸੱਧਰ

ਸ਼ਾਂਤਾ ਦੀ ਸਭ ਤੋਂ ਵੱਡੀ ਸੱਧਰ ਇਹ ਸੀ ਕਿ ਉਹ ਗਾਉਣਾ ਸਿੱਖੇ ਤੇ ਸੰਗੀਤ ਦੀ ਦੁਨੀਆਂ ਵਿਚ ਨਾਂ ਪੈਦਾ ਕਰੇ ।

ਪਰ ਉਸ ਦੀ ਮਾਂ ਨੂੰ ਇਹ ਗੱਲ ਉੱਕਾ ਪਸੰਦ ਨਾ ਸੀ । ਉਸ ਦੀ ਮਾਂ ਨੇ ਸਿਰਫ਼ ਹਿੰਦੀ ਰਤਨ ਦਾ ਇਮਤਿਹਾਨ ਪਾਸ ਕੀਤਾ ਸੀ । ਉਹ ਚਾਹੁੰਦੀ ਸੀ ਕਿ ਉਸ ਦੀ ਧੀ ਘੱਟ ਤੋਂ ਘੱਟ ਬੀ. ਏ. ਤਾਂ ਕਰੇ । ਪਰ ਸ਼ਾਂਤਾ ਦਾ ਕਿਤਾਬਾਂ ਵਿਚ ਬਹੁਤਾ ਧਿਆਨ ਨਹੀਂ ਸੀ ਜੁੜਦਾ । ਉਹ ਗਾਉਣ ਦੀ ਸ਼ੁਕੀਨ ਸੀ । ਕਿਤੋਂ ਭੁੱਲੀ-ਭਟਕੀ ਕੋਈ ਤਰਜ਼ ਸੁਣ ਲੈਂਦੀ ਤਾਂ ਉਹਦੇ ਮਨ ਤੇ ਨਕਸ਼ ਹੋ ਜਾਂਦੀ ਤੇ ਉਹ ਉਸ ਧੁਨ ਨੂੰ ਗਾਉਂਦੀ ਰਹਿੰਦੀ ।

ਉਸ ਦੀ ਮਾਂ ਕਈ ਵਾਰ ਖਿੱਝ ਕੇ ਆਖਦੀ, "ਕੁੜੀਏ, ਇਹ ਮਰਾਸੀਆਂ ਵਾਲੇ ਕਿੱਤੇ ਛੱਡ । ਪੜ੍ਹਾਈ ਬਾਝ ਆਦਮੀ ਡੰਗਰ ਰਹਿ ਜਾਂਦੈ । ਅਸੀਂ ਤੈਨੂੰ ਪੜ੍ਹਾਉਂਦੇ ਆਂ, ਵੱਡੀ ਹੋ ਕੇ ਅਕਲ ਆਊਗੀ ਤਾਂ ਆਖੇਂਗੀ ਕਿ ਮਾਪਿਆਂ ਤੇਰੇ ਲਈ ਚੰਗਾ ਹੀ ਕੀਤਾ । ਬਾਬੂ ਰਾਮਲਾਲ ਦੀ ਧੀ ਤੇਰੇ ਹਾਣ ਦੀ ਏ, ਕਾਲਜ ਜਾਣ ਲਈ ਤਰਸਦੀ ਏ । ਉਸ ਦੇ ਮਾਪੇ ਉਸ ਨੂੰ ਨਹੀਂ ਭੇਜ ਸਕਦੇ । ਅਸੀਂ ਤੈਨੂੰ ਮਾਰ-ਮਾਰ ਕੇ ਖੀਰ ਖੁਆਉਣੇ ਆਂ, ਪਰ ਤੈਨੂੰ ਪੜ੍ਹਾਈ ਪਸੰਦ ਹੀ ਨਹੀਂ !"

"ਮਾਂ, ਮੈਨੂੰ ਕਿਤਾਬਾਂ ਉੱਕਾ ਚੰਗੀਆਂ ਨਹੀਂ ਲਗਦੀਆਂ । ਪੜ੍ਹ-ਪੜ੍ਹ ਅੱਖਾਂ ਕਾਣੀਆਂ ਹੋ ਗਈਆਂ ਨੇ । ਇਹ ਹਿਸਾਬ ਦੇ ਸੁਆਲ...ਜੀ ਕਰਦੈ ਕਿਤਾਬ ਪਾੜ ਸੁੱਟਾਂ । ਹੁਣ ਤਾਂ ਮੈਂ ਅੱਗੇ ਤਾਂ ਪੜ੍ਹੂੰਗੀ ਜੇ ਘਰ ਗਾਉਣ ਲਈ ਮਾਸਟਰ ਰਖ ਦੇਵੇਂ ।"

"ਊਂਹ ! ਗਾਣ ਦਾ ਭੁੱਸ ਪਤਾ ਨਹੀਂ ਕਿਥੋਂ ਪੈ ਗਿਆ । ਚੰਦਰੀਏ, ਦੋ ਅੱਖਰ ਢਿੱਡ ਵਿਚ ਪਾਏਂਗੀ ਤਾਂ ਵੱਡੀ ਹੋਈ ਸਾਨੂੰ ਅਸੀਸਾਂ ਦਏਂਗੀ । ਗਾਣਾ ਸਿਖ ਕੇ ਡੂਮਾਂ ਵਾਂਗ ਟਾਰ੍ਹਾਂ ਮਾਰੇਂਗੀ, ਚੰਗੀ ਲਗੇਂਗੀ ?"



ਸ਼ਾਂਤਾ ਨੇ ਰੋ-ਪਿੱਟ ਕੇ ਦਸਵੀਂ ਕੀਤੀ । ਉਸ ਪਿਛੋਂ ਐਫ. ਏ. । ਬੀ. ਏ. ਵਿਚ ਇਕ ਸਾਲ ਫੇਲ੍ਹ ਹੋਈ, ਅਗਲੇ ਸਾਲ ਪਾਸ ਹੋ ਗਈ । ਉਸ ਦੀ ਮਾਂ ਨੇ ਪਾਸ ਹੋਈ ਦੇ ਲੱਡੂ ਵੰਡੇ ਤੇ ਕੁੜੀ ਦਾ ਵਿਆਹ ਧਰ ਦਿੱਤਾ ।

ਸ਼ਾਂਤਾ ਵਿਆਹੀ ਗਈ । ਵਿਆਹ ਦੇ ਗੀਤ ਉਸ ਖ਼ੁਦ ਕੁੜੀਆਂ ਵਿਚ ਬੈਠ ਕੇ ਗਾਏ, ਮਾਂ-ਧੀ ਦੇ ਵਿਛੋੜੇ ਦੇ ਗੀਤ ਜਿਨ੍ਹਾਂ ਨੂੰ ਸੁਣ-ਸੁਣ ਉਸ ਦੀ ਮਾਂ ਦਾ ਕਲੇਜਾ ਸੱਲ ਹੁੰਦਾ ਸੀ ।

ਵਿਆਹ ਪਿੱਛੋਂ ਸ਼ਾਂਤਾ ਫਿਰੋਜ਼ਪੁਰ ਤੋਂ ਲੁਧਿਆਣੇ ਚਲੀ ਗਈ । ਘਰ ਦੀਆਂ ਜ਼ਿੰਮੇਦਾਰੀਆਂ, ਕਬੀਲਦਾਰੀ, ਨਿੱਤ ਦੇ ਰੁਝੇਵਿਆਂ ਵਿਚ ਉਸ ਦੀ ਸੱਧਰ ਦੱਬੀ ਗਈ । ਉਸ ਦੀ ਕੁੜੀ ਹੱਦੋਂ ਸੋਹਣੀ ਸੀ, ਗੋਰੀ ਚਿੱਟੀ, ਵੱਡੀਆਂ-ਵੱਡੀਆਂ ਕੰਵਲਾਂ ਵਰਗੀਆਂ ਅੱਖਾਂ ।

"ਕੀ ਹੋਇਆ ਜੇ ਮੈਂ ਗਾਣਾ ਨਹੀਂ ਸਿਖ ਸਕੀ ਮੇਰੀ ਧੀ ਮੇਰੀ ਸੱਧਰ ਪੂਰੀ ਕਰੇਗੀ" ਸ਼ਾਂਤਾ ਸੋਚਦੀ । "ਛੇਕੜ ਧੀਆਂ-ਪੁੱਤ ਮਾਪਿਆਂ ਦੀਆਂ ਅਪੂਰਣ ਆਸਾਂ ਤੇ ਸੁਫ਼ਨਿਆਂ ਦਾ ਹੀ ਤਾਂ ਪਰਗਟਾਵਾ ਹੁੰਦੇ ਹਨ ।"

ਉਸ ਨੇ ਕੁੜੀ ਦਾ ਨਾਂ ਕੰਵਲ ਰਖਿਆ । ਘਰ ਵਿਚ ਤਵਿਆਂ ਵਾਲੀ ਮਸ਼ੀਨ ਸੀ । ਚੰਗੇ-ਚੰਗੇ ਰਿਕਾਰਡ ਸਨ । ਰੇਡੀਓ ਸੀ । ਨਿੱਕੀ ਕੰਵਲ ਗੀਤ ਸੁਣਦੀ ਤਾਂ ਨਾਲ-ਨਾਲ ਗਾਉਂਦੀ ਤੇ ਨੱਚਦੀ । ਮਾਂ ਵਾਰੇ-ਵਾਰੇ ਜਾਂਦੀ । ਉਸ ਨੂੰ ਚੁੰਮਦੀ, ਪਿਆਰ ਕਰਦੀ ਤੇ ਆਪਨਾ ਨੱਕ ਉਸ ਦੀਆਂ ਗੱਲ੍ਹਾਂ ਨਾਲ ਰਗੜ ਕੇ ਆਖਦੀ, "ਮੇਰੀ ਧੀ ਸੰਗੀਤ ਦੀ ਰਾਣੀ ਬਣੇਗੀ !"

ਕੰਵਲ ਸਕੂਲ ਵਿਚ ਸਭ ਤੋਂ ਸੋਹਣੀ ਸੀ । ਮਾਂ ਉਸ ਦੇ ਕੱਜਲ ਪਾਉਣ ਲਗਿਆਂ ਉਸ ਦੇ ਮੱਥੇ ਉੱਤੇ ਟਿੱਕਾ ਲਾ ਦੇਂਦੀ ਤਾਂ ਜੋ ਕੁੜੀ ਨੂੰ ਨਜ਼ਰ ਨਾ ਲਗ ਜਾਏ । ਕੰਵਲ ਸੰਗੀਤ ਦੇ ਵਾਤਾਵਰਨ ਵਿਚ ਪਰਵਾਨ ਚੜ੍ਹੀ । ਪਰ ਸਕੂਲ ਵਿਚ ਸਾਲਾਨਾ ਜਲਸੇ ਉੱਤੇ ਸਭ ਕੁੜੀਆਂ ਵਿਚੋਂ ਕੰਵਲ ਨੂੰ ਗਾਉਣ ਵਿਚ ਨਹੀਂ, ਸਗੋਂ ਨੱਚਣ ਵਿਚ ਇਨਾਮ ਮਿਲਿਆ ।

ਇਹ ਨੱਚਣਾ ਉਸ ਪਤਾ ਨਹੀਂ ਕਿਥੋਂ ਸਿੱਖ ਲਿਆ ਸੀ । ਪਤਾ ਨਹੀਂ ਨ੍ਰਿਤ ਦਾ ਸ਼ੌਕ ਉਸ ਨੂੰ ਕਿਥੋਂ ਆਇਆ । ਕਿਸ ਨੇ ਉਸ ਦੀਆਂ ਨਸਾਂ ਵਿਚ ਥਿਰਕਣ ਭਰ ਦਿੱਤੀ ਸੀ ? ਉਹ ਕਈ ਵਾਰ ਕੁੰਡੀ ਜੜ ਕੇ ਡਰਾਇੰਗਰੂਮ ਵਿਚ ਰੇਡੀਓ ਲਾਉਂਦੀ ਤਾਂ ਨਾਲ ਹੀ ਨਾਲ ਨੱਚਦੀ । ਉਸ ਦੇ ਹੱਥਾਂ ਪੈਰਾਂ ਵਿਚ ਤਬਲੇ ਦੀ ਥਾਪ ਸੀ । ਜਦੋਂ ਗਾਣਾ ਸੁਣਦੀ ਤਾਂ ਉਸ ਦੀ ਅੱਡੀ ਵਜਣੋਂ ਨਹੀਂ ਸੀ ਰਹਿੰਦੀ । ਇਕ ਦਿਨ ਉਸ ਆਪਨੀ ਮਾਂ ਨੂੰ ਆਖਿਆ :

"ਮਾਂ, ਮੈਨੂੰ ਸੰਗੀਤ ਚੰਗਾ ਲਗਦੈ, ਪਰ ਸੰਗੀਤ ਦੇ ਸੁਰ ਨਾਲੋਂ ਇਸ ਦੀ ਤਾਲ ਚੰਗੀ ਲਗਦੀ ਐ । ਜੀਅ ਕਰਦੈ ਇਨ੍ਹਾਂ ਬੋਲਾਂ ਨੂੰ ਗਾਵਾਂ ਨਾ, ਸਗੋਂ ਇਨ੍ਹਾਂ ਉੱਤੇ ਨੱਚਾਂ । ਮੈਨੂੰ ਨਾਚ ਸਿਖਾਉਣ ਵਾਲਾ ਮਾਸਟਰ ਕਿਉਂ ਨਹੀਂ ਲਾ ਦੇਂਦੀ ?"

"ਤੂੰ ਨਾਚ ਸਿਖੇਂਗੀ ਕੀ ?" ਮਾਂ ਨੇ ਹੈਰਾਨ ਹੋ ਕੇ ਪੁੱਛਿਆ । "ਸੰਗੀਤ ਕਿਉਂ ਨਹੀਂ ?"

"ਸੰਗੀਤ ਨਾਲੋਂ ਮੈਨੂੰ ਨਾਚ ਵਧੇਰੇ ਚੰਗਾ ਲਗਦੈ ।"

"ਖ਼ਵਰੇ ਇਹ ਭੈੜੇ-ਭੈੜੇ ਸ਼ੌਕ ਤੈਨੂੰ ਕਿਥੋਂ ਪੈ ਗਏ ?"

ਜਦ ਕੰਵਲ ਨੇ ਨੱਚਣ ਲਈ ਜ਼ਿੱਦ ਕੀਤੀ ਤਾਂ ਮਾਂ ਨੂੰ ਬਹੁਤ ਗੁੱਸਾ ਆਇਆ। ਉਹ ਨੱਚਣ ਦੇ ਖ਼ਿਲਾਫ਼ ਸੀ, ਇਸ ਲਈ ਕਿ ਸਮਾਜੀ ਤੌਰ ਤੇ ਇਹ ਭੈੜਾ ਕੰਮ ਹੈ। ਉਸ ਕੰਵਲ ਨੂੰ ਝਿੜਕਿਆ ਝੰਬਿਆ, ਪਰ ਕੰਵਲ ਉਤੇ ਕੋਈ ਅਸਰ ਨਾ ਹੋਇਆ। ਉਸ ਦੀ ਸਭ ਤੋਂ ਵੱਡੀ ਸੱਧਰ ਸੀ ਕਿ ਉਹ ਇਕ ਵੱਡੀ ਨ੍ਰਿਤਕੀ ਬਣੇ। ਉਸ ਦੀਆਂ ਅੱਖਾਂ ਵਿਚ ਨ੍ਰਿਤਕੀ ਦੀ ਚਮਕ ਤੇ ਅੰਗਾਂ ਵਿਚ ਮੁਦਰਾਵਾਂ ਸਨ। ਇਕ ਦਿਨ ਮਾਂ-ਧੀ ਵਿਚ ਲੜਾਈ ਹੋਈ। ਮਾਂ ਨੇ ਘੁੰਗਰੂ ਬਾਹਰ ਸੁੱਟ ਦਿੱਤੇ। ਕੰਵਲ ਬਹੁਤ ਚਿਰ ਬੈਠੀ ਰੋਂਦੀ ਰਹੀ। ਉਸ ਦੀਆਂ ਸੱਧਰਾਂ ਦਾ ਖ਼ੂਨ ਹੋ ਗਿਆ।

ਕੰਵਲ ਸਿਆਣੀ ਹੋਈ ਤਾਂ ਉਸ ਦੀਆਂ ਉਂਗਲਾਂ ਤੇ ਥਿਰਕਦੀਆਂ ਅੱਡੀਆਂ ਦੀਆਂ ਲੂਰੀਆਂ ਘਟ ਗਈਆਂ। ਇਕ ਵੱਡੇ ਠੇਕੇਦਾਰ ਦੇ ਮੁੰਡੇ ਨਾਲ ਉਸ ਦਾ ਵਿਆਹ ਹੋਇਆ। ਕੁੜੀ ਪੜ੍ਹੀ ਲਿਖੀ ਸੀ ਬੀ. ਏ. ਪਾਸ। ਗਾਣਾ ਜਾਣਦੀ ਸੀ, ਸਿਤਾਰ ਵੀ ਵਜਾਂਦੀ ਸੀ, ਨੱਚਣ ਦਾ ਉਸ ਨੂੰ ਸ਼ੌਕ ਸੀ। ਤੇ ਫਿਰ ਸੋਹਣੀ। ਠੇਕੇਦਾਰ ਦਾ ਮੁੰਡਾ ਵਲਾਇਤ ਪਾਸ ਕਰਕੇ ਆਇਆ ਸੀ। ਉਹ ਕੰਵਲ ਨੂੰ ਪਿਆਰ ਕਰਦਾ ਸੀ। ਕੰਵਲ ਨੇ ਸੋਚਿਆ, "ਚਲੋ, ਮਾਪਿਆਂ ਦੇ ਘਰ ਜੋ ਸੱਧਰ ਪੂਰੀ ਨਹੀਂ ਹੋਈ, ਵਿਆਹ ਹੋਣ ਪਿਛੋਂ ਪੂਰੀ ਕਰਾਂਗੀ।"

ਵਿਆਹ ਪਿਛੋਂ ਦੋਹਾਂ ਨੇ ਹਨੀਮੂਨ ਕਸ਼ਮੀਰ ਮਨਾਇਆ। ਕੰਵਲ ਵਾਪਸ ਆਪਣੇ ਪਤੀ ਨਾਲ ਦਿੱਲੀ ਆਈ ਤਾਂ ਉਸ ਬਿਨਾ ਕੋਈ ਕਲਚਰਲ ਪ੍ਰੋਗਰਾਮ ਪੂਰਾ ਨਹੀਂ ਸੀ ਹੁੰਦਾ। ਉਹ ਪਾਰਟੀਆਂ ਦੀ ਜਾਨ ਸੀ। ਉਨ੍ਹੀਂ ਦਿਨੀਂ ਜਦ ਉਹ ਸੋਚ ਰਹੀ ਸੀ ਕਿ ਦੱਖਣ ਵਿਚ ਜਾ ਕੇ ਕਿਸੇ ਗੁਰੂ ਤੋਂ ਭਾਰਤ ਨੱਟਯਮ ਦੀ ਸਿਖਸ਼ਾ ਲਵੇ ਜਾਂ ਦਿੱਲੀ ਹੀ ਪਹਿਲਾਂ ਕਿਸੇ ਕੋਲੋਂ ਸਿੱਖੇ ਤਾਂ ਉਸ ਦਾ ਜੀਅ ਖ਼ਰਾਬ ਰਹਿਣ ਲੱਗਾ। ਉਸ ਨੂੰ ਪਤਾ ਲੱਗਾ ਕਿ ਉਹ ਅੱਠ ਮਹੀਨੇ ਨਾਚ ਨਹੀਂ ਸਿੱਖ ਸਕੇਗੀ। ਆਪਣੀ ਮਾਂ ਦੀ ਛੱਤ ਹੇਠ ਰਹਿੰਦੀ ਉਹ ਕੈਦ ਸੀ ਪਰ ਸਰੀਰਕ ਤੌਰ ਤੇ ਆਜ਼ਾਦ। ਪਤੀ ਦੀ ਛੱਤ ਹੇਠ ਉਸ ਨੂੰ ਹਰ ਕਾਸੇ ਦੀ ਆਜ਼ਾਦੀ ਸੀ ਪਰ ਸਰੀਰਕ ਤੌਰ ਤੇ ਨਹੀਂ। ਉਸ ਨੇ ਤੀਵੀਂ ਦੇ ਇਸ ਪੱਖ ਬਾਰੇ ਕਦੀ ਵੀ ਨਹੀਂ ਸੀ ਸੋਚਿਆ।

ਅੱਠ ਮਹੀਨਿਆਂ ਪਿਛੋਂ ਉਸ ਦੇ ਮੁੰਡਾ ਜੰਮਿਆ। ਬੱਚਾ ਹੋਣ ਪਿਛੋਂ ਉਹ ਇਕ ਮਹੀਨਾ ਹਸਪਤਾਲ ਵਿਚ ਹੀ ਰਹੀ। ਉਸ ਨੂੰ ਬਹੁਤ ਤ੍ਰੇਹ ਲਗਦੀ। ਗਰਮੀਆਂ ਦੇ ਦਿਨ ਸਨ। ਉਹ ਵਾਰ-ਵਾਰ ਪਾਣੀ ਪੀਂਦੀ—ਬਰਫ਼ ਦਾ ਪਾਣੀ, ਸ਼ਰਬਤ, ਕੱਚੀ ਲੱਸੀ। ਬੱਚੇ ਦੀ ਸਿਹਤ ਤਾਂ ਕੁਝ ਦਿਨਾਂ ਪਿਛੋਂ ਠੀਕ ਹੋ ਗਈ ਪਰ ਕੰਵਲ ਰਾਣੀ ਦੀ ਕਮਰ ਜੋ ਪਹਿਲਾਂ 21 ਇੰਚ ਸੀ, ਹੁਣ ਤਾਂ ਰਤਾ ਵਧੇਰੇ ਘੇਰ ਦੀ ਹੋ ਗਈ ਸੀ। ਪਹਿਲੀਆਂ ਸਭੇ ਕਮੀਜ਼ਾਂ ਤੰਗ ਹੋ ਗਈਆਂ। ਤਰੀਜ਼ਾਂ ਖੋਲ੍ਹੀਆਂ ਗਈਆਂ, ਪਲੋਈਆਂ ਤੇ ਪਲੇਟ ਉਧੇੜੇ ਗਏ, ਫੇਰ ਵੀ ਕਮੀਜ਼ਾਂ ਫਸ ਕੇ ਆਉਂਦੀਆਂ ਸਨ। ਖਾਣਾ ਘਟ ਕੀਤਾ ਤਾਂ ਜੋ ਕੰਵਲ ਆਪਣੀ ਅਸਲੀ ਥਾਂ ਤੇ ਆ ਜਾਵੇ। ਪਰ ਖਾਣਾ ਘਟਾਉਣ ਨਾਲ ਕੰਵਲ ਨਾ ਘਟੀ।

ਉਸ ਨੂੰ ਆਪਣੇ ਆਪ ਤੇ ਬਹੁਤਾ ਗੁੱਸਾ ਆਉਂਦਾ। ਉਹ ਪਹਿਰਾਂ ਬੈਠੀ ਸ਼ੀਸ਼ੇ ਵਿਚ ਆਪਣਾ ਮੂੰਹ ਤੱਕਦੀ ਰਹਿੰਦੀ। ਅੱਖਾਂ ਦੀ ਚਮਕ ਉਸੇ ਤਰ੍ਹਾਂ ਸੀ, ਪਰ ਅੱਖਾਂ ਹੇਠ ਕਿਤੇ-ਕਿਤੇ ਛਾਈ ਫਿਰ ਗਈ ਸੀ। ਹੱਡਾਂ ਵਿਚ ਸੁਸਤੀ। ਅਜੀਬ ਨਸ਼ੀਲਾ ਮਿੱਠਾ-



ਮਿੱਠਾ ਦਰਦ....ਜੀਅ ਕਰਦਾ ਸੀ ਸਰੀਰ ਨੂੰ ਢਿੱਲਾ ਛੱਡ ਕੇ ਪਲੰਘ ਉਤੇ ਪੈ ਜਾਵੇ।

ਮੁੰਡਾ ਵੱਡਾ ਹੋਣ ਲੱਗਾ। ਉਹ ਚਾਰ ਸਾਲਾਂ ਦਾ ਸੀ ਕਿ ਕੰਵਲ ਦਾ ਜੀਅ ਫਿਰ ਘਿਰਣ ਲੱਗਾ ਤੇ ਪਹਿਲਾਂ ਵਾਂਗ ਉਸ ਦੀ ਜੀਭ ਦਾ ਸੁਆਦ ਕਸੈਲਾ-ਕਸੈਲਾ ਰਹਿਣ ਲੱਗਾ।

ਉਹ ਮੁੜ ਕਿਸੇ ਧੀ-ਪੁੱਤ ਦੀ ਆਸਵੰਦ ਸੀ। ਜਿਨ੍ਹੀਂ ਦਿਨੀਂ ਉਸ ਦੇ ਬੱਚਾ ਹੋਣ ਵਾਲਾ ਸੀ, ਉਹ ਕਮਰੇ ਵਿਚ ਪਈ ਕਈ-ਕਈ ਘੰਟੇ ਸੋਚਦੀ ਰਹਿੰਦੀ। ਕੀ ਉਹ ਮੁੜ ਕਦੇ ਨੱਚਣਾ ਸਿਖ ਸਕੇਗੀ ? ਕਬੀਲਦਾਰੀ ਦੇ ਝੇੜਿਆਂ ਵਿਚ ਗਾਣਾ ਮੁਮਕਿਨ ਹੈ, ਪੜ੍ਹਨਾ-ਲਿਖਣਾ ਵੀ ਆਸਾਨ ਹੈ। ਪਰ ਨੱਚਣਾ....ਉੱਕਾ ਨਾ-ਮੁਮਕਿਨ ! ਉਹ ਕਦੀ ਵੀ ਨੱਚਣਾ ਨਹੀਂ ਸਿਖ ਸਕੇਗੀ। ਜ਼ਿੰਦਗੀ ਦੀ ਸਭ ਤੋਂ ਵੱਡੀ ਸੱਧਰ ਦਿਲ ਵਿਚ ਹੀ ਲੈ ਕੇ ਇਸ ਦੁਨੀਆਂ ਤੋਂ ਤੁਰ ਜਾਏਗੀ। ਪਹਿਲੀ ਵਾਰ ਮੁੰਡਾ ਹੋਇਆ ਸੀ। ਮੁੰਡਿਆਂ ਭਲਾ ਨੱਚਣਾ ਕੀ ਐ ? ਜੇ ਇਸ ਵਾਰ ਕੁੜੀ ਹੋਈ ਤਾਂ ਉਸ ਨੂੰ ਜੰਮਦੀ ਨੂੰ ਹੀ ਨੱਚਣ ਦੇ ਸਕੂਲ ਵਿਚ ਪਾ ਦਿਆਂਗੀ। ਪੰਜ ਸਾਲ ਦੀ ਕੁੜੀ ਹੋਈ ਤਾਂ ਘਰ ਮਾਸਟਰ ਰਖ ਦੇਵਾਂਗੀ। ਫਿਰ ਦਸ ਸਾਲ ਦੀ ਉਮਰ ਵਿਚ ਦੱਖਣ ਕਿਸੇ ਗੁਰੂ ਕੋਲ ਘੱਲ ਦਿਆਂਗੀ ਤਾਂ ਜੋ ਉਹ ਵੱਡੀ ਨ੍ਰਿਤਕੀ ਬਣ ਸਕੇ....।

ਉਸ ਦੋਵੇਂ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ ਇਸ ਵਾਰ ਉਸ ਦੇ ਕੁੜੀ ਹੋਵੇ।

ਉਸ ਦੀ ਪ੍ਰਾਰਥਨਾ ਮੰਜ਼ੂਰ ਹੋਈ ਤੇ ਉਸ ਦੇ ਕੁੜੀ ਜੰਮੀ। ਕੁੜੀ ਨੇ ਹੌਲੀ-ਹੌਲੀ ਵੱਡੇ ਹੋਣਾ ਸ਼ੁਰੂ ਕੀਤਾ। ਕੰਵਲ ਚਾਹੁੰਦੀ ਸੀ ਕਿ ਇਕੋ ਛੜੱਪੇ ਵਿਚ ਕੁੜੀ ਪੰਜ ਸਾਲਾਂ ਦੀ ਹੋ ਜਾਵੇ ਤਾਂ ਜੋ ਨੱਚਣ ਦੀ ਵਿਦਿਆ ਸ਼ੁਰੂ ਕਰ ਸਕੇ। ਇਕ ਤਰ੍ਹਾਂ ਦਾ ਜਨੂੰਨ ਜਿਹਾ ਸੀ ਉਸ ਨੂੰ। ਉਹ ਆਪਣੀ ਮਾਂ, ਤੇ ਉਸ ਦੀ ਮਾਂ ਤੋਂ ਬਦਲਾ ਲੈਣਾ ਚਾਹੁੰਦੀ ਸੀ। ਕੁੜੀ ਨੂੰ ਸਿਖਾ ਕੇ ਉਹ ਆਪਣੀ ਸਭ ਤੋਂ ਵੱਡੀ ਸੱਧਰ ਪੂਰੀ ਕਰਨੀ ਚਾਹੁੰਦੀ ਸੀ। ਉਸ ਕੁੜੀ ਦਾ ਨਾਂ ਰਖਿਆ ਆਸ਼ਾ।

ਆਸ਼ਾ ਘੁੰਗਰੂਆਂ ਦੀ ਛਣਕਾਰ ਤੇ ਸਿਤਾਰ ਦੀ ਝੁਣਕਾਰ ਵਿਚ ਵੱਡੀ ਹੋਈ। ਭਾਵੇਂ ਨੱਚਣ ਦੇ ਸਭ ਸਾਧਨ ਘਰ ਵਿਚ ਮੌਜੂਦ ਸਨ ਪਰ ਆਸ਼ਾ ਨੂੰ ਇਸ ਨਾਲੋਂ ਗੁੱਡੀਆਂ-ਪਟੋਲੇ ਤੇ ਮੂਰਤਾਂ ਵਾਲੀਆਂ ਕਿਤਾਬਾਂ ਚੰਗੀਆਂ ਲਗਦੀਆਂ ਸਨ।

ਉਸ ਨੂੰ ਅਣਗਿਣਤ ਕਹਾਣੀਆਂ ਯਾਦ ਸਨ, ਫਿਰ ਵੀ ਉਸ ਦੀ ਕਹਾਣੀਆਂ ਦੀ ਭੁੱਖ ਨਹੀਂ ਸੀ ਮਿਟਦੀ। ਰਾਤ ਨੂੰ ਸੌਣ ਲਗੇ ਆਪਣੀ ਮਾਂ ਨੂੰ 'ਜੰਗਲੀ ਸ਼ਹਿਜ਼ਾਦੀ' 'ਰਾਜੇ ਦਾ ਹਾਥੀ' ਤੇ 'ਸਤ-ਲੜੇ ਹਾਰ' ਦੀਆਂ ਕਹਾਣੀਆਂ ਸੁਣਾਉਣ ਲਈ ਆਖਦੀ। ਸਕੂਲ ਵਿਚ ਅੱਧੀ ਛੁੱਟੀ ਵੇਲੇ ਬਾਕੀ ਕੁੜੀਆਂ 'ਅੱਡੀ ਟੱਪਾ' ਤੇ 'ਸਤ ਸਮੁੰਦਰ' ਖੇਡਦੀਆਂ, ਆਸ਼ਾ ਮੂਰਤਾਂ ਵਾਲੀ ਕਿਤਾਬ ਲੈ ਕੇ ਬੈਠ ਜਾਂਦੀ।

ਇਕ ਦਿਨ ਉਸ ਦੀ ਮਾਂ ਸਕੂਲ ਗਈ। ਸਲਾਨਾ ਜਲਸਾ ਸੀ। ਆਸ਼ਾ ਜਮਾਤ ਵਿਚ ਅੱਵਲ ਆਈ ਸੀ। ਮਾਂ ਨੇ ਆਖਿਆ, "ਧੀਏ, ਬਹੁਤਾ ਪੜ੍ਹੀਦਾ ਨਹੀਂ। ਅੱਖਾਂ ਖ਼ਰਾਬ ਹੋ ਜਾਂਦੀਆਂ ਨੇ। ਸੰਗੀਤ ਤੇ ਨੱਚਣ ਵਲ ਵੀ ਧਿਆਨ ਦਿਆ ਕਰ। ਅੱਜ-ਕਲ੍ਹ ਤਾਂ ਹਰ ਕੁੜੀ ਨੂੰ ਨੱਚਣਾ ਆਣਾ ਜ਼ਰੂਰੀ ਹੈ। ਸਾਡਾ ਘਰ ਬਾਕੀ ਟੱਬਰਾਂ ਵਾਂਗ ਸੌੜੀਆਂ ਕੀਮਤਾਂ ਦਾ ਗ਼ੁਲਾਮ ਨਹੀਂ, ਸਗੋਂ ਵਿਸ਼ਾਲ ਤੇ ਚੰਗੀਆਂ ਕੀਮਤਾਂ ਨੂੰ ਕਬੂਲਦਾ ਹੈ। ਜਦ ਤੂੰ ਦਸਵੀਂ ਪਾਸ ਕਰ ਲਈ ਤਾਂ ਤੈਨੂੰ ਨਾਚ ਦੇ ਸਕੂਲ ਘੱਲਾਂਗੀ।"

"ਨਹੀਂ ਮਾਂ, ਮੈਂ ਤਾਂ ਕਾਲਜ ਜਾਵਾਂਗੀ।"

"ਝੱਲੀਏ ਕਾਲਜ ਵਿਚ ਆਏ ਸਾਲ ਹਜ਼ਾਰਾਂ ਕੁੜੀਆਂ ਬੀ. ਏ. ਪਾਸ ਕਰ ਲੈਂਦੀਆਂ ਨੇ। ਕੋਈ ਪੁੱਛਦਾ ਵੀ ਨਹੀਂ। ਪਰ ਜੇ ਨੱਚਣਾ ਆਉਂਦਾ ਹੋਵੇ ਤਾਂ ਇਸ ਕਲਾ ਦੀ ਸੌ ਕਦਰ ਹੈ।"

ਮਾਂ ਆਪਣੀਆਂ ਆਸਾਂ ਗੁੰਦਦੀ ਰਹੀ, ਆਸ਼ਾ ਆਪਣੀਆਂ। ਮਾਂ ਨਾਚ ਦੇ ਸੁਫ਼ਨੇ ਤੱਕਦੀ ਰਹੀ, ਆਸ਼ਾ ਕਿਤਾਬਾਂ ਵਿਚ ਲੁਕੀ ਹੋਈ ਦੁਨੀਆਂ ਦੇ। ਦਸਵੀਂ ਵਿਚ ਆਸ਼ਾ ਅੱਵਲ ਆਈ। ਉਸ ਦੀ ਸੱਧਰ ਸੀ ਕਿ ਐਮ. ਏ. ਪਾਸ ਕਰੇ, ਸਾਹਿਤ ਦਾ ਐਮ. ਏ. ਤੇ ਕਹਾਣੀਆਂ ਲਿਖੇ। ਸਾਹਿਤ ਦੀ ਦੁਨੀਆਂ ਵਿਚ ਡੁੱਬੀ ਹੋਈ ਆਸ਼ਾ ਨੂੰ ਇਕ ਦਿਨ ਉਸ ਦੀ ਮਾਂ ਨੇ ਆਖਿਆ :

"ਮੈਂ ਤੇਰੇ ਸਕੂਲ ਦਾ ਪ੍ਰਬੰਧ ਕਰ ਦਿੱਤੈ।"

"ਮੈਂ ਨਹੀਂ ਜਾਣਾ।"

"ਕਿਉਂ ?"

"ਮੈਨੂੰ ਨੱਚਣ ਵਿਚ ਕੋਈ ਦਿਲਚਸਪੀ ਨਹੀਂ। ਮੈਂ ਅੱਗੇ ਪੜ੍ਹਨਾ ਚਾਹੁੰਦੀ ਆਂ। ਮੇਰੇ ਨਾਲ ਦੀਆਂ ਸਾਰੀਆਂ ਕੁੜੀਆਂ ਪੜ੍ਹ ਰਹੀਆਂ ਨੇ। ਸਾਹਿਤ ਦੀ ਦੁਨੀਆਂ ਵਚਿੱਤਰ ਐ, ਮਹਾਨ ਐ, ਮੈਂ ਪੜ੍ਹਾਂਗੀ, ਕਾਲਜ ਵਿਚ....।"

ਮਾਂ ਦੀਆਂ ਸੱਧਰਾਂ ਉਤੇ ਪਾਣੀ ਫਿਰ ਗਿਆ। ਉਸ ਮੂੰਹ ਵੱਟ ਲਿਆ। ਉਸ ਨੂੰ ਇੰਜ ਲਗਿਆ ਜਿਵੇਂ ਪੰਦਰਾਂ ਸਾਲ ਉਹ ਕਿਸੇ ਨੂੰ ਪਿਆਰ ਕਰਦੀ ਰਹੀ ਹੈ, ਤੇ ਇਕਦਮ ਉਸ ਆਦਮੀ ਨੇ ਆਖਿਆ — ਮੈਨੂੰ ਤੇਰੇ ਨਾਲ ਪਿਆਰ ਨਹੀਂ, ਮੈਂ ਤਾਂ ਕਿਸੇ ਹੋਰ ਕੁੜੀ ਨੂੰ ਪਿਆਰ ਕਰਦਾ ਹਾਂ, ਉੱਕਾ ਧਰੋਹ। ਦਗ਼ਾ ! ਧੋਖਾ !

ਮਾਂ ਧੀ ਦੇ ਵਿਚਕਾਰ ਵੱਡੀ ਕੰਧ ਸੀ। ਉਹ ਇਕ ਦੂਜੀ ਨੂੰ ਦੇਖ ਨਹੀਂ ਸਨ ਸਕਦੀਆਂ। ਆਸ਼ਾ ਦੇ ਦਿਲ ਅੰਦਰ ਡੋਬ ਪੈ ਰਹੇ ਸਨ। ਉਸ ਦੀ ਮਾਂ ਕਿਉਂ ਪੜ੍ਹਾਈ ਦੇ ਵਿਰੁੱਧ ਸੀ ? ਕਿਉਂ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਉਸ ਦੀ ਮਾਂ ਸੀ ?

ਉਸ ਦੇ ਦਿਲ ਅੰਦਰ ਚੀਸ ਉਠ ਰਹੀ ਸੀ। ਕੀ ਉਸ ਦੀ ਸਭ ਤੋਂ ਵੱਡੀ ਸੱਧਰ ਉਸ ਦੀ ਮਾਂ ਦੀ ਖ਼ਾਹਸ਼ ਉਤੇ ਕੁਰਬਾਨ ਹੋ ਜਾਵੇਗੀ ?

ਉਹ ਗਿੱਲੀਆਂ ਅੱਖਾਂ ਨਾਲ ਖਿੜਕੀ ਵਿਚੋਂ ਦੂਰ ਬਾਹਰ ਤੱਕ ਰਹੀ ਸੀ।

## 7

# ਫਿੱਟੇ ਮੂੰਹ

ਜਦ ਮੈਨੂੰ ਕਿਤੇ ਸਰਕਾਰੀ ਨੌਕਰੀ ਨਾ ਮਿਲੀ ਤਾਂ ਮੈਂ ਇਕ ਘਟੀਆ ਜਿਹੀ ਰੇਡੀਓ ਕੰਪਨੀ ਵਿਚ ਭਰਤੀ ਹੋ ਗਿਆ। ਮੇਰਾ ਕੰਮ ਮੰਡੀਆਂ ਵਿਚ ਕੰਪਨੀ ਲਈ ਆਰਡਰ ਬੁਕ ਕਰਨਾ ਸੀ। ਕੰਪਨੀ ਜਿੰਨੀ ਘਟੀਆ ਕਮਿਸ਼ਨ ਉਤਨੀ ਹੀ ਜ਼ਿਆਦਾ।

ਕਾਲਜ ਵਿਚ ਬੋਲਣ ਤੇ ਤਕਰੀਰਾਂ ਝਾੜਨ ਵਿਚ ਅੱਵਲ ਹੋਣ ਕਰਕੇ ਮੈਂ ਚਰਬ-ਜ਼ਬਾਨ ਹਾਂ। ਮਿਰਚ-ਮਸਾਲਾ ਲਾ ਕੇ ਮੈਨੂੰ ਗੱਲ ਕਰਨੀ ਆਉਂਦੀ ਹੈ। ਇਹ ਨੌਕਰੀ ਮੈਨੂੰ ਰਾਸ ਆ ਗਈ।

ਮੈਨੂੰ ਪਤਾ ਸੀ ਕਿ ਕਿਹੜੀ ਮੰਡੀ ਤੇ ਕਸਬੇ ਦਾ ਦੁਕਾਨਦਾਰ ਕਿੰਨੇ ਆਰਡਰ ਦੇ ਸਕਦਾ ਹੈ। ਕਿਸ ਦਾ ਕਿੰਨਾ ਰਸੂਖ ਹੈ। ਕਿੰਨੀ ਪੁੱਜਤ ਹੈ। ਉਨ੍ਹਾਂ ਲਈ ਕੰਪਨੀ ਵੱਲੋਂ ਕੈਲੰਡਰ, ਪੈਨਸਲਾਂ ਤੇ ਮੂੰਹ ਵਾਲਾ ਨਿੱਕਾ ਵਾਜਾ, ਇਨਾਮ ਵਜੋਂ ਮੈਂ ਆਪਣੇ ਥੋਕ ਵਪਾਰੀਆਂ ਨੂੰ ਦੇ ਆਉਂਦਾ।

ਇਸ ਵੇਰ ਮੈਂ ਲੁਧਿਆਣਾ, ਫਗਵਾੜਾ ਤੇ ਜਲੰਧਰ ਹੋ ਕੇ ਅੰਮ੍ਰਿਤਸਰ ਪੁੱਜਾ ਤਾਂ ਹਾਲ ਬਾਜ਼ਾਰ ਦੇ ਵੱਡੇ ਵਪਾਰੀ ਲਾਲਾ ਹੇਮ ਰਾਜ ਭਗਵਾਨ ਦਾਸ ਕੋਲ ਗਿਆ।

ਦੋਹਰੇ ਸਰੀਰ ਦਾ ਮੋਟਾ-ਤਾਜ਼ਾ ਭਗਵਾਨ ਦਾਸ ਕਿਸੇ ਜ਼ਮਾਨੇ ਵਿਚ ਮੇਰਾ ਜਮਾਤੀ ਸੀ। ਗੁਰ-ਭਾਈ ਹੋਣ ਦੇ ਨਾਤੇ ਉਹ ਸਦਾ ਮੇਰੇ ਕੋਲੋਂ ਹੀ ਰੇਡੀਓ ਲੈਂਦਾ। ਦੂਜੇ ਰੇਡੀਓ ਫਿਲਿਪ ਤੇ ਮਰਫ਼ੀ ਕੰਪਨੀਆਂ ਦੇ ਏਜੰਟ ਲੱਖ ਯਤਨ ਕਰਦੇ, ਉਨ੍ਹਾਂ ਕੋਲੋਂ ਕਦੇ ਇਕ ਰੇਡੀਓ ਨਹੀਂ ਸੀ ਖ਼ਰੀਦਿਆ।

ਜਦ ਪੁੱਜਾ ਤਾਂ ਉਹ ਦੁਕਾਨ ਦੇ ਕਾਊਂਟਰ ਪਿੱਛੇ ਖੜੇ ਇਕ ਗਾਹਕ ਨੂੰ ਗ੍ਰਾਮੋਫ਼ੋਨ ਮਸ਼ੀਨ ਵੇਚ ਰਿਹਾ ਸੀ। ਉਸ ਦੇ ਅਸਿਸਟੈਂਟ ਨੇ ਝਟ ਮੈਨੂੰ ਇਕ ਪਾਸੇ ਕੁਰਸੀ ਡਾਹ ਦਿੱਤੀ ਸ਼ਿਕੰਜਵੀ ਪਿਲਾਈ। ਮੈਂ ਸੁਸਤਾਉਣ ਲੱਗਾ।

ਜਦ ਗਾਹਕ ਤੋਂ ਵੇਹਲਾ ਹੋਇਆ ਤਾਂ ਭਗਵਾਨ ਦਾਸ ਮੈਨੂੰ ਮਿਲਿਆ।

ਬਿਜ਼ਨਸ ਦੀ ਗੱਲਬਾਤ ਹੋਈ ! ਉਸ ਆਖਿਆ, "ਇਸ ਵਾਰ ਤਾਂ ਮਸਾਂ ਪੰਜ ਰੇਡੀਓ ਦਾ ਆਰਡਰ ਦੇਵਾਂਗਾ ।"

"ਕਿਉਂ ਕੀ ਗੱਲ ਏ ? ਤੂੰ ਤਾਂ ਸਦਾ ਪੱਚੀ-ਤੀਹ ਰੇਡੀਓ ਲਿਆ ਕਰਦੈਂ ।"

"ਕੀ ਕਰੀਏ, ਪਿਛਲੇ ਦਿਨੀਂ ਕੁਝ ਘਾਟਾ ਪੈ ਗਿਆ ਸੀ ।"

"ਘਾਟਾ—ਕਿਵੇਂ ?"

ਮੈਂ ਸੋਚਿਆ ਸੱਟਾ ਕਰ ਬੈਠਾ ਹੋਵੇਗਾ । ਉਸ ਨੂੰ ਸੱਟੇ ਦਾ ਸ਼ੌਕ ਸੀ । ਪਿਛਲੇ ਦਿਨੀਂ ਕਣਕ ਦੇ ਭਾਅ ਇਕਦਮ ਚੜ੍ਹ ਗਏ ਸਨ । ਭਗਵਾਨ ਦਾਸ ਹਮੇਸ਼ਾ ਦਾ ਮੰਦੜੀਆ । ਬਸ ਇਸ ਵਿਚ ਦਸ-ਵੀਹ ਹਜ਼ਾਰ ਰੁਪਿਆ ਉਡ ਗਿਆ ਹੋਣੈਂ ।

ਇਹ ਸੋਚ ਕੇ ਮੈਂ ਆਖਿਆ, "ਸੱਟੇ ਵਿਚ ਤਾਂ ਏਸੇ ਤਰ੍ਹਾਂ ਏ—ਕਦੇ ਘਾਟਾ, ਕਦੇ ਵਾਧਾ ।"

"ਨਹੀਂ ਸੱਟੇ ਵਿਚ ਨਹੀਂ, ਬਸ ਇਕ ਹੋਰ ਈ ਕੰਮ ਕਰ ਬੈਠੇ ਸਾਂ । ਤੇ ਘਾਟਾ ਵੀ—ਪੂਰੇ ਪੰਜਾਹ ਹਜ਼ਾਰ ਦਾ !"

"ਪੰਜਾਹ ਹਜ਼ਾਰ !" ਮੈਂ ਆਖਿਆ । "ਅਜਿਹਾ ਕੀ ਖ਼ਰੀਦ ਬੈਠਾ ਸੈਂ ?"

ਉਸ ਆਖਿਆ, "ਕੀ ਦੱਸਾਂ ਯਾਰ, ਇਸ ਵਾਰ ਕੁਝ...ਇਸ਼ਕ ਕਰ ਬੈਠਾ ਸਾਂ ।"

"ਇਸ਼ਕ ?"

"ਹਾਂ ! ਬਸ ਇਸ ਇਸ਼ਕ ਵਿਚ ਪੰਜਾਹ ਹਜ਼ਾਰ ਦੇ ਬੈਠਾਂ ।"

"ਕਿਸ ਤਰ੍ਹਾਂ ?"

ਤੇ ਉਸ ਨੇ ਮੈਨੂੰ ਇਕ ਗੱਲ ਸੁਣਾਈ :—

"ਤੈਨੂੰ ਪਤਾ ਐ ਅੰਮ੍ਰਿਤਸਰ ਵਿਚ ਮੇਰੀ ਦੁਕਾਨ ਬੜੀ ਚਲਦੀ ਹੈ । ਇਰਦ-ਗਿਰਦ ਸਭ ਮੰਡੀਆਂ ਤੇ ਲਾਗੇ-ਚਾਗੇ ਦੇ ਸਭ ਪਿੰਡਾਂ ਦੇ ਜੱਟ ਚਾਹੇ ਕਪੜਾ ਲੈਣਾ ਹੋਵੇ, ਚਾਹੇ ਰੇਡੀਓ ਮੇਰੀ ਹੱਟੀ ਤੇ ਈ ਆਉਂਦੇ ਨੇ । ਈਸ਼ਵਰ ਦੀ ਕਿਰਪਾ ਨਾਲ ਚੰਗੀ ਖੱਟੀ ਸੀ । ਕਦੇ ਕਿਸੇ ਚੀਜ਼ ਦਾ ਫ਼ਿਕਰ ਨਹੀਂ ਸੀ । ਸਵੇਰੇ ਦੁਕਾਨ ਤੇ ਆ ਜਾਂਦਾ, ਸ਼ਾਮ ਨੂੰ ਘਰ ਜਾਂਦਾ । ਜਿਸ ਕਿਸੇ ਨੂੰ ਮੈਂ ਮਿਲਣਾ ਹੁੰਦਾ, ਉਹ ਵੀ ਦੁਕਾਨ ਤੇ ਹੀ ਆ ਜਾਂਦਾ । ਫੇਰ ਮੈਨੂੰ ਕਿਤੇ ਜਾਣ ਦੀ ਲੋੜ ਈ ਕੀ ਸੀ । ਆਪਣਾ ਅੱਡਾ ਹੋਵੇ । ਅੱਡੇ ਵਰਗੀ ਰੀਸ ਨਹੀਂ ।

ਜਦ ਬਿਜ਼ਨਸ ਵਧ ਗਿਆ ਤਾਂ ਦੋ ਮੁਨੀਮ ਤੇ ਚਾਰ ਆਦਮੀ ਗਾਹਕਾਂ ਨੂੰ ਚੀਜ਼ਾਂ ਵਖੌਣ ਤੇ ਵੇਚਣ ਲਈ ਹੱਟੀ ਉਤੇ ਹੋਰ ਰੱਖ ਲਏ । ਈਸ਼ਵਰ ਦੀ ਕਿਰਪਾ ਨਾਲ ਸੋਹਣਾ ਵਪਾਰ, ਚੰਗੀ ਖੱਟੀ । ਨਾ ਫ਼ਿਕਰ ਨਾ ਫ਼ਾਕਾ...।

ਇਕ ਦਿਨ ਕੀ ਹੋਇਆ, ਇਕ ਨੌਜਵਾਨ ਔਰਤ ਮੇਰੀ ਦੁਕਾਨ ਤੇ ਆਈ । ਮੈਂ ਕਾਊਂਟਰ ਪਿੱਛੇ ਖੜਾ ਸੀ । ਉਸ ਸਾਰੀ ਦੁਕਾਨ ਉਤੇ ਇਕ ਤੇਜ਼ ਝਾਤ ਮਾਰੀ ਤੇ ਪੁੱਛਿਆ, "ਤੁਹਾਡੇ ਕੋਲ ਚੰਗੇ ਰੇਡੀਓ ਹਨ ?"

"ਜੀ—ਸਭ ਤੋਂ ਚੰਗਾ ਰੇਡੀਓ ਇਹ ਵੇਖੋ ।"

ਉਹ ਰੇਡੀਓ ਵੇਖਣ ਲੱਗੀ ਤੇ ਮੈਂ ਉਸ ਨੂੰ ।

ਹੱਦੋਂ ਸੋਹਣੀ ਜ਼ਨਾਨੀ । ਲੰਮਾ ਕੱਦ, ਭਰਵੀਆਂ ਛਾਤੀਆਂ ਤੇ ਸੁਡੌਲ ਦੰਦ ਜੋ ਰਤਾ ਕੁ ਅੱਗੇ ਨੂੰ ਵਧੇ ਹੋਏ ਸਨ ਤੇ ਸੋਹਣੇ ਲੱਗਦੇ ਸਨ । ਇਹ ਦੰਦ ਇਉਂ ਜਾਪਦੇ



ਸਨ ਜਿਵੇਂ ਹੁਣ ਚੱਕ ਮਾਰ ਲੈਣਗੇ । ਉਸ ਦੇ ਇਹ ਦੰਦ ਮੇਰੇ ਸਰੀਰ ਵਿਚ ਨਹੀਂ, ਮਨ ਵਿਚ ਖੁੱਭ ਗਏ ।

"ਕਿੰਨੇ ਦਾਮ ਨੇ ਇਸ ਦੇ ?" ਉਸ ਪੁੱਛਿਆ ।

"ਜੀ—ਤੁਸੀਂ ਪਹਿਲਾਂ ਪਸੰਦ ਕਰ ਲਉ, ਦਾਮ ਫਿਰ ਹੋ ਜਾਣਗੇ ।"

"ਨਹੀਂ, ਪਹਿਲੇ ਦਾਮ ਦੱਸੋ ।"

ਮੈਂ—ਪਤਾ ਨਹੀਂ ਮੇਰੇ ਵਿਚ ਇਤਨੀ ਜੁਰੱਅਤ ਕਿੱਥੋਂ ਆ ਗਈ । ਮੈਂ ਕਦੇ ਕਿਸੇ ਗਾਹਕ ਨਾਲ ਇਸ ਤਰ੍ਹਾਂ ਦੀ ਗੱਲ ਨਹੀਂ ਸੀ ਕੀਤੀ । ਮੇਰੇ ਮੂੰਹ ਵਿਚੋਂ ਇਹ ਨਿਕਲਿਆ :

"ਤੁਸੀਂ ਰੇਡੀਓ ਪਸੰਦ ਕਰ ਲਓ, ਪੈਸੇ ਆ ਜਾਣਗੇ ।"

ਉਸ ਆਖਿਆ, "ਪਰ ਪਤਾ ਤਾਂ ਲੱਗੇ ਕਿੰਨੀ ਕੀਮਤ ਐ ?"

"ਤੁਹਾਨੂੰ ਕਿੰਨੀ ਕੀਮਤ ਦੇ ਰੇਡੀਓ ਦੀ ਲੋੜ ਐ ?"

"ਤਿੰਨ ਸੌ ਰੁਪਏ ਦੀ ।"

ਉਸ ਰੇਡੀਓ ਦੀ ਕੀਮਤ ਅੱਠ ਸੌ ਸੀ । ਮੈਂ ਉੱਤਰ ਦਿੱਤਾ, "ਤੁਸੀਂ ਜਿੰਨੀ ਆਖੀ ਏ, ਠੀਕ ਏ ।"

ਹਾਲਾਂਕਿ ਮੇਰਾ ਖ਼ਿਆਲ ਏ ਉਸ ਇਕ ਪਾਸੇ ਚਿੱਟ ਉਤੇ ਲੱਗੇ ਦਾਮ ਪੜ੍ਹ ਲਏ ਸਨ, ਫੇਰ ਵੀ ਉਹ ਨਾ ਜਾਣੇ ਕਿਉਂ ਚੁੱਪ ਰਹੀ ।

ਤਿੰਨ ਸੌ ਵਿਚ ਸੌਦਾ ਹੋ ਗਿਆ ।

ਮੈਂ ਆਖਿਆ, "ਤੁਹਾਡੇ ਬੰਗਲੇ ਉਤੇ ਮੇਰਾ ਆਦਮੀ ਛੱਡ ਆਏਗਾ ।"

ਉਸ ਉੱਤਰ ਦਿੱਤਾ, "ਮਜੀਠ ਰੋਡ ਉਤੇ, ਅਮਰੂਦਾਂ ਦੇ ਬਾਗ਼ ਪਿੱਛੇ ਗਲੀ ਵਿਚ ਬਾਰਾਂ ਨੰਬਰ ਦੀ ਕੋਠੀ, ਦੁੱਗਲ ਸਾਹਿਬ ਨੂੰ ਪੁੱਛ ਲੈਣਾ । ਉਹ ਨਹਿਰ ਦੇ ਮਹਿਕਮੇ ਵਿਚ ਐਸ. ਡੀ. ਓ. ਹੈਨ ।"

"ਤੁਸੀਂ ਇਥੇ ਕਿੰਨੇ ਚਿਰ ਦੇ ਰਹਿੰਦੇ ਓ ?"

"ਨਹੀਂ ਸਾਡੀ ਬਦਲੀ ਹੁਣੇ ਹੋਈ ਐ । ਪਿੱਛੋਂ ਅਸੀਂ ਫ਼ਿਰੋਜ਼ਪੁਰ ਦੇ ਆਂ । ਇਕ ਮਹੀਨਾ ਈ ਹੋਇਐ ਆਇਆਂ ਸਾਨੂੰ । ਉਨ੍ਹਾਂ ਨੂੰ ਤਾਂ ਰੇਡੀਓ ਸੁਣਨ ਦਾ ਸ਼ੌਕ ਨਹੀਂ, ਪਰ ਮੈਨੂੰ ਡਾਢਾ ਸ਼ੌਕ ਐ । ਉਹ ਤਾਂ ਬਸ ਕਲੱਬ ਵਿਚ ਤਾਸ਼ ਖੇਡਣ ਵਿਚ ਹੀ ਰੁੱਝੇ ਰਹਿੰਦੇ ਨੇ । ਮੈਂ ਜੇ ਕਲੱਬ ਜਾਵਾਂ ਵੀ ਤਾਂ ਤਾਸ਼ ਉੱਕਾ ਨਹੀਂ ਖੇਡਦੀ । ਬਸ ਪਿੰਗ-ਪਾਂਗ ਜਾਂ ਕੈਰਮ । ਉਹ ਜੇ ਰੇਡੀਓ ਸੁਣਦੇ ਵੀ ਹੈਨ ਤਾਂ ਬਸ ਖ਼ਬਰਾਂ । ਮੈਨੂੰ ਖ਼ਬਰਾਂ ਤੋਂ ਬੜੀ ਚਿੜ ਐ । ਫ਼ਿਲਮਾਂ ਦੇ ਗੀਤ...ਸੀਲੋਨ ਰੇਡੀਓ...ਕਿੰਨਾ ਸੁਆਦਲਾ ਪ੍ਰੋਗਰਾਮ ਹੁੰਦੈ !"

ਗੱਲ ਕੀ, ਮੈਂ ਉਹ ਰੇਡੀਓ ਉਨ੍ਹਾਂ ਦੀ ਕੋਠੀ ਪੁਚਾ ਦਿੱਤਾ ।

ਉਹ ਚਲੀ ਗਈ, ਤੇ ਮੈਂ ਉਸ ਦੀਆਂ ਗੱਲਾਂ, ਉਸ ਦੇ ਹਾਸੇ, ਉਸ ਦੇ ਕੱਦ-ਕਾਠ ਤੇ ਉਸ ਦੇ ਜਿਸਮ ਵਿਚੋਂ ਝਲਕਦੀ ਜੁਆਨੀ ਤੇ ਅੰਗ-ਅੰਗ ਵਿਚੋਂ ਡੁੱਲ੍ਹਦੇ ਵੇਗ ਬਾਰੇ ਸੋਚਦਾ ਰਿਹਾ ।

ਅਜਿਹੀਆਂ ਗੱਲਾਂ ਮੈਂ ਕਹਾਣੀਆਂ ਨਾਵਲਾਂ ਵਿਚ ਪੜ੍ਹੀਆਂ ਸਨ, ਪਰ ਕਦੇ ਯਕੀਨ ਨਹੀਂ ਸੀ ਕੀਤਾ । ਆਪਣੀ ਜ਼ਿੰਦਗੀ ਵਲ ਤੱਕਿਆ । ਸ਼ਾਦੀ ਕੀਤਿਆਂ ਪੰਦਰਾਂ

ਵਰ੍ਹੇ ਹੋ ਚੁੱਕੇ ਸਨ। ਬੀਵੀ ਅਧਖੜ, ਮੱਝ ਵਰਗੀ ਜ਼ਨਾਨੀ ਜਿਸ ਹੁਣ ਤੀਕ ਪੰਜ ਧੀਆਂ-ਪੁੱਤ ਜੰਮ ਦਿੱਤੇ ਸਨ। ਇਸ਼ਕ ਕੀ ਹੁੰਦੈ, ਪਿਆਰ ਕੀ ਹੁੰਦਾ, ਸੁੰਦਰਤਾ ਕਿਸ ਚਿੜੀ ਦਾ ਨਾਂ ਏ—ਇਸ ਦਾ ਕਦੇ ਚਿਤ-ਚੇਤਾ ਵੀ ਨਹੀਂ ਸੀ। ਬਸ ਸਵੇਰੇ ਹੱਟੀ ਉਤੇ ਆਉਣਾ ਤੇ ਤਰਕਾਲੀਂ ਜਾਣਾ। ਰੁਪਈਆ ਕਮਾਉਣਾ, ਮੁੰਡਿਆਂ-ਕੁੜੀਆਂ ਨੂੰ ਪੜ੍ਹਾਉਣਾ ਤੇ ਕਬੀਲਦਾਰੀ ਨੂੰ ਚਲਾਉਣਾ। ਵਧ ਤੋਂ ਵਧ ਕੁਝ ਕਮਾ ਕੇ ਇਕ ਟੁਕੜਾ ਬਾਗ਼ ਦਾ ਲੈ ਲਿਆ ਸੀ। ਇਸ ਤੋਂ ਵਧ ਹੋਰ ਕੀ ਖ਼ਾਹਿਸ਼ ਸੀ ਮੇਰੀ।

ਇਸ ਤੀਵੀਂ ਨੂੰ ਵੇਖ ਕੇ ਮੈਂ ਆਪਣੇ-ਆਪ ਨੂੰ ਆਖਿਆ, "ਫਿੱਟੇ-ਮੂੰਹ ਭਗਵਾਨ ਦਾਸਾ! ਓਏ ਤੇਰੀ ਵੀ ਕੋਈ ਜੂਨ ਏ? ਸਾਰੀ ਉਮਰ ਇਕ ਮੱਝ ਨਾਲ ਗੁਜ਼ਾਰ ਦਿੱਤੀ। ਤੀਵੀਂ ਹੋਵੇ ਤਾਂ ਇਸ ਨਾਰ ਵਰਗੀ!"

ਆਪਣੇ ਆਪ ਨੂੰ ਲਾਹਨਤ ਪਾਈ। ਜ਼ਿੰਦਗੀ ਫਿੱਕੀ ਤੇ ਬੇ-ਰਸ ਜਾਪਣ ਲੱਗੀ। ਆਪਣੇ ਵਜੂਦ ਅੰਦਰ ਇਕ ਵੱਡਾ ਖੱਪਾ ਮਹਿਸੂਸ ਕਰਨ ਲੱਗਾ।

ਮੈਂ ਦਿਲ ਵਿਚ ਆਖਿਆ, "ਇਸ ਤੀਵੀਂ ਨੂੰ ਜ਼ਰੂਰ ਹਾਸਲ ਕਰਾਂਗਾ, ਭਾਵੇਂ ਕੁਝ ਹੋ ਜਾਵੇ। ਨਹੀਂ ਤਾਂ—ਫਿੱਟੇ-ਮੂੰਹ ਤੇਰੇ ਭਗਵਾਨ ਦਾਸਾ!—ਲੱਖ ਲਾਅਨਤ ਤੇਰੀ ਜ਼ਿੰਦਗੀ ਤੇ ਤੇਰੀ ਕਮਾਈ 'ਤੇ।"

ਸ਼ੀਸ਼ੇ 'ਚੋਂ ਆਪਣਾ ਮੂੰਹ ਤੱਕਿਆ। ਕੰਨਾਂ ਉਤੇ ਵਾਲਾਂ ਵਿਚ ਕਿਤੇ-ਕਿਤੇ ਚਿੱਟੀਆਂ ਧਾਰੀਆਂ ਸਨ। ਸਿਰ ਦੇ ਵਿਚਕਾਰ ਐਨ ਟੋਟਨੀ ਉਤੋਂ ਵਾਲ ਇਉਂ ਸਨ ਜਿਵੇਂ ਚੂਪੇ ਹੋਏ ਅੰਬ ਦੀ ਗੁਠਲੀ। ਕਦੇ ਤੇਲ ਨਹੀਂ ਸੀ ਲਾਇਆ।

ਦੂਜੇ ਦਿਨ ਹੀ ਬਾਜ਼ਾਰ ਗਿਆ। ਫ਼ਸਟ ਕਲਾਸ ਆਮਲੇ ਦਾ ਖ਼ੁਸ਼ਬੂਦਾਰ ਤੇਲ ਖਰੀਦਿਆ। ਤਿੰਨ ਨਵੇਂ ਸੂਟ ਸਵਾਏ। ਕਾਲਜ ਦੇ ਦਿਨਾਂ ਪਿੱਛੋਂ ਨਕਟਾਈ ਲਾਉਣੀ ਛੱਡ ਈ ਗਿਆ ਸੀ। ਬਸ ਕਦੇ ਕਿਸੇ ਅਫ਼ਸਰ ਨੂੰ ਮਿਲਣ ਜਾਣਾ ਹੁੰਦਾ ਜਾਂ ਕਦੇ ਅਦਾਲਤ ਵਿਚ ਗਵਾਹੀ ਦੇਣੀ ਹੁੰਦੀ ਤਾਂ ਕੋਟ ਤੇ ਨਕਟਾਈ ਲਾਉਂਦਾ। ਹੁਣ ਪੂਰੇ ਲਿਬਾਸ ਲਈ ਫੇਰ ਜੀਅ ਮਚਲ ਉਠਿਆ। ਕੰਪਨੀ ਬਾਗ਼ ਦੀ ਵੱਡੀ ਕਲੱਬ, ਜਿੱਥੇ ਉਹਦਾ ਪਤੀ ਮੈਂਬਰ ਸੀ, ਮੈਂ ਵੀ ਮੈਂਬਰ ਬਣ ਗਿਆ। ਨਵੀਂ ਮੋਟਰ ਕਾਰ ਖ਼ਰੀਦੀ—ਤੇਈ ਹਜ਼ਾਰ ਦੀ। ਵੱਡੀ ਲੰਮੀ ਅਮਰੀਕਨ ਸ਼ਿਵਰਲੈਟ। ਤੇ ਨਿੱਤ ਸ਼ਾਮ ਨੂੰ ਛੇ ਵਜੇ ਕਲੱਬ ਜਾਣ ਲੱਗ ਪਿਆ।

ਤੈਨੂੰ ਪਤਾ ਐ, ਮੈ ਤਾਂ ਐਫ਼. ਏ. ਫੇਲ੍ਹ ਹੋ ਕੇ ਈ ਹੱਟੀ ਉਤੇ ਆ ਬੈਠਾ ਸਾਂ। ਕਲੱਬ ਵਿਚ ਵੱਡੇ ਆਦਮੀਆਂ ਨਾਲ ਮਿਲਣ-ਗਿਲਣ ਦਾ ਮੈਨੂੰ ਬਹੁਤਾ ਚੱਜ ਨਹੀਂ ਸੀ। ਪਰ ਜੀ—ਰੁਪਈਆ ਸਭ ਚੱਜ ਸਿਖਾ ਦੇਂਦਾ ਏ।

ਮੈਂ ਤਾਸ਼ ਖੇਡਦਾ, ਤਾਂ ਜੁ ਉਸ ਦੇ ਪਤੀ ਦੇ ਨੇੜੇ ਹੋ ਸਕਾਂ। ਜੇ ਦਸ-ਵੀਹ ਰੁਪਏ ਹਾਰ ਵੀ ਜਾਂਦਾ, ਤਾਂ ਮੱਥੇ ਵੱਟ ਨਾ ਪਾਉਂਦਾ। ਆਖ਼ਰ ਦਸ-ਵੀਹ ਰੁਪਈਆਂ ਦੀ ਗੱਲ ਈ ਕੀ ਸੀ—ਹੱਥ ਦੀ ਮੈਲ।

ਉਸ ਦਾ ਪਤੀ ਮਿਸਟਰ ਦੁੱਗਲ ਸੋਹਣਾ ਜੁਆਨ ਸੀ। ਮੈਂ ਉਸ ਦੇ ਮੁਕਾਬਲੇ ਵਿਚ ਬਾਂਦਰ ਲੱਗਦਾ ਸਾਂ। ਮੇਰੇ ਤਾਂ ਟੋਟਨੇ ਉਤੇ ਵੀ ਨਿੱਕਾ ਜਿਹਾ ਗੰਜ ਐ। ਪੰਦਰਾਂ ਸਾਲ ਕਦੇ ਮੂੰਹ-ਮੱਥੇ ਵਲ ਇਤਨਾ ਖ਼ਿਆਲ ਈ ਨਹੀਂ ਸੀ ਕੀਤਾ।

ਮੈਨੂੰ ਖ਼ਾਮੋਸ਼ ਵੇਖ ਕੇ ਕਈ ਵਾਰ, ਮਿਸਟਰ ਦੁੱਗਲ ਆਖਦਾ, "ਤੁਸੀਂ ਬੜੇ ਚੁੱਪ-



ਚਾਪ ਓ ਲਾਲਾ ਜੀ। ਇਹ ਕਲੱਬ ਤਾਂ ਹਾਸੇ-ਖੇਡੇ ਦੀ ਥਾਂ ਏ।"

ਮੈਂ ਆਖਦਾ, "ਜੀ ਠੀਕ ਐ। ਮੈਂ...ਤੁਸੀਂ ਮੇਰੇ ਹਾਣੀ ਬਣ ਕੇ ਦਸ ਰੁਪਈਏ ਹਾਰ ਗਏ। ਮੇਰੀ ਕਿਸਮਤ ਈ ਭੈੜੀ ਏ। ਮੈਂ ਤੁਹਾਨੂੰ ਵੀ ਹਰਾ ਦਿੱਤਾ।"

ਉਹ ਹੱਸ ਕੇ ਆਖਦਾ, "ਹਾਰਨਾ-ਜਿੱਤਣਾ ਤਾਂ ਕਿਸਮਤ ਦਾ ਐ। ਕੋਈ ਗੱਲ ਨਹੀਂ। ਤੇ ਤੁਸੀਂ ਸੇਠਾਂ ਨੂੰ ਕੀ ਪ੍ਰਵਾਹ ਏ ਇਸ ਹਾਰ-ਜਿੱਤ ਦੀ।"

ਉਸ ਦੀ ਗੱਲ ਵੀ ਠੀਕ ਸੀ। ਕਈ ਵਾਰ ਮੈਂ ਉਸ ਨਾਲ ਖੇਡਦਾ ਤਾਂ ਹਾਰ ਜਾਂਦਾ। ਮੇਰੀ ਇਹੋ ਕੋਸ਼ਿਸ਼ ਹੁੰਦੀ ਕਿ ਤਾਸ਼ ਵਿਚ ਭਾਵੇਂ ਹਾਰ ਜਾਵਾਂ, ਪਰ ਮੁਹੱਬਤ ਵਿਚ ਜਿੱਤ ਜਾਵਾਂ।

ਮੈਨੂੰ ਹਾਰਦੇ ਨੂੰ ਵੇਖ ਕੇ ਕਈ ਵਾਰੀ ਉਸ ਦੀ ਬੀਵੀ ਹੱਸ ਕੇ ਆਖਦੀ, "ਤੁਸੀਂ ਵਿਚਾਰੇ ਸ਼ਰੀਫ਼ ਤੇ ਭੋਲੇ ਲਾਲੇ ਨੂੰ ਲੁੱਟੀ ਜਾਂਦੇ ਓ!" ਤੇ ਉਸ ਦੀਆਂ ਅੱਖਾਂ ਵਿਚ ਇਕ ਮੱਧਮ ਜਿਹੀ ਹਮਦਰਦੀ ਹੁੰਦੀ।

ਬਸ ਜੀ ਫੇਰ ਮੇਰਾ ਏਹੋ ਮਾਮੂਲ ਹੋ ਗਿਆ। ਨਿੱਤ ਤਰਕਾਲੀਂ ਕਲੱਬ ਵਿਚ।

ਮਿਸਿਜ਼ ਦੁੱਗਲ ਦੇ ਜਨਮ ਦਿਨ ਉਤੇ ਕਈ ਦੋਸਤਾਂ ਵੱਲੋਂ ਤੋਹਫ਼ੇ ਆਏ। ਮੇਰਾ ਤੋਹਫਾ ਕੰਨਾਂ ਦੇ ਬੁੰਦੇ ਸਨ, ਜਿਨ੍ਹਾਂ ਵਿਚ ਭਾਵੇਂ ਮੈਂ ਆਖਿਆ ਤਾਂ ਇਹੋ ਸੀ ਕਿ ਝੂਠੇ ਨਗ ਜੜੇ ਹੋਏ ਨੇ, ਪਰ ਸੁੱਚੇ ਹੀਰੇ ਦੀਆਂ ਕਣੀਆਂ ਸਨ।

ਉਨ੍ਹਾਂ ਦੇ ਘਰ ਮੇਰਾ ਖੁੱਲ੍ਹਾ ਆਉਣ ਜਾਣ ਹੋ ਗਿਆ। ਕਈ ਵਾਰ ਜੇ ਦੁੱਗਲ ਨੇ ਬਾਹਰ ਦੌਰੇ ਤੇ ਜਾਣਾ ਹੁੰਦਾ ਤੇ ਨਾਲ ਉਨ੍ਹਾਂ ਦੀ ਪਤਨੀ ਹੁੰਦੀ, ਤਾਂ ਮੇਰੀ ਨਵੀਂ ਕਾਰ ਲੈ ਜਾਂਦੇ।

ਮੈਂ ਮੋਟਰ ਕੀ ਸਿਰ ਮਾਰਨੀ ਸੀ। ਮੇਰੀ ਕਾਰ ਵਰਤਣ ਵਿਚ ਉਨ੍ਹਾਂ ਨੂੰ ਖਟਕਾ ਨਹੀਂ ਸੀ। ਮੈਂ ਕਿਹੜਾ ਕੋਈ ਠੇਕੇਦਾਰ ਸਾਂ। ਠੇਕੇਦਾਰਾਂ ਤੇ ਮਾਤਹਿਤਾਂ ਦੀਆਂ ਚੀਜ਼ਾਂ ਵਰਤਣ ਲੱਗੇ ਅਫ਼ਸਰ ਬੜਾ ਡਰਦੇ ਨੇ, ਪਰ ਮੈਂ ਤਾਂ ਉਨ੍ਹਾਂ ਦਾ ਦੋਸਤ ਸਾਂ।

ਇਕ ਵਾਰ ਉਨ੍ਹਾਂ ਮੇਰੀ ਮੋਟਰ ਕਾਰ ਵਰਤ ਕੇ ਮੋੜੀ ਤਾਂ ਆਖਿਆ, "ਮੁਆਫ਼ ਕਰਨਾ, ਤੁਹਾਡੀ ਮੋਟਰ ਦੇ ਮੱਡ-ਗਾਰਡ ਨੂੰ ਰਤਾ ਚਿੱਬ ਪੈ ਗਿਆ ਏ। ਇਹ ਰੇਲਵੇ ਦੇ ਫ਼ਾਟਕ ਨਾਲ ਖਹਿ ਗਿਆ ਸੀ।"

ਮੈਂ ਉੱਤਰ ਦਿੱਤਾ, "ਜੀ ਕੋਈ ਗੱਲ ਨਹੀਂ, ਚਲਦੀ ਚੀਜ਼ ਐ, ਵਿਗੜਨਾ ਇਸ ਦਾ ਕੰਮ ਐ। ਕੋਈ ਫ਼ਿਕਰ ਨਹੀਂ।"

ਮੇਰੀ ਸਾਦਾ-ਦਿਲੀ ਤੇ ਭੋਲੇ-ਪਨ ਉਤੇ ਉਹ ਬਹੁਤ ਖ਼ੁਸ਼ ਸਨ। ਕਈ ਵਾਰ ਜਦੋਂ ਕਲੱਬ ਵਿਚ ਉਨ੍ਹਾਂ ਨੂੰ ਤਾਸ਼ ਖੇਡਦੇ ਚਿਰ ਹੋ ਜਾਂਦਾ ਤਾਂ ਮੈਂ ਉਨ੍ਹਾਂ ਦੀ ਪਤਨੀ ਨੂੰ ਘਰ ਮੋਟਰ ਵਿਚ ਛੱਡ ਆਉਂਦਾ।

ਇਸ ਤਰ੍ਹਾਂ ਚਾਰ ਮਹੀਨੇ ਗੁਜ਼ਰ ਗਏ।

ਮਿਸਿਜ਼ ਦੁੱਗਲ ਮੇਰੇ ਨੇੜੇ-ਨੇੜੇ ਹੁੰਦੀ ਗਈ।

ਇਕ ਦਿਨ ਮੈਂ ਉਸ ਨੂੰ ਘਰ ਛੱਡਣ ਗਿਆ ਤਾਂ ਉਸ ਆਖਿਆ, "ਅੱਜ ਮੈਂ ਤੁਹਾਡੇ ਦਿੱਤੇ ਬੁੰਦੇ ਪਾਏ ਨੇ। ਕਿਹੋ ਜਿਹੇ ਲੱਗਦੇ ਨੇ ਮੇਰੇ ਕੰਨਾਂ 'ਚ?"

ਮੈਂ ਆਖਿਆ, "ਕਾਸ਼, ਮੈਂ ਇਹ ਬੁੰਦਾ ਹੁੰਦਾ!"

ਮੈਂ ਇਹ ਫ਼ਿਕਰਾ ਇਕ ਹਿੰਦੁਸਤਾਨੀ ਫ਼ਿਲਮ ਵਿਚ ਸੁਣਿਆ ਸੀ ਤੇ ਨੋਟ ਕਰ

ਲਿਆ ਸੀ।

ਮੈਂ ਗੱਲ ਦੁਹਰਾਈ, "ਤੁਸੀਂ ਬੁੰਦੇ ਨੂੰ ਈ ਨਹੀਂ, ਮੈਨੂੰ ਵੀ ਕੰਨਾਂ ਵਿਚ ਪਾਇਆ ਹੋਇਆ ਹੈ।"

"ਕਿਸ ਤਰ੍ਹਾਂ ?"

ਮੈਂ ਮੁਸਕਰਾ ਕੇ ਆਖਿਆ, "ਤੁਹਾਡਾ ਗੁਲਾਮ ਆਂ। ਦਾਸ ਆਂ। ਤੁਸੀਂ ਮੈਨੂੰ ਜੀਣਾ ਸਿਖਾ ਦਿੱਤਾ ਏ। ਤੁਹਾਡੇ ਨੇੜੇ ਰਹਿਣ ਨਾਲ ਜੋ ਖੁਸ਼ੀ ਮੈਨੂੰ ਹੁੰਦੀ ਐ...।"

ਗੱਲ ਕੀ ਉਸ ਰਾਤ ਮੈਂ ਉਸ ਮੁਟਿਆਰ ਨੂੰ ਪਹਿਲੀ ਵਾਰ ਚੁੰਮਿਆ। ਚੁੰਮੀ ਕੀ ਸੀ, ਸੁਰਗ ਦਾ ਝੂਟਾ। ਇਸ ਉਤੇ ਆਦਮੀ ਜ਼ਿੰਦਗੀ ਕੁਰਬਾਨ ਕਰ ਸਕਦਾ ਏ, ਸਭ ਕੁਝ, ਸਾਰਾ ਘਰ-ਬਾਰ।

ਜ਼ਿੰਦਗੀ ਵਿਚ ਪਹਿਲੀ ਵਾਰ ਪਤਾ ਚਲਿਆ, ਸੁੱਖ ਕੀ ਏ। ਮੁਹੱਬਤ ਕੀ ਏ। ਪ੍ਰੇਮ ਕੀ ਏ। ਮਰਦ ਤੇ ਜ਼ਨਾਨੀ ਦਾ ਰਿਸ਼ਤਾ ਕੀ ਏ। ਇਸ ਵਿਚ ਕਿਤਨਾ ਅਲੌਕਿਕ ਸੁੱਖ ਏ।

ਇਸ ਨਸ਼ੇ ਵਿਚ ਗਵਾਚਾ ਮੈਂ ਰਹਿਣ ਲੱਗਾ। ਹੱਟੀ ਉਤੇ ਸਵੇਰੇ ਜਾਂਦਾ, ਕੁਝ ਚਿਰ ਲਈ ਥੋੜ੍ਹਾ ਬਹੁਤਾ ਕੰਮ-ਕਾਜ ਵੇਖਦਾ। ਬਾਕੀ ਦੇਖ ਭਾਲ ਕਰਨ ਲਈ ਮੁਨੀਮ ਤੇ ਨੌਕਰ ਸਨ।

ਮਿਸਟਰ ਦੁੱਗਲ ਦੀ ਬੀਵੀ ਦਾ ਨਾਂ ਸੀ ਉਰਮਿਲਾ। ਉਹ ਉਸ ਨੂੰ 'ਮੀਲਾ' ਈ ਸੱਦਦੇ ਸਨ।

ਮੈਂ ਇਕ ਦਿਨ ਆਖਿਆ, "ਮੀਲਾ, ਤੂੰ ਮੈਨੂੰ ਜਿਵਾ ਦਿੱਤਾ ਏ। ਤੀਵੀਂ ਵਿਚ ਇਤਨੀ ਧੂਹ ਹੁੰਦੀ ਐ, ਇਤਨੀ ਕਸ਼ਿਸ਼—ਇਸ ਦਾ ਗਿਆਨ ਹੱਟੀ ਦੇ ਰੁਝੇਵੇਂ ਵਿਚ ਨਹੀਂ ਸੀ ਹੋ ਸਕਦਾ।"

ਨਿੱਤ ਦਾ ਅਕਾ ਦੇਣ ਵਾਲਾ ਕੰਮ ਕੋਈ ਹੋਵੇ, ਉਹ ਸਾਡੇ ਮਨ ਉਤੇ ਇਕ ਬੇ-ਮਲੂਮੀ ਜਿਹੀ ਜਿਲ੍ਹ ਚਾੜ੍ਹ ਦਿੰਦੇ। ਇਸ ਜਿਲ੍ਹਮ ਵਿਚ ਅਸੀਂ ਬੱਧੇ ਰਹਿਨੇ ਆਂ।

ਲਓ ਜੀ! ਪਹਿਲੀ ਵਾਰ ਜ਼ਿੰਦਗੀ ਦਾ ਸੁਆਦ ਆਇਆ। ਨਹੀਂ ਹੁਣ ਤੀਕ ਤਾਂ ਨਰਕ ਵਿਚ ਈ ਪਏ ਸਾਂ। ਮੈਂ ਇਸ ਸੁਰਗ ਵਿਚ ਰਹਿਣ ਲੱਗਾ।

ਮੀਲਾ ਤੇ ਉਸ ਦਾ ਪਤੀ ਤੇ ਮੈਂ ਪਿਕਨਿਕ ਲਈ ਜਾਂਦੇ। ਕਈ ਵਾਰ 'ਕੱਠੇ ਸਿਨੇਮਾ ਵੇਖਣ ਵੀ ਜਾਂਦੇ। ਮੈਂ ਕਦੀ ਆਪਣੇ ਪਿਆਰ ਦਾ ਹੋਛਾਪਨ ਨਹੀਂ ਸੀ ਜਤਾਇਆ। ਮੇਰਾ ਪਿਆਰ ਕਦੇ ਡੁੱਲ੍ਹ ਕੇ ਬਾਹਰ ਨਹੀਂ ਸੀ ਆਇਆ। ਇਹ ਹੋਛੇ ਆਦਮੀਆਂ ਦੀਆਂ ਗੱਲਾਂ ਨੇ। ਮੈਂ ਦਿਲ ਦੇ ਅੰਦਰ ਵੱਡੇ ਤੋਂ ਵੱਡਾ ਰਾਜ਼ ਲਕੋ ਸਕਨਾਂ। ਇਹ ਪਿਆਰ ਮੇਰੇ ਦਿਲ ਦੇ ਅੰਨ੍ਹੇ ਖੂਹ ਦੀ ਡੂੰਘੀ ਤਹਿ ਵਿਚ ਸੀ। ਮਿਸਟਰ ਦੁੱਗਲ ਦੇ ਸਾਹਮਣੇ ਕਦੀ ਉਛਲ ਕੇ ਇਸ ਦਾ ਇਕ ਛਿੱਟਾ ਵੀ ਨਹੀਂ ਡਿੱਗਾ।

ਦਰਅਸਲ ਇੱਥੇ ਮੇਰੀ ਬਦਸੂਰਤੀ, ਮੇਰਾ ਸ਼ਰਮਾਊ-ਸੁਭਾਅ ਹੀ ਮੇਰਾ ਸਭ ਤੋਂ ਵੱਡਾ ਹਥਿਆਰ ਸੀ, ਮੇਰਾ ਸਭ ਤੋਂ ਵੱਡਾ ਪਰਦਾ।

ਕਈ ਵਾਰ ਅਸੀਂ ਤਿੰਨੇ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ। ਮੈਂ ਕਾਰ ਡਰਾਈਵ ਕਰਦਾ। ਦੂਰ ਦਰਿਆ ਦੇ ਕੰਢੇ ਅਸੀਂ ਟਿਫਨ-ਬਾਕਸ ਕੱਢ ਕੇ ਦਰੀ ਵਿਛਾ ਲੈਂਦੇ।



ਮਿਸਟਰ ਦੁੱਗਲ ਤਿੱਤਰਾਂ-ਬਟੇਰਾਂ ਦੇ ਸ਼ੁਕੀਨ ਸਨ। ਉਹ ਬੰਦੂਕ ਚੁੱਕ ਕੇ ਝਾੜੀਆਂ ਪਿਛੇ ਤੇ ਦਰਿਆ ਦੇ ਕੰਢੇ ਉਤੇ ਸਰਕੰਡਿਆਂ ਵਿਚੋਂ ਲੰਘ ਕੇ ਬਟੇਰਾਂ ਦਾ ਸ਼ਿਕਾਰ ਕਰਦੇ। ਤੇ ਮੀਲਾ ਮੈਨੂੰ ਹੱਸਦੇ ਬੁੱਲ੍ਹਾਂ ਨਾਲ ਪਿਆਰ ਦਾ ਸ਼ਰਬਤ ਪਿਆਉਂਦੀ। ਮੁਆਫ਼ ਕਰੀਂ ਯਾਰ—'ਪਿਆਰ ਦਾ ਸ਼ਰਬਤ' ਬੜਾ ਭੈੜਾ ਜਿਹਾ ਸ਼ਬਦ ਐ। ਇਸ ਨੂੰ 'ਅੰਮ੍ਰਿਤ' ਜਾਂ ਕੋਈ ਇਸੇ ਤਰ੍ਹਾਂ ਦਾ ਹੋਰ ਸ਼ਬਦ ਕਹਿਣਾ ਚਾਹੀਦੈ। ਮੈਂ ਬਿਆਨ ਨਹੀਂ ਕਰ ਸਕਦਾ।

ਕਈ ਵਾਰ ਮਿਸਟਰ ਦੁੱਗਲ ਦੇ ਘਰ ਮੈਨੂੰ ਚਿਰ ਹੋ ਜਾਂਦਾ। ਮਿਸਿਜ਼ ਦੁੱਗਲ ਆਪਣੇ ਪਤੀ ਨੂੰ ਆਖਦੀ, "ਲਾਲਾ ਭਗਵਾਨ ਦਾਸ ਚੰਗੇ ਦਿਲ ਦਾ ਆਦਮੀ ਏ। ਇਸ ਦੀ ਘਰੇਲੂ ਜ਼ਿੰਦਗੀ ਬੜੀ ਫ਼ਜ਼ੂਲ ਐ। ਇਕ ਮੋਟੀ ਭੱਦੀ ਔਰਤ ਜੋ ਕਦੇ ਇਸ ਨਾਲ ਬਾਹਰ ਆਉਣ-ਜਾਣ ਤੇ ਖੁਸ਼ ਨਹੀਂ, ਇਸ ਦੀ ਜੀਵਨ ਸਾਥੀ। ਕੀ ਕਰੇ ਵਿਚਾਰਾ! ਸਾਡੇ ਘਰ ਆ ਕੇ ਇਸ ਦਾ ਜੀਅ ਲੱਗ ਜਾਂਦਾ ਏ। ਚੰਗਾ ਏ ਵਿਚਾਰਾ—"

ਦੀਵਾਲੀ ਉਤੇ ਮੈਂ ਮੀਲਾ ਨੂੰ ਗਰਮ ਕੋਟ ਸਿਵਾ ਦਿੱਤਾ, ਜਿਸ ਦਾ ਸਟਾਈਲ ਨਵੇਂ ਫੈਸ਼ਨ ਦਾ ਸੀ। ਗੂੜ੍ਹੇ ਉਨਾਬੀ ਰੰਗ ਦਾ ਕੋਟ, ਸਰਦੀਆਂ ਦਾ ਤੋਹਫ਼ਾ। ਉਹ ਪਹਿਨ ਕੇ ਸ਼ੀਸ਼ੇ ਅੱਗੇ ਖੜ੍ਹੀ ਵੇਖਦੀ ਰਹੀ, ਫੇਰ ਮੁੜ ਕੇ ਵੇਖਿਆ, ਫੇਰ ਪਿੱਛੇ ਭੌਂ ਕੇ—ਤੇ ਉਸ ਦੀਆਂ ਅੱਖਾਂ ਵਿਚ ਸ਼ੁਕਰੀਆ ਸੀ। ਉਸ ਦੇ ਅੱਧ-ਖੁੱਲ੍ਹੇ ਬੁੱਲ੍ਹਾਂ ਵਿਚੋਂ ਉਸ ਦੇ ਸੁਡੌਲ ਦੰਦ ਚਮਕ ਰਹੇ ਸਨ।

ਉਸ ਮੇਰੇ ਵਲ ਤੱਕਿਆ। ਉਸ ਦੀ ਅਜਿਹੀ ਤੱਕਣੀ ਮੈਨੂੰ ਡਸ ਲੈਂਦੀ। ਮੈਂ ਨਿੱਸਲ ਹੋ ਜਾਂਦਾ। ਇਕ ਨਸ਼ਾ ਜਿਸ ਦਾ ਨੀਲੇ ਜ਼ਹਿਰ ਵਾਲਾ ਅਸਰ ਸੀ, ਮੇਰੇ ਉਤੇ ਧੂੜਿਆ ਜਾਂਦਾ। ਮੈਂ ਆਪਣੇ ਅੰਦਰ ਉਲਰ ਰਹੀ ਖਾਹਿਸ਼ ਨੂੰ ਮਸਾਂ ਰੋਕਦਾ।

"ਸ਼ੁਕਰੀਆ!" ਉਸ ਫਿਰ ਮੇਰੇ ਵਲ ਉਸੇ ਪਿਆਰ ਨਾਲ ਤੱਕਿਆ ਤੇ ਆਪਣੇ ਪਤੀ ਨਾਲ ਚਲੀ ਗਈ।

ਜਦ ਮੈਂ ਹੱਟੀ ਉਤੇ ਮੁੜ ਕੇ ਆਇਆ ਤਾਂ ਮੁਨੀਮ ਨੇ ਆਖਿਆ, "ਲਾਲਾ ਜੀ, ਫੈਂਸੀ ਟੇਲਰਿੰਗ ਹਾਊਸ ਵੱਲੋਂ ਤੁਹਾਡਾ ਦੋ ਸੌ ਰੁਪਏ ਦਾ ਚੈੱਕ ਮੁੜ ਆਇਆ ਏ।"

"ਕਿਉਂ ?"

"ਬੈਂਕ ਵਿਚ ਰੁਪਈਏ ਨਹੀਂ ਸਨ, ਇਸ ਲਈ।"

"ਕੀ ?"

"ਹਾਂ।"

ਤੇ ਫੇਰ ਮੇਰੇ ਵਲ ਤੱਕ ਕੇ ਉਸ ਆਖਿਆ, "ਤੁਸੀਂ ਮੇਰੇ ਕੋਲੋਂ ਤੇ ਪੁੱਛ ਲੈਣਾ ਸੀ। ਬੈਂਕ ਵਿਚੋਂ ਤਾਂ ਪਹਿਲਾਂ ਈ ਤੁਸੀਂ ਦੋ ਹਜ਼ਾਰ ਰੁਪਈਆ ਵਧੇਰੇ ਕਢਾ ਚੁੱਕੇ ਓ।"

ਇਹ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਧਰਤੀ ਖਿਸਕ ਗਈ।

ਧਰਤੀ ਤੇ ਆਪੇ ਈ ਖਿਸਕਣੀ ਹੋਈ ਇਕ ਵਪਾਰੀ ਦੀ ਸਾਰੀ ਧਰਤੀ ਹੈ ਈ ਰੁਪਈਆ। ਇਸੇ ਧਰਤੀ ਉਤੇ ਮੈਂ ਖੜ੍ਹਾ ਸਾਂ। ਚੈੱਕ ਦੇ ਮੁੜ ਆਉਣ ਨਾਲ ਮੇਰਾ ਸਾਰਾ ਵਜੂਦ ਹਲੂਣਿਆ ਗਿਆ।

ਮੀਲਾ ਦੇ ਇਸ਼ਕ ਵਿਚ ਮੈਂ ਦੁਕਾਨ ਤੇ ਘਟ ਈ ਆਉਂਦਾ ਸਾਂ। ਮੇਰੇ ਮੁਨੀਮ ਈਮਾਨਦਾਰ ਹਨ। ਪਰ ਜੀ ਇਹ ਈਮਾਨਦਾਰੀ ਵੀ ਤਦੇ ਰਹਿੰਦੀ ਐ ਜਦ ਤੀਕ ਉਹ

ਮਾਲਕ ਦੀ ਅੱਖ ਹੇਠ ਰਹਿਣ । ਮੈਂ ਦੁਕਾਨਦਾਰ ਸੀ । ਮੇਰਾ ਕੌਣ ਸੀ ਜੋ ਕਮਾ ਕੇ ਖੁਆਉਂਦੈ ਇਸ ਤਰ੍ਹਾਂ ।

ਨਤੀਜਾ ਇਹ ਹੋਇਆ ਕਿ ਦੁਕਾਨ ਉਤੇ ਕੋਈ ਥਹੁ ਈ ਨਾ ਰਿਹਾ । ਚੀਜ਼ ਕਿੰਨੀ ਆਈ, ਕਿੰਨੀ ਗਈ, ਲਾਗਤ ਕਿੰਨੀ ਸੀ ਤੇ ਵੱਟਕ ਕਿੰਨੀ—ਉਨ੍ਹਾਂ ਸੁਆਹ ਖ਼ਿਆਲ ਰੱਖਣਾ ਸੀ । ਹੌਲੀ-ਹੌਲੀ ਰੁਪਈਆ ਖੁਰ ਗਿਆ । ਦੁਕਾਨ ਅੰਦਰੋਂ-ਅੰਦਰ ਪੋਲੀ ਹੋ ਗਈ । ਮੈਂ ਰਜਿਸਟਰ ਦੇਖੇ, ਵਹੀਆਂ ਦੇਖੀਆਂ, ਖ਼ਾਤਾ ਰੋਕੜ ਨਾਲ ਨਹੀਂ ਸੀ ਮਿਲਦਾ ਤੇ ਰੋਕੜ ਹਜ਼ਾਰ ਮਾਲ ਨਾਲ ।

ਗੱਲ ਕੀ, ਦੁਕਾਨ ਚੌੜ ਹੋ ਗਈ । ਉਪਰੋਂ ਹੇਠੋਂ ਪੂਰੇ ਪੰਜਾਹ ਹਜ਼ਾਰ ਹੂੰਝੇ ਗਏ ਸਨ ਇਸ ਇਸ਼ਕ ਵਿਚ ।

ਇਕ ਬਿਜ਼ਨਸਮੈਨ ਦੀ ਤਾਂ ਸਾਰੀ ਸਾਖ਼ ਬਿਜ਼ਨਸ ਐ । ਸਾਰੀ ਪੜਤ, ਸਾਰੀ ਇੱਜ਼ਤ, ਸਾਰੀ ਦੁਨੀਆਂ ਇਹੋ ਹੱਟੀ ਐ । ਮੈਂ ਦਿਲ ਵਿਚ ਆਖਿਆ :-

"ਫਿੱਟੇ ਮੂੰਹ ਭਗਵਾਨ ਦਾਸਾ ਤੇਰੇ ! ਓਇ ਇਕ ਤੀਵੀਂ ਪਿੱਛੇ ਆਪਣੇ-ਆਪ ਨੂੰ ਉਜਾੜ ਲਿਆ ਸਹੁਰਿਆ ! ਝੁੱਗਾ ਚੌੜ । ਨਾ ਅੱਗਾ ਵੇਖਿਆ ਨਾ ਪਿੱਛਾ । ਘਰ ਵਿਚ ਤੇਰੀ ਤੀਵੀਂ ਰੁਲ ਗਈ । ਬੱਚਿਆਂ ਦਾ ਤੈਨੂੰ ਖ਼ਿਆਲ ਨਾਂ ਰਿਹਾ । ਹੋਰ ਤੇ ਹੋਰ, ਹੱਟੀ ਵੀ ਸਾਰੀ ਦੀ ਸਾਰੀ ਰੋੜ੍ਹ ਦਿੱਤੀ । ਓਇ ! ਇਕ ਹੱਡ-ਮਾਸ ਦੀ ਗੁੱਡੀ ਪਿੱਛੇ ਆਪਣਾ ਜੀਵਨ ਖ਼ਰਾਬ ਕਰ ਲਿਆ, ਜਨਮ ਭ੍ਰਿਸ਼ਟ ਕਰ ਲਿਆ, ਇੱਜ਼ਤ ਕੌਡੀ ਦੀ ਕਰ ਲਈ—ਸਭ ਇਕ ਤੀਵੀਂ ਖ਼ਾਤਰ । ਫਿੱਟੇ-ਮੂੰਹ ਤੇਰੇ ਭਗਵਾਨ ਦਾਸਾ !"

ਬਸ ਮੈਂ ਆਪਣੇ-ਆਪ ਨੂੰ ਲਾਅਨਤ ਪਾਈ ।

ਫੇਰ ਵੀ ਸਵੇਰ ਦਾ ਭੁੱਲਿਆ ਜੇ ਸੰਝ ਨੂੰ ਘਰ ਆ ਵੜੇ ਤਾਂ ਕੁਝ ਨਾ ਵਿਗੜਿਆ ਸਮਝੋ । ਵੇਲੇ ਸਿਰ ਹੋਸ਼ ਆ ਗਈ । ਆਪਣਾ ਕੰਮ ਸੰਭਾਲ ਲਿਆ । ਲੇਖਾ ਜੋੜਿਆ । ਚੀਜ਼ਾਂ ਦਾ ਹਿਸਾਬ ਕੀਤਾ । ਆਏ ਗਏ ਦੀ ਪੜਤਾਲ ਕੀਤੀ । ਤੇ ਦੂਜੇ ਦਿਨ ਆ ਕੇ ਸਵੇਰੇ ਆਪ ਹੱਟੀ ਤੇ ਬੈਠਾ ।

ਹੁਣ ਪਿਛਲੇ ਇਕ ਮਹੀਨੇ ਤੋਂ ਮੈਂ ਕੰਮ ਨੂੰ ਸੰਭਾਲਿਆ ਏ । ਕਿਸਮਤ ਚੰਗੀ । ਲਾਖ ਜਾਏ ਪਰ ਸਾਖ ਨਾ ਜਾਏ । ਮੇਰੀ ਸਾਖ ਹੁਣ ਤੀਕ ਕਾਇਮ ਏ ।

ਬਸ ਹੁਣ ਦੋ-ਚਾਰ ਮਹੀਨਿਆਂ ਵਿਚ ਵਪਾਰ ਠੀਕ ਕਰ ਲਵਾਂਗਾ । ਏਸੇ ਲਈ ਇਸ ਵਾਰ ਤੈਨੂੰ ਆਰਡਰ ਘੱਟ ਦਿੱਤਾ ਏ, ਸਿਰਫ਼ ਪੰਜ ਰੇਡੀਓ । ਪਰ ਅਗਲੀ ਵਾਰੀ ਜਦ ਫੇਰਾ ਮਾਰੇਂਗਾ ਤਾਂ ਆਸ ਐ ਪਹਿਲਾਂ ਵਾਂਗ ਵੀਹ ਰੇਡੀਓ ਦਾ ਆਰਡਰ ਦੇਵਾਂਗਾ ।

ਇਹ ਆਖ ਕੇ ਭਗਵਾਨ ਦਾਸ ਰੇਡੀਓ ਕੰਪਨੀ ਦੇ ਫ਼ਾਰਮ ਉਤੇ ਦਸਖ਼ਤ ਕਰਨ ਲੱਗਾ ।

ਮੈਂ ਫ਼ਾਰਮ ਜੇਬ ਵਿਚ ਪਾ ਕੇ ਉਸ ਨਾਲ ਹੱਥ ਮਿਲਾਇਆ ਤੇ ਦਿਲ ਹੀ ਦਿਲ ਆਖਿਆ :-

"ਫਿੱਟੇ-ਮੂੰਹ ਭਗਵਾਨ ਦਾਸਾ !"

# 8

# ਪਿਆਜ਼ੀ ਚੁੰਨੀ

ਡਾਕਟਰ ਪਸ਼ੋਰਾ ਸਿੰਘ ਵਿਚ ਖ਼ਾਨਦਾਨੀ ਅਣਖ ਤੇ ਖੜਕਾ-ਦੜਕਾ ਸੀ ।

ਜਦ ਉਸ ਨੂੰ ਪਤਾ ਲਗਿਆ ਕਿ ਉਸ ਦੀ ਬੀਵੀ ਕਲਾ, ਕਲਾਲਾਂ ਦੇ ਮੁੰਡੇ ਨਾਲ ਰਲੀ ਹੋਈ ਹੈ, ਤਾਂ ਉਹ ਲੋਹਾ-ਲਾਖਾ ਹੋ ਗਿਆ । ਉਸ ਨੇ ਬੀਵੀ ਨੂੰ ਕੁੱਟਿਆ, ਪਾਵਿਆਂ ਹੇਠ ਹੱਥ ਦੇ ਕੇ ਤਸੀਹੇ ਦਿੱਤੇ ਤੇ ਫਿਰ ਗੁੱਸੇ ਵਿਚ ਝੱਗਾਂ ਛੱਡਦਾ ਹੋਇਆ ਉਸ ਦੀ ਹਿੱਕ ਉਤੇ ਚੜ੍ਹ ਬੈਠਾ । ਪੇਟੀ ਨਾਲ ਲਟਕਦਾ ਛੁਰਾ ਕੱਢ ਕੇ ਸੰਘੀ ਨੱਪ ਕੇ ਗਰਜਿਆ : "ਦੇਖਨੀ ਏਂ ! ਸਿਰ ਕੱਟ ਕੇ ਕਿੱਲੀ ਉਤੇ ਟੰਗ ਦੇਸਾਂ !"

ਉਸ ਦਿਨ ਪਿੱਛੋਂ ਉਸ ਦੀ ਬੀਵੀ ਬੱਕਰੀ ਵਾਂਗ ਉਸ ਦੇ ਨਾਲ-ਨਾਲ ਤੁਰ ਕੇ ਦੁਕਾਨ ਤੇ ਆਉਂਦੀ, ਸਾਰਾ ਦਿਨ ਉਥੇ ਬੈਠੀ ਰਹਿੰਦੀ ਅਤੇ ਸ਼ਾਮ ਨੂੰ ਉਸੇ ਤਰ੍ਹਾਂ ਚੁੱਪ-ਚਾਪ ਉਸ ਦੇ ਨਾਲ ਘਰ ਮੁੜਦੀ ।

ਦੂਰ-ਦੂਰ ਦੇ ਪਿੰਡਾਂ ਤੀਕ ਪਸ਼ੌਰਾ ਸਿੰਘ ਦੀ ਚਰਚਾ ਸੀ । ਕਿਸੇ ਨੂੰ ਦਾੜ੍ਹ-ਪੀੜ ਹੁੰਦੀ ਜਾਂ ਕਿਸੇ ਸ਼ੁਕੀਨ ਨੇ ਦੰਦਾਂ ਵਿਚ ਮੇਖਾਂ ਠੁਕਵਾਉਣੀਆਂ ਹੁੰਦੀਆਂ, ਜਾਂ ਕਿਸੇ ਬੁੱਢੇ ਨੇ ਨਵੇਂ ਦੰਦ ਲਗਵਾਉਣੇ ਹੁੰਦੇ, ਤਾਂ ਸਿੱਧੇ ਡਾਕਟਰ ਪਸ਼ੌਰਾ ਸਿੰਘ ਕੋਲ ਆਉਂਦੇ ।

ਇਸ ਦੇ ਇਲਾਵਾ ਖੁੰਢਾਂ ਉਤੇ ਬੈਠੇ ਜੱਟਾਂ ਦੇ ਮੁੰਡੇ ਤੇ ਢਾਬੇ ਉਤੇ ਚਾਹ ਪੀਂਦੇ ਬੱਸਾਂ ਦੇ ਡਰਾਈਵਰ ਵੀ ਉਸ ਦੀਆਂ ਗੱਲਾਂ ਕਰਦੇ । ਇਨ੍ਹਾਂ ਵਿਚੋਂ ਕਈ ਮਨਚਲੇ ਦਾੜ੍ਹ-ਪੀੜ ਦੇ ਪੱਜ, ਹਾਏ-ਹਾਏ ਕਰਦੇ ਉਸ ਦੀ ਹੱਟੀ ਉਤੇ ਹੋ ਆਏ ਸਨ, ਜਿੱਥੇ ਉਸ ਦੀ ਸੁਹਣੀ ਪੋਠੋਹਾਰਨ ਬੀਵੀ ਬੈਠੀ ਹੁੰਦੀ ।

ਪਸ਼ੌਰਾ ਸਿੰਘ ਦੇ ਆਪਣੇ ਦੰਦ ਬਹੁਤ ਮੈਲੇ ਸਨ । ਪਿਲਪਿਲੇ ਮਸੂੜ੍ਹੇ, ਵਿਰਲਾਂ ਵਾਲੀ ਪੀਲੀ ਦੰਦਰਾਲ । ਪਰ ਉਹ ਆਖਦਾ, "ਧੋਬੀ ਦੇ ਆਪਣੇ ਕਪੜੇ ਸਦਾ ਮੈਲੇ ਹੀ ਥੀਸਨ ।" ਉਹ ਆਪਣੀ ਮਹਿੰਦੀ ਰੰਗੀ ਦਾੜ੍ਹੀ, ਫ਼ੌਜੀਆਂ ਵਾਂਗ ਚੜ੍ਹਾ ਕੇ ਰਖਦਾ । ਪੂੰਝੇ ਵਾਲੀ ਨੀਲੀ ਪੱਗ ਤੇ ਪਤਲੂਣ ਦੀ ਪੇਟੀ ਨਾਲ ਲਟਕਦੇ ਛੁਰੇ ਦਾ ਬੜੇ ਫ਼ਖ਼ਰ

ਨਾਲ ਜ਼ਿਕਰ ਕਰਦਾ। ਜੇ ਇਲਾਕੇ ਦਾ ਕੋਈ ਥਾਣੇਦਾਰ, ਜਾਂ ਪਟਵਾਰੀ ਦੁਕਾਨ ਅੱਗੋਂ ਦੀ ਲੰਘਦਾ, ਤਾਂ ਉਹ ਬੜੇ ਤਪਾਕ ਨਾਲ ਉਸ ਨੂੰ ਫ਼ਤਹਿ ਬੁਲਾਉਂਦਾ ਤੇ ਹੱਥ ਜੋੜ ਕੇ ਆਖਦਾ, "ਸਾਡੇ ਵਲ ਵੀ ਧਿਆਨ ਰਖਣਾ! ਤੁਹਾਡੇ ਸਦਕੇ ਦਾਸ ਵੀ ਚਾਰ ਪੈਸੇ ਖੱਟ ਲੈਸੀ!"

ਹੱਟੀ ਦੇ ਬਾਹਰ ਦੋ ਬੋਰਡ ਲਟਕਦੇ ਸਨ। ਇਕ ਆਦਮੀ ਬਗ਼ੈਰ ਦੰਦਾਂ ਦੇ ਹੱਸ ਰਿਹਾ ਹੈ, ਦੂਜਾ ਨਵੇਂ ਦੰਦਾਂ ਦਾ ਸੈੱਟ ਲਾਈ ਬੈਠਾ ਮੁਸਕਰਾ ਰਿਹਾ ਹੈ। ਇਕ ਮੈਲੇ ਪਰਦੇ ਪਿਛੇ ਦੰਦਾਂ ਦਾ ਮੁਆਇਨਾ ਕਰਨ ਵਾਲੀ ਲੰਮੀ ਗੱਦੇਦਾਰ ਕੁਰਸੀ ਪਈ ਹੁੰਦੀ, ਜਿਸ ਨੂੰ ਉਹ ਰਾਵਲਪਿੰਡੀ ਤੋਂ ਆਪਣੇ ਨਾਲ ਲੈ ਕੇ ਆਇਆ ਸੀ। ਕੋਲ ਫੱਟੇ ਉਤੇ ਕਈ ਪ੍ਰਕਾਰ ਦੇ ਜਮੂਰ ਤੇ ਖ਼ੁਰਚਣ ਵਾਲੇ ਔਜ਼ਾਰ ਪਏ ਹੁੰਦੇ। ਇਕ ਪਾਸੇ ਸਟੂਲ ਉਤੇ ਉਸ ਦੀ ਸੁਹਣੀ ਪੋਠੋਹਾਰਨ ਬੀਵੀ ਬੈਠੀ ਹੁੰਦੀ, ਜਿਸ ਦੀ ਪਿਆਜ਼ੀ ਚੁੰਨੀ ਵਾਰ-ਵਾਰ ਉਸ ਦੀਆਂ ਛਾਤੀਆਂ ਉਤੋਂ ਤਿਲਕਦੀ ਰਹਿੰਦੀ।

ਸਾਰੀ ਮੰਡੀ ਵਿਚ ਪਸ਼ੌਰਾ ਸਿੰਘ ਦੇ ਜਮੂਰ ਤੇ ਪਿਆਜ਼ੀ ਚੁੰਨੀ ਦਾ ਜ਼ਿਕਰ ਸੀ। ਲੋਕ ਡਾਕਟਰ ਨੂੰ ਜਮੂਰ ਤੇ ਉਸ ਦੀ ਬੀਵੀ ਨੂੰ ਪਿਆਜ਼ੀ ਚੁੰਨੀ ਦੇ ਨਾਂ ਨਾਲ ਯਾਦ ਕਰਦੇ। ਇਹ ਕੁਝ ਠੀਕ ਵੀ ਸੀ। ਪਸ਼ੌਰਾ ਸਿੰਘ ਨੇ ਜਮੂਰ ਵਾਂਗ ਹੀ ਪਿਆਜ਼ੀ ਚੁੰਨੀ ਨੂੰ ਫੜਿਆ ਹੋਇਆ ਸੀ।

ਗੱਲ ਇਸ ਤਰ੍ਹਾਂ ਹੋਈ ਕਿ ਪਸ਼ੌਰਾ ਸਿੰਘ ਦੀ ਪਹਿਲੀ ਬੀਵੀ ਤੇ ਦੋ ਧੀਆਂ ਪਾਕਿਸਤਾਨ ਵਿਚ ਹੀ ਕਤਲ ਹੋ ਗਈਆਂ ਸਨ। ਜਦੋਂ ਉਹ ਇਸ ਮੰਡੀ ਵਿਚ ਆਇਆ ਤਾਂ ਸਿਰਫ਼ ਆਪਣੀ ਬੁੱਢੀ ਮਾਂ ਤੇ ਪੁਰਾਣੀ ਕੁਰਸੀ ਨੂੰ ਹੀ ਨਾਲ ਲਿਆ ਸਕਿਆ ਸੀ। ਉਸ ਦੇ ਗੁਆਂਢ ਵਿਚ ਇਕ ਅੰਨ੍ਹੀ ਪੋਠੋਹਾਰਨ ਤੇ ਉਸ ਦੀ ਜਵਾਨ ਧੀ ਆ ਵਸੇ ਸਨ। ਥੋੜ੍ਹੇ ਦਿਨਾਂ ਪਿੱਛੋਂ ਉਹ ਪਸ਼ੌਰਾ ਸਿੰਘ ਦੇ ਵੱਡੇ ਮਕਾਨ ਵਿਚ ਹੀ ਰਹਿਣ ਲੱਗੇ। ਉਨ੍ਹਾਂ ਨੂੰ ਪਸ਼ੌਰਾ ਸਿੰਘ ਦਾ ਆਸਰਾ ਸੀ। ਮਰਨ ਲਗਿਆਂ ਅੰਨ੍ਹੀ ਬੁੱਢੀ ਨੇ ਆਪਣੀ ਜਵਾਨ ਧੀ ਦਾ ਵਿਆਹ ਪਸ਼ੌਰਾ ਸਿੰਘ ਨਾਲ ਕਰ ਦਿੱਤਾ ਸੀ।

ਇਕ ਦਿਨ ਦੁਕਾਨ ਤੋਂ ਵਿਹਲਾ ਹੋ ਕੇ ਪਸ਼ੌਰਾ ਸਿੰਘ ਆਪਣੀ ਬੀਵੀ ਨਾਲ ਘਰ ਪਰਤ ਰਿਹਾ ਸੀ। ਬਾਜ਼ਾਰ ਵਿਚ ਕੁੰਜੜੇ ਦੀ ਦੁਕਾਨ ਉਤੇ ਉਹ ਸਬਜ਼ੀ ਲੈਣ ਲਈ ਰੁਕ ਗਏ। ਉਹ ਭਿੰਡੀਆਂ ਦਾ ਭਾਅ ਕਰਨ ਲੱਗਾ ਤੇ ਉਸ ਦੀ ਬੀਵੀ ਇਕ ਪਾਸੇ ਖੜੀ ਹੋ ਕੇ ਉਸ ਨੂੰ ਉਡੀਕਣ ਲੱਗੀ। ਜਦ ਉਹ ਭਿੰਡੀਆਂ ਚੁਣ ਕੇ ਤੇ ਤੁਲਵਾ ਕੇ ਮੁੜਿਆ, ਤਾਂ ਉਸ ਦੇਖਿਆ ਕਿ ਪੱਕੇ ਰੰਗ ਦਾ ਇਕ ਪਤਲਾ, ਲੰਮਾ ਆਦਮੀ ਖੰਭੇ ਹੇਠ ਖੜਾ ਹੈ ਤੇ ਉਸ ਦੀ ਬੀਵੀ ਉਸ ਵਲ ਦੇਖ ਕੇ ਮੁਸਕਰਾ ਰਹੀ ਹੈ।

ਪਸ਼ੌਰਾ ਸਿੰਘ ਨੇ ਭਿੰਡੀਆਂ ਸੁੱਟ ਕੇ ਬੀਵੀ ਦਾ ਗਲ ਜਾ ਫੜਿਆ। ਉਸ ਨੂੰ ਝੰਜੋੜਦਾ ਤੇ ਮਾਰਦਾ ਹੋਇਆ ਬੁੱਕਿਆ, "ਤੂੰ ਉਸ ਕਲਾਲਾਂ ਦੇ ਕੁੱਤੇ ਦਾ ਖਹਿੜਾ ਨਹੀਂ ਛਡਸੈਂ? ਮੈਂ ਤੇਰੀ ਪਿਆਜ਼ੀ ਚੁੰਨੀ ਫਾੜ ਕੇ ਕਿੱਲੀ ਉਤੇ ਟੰਗ ਦੇਸਾਂ।"

ਲੋਕ ਦੁਕਾਨਾਂ ਦੇ ਥੜ੍ਹਿਆਂ ਉਤੇ ਖੜੇ ਹੋ ਕੇ ਤੱਕਣ ਲੱਗੇ, ਪਰ ਕੋਈ ਨੇੜੇ ਨਾ ਆਇਆ। ਸਭ ਨੂੰ ਪਸ਼ੌਰਾ ਸਿੰਘ ਦੇ ਗੁੱਸੇ ਤੇ ਸ਼ੱਕੀ ਸੁਭਾਅ ਦਾ ਪਤਾ ਸੀ। ਜੇ ਕੋਈ ਹਮਦਰਦੀ ਵਜੋਂ ਦਖ਼ਲ ਦੇਣ ਦੀ ਕੋਸ਼ਿਸ਼ ਕਰਦਾ ਤਾਂ ਪਸ਼ੌਰਾ ਸਿੰਘ ਨੇ ਉਸ ਦਾ ਮੱਕੂ ਵੀ ਠੱਪ ਦੇਣਾ ਸੀ। ਉਹ ਉਸ ਨੂੰ ਥੱਪੜ ਮਾਰਦਾ ਹੋਇਆ ਸਾਰੀ ਮੰਡੀ



ਵਿਚੋਂ ਦੀ ਰੋਂਦੀ ਨੂੰ ਘਰ ਲੈ ਗਿਆ।

ਇਸ ਪਿੱਛੋਂ ਬਾਰੂ ਕੁੰਜੜੇ ਤੇ ਮੁਨਸ਼ੀ ਗੰਗਾ ਰਾਮ ਨੇ ਸਿਰਫ਼ ਇਹੋ ਆਖਿਆ, "ਭਾਈ ਸਾਨੂੰ ਕੀ, ਉਸ ਦੀ ਬੀਵੀ ਐ, ਜੋ ਮਰਜ਼ੀ ਕਰੇ!"

ਇਸੇ ਤਰ੍ਹਾਂ ਛੇ ਮਹੀਨੇ ਲੰਘ ਗਏ। ਪਸ਼ੌਰਾ ਸਿੰਘ ਤੇ ਉਸ ਦੀ ਬੀਵੀ ਰੋਟੀ ਖਾ ਕੇ ਦਸ ਵਜੇ ਦੁਕਾਨ ਉਤੇ ਆਉਂਦੇ। ਸਾਰਾ ਦਿਨ ਉਹ ਦੁਕਾਨ ਉਤੇ ਕੰਮ ਕਰਦਾ। ਜਦੋਂ ਕੋਈ ਗਾਹਕ ਨਾ ਹੁੰਦਾ ਤਾਂ ਉਹ ਰਬੜ ਦੇ ਮਸੂੜ੍ਹਿਆਂ ਵਾਲੇ ਦੰਦਾਂ ਦੇ ਸੈੱਟ ਬਨਾਉਣ ਵਿਚ ਰੁੱਝਿਆ ਰਹਿੰਦਾ। ਬੀਵੀ ਨਾਲ ਦਿਨ ਵਿਚ ਮਸਾਂ ਦੋ-ਚਾਰ ਵਾਰ ਹੀ ਗੱਲ ਹੁੰਦੀ।

ਇਕ ਦਿਨ ਉਹ ਘਰੋਂ ਦੁਕਾਨ ਵਲ ਆ ਰਹੇ ਸਨ। ਜੂਨ ਦਾ ਮਹੀਨਾ ਸੀ। ਦਸ ਵਜੇ ਹੀ ਸੂਰਜ ਭੱਠ ਵਾਂਗ ਤਪ ਰਿਹਾ ਸੀ। ਪਸ਼ੌਰਾ ਸਿੰਘ ਤੇ ਉਸ ਦੀ ਬੀਵੀ ਬਾਜ਼ਾਰ ਵਿਚ ਜਾ ਰਹੇ ਸਨ। ਉਸ ਦੀ ਬੀਵੀ ਰਤਾ ਕੁ ਪਿਛੇ ਰਹਿ ਗਈ ਸੀ। ਉਹ ਖੜਾ ਹੋ ਕੇ ਤਿੱਖੀ ਆਵਾਜ਼ ਵਿਚ ਬੋਲਿਆ, "ਪੈਰਾਂ ਨੂੰ ਮਹਿੰਦੀ ਲੱਗੀ ਸਾਈ। ਛੇਤੀ ਤੁਰ, ਹੱਟੀ ਉਤੇ ਗਾਹਕ ਉਡੀਕਦੇ ਹੋਸਨ।"

ਉਸ ਦੀ ਬੀਵੀ ਖਲੋ ਗਈ। ਉਸ ਨੇ ਚੀਖ਼ ਮਾਰੀ ਤੇ ਜੁੱਤੀ ਸੁੱਟ ਕੇ ਨੰਗੇ ਪੈਰੀਂ ਪਿਛੇ ਨੂੰ ਨੱਸ ਪਈ। ਪਸ਼ੌਰਾ ਸਿੰਘ ਨੇ ਲਲਕਾਰ ਕੇ ਆਖਿਆ, "ਹਰਾਮਜ਼ਾਦੀਏ, ਮੈਂ ਤਾਂ..." ਉਹ ਉਸ ਦੇ ਮਗਰ ਉਹਨੂੰ ਫੜਣ ਲਈ ਦੌੜ ਪਿਆ।

ਬੀਵੀ ਇਕ ਥਾਂ ਖੜੀ ਹੋ ਗਈ ਤੇ ਤਣ ਕੇ ਬੋਲੀ, "ਅੱਗੇ ਵਧਿਆ ਤਾਂ ਮੈਂ ਤੇਰਾ ਢਿੱਡ ਪਾੜ ਦੇਸਾਂ!" ਉਸ ਨੇ ਵਾਲ ਖਿਲਾਰ ਲਏ ਤੇ ਚੰਡੀ ਦਾ ਰੂਪ ਧਾਰ ਕੇ ਗਰਜੀ, "ਮੈਂ ਅੱਗ ਲਾਉਨੀਂ ਐਂ ਤੇਰੀ ਹੱਟੀ ਨੂੰ! ਦਾੜ੍ਹੀ ਪੁੱਟ ਕੇ ਕਿੱਲੇ ਉਤੇ ਟੰਗ ਦੇਸਾਂ!" ਉਸ ਨੇ ਕੱਖ-ਡੋਰੀਏ ਦੀ ਚੁੰਨੀ ਪਾੜ ਕੇ ਉਸ ਦੇ ਮੂੰਹ ਉਤੇ ਦੇ ਮਾਰੀ ਅਤੇ ਬਾਜ਼ਾਰ ਦੇ ਵਿਚਕਾਰ ਢਾਕਾਂ ਉਤੇ ਹੱਥ ਰੱਖ ਕੇ ਉਚੀ-ਉਚੀ ਹੱਸਣ ਲੱਗੀ। ਪਸ਼ੌਰਾ ਸਿੰਘ ਸਕਤੇ ਵਿਚ ਆ ਗਿਆ। ਉਹ ਬੋਲਿਆ: "ਕੀ ਬੱਕਨੀ ਏਂ?"

ਉਹ ਹੋਰ ਵੀ ਉੱਚੀ-ਉੱਚੀ ਹੱਸੀ। ਉਸ ਨੇ ਆਪਣੀ ਕੁੜਤੀ ਦਾ ਗਲਵਾਂ ਪਾੜ ਕੇ ਜ਼ੋਰ ਨਾਲ ਛਾਤੀਆਂ ਉਤੇ ਦੁਹੱਥੜ ਮਾਰੇ ਤੇ ਫਿਰ ਕੂਕਾਂ ਮਾਰਦੀ ਹੋਈ ਨੱਸ ਗਈ।

ਪਸ਼ੌਰਾ ਸਿੰਘ ਦਾ ਸਾਹ-ਸਤ ਜਾਂਦਾ ਰਿਹਾ। ਉਹ ਉਥੇ ਹੀ ਖੜਾ ਰਹਿ ਗਿਆ। ਲੋਕ ਇਕੱਠੇ ਹੋ ਗਏ।

ਮੁਨਸ਼ੀ ਗੰਗਾ ਰਾਮ ਬੋਲਿਆ, "ਮਗਜ਼ ਨੂੰ ਗਰਮੀ ਚੜ੍ਹ ਗਈ!"

ਬਾਰੂ ਕੁੰਜੜੇ ਨੇ ਆਖਿਆ, "ਵਿਚਾਰੇ ਡਾਕਟਰ ਦਾ ਘਰ ਉਜੜ ਗਿਆ!"

ਪਸ਼ੌਰਾ ਸਿੰਘ ਕੁਝ ਦੇਰ ਸੋਚਦਾ ਰਿਹਾ ਤੇ ਫਿਰ ਨੀਵੀਂ ਪਾ ਕੇ ਦੁਕਾਨ ਵਲ ਤੁਰ ਪਿਆ।

ਸਾਰੀ ਮੰਡੀ ਵਿਚ ਇਹ ਗੱਲ ਧੁੰਮ ਗਈ ਕਿ ਡਾਕਟਰ ਪਸ਼ੌਰਾ ਸਿੰਘ ਦੀ ਬੀਵੀ ਪਾਗਲ ਹੋ ਗਈ।

ਉਹ ਖੁੱਲ੍ਹੇ ਗਲਮੇ, ਖੁੱਲ੍ਹੇ ਵਾਲੀਂ, ਨੰਗੇ ਪੈਰੀਂ ਢਾਬਿਆਂ ਤੇ ਮੋਟਰਾਂ ਦੇ ਅੱਡੇ ਤੁਰੀ ਫਿਰਦੀ। ਢਾਬੇ ਉਤੇ ਬੈਠਾ ਕੋਈ ਬਦਮਾਸ਼ ਜੱਟ ਮੁੱਛਾਂ ਨੂੰ ਵੱਟ ਦੇ ਕੇ ਉਸ ਦੇ ਹੁਸਨ ਵਲ ਵੇਖਦਾ। ਉਸ ਨੂੰ ਚਾਹ ਪਿਲਾਉਣ ਦੇ ਬਹਾਨੇ ਅੰਦਰ ਬੁਲਾ ਲੈਂਦਾ ਤੇ

ਫੇਰ ਪਿਛਲੀ ਕੋਠੜੀ ਵਿਚ ਲੈ ਵੜਦਾ। ਜਦੋਂ ਉਹ ਚਾਹ ਪੀ ਕੇ ਬਾਹਰ ਨਿਕਲਦੀ ਤਾਂ ਉਸ ਦੀਆਂ ਅੱਖਾਂ ਵਿਚ ਖ਼ੁਮਾਰ ਤੇ ਖ਼ੁਸ਼ੀ ਹੁੰਦੀ।

ਮੋਟਰਾਂ ਦੇ ਡਰਾਈਵਰਾਂ ਨਾਲ ਉਸ ਦਾ ਖ਼ਾਸ ਮੇਲ ਸੀ। ਕਦੇ-ਕਦੇ ਦਿਨ ਢਲੇ ਉਹ ਲਾਰੀ ਨੂੰ ਸਾਧਾਂ ਦੀ ਝਿੜੀ ਲਾਗੇ ਲਿਜਾ ਖੜੀ ਕਰਦੇ। ਉਸ ਦੀ ਛੱਤ ਉਤੇ ਡਾਕਟਰ ਦੀ ਬੀਵੀ ਮਸਤੀ ਵਿਚ ਪਈ ਹੁੰਦੀ। ਇਸ ਸਮੇਂ ਉਸ ਦਾ ਪਾਗਲਪਣ ਲੱਥਾ ਹੁੰਦਾ। ਉਹ ਹਲਕੀ ਫੁੱਲ ਖੁਸ਼ੀ ਵਿਚ ਝੂੰਮਦੀ ਹੋਈ ਕਦੇ ਸਾਧ ਦੇ ਡੇਰੇ ਜਾ ਵੜਦੀ ਜਾਂ ਬਿਜਲੀ-ਘਰ ਦੇ ਕੁਆਟਰਾਂ ਵਿਚ ਜਾ ਸੌਂਦੀ।

ਕਦੀ-ਕਦੀ ਉਹ ਕਲਾਲਾਂ ਦੇ ਮੁੰਡੇ ਨੂੰ ਮਿਲਣ ਉਸ ਦੀ ਬਗੀਚੀ ਵਿਚ ਜਾਂਦੀ। ਉਥੇ ਜਾ ਕੇ ਉਹ ਹਲਟੀ ਉਤੇ ਨਹਾਉਂਦੀ, ਕਪੜੇ ਬਦਲਦੀ ਤੇ ਉਚੇ-ਲੰਮੇ ਮੁਸ਼ਕੀ ਰੰਗ ਦੇ ਕਲਾਲ ਲਈ ਰੋਟੀ ਪਕਾਉਂਦੀ। ਉਸ ਰਾਤ ਉਹ ਉਥੇ ਹੀ ਸੌਂਦੀ ਤੇ ਉਸ ਨੂੰ ਆਖਦੀ, "ਇਸ ਪਸ਼ੌਰੇ ਦੇ ਬੱਚੇ ਨੇ ਵਲ ਕੱਢ ਕੇ ਛਡਸਾਂ।"

ਮੰਡੀ ਦੇ ਸਭ ਲੋਕ ਜਾਣਦੇ ਸਨ ਕਿ ਡਾਕਟਰ ਦੇ ਜ਼ੁਲਮ ਸਦਕਾ ਇਹ ਵਿਚਾਰੀ ਪਾਗਲ ਹੋ ਗਈ ਹੈ। ਸਿਰਫ਼ ਡਰਾਈਵਰਾਂ ਤੇ ਕਲਾਲਾਂ ਦੇ ਮੁੰਡੇ ਨੂੰ ਪਤਾ ਸੀ ਕਿ ਉਸ ਵਿਚ ਅਤ੍ਰਿਪਤ ਇਸਤਰੀ ਦੀ ਜਿੱਦ ਸੀ, ਜਿਸ ਨੇ ਲੋਕ-ਲਾਜ ਦੀ ਚੁੰਨੀ ਲਾਹ ਕੇ ਇਸ ਦੀਆਂ ਫ਼ੀਤੀਆਂ ਕਰ ਦਿੱਤੀਆਂ ਸਨ। ਉਹ ਤੂਫ਼ਾਨੀ ਨਦੀ ਵਾਂਗ ਮਰਿਆਦਾ ਦੀਆਂ ਹੱਦਾਂ ਤੋੜ ਕੇ ਅੰਨ੍ਹੇ-ਵਾਹ, ਬਿੱਫਰੀ ਹੋਈ ਵਗ ਤੁਰੀ ਸੀ।

ਡਾਕਟਰ ਪਸ਼ੌਰਾ ਸਿੰਘ ਦੀ ਹੱਟੀ ਸੁੰਨੀ ਤੇ ਘਰ ਵੀਰਾਨ ਸੀ। ਬੀਵੀ ਨੂੰ ਮੋੜ ਲਿਆਉਣ ਦੇ ਉਸ ਨੇ ਬੜੇ ਜਤਨ ਕੀਤੇ, ਪਰ ਕੋਈ ਪੇਸ਼ ਨਾ ਗਈ। ਉਹ ਢਾਬਿਆਂ ਤੇ ਮੋਟਰਾਂ ਦੇ ਅੱਡੇ ਉਤੇ ਕਈ ਵਾਰ ਪੁੱਛਦਾ ਫਿਰਦਾ। ਉਸ ਦੀ ਗੱਲ-ਬਾਤ ਵਿਚ ਤਰਲਾ ਤੇ ਨਮੋਸ਼ੀ ਸੀ। ਉਹ ਸਾਧਾਂ ਤੇ ਗੰਡੇ-ਤਾਵੀਜ਼ ਕਰਨ ਵਾਲਿਆਂ ਕੋਲ ਗਿਆ। ਕਈ ਸੁੱਖਾਂ-ਸੁੱਖੀਆਂ ਪਰ ਸਭ ਕੁਝ ਵਿਅਰਥ।

ਕਈ ਵਾਰ ਉਹ ਪਛਤਾਉਂਦਾ ਕਿ ਉਸ ਨੇ ਬੀਵੀ ਨੂੰ ਭਰੇ ਬਾਜ਼ਾਰ ਵਿਚ ਕਿਉਂ ਕੁੱਟਿਆ ਸੀ। ਕਈ ਵਾਰ ਉਹ ਗੁੱਸੇ ਵਿਚ ਕਚੀਚੀਆਂ ਵੱਟਦਾ ਤੇ ਬੀਵੀ ਨੂੰ ਗਾਲ੍ਹਾਂ ਕੱਢਦਾ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ।

ਹੌਲੀ-ਹੌਲੀ ਉਸ ਨੂੰ ਡਰਾਈਵਰਾਂ ਵਾਲੀ ਗੱਲ ਦਾ ਵੀ ਪਤਾ ਲਗ ਗਿਆ। ਉਹ ਬੀਵੀ ਨੂੰ ਢੂੰਡਦਾ ਹੋਇਆ, ਮੱਥਾ ਪਟਕਦਾ, ਕਿਸਮਤ ਨੂੰ ਕੋਸਦਾ ਮੋਟਰਾਂ ਦੇ ਅੱਡੇ ਉਤੇ ਜਾ ਨਿਕਲਿਆ। ਬਾਰਸ਼ ਪੈ ਰਹੀ ਸੀ ਤੇ ਅੱਡੇ ਉਤੇ ਚਿੱਕੜ ਸੀ। ਇਕ ਲਾਰੀ ਖ਼ਾਲੀ ਸੀ ਕਿਉਂਜੁ ਉਸ ਦੇ ਸਭ ਮੁਸਾਫ਼ਰ ਜਾ ਚੁੱਕੇ ਸਨ। ਲਾਰੀ ਦੀ ਛੱਤ ਉਤੇ ਤਰਪਾਲ ਪਈ ਸੀ ਤੇ ਉਸ ਹੇਠ ਬੁੱਢਾ ਡਰਾਈਵਰ ਉਸ ਦੀ ਬੀਵੀ ਨਾਲ ਸ਼ਰਾਬ ਪੀਂਦਾ ਪਿਆ ਸੀ। ਪਸ਼ੌਰਾ ਸਿੰਘ ਨੇ ਢਾਬੇ ਵਾਲੇ ਤੋਂ ਪੁੱਛਿਆ ਤਾਂ ਤਿੰਨ ਸ਼ਰਾਰਤੀ ਮੁੰਡਿਆਂ ਨੇ ਲਾਰੀ ਦੀ ਛੱਤ ਵਲ ਸੈਨਤ ਕੀਤੀ ਤੇ ਖਿੜ-ਖਿੜਾ ਕੇ ਹੱਸ ਪਏ। ਪਸ਼ੌਰਾ ਸਿੰਘ ਦੇ ਸਿਰ ਉਤੇ ਸੌ ਘੜੇ ਪਾਣੀ ਦੇ ਪੈ ਗਏ। ਉਹ ਹਾਰਿਆ ਹੋਇਆ ਘਰ ਮੁੜ ਆਇਆ।

ਚਾਰ ਮਹੀਨਿਆਂ ਵਿਚ ਪਸ਼ੌਰਾ ਸਿੰਘ ਦੀਆਂ ਹੜਬਾਂ ਨਿਕਲ ਆਈਆਂ। ਪਤਲੂਣ ਦੀ ਪੇਟੀ ਨਾਲ ਲਟਕਦੇ ਛੁਰੇ ਤੇ ਫ਼ੌਜੀਆਂ ਵਾਂਗ ਚਾੜ੍ਹੀ ਦਾੜ੍ਹੀ ਦਾ



ਸਾਰਾ ਘੁਮੰਡ ਜਾਂਦਾ ਰਿਹਾ।

ਇਕ ਦਿਨ ਉਹ ਦੁਕਾਨ ਤੋਂ ਮੁੜਿਆ ਤਾਂ ਉਸ ਦੀ ਬੀਵੀ ਘਰ ਬੈਠੀ ਸੀ। ਉਹ ਬਹੁਤ ਹੈਰਾਨ ਹੋਇਆ। ਉਸ ਨੂੰ ਇਉਂ ਲਗਿਆ ਜਿਵੇਂ ਉਹ ਕਿਸੇ ਬੇਗਾਨੇ ਘਰ ਜਾ ਵੜਿਆ ਹੋਵੇ। ਦੋਹਾਂ ਦੀ ਮੁਲਾਕਾਤ ਬੜੀ ਓਪਰੀ ਸੀ। ਉਸ ਦਾ ਦਿਲ ਡਰ ਨਾਲ ਕੰਬਣ ਲੱਗਾ। ਕੀ ਪਤਾ ਬੀਵੀ ਮੁੜ ਨੱਸ ਜਾਵੇ। ਉਸ ਨੇ ਬਹੁਤ ਧੀਰਜ ਤੇ ਸੰਕੋਚ ਨਾਲ ਉਸ ਨੂੰ ਰੋਟੀ ਖਾਣ ਲਈ ਪੁੱਛਿਆ। ਬੀਵੀ ਨੇ ਪਸ਼ੌਰਾ ਸਿੰਘ ਦੇ ਧੀਮੇ ਸੁਭਾਅ ਨੂੰ ਜਾਂਚ ਕੇ ਸਿਰ ਹਿਲਾ ਦਿੱਤਾ।

ਪਸ਼ੌਰਾ ਸਿੰਘ ਨੇ ਪੁਚਕਾਰ ਕੇ ਆਖਿਆ, "ਮੁਰਗਾ ਖਾਸੇਂ ?"

ਬੀਵੀ ਨੇ ਉਸ ਵਲ ਬੜੇ ਠਰ੍ਹੰਮੇ ਨਾਲ ਤੱਕਿਆ ਤੇ ਸਿਰ ਹਿਲਾ ਕੇ ਬੋਲੀ, "ਹਾਂ"।

ਇਸ ਨਿੱਕੀ ਜਿਹੀ ਗੱਲ-ਬਾਤ ਪਿੱਛੇ ਸੈਂਕੜੇ ਅਣਕਹੀਆਂ ਗੱਲਾਂ ਵੀ ਸਨ।

ਪਸ਼ੌਰਾ ਸਿੰਘ ਖੜੇ-ਪੈਰੀਂ ਬਾਜ਼ਾਰ ਗਿਆ ਤੇ ਬੀਵੀ ਲਈ ਨਵੀਂ ਚੁੰਨੀ, ਕੱਜਲ, ਦੰਦਾਸਾ, ਬਾਦਾਮ ਤੇ ਮੁਰਗਾ ਲੈ ਆਇਆ। ਬੜੇ ਪਿਆਰ ਨਾਲ ਉਸ ਨੇ ਇਹ ਚੀਜ਼ਾਂ ਆਪਣੀ ਬੀਵੀ ਅੱਗੇ ਭੇਂਟ ਕੀਤੀਆਂ। ਉਸ ਵਿਚ ਮੁੜ ਪੁਰਾਣਾ ਪਿਆਰ ਜਾਗ ਪਿਆ। ਨਾਲ ਹੀ ਡਰ, ਪਛਤਾਵਾ ਤੇ ਬੇਇੱਜ਼ਤੀ ਦਾ ਸੰਸਾ। ਮਨ ਦੇ ਅੰਦਰ ਕਿਧਰੇ ਗੁੱਸੇ ਦੀ ਚਿਣਗ ਵੀ ਮੱਘ ਰਹੀ ਸੀ।

ਉਹ ਉਸ ਦਾ ਹੱਥ ਫੜ ਕੇ ਗੁੱਸੇ ਨਾਲ ਬੋਲਿਆ, "ਕੁੱਤੀਏ, ਜੇ ਖੇਹ ਖਾਣੀ ਏਂ, ਤਾਂ ਘਰ ਵਿਚ ਬੈਠ ਕੇ ਖਾਹ। ਮੈਂ ਜਾ ਕੇ ਉਸ ਕਲਾਲ ਨੂੰ ਇਥੇ ਲੈ ਆਸਾਂ।"

ਉਸ ਨੇ ਪੇਟੀ ਨਾਲ ਲਟਕਦਾ ਛੁਰਾ ਲਾਹ ਕੇ ਸੰਦੂਕ ਵਿਚ ਰਖ ਦਿੱਤਾ ਤੇ ਸਾਈਕਲ ਉਤੇ ਚੜ੍ਹ ਕੇ ਕਲਾਲਾਂ ਦੇ ਮੁੰਡੇ ਨੂੰ ਬੁਲਾਉਣ ਬਗੀਚੀ ਵਲ ਤੁਰ ਪਿਆ।

ਉਸ ਦੀ ਬੀਵੀ ਨੇ ਅੱਖਾਂ ਵਿਚ ਕੱਜਲ ਪਾਇਆ, ਨਵੀਂ ਪਿਆਜ਼ੀ ਚੁੰਨੀ ਲੀਤੀ ਤੇ ਵਿਹੜੇ ਵਿਚ ਚੁੱਲ੍ਹੇ ਉਤੇ ਮੁਰਗਾ ਭੁੰਨਣ ਲੱਗੀ।

ਸਾਰੇ ਮਹੱਲੇ ਵਿਚ ਮਸਾਲੇ ਵਾਲੇ ਮੁਰਗੇ ਦੇ ਤੜਕਣ ਦੀ ਮਹਿਕ ਫੈਲ ਗਈ।

ਗੁਆਂਢ ਵਿਚ ਮੁਨਸ਼ੀ ਗੰਗਾ ਰਾਮ ਨੇ ਹੁੱਕੇ ਦੀ ਘੁੱਟ ਭਰ ਕੇ ਆਖਿਆ, "ਸ਼ੁਕਰ ਏ, ਪਸ਼ੌਰਾ ਸਿੰਘ ਦਾ ਘਰ ਮੁੜ ਵੱਸ ਗਿਆ!"

## 9

# ਦੁੱਧ ਦਾ ਛੰਨਾ

ਕੋਈ ਸਵਾਰੀ ਨਾ ਹੋਣ ਕਰਕੇ ਉਹ ਪੈਦਲ ਹੀ ਟੁਰ ਪਿਆ । ਸਰ੍ਹੋਂ ਦੀ ਖ਼ੁਸ਼ਬੂ ਉਸ ਦੇ ਮਨ ਵਿਚ ਤਰ੍ਹਾਂ-ਤਰ੍ਹਾਂ ਦੇ ਸੁਫ਼ਨੇ ਜਗਾਉਂਦੀ ਸੀ । ਤੇਜ਼-ਤੇਜ਼ ਉਲਾਂਘਾਂ ਭਰਦਾ ਉਹ ਖੇਤ ਦੀ ਵੱਟੋ-ਵੱਟ ਤੁਰਿਆ ਜਾ ਰਿਹਾ ਸੀ । ਆਲੇ-ਦੁਆਲੇ ਸਰ੍ਹੋਂ ਖੇਤਾਂ ਵਿਚ ਆਪਣੇ ਜੋਬਨ ਉਤੇ ਮਸਤ ਗਵਾਚੀ ਖੜੀ ਸੀ ।

ਸਾਰੀ ਧਰਤੀ ਸਰ੍ਹੋਂ ਦੇ ਸੋਨੇ ਨਾਲ ਕੱਜੀ ਹੋਈ ਸੀ ਜਿਵੇਂ ਬਸੰਤ ਦੇ ਦਿਲ ਨੂੰ ਜਿੱਤਣ ਖਾਤਰ ਧਰਤੀ ਨੇ ਛੇਕੜ ਨਵੀਂ ਵਿਆਹੁਲੀ ਵਾਂਗ ਆਪਣਾ ਪੂਰਾ ਹਾਰ-ਸ਼ਿੰਗਾਰ ਕਰ ਲਿਆ ਹੋਵੇ । ਚਾਰ-ਚੁਫ਼ੇਰੇ ਇਕੋ ਤਰ੍ਹਾਂ ਦੀ ਪਿਲੱਤਣ, ਪੀਲੇ-ਪੀਲੇ ਤਾਜ, ਸੁਨਹਿਰੇ ਰੰਗ ਦਾ ਸਮੁੰਦਰ ਸੀ । ਬਹੁਤ ਚਿਰ ਇਸੇ ਤਰ੍ਹਾਂ ਟੁਰਨ ਪਿਛੋਂ ਉਹਨੂੰ ਇੰਜ ਭਾਸਿਆ ਜਿਵੇਂ ਉਹ ਕਿਸੇ ਹੋਰ ਡੰਡੀ ਹੋ ਲਿਆ ਹੋਵੇ ।

ਉਹ ਕੁਝ ਚਿਰ ਉਥੇ ਖੜਾ ਰਿਹਾ । ਪੂਰਬ ਵੱਲੋਂ ਹਨੇਰਾ ਖਿਲਰਦਾ ਆਉਂਦਾ ਸੀ । ਕਿਸ ਨੂੰ ਰਸਤਾ ਪੁੱਛੇ । ਦੂਰ ਲਹਿੰਦੇ ਵਲ ਸੂਰਜ ਦੇ ਦੋਵੇਂ ਪਾਸੇ ਦੋ ਕਾਲੇ-ਕਾਲੇ ਬੱਦਲ ਸੋਨੇ ਦੀ ਇਸ ਟੁਕੜੀ ਨੂੰ ਫਾਹ ਲੈਣ ਦੀਆਂ ਸਲਾਹਾਂ ਕਰਦੇ ਸਨ ।

ਐਨੇ ਵਿਚ ਖੱਬੇ ਪਾਸਿਉਂ ਦੂਰ ਖੂਹ ਦੇ ਕੋਲੋਂ ਇਕ ਕੁੜੀ ਸਿਰ ਉਤੇ ਪੱਠਿਆਂ ਦੀ ਭਰੀ ਚੁੱਕੀ ਆਉਂਦੀ ਦਿਸੀ, ਇਹ ਗੀਤ ਉਸ ਦੇ ਬੁੱਲ੍ਹਾਂ ਵਿਚੋਂ ਨਿਕਲ ਕੇ ਪੁਲਾੜ ਵਿਚ ਖਿੰਡ ਰਿਹਾ ਸੀ—

'ਉਡਦੀ ਧੂੜ ਦਿਸੇ
ਬੋਤਾ ਵੀਰ ਦਾ ਨਜ਼ਰ ਨਾ ਆਵੇ'

ਉਹ ਵਗਦੇ ਖਾਲ ਕੋਲ ਖਲੋ ਗਿਆ ਤੇ ਉਸ ਨੂੰ ਉਡੀਕਨ ਲੱਗਿਆ । ਜਦ ਉਹ ਨੇੜੇ ਆਈ ਤਾਂ ਉਸ ਨੂੰ ਪੁੱਛਿਆ, "ਕਿਉਂ ਬੀਬੀ ਦਿੱਤੋਪੁਰ ਇੱਥੋਂ ਕਿੱਡੀ ਦੂਰ ਏ ?"



ਉਸ ਨੇ ਅਜੀਤ ਵਲ ਅੱਖ ਪੁੱਟ ਕੇ ਤੱਕਿਆ ਤੇ ਆਖਿਆ, "ਭਾਈ ਇਹ ਸਾਹਮਣੇ ਤਾਂ ਦਿਆਗੜ੍ਹ ਏ, ਦਿੱਤੋਪੁਰ ਪਿਛਾਂਹ ਰਹਿ ਗਿਆ ਏ, ਤੂੰ ਕਿਤੇ ਰਾਹ ਤਾਂ ਨਹੀਂ ਭੁੱਲ ਗਿਆ ?"

ਅਜੀਤ ਨੇ ਆਖਿਆ, "ਕੁਝ ਇਸੇ ਤਰ੍ਹਾਂ ਹੀ ਜਾਪਦਾ ਏ ।"

ਆਥਣ ਹੋ ਚੁੱਕੀ ਸੀ, ਦੁਮੇਲ ਉਤੇ ਇਕ ਨਿੰਮ੍ਹਾਂ ਹਰਾ ਹਨੇਰਾ ਸੂਹੇ ਬੱਦਲਾਂ ਦੇ ਕੰਢਿਆਂ ਉਤੇ ਫੈਲਦਾ ਆਉਂਦਾ ਸੀ । ਉਸ ਨੇ ਇਹ ਸੋਚ ਕੇ ਕਿ ਖਲੋਤੇ-ਖਲੋਤੇ ਇਸ ਕੁੜੀ ਦੀ ਧੌਣ ਹੰਭ ਗਈ ਹੋਊਗੀ, ਓੜਕ ਨੂੰ ਆਖਿਆ, "ਵਧਦੇ ਹਨੇਰੇ ਵਿਚ ਮੈਨੂੰ ਕਿਤੇ ਰਾਹ ਵੀ ਨਹੀਂ ਲੱਭਣਾ । ਕੀ ਇਸ ਪਿੰਡ ਵਿਚ ਕਿਤੇ ਰਾਤ ਕੱਟਣ ਦਾ ਪ੍ਰਬੰਧ ਹੋ ਸਕਦਾ ਏ ?"

ਕੁੜੀ ਨੇ ਸਿਰ ਤੋਂ ਭਰੀ ਨੂੰ ਹੇਠਾਂ ਭੋਂ ਤੇ ਸਿੱਟ ਦਿੱਤਾ ਤੇ ਕੂਈ, "ਇੱਥੇ ਧਰਮਸ਼ਾਲਾ ਜਾਂ ਗੁਰਦੁਆਰਾ ਤਾਂ ਹੈ ਨਹੀਂ, ਪੰਜ-ਸੱਤ ਝੁੱਗੀਆਂ ਹਨ ਜੇ ਕਿਤੇ ਥਾਂ ਮਿਲ ਸਕੇ ।"

ਉਹ ਉਸ ਦਾ ਬਹੁਤ ਧੰਨਵਾਦੀ ਸੀ । ਇਕ ਮਿੰਟ ਚੁੱਪ-ਚੁਪੀਤਾ ਉਸੇ ਤਰ੍ਹਾਂ ਖਲੋਤਾ ਰਿਹਾ । ਕੁੜੀ ਨੇ ਫੇਰ ਰੰਬੀ ਭਰੇ ਦੀ ਜੱਤ ਵਿਚ ਦਿੱਤੀ ਤੇ ਉਹਦਾ ਸਹਾਰਾ ਲਵਾ ਕੇ ਫੇਰ ਸਿਰ ਉਤੇ ਚੁੱਕ ਲਿਆ । ਅਜੀਤ ਉਸ ਦੇ ਨਾਲ-ਨਾਲ ਟੁਰਨ ਲੱਗ ਪਿਆ ।

ਸ਼ਹਿਰਾਂ ਦੀ ਭੱਜ-ਦੌੜ, ਹੂ-ਹੂ ਤੇ ਚੀਕ ਚੰਘਿਆੜੇ ਤੋਂ ਖ਼ਾਲੀ ਇਹ ਪਿੰਡ ਧਰਤੀ ਤੇ ਆਕਾਸ਼ ਦੇ ਵਿਚਕਾਰ ਇੰਜ ਉਗਿਆ ਹੋਇਆ ਸੀ, ਜਿਵੇਂ ਥਲਾਂ ਦੇ ਬੇਅੰਤ ਟਿੱਬਿਆਂ ਵਿਚ ਕੋਈ ਫੁੱਲ ਖੜਾ ਹੋਵੇ ।

ਉਸ ਨੇ ਅਜੀਤ ਵਲ ਅੱਖਾਂ ਫੇਰੇ ਬਿਨਾ ਹੀ ਪੁੱਛਿਆ, "ਭਾਈ ਤੂੰ ਕਿਹੜੇ ਪਿੰਡੋਂ ਏਂ ? ਨਵਾਂ ਈ ਜਾਪਦਾ ਏਂ ।"

ਉਸ ਨੇ ਜਵਾਬ ਦਿੱਤਾ ਕਿ ਉਹਨੂੰ ਸਰਹੰਦ ਸ਼ਹਿਰ ਵਿਚ ਆਇਆਂ ਥੋੜ੍ਹਾ ਈ ਚਿਰ ਹੋਇਆ, ਉਹ ਪੈਲੀਆਂ ਦਾ ਇਨਸਪੈਕਟਰ ਏ ।

ਪਿੰਡ ਦੇ ਆਜੜੀ ਤੇ ਵਾਗੀ ਵਾਪਸ ਘਰਾਂ ਨੂੰ ਪਰਤ ਪਏ ਸਨ । ਟੋਭੇ ਉਤੋਂ ਤੀਵੀਆਂ ਡੁੱਲ੍ਹਦੇ ਘੜੇ ਢਾਕਾਂ ਉਤੇ ਧਰੀ ਵਾਪਸ ਘਰਾਂ ਵਲ ਨੂੰ ਆ ਰਹੀਆਂ ਸਨ । ਪਿੰਡ ਦੀ ਜੂਹ ਟੱਪਦਿਆਂ ਹੀ ਬਰੋਟੇ ਕੋਲ ਇਕ ਝੁੱਗੀ ਸੀ । ਪੈਰਾਂ ਦਾ ਖੜਕਾ ਸੁਣ ਕੇ ਇਕ ਬੁੱਢੀ ਆਵਾਜ਼ ਆਈ, "ਨਿਹਾਲੋ ਪੁੱਤਰ, ਆ ਗਈ ਏਂ ।"

"ਹਾਂ ਮਾਂ ਨੀ"

ਤੇ ਅੰਦਰੋਂ ਇਕ ਪੰਜਾਹ ਸਾਲਾਂ ਦੀ ਤੀਵੀਂ ਨਿਕਲੀ, "ਲਿਆ ਪੱਠੇ ਸੁੱਟ, ਤੇ ਜਾ ਕੇ ਗਾਂ ਨੂੰ ਚੋ । ਤੈਨੂੰ ਕਦ ਦੀ ਉਡੀਕਦੀ ਆਂ । ਤੇ ਇਹ ਤੇਰੇ ਨਾਲ ਕੌਣ ਏ ?"

ਨਿਹਾਲੋ ਨੇ ਪੱਠੇ ਸੁੱਟ ਦਿੱਤੇ ਤੇ ਮਾਂ ਦਾ ਗੁੱਟ ਦਬ ਕੇ ਆਖਿਆ, "ਏਥੇ ਨੇੜੇ ਦੇ ਸਪਿਟਰ ਨੇ, ਰਾਹ ਭੁੱਲ ਗਏ ਨੇ ।"

ਬੁੱਢੀ ਮਾਂ ਅਜੀਤ ਦੇ ਕੋਲ ਆ ਗਈ ਤੇ ਉਸ ਦੀ ਬਾਂਹ ਨੂੰ ਟੋਹ ਕੇ ਆਖਣ ਲੱਗੀ, "ਬੈਹ ਜਾ ਪੁੱਤ । ਮੰਜੀ ਡਾਹ ਦੇ ਕੁੜੇ ਨੀ ਇਨ੍ਹਾਂ ਵਾਸਤੇ, ਤਿਹਾਏ ਹੋਣਗੇ, ਜਾਹ ਛੇਤੀ ਦੇਣੀ ਜਾ ਕੇ ਮਟ ਵਿਚੋਂ ਪਾਣੀ ਦਾ ਛੰਨਾ ਦੇਹ ।"

ਨਿਹਾਲੋ ਨੇ ਘੜੀਸ ਕੇ ਚੌਖੜੇ ਦੀ ਮੰਜੀ ਕੋਲ ਕਰ ਦਿੱਤੀ, ਉਹ ਏਸ ਟੁੱਟੀ-ਖੁੱਟੀ ਮੰਜੀ ਦੀ ਬਾਹੀ ਉਤੇ ਬੈਠ ਗਿਆ। "ਸੂਤ ਹੋ ਕੇ ਬੈਠ ਜਾ ਸੋਹਣਿਆ", ਮਾਂ ਨੇ ਬੜੀ ਉਦਾਰਤਾ ਨਾਲ ਆਖਿਆ।

ਨਿਹਾਲੋ ਦੋਹਣਾ ਲੈ ਕੇ ਝੁੱਗੀ ਦੇ ਪਛਾੜੀ ਬੰਨ੍ਹੀ ਹੋਈ ਗਾਂ ਦੀ ਧਾਰ ਕੱਢਣ ਚਲੀ ਗਈ। ਟਿਚਕਾਰੀ ਮਾਰ ਕੇ ਉਸ ਨੇ ਗਾਂ ਨੂੰ ਉਠਾਇਆ, ਵੱਛਾ ਜਿਹੜਾ ਮਿਣਕ-ਮਿਣਕ ਕਿੱਲੇ ਉਤੇ ਸੌਂ ਗਿਆ ਸੀ, ਉਸ ਦੇ ਪੈਰਾਂ ਦੀ ਚਾਪ ਸੁਣਦਿਆਂ ਹੀ ਰੰਭਣ ਲਗ ਪਿਆ। ਨਿਹਾਲੋ ਨੇ ਉਸ ਦੇ ਮੂੰਹ ਤੋਂ ਛਿਕਲੀ ਲਾਹੀ, ਉਹ ਚੁੰਘੀਆਂ ਭਰਦਾ ਹੋਇਆ ਮਾਂ ਦੇ ਥਣਾਂ ਨੂੰ ਮਚਾਕੇ ਮਾਰਨ ਲੱਗ ਪਿਆ। ਨਿਹਾਲੋ ਨੇ ਅਸੀਲ ਗਾਂ ਦੀਆਂ ਟੰਗਾਂ ਵਿਚ ਨਿਆਨਾ ਬੰਨ੍ਹ ਦਿੱਤਾ। ਵੱਛੇ ਨੇ ਢੁੱਡਾਂ ਮਾਰ-ਮਾਰ ਉਸ ਨੂੰ ਪਸਮਾ ਦਿੱਤਾ। ਜਦ ਦੁੱਧ ਥਣਾਂ ਵਿਚੋਂ ਡੁਲ੍ਹਕਣ ਲਗ ਪਿਆ, ਨਿਹਾਲੋ ਨੇ ਵੱਛੇ ਨੂੰ ਧੂ ਕੇ ਦੂਜੇ ਕਿੱਲੇ ਬੰਨ੍ਹ ਦਿੱਤਾ ਤੇ ਦੋਹਣਾ ਗੋਡਿਆਂ ਵਿਚ ਲੈ ਧਾਰਾਂ ਕੱਢਣ ਲੱਗ ਪਈ। ਅੱਜ ਉਸ ਦੇ ਹੱਥ ਕੁਝ ਵਧੇਰੀ ਫੁਰਤੀ ਨਾਲ ਗਊ ਦੇ ਕੂਲੇ ਗੇਰੂਏ ਥਣਾਂ ਨੂੰ ਟੋਂਹਦੇ ਤੇ ਚੋਂਦੇ ਸਨ। ਸ਼ਾਂ-ਸ਼ਾਂ ਕਰਦੀਆਂ ਧਾਰਾਂ ਦਾ ਮੀਂਹ ਉਸ ਦੇ ਦੂਹਣੇ ਵਿਚ ਵਰ੍ਹਨ ਲੱਗ ਪਿਆ। ਕੋਈ ਔਟਲੀ ਧਾਰ ਦੂਹਣੇ ਦੀ ਧੌਣ ਤੋਂ ਤਿਲ੍ਹਕ ਕੇ ਉਸ ਦੀ ਸੁੱਥਣ ਉਪਰ ਖਿਲਰ ਜਾਂਦੀ ਤੇ ਬਰੀਕ-ਬਰੀਕ ਰਿਸਦੀਆਂ ਹੋਈਆਂ ਧਾਰਾਂ ਦੀ ਭੂਰ ਏਧਰ-ਉਧਰ ਕਿਰਨ ਲੱਗ ਪਈ। ਉਹਦੇ ਦੋਹਾਂ ਹੱਥਾਂ 'ਚੋਂ ਇਕ ਸਾਰ ਨਿਕਲਦੀਆਂ ਦੂਧੀਆ ਹੇਕਾਂ ਨੇ ਇਕ ਸਮਾਂ ਬੰਨ੍ਹ ਦਿੱਤਾ ਤੇ ਵਾੜਾ ਇਕ ਭਿੰਨੇ ਗੀਤ ਨਾਲ ਗੂੰਜ ਉਠਿਆ। ਦੋਹਣੇ ਵਿਚ ਉਲਰਦੀ ਝੱਗ ਵਾਂਗ ਇਕ ਖ਼ਿਆਲ ਉਸ ਦੀ ਹਿੱਕ ਵਿਚ ਉਭਰਨ ਲੱਗ ਪਿਆ। ਇਸ ਨਵੇਂ ਗੱਭਰੂ ਦਾ ਮੁਹਾਂਦਰਾ ਉਸ ਦੇ ਆਪਣੇ ਭਰਾ, ਜਿਹੜਾ ਤਿੰਨ ਸਾਲ ਤੋਂ ਸਮੁੰਦਰ ਪਾਰ ਕਿਤੇ ਲੜਦਾ ਹੋਊਗਾ, ਨਾਲ ਕਿੰਨਾ ਮਿਲਦਾ ਏ। ਸਾਵਾ ਓਹੀ ਬੋਲ, ਬੁੱਲ੍ਹਾਂ ਉਤੇ ਉਹੀ ਗਿਲ-ਗਿਲ ਅਤੇ ਮੱਥੇ ਉਤੇ ਉਹੀ ਖਿੜ ਸੀ। ਦੋਹਣਾ ਦੁੱਧ ਨਾਲ ਭਰਦਾ ਆਉਂਦਾ ਸੀ ਤੇ ਉਸ ਦੀਆਂ ਛਾਤੀਆਂ ਵੀ ਇਸ ਰੀਝ ਭਰੇ ਸੁਫ਼ਨੇ ਨਾਲ ਤਾਂਹ-ਤਾਂਹ ਡਲ੍ਹਕਣ ਲੱਗ ਪਈਆਂ।

ਬਾਹਰ ਅਜੀਤ ਮੰਜੀ ਤੇ ਬੈਠਾ ਸੋਚਦਾ ਸੀ ਕਿ ਨਿਹਾਲੋ ਦੇ ਮੜੰਗੇ ਵਿਚ ਕਿਵੇਂ ਕਿਸੇ ਭੁੱਲੀ ਵਿਸਰੀ ਯਾਦ ਦੇ ਰੰਗ ਦੀਆਂ ਛਲਾਂ ਡੁਲ੍ਹਕਦੀਆਂ ਜਾਪਦੀਆਂ ਹਨ। ਉਸ ਦਾ ਕੱਦ-ਕਾਠ ਕਿੰਨਾ ਨਰੋਆ ਏ, ਉਸ ਦੀ ਆਵਾਜ਼ ਵਿਚ ਕਿੰਨੀ ਖਿੱਚ ਏ, ਉਸ ਦੀ ਉੱਚੀ ਧੌਣ ਤੇ ਮੋਟੀਆਂ ਬਦਾਮੀ ਅੱਖਾਂ...

ਮੰਜੀ ਹੇਠ ਬੈਠਾ ਕੁੱਤਾ ਇਕ ਦਮ ਇਕ ਕੁੱਕੜੀ ਨੂੰ ਵੇਖ ਕੇ ਉਸ ਦੇ ਮਗਰ ਭੌਂਕਦਾ ਹੋਇਆ ਦੌੜ ਪਿਆ। ਚਾਰੇ ਦੇ ਬੱਠਲ ਕੋਲ ਬੈਠੀ ਸਾਊ ਬਿੱਲੀ ਜਿਹੜੀ ਆਪਣੀਆਂ ਨਾਸਾਂ ਅਗਲੇ ਪੰਜਿਆਂ ਉਤੇ ਰੱਖੀ, ਅੱਖਾਂ ਮੀਟੀ ਕੁਝ ਸੋਚਦੀ ਸੀ, ਇਹ ਭੌਂਕ ਸੁਣ ਕੇ ਇਕ ਦਮ ਡੌਰ-ਭੌਰ ਹੋ ਕੇ ਤੱਕਣ ਲੱਗੀ। ਨੇੜੇ ਨਿੰਬੂਆਂ ਦੇ ਵਾੜੇ ਵਿਚੋਂ ਇਕ ਖੱਟੀ ਖੁਸ਼ਬੂ ਰੁਮਕਦੀ ਹੋਈ 'ਵਾ ਉਤੇ ਤੁਰਦੀ ਆਉਂਦੀ ਸੀ! ਅਜੀਤ ਬੈਠਾ ਇਸ ਵਿਸ਼ਾਲ ਹਵਾ ਦੀਆਂ ਖੱਟ-ਮਿੱਠੀਆਂ ਘੁੱਟਾਂ ਪੀਂਦਾ ਰਿਹਾ। ਏਨੇ ਵਿਚ ਨਿਹਾਲੋ ਦੁੱਧ ਦੇ ਭਰੇ ਦੂਹਣੇ ਨੂੰ ਢਾਕ ਉਤੇ ਧਰੀ ਨਿਆਨਾ ਘੁਮਾਉਂਦੀ, ਉਸ ਦੇ ਕੋਲ ਦੀ ਲੰਘੀ, ਅਜੀਤ ਫੇਰ ਤਕੜਾ ਹੋ ਕੇ ਬੈਠ ਗਿਆ।



ਸਬਾਤ ਵਿਚ ਹਾਰੇ ਵਿਚੋਂ ਧੂੰਆਂ ਉੱਠ ਰਿਹਾ ਸੀ ਤੇ ਅੰਦਰ ਨਿਹਾਲੋ ਦੀ ਮਾਂ ਭਾਂਡਿਆਂ ਦਾ ਕੁਝ ਖੜਕਾ-ਦੜਕਾ ਪਈ ਕਰਦੀ ਸੀ।

ਸੂਰਜ ਦੇ ਛਿਪਣ ਪਿੱਛੋਂ ਸਲੇਟੀ ਰੰਗ ਦੀ ਛਾਂ ਨੇ ਸਭ ਚੀਜ਼ਾਂ ਨੂੰ ਕੱਜ ਦਿੱਤਾ। ਖਾਲ ਦੇ ਕੰਢੇ ਟਟਿਹਿਣੇ ਘਾਹ ਦੇ ਲਹਿੰਗੇ ਉਤੇ ਸਿਲਮੇਂ ਵਾਂਗ ਲਿਸ਼ਕਣ ਲੱਗ ਪਏ।

ਨਿਹਾਲੋ ਨੂੰ ਵੇਖ ਕੇ ਉਸ ਦੀ ਮਾਂ ਨੇ ਆਖਿਆ, "ਲੈ ਡੱਡੀਏ, ਸਾਗ ਤੇ ਟੁੱਕਰ ਵੀਰ ਨੂੰ ਦੇ, ਖਾ ਲਊ।"

ਨਿਹਾਲੋ ਛੰਨਾ ਤੇ ਬਾਟੀ ਲੈ ਕੇ ਬਾਹਰ ਨਿਕਲੀ। ਤਾਰਿਆਂ ਦੀ ਛਾਂ ਹੇਠਾਂ ਅਜੀਤ ਅਜੇ ਵੀ ਕੋਈ ਸੁਫ਼ਨਾ ਤੱਕ ਰਿਹਾ ਸੀ। ਉਸ ਹੱਸਦੀ ਹੋਈ ਨੇ ਰੁੱਖਾ-ਮਿੱਸਾ ਟੁੱਕ ਉਹਦੇ ਅੱਗੇ ਕਰ ਦਿੱਤਾ। "ਰਤੀ ਠਹਿਰੀਂ ਮੈਂ ਦੀਵਾ ਚਾਸ ਲਿਆਵਾਂ।" ਇਹ ਕਹਿ ਕੇ ਉਹ ਫੇਰ ਗੁੰਮ ਹੋ ਗਈ। ਥੋੜ੍ਹੇ ਚਿਰ ਪਿਛੋਂ ਬੁੱਢੀ ਅੰਮੜੀ ਹਨੇਰੇ ਨੂੰ ਟੋਂਹਦੀ ਬਾਹਰ ਬੇਹੜੀ ਤੇ ਦੀਵਾ ਫੜੀ ਆ ਗਈ।

ਫੱਗਣ ਦਾ ਮਹੀਨਾ ਹੋਣ ਕਰਕੇ ਸੂਰਜ ਦੇ ਡੁੱਬਦਿਆਂ ਹੀ ਉਸ ਦਾ ਤਾਅ ਵੀ ਠੰਢਾ ਪੈ ਗਿਆ ਸੀ, ਫੁੱਲਾਂ-ਪੱਤਿਆਂ ਉਤੇ ਤਰੇਲ ਥਰਕਣ ਲੱਗ ਪਈ ਸੀ ਤੇ ਹਵਾ ਵਿਚ ਇਕ ਝੁਣਝੁਣੀਆਂ ਭਰੀ ਠੰਢ ਉਤਰ ਆਈ ਸੀ। ਬੁੱਢੀ ਮਾਂ ਨੇ ਕਿਹਾ, "ਪੁੱਤਰ ਏਥੇ ਸ਼ਹਿਰਾਂ ਵਾਂਗ ਕੋਈ ਸਰਾਂ-ਸਰਿਖੀ ਤਾਂ ਹੈ ਨਹੀਂ, ਸਾਡਾ ਦਾਣੇ-ਫੱਕੇ ਵਾਲਾ ਕੋਠਾ ਹੈ, ਕੁੜੀ ਜਾ ਕੇ ਤੇਰੇ ਵਾਸਤੇ ਉਸ ਵਿਚ ਸੌਣ-ਪੈਣ ਲਈ ਕੁਝ ਕਰ ਦਿੰਦੀ ਐ।"

ਅਜੀਤ ਨੇ ਏਨ੍ਹਾ ਦੋਹਾਂ ਦੀ ਬੇਲਾਗ ਸੇਵਾ ਦਾ ਧੰਨਵਾਦ ਕੀਤਾ। ਦਿਨ ਭਰ ਏਧਰ-ਓਧਰ ਭਟਕਣ ਭੌਂਕਣ ਨਾਲ ਉਹ ਥੱਕਿਆ-ਹੁੱਭਿਆ ਹੋਇਆ ਸੀ। ਭੁੱਖ ਨਾਲ ਆਂਦਰਾਂ ਵਿਚ ਕੜਵੱਲ ਪੈਂਦੇ ਸਨ। ਸਾਗ ਟੁੱਕਰ ਲੰਘਾ ਕੇ ਤੇ ਪਾਣੀ ਪੀ ਕੇ ਉਸ ਨੇ ਰਾਤ ਇਨ੍ਹਾਂ ਦੇ ਘਰ ਕੱਟਣ ਦੀ ਬੇਅੰਤ ਪ੍ਰਸੰਸਾ ਕੀਤੀ।

ਨਿਹਾਲੋ ਦੇ ਪਿਓ ਨੂੰ ਮਰੇ ਕਈ ਵਰ੍ਹੇ ਹੋ ਗਏ ਸਨ, ਉਦੋਂ ਜਦੋਂ ਨਿੱਕੀ ਜਿਹੀ ਬਾਲੜੀ ਸੀ। ਵੱਡਾ ਭਰਾ ਦਸ-ਪੰਜ ਬਿਘੇ ਦੀ ਵਾਹੀ ਖੇਤੀ ਕਰਦਾ ਸੀ, ਇਸ ਨਿੱਕੇ ਜਿਹੇ ਟੱਬਰ ਦਾ ਗੁਜ਼ਰ-ਗੁਜ਼ਾਰਾ ਹੋ ਜਾਂਦਾ। ਪਰ ਜਦੋਂ ਦੇ ਉਹਦੇ ਹਾਣੀ ਲਾਮ ਵਿਚ ਭਰਤੀ ਹੋਏ ਸਨ, ਮਹਿੰਦਰ ਦੇ ਮਨ ਵਿਚ ਵੀ ਵਰਦੀ, ਬੰਦੂਕ, ਬੂਟ ਵਾਸਤੇ ਇਕ ਅਚਲ ਹਿਲੋਰ ਜਾਗ ਪਈ ਸੀ। ਆਪਣੀ ਮਾਂ ਦੇ ਕਹਿੰਦੇ-ਸੁਣਦੇ ਉਹ ਇਕ ਦਿਨ ਚੋਰੀਉਂ ਅੰਬਾਲੇ ਜਾ ਕੇ ਭਰਤੀ ਹੋ ਗਿਆ ਤੇ ਅਲਾਹਾਬਾਦੋਂ ਜਾ ਕੇ ਚਿੱਠੀ ਪਾ ਦਿੱਤੀ ਕਿ ਉਹ ਫ਼ੌਜ ਵਿਚ ਲੈ ਲੀਤਾ ਗਿਆ ਏ ਤੇ ਛੇਤੀ ਹੀ ਸਮੁੰਦਰ ਪਾਰ ਜਾਊਗਾ। ਮਾਂ-ਭੈਣ ਦੋਵੇਂ ਰੋ-ਪਿੱਟ ਕੇ ਚੁੱਪ ਹੋ ਰਹੀਆਂ, ਅਤੇ ਜਦ ਉਨ੍ਹਾਂ ਨੂੰ ਤੀਜੇ ਮਹੀਨੇ ਉਸ ਵੱਲੋਂ ਰੁਪਿਆਂ ਦਾ ਬੁਕ ਆਉਣ ਲਗ ਗਿਆ, ਉਨ੍ਹਾਂ ਦੇ ਪੀੜ ਤੇ ਵਿਛੋੜੇ ਦਾ ਦੁੱਖ ਰਤੀ ਸਿਲ੍ਹਾ ਪੈ ਗਿਆ ਸੀ।

ਅੱਜ ਏਸ ਜਵਾਨ ਦੇ ਅਚਾਨਕ ਆਉਣ ਕਰਕੇ ਦੋਹਾਂ ਮਾਵਾਂ-ਧੀਆਂ ਨੂੰ ਚਾਅ ਚੜ੍ਹ ਗਿਆ। ਮੰਜੀ ਉਤੇ ਬੈਠਿਆਂ ਗੱਲਾਂ ਕਰਦੇ ਕਾਫ਼ੀ ਰਾਤ ਉਤਰ ਆਈ ਸੀ, ਤੇ ਸਾਰਾ ਪਿੰਡ ਨਿਆਣੇ ਵਾਂਗ ਰਾਤ ਦੀ ਕਾਲੀ ਚਾਦਰ ਵਿਚ ਢੱਕਿਆ ਹੋਇਆ ਸੌਂ ਗਿਆ ਸੀ।

ਨਿਹਾਲੋ ਦੀਵਾ ਫੜੀ ਅਜੀਤ ਦੇ ਅੱਗੇ-ਅੱਗੇ ਲੱਗ ਪਈ ਤੇ ਨੁੱਕਰ ਤੋਂ ਭੌਂ ਕੇ ਧੂੰਏਂ ਨਾਲ ਧੁਆਂਖੇ ਹੋਏ ਇਕ ਕੋਠੇ ਵਿਚ ਵੜ ਗਈ। ਇਸ ਦੀ ਪੀਲੀ ਰੌਸ਼ਨੀ ਵਿਚ ਕੋਠਾ ਨਿੱਘਾ-ਨਿੱਘਾ ਜਾਪਦਾ ਸੀ। ਉਸ ਨੇ ਦੀਵੇ ਨੂੰ ਸੀਖ ਦਿੱਤਾ। ਇਕ ਲਾਟ ਭੰਬੜਨ ਲੱਗ ਪਈ। ਕੰਧ ਦੀਆਂ ਪਾਟੀ ਕਕੜੀ ਵਾਂਗ ਤਰੇੜਾਂ ਸਾਫ਼ ਦਿੱਸਣ ਲਗ ਪਈਆਂ।

ਇਕ ਦਮ ਬਾਹਰ ਹਵਾ ਜਾਗ ਪਈ, ਜਿਵੇਂ ਫੱਗਣ ਦਾ ਰੁਕਿਆ ਹੋਇਆ ਸਾਹ ਤੇਜ਼-ਤੇਜ਼ ਵਗਣ ਲਗ ਪਿਆ ਹੋਵੇ। ਇਕ ਸੁੱਕਾ ਪੱਤਾ ਖੜ-ਖੜ ਕਰਦਾ ਉਡਦਾ ਹੋਇਆ ਇਸ ਕੋਠੇ ਦੀ ਡਿਉਢੀ ਉਪਰ ਆ ਕੇ ਅਟਕ ਗਿਆ ਤੇ ਹਵਾ ਉਸ ਵਿਚੋਂ ਕੁਰਲਾਂਦੀ ਹੋਈ ਚੀਕਣ ਲਗ ਪਈ। ਬਰੋਟੇ ਦੇ ਮੋਟੇ ਪੱਤੇ ਆਪਮੁਹਾਰੇ ਡਿਕਡੋਲੇ ਖਾਣ ਲੱਗ ਪਏ, ਤੇ ਸਰ੍ਹੋਂ ਦੇ ਖੇਤ ਉਤੇ ਬੁੱਲੇ ਬੇਅੰਤ ਨਿਆਣਿਆਂ ਵਾਂਗ ਕੂਕਾਂ ਮਾਰਦੇ ਉਡੇ ਫਿਰਦੇ ਸਨ। ਨਿਹਾਲੋ ਦੀ ਬੁੱਕਲ ਦਾ ਪੱਲਾ ਫੜ-ਫੜ ਕਰਦਾ ਸੀ ਤੇ ਦੀਵੇ ਦਾ ਖਲੋਤਾ ਚਾਨਣ ਹਿੱਲਣ ਲੱਗ ਪਿਆ।

ਦੁੱਧ ਦਾ ਛੰਨਾ ਰੱਖ ਕੇ ਉਹ ਤਖ਼ਤੇ ਭੇੜਨ ਵਾਸਤੇ ਅੱਗੇ ਵਧੀ। ਦੋਨੋਂ ਫੱਟੇ ਵਾਰ-ਵਾਰ ਉਸ ਦੇ ਜੱਫੇ ਵਿਚੋਂ ਨਿਕਲ ਕੇ ਉਸ ਨੂੰ ਪਿਛਾਂਹ ਧੂ ਖਿੱਚਦੇ। ਹਵਾ ਦਾ ਇਕ ਕੂਕਦਾ ਹੋਇਆ ਬੁੱਲਾ ਆਇਆ, ਆਲੇ ਵਿਚ ਪਿਆ ਦੀਵਾ ਇਕ ਦਮ ਬੁਝ ਗਿਆ ਤੇ ਕੋਠੇ ਵਿਚ ਡਰੇ ਹੋਏ ਹਨੇਰੇ ਨੇ ਸਭ ਚੀਜ਼ਾਂ ਨੂੰ ਇਕ ਡੂੰਘੀ ਕਾਲਖ ਵਿਚ ਲੁਕਾ ਦਿੱਤਾ।

ਬਾਹਰ ਤੂਫ਼ਾਨ ਤੇ ਵਾਛੜ ਦਾ ਜ਼ੋਰ ਵਧਦਾ ਆਉਂਦਾ ਸੀ। ਬਿਜਲੀ ਵਾਰ-ਵਾਰ ਕਾਲੇ ਬੱਦਲਾਂ ਨੂੰ ਪਾੜ ਕੇ ਇਕ ਤੋਂ ਦੂਜੇ ਥਾਂ ਤ੍ਰਭਕ ਉਠਦੀ। ਹਨੇਰਾ ਜੰਗਲੀ ਰਿੱਛ ਵਾਂਗ ਕਲਾਂਦਾ ਤੇ ਘੁਰਕੀਆਂ ਵਟਦਾ ਸੀ।

ਅਜੀਤ ਉਸ ਦੀ ਸਹਾਇਤਾ ਲਈ ਉਠਿਆ।

ਏਨੇ ਵਿਚ ਨਿਹਾਲੋ ਨੇ ਸਾਰਾ ਜ਼ੋਰ ਲਾ ਕੇ ਤਖ਼ਤਿਆਂ ਨੂੰ ਭੇੜ ਕੇ ਕੁੰਡੀ ਜੜ ਦਿੱਤੀ, ਵਾਪਸ ਪਰਤੀ ਤਾਂ ਅਜੀਤ ਦਾ ਮੋਢਾ ਉਸ ਦੀ ਗੱਲ੍ਹ ਨਾਲ ਵੱਜਿਆ। ਉਹ ਕੰਬ ਕੇ ਸੁੰਗੜ ਗਈ।

ਅਜੀਤ ਨੇ ਸ਼ਾਇਦ ਠੰਢ ਨਾਲ ਕੰਬਦੇ ਹੋਏ ਆਖਿਆ, "ਬਾਹਰ ਤੂਫ਼ਾਨ ਤਿਖੇਰਾ ਹੋ ਗਿਆ ਏ ਤੇ ਤੂੰ..."

ਹਨੇਰੇ ਨਾਲ ਡੱਕੇ ਹੋਏ ਕੋਠੇ ਵਿਚ ਕੁਝ ਵੀ ਨਜ਼ਰ ਨਾ ਆਉਂਦਾ ਸੀ। ਉਹ ਦੋ ਮਿੰਟ ਚੁੱਪ-ਚੁਪੀਤੇ ਖਲੋਤੇ ਰਹੇ।

ਫੇਰ ਅਜੀਤ ਦੀਆਂ ਹਨੇਰੇ ਨੂੰ ਟੋਂਹਦੀਆਂ ਉਂਗਲਾਂ ਨਿਹਾਲੋ ਦੇ ਗੁੱਟ ਨਾਲ ਟਕਰਾਈਆਂ, ਉਸ ਦੀ ਛੁਹ ਨਾਲ ਉਸ ਦਾ ਵਾਲ-ਵਾਲ ਕੰਬ ਉਠਿਆ।

ਉਹ ਜੱਕੋ-ਤੱਕੀ ਵਿਚ ਏਸੇ ਤਰ੍ਹਾਂ ਕੱਜਲ-ਭਿੰਨੀ ਧਰਤੀ ਉਤੇ ਕੁੰਗੜੀ ਖਲੋਤੀ ਰਹੀ। ਉਸ ਦਾ ਗਰਮ ਸਾਹ ਉਸ ਦੀ ਨੱਕ ਵਿਚੋਂ ਭਾਫਾਂ ਵਾਂਗ ਨਿਕਲਦਾ ਸੀ, ਤੇ ਉਸ ਦੇ ਮੂੰਹ ਤੇ ਇਕ ਤੱਤੀ ਭਮਕ ਮਘ ਉਠੀ ਸੀ।

ਅਜੀਤ ਨੇ ਉਸ ਦੀਆਂ ਉਂਗਲਾਂ ਆਪਣੇ ਹੱਥ ਵਿਚ ਕੰਬਦੀਆਂ ਮਹਿਸੂਸ ਕੀਤੀਆਂ। ਉਸ ਦੇ ਕੂਲੇ ਪੋਟਿਆਂ ਉਤੇ ਤਰੇਲ ਵਾਂਗ ਗਿੱਲ ਉਤਰ ਆਈ ਸੀ।



ਏਸ ਅਜੀਬ ਛੁਹ ਦੀ ਝੁਣਝੁਣੀ ਨੇ ਉਸ ਦੇ ਸਾਰੇ ਦੇ ਸਾਰੇ ਸਰੀਰ ਵਿਚ ਕੰਬਣੀ ਦੀ ਲੀਕ ਵਹਾ ਦਿੱਤੀ।

ਮੋਘੇ ਵਿਚੋਂ ਬਿਜਲੀ ਵਾਰ-ਵਾਰ ਲਸ਼ਕੋਰੇ ਮਾਰਦੀ। ਨਿਹਾਲੋ ਦੀਆਂ ਮੀਢੀਆਂ ਤੇ ਵਾਲ ਉਸ ਦੀਆਂ ਪੁੜਪੁੜੀਆਂ ਉਤੇ ਭਿੱਜੇ ਪਏ ਸਨ। ਉਸ ਦੇ ਮੱਥੇ ਉਤੇ ਮੁੜ੍ਹਕੇ ਦੇ ਤੁਬਕੇ ਇਕੱਠੇ ਹੋ ਗਏ ਸਨ, ਤੇ ਵੱਖੀ ਵਿਚ ਉਸ ਦੇ ਦਿਲ ਦਾ ਖੜਕਾ ਸਾਫ਼ ਸੁਣਦਾ ਸੀ।

ਬਾਹਰ ਮੀਂਹ ਦਾ ਕਾਲਾ ਰਾਗ ਗੜ੍ਹਕਦਾ ਰਿਹਾ। ਝੱਖੜ ਪਾਣੀ ਦੀਆਂ ਛੱਲਾਂ ਦੇ ਘੁੰਗਰੂ ਬੰਨ੍ਹੀ ਇਕ ਸ਼ਰਾਬੀ ਵਾਂਗ ਨੱਚਦਾ ਰਿਹਾ।

ਖੂੰਜੇ ਵਿਚ ਝੀਂਗਰਾਂ ਤੇ ਟਿੱਡੀਆਂ ਦਾ ਰੌਲਾ ਵਧ ਗਿਆ। ਬੇਅੰਤ ਫੈਲੀ ਹੋਈ ਕਾਲਖ ਹੋਰ ਵੀ ਡੂੰਘੀ ਹੋ ਗਈ ਤੇ ਮੀਂਹ ਦੀ ਕੰਨ ਪਾੜਨ ਵਾਲੀ ਗੁੰਜਾਰ ਵਿਚ ਸਭ ਨਿੱਕੇ-ਮੋਟੇ ਰੌਲੇ ਲੁਕ ਗਏ।

ਬੂਹੇ ਦੀ ਇਕ ਲੰਮੀ ਝੀਤ ਵਿਚੋਂ ਲਿਸ਼ਕਦੀ ਬਿਜਲੀ ਕੋਠੇ ਦੇ ਨਿੱਘੇ ਹਨੇਰੇ ਨੂੰ ਤੇਜ਼ ਤਲਵਾਰ ਦੀ ਧਾਰ ਵਾਂਗ ਕਟਦੀ ਸੀ। ਨਿਹਾਲੋ ਨੇ ਘੁੱਪ-ਘੇਰ ਕੋਠੇ ਨੂੰ ਟੋਂਹਦਿਆਂ ਥਿਰਕਦੇ ਹੱਥਾਂ ਨਾਲ ਕੁੰਡੀ ਖੋਲ੍ਹੀ। ਬਾਹਰ ਅਜੇ ਵੀ ਝਾਂਜਾ ਵਗਦਾ ਸੀ।

ਇਕ ਕਾਲਾ ਬੱਦਲ ਸੁੱਤੇ ਪਏ ਪਾਗਲ ਵਾਂਗ ਹੜਬੜਾ ਕੇ ਇਕ ਦਮ ਟੁੱਟਿਆ, ਤੇ ਦਰੜ-ਦਰੜ ਕਰਦਾ ਸਾਰੇ ਆਕਾਸ਼ ਵਿਚ ਖਿੰਡ ਗਿਆ। ਡਰਾਉਣੇ ਹਨੇਰੇ ਦੀ ਇਹ ਚੰਗਿਆੜ ਸੁਣ ਕੇ ਉਹ ਠਠੰਬਰੀ ਤੇ ਤ੍ਰਭ੍ਰਕ ਉਠੀ।

"ਬਸ...ਚੱਲੀ...ਏਂ ?" ਇਕ ਧੀਮੀ ਜਿਹੀ ਆਵਾਜ਼ ਇਉਂ ਨਿਹਾਲੋ ਦੇ ਕੰਨਾਂ ਨੂੰ ਛੁਹੀ ਜੀਕਰ ਕੋਠੇ ਵਿਚਲਾ ਹਨੇਰਾ ਬੋਲਦਾ ਹੁੰਦਾ ਏ।

"ਹਾਂ..." ਪੋਲਾ ਜਿਹਾ ਆਖਦਿਆਂ ਉਹ ਅੱਗੇ ਵਧੀ।

ਬਾਹਰ ਵਰਖਾ ਦੀਆਂ ਘਰਾਲਾਂ ਵਗਦੀਆਂ ਸਨ। ਪਾਣੀ ਦੇ ਸਲੇਟੀ ਹੜ੍ਹ ਉਤੇ ਚਾਰ-ਚੁਫੇਰੀਂ ਕਾਲੇ-ਕਾਲੇ ਪਰਛਾਵਿਆਂ ਦਾ ਮੀਂਹ ਵਸ ਰਿਹਾ ਸੀ। ਝੰਬ ਨੇ ਉਸ ਦੇ ਮੂੰਹ ਸਿਰ ਨੂੰ ਭਿਉਂ ਦਿੱਤਾ। ਉਸ ਨੇ ਸੁੱਥਣ ਨੂੰ ਤਾਂਹ ਚੜ੍ਹਾਇਆ ਤੇ ਨਸਦੇ ਪਾਣੀ ਦੀਆਂ ਭਡਲੀਆਂ ਵਿਚ ਪੈਰ ਪਾ ਕੇ ਕਾਹਲੀ-ਕਾਹਲੀ ਦੂਜੀ ਝੁੱਗੀ ਵਲ ਚਲੀ ਗਈ।

ਠੱਕੇ ਦੇ ਵਾ-ਵਰੋਲੇ ਉਹਦੀ ਗੁੱਤ ਤੇ ਚੁੰਨੀ ਨੂੰ ਉਤਾ ਕੇ ਪਿਛਾਂਹ ਵਗ੍ਹਾ ਮਾਰਦੇ। ਉਡਦੇ ਪਾਣੀ ਦੀਆਂ ਤਿੱਖੀਆਂ ਛੱਲਾਂ ਨਾਲ ਘੁਲਦੀ ਤੇ ਚੁੰਨੀ ਫੜ-ਫੜ ਕਰਦੀਆਂ ਵਲਗਣਾਂ ਨੂੰ ਬੋਚਦੀ, ਉਹ ਅਗਾਂਹ ਸਿਰ ਸੁੱਟੀ ਵਾਹੋ-ਦਾਹੀ ਟੁਰੀ ਜਾਂਦੀ ਸੀ।

ਸਬਾਤ ਦੀਆਂ ਪਤਲੀਆਂ ਸਿਰਕੀਆਂ ਤੇ ਫੂਸ ਦੇ ਛੱਪਰ ਚੋਣ ਕਰਕੇ ਉਹਦੀ ਮਾਂ ਸੁੱਤੀ ਨਹੀਂ ਸੀ। ਨਿਹਾਲੋ ਦੇ ਪੈਰਾਂ ਦੀ ਬਿੜਕ ਸੁਣ ਕੇ ਉਸ ਨੇ ਉਤਾਵਲੀ ਆਵਾਜ਼ ਵਿਚ ਪੁੱਛਿਆ, "ਵੀਰ ਨੂੰ ਦੁੱਧ ਪਲਾ ਆਈ ਏਂ ਪੁੱਤ ?"

"ਹਾਂ...ਮਾਂ...ਨੀ।"

## 10

# ਮਾਸਕੋ ਦੀ ਕੁੜੀ

"ਮੈਨੂੰ ਮਾਸਕੋ ਦੀਆਂ ਰਾਤਾਂ ਦੀ ਕੋਈ ਝਾਕੀ ਤਾਂ ਵਿਖਾ", ਮੈਂ ਆਪਣੀ ਹੱਟੀ-ਕੱਟੀ ਰੂਸੀ ਦੋਭਾਸ਼ਣ ਨੂੰ ਆਖਿਆ, ਜੋ ਅੰਗਰੇਜ਼ੀ ਫ਼ਰ-ਫ਼ਰ ਬੋਲਦੀ ਸੀ ।

"ਰਾਤਾਂ ਦੀ ਝਾਕੀ ਤੋਂ ਤੇਰਾ ਕੀ ਮਤਲਬ ?" ਉਸ ਹੈਰਾਨ ਹੋ ਕੇ ਪੁੱਛਿਆ ।

"ਮੇਰਾ ਮਤਲਬ ਐ ਏਥੋਂ ਦੇ ਸ਼ਰਾਬਘਰ ਜਿਥੇ ਲੋਕ ਪੀ ਕੇ ਸਾਰੀ-ਸਾਰੀ ਰਾਤ ਨੱਚਦੇ ਨੇ ।"

"ਤੂੰ ਖ਼ਾਸ ਤੌਰ ਤੇ ਸ਼ਰਾਬੀਆਂ-ਕਬਾਬੀਆਂ ਨੂੰ ਕਿਉਂ ਮਿਲਣਾ ਚਾਹੁਨੈਂ ?"

"ਏਹੋ ਤਾਂ ਜ਼ਿੰਦਗੀ ਐ"—ਮੈਂ ਉੱਤਰ ਦਿੱਤਾ, "ਹੇਠਲੀ ਤੈਹ ਤੇ ਇਹ ਵਧੇਰੇ ਗਹਿਰੀ ਤੇ ਸੰਘਣੀ ਐ, ਉਪਰ ਤਾਂ ਨਿਰੀ ਝੱਗ ਈ ਝੱਗ ਹੁੰਦੀ ਐ ।"

"ਅੱਛਾ ! ਤਾਂ ਤੂੰ ਰੂਸੀਆਂ ਨੂੰ ਢੈਂਦੇ-ਡਿੱਗਦੇ ਵੇਹਣਾ ਚਾਹੁੰਨਾ ਐਂ !"

"ਹਾਂ ! ਮੈਂ ਰੂਸੀਆਂ ਨੂੰ ਚੜ੍ਹਦੀਆਂ ਕਲਾਂ ਵਿਚ ਤਾਂ ਸਦਾ ਹੀ ਵੇਖਿਆ ਐ, ਇਨ੍ਹਾਂ ਨੂੰ ਢੈਂਦੇ-ਡਿੱਗਦੇ ਵੀ ਵੇਖ ਲਵਾਂ ।"

"ਏਸ ਨਾਲ ਤੂੰ ਸਾਡੇ ਮੁਲਕ ਦਾ ਠੀਕ-ਠੀਕ ਅੰਦਾਜ਼ਾ ਨਹੀਂ ਲਾ ਸਕਦਾ ।"

"ਇਕ ਮੁਲਕ ਦਾ ਅੰਦਾਜ਼ਾ ਏਸੇ ਤਰ੍ਹਾਂ ਮੁਕੰਮਲ ਹੋ ਸਕਦਾ ਹੈ ।"

ਤਰਕਾਲੀਂ ਮੈਂ ਥੀਏਟਰ ਨਾ ਗਿਆ । ਮੇਰੀ ਦੁਭਾਸ਼ਣੀ ਛੇਤੀ ਘਰ ਚਲੀ ਗਈ । ਮੈਂ ਗਲੀਆਂ ਵਿਚ ਘੁੰਮਣ ਨਿਕਲ ਗਿਆ ।

ਸੂਰਜ ਡੁੱਬ ਚੁੱਕਾ ਸੀ । ਕਰੈਮਲਿਨ ਦਾ ਕਿਲ੍ਹਾ ਤਾਂਬੇ ਰੰਗੇ ਅਸਮਾਨ ਦੇ ਵਿਚੋਂ ਦੀ ਨਿਕਲਿਆ ਖੜਾ ਜਾਪਦਾ ਸੀ । ਇਸ ਦੇ ਮੀਨਾਰੇ ਉੱਤੇ ਲਾਲ ਤਾਰਾ ਚਮਕ ਰਿਹਾ ਸੀ । ਸਤੰਬਰ ਦਾ ਮਹੀਨਾ ਸੀ । ਅਖਰੋਟਾਂ ਦੇ ਦਰਖਤਾਂ ਵਿਚੋਂ ਮਹਿਕ ਆ ਰਹੀ ਸੀ । ਤੇ ਖੁਰਮਾਨੀ ਤੇ ਸੇਬਾਂ ਦੀ ਸੱਜਰੀ ਸੁਗੰਧ ਹਵਾ ਵਿਚ ਘੁਲੀ ਹੋਈ ਸੀ । ਹੋਟਲ ਮਾਸਕਵਾ ਦੇ ਖੂੰਜੇ ਉੱਤੇ ਕੁਝ ਤੀਵੀਆਂ ਫੁੱਲ ਵੇਚ ਰਹੀਆਂ ਸਨ । ਕਾਲਜ ਦੀਆਂ ਨੌਜਵਾਨ ਕੁੜੀਆਂ,



ਜਿਨ੍ਹਾਂ ਨੇ ਕੇਸਾਂ ਵਿਚ ਚੀਰ ਕੱਢ ਕੇ ਪਿੱਛੇ ਦੋ ਗੁੱਤਾਂ ਕੀਤੀਆਂ ਹੋਈਆਂ ਸਨ, ਕੁਲਫ਼ੀਆਂ ਚੂਸਦੀਆਂ ਹੋਈਆਂ ਜਾ ਰਹੀਆਂ ਸਨ । ਰਾਹ ਵਿਚਲੇ ਨਿੱਕੇ-ਨਿੱਕੇ ਕੈਹਵਾ ਘਰਾਂ ਵਿਚ ਲੋਕ ਬੈਠੇ ਕੈਹਵਾ ਪੀ ਰਹੇ ਸਨ ।

ਮੈਂ ਦੁਕਾਨਾਂ ਦੀਆਂ ਸਜੀਆਂ ਹੋਈਆਂ ਖਿੜਕੀਆਂ ਨੂੰ ਤੱਕਦਾ ਹੋਇਆ ਤੇ ਅਨ-ਪਛਾਤੇ ਰੂਸੀ ਅੱਖਰਾਂ ਵਿਚ ਲਿਖੇ ਸਾਈਨ ਬੋਰਡਾਂ ਨੂੰ ਪੜ੍ਹਨ ਦੇ ਯਤਨ ਕਰਦਾ ਤੁਰਦਾ ਫਿਰਦਾ ਰਿਹਾ । ਇਕ ਕੈਫ਼ੇ ਵਿਚੋਂ ਗਰਮ ਮਸਾਲਿਆਂ ਨਾਲ ਲੱਦੀ ਹੋਈ ਭਾਫ਼ ਦੀ ਖ਼ੁਸ਼ਬੂ ਆਈ । ਮੇਰੀਆਂ ਨਾਸਾਂ ਫਰਕੀਆਂ । ਏਸ਼ਿਆਈ ਕਬਾਬਾਂ ਦੀ ਸੁਗੰਧੀ ਸੀ । ਇਹ ਬਾਕੂ ਰੈਸਤੋਰਾਨ ਸੀ । ਮੈਂ ਅੰਦਰ ਚਲਾ ਗਿਆ, ਤੇ ਓਵਰਕੋਟ ਰੱਖਣ ਵਾਲੀ ਥਾਂ ਉੱਤੇ ਖੜੇ ਇਕ ਬੁੱਢੇ ਨੂੰ ਆਪਣਾ ਕੋਟ ਸੰਭਾਲਿਆ । ਇਕ ਕਿਰਮਚੀ ਰੰਗੇ ਮੂੰਹ ਵਾਲਾ ਆਦਮੀ, ਜਿਸ ਦੀਆਂ ਵੱਟੀਆਂ ਹੋਈਆਂ ਮੁੱਛਾਂ ਭਾਲੇ ਵਾਂਗ ਤਿੱਖੀਆਂ ਸਨ, ਮੈਨੂੰ ਕੈਫ਼ੇ ਦੇ ਭੋਰੇ ਵਲ ਲੈ ਗਿਆ । ਪੌੜੀਆਂ ਥਿੰਦੀਆਂ ਸਨ ਤੇ ਹਵਾ ਵੀ ਗਾੜ੍ਹੀ ਪੀਲੀ ਤੇ ਮਸਾਲੇਦਾਰ ਸੀ । ਪਿਆਲੇ ਤੇ ਚਮਚੇ ਖਣਕ ਰਹੇ ਸਨ, ਤੀਵੀਆਂ ਦੀ ਨਿੱਕੀ ਟੁਟਵੀਂ ਹਾਸੀ, ਰੌਲਾ, ਹਾ-ਹਾ ਦਾ ਸ਼ੋਰ ਤੇ ਮਰਦਾਂ ਦੇ ਵੱਡੇ ਉਚੇ ਕਹਿਕਹੇ । ਕਾਲੇ ਕੇਸਾਂ ਤੇ ਕਾਲੇ ਨੈਣਾਂ ਵਾਲੀਆਂ ਜਿਨ੍ਹਾਂ ਕੁੜਤੀਆਂ ਪਾਈਆਂ ਹੋਈਆਂ ਸਨ, ਖਾਣਾ ਪਰੋਸ ਰਹੀਆਂ ਸਨ । ਮੈਂ ਇਕ ਮੇਜ਼ ਉੱਤੇ ਜਾ ਬੈਠਾ, ਜਿਥੇ ਪਹਿਲਾਂ ਹੀ ਤਿੰਨ ਜਣੇ ਹੋਰ ਬੈਠੇ ਸਨ । ਮੇਜ਼ਪੋਸ਼ ਉੱਤੇ ਸ਼ਰਾਬ ਦੇ ਦਾਗ਼ ਤੇ ਸ਼ੋਰਬੇ ਦੇ ਧੱਬੇ ਸਨ । ਰਸੋਈ ਵਿਚੋਂ ਮੱਛੀ ਤਲਣ ਦੀ ਵਾਸ਼ਨਾ ਤੇ ਗਰਮ ਹਵਾੜ ਦੇ ਭਬਕੇ ਛੁੱਟ ਰਹੇ ਸਨ । ਮੈਂ ਚੌਲਾਂ ਦੀ ਇਕ ਪਲੇਟ, ਦੋ ਲੂਲਾ ਕਬਾਬ ਤੇ ਸ਼ਰਾਬ ਦਾ ਗਲਾਸ ਮੰਗਵਾਇਆ । ਹੌਲੀ-ਹੌਲੀ ਖਾਣਾ ਖਾਧਾ—ਸ਼ਰਾਬ ਪੀਤੀ, ਸਿਗਰਟ ਸੁਲਗਾਈ ਤੇ ਕੈਫ਼ੇ ਤੋਂ ਬਾਹਰ ਆ ਗਿਆ ।

ਗਿਆਰਾਂ ਵੱਜ ਚੁੱਕੇ ਸਨ । ਝੁਟ-ਪੁਟੇ ਦੀ ਨਾਰੰਗੀ ਸਾਵੀ ਰੌਸ਼ਨੀ ਰਾਤ ਦੇ ਹਨੇਰੇ ਵਿਚ ਪਿਘਲ ਗਈ ਸੀ । ਕਰੈਮਲਿਨ ਦਾ ਮੜੰਘਾ ਰਾਤ ਹਨੇਰੇ ਵਿਚ ਗਵਾਚ ਚੁੱਕਾ ਸੀ । ਬਸ ਲਾਲ ਤਾਰਾ ਵਧੇਰੇ ਚਮਕ ਰਿਹਾ ਸੀ । ਹਵਾ ਵਿਚ ਖ਼ੁਸ਼ਗਵਾਰ ਠੰਢ ਸੀ ।

ਮੈਂ ਸਿਗਰਟ ਪੀਂਦਾ ਹੋਇਆ ਚੌੜੀ ਗਲੀ ਦੀ ਪਟੜੀ ਉੱਤੇ ਦਰਖਤਾਂ ਹੇਠ ਤੁਰਨ ਲੱਗਾ । ਬਿਜਲੀ ਦੀ ਨੀਲੀ ਰੋਸ਼ਨੀ ਵਿਚ ਲੋਕਾਂ ਦੇ ਚਿਹਰੇ ਜਾਮਨੀ ਲਗਦੇ ਸਨ । ਜੋੜੇ ਬਾਂਹ ਵਿਚ ਬਾਂਹ ਪਾਈ ਹੱਸਦੇ ਟਹਿਕਦੇ ਜਾ ਰਹੇ ਸਨ ।

ਖਸ-ਖਸੀ ਕਰੜ-ਬਰੜੀ ਦਾੜ੍ਹੀ ਵਾਲਾ ਇਕ ਮੋਟਾ ਆਦਮੀ ਕਿਧਰੋਂ ਝੂਮਦਾ ਹੋਇਆ ਆਇਆ ਤੇ ਉਸ ਆਪਣਾ ਪੰਜਾ ਮੇਰੇ ਮੋਢੇ ਉੱਤੇ ਗੱਡ ਦਿੱਤਾ । ਰੂਸੀ ਜ਼ਬਾਨ ਵਿਚ ਕੁਝ ਬੁੜ-ਬੁੜ ਕੀਤੀ । ਮੈਂ ਝੱਟ ਪਿਛਾਂਹ ਹਟ ਗਿਆ ਤੇ ਆਖਿਆ, "ਨਹੀਂ, ਨਹੀਂ, ਤਵਾਰਸ਼ !" ਉਹ ਚਲਾ ਗਿਆ । ਅੱਗੇ ਜਾ ਕੇ ਉਸ ਆਪਣਾ ਹੱਥ ਇਕ ਮੋਟੀ-ਤਾਜ਼ੀ ਔਰਤ ਦੇ ਮੋਢੇ ਉੱਤੇ ਜੜ ਦਿੱਤਾ ਜੋ ਢਾਕਾਂ ਉੱਤੇ ਹੱਥ ਧਰੀ ਆਈਸ-ਕਰੀਮ ਦੇ ਸਟਾਲ ਉੱਤੇ ਖੜੀ ਸੀ । ਉਸ ਨੇ ਉਸ ਦਾ ਹੱਥ ਚੁੱਕ ਕੇ ਪਰ੍ਹਾਂ ਮਾਰਿਆ । ਆਦਮੀ ਲੜ-ਖੜਾਂਦਾ ਹੋਇਆ ਚਲਾ ਗਿਆ । ਦੋ ਤੀਵੀਆਂ ਮੈਨੂੰ ਘੂਰਦੀਆਂ ਹੋਈਆਂ ਲੰਘੀਆਂ । ਉਨ੍ਹਾਂ ਇਕ ਦੂਜੀ ਦੇ ਹੱਥ ਵਿਚ ਕੰਘੀ ਪਾਈ ਹੋਈ ਸੀ । ਇਹ ਕੌਣ ਸਨ ? ਮੈਂ ਹੈਰਾਨ ਹੋਇਆ । ਸ਼ਾਇਦ ਕਾਲਜ ਦੀਆਂ ਕੁੜੀਆਂ ਹੋਣ, ਜੋ ਥੀਏਟਰ

ਵੇਖ ਕੇ ਪਰਤ ਰਹੀਆਂ ਸਨ। ਇਕ ਗੁਲਾਬੀ ਚਿਹਰੇ ਵਾਲੀ ਨੌਜਵਾਨ ਕੁੜੀ ਜਿਸ ਸਾਵਾ ਸਕਰਟ ਪਾਇਆ ਹੋਇਆ ਸੀ ਤੇ ਵੱਡੇ ਚੌੜੇ ਕੰਢਿਆਂ ਵਾਲਾ ਕਾਨਿਆਂ ਦਾ ਹੈਟ ਲੀਤਾ ਹੋਇਆ ਸੀ, ਮੇਰੇ ਕੋਲ ਆਈ। ਉਸ ਛੇਤੀ ਦੇਣੇ ਕੁਝ ਆਖਿਆ। ਮੈਂ ਸਿਰਫ਼ ਏਹੋ ਉੱਤਰ ਦਿੱਤਾ, "ਮਿਹਰਬਾਨੀ!"

ਉਹ ਮੇਰੇ ਨੇੜੇ ਆਈ। ਉਸ ਮੇਰੀ ਗੱਲ੍ਹ ਉਤੇ ਨਿੱਕਾ ਜਿਹਾ ਬੁੜਕਾ ਮਾਰਿਆ ਤੇ ਹੱਸਦੀ ਤੇ ਮੋਢੇ ਮਟਕਾਉਂਦੀ ਹੋਈ ਚਲੀ ਗਈ।

ਮੈਂ ਗਲੀ ਵਿਚ ਟਹਿਲਦਾ ਰਿਹਾ, ਮਾਸਕੋ ਦੇ ਜੀਵਨ ਬਾਰੇ ਸੋਚਦਾ, ਲੋਕਾਂ ਵਲ ਤੱਕਦਾ, ਉਨ੍ਹਾਂ ਦੇ ਹਾਸੇ, ਖਿੱਲੀਆਂ ਤੇ ਗੱਲਾਂ ਨੂੰ ਸੁਣਦਾ ਹੋਇਆ।

ਇਕ ਦਰਖ਼ਤ ਹੇਠ ਖੜੋ ਗਿਆ ਤਾਂ ਜੁ ਸਿਗਰਟ ਲਾ ਲਵਾਂ। ਇਕੱਲੇ ਨੂੰ ਸਿਗਰਟ ਦਾ ਬੜਾ ਸਹਾਰਾ ਹੁੰਦਾ ਹੈ, ਨਹੀਂ ਤਾਂ ਆਦਮੀ ਇਉਂ ਲਗਦਾ ਹੈ ਜਿਵੇਂ ਇੱਜੜ 'ਚੋਂ ਪਛੜਿਆ ਮੇਮਣਾ। ਹਲਕੀ-ਹਲਕੀ ਹਵਾ ਵਗ ਰਹੀ ਸੀ।

ਦੋ ਨੌਜਵਾਨ ਤੀਵੀਆਂ ਸਾਹਮਣਿਓਂ ਆ ਰਹੀਆਂ ਸਨ। ਇਕ ਦੇ ਹੱਥ ਵਿਚ ਫੁੱਲਾਂ ਦਾ ਗਜਰਾ ਸੀ, ਦੂਜੀ ਨੇ ਕੰਨਾਂ ਵਿਚ ਵੱਡੇ ਬਾਲੇ ਪਾਏ ਹੋਏ ਸਨ। ਦੋਵੇਂ ਮੇਰੇ ਨੇੜੇ ਆ ਕੇ ਰੁਕ ਗਈਆਂ। ਗਜਰੇ ਵਾਲੀ ਤੀਵੀਂ ਨੇ ਦੂਜੀ ਨੂੰ ਜ਼ਰਾ ਧੱਕਾ ਦਿੱਤਾ, ਰੂਸੀ ਵਿਚ ਕੁਝ ਕੂਈ ਤੇ ਖਿੜ-ਖਿੜ ਹੱਸੀ। ਵੱਡੇ ਬਾਲਿਆਂ ਵਾਲੀ ਨੇ ਕੁਝ ਆਖਿਆ ਜੋ ਮੈਂ ਸਮਝ ਨਾ ਸਕਿਆ। ਮੈਂ ਉਸ ਵਲ ਡੋਰ-ਭੋਰ ਹੋਏ ਨੇ ਤੱਕਿਆ। ਉਹ ਉੱਚੀ-ਉੱਚੀ ਹੱਸਣ ਲੱਗੀ।

"ਤੈਨੂੰ ਰੂਸੀ ਨਹੀਂ ਆਉਂਦੀ ਕੀ?" ਉਸ ਰੂਸੀ ਵਿਚ ਹੀ ਪੁੱਛਿਆ।

"ਨਹੀਂ", ਮੈਂ ਸਿਰ ਹਿਲਾਇਆ।

ਗਜਰੇ ਵਾਲੀ ਤੀਵੀਂ ਮੁਸਕਣੀਆਂ ਹੱਸਦੀ ਇਕ ਡੂੰਘੀ ਝਾਤ ਸੁੱਟ ਕੇ ਚਲੀ ਗਈ। ਮੈਂ ਰੂਸੀ ਬੋਲੀ ਦੇ ਕੁਝ ਖਿੰਡੇ-ਪੁੰਡੇ ਸ਼ਬਦ ਜੋੜੇ ਤਾਂ ਜੁ ਉਸ ਨਾਲ ਗੱਲਾਂ ਕਰ ਸਕਾਂ।

"ਇਟਲੀ ਤੋਂ ਐਂ?" ਉਸ ਪੁੱਛਿਆ।

"ਨਹੀਂ—ਇੰਡੀਆ ਤੋਂ।"

"ਇੰਡੀਆ! ਆਹ—ਬੱਲੇ-ਬੱਲੇ।" ਖ਼ੁਸ਼ੀ ਨਾਲ ਉਸ ਦੀਆਂ ਵਾਛਾਂ ਖਿੜ ਗਈਆਂ।

ਮੈਂ ਸਿਗਰਟ ਕੱਢੀ ਤੇ ਉਸ ਨੂੰ ਪੇਸ਼ ਕੀਤੀ। ਉਸ ਸਿਗਰਟ ਦੀ ਡੱਬੀ ਵਲ ਗਹੁ ਨਾਲ ਤੱਕਿਆ, ਇਕ ਸਿਗਰਟ ਖਿੱਚੀ, ਇਸ ਨੂੰ ਸੁੰਘਿਆ ਤੇ ਮੇਰੀ ਸਿਗਰਟ ਨਾਲ ਲਾ ਲੀਤੀ। ਉਸ ਕਾਹਲੀ-ਕਾਹਲੀ ਕਈ ਸੂਟੇ ਮਾਰੇ ਤੇ ਆਖਿਆ, "ਸਪਾਸੀਬਾ!" (ਧੰਨਵਾਦ)।

ਉਸ ਮੇਰੀ ਬਾਂਹ ਵਿਚ ਬਾਂਹ ਪਾ ਲਈ ਤੇ ਮੇਰੇ ਨਾਲ-ਨਾਲ ਤੁਰਨ ਲੱਗੀ। ਚਾਰ ਨੌਜਵਾਨ ਮੇਰੇ ਕੋਲ ਦੀ ਲੰਘੇ। ਉਨ੍ਹਾਂ ਮੇਰੇ ਵਲ ਔਖਿਆਂ-ਔਖਿਆਂ ਵੇਖਿਆ। ਮੈਂ ਉਸ ਦੇ ਲੱਕ ਦੁਆਲਿਓਂ ਆਪਣੀ ਬਾਂਹ ਖਿੱਚ ਲਈ। ਉਸ ਮੂੰਹ ਉਤਾਂਹ ਚੁੱਕਿਆ ਤੇ ਆਖਿਆ, "ਯਾ ਲੁਬਲੂ ਵਾਸ!"

ਉਸ ਦੇ ਮੂੰਹ ਵਿਚੋਂ ਸ਼ਰਾਬ ਦੀ ਬੋ ਆਈ ਜਾਂ ਸ਼ਾਇਦ ਇਹ ਕੱਚੇ ਸਿਓਆਂ ਦੀ ਸੁਗੰਧ ਸੀ। ਨੀਲੀ ਰੋਸ਼ਨੀ ਵਿਚ ਉਸ ਦੀਆਂ ਲਾਲ ਬੁੱਲ੍ਹੀਆਂ ਉਨਾਬੀ ਜਾਪਦੀਆਂ ਸਨ। ਉਸ ਦੇ ਘੁੰਗਰਾਲੇ ਵਾਲਾਂ ਵਿਚ ਜਿਸਤੀ ਭਮਕ ਸੀ। ਉਸ ਦੀਆਂ ਛਾਤੀਆਂ ਭਰਵੀਆਂ ਸਨ, ਤੇ ਉਸ ਦੇ ਖੁੱਲ੍ਹੇ ਗਲਵੇਂ ਵਿਚੋਂ ਉਸ ਦੀ ਗਰਦਨ, ਮੋਢੇ ਤੇ ਭੂਰੀ ਹਿੱਕ ਦਿਖਾਈ ਦੇ ਰਹੇ ਸਨ। ਅਜੀਬ ਹੀ ਤੀਵੀਂ ਸੀ ਉਹ! ਮੈਂ ਉਸ ਨਾਲ ਕੀ ਗੱਲ ਕਰਦਾ, ਮੈਨੂੰ ਤਾਂ ਉਸ ਦੀ ਬੋਲੀ ਹੀ ਨਹੀਂ ਸੀ ਆਉਂਦੀ। ਉਸ ਦੀਆਂ ਅੱਖਾਂ, ਉਸ ਦੇ ਮੂੰਹ, ਉਸ ਦੀ ਹਿੱਕ—ਅੰਗ-ਅੰਗ ਵਿਚੋਂ ਕੋਈ ਖ਼ੁਆਹਿਸ਼ ਚੋ ਰਹੀ। ਮੁੜ-ਮੁੜ ਉਹ ਮੇਰਾ ਹੱਥ ਘੁਟਦੀ ਤੇ ਆਖਦੀ, "ਮੈਂ ਤੈਨੂੰ ਪਿਆਰ ਕਰਦੀ ਆਂ!" ਇਕ ਸਿਪਾਹੀ ਨੇ ਸਾਡੇ ਵਲ ਕੌੜੀਆਂ ਅੱਖਾਂ ਨਾਲ ਤੱਕਿਆ। ਪਰ ਅਸੀਂ ਤੁਰਦੇ ਗਏ।



ਬਾਲਸ਼ੁਆਈ ਥੀਏਟਰ ਦੇ ਨੇੜੇ ਪਾਰਕ ਦੇ ਖੂੰਜੇ ਕੋਲ ਪੁੱਜ ਕੇ ਮੈਂ ਬਹੁਤ ਔਖਾ-ਔਖਾ ਜਿਹਾ ਹੋ ਗਿਆ। ਕਿਤਨੀਆਂ ਹੀ ਅੱਖਾਂ ਮੇਰੇ ਵਲ ਤੱਕ ਰਹੀਆਂ ਸਨ। ਇਕ ਬਦੇਸ਼ੀ ਆਦਮੀ ਰੂਸੀ ਔਰਤ ਨਾਲ ਬਾਂਹ ਵਿਚ ਬਾਂਹ ਪਾਈ ਜਾ ਰਿਹਾ ਕਿਤਨਾ ਅਜੀਬ ਲਗਦਾ ਸੀ। ਉਸ ਦੇ ਟੱਪਰੀ-ਵਾਸਾਂ ਵਰਗੇ ਬਾਲੇ ਮੈਨੂੰ ਖ਼ਾਸ ਤੌਰ ਤੇ ਰੜਕਦੇ ਸਨ। ਮੈਂ ਪੈਰਿਸ ਦੀਆਂ ਗ਼ਸ਼ਤੀਆਂ ਤੱਕੀਆਂ ਸਨ—ਸੰਵਾਰੀਆਂ-ਸ਼ਿੰਗਾਰੀਆਂ ਟਿੱਟ-ਫਿੱਟ ਕੁੜੀਆਂ, ਜਿਨ੍ਹਾਂ ਦੇ ਰੇਸ਼ਮੀ ਵਾਲਾਂ ਦੀ ਗੁੱਤ ਘੋੜੀ ਦੀ ਪੂਛਲ ਵਾਂਗ ਲਮਕਦੀ ਹੈ, ਖੁੱਲ੍ਹੇ ਗਲਾਵਿਆਂ ਵਾਲੇ ਡੱਬੀਦਾਰ ਕੋਟ ਪਾਈ, ਤੰਗ ਘੁਟਵੀਆਂ ਪਜਾਮੀਆਂ ਕੱਸੀ, ਸੁਨਹਿਰੀ ਚੱਪਲ ਪਾਈ ਗਲੀਆਂ ਵਿਚ ਘੁੰਮਦੀਆਂ ਹਨ। ਮੈਂ ਲੰਡਨ ਦੀਆਂ ਗਸ਼ਤੀਆਂ ਨੂੰ ਵੀ ਵੇਖਿਆ ਸੀ ਜੋ ਹਾਈਡ-ਪਾਰਕ ਦੁਆਲੇ ਬਿਜਲੀ ਦੇ ਖੰਭਿਆਂ ਹੇਠ ਖੜ੍ਹੋਂਦੀਆਂ ਹਨ, ਮੂੰਹ ਤੇ ਖ਼ੂਬ ਸੁਰਖ਼ੀ ਪੌਡਰ ਥੱਪਿਆ ਹੋਇਆ, ਬੁੱਲ੍ਹੀਆਂ ਲਾਲ ਗੁਲਾਲ ਤੇ ਕੰਨਾਂ ਵਿਚ ਵੱਡੇ-ਵੱਡੇ ਬਾਲੇ। ਇਨ੍ਹਾਂ ਦੇ ਮੋਢਿਆਂ ਤੇ ਢਾਕਾਂ ਵਿਚ ਮਟਕ, ਤੇ ਅੱਖਾਂ ਵਿਚ ਸ਼ਰਾਰਤ ਤੇ ਸ਼ੋਖੀ ਦੇ ਅੰਗਾਰ ਮਘਦੇ ਹਨ। ਇਹ ਕੁੜੀਆਂ ਤਿੱਖੀਆਂ, ਚੁਸਤ ਤੇ ਧੰਦੇ ਦੀਆਂ ਪੱਕੀਆਂ ਹਨ। ਉਹ ਮੈਨੂੰ ਸਿੱਧਾ ਹੀ ਸੁਆਲ ਕਰਦੀਆਂ, "ਕੁਝ ਐਸ਼ ਕਰਨ ਦੀ ਦਲੀਲ ਐ ਤੇਰੀ, ਮਿਸਟਰ?" ਤੇ ਛੁਟਦਿਆਂ ਹੀ ਬਾਤ ਪੱਕੀ ਕਰਨ ਲਈ ਦੋ ਟੱਕ ਗੱਲ ਕਰਦੀਆਂ। ਉਨ੍ਹਾਂ ਦੀ ਗੱਲ ਸਿੱਧੀ, ਸਾਫ਼ ਹੁੰਦੀ ਸੌਦੇ ਦੇ ਅਸੂਲਾਂ ਤੇ ਨਿਯਮਾਂ ਅਨੁਸਾਰ ਜਿਵੇਂ ਕਿਸੇ ਅੰਗ੍ਰੇਜ਼ ਵਪਾਰੀ ਦੀ ਗੱਲ ਹੁੰਦੀ ਹੈ। ਪਰ ਮਾਸਕੋ ਦੀ ਇਹ ਕੁੜੀ ਉਨ੍ਹਾਂ ਨਾਲੋਂ ਕਿਤੇ ਵੱਖਰੀ ਸੀ। ਇਸ ਵਿਚ ਲੰਡਨ ਤੇ ਪੈਰਿਸ ਦੀਆਂ ਕੁੜੀਆਂ ਵਾਲੀ ਲਿਸ਼ਕ-ਪੁਸ਼ਕ ਨਹੀਂ ਸੀ, ਨਾ ਹੀ ਉਨ੍ਹਾਂ ਵਾਲੀ ਚੁਸਤੀ। ਇਸ ਦਾ ਸੁਭਾਅ ਏਸ਼ੀਆਈ ਸੀ—ਗਰਮ, ਉਬਲਦਾ ਹੋਇਆ ਤੇ ਸਖ਼ਤ। ਉਸ ਮੈਨੂੰ ਖੱਬੇ ਪਾਸੇ ਵਲ ਖਿੱਚਿਆ। ਉਸ ਦੇ ਬੁੱਲ੍ਹ ਚਮਕ ਰਹੇ ਸਨ ਤੇ ਇਕ ਲਾਲ ਉਸ ਦੇ ਬੁੱਲ੍ਹ ਦੇ ਖੂੰਜੇ ਵਿਚੋਂ ਚੰਦ ਦੀ ਰਿਸ਼ਮ ਵਾਂਗ ਚਮਕ ਰਹੀ ਸੀ—ਨੀਲੀ ਨੀਲੀ ਰਿਸ਼ਮ।

"ਤੂੰ ਮੈਨੂੰ ਧੂ ਕੇ ਕਿਥੇ ਲੈ ਚੱਲੀ ਐਂ?" ਮੈਂ ਪੁੱਛਿਆ।

ਉਸ ਗਲੀ ਦੀ ਨੁੱਕੜ ਵਲ ਇਸ਼ਾਰਾ ਕਰਕੇ ਆਖਿਆ, "ਓਧਰ—ਮਾਸਕਵਾ ਦਰਿਆ ਵਲ।"

ਤਾਂ ਕੀ ਮੈਂ ਇਸ ਨਾਲ ਮਾਸਕਵਾ ਦਰਿਆ ਦੇ ਕੰਢੇ-ਕੰਢੇ ਹਨੇਰੇ ਵਿਚ ਸੈਰ ਕਰਨ ਜਾਵਾਂਗਾ, ਮੈਂ ਸੋਚਿਆ। ਇਸ ਗੱਲ ਨਾਲ ਮੈਨੂੰ ਘਬਰਾਹਟ ਜਿਹੀ ਲਗੀ। ਉਹ ਸਿਪਾਹੀ ਮੇਰੇ ਵਲ ਇੰਜ ਕਿਉਂ ਘੂਰ ਰਿਹਾ ਸੀ? ਤੇ ਇਕ ਬੁੱਢੀ ਜ਼ਨਾਨੀ,

ਜਿਸ ਨੇ ਗੋਂਗਲੂਆਂ ਦਾ ਥੈਲਾ ਚੁੱਕਿਆ ਹੋਇਆ ਸੀ, ਨੇ ਮੈਨੂੰ ਚੁਭਵੀਆਂ ਨਜ਼ਰਾਂ ਨਾਲ ਕਿਉਂ ਤੱਕਿਆ ਸੀ ?

"ਚਲ—ਮੇਰੇ ਨਾਲ—ਏਧਰ ! ਤੂੰ ਬਹੁਤ ਚੰਗਾ ਹੈਂ, ਕੀ ਸੋਚ ਰਿਹਾ ਐਂ ? ਚੱਲ !" ਉਸ ਜ਼ਿੱਦ ਕੀਤੀ ।

ਮੈਂ ਆਪਣਾ ਹੱਥ ਖਿੱਚ ਲਿਆ ਤੇ ਆਖਿਆ, "ਨਹੀਂ, ਮਿਹਰਬਾਨੀ, ਮੈਂ ਨਹੀਂ ਜਾਣਾ ।"

ਇਹ ਆਖ ਕੇ ਮੈਂ ਉਸ ਨੂੰ ਛੱਡ ਦਿੱਤਾ ਤੇ ਛੇਤੀ ਈ ਦੋ ਛੜੱਪੇ ਮਾਰ ਕੇ ਸੜਕ ਪਾਰ ਕਰ ਗਿਆ ਤੇ ਸਾਹਮਣੀ ਚੌੜੀ ਪਟੜੀ ਉਤੇ ਤੁਰਨ ਲੱਗਾ ਜਿੱਥੇ ਬਹੁਤ ਸਾਰੇ ਲੋਕ ਸਨ ।

ਉਥੇ ਮੈਂ ਹੋਟਲ ਮਾਸਕਵਾ ਵਿਚ ਉਤਰੇ ਹੋਏ ਆਪਣੇ ਤਿੰਨ ਫ਼ਰਾਂਸੀਸੀ ਸਾਥੀਆਂ ਨੂੰ ਮਿਲਿਆ ਜੋ ਮਾਸਕੋ ਵੇਖਣ ਲਈ ਆਏ ਹੋਏ ਸਨ । ਉਨ੍ਹਾਂ ਮੈਨੂੰ ਬੜੇ ਚਾਅ ਨਾਲ ਬੁਲਾਇਆ ਤੇ ਅਸੀਂ ਸੁਹਾਉਣੇ ਮੌਸਮ ਤੇ ਮਾਸਕੋ ਦੇ ਵਧੀਆ ਥੀਏਟਰਾਂ ਬਾਰੇ ਗੱਲਾਂ ਕਰਨ ਲੱਗੇ ।

"ਹਵਾ ਤਾਂ ਫ਼ਰਾਂਸ ਦੇ ਬਿਸਕੁਟਾਂ ਵਰਗੀ ਖ਼ਸਤਾ ਐ", ਉਨ੍ਹਾਂ ਵਿਚੋਂ ਇਕ ਨੇ ਕਿਹਾ, "ਜੀਅ ਕਰਦਾ ਐ ਇਸ ਨੂੰ ਚੱਕ ਮਾਰ ਕੇ ਖਾ ਲਈਏ । ਮਾਸਕੋ ਦੀ ਇਹ ਸ਼ਾਮ ! ਪਰ ਇਹ ਨੀਲੀਆਂ ਬੱਤੀਆਂ ਬੜੀਆਂ ਅੱਖਰਦੀਆਂ ਨੇ...ਮਾਸਕੋ ਦੀ ਆਈਸ ਕਰੀਮ ਸੱਚੀਂ-ਮੁੱਚੀਂ ਸੁਆਦ ਐ, ਸਾਨੂੰ ਨਹੀਂ ਸੀ ਪਤਾ । ਲਾਲ ਚੌਂਕ ਤਸਵੀਰਾਂ ਵਿਚ ਤਾਂ ਬੜਾ ਵੱਡਾ ਜਾਪਦਾ ਐ, ਪਰ ਦੇਖਣ ਨੂੰ ਏਡਾ ਹੈ ਨਹੀਂ...ਜ਼ਿੰਦਗੀ ਕਾਫ਼ੀ ਰਾਂਗਲੀ ਐ ।" ਅਸੀਂ ਹੱਸਦੇ ਰਹੇ ਤੇ ਗੱਲਾਂ ਕਰਦੇ ਰਹੇ ।

ਅਚਾਨਕ ਕਿਸੇ ਨੇ ਮੇਰੇ ਮੋਢੇ ਨੂੰ ਥਾਪੜਿਆ । ਮੈਂ ਮੁੜਿਆ, ਇਹ ਉਹੋ ਕੁੜੀ ਸੀ ।

ਉਸ ਨੇ ਮੈਨੂੰ ਸੜਕ ਪਾਰ ਕਰਦਿਆਂ ਵੇਖ ਲਿਆ ਸੀ । ਉਹ ਥੋੜ੍ਹਾ ਚਿਰ ਏਧਰ-ਓਧਰ ਤਾੜਦੀ ਰਹੀ ਤੇ ਫਿਰ ਮੇਰੇ ਕੋਲ ਆ ਗਈ ਸੀ ।

ਤਿੰਨੇ ਫ਼ਰਾਂਸੀਸੀ ਹੱਸੇ । ਇਕ ਨੂੰ ਮਾੜੀ-ਮੋਟੀ ਰੂਸੀ ਆਉਂਦੀ ਸੀ । ਉਹ ਉਸ ਨਾਲ ਗੱਲਾਂ ਕਰਨ ਲੱਗਾ ।

ਪਰ ਉਸ ਨੇ ਕੋਈ ਉੱਤਰ ਨਾ ਦਿੱਤਾ, ਬਸ ਆਪਣਾ ਮੂੰਹ ਉਤਾਂਹ ਚੁੱਕਿਆ, ਨੱਕ ਵੱਟਿਆ ਤੇ ਮੇਰੇ ਮੋਢੇ ਉਤੇ ਚੂੰਡੀ ਵੱਢ ਕੇ ਬੋਲੀ, "ਚੱਲ !"

ਲੰਮੇ ਫ਼ਰਾਂਸੀਸੀ ਨੌਜੁਆਨ ਨੇ ਖੱਬੀ ਅੱਖ ਮੀਟ ਕੇ ਮੈਨੂੰ ਆਖਿਆ, "ਜਾ ਭਈ, ਤੈਨੂੰ ਬੁਲਾਉਂਦੀ ਐ । ਤੇਰੇ ਤੇ ਏਸ ਦਾ ਦਿਲ ਐ ।" ਤੇ ਖੀ-ਖੀ ਕਰਕੇ ਘੋੜੇ ਵਾਂਗ ਹਿਣਕਣ ਲੱਗਾ ।

ਉਹ ਚਲੇ ਗਏ । ਮੈਂ ਤੇ ਉਹ ਤੀਵੀਂ ਪਾਰਕ ਦੇ ਗਿਰਦ ਝਾੜੀ ਦੀ ਵਾੜ ਦੇ ਨਾਲ-ਨਾਲ ਤੁਰਨ ਲੱਗੇ । ਮੈਂ ਸਿਗਰਟ ਦੀ ਡੱਬੀ ਕੱਢੀ ਤੇ ਉਸ ਨੂੰ ਪੇਸ਼ ਕੀਤੀ । ਉਸ ਨੇ ਨਦੀਦਿਆਂ ਵਾਂਗ ਇਸ ਵਲ ਤੱਕਿਆ, ਝੱਪਟਾ ਮਾਰਿਆ ਤੇ ਸਾਰੀ ਦੀ ਸਾਰੀ ਡੱਬੀ ਆਪਣੇ ਖੀਸੇ ਵਿਚ ਤੁੰਨ ਲਈ । ਮੈਨੂੰ ਇਕ ਸਿਗਰਟ ਵੀ ਦਿੱਤੀ । "ਕਿੰਨੀ ਲਾਲਚਣ !" ਮੈਂ ਮਨ ਵਿਚ ਆਖਿਆ ।



ਥੋੜ੍ਹੇ ਚਿਰ ਪਿਛੋਂ ਉਸ ਪੁੱਛਿਆ, "ਤੂੰ ਕਿਥੇ ਰਹਿੰਦਾ ਐਂ ?"

"ਹੋਟਲ ਮਾਸਕਵਾ" ਮੈਂ ਉੱਤਰ ਦਿੱਤਾ ।

ਉਸ ਘੁਟ ਕੇ ਮੇਰੀ ਬਾਂਹ ਫੜੀ ਹੋਈ ਸੀ ਤੇ ਅਸੀਂ ਹੌਲੀ-ਹੌਲੀ ਤੁਰ ਰਹੇ ਸਾਂ । ਘੜੀ ਮੁੜੀ ਉਹ ਅੱਖਾਂ ਮੀਟ ਕੇ ਆਪਣੀ ਗੱਲ੍ਹ ਮੇਰੇ ਮੋਢੇ ਨਾਲ ਰਗੜਦੀ ਸੀ । ਉਸ ਦੇ ਖੁੱਲ੍ਹੇ ਬੁੱਲ੍ਹਾਂ ਵਿਚੋਂ ਉਹੀ ਸਾਵੀ-ਸਾਵੀ ਬੋ ਆ ਰਹੀ ਸੀ । ਮੈਂ ਉਸ ਦੇ ਬਾਲਿਆਂ ਨੂੰ ਛੋਹਿਆ । "ਨਕਲੀ ਹਨ ਕਿ ਅਸਲੀ ?" ਮੈਂ ਪੁੱਛਿਆ । ਪਰ ਉਸ ਨੂੰ ਮੇਰੀ ਗੱਲ ਦੀ ਸਮਝ ਨਾ ਪਈ । ਸ਼ੈਤ ਉਹ ਖੋਟੇ ਸਨ, ਉਸ ਵਾਂਗ । ਹੂੰ ! ਤਾਂ ਮਾਸਕੋ ਵਿਚ ਵੀ ਗਸ਼ਤੀਆਂ ਫਿਰਦੀਆਂ ਹਨ । ਮੈਂ ਹੈਰਾਨ ਹੋ ਕੇ ਸੋਚਣ ਲੱਗਾ ਕਿ ਕਿਹੜੀ ਚੀਜ਼ ਸੀ ਜੋ ਇਸ ਤੀਵੀਂ ਨੂੰ ਇਸ ਤਰ੍ਹਾਂ ਸੜਕਾਂ ਉਤੇ ਘੁੰਮ ਕੇ ਆਦਮੀਆਂ ਨੂੰ ਫਾਹੁਣ ਉਤੇ ਮਜਬੂਰ ਕਰਦੀ ਸੀ । ਸ਼ੈਤ ਰੁਪਈਏ-ਪੈਸੇ ਦਾ ਲਾਲਚ । ਆਖ਼ਰ ਇਨਸਾਨੀ ਕਮਜ਼ੋਰੀ । ਕਿਵੇਂ ਉਹ ਮੇਰੀ ਸਿਗਰਟਾਂ ਦੀ ਡੱਬੀ ਉਤੇ ਟੁੱਟੀ ਸੀ ।

ਬਿਜਲੀ ਦੇ ਖੰਬੇ ਹੇਠ ਉਹ ਖੜੋ ਗਈ ਤੇ ਉਸ ਆਪਣੀਆਂ ਬਾਹਵਾਂ ਮੇਰੀ ਗਰਦਨ ਦੁਆਲੇ ਘੱਤ ਦਿੱਤੀਆਂ । ਵਗਦੇ ਰਾਹ ਵਿਚ ਸਾਰਿਆਂ ਦੇ ਸਾਹਮਣੇ...ਮੈਂ ਇਹ ਜਰ ਨਾ ਸਕਿਆ । ਮੈਂ ਉਸ ਦੀਆਂ ਬਾਹਵਾਂ ਪਰ੍ਹਾਂ ਵਗਾਹ ਮਾਰੀਆਂ । ਪਰ ਉਹ ਉਥੇ ਹੀ ਖੜੀ ਰਹੀ । ਮੈਂ ਸੋਚਿਆ ਇਉਂ ਇਸ ਮੇਰਾ ਪਿੱਛਾ ਨਹੀਂ ਛਡਣਾ । ਕੁਝ ਰੁਪਈਏ ਦੇਵਾਂ ਤੇ ਮਗਰੋਂ ਲਾਹਵਾਂ । ਆਖ਼ਰ ਮੈਂ ਸੋਵੀਅਤ ਰੂਸ ਦਾ ਮਹਿਮਾਨ ਸਾਂ, ਇਕ ਪਰਾਹੁਣਾ, ਅਜਨਬੀ ਤੇ ਓਪਰੇ ਦੇਸੋਂ । ਮੈਂ ਇਸ ਝੰਜਟ ਵਿਚ ਨਹੀਂ ਸੀ ਪੈਣਾ ਚਾਹੁੰਦਾ । ਬੋਲੀ ਨਾ ਜਾਨਣ ਕਰਕੇ ਮੈਂ ਇਹ ਸਾਰਾ ਕੁਝ ਚੰਗੀ ਤਰ੍ਹਾਂ ਸਮਝ ਵੀ ਨਹੀਂ ਸੀ ਸਕਿਆ । ਮੈਂ ਜੇਬ ਫੋਲੀ ਤੇ 50 ਰੂਬਲ ਦਾ ਇਕ ਨੋਟ ਜਿਸ ਉਤੇ ਲੈਨਿਨ ਦੀ ਤਸਵੀਰ ਸੀ, ਕੱਢਿਆ ਤੇ ਉਸ ਅੱਗੇ ਕਰਕੇ ਆਖਿਆ, "ਲੈ ਫੜ—ਤੇ ਜਾ !"

ਉਸ ਆਪਣੀ ਬਾਂਹ ਛੰਡੀ ਤੇ ਕ੍ਰੋਧ ਨਾਲ ਆਖਿਆ, "ਨੀਅਤ, ਨੀਅਤ !" (ਨਹੀਂ, ਨਹੀਂ !")

ਮੈਂ ਉਸ ਵਲ ਪਰੇਸ਼ਾਨ ਹੋ ਕੇ ਤੱਕਿਆ । ਕੀ ਆਖਦੀ ਸੀ ਉਹ ? ਕੀ ਉਹ ਹੋਰ ਰੂਬਲ ਭਾਲਦੀ ਸੀ ? ਸ਼ਾਇਦ ਪੰਜਾਹ ਰੂਬਲ ਥੋੜ੍ਹੇ ਸਨ । ਇਸ ਨਾਲ ਤਾਂ ਉਸ ਨੂੰ ਬੂਟਾਂ ਦਾ ਇਕ ਜੋੜਾ ਵੀ ਨਹੀਂ ਜੁੜਨਾ । ਮੈਂ ਜੇਬ ਵਿਚ ਹੱਥ ਮਾਰਿਆ ਤੇ ਸੌ ਰੂਬਲ ਦਾ ਨੋਟ ਕੱਢਿਆ । ਉਸ ਨੇ ਝਟ ਦੇਣੀ ਖੋਹ ਲਿਆ ਤੇ ਆਪਣੀ ਮੁੱਠੀ ਵਿਚ ਮਰੋੜ-ਤਰੋੜ ਕੇ ਮੇਰੀ ਜੇਬ ਵਿਚ ਠੋਕ ਦਿੱਤਾ । ਉਸ ਦਾ ਚਿਹਰਾ ਗੁੱਸੇ ਨਾਲ ਖਿੱਚਿਆ ਗਿਆ । ਮੈਂ ਚੁੱਪ-ਚਾਪ ਉਸ ਨਾਲ ਤੁਰਦਾ ਰਿਹਾ ।

ਮੋੜ ਉਤੋਂ ਇਕ ਜੋੜਾ ਆ ਰਿਹਾ ਸੀ । ਉਹ ਬੈਂਚ ਉਤੇ ਬੈਠ ਗਏ । ਮੈਂ ਉਨ੍ਹਾਂ ਕੋਲ ਰੁਕ ਗਿਆ । ਤੀਵੀਂ ਨੇ ਸੂਹਾ ਰੁਮਾਲ ਬੰਨ੍ਹਿਆ ਹੋਇਆ ਸੀ, ਤੇ ਆਦਮੀ ਦੇ ਗਲ ਵਿਚ ਢਿੱਲੀ ਪੀਲੇ ਰੰਗ ਦੀ ਨੈਕਟਾਈ ਸੀ । ਮੈਂ ਉਨ੍ਹਾਂ ਨੂੰ ਆਖਿਆ, ਮੈਂ ਮਾਸਕਵਾ ਹੋਟਲ ਜਾਣਾ ਚਾਹੁੰਦਾ ਹਾਂ ।

ਆਦਮੀ ਖੜਾ ਹੋ ਗਿਆ, "ਕੀ ਚਾਹੀਦਾ ਐ ਤੁਹਾਨੂੰ ?" ਉਸ ਪੁੱਛਿਆ । ਉਸ ਨੂੰ ਮਾੜੀ-ਮੋਟੀ ਅੰਗ੍ਰੇਜ਼ੀ ਆਉਂਦੀ ਸੀ । ਮੇਰੇ ਨਾਲ ਦੀ ਤੀਵੀਂ ਨੇ ਉਸ ਨੂੰ ਕੁਝ

ਆਖਿਆ ਤੇ ਦੋਵੇਂ ਗੱਲਾਂ ਕਰਨ ਲਗ ਪਏ। ਮੈਂ ਰੂਸੀ ਦੇ ਬਸ ਇਹੋ ਸ਼ਬਦ ਸਮਝ ਸਕਿਆ "ਕਰਾਸੀਵਾ (ਸੁਹਣਾ) ਇੰਡਿਸਕੀ (ਹਿੰਦੁਸਤਾਨੀ)...ਦਾ...ਦਾ...ਦਾ...ਦਾ...(ਹਾਂ ਹਾਂ ਹਾਂ)।"

ਆਦਮੀ ਨੇ ਮੇਰੇ ਵਲ ਤੱਕਿਆ ਤੇ ਆਖਿਆ, "ਤੁਹਾਡੀ ਦੋਸਤ ਤੁਹਾਨੂੰ ਪਸੰਦ ਕਰਦੀ ਐ।"

ਮੈਂ ਪੁੱਛਿਆ, "ਪਰ ਇਹ ਮੇਰੇ ਪਾਸੋਂ ਕੀ ਚਾਹੁੰਦੀ ਐ?"

ਫਿਰ ਉਹ ਦੋਵੇਂ ਰੂਸੀ ਮਾਰਨ ਲੱਗੇ। "ਇੰਡਿਸਕੀ...ਨਹਿਰੂ...ਕਰਾਸੀਵਾ...ਰਾਜ ਕਪੂਰ...ਸਪਾਸੀਬਾ...।" ਤੇ ਹੋਰ "ਸੱਸਿਆਂ" ਨਾਲ ਸ਼ੂਕਦੇ ਰੂਸੀ ਸ਼ਬਦ।

ਆਦਮੀ ਨੇ ਮੈਨੂੰ ਦੱਸਿਆ, "ਇਹ ਇਕ ਬੇਕਰੀ ਵਿਚ ਕੰਮ ਕਰਦੀ ਐ। ਜਦ ਪੰਡਤ ਨਹਿਰੂ ਆਏ ਸਨ ਤਾਂ ਇਸ ਨੇ ਉਨ੍ਹਾਂ ਲਈ ਖ਼ਾਸ ਕੇਕ ਤਿਆਰ ਕੀਤਾ ਸੀ। ਇਸ ਨੇ ਰਾਜ ਕਪੂਰ ਨੂੰ ਫ਼ਿਲਮਾਂ ਵਿਚ ਤੱਕਿਆ ਐ। ਇਸ ਹਿੰਦੁਸਤਾਨ ਨੂੰ ਤਸਵੀਰਾਂ ਤੇ ਫ਼ਿਲਮਾਂ ਰਾਹੀਂ ਈ ਦੇਖਿਐ ਐ। ਇਹ ਹਿੰਦੁਸਤਾਨ ਨੂੰ ਪਿਆਰ ਕਰਦੀ ਐ। ਤੂੰ ਹਿੰਦੁਸਤਾਨ ਤੋਂ ਆਇਆਂ ਐ—ਪੰਡਿਤ ਨਹਿਰੂ ਤੇ ਰਾਜ ਕਪੂਰ ਦੀ ਧਰਤੀ ਤੋਂ। ਇਹ ਤੇਰੇ ਨਾਲ ਦਰਿਆ ਦੇ ਕੰਢੇ ਸੈਰ ਕਰਨਾ ਸੋਚਦੀ ਸੀ, ਤਾਂ ਜੁ ਕਲ੍ਹ ਨੂੰ ਇਹ ਬੇਕਰੀ ਵਿਚ ਕੰਮ ਕਰਨ ਵਾਲੀਆਂ ਆਪਣੀਆਂ ਸਹੇਲੀਆਂ ਨੂੰ ਫ਼ਖ਼ਰ ਨਾਲ ਦਸ ਸਕਦੀ ਕਿ ਇਸ ਇਕ ਹਿੰਦੁਸਤਾਨੀ ਨਾਲ ਸੈਰ ਕੀਤੀ। ਇਹ ਸਿਰਫ਼ ਇਕ ਹਿੰਦੁਸਤਾਨੀ ਨੂੰ ਚੁੰਮਣਾ ਚਾਹੁੰਦੀ ਐ, ਜੋ ਇਸ ਲਈ ਏਸੇ ਤਰ੍ਹਾਂ ਐ ਜਿਵੇਂ ਇਹ ਪੰਡਿਤ ਨਹਿਰੂ, ਰਾਜ ਕਪੂਰ ਤੇ ਹਿੰਦੁਸਤਾਨੀ ਨੂੰ ਚੁੰਮ ਰਹੀ ਹੋਵੇ।"

ਮੈਂ ਉਸ ਵਲ ਤੱਕਿਆ। ਦੂਰਲੇ ਲੈਂਪਾਂ ਦੀ ਕਾਸ਼ਨੀ ਰੋਸ਼ਨੀ ਵਿਚ ਉਸ ਦਾ ਚਿਹਰਾ ਇਕ ਨਿਰਾਲੀ ਭਾ ਨਾਲ ਦਮਕ ਰਿਹਾ ਸੀ। ਮੈਂ ਉਸ ਨੂੰ ਪਿਆਰ ਨਾਲ ਗਲਵਕੜੀ ਪਾਈ ਤੇ ਚੁੰਮਿਆ।

ਉਸ ਆਪਣੇ ਬੋਝੇ ਵਿਚੋਂ ਸਿਗਰਟਾਂ ਦੀ ਡੱਬੀ ਕੱਢੀ ਤੇ ਮੈਨੂੰ ਦੇ ਕੇ ਕੁਝ ਆਖਿਆ, ਜਿਸ ਦਾ ਅਰਥ ਇਹ ਸੀ ਸਿਗਰਟ ਪੀਣਾ ਬੁਰਾ ਹੈ। ਏਸੇ ਲਈ ਮੈਂ ਤੇਰੇ ਕੋਲੋਂ ਇਹ ਖੋਹ ਕੇ ਰਖ ਲਈ ਸੀ। ਲੈ ਸਾਂਭ ਆਪਣੀਆਂ ਸਿਗਰਟਾਂ।

ਮੈਂ ਡੱਬੀ ਫੜ ਲਈ ਤੇ ਹੌਲੀ-ਹੌਲੀ ਤੁਰਦਾ ਹੋਟਲ ਆ ਗਿਆ।

ਦੂਜੇ ਦਿਨ ਤਰਕਾਲੀਂ ਜਦ ਮੈਂ ਥੀਏਟਰ ਜਾਣ ਲਈ ਆਪਣੇ ਕਮਰੇ ਵਿਚੋਂ ਥੱਲੇ ਆਇਆ ਤਾਂ ਹੋਟਲ ਦੀ ਬੁੱਢੀ ਖ਼ਾਦਮਾ ਨੇ ਕਿਹਾ, "ਕਾਮਰੇਡ, ਤੁਹਾਡੇ ਲਈ ਇਹ ਕੇਕ ਇਕ ਔਰਤ ਛੱਡ ਗਈ ਐ।"

ਇਹ ਬਹੁਤ ਵੱਡਾ ਗੋਲ ਕੇਕ ਸੀ ਜਿਸ ਉਤੇ ਇਹ ਸ਼ਬਦ ਉੱਕਰੇ ਹੋਏ ਸਨ, "ਪਿਆਰੇ ਹਿੰਦੁਸਤਾਨ ਨੂੰ।"

## 11

# ਸਾਂਝਾ ਚੁੱਲ੍ਹਾ

ਅੱਕ ਕੇ ਬਚਨੇ ਨੇ ਆਪਣੇ ਛੋਟੇ ਭਰਾ ਸੰਤੂ ਨੂੰ ਕੁੱਟਿਆ ਤੇ ਘਰੋਂ ਕੱਢ ਦਿੱਤਾ।

ਸੰਤੂ ਕਦੇ ਕਿਸੇ ਦੀ ਕਪਾਹ ਚੁਗਦਾ ਫੜਿਆ ਜਾਂਦਾ, ਕਦੇ ਛੱਲੀਆਂ ਤੋੜਦਾ। ਖੇਤ ਵਾਲਾ ਜੱਟ ਹੁੱਜਾਂ ਮਾਰ ਕੇ ਸੰਤੂ ਨੂੰ ਚੋਰੀ ਕੀਤੀ ਫਸਲ ਦੀ ਪੰਡ ਚੁਕਵਾਉਂਦਾ ਤੇ ਬਚਨੇ ਅੱਗੇ ਲਿਆ ਖੜਾ ਕਰਦਾ। ਬਚਨਾ ਨਿੱਤ ਦੇ ਉਲਾਂਭਿਆਂ ਤੋਂ ਅੱਕ ਗਿਆ ਸੀ।

ਸੰਤੂ ਘਰੋਂ ਨਿਕਲ ਕੇ ਸਾਧਾਂ ਦੇ ਡੇਰੇ ਦਾ ਵੜਿਆ। ਇਥੋਂ ਹੀ ਉਸ ਨੂੰ ਅਫ਼ੀਮ ਦੀ ਇੱਲਤ ਲੱਗੀ ਸੀ। ਉਹ ਵਿਹਲੜ ਸਾਰਾ ਦਿਨ ਡੇਰੇ ਵਿਚ ਅਫ਼ੀਮ ਖਾਈ ਪਿਆ ਰਹਿੰਦਾ। ਛੇਕੜ ਇਕ ਦਿਨ ਸਾਧ ਨੇ ਵੀ ਚਿਮਟਾ ਮਾਰ ਕੇ ਭਜਾ ਦਿੱਤਾ।

ਅਫ਼ੀਮ ਸੰਤੂ ਦੇ ਹੱਡਾਂ ਵਿਚ ਰਚ ਗਈ ਸੀ। ਬਾਈ ਸਾਲ ਦੀ ਉਮਰ ਵਿਚ ਹੀ ਉਸ ਦੀਆਂ ਹੜਬਾਂ ਨਿਕਲ ਆਈਆਂ, ਅੱਖਾਂ ਅੰਦਰ ਨੂੰ ਧਸ ਗਈਆਂ ਤੇ ਗਿੱਟੇ ਵੱਜਣ ਲਗੇ।

ਉਨ੍ਹਾਂ ਦਾ ਪਿਉ ਹਰਨਾਮ ਸਿੰਘ ਜਿਉਂਦਾ ਸੀ। ਉਸ ਨੇ ਜਵਾਨੀ ਸਮੇਂ ਜੱਦੀ ਜ਼ਮੀਨ ਵੇਚ-ਵੱਟ ਕੇ ਫੈਲਸੂਫੀਆਂ ਵਿਚ ਉੜਾ ਦਿੱਤੀ ਸੀ। ਹੁਣ ਸਾਰੀ ਕਬੀਲਦਾਰੀ ਬਚਨੇ ਦੇ ਸਿਰ ਆ ਪਈ। ਉਹ ਵਟਾਈ ਉਤੇ ਜ਼ਮੀਨ ਲੈ ਕੇ ਵਾਹੀ ਕਰਨ ਲੱਗਾ।

ਬਚਨੇ ਦੀ ਘਰਵਾਲੀ ਭਜਨੋ ਛੇ ਭਰਾਵਾਂ ਦੀ ਇਕੱਲੀ ਭੈਣ ਸੀ। ਤਿੰਨ ਕੋਹ ਉਤੇ ਉਸ ਦੇ ਪੇਕੇ ਸਨ। ਬੁਰਛਿਆਂ ਵਰਗੇ ਛੇ ਭਰਾਵਾਂ ਦਾ ਉਸ ਨੂੰ ਹੌਸਲਾ ਸੀ ਤੇ ਬਚਨੇ ਨੂੰ ਮਦਦ। ਰੌਣੀ ਵੱਤ ਆਈ ਹੁੰਦੀ, ਫਸਲ ਵੱਢਣੀ ਹੁੰਦੀ ਜਾਂ ਪਿੰਡ ਵਿਚ ਕਿਸੇ ਨਾਲ ਲੜਾਈ ਹੋ ਜਾਂਦੀ ਤਾਂ ਛੇ ਸਾਲੇ ਜਿੰਨਾਂ ਵਾਂਗ ਆ ਵੜਦੇ। ਇਸੇ ਕਰਕੇ ਛੇ ਸਾਲਿਆਂ ਦੇ ਇਕੱਲੇ ਭਣੋਈਏ ਨੂੰ ਹਰ ਕੋਈ ਖ਼ੁਸ਼ੀ ਨਾਲ ਜ਼ਮੀਨ ਵਟਾਈ ਉਤੇ ਦੇ ਦਿੰਦਾ।

ਸੰਤੂ ਨੂੰ ਜਦੋਂ ਬਚਨੇ ਨੇ ਖੌਂਸੜੇ ਮਾਰ ਕੇ ਕੱਢਿਆ ਤਾਂ ਸ਼ਰੀਕਾਂ ਨੇ ਬਚਨੇ

ਦਾ ਹੀ ਪੱਖ ਪੂਰਿਆ ।

ਸੰਤੂ ਨੂੰ ਚਾਰੇ ਪਾਸਿਉਂ ਧੱਕੇ ਪਏ ਤਾਂ ਉਹ ਮੰਡੀ ਵਿਚ ਜਾ ਕੇ ਹਲਵਾਈਆਂ ਦੀਆਂ ਕੜਾਹੀਆਂ ਮਾਂਜਣ ਲਗ ਪਿਆ । ਜੋ ਕੁਝ ਕਮਾਉਂਦਾ ਉਹ ਅਫ਼ੀਮ ਦੀ ਨਜ਼ਰ ਹੋ ਜਾਂਦਾ । ਪੰਜ-ਛੀ ਮਹੀਨੇ ਭੱਠ ਝੋਕ ਕੇ ਉਹ ਫੇਰ ਪਿੰਡ ਆ ਵੜਿਆ ਤੇ ਸ਼ਰੀਕਾਂ ਦੇ ਘਰੀਂ ਮੰਗਣ ਲੱਗਾ ।

ਜੱਟਾਂ ਦਾ ਮੁੰਡਾ ਆਪਣੇ ਹੀ ਪਿੰਡ ਵਿਚ ਮੰਗਤਾ ਬਣ ਜਾਵੇ ਇਸ ਤੋਂ ਵੱਡੀ ਨਮੋਸ਼ੀ ਕੋਈ ਨਹੀਂ । ਮਹੀਨਾ ਵੀਹ ਦਿਨ ਤਾਂ ਇਸੇ ਤਰ੍ਹਾਂ ਲੰਘਿਆ । ਜਿਸ ਦੇ ਘਰ ਜਾਂਦਾ ਉਹ ਸ਼ਰਮ ਦਾ ਮਾਰਾ ਉਸ ਦੀ ਝੋਲੀ ਵਿਚ ਦਾਣਿਆਂ ਦੀ ਲੱਪ ਸੁੱਟ ਦੇਂਦਾ । ਪਰ ਫਿਰ ਉਤੇ ਬੈਠੇ ਬਾਪ ਦੀ ਧੌਲੀ ਦਾੜ੍ਹੀ ਦੀ ਲਾਜ ਨੂੰ ਲੋਕਾਂ ਆਖਿਆ, "ਭਾਈ ਸੰਤੂ, ਤੂੰ ਮੰਗਿਆ ਨਾ ਕਰ । ਰੋਟੀ ਜਿਸ ਘਰੋਂ ਮਨ ਆਏ ਖਾ ਜਾਇਆ ਕਰ ।"

ਮਹੀਨਿਆਂ ਦਾ ਭਰਿਆ ਪੀਤਾ ਬਚਨਾ ਉਸ ਦੀਆਂ ਕਰਤੂਤਾਂ ਦੇਖਦਾ ਰਿਹਾ ਸੀ । ਇਕ ਦਿਨ ਬਚਨੇ ਨੇ ਉਸ ਨੂੰ ਗਲੀ ਵਿਚ ਫੜ ਲਿਆ ਤੇ ਛਿੱਤਰਾਂ ਨਾਲ ਉਸ ਨੂੰ ਕੁੱਟਿਆ । ਲੋਕਾਂ ਨੇ ਮਸਾਂ ਛੁਡਾਇਆ ।

ਬਚਨਾ ਦੰਦ ਪੀਹ ਕੇ ਬੋਲਿਆ, "ਅੱਜ ਤੋਂ ਪਿਛੋਂ ਜੇ ਪਿੰਡ ਵਿਚ ਫਿਰਦਾ ਦੇਖ ਲਿਆ ਤਾਂ ਸਾਲੇ ਦੀਆਂ ਲੱਤਾਂ ਤੋੜ ਦੂੰ ।"

ਸੰਤੂ ਉਸ ਪਿਛੋਂ ਪਿੰਡ ਛੱਡ ਗਿਆ ਤੇ ਸੱਤ ਸਾਲ ਉਸ ਦਾ ਪਤਾ ਨਾ ਲੱਗਿਆ ।

ਜਦੋਂ ਭਜਨੋ ਦੇ ਪੇਕੀਂ ਛੇ ਭਰਾਵਾਂ ਦੀਆਂ ਢੇਰੀਆਂ ਪੈ ਗਈਆਂ ਤਾਂ ਸਾਰਿਆਂ ਦੀ ਕਬੀਲਦਾਰੀ ਅੱਡ-ਅੱਡ ਹੋ ਗਈ । ਉਨ੍ਹਾਂ ਦੀ ਆਪਸ ਵਿਚ ਜੁੱਤੀ ਖੜਕਣ ਲੱਗੀ । ਸਾਲਿਆਂ ਦੀ ਮਦਦ ਵੱਲੋਂ ਬਚਨਾ ਸੱਖਣਾ ਹੋ ਗਿਆ । ਹੁਣ ਨਾ ਕੋਈ ਰੌਣੀ ਵੱਤ ਆਈ ਨੂੰ ਵਾਹੁਣ ਆਉਂਦਾ, ਨਾ ਵਾਢੀ ਵੇਲੇ ਆਹਵਤ ਪੈਂਦੀ, ਨਾ ਲੜਾਈ ਝਗੜੇ ਵੇਲੇ ਕੋਈ ਬਹੁੜਦਾ ।

ਇਕ ਸਾਲ ਮੀਂਹ ਬਹੁਤੇ ਪਏ ਤਾਂ ਬਚਨੇ ਤੋਂ ਵੇਲੇ ਸਿਰ ਜ਼ਮੀਨ ਵਾਹ ਕੇ ਪੂਰੀ ਤਰ੍ਹਾਂ ਬੀਜੀ ਨਾ ਗਈ, ਅਗਲੇ ਸਾਲ ਸੋਕਾ ਲੱਗਿਆ ਤਾਂ ਖੜੀ-ਖੜੋਤੀ ਫਸਲ ਸੁੱਕ ਗਈ ।

ਇਕ ਵਾਰ ਉਹ ਜੁਲਾਹਿਆਂ ਦੇ ਮੁੰਡੇ ਨਾਲ ਖਹਿਬੜ ਪਿਆ ਤੇ ਉਸ ਨੂੰ ਗਾਲ੍ਹ ਕੱਢੀ । ਜੁਲਾਹਿਆਂ ਨੇ ਥਾਏਂ ਹੀ ਬਚਨੇ ਨੂੰ ਕੁੱਟਿਆ । ਸਾਰੀ ਹੈਂਕੜ ਲੱਥ ਗਈ । ਖੁੱਥੀ ਪੱਗ ਫੜੀ ਤੇ ਮੂੰਹ ਸੁਜਾਈ ਜਦ ਬਚਨਾ ਘਰ ਵੜਿਆ ਤਾਂ ਭਜਨੋ ਨੇ ਦੁਹੱਥੜ ਮਾਰਿਆ ।

ਹੁਣ ਉਸ ਨੂੰ ਸੰਤੂ ਯਾਦ ਆਇਆ, ਜਿਸ ਨੂੰ ਉਸ ਨੇ ਬੇਦਰਦੀ ਨਾਲ ਇਤਨਾ ਮਾਰਿਆ ਸੀ ਕਿ ਵਿਚਾਰਾ ਪਿੰਡ ਛੱਡ ਗਿਆ ।

ਭਜਨੋ ਹੰਝੂ ਪੀ ਕੇ ਬੋਲੀ, "ਜੇ ਅੱਜ ਸੰਤੂ ਨਾਲ ਹੁੰਦਾ ਤਾਂ ਇਨ੍ਹਾਂ ਕੁੱਤੇ ਜੁਲਾਹਿਆਂ ਦੀ ਸੱਤਿਆ ਕਿ ਤੇਰੇ ਵਲ ਝਾਕ ਜਾਂਦੇ । ਪਿਆਰ ਨਾਲ ਸਮਝਾ ਕੇ ਛੋਟੇ ਭਰਾ ਨੂੰ ਕੰਮ ਉਤੇ ਲਾਇਆ ਹੁੰਦਾ ਤਾਂ ਘਰ ਵਿਚ ਬਰਕਤ ਹੁੰਦੀ । ਚੰਦਰਿਆ, ਭਰਾ ਨੂੰ ਨਾਲੋਂ ਤੋੜ ਕੇ ਤੂੰ ਆਪਣੀ ਸੱਜੀ ਬਾਂਹ ਤਾਂ ਆਪੇ ਵੱਢ ਲਈ ।"

ਬਚਨਾ ਦਿਲ ਵਿਚ ਪਛਤਾਇਆ ।



ਕਈ ਵਾਰ ਬਚਨਾ ਤੇ ਭਜਨੋ ਪਹਿਲੇ ਦਿਨਾਂ ਨੂੰ ਯਾਦ ਕਰਕੇ ਹਉਕਾ ਭਰਦੇ । ਬੁੱਢੇ ਹਰਨਾਮ ਸਿੰਘ ਨੂੰ ਵੀ ਇਸ ਗੱਲ ਦਾ ਅਫ਼ਸੋਸ ਸੀ ਕਿ ਉਸ ਦਾ ਇਕ ਪੁੱਤ ਜਾਂਦਾ ਰਿਹਾ । ਕਦੇ ਉਹ ਵੀ ਇਸ ਗੱਲ ਨੂੰ ਜਤਲਾਉਂਦਾ ਕਿ ਬਾਪ ਦੇ ਬੈਠਿਆਂ ਬਚਨੇ ਨੂੰ ਕੀ ਹੱਕ ਸੀ ਕਿ ਛੋਟੇ ਭਰਾ ਉਤੇ ਹੱਥ ਚੁੱਕੇ ।

ਬਚਨੇ ਦੀ ਟੱਬਰੀ ਵਧ ਕੇ ਟੱਬਰ ਬਣ ਗਈ । ਭਜਨੋ ਨੂੰ ਹਰ ਸਾਲ ਸੂਆ ਪੈਂਦਾ । ਹੁਣ ਉਸ ਦੇ ਚਾਰ ਪੁੱਤ ਤੇ ਤਿੰਨ ਧੀਆਂ ਸਨ, ਜੋ ਕੱਚੇ ਵਿਹੜੇ ਵਿਚ ਹੀ ਪਸ਼ੂਆਂ ਵਾਂਗ ਮਿੱਟੀ ਵਿਚ ਲਿਬੜੇ ਭਜਨੋ ਦਾ ਸਿਰ ਖਾਂਦੇ । ਬਚਨਾ ਵੀ ਢਲ ਗਿਆ । ਡੇਰੇ ਦੇ ਸਾਧ ਦੀ ਗੱਦੀ ਬਦਲ ਗਈ ਸੀ । ਪਿੰਡ ਦੀਆਂ ਕੁੜੀਆਂ ਦਾ ਇਕ ਪੂਰ ਵਿਆਹਿਆ ਗਿਆ ਸੀ । ਪਰ ਹਰਨਾਮ ਸਿੰਘ ਵਿਚ ਕੋਈ ਫ਼ਰਕ ਨਹੀਂ ਸੀ ਪਿਆ । ਉਹੀ ਫਲਾਹੀ ਦੀ ਦਾਤਣ ਤੇ ਤੇਲ ਨਾਲ ਚੋਪੜੀ ਹੋਈ ਉਹੀ ਧੌੜੀ ਦੀ ਜੁੱਤੀ ।

ਫੱਗਣ ਦਾ ਮਹੀਨਾ ਸੀ । ਖੇਤਾਂ ਵਿਚ ਸਰ੍ਹੋਂ ਫੁੱਲੀ ਹੋਈ ਸੀ । ਵਿਹੜੇ ਵਿਚ ਬੈਠੀ ਭਜਨੋ ਨੇ ਸਹੁਰੇ ਦੀ ਬਸੰਤੀ ਪੱਗ ਰੰਗ ਕੇ ਕੰਧ ਉਤੇ ਸੁਕਣੇ ਪਾਈ ਸੀ ਤੇ ਬੈਠੀ ਪਟੜੀ ਉਤੇ ਥਾਪੇ ਨਾਲ ਕਪੜੇ ਕੁੱਟ ਰਹੀ ਸੀ ।

ਇਤਨੇ ਵਿਚ ਲੰਮਾ ਨਰੋਆ ਇਕ ਗੱਭਰੂ ਮਹਿਰਾਬੀ ਦਰਵਾਜ਼ੇ ਵਿਚੋਂ ਲੰਘ ਕੇ ਸਿੱਧਾ ਅੰਦਰ ਆਉਂਦਾ ਨਜ਼ਰ ਆਇਆ । ਉਸ ਦੇ ਪਿੱਛੇ-ਪਿੱਛੇ ਸਲਵਾਰ ਕੁੜਤੀ ਪਾਈ ਤੇ ਗੋਟੇ ਵਾਲੀ ਚੁੰਨੀ ਦਾ ਘੁੰਡ ਕੱਢੀ ਤੇ ਸਿਰ ਉਤੇ ਫੁੱਲਾਂ ਵਾਲਾ ਟਰੰਕ ਰੱਖੀ ਕੋਈ ਤੁਰੀ ਆਉਂਦੀ ਸੀ ।

ਭਜਨੋ ਨੇ ਝੱਟ ਦੇਣੇ ਪਾਟੀ ਸਲਾਰੀ ਨਾਲ ਸਿਰ ਢਕਿਆ । ਸੋਚਣ ਲੱਗੀ : ਇਹ ਕੌਣ ਤੁਰਿਆ ਆਉਂਦਾ ਹੈ ਮੂੰਹ ਚੁੱਕੀ ? ਨਾ ਖੰਘੂਰਾ, ਨਾ ਆਵਾਜ਼ । ਲਗਦਾ ਤਾਂ ਇਉਂ ਐ...ਜਿਵੇਂ ਸੰਤੂ ਹੋਵੇ ।

"ਮੱਥਾ ਟੇਕਦਾ ਆਂ, ਭਾਬੀ !" ਸੰਤੂ ਨੇ ਅੱਗੇ ਵਧ ਕੇ ਆਖਿਆ ।

ਭਜਨੋ ਨੇ ਖੁਸ਼ੀ ਤੇ ਹੈਰਾਨੀ ਨਾਲ ਦਿਉਰ ਦਾ ਸੁਆਗਤ ਕੀਤਾ ਤੇ ਘੁੰਡ ਵਾਲੀ ਵਲ ਇਸ਼ਾਰਾ ਕੀਤਾ ।

"ਤੇਰੀ ਦਰਾਣੀ ਐ" ਸੰਤੇ ਨੇ ਮੜ੍ਹਕ ਨਾਲ ਆਖਿਆ ।

ਭਜਨੋ ਬੋਲੀ, "ਧੰਨ ਭਾਗ ਜੋ ਤੂੰ ਘਰ ਮੁੜਿਆ । ਸਾਡੇ ਤਾਂ ਦੀਦੇ ਰਹਿ ਗਏ ਰਾਹ ਦੇਖਦਿਆਂ ਦੇ ।" ਫਿਰ ਉਹ ਦਰਾਣੀ ਵਲ ਵਧੀ ਤੇ ਬੋਲੀ, "ਕੁੜੇ ਘੁੰਡ ਕੀਹਤੋਂ ਕੱਢਿਐ ? ਤੇਰਾ ਜੇਠ ਤਾਂ ਆਥਣੇ ਮੁੜੂ ।"

ਉਸ ਨੇ ਸੰਤੂ ਦੀ ਵਹੁਟੀ ਦਾ ਘੁੰਡ ਚੁੱਕਿਆ । ਕਣਕ-ਵੰਨਾ ਰੰਗ, ਮੋਟੇ ਬੁੱਲ੍ਹ, ਠੋਡੀ ਖੁਣੀ ਹੋਈ, ਤੇ ਨੱਕ ਵਿਚ ਲੌਂਗ । ਮੋਟੀਆਂ ਅੱਖਾਂ ਵਿਚ ਲੋਅ ਪਾਈ ਸੀ, ਜਿਸ ਨਾਲ ਉਹ ਲਿਸ਼ਕ ਰਹੀਆਂ ਸਨ ।

ਭਜਨੋ ਖੁਸ਼ੀ ਤੇ ਹਲਕੀ ਈਰਖਾ ਨਾਲ ਬੋਲੀ, "ਵੇ ਸੰਤੂ, ਐਨੀ ਸੋਹਣੀ ਬਹੂ ਕਿਥੋਂ ਲੱਭ ਲਿਆਂਦੀ ?"

ਉਸ ਨੇ ਮੰਜੀ ਡਾਹ ਕੇ ਚੌਤਹੀ ਵਿਛਾਈ, ਫੁੱਲਾਂ ਵਾਲੇ ਟਰੰਕ ਨੂੰ ਕੋਠੜੀ ਵਿਚ ਰਖਿਆ ਤੇ ਕਾੜ੍ਹਨੀ ਵਿਚੋਂ ਦੁੱਧ ਪਾ ਕੇ ਕੰਗਣੀ ਵਾਲੇ ਦੋ ਗਲਾਸ ਉਨ੍ਹਾਂ ਅੱਗੇ ਲਿਆ ਧਰੇ ।

ਉਸੇ ਵੇਲੇ ਆਪਣੇ ਮੁੰਡੇ ਬਚਨੇ ਨੂੰ ਖੇਤ ਤੋਂ ਬੁਲਾਉਣ ਲਈ ਭੇਜ ਦਿੱਤਾ।

ਲੌਢੇ ਵੇਲੇ ਸਾਰਾ ਟੱਬਰ ਇਕੱਠਾ ਹੋ ਗਿਆ। ਹਰਨਾਮ ਸਿੰਘ ਨੇ ਨਵੀਂ ਬਹੂ ਦਾ ਸਿਰ ਪਲੋਸਿਆ ਤੇ ਬੋਲਿਆ, "ਬਚਨਾ ਤੇਰੇ ਪਿਛੋਂ ਬਥੇਰਾ ਪਛਤਾਇਆ। ਹੁਣ ਦੋਵੇਂ ਭਾਈ ਰਲ ਕੇ ਰਹੋ।"

ਸੰਤੂ ਨੇ ਬਾਪ ਦੀ ਗੱਲ ਸੁਣੀ ਤੇ ਚੁੱਪ ਰਿਹਾ। ਸੱਤ ਸਾਲ ਦਿੱਲੀ ਦੱਖਣ ਗਾਹੁਣ ਪਿਛੋਂ ਉਹ ਸਿਆਣਾ ਹੋ ਗਿਆ ਸੀ। ਜ਼ਿੰਦਗੀ ਦੇ ਠੇਡੇ ਖਾ ਕੇ ਉਸ ਨੇ ਅਫ਼ੀਮ ਛੱਡ ਦਿੱਤੀ ਸੀ। ਗੱਲ੍ਹਾਂ ਭਰ ਗਈਆਂ ਸਨ ਤੇ ਤੋਰ ਵਿਚ ਗੱਭਰੂਆਂ ਵਾਲੀ ਮੜ੍ਹਕ ਸੀ। ਕਿਸੇ ਨੇ ਨਾ ਪੁੱਛਿਆ ਕਿ ਉਸ ਨੇ ਤੀਵੀਂ ਕਿਥੋਂ ਲਿਆਂਦੀ ਤੇ ਵਿਆਹ ਕਿਵੇਂ ਕਰਵਾਇਆ।

ਸੰਤੂ ਆਪਣੀ ਘਰਵਾਲੀ ਨੂੰ ਭਾਗੀ ਆਖ ਕੇ ਬੁਲਾਉਂਦਾ ਸੀ। ਸ਼ਾਇਦ ਇਸ ਲਈ ਕਿ ਉਹ ਭਾਗਾਂ ਵਾਲੀ ਸੀ, ਜਿਸ ਨੇ ਉਸ ਦੀ ਅਫ਼ੀਮ ਛੁਡਵਾ ਦਿੱਤੀ ਜਾਂ ਇਸ ਲਈ ਕਿ ਉਹ ਘਰੋਂ ਭੱਜ ਕੇ ਆਈ ਸੀ। ਇਹ ਨਾਂ ਉਸ ਦੇ ਚਰਿੱਤਰ ਉਤੇ ਢੁਕਦਾ ਸੀ।

ਇਤਨੇ ਸਾਲਾਂ ਪਿੱਛੋਂ ਵੀ ਸੰਤੂ ਦੇ ਦਿਲ ਵਿਚ ਆਪਣੇ ਵੱਡੇ ਭਰਾ ਦੇ ਵਿਰੁੱਧ ਰੜਕ ਬਾਕੀ ਸੀ।

ਪਿੰਡ ਵਾਲਿਆਂ ਅੱਗੇ ਇਹ ਸਾਬਤ ਕਰਨ ਲਈ ਕਿ ਹੁਣ ਉਹ ਸੰਤੂ ਅਮਲੀ ਨਹੀਂ ਸੀ ਰਿਹਾ, ਸਗੋਂ ਆਪਣੇ ਪੈਰਾਂ ਉਤੇ ਖੜਾ ਹੋਣ ਵਾਲਾ ਕਮਾਊ ਮਰਦ ਸੀ, ਉਸ ਨੇ ਆਪਣਾ ਅੱਧ ਮੰਗਿਆ।

ਹਰਨਾਮ ਸਿੰਘ ਨੂੰ ਦੋਵੇਂ ਪੁੱਤ ਬਰਾਬਰ ਸਨ ਤੇ ਦੋਵੇਂ ਨੂੰਹਾਂ ਇਕਸਾਰ। ਉਸ ਨੇ ਅੰਦਰਗਤੀ ਦੋਹਾਂ ਨੂੰ ਬਰਾਬਰ ਦੇ ਹਿੱਸੇ ਵੰਡ ਦਿੱਤੇ। ਖੁੱਲ੍ਹੇ ਵਿਹੜੇ ਵਿਚ ਕੱਚੀਆਂ ਇੱਟਾਂ ਦੀ ਨੀਵੀਂ ਕੰਧ ਕੱਢਵਾ ਦਿੱਤੀ। ਦੋ ਕੋਠੇ ਏਧਰ ਤੇ ਦੋ ਕੋਠੇ ਉਧਰ। ਇਕ ਲਵੇਰੀ ਮੱਝ ਸੰਤੂ ਦੇ ਹਿੱਸੇ ਆਈ। ਬਾਹਰਲਾ ਘਰ ਤੂੜੀ ਪਾਉਣ ਤੇ ਡੰਗਰ ਬੰਨ੍ਹਣ ਲਈ ਸਾਂਝਾ ਸੀ। ਇਥੇ ਹੀ ਬੁੱਢਾ ਬਾਪ ਆਪ ਰਹਿੰਦਾ ਸੀ। ਉਸ ਨੇ ਆਪਣੀ ਸਿਆਣਪ ਨਾਲ ਦੋਹਾਂ ਘਰਾਂ ਵਿਚ ਬਰਾਬਰ ਦਾ ਵਰਤਾਉ ਰਖਿਆ। ਜਿਸ ਚੁੱਲ੍ਹੇ ਉਤੇ ਮਰਜ਼ੀ ਆ ਬੈਠਦਾ, ਉਹੀ ਨੂੰਹ ਆਦਰ ਨਾਲ ਰੋਟੀ ਪਰੋਸ ਦੇਂਦੀ ਤੇ ਮੰਜੀ ਡਾਹ ਦਿੰਦੀ।

ਕੱਚੀ ਕੰਧ ਨਿਕਲਣ ਨਾਲ ਦੋਹਾਂ ਭਰਾਵਾਂ ਵਿਚ ਪੱਕੀ ਸਾਂਝ ਪੈ ਗਈ।

ਇਕ ਦਿਨ ਭਾਗੀ ਨੂੰ ਕਾਂਸੀ ਦੇ ਛੰਨੇ ਦੇ ਡਿੱਗਣ ਦੀ ਆਵਾਜ਼ ਆਈ। ਉਹ ਚੌਂਕ ਕੇ ਉਠੀ। ਇਹ ਬਿੱਲੀ ਨਹੀਂ ਸੀ, ਹਰਨਾਮ ਸਿੰਘ ਸੀ ਜੋ ਭਜਨੀ ਨਾਲ ਮੰਜੀ ਉਤੇ ਭੋਗ ਕਰ ਰਿਹਾ ਸੀ।

ਭਾਗੀ ਨੂੰ ਅੱਗ ਲਗ ਗਈ ਉਸ ਨੇ ਛੰਨਾ ਚੁੱਕਿਆ ਤੇ ਬਿੱਲੀ ਨੂੰ ਗਾਲ੍ਹਾਂ ਕੱਢਦੀ ਹੋਈ ਭਜਾ ਦਿੱਤਾ। ਨਾਲ ਹੀ ਭਜਨੀ ਨੂੰ ਚੋਂਦੀਆ-ਚੋਂਦੀਆ ਗਾਲ੍ਹਾਂ ਕੱਢਣ ਲੱਗੀ। ਭਜਨੀ ਨੇ ਨੀਵੀਂ ਪਾਈ ਰਖੀ।

ਉਸ ਰਾਤ ਪਿਛੋਂ ਦੋਵੇਂ ਦਰਾਣੀ ਜਠਾਣੀ ਇਕੱਠੀਆਂ ਰੋਟੀ ਪਕਾਉਣ ਲੱਗੀਆਂ। ਘਰ ਦਾ ਬੁੱਝਿਆ ਹੋਇਆ ਚੁੱਲ੍ਹਾ ਫਿਰ ਤੋਂ ਮਘਣ ਲਗਿਆ।

## 12
## ਭਾਖੜਾ ਡੈਮ

ਮੈਂ ਜਦੋਂ ਵੀ ਮਨਜੀਤ ਸਿੰਘ ਪਰਵਾਨਾ ਨੂੰ ਮਿਲਦਾ ਤਾਂ ਉਸ ਦੇ ਇਕ ਹੋਰ ਨਿਆਣਾ ਜੰਮ ਪਿਆ ਹੁੰਦਾ।

ਇਕ ਦਿਨ ਉਹ ਮੈਨੂੰ ਲੁਧਿਆਣੇ ਮਿਲਣ ਆਇਆ। ਅਸੀਂ ਇਕੱਠਿਆਂ ਬੀਅਰ ਪੀਤੀ ਤੇ ਰੋਟੀ ਖਾਧੀ। ਉਹ ਬੋਲਿਆ, "ਮੇਰੇ ਅੰਦਰ ਸ਼ੂਕਦਾ ਵੇਗ ਹੈ। ਕਾਮ ਵਾਸ਼ਨਾ ਦਾ ਹੜ੍ਹ। ਪੰਜ ਧੀਆਂ-ਪੁੱਤ ਹੋ ਗਏ ਹਨ ਅੱਠ ਸਾਲਾਂ ਵਿਚ। ਬਸ ਤੀਵੀਂ ਉਤੇ ਮੇਰਾ ਪਰਛਾਵਾਂ ਪਵੇ ਤੇ ਨਿਆਣਾ। ਮੈਂ ਤੰਗ ਆ ਗਿਆਂ। ਇਸ ਵੇਗ ਨੂੰ ਕੋਈ ਬੰਨ੍ਹ ਨਹੀਂ ਸਕਦਾ? ਭਾਖੜਾ ਡੈਮ ਨੇ ਸਹੁਰੇ ਸਤਲੁਜ ਨੂੰ ਨਹੀਂ ਬੰਨ੍ਹ ਰਖਿਆ?"

ਮੈਂ ਆਖਿਆ, "ਕਿਉਂ ਨਹੀਂ? ਇਹ ਤਾਂ ਦਸਾਂ ਮਿੰਟਾਂ ਦਾ ਕੰਮ ਹੈ।"

"ਕੀ ਮਤਲਬ।"

"ਅੱਜ ਕਲ੍ਹ ਤਾਂ ਸਰਕਾਰ ਨੇ ਵੀ ਐਲਾਨ ਕਰ ਰਖਿਆ ਹੈ—ਦੋ ਜਾਂ ਤਿੰਨ ਬੱਚੇ। ਪਿੰਡਾਂ ਦੀਆਂ ਕੰਧਾਂ ਉਤੇ ਪਾਥੀਆਂ ਦੀ ਥਾਂ ਇਹ ਨਾਅਰੇ ਥੱਪੇ ਪਏ ਨੇ।"

ਪਰਵਾਨਾ ਦਾੜ੍ਹੀ ਖੁਰਚ ਕੇ ਬੋਲਿਆ, "ਤੇਰਾ ਮਤਲਬ ਐ ਮੈਂ ਖੱਸੀ ਹੋ ਜਾਵਾਂ?"

ਮੈਂ ਉੱਤਰ ਦਿੱਤਾ, "ਤੈਨੂੰ ਇਹ ਭੁਲੇਖਾ ਕਿਸ ਨੇ ਪਾ ਦਿੱਤਾ? ਡਾਕਟਰੀ ਨੇ ਇਤਨੀ ਤਰੱਕੀ ਕਰ ਲਈ ਹੈ ਕਿ ਬੰਦੇ ਦਾ ਕੁਝ ਨਹੀਂ ਵਿਗੜਦਾ ਤੇ ਨਿਆਣੇ ਬੰਦ।"

ਉਸ ਨੂੰ ਸਮਝਾਇਆ ਕਿ ਇਹ ਨਿੱਕਾ ਜਿਹਾ ਔਪਰੇਸ਼ਨ ਹੈ। ਔਪਰੇਸ਼ਨ ਵੀ ਕਾਹਦਾ ਬਸ...ਐਵੇਂ...ਸਮਝੋ ਨਹੁੰ ਲਾਹੁਣ ਵਾਲੀ ਗੱਲ ਹੈ। ਸਾਰੇ ਲੋਕੀਂ ਕਰਵਾ ਰਹੇ ਹਨ। ਇਸ ਨਾਲ ਆਦਮੀ ਉਸੇ ਤਰ੍ਹਾਂ ਸ਼ਕਤੀਸ਼ਾਲੀ ਮਰਦ ਰਹਿੰਦਾ ਹੈ।

ਪਰਵਾਨਾ ਬੋਲਿਆ, "ਫਿਰ ਮੈਨੂੰ ਕਿਸੇ ਡਾਕਟਰ ਕੋਲ ਲੈ ਚੱਲ।"

ਮੈਂ ਉਸ ਨੂੰ ਡਾਕਟਰ ਕੰਵਰ ਲਾਲ ਕੋਲ ਲੈ ਗਿਆ।

ਪਰਵਾਨੇ ਨੇ ਸੁਆਲ ਕੀਤਾ, "ਡਾਕਟਰ ਸਾਹਿਬ ਕੋਈ ਖ਼ਤਰਾ ਤਾਂ ਨਹੀਂ ?"

ਮੈਂ ਡਾਕਟਰ ਨੂੰ ਆਪਣੇ ਮਿੱਤਰ ਦੇ ਕਵੀ ਹੋਣ ਬਾਰੇ ਦੱਸਿਆ । ਭਾਵੇਂ ਲੁਧਿਆਣੇ ਦੇ ਲਾਗੇ ਨਿੱਕੇ ਜਿਹੇ ਪਿੰਡ ਵਿਚ ਰਹਿੰਦਾ ਹੈ, ਪਰ ਇਸ ਦੀ ਕਵਿਤਾ ਦਾ ਚਰਚਾ ਰੂਸ ਵਿਚ ਵੀ ਹੈ ।

ਜਦੋਂ ਮੈਂ ਇਹ ਦੱਸਿਆ ਤਾਂ ਪਰਵਾਨੇ ਦੀ ਨਿੱਕੀ ਗਰਦਨ ਤਣ ਗਈ । ਉਸ ਨੂੰ ਆਪਣੇ ਕਵੀ ਹੋਣ ਦਾ ਫ਼ਖ਼ਰ ਸੀ । ਭੁੱਖਾ ਰਹਿ ਕੇ ਵੀ ਉਸ ਨੇ ਕਵਿਤਾ ਰਚਣ ਤੇ ਇਸ ਵਿਚੋਂ ਰੋਟੀ ਖਾਣ ਦਾ ਜਤਨ ਕੀਤਾ । ਨੌਕਰੀਆਂ ਨੂੰ ਲੱਤ ਮਾਰੀ । ਬਸ ਇਸੇ ਕਰਕੇ ਪਿੰਡ ਵਿਚ ਉਸ ਦੀ ਇੱਜ਼ਤ ਸੀ ਤੇ ਦੋਸਤ ਉਸ ਨੂੰ ਪਿਆਰ ਕਰਦੇ ਸਨ ।

ਪਰਵਾਨੇ ਦਾ ਬਾਪ ਤਰਖਾਣ ਸੀ ਤੇ ਗੱਡੇ ਦੀ ਜੋੜੀ ਬਣਾਉਣ ਦਾ ਮਾਹਿਰ । ਪਹੀਏ ਦੀਆਂ ਪੁੱਠੀਆਂ ਘੜਨ ਤੇ ਗਜ਼ ਤੇ ਨਾਭ ਜੜਨ ਦਾ ਉਸਤਾਦ । ਪਰ ਪਰਵਾਨੇ ਨੇ ਜੱਦੀ ਕਿੱਤਾ ਛੱਡ ਕੇ ਕਵਿਤਾ ਵਿਚ ਨਾਂ ਖੱਟਿਆ । ਉਹ ਕਈ ਵਾਰ ਆਖਦਾ, "ਮੇਰੇ ਕੋਲ ਨਾਂ ਏ, ਨਾਵਾਂ ਨਹੀਂ । ਪਰ ਇਹ ਨਾਂ ਹੀ ਨਾਂ ਏ । ਇਕ ਵਾਰੀ ਮੈਂ ਬਾਜ਼ਾਰ ਵਿਚ ਖੜਾ ਸੀ ਤੇ ਇਕ ਧਨਾਢ ਲੀਡਰ ਨੇ ਸੰਤਰਿਆਂ ਤੇ ਕੇਲਿਆਂ ਦਾ ਟੋਕਰਾ ਪੇਸ਼ ਕੀਤਾ, ਬੱਚਿਆਂ ਲਈ । ਕਈ ਵਾਰੀ ਰਿਕਸ਼ੇ ਵਾਲਿਆਂ ਨੇ ਮੇਰੀ ਕਵਿਤਾ ਸੁਣੀ ਹੁੰਦੀ ਹੈ ਤੇ ਮੈਥੋਂ ਕਿਰਾਇਆ ਲੈਣ ਲਈ ਇਨਕਾਰ ਕਰ ਦਿੰਦੇ ਹਨ । ਪਿੰਡ ਦਾ ਹਕੀਮ ਵੀ ਮੇਰੇ ਟੱਬਰ ਦਾ ਇਲਾਜ ਮੁਫ਼ਤ ਹੀ ਕਰਦਾ ਹੈ । ਬਲਕਿ ਫ਼ਖ਼ਰ ਮਹਿਸੂਸ ਕਰਦਾ ਹੈ ।"

ਮੈਂ ਪਰਵਾਨਾ ਨੂੰ ਡਾਕਟਰ ਕੋਲ ਛੱਡ ਕੇ ਮੁੜ ਆਇਆ ।

ਇਕ ਮਹੀਨਾ ਪਿੱਛੋਂ ਉਹ ਮੈਨੂੰ ਮਿਲਿਆ ਤਾਂ ਉਸ ਦਾ ਚਿਹਰਾ ਉਤਰਿਆ ਹੋਇਆ ਸੀ । ਅਸੀਂ ਚਾਹ ਦੀ ਇਕ ਨਿੱਕੀ ਜਿਹੀ ਦੁਕਾਨ ਵਿਚ ਦਾਖ਼ਲ ਹੋਏ ਤੇ ਚਾਹ ਦਾ ਆਰਡਰ ਦਿੱਤਾ ।

ਪਰਵਾਨੇ ਨੇ ਘੁੱਟ ਭਰਿਆ ਤੇ ਬੋਲਿਆ, "ਤੇਰੀ ਗੱਲ ਠੀਕ ਸੀ । ਮੈਂ ਐਵੇਂ ਡਰਦਾ ਸਾਂ । ਰਤਾ ਵੀ ਫ਼ਰਕ ਨਹੀਂ ਪਿਆ । ਮੈਂ ਆਪਣੀ ਬੀਵੀ ਨੂੰ ਕਹਿ ਦਿੱਤਾ ਕਿ ਕਿਸੇ ਹੋਰ ਕੋਲ ਇਹ ਗੱਲ ਨਾ ਕਰੇ । ਪਰ ਗੱਲ ਛੁਪੀ ਕਿੱਥੇ ਰਹਿੰਦੀ ਹੈ । ਭਜਨੋ ਨਾਇਣ ਨੂੰ ਪਤਾ ਲੱਗ ਗਿਆ ਤੇ ਉਸ ਹਰਾਮਜ਼ਾਦੀ ਨੇ ਤਰਖਾਣਾਂ ਦੀ ਜੰਗੀਰ ਨੂੰ ਜਾ ਦੱਸਿਆ । ਫਿਰ ਬੁੱਢੇ ਲਫਟੈਨ ਦੀ ਦੂਜੀ ਬੀਵੀ ਬੰਸੋ ਨੂੰ ਵੀ ਭਿਣਕ ਪੈ ਗਈ । ਹੁਣ ਪਿੰਡ ਦੀਆਂ ਸਾਰੀਆਂ ਤੀਵੀਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ । ਮੈਂ ਪੱਟਿਆ ਗਿਆ ।"

ਮੈਂ ਪੁੱਛਿਆ, "ਕਿਉਂ ?"

"ਕਿਸੇ ਤੀਵੀਂ ਨੇ ਹੁਣ ਮੇਰੇ ਨੇੜੇ ਨਹੀਂ ਲਗਣਾ । ਕਵਿਤਾ ਕੀ ਖ਼ਾਕ ਲਿਖੂੰ ? ਕਿਸੇ ਨੇ ਹੁਣ ਮੈਨੂੰ ਇਸ਼ਕ ਨਹੀਂ ਕਰਨਾ ।"

"ਪਹਿਲਾਂ ਕਿਹੜਾ ਡੇਰੇ ਯੂਸਫ਼ ਪਿੱਛੇ ਕੁੜੀਆਂ ਦੇ ਵੱਗ ਫਿਰਦੇ ਸਨ ।"

ਉਸ ਨੇ ਘੂਰੀ ਵੱਟੀ । ਬੋਲਿਆ, "ਨਾਈਆਂ ਦੀ ਭਜਨੋ ਮਸਾਂ ਨੇੜੇ-ਨੇੜੇ ਢੁੱਕਣ ਲੱਗੀ ਸੀ । ਤੇ ਤੈਨੂੰ ਬੰਸੋ ਦਾ ਤਾਂ ਪਤਾ ਹੀ ਹੈ ਕਿ ਤਿੰਨ ਸਾਲ ਤੋਂ ਗੱਲ ਤੁਰੀ ਆਉਂਦੀ ਹੈ । ਸਭ ਕੁਝ ਤਬਾਹ ਹੋ ਗਿਆ ।"



ਇਹ ਆਖ ਕੇ ਉਸ ਨੇ ਚਾਹ ਦਾ ਪਿਆਲਾ ਰਖ ਦਿੱਤਾ ਤੇ ਸਿਰ ਸੁੱਟ ਕੇ ਬੈਠ ਗਿਆ ।

ਮੈਨੂੰ ਭਜਨੋ ਤੇ ਬੰਸੋ ਦੇ ਇਸ਼ਕ ਦਾ ਕਿੱਸਾ ਪਰਵਾਨਾ ਕਈ ਵਾਰ ਸੁਣਾ ਚੁੱਕਾ ਸੀ । ਉਸ ਨੂੰ ਇਨ੍ਹਾਂ ਦੋਹਾਂ ਨਾਲ ਪ੍ਰੇਮ ਸੀ । ਉਸ ਦੇ ਦਿਲ ਵਿਚ ਅੱਗ ਮਘਦੀ, ਸਰੀਰ ਵਿਚ ਚੰਗਿਆੜੇ ਛੁਟਦੇ, ਪਰ ਉਹ ਦੋਹਾਂ ਨੂੰ ਕਦੇ ਵੱਸ ਵਿਚ ਨਹੀਂ ਸੀ ਕਰ ਸਕਿਆ । ਉਸ ਨੇ ਬੰਸੋ ਉੱਤੇ ਕਵਿਤਾਵਾਂ ਲਿਖੀਆਂ ਤੇ ਰਸਾਲਿਆਂ ਵਿਚ ਛਪਵਾਈਆਂ । ਜਦੋਂ ਲਫਟੈਨ ਬਾਹਰ ਗਿਆ ਹੁੰਦਾ ਤਾਂ ਪਰਵਾਨਾ ਨਵੀਂ ਪੱਗ ਬੰਨ੍ਹ ਕੇ ਉਸ ਦੇ ਘਰ ਜਾਂਦਾ । ਬੰਸੋ ਸੁਰਮਾ ਪਾ ਕੇ ਵਿਹੜੇ ਵਿਚ ਪਰਵਾਨੇ ਨੂੰ ਪੀੜ੍ਹੀ ਡਾਹ ਦਿੰਦੀ, ਚਾਹ ਪਲਾਉਂਦੀ ਕਵਿਤਾ ਸੁਣਦੀ ਤੇ ਹੱਸਦੀ । ਉਸ ਦੀਆਂ ਗੱਲ੍ਹਾਂ ਵਿਚ ਸਿੱਪੀਆਂ ਪੈ ਜਾਂਦੀਆਂ ਤੇ ਕੰਨਾਂ ਵਿਚ ਪਾਈਆਂ ਡੰਡੀਆਂ ਹਿਲਦੀਆਂ । ਇਤਨੇ ਨੂੰ ਗਲੀ ਵਿਚ ਕਿਸੇ ਦੀ ਬਿੜਕ ਹੁੰਦੀ ਤੇ ਬੰਸੋ ਆਖਦੀ, "ਇਹ ਰਸਾਲਾ ਇਥੇ ਛੱਡ ਜਾ, ਪੜ੍ਹ ਕੇ ਦਿਊਂਗੀ ।"

ਇਕ ਵਾਰ ਬੰਸੋ ਉਸ ਲਈ ਮੱਠੀਆਂ ਲੈਣ ਅੰਦਰ ਕੋਠੇ ਵਿਚ ਗਈ ਤਾਂ ਪਰਵਾਨਾ ਇਸ ਨੂੰ ਇਸ਼ਾਰਾ ਸਮਝ ਕੇ ਪੋਲੇ ਪੈਰੀਂ ਉਸ ਦੇ ਪਿੱਛੇ ਗਿਆ । ਪਰ ਬੰਸੋ ਨੇ ਉਸੇ ਵੇਲੇ ਮੁੜ ਕੇ ਕਿਹਾ, "ਦਰਵਾਜ਼ਾ ਖੁੱਲ੍ਹਾ ਐ, ਉਥੇ ਹੀ ਵਿਹੜੇ ਵਿਚ ਬੈਠ ਮੈਂ ਹੁਣੇ ਆਈ ।" ਪਰਵਾਨੇ ਦੀਆਂ ਮਿਥੀਆਂ ਮਨ ਵਿਚ ਹੀ ਰਹਿ ਗਈਆਂ ।

ਇਸੇ ਤਰ੍ਹਾਂ ਭਜਨੋ ਦਾ ਕਿੱਸਾ ਸੀ । ਨਾਈਆਂ ਦੀ ਇਹ ਕੁੜੀ ਉਸ ਦੇ ਦੇਖਦਿਆਂ-ਦੇਖਦਿਆਂ ਜੁਆਨ ਹੋਈ । ਹੁਣ ਤਿੰਨ ਸਾਲਾਂ ਤੋਂ ਪਿੰਡ ਵਿਚ ਮਘਦੀ ਫਿਰਦੀ ਸੀ । ਪਰਵਾਨੇ ਦੇ ਘਰ ਭਜਨੋ ਆਉਂਦੀ ਤਾਂ ਉਸ ਦਾ ਦਿਲ ਲੂਹਿਆ ਜਾਂਦਾ । ਇਕ ਵਾਰੀ ਸਾਈ ਲਾ ਕੇ ਭਜਨੋ ਡੰਗਰਾਂ ਦੇ ਵਾੜੇ ਵਿਚ ਆਈ । ਪਰਵਾਨੇ ਨੇ ਉਸ ਦੀ ਬਾਂਹ ਫੜ ਲਈ, ਪਰ ਭਜਨੋ ਪਤਾ ਨਹੀਂ ਕਿਉਂ ਬਾਂਹ ਛੁਡਾ ਕੇ ਦੌੜ ਗਈ । ਪਰਵਾਨੇ ਨੇ ਇਸ ਘਟਨਾ ਨੂੰ ਜਾਗੀਰਦਾਰੀ ਸਮਾਜ ਦੀਆਂ ਮਜਬੂਰੀਆਂ ਦੇ ਸਿਰ ਮੜ੍ਹ ਦਿੱਤਾ ਤੇ ਦੋ ਇਨਕਲਾਬੀ ਨਜ਼ਮਾਂ ਲਿਖੀਆਂ ।

ਜਦੋਂ ਮੈਂ ਹੁਣ ਚਾਹ ਦੀ ਦੁਕਾਨ ਵਿਚ ਪਰਵਾਨੇ ਨੂੰ ਸਿਰ ਸੁੱਟੀ ਬੈਠਾ ਦੇਖਿਆ ਤਾਂ ਅਫ਼ਸੋਸ ਹੋਇਆ । ਵਾਕਈ ਇਹ ਔਪਰੇਸ਼ਨ ਕੁਵੇਲੇ ਹੋਇਆ ਸੀ । ਤੇ ਪਿੰਡ ਦੀਆਂ ਤੀਵੀਆਂ ਵਿਚ ਇਸ ਦੀ ਚਰਚਾ ਹੋਰ ਵੀ ਮਾੜੀ ਸੀ । ਪਰਵਾਨੇ ਨੇ ਸਿਰ ਚੁੱਕਿਆ ਤੇ ਬੋਲਿਆ, "ਹੁਣ ਸਭ ਤੀਵੀਆਂ ਇਹੋ ਸੋਚਦੀਆਂ ਹੋਣਗੀਆਂ ਕਿ ਮੈਂ ਨਾਮਰਦ ਹਾਂ। ਬਕਵਾਸ ਹਾਂ । ਬਿਲਕੁਲ ਘਟੀਆ । ਹੁਣ ਮੇਰੇ ਨੇੜੇ ਕਿਸ ਲਗਣਾ ਹੈ ।"

ਉਹ ਕਿਸ ਤਰ੍ਹਾਂ ਤੀਵੀਆਂ ਨੂੰ ਦੱਸ ਸਕਦਾ ਸੀ ਕਿ ਉਸ ਵਿਚ ਕੋਈ ਫ਼ਰਕ ਨਹੀਂ । ਆਪਣੇ ਅੰਦਰ ਉਹ ਉਤਨੀ ਹੀ ਸ਼ਕਤੀ ਮਹਿਸੂਸ ਕਰਦਾ ਸੀ । ਜਜ਼ਬਿਆਂ ਦੀ ਉਤਨੀ ਹੀ ਖਿੱਚੋਤਾਣ । ਵੇਗ ਦੀ ਉਤਨੀ ਹੀ ਮਜ਼ਬੂਤੀ ਤੇ ਤੀਬਰਤਾ । ਪਰ ਨਾਮਰਦ ਹੋਣ ਦੀ ਗੱਲ ਉੱਡ ਗਈ ਸੀ ।

ਮੈਂ ਉਸ ਨੂੰ ਫਿਰ ਧੀਰਜ ਦਿੱਤਾ । ਉਹ ਖਿੱਝ ਕੇ ਬੋਲਿਆ, "ਬਕਵਾਸ ਨਾ ਕਰ ! ਸਭ ਤੇਰੀ ਸ਼ਰਾਰਤ ਹੈ । ਤੂੰ ਹਮੇਸ਼ਾ ਲਈ ਮੇਰਾ ਬੇੜਾ ਗ਼ਰਕ ਕਰ ਦਿੱਤਾ ਹੈ । ਜੀ ਕਰਦਾ ਫਾਹਾ ਲੈ ਲਵਾਂ । ਮੇਰੇ ਜੀਣ ਦਾ ਕੋਈ ਹੱਜ ਨਹੀਂ ।"

ਮੈਂ ਪੁੱਛਿਆ, "ਭਾਬੀ ਦਾ ਕੀ ਹਾਲ ਹੈ ?" ਉਸ ਦੇ ਮੱਥੇ ਦੀ ਤਿਊੜੀ ਖੁੱਲ੍ਹੀ

ਤੇ ਪਹਿਲੀ ਵਾਰ ਅੱਖਾਂ ਵਿਚ ਰਤਾ ਕੁ ਚਮਕ ਆਈ। ਬੋਲਿਆ, "ਉਹ ਤਾਂ ਠੀਕ ਹੈ। ਬਸ ਉਸੇ ਨੂੰ ਫਾਇਦਾ ਹੋਇਆ।"

ਅਸੀਂ ਦੋ-ਚਾਰ ਗੱਲਾਂ ਹੋਰ ਕੀਤੀਆਂ ਤੇ ਉਹ ਚਲਾ ਗਿਆ। ਕਈ ਮਹੀਨੇ ਲੰਘ ਗਏ ਪਰਵਾਨਾ ਮੈਨੂੰ ਨਾ ਮਿਲਿਆ। ਮੈਂ ਦਿੱਲੀ ਇਕ ਕਾਨਫ਼ਰੰਸ ਤੇ ਗਿਆ ਸਾਂ। ਵਾਪਸ ਮੁੜਿਆ ਤਾਂ ਪਤਾ ਲੱਗਾ ਕਿ ਪਰਵਾਨਾ ਦੋ ਵਾਰੀ ਮੇਰੇ ਘਰ ਆ ਕੇ ਮੁੜ ਗਿਆ ਸੀ। ਮੈਂ ਆਪਣੀ ਬੀਵੀ ਨੂੰ ਪੁੱਛਿਆ, "ਕੋਈ ਖ਼ਾਸ ਕੰਮ ਸੀ?" ਉਸ ਨੇ ਉੱਤਰ ਦਿੱਤਾ ਕਿ ਸਿਰਫ਼ ਮਿਲਣ ਲਈ ਬਿਹਬਲ ਸੀ।

ਐਤਵਾਰ ਨੂੰ ਮੈਂ ਹਾਲੇ ਮੰਜੇ ਉਤੇ ਬੈਠਾ ਚਾਹ ਹੀ ਪੀ ਰਿਹਾ ਸਾਂ ਕਿ ਪਰਵਾਨੇ ਨੇ ਜ਼ੋਰ-ਜ਼ੋਰ ਦੀ ਬੂਹਾ ਖੜਕਾਇਆ ਤੇ ਫਿਰ ਅੰਦਰ ਸਿੱਧਾ ਮੇਰੇ ਕਮਰੇ ਵਿਚ ਆ ਗਿਆ। ਉਸ ਨੇ ਲਾਲ ਟਾਈ ਲਾਈ ਹੋਈ ਸੀ।

ਮੈਂ ਪੁੱਛਿਆ, "ਸੁਣਾ ਕੀ ਹਾਲ ਹੈ?"

ਬੋਲਿਆ, "ਦਿਸਦਾ ਨਹੀਂ?" ਉਸ ਨੇ ਲਾਲ ਟਾਈ ਵੱਲ ਇਸ਼ਾਰਾ ਕੀਤਾ। "ਦੁਨੀਆਂ ਜਿੱਤ ਲਈ।"

ਉਸ ਦਾ ਚਿਹਰਾ ਖ਼ੁਸ਼ੀ ਨਾਲ ਤਿਲਮਿਲਾ ਰਿਹਾ ਸੀ। ਉਸ ਦੀਆਂ ਵਰਾਛਾਂ ਵਿਚੋਂ ਹਾਸਾ ਡੁੱਲ੍ਹ ਰਿਹਾ ਸੀ।

ਮੈਂ ਉਸ ਨੂੰ ਮੰਜੀ ਉਤੇ ਬਿਠਾਇਆ, ਚਾਹ ਪਿਲਾਈ ਤੇ ਗੱਲ ਪੁੱਛੀ। ਉਹ ਬੋਲਿਆ, "ਕਮਾਲ ਹੋ ਗਿਆ। ਸਾਲੀ ਤੀਵੀਂ ਦੇ ਮਨ ਦਾ ਕੀ ਪਤਾ ਹੁੰਦੈ। ਜਿਸ ਗੱਲ ਦਾ ਅਸੀਂ ਮਾਣ ਨਾਲ ਦਾਅਵਾ ਕਰਦੇ ਹਾਂ ਉਸ ਤੋਂ ਉਹ ਡਰਦੀ ਹੈ, ਜਿਸ ਗੱਲ ਤੋਂ ਅਸੀਂ ਡਰਦੇ ਹਾਂ ਉਸ ਨੂੰ ਮਾਣ ਨਾਲ ਸਵੀਕਾਰ ਕਰਦੀ ਹੈ। ਅਜੀਬ ਚੱਕਰ ਹੈ।"

ਮੈਂ ਪੁੱਛਿਆ, "ਗੱਲ ਕੀ ਹੈ?" ਉਹ ਹੱਸਿਆ। ਫਿਰ ਮੁਸ਼ਕਲ ਨਾਲ ਹਾਸਾ ਰੋਕ ਕੇ ਬੋਲਿਆ, "ਤੈਨੂੰ ਦੱਸਿਆ ਤਾਂ ਹੈ ਦੁਨੀਆਂ ਜਿੱਤ ਲਈ! ਲੈ ਸੁਣ। ਬੰਸੋ ਤਿੰਨ ਸਾਲਾਂ ਤੋਂ ਫ਼ੈਸਲਾ ਨਹੀਂ ਸੀ ਕਰਦੀ। ਸਬਾਤ ਨਹੀਂ ਸੀ ਟੱਪਣ ਦੇਂਦੀ। ਜਦੋਂ ਪਤਾ ਲੱਗਾ ਕਿ ਭਾਖੜਾ ਡੈਮ ਨੇ ਸਤਲੁਜ ਦੇ ਪਾਣੀ ਬੰਨ੍ਹ ਲਏ ਹਨ ਤਾਂ ਉਹ ਬੇ-ਖ਼ਬਰ ਹੋ ਗਈ। ਸਭ ਡਰ ਮੁੱਕ ਗਏ। ਹੁਣ ਜਦੋਂ ਵੀ ਲਫਟੈਨ ਸਾਹਿਬ ਬਾਹਰ ਜਾਂਦੇ ਨੇ ਮੈਂ ਬੰਸੋ ਕੋਲ ਹੁੰਦਾ ਹਾਂ। ਨਾਈਆਂ ਦੀ ਕੁੜੀ ਵੀ ਵਾੜੇ ਵਿਚ ਮਿਲਦੀ ਹੈ। ਅਜੀਬ ਨਸ਼ਾ ਹੈ। ਤੀਵੀਆਂ ਦੀ ਆਪਣੀ ਹੀ ਇਕ ਖ਼ੁਫ਼ੀਆ ਸਾਂਝ ਹੁੰਦੀ ਹੈ। ਸਭ ਨੂੰ ਪਤਾ ਲਗ ਗਿਆ ਕਿ ਮੈਥੋਂ ਕੋਈ ਖ਼ਤਰਾ ਨਹੀਂ। ਇਸ ਨਿਡਰਤਾ ਨੇ ਸਾਰੇ ਅਧੂਰੇ ਇਸ਼ਕ ਪੂਰੇ ਕਰ ਦਿੱਤੇ।" ਇਹ ਦੱਸ ਕੇ ਪਰਵਾਨੇ ਦੀ ਨਿੱਕੀ ਗਰਦਨ ਲੰਮੀ ਹੋ ਗਈ ਤੇ ਉਸ ਦਾ ਚਿਹਰਾ ਜਿੱਤ ਦੀ ਖ਼ੁਸ਼ੀ ਨਾਲ ਚਮਕਣ ਲੱਗਾ।

## 13

# ਪੀਲੇ ਲੱਡੂ

ਪੂਰੋ ਖੇਤ ਜਾਣ ਲੱਗੀ ਤਾਂ ਉਸ ਨੇ ਜੰਗੀਰ ਨੂੰ ਆਖਿਆ, "ਮੇਰੇ ਨਾਲ ਚਲੇਂਗਾ? ਲੱਡੂ ਦਊਂਗੀ ਖਾਣ ਨੂੰ।"

ਜੰਗੀਰ ਗਲੀ ਵਿਚ ਰੀਠੇ ਖੇਡ ਰਿਹਾ ਸੀ। ਰੀਠੇ ਹੂੰਝ ਕੇ ਖ਼ੀਸੇ ਵਿਚ ਪਾਏ ਤੇ ਪੂਰੋ ਨਾਲ ਤੁਰ ਪਿਆ।

ਪੂਰੋ ਜੱਟਾਂ ਦੀ ਜੁਆਨ ਕੁੜੀ ਸੀ ਜੋ ਗਿੱਧਾ ਪਾਉਣ ਤੇ ਪੀਂਘ ਝੂਟਣ ਵਿਚ ਸਭ ਤੋਂ ਅੱਗੇ ਸੀ। ਪਾਣੀ ਦੇ ਤਿੰਨ-ਤਿੰਨ ਘੜੇ ਸਿਰ ਤੇ ਚੁੱਕ ਕੇ ਖੂਹ ਤੋਂ ਆਉਂਦੀ। ਲੰਮੀ-ਝੰਮੀ ਪੂਰੋ ਨੂੰ ਮਜਾਲ ਹੈ ਕੋਈ ਖੰਘ ਵੀ ਜਾਂਦਾ। ਇਕ ਵਾਰ ਤੀਆਂ ਦੇ ਮੇਲੇ ਵਿਚੋਂ ਆਉਂਦੀ ਨੂੰ ਕਿਸੇ ਨੇ ਖੰਘੂਰਾ ਮਾਰਿਆ ਤਾਂ ਪੂਰੋ ਨੇ ਅੱਗੇ ਵੱਧ ਕੇ ਉਸ ਦੇ ਚੰਡ ਕੱਢ ਮਾਰੀ ਤਦ ਉਹ ਮਸਾਂ ਸਤਾਰਾਂ ਸਾਲ ਦੀ ਸੀ।

ਜੰਗੀਰ ਉਸ ਦੇ ਨਾਲ ਖੇਤ ਤੁਰ ਪਿਆ। ਪੂਰੋ ਦੇ ਸਿਰ ਉਤੇ ਰੋਟੀਆਂ ਦੀ ਥਹੀ ਤੇ ਲੱਸੀ ਦੀ ਬਲ੍ਹਣੀ ਸੀ। ਆਪਣੇ ਬਾਪੂ ਨੂੰ ਭੱਤਾ ਦੇਣ ਜਾਂਦਿਆਂ ਉਸ ਨੂੰ ਕਿਸੇ ਦੇ ਸਾਥ ਦੀ ਲੋੜ ਸੀ। ਜੰਗੀਰ ਭਾਵੇਂ ਦਸ ਸਾਲ ਦਾ ਸੀ ਪਰ ਪੂਰੋ ਲਈ ਇਕ ਸਮਾਜਕ ਸਹਾਰਾ ਸੀ, ਉਸ ਦੀ ਰੱਖਿਆ ਲਈ ਇਕ ਛਾਂ।

ਜਦੋਂ ਉਹ ਦੋਵੇਂ ਚਰ੍ਹੀਆਂ ਦੇ ਖੇਤ ਵਿਚੋਂ ਲੰਘਣ ਲੱਗੇ ਤਾਂ ਅੱਗੇ ਪਾਣੀ ਦਾ ਭਰਿਆ ਵੱਡਾ ਖਾਲ ਵਗ ਰਿਹਾ ਸੀ। ਜੰਗੀਰਾ ਖੜਾ ਹੋ ਗਿਆ ਤੇ ਆਖਿਆ, "ਮੈਂ ਨਹੀਂ ਜਾਣਾ ਅੱਗੇ।"

ਪੂਰੋ ਨੇ ਆਪਣੀ ਸਲਵਾਰ ਉੜੁੰਗ ਕੇ ਗੋਡਿਆਂ ਤੋਂ ਉਪਰ ਤੀਕ ਚੜ੍ਹਾਈ ਤੇ ਆਖਿਆ, "ਚੜ੍ਹ ਮੇਰੇ ਕੰਧਾੜੇ। ਮੈਂ ਅਜਿਹੇ ਕਈ ਖਾਲ ਟੱਪੇ ਨੇ।"

ਜੰਗੀਰ ਉਸ ਦੇ ਕੰਧਾੜੇ ਚੜ੍ਹ ਗਿਆ। ਪੂਰੋ ਨੇ ਖੱਬਾ ਹੱਥ ਪਿੱਠ ਪਿੱਛੇ ਕਰਕੇ ਉਸ ਨੂੰ ਸਹਾਰਾ ਦਿੱਤਾ, ਸੱਜੇ ਹੱਥ ਨਾਲ ਰੋਟੀਆਂ ਦੀ ਥਹੀ ਤੇ ਲੱਸੀ ਦੀ ਬਲ੍ਹਣੀ

ਸਾਂਭੀ ਤੇ ਵਗਦੇ ਖਾਲ ਵਿਚ ਉਤਰ ਗਈ । ਜਦੋਂ ਜੰਗੀਰ ਖਿਸਕ ਕੇ ਲਮਕਣ ਲੱਗਿਆ ਤਾਂ ਪੂਰੋ ਨੇ ਹੰਭਲਾ ਮਾਰ ਕੇ ਫਿਰ ਉਸ ਨੂੰ ਉਪਰ ਕਰ ਲਿਆ ਤੇ ਉਹ ਉਸ ਦੇ ਮੋਢਿਆਂ ਉਤੋਂ ਦੀ ਉਲਰ ਆਇਆ । ਜੰਗੀਰ ਨੂੰ ਪੂਰੋ ਦੀ ਭਿੱਜੀ ਗਰਦਨ ਤੇ ਗੁੰਦਵੇਂ ਸਰੀਰ ਦੀ ਬਾਸ ਆਈ ਜਿਵੇਂ ਚਰ੍ਹੀਆਂ ਵਿਚੋਂ ਆਉਂਦੀ ਹੈ ।

ਖਾਲ ਟੱਪ ਕੇ ਉਸ ਨੇ ਜੰਗੀਰ ਨੂੰ ਉਤਾਰਿਆ ਤਾਂ ਉਹ ਉਸ ਦੀ ਪਿੱਠ ਉਪਰੋਂ ਘਿਸਰਦਾ ਹੋਇਆ ਹੇਠਾਂ ਆ ਲੱਥਾ । ਪੂਰੋ ਦੀ ਸਲਵਾਰ ਦੇ ਪਹੁੰਚੇ ਭਿੱਜ ਗਏ ਸਨ ਤੇ ਨੰਗੀਆਂ ਲੱਤਾਂ ਉਪਰੋਂ ਦੀ ਪਾਣੀ ਚੋ ਰਿਹਾ ਸੀ । ਉਸ ਨੇ ਸਲਵਾਰ ਖਿੱਚ ਕੇ ਠੀਕ ਕੀਤੀ ਤੇ ਜੰਗੀਰ ਵਲ ਦੇਖ ਕੇ ਬੋਲੀ, "ਬੜਾ ਭਾਰਾ ਏਂ ਤੂੰ ।"

ਪੂਰੋ ਨੂੰ ਸਾਹ ਚੜ੍ਹਿਆ ਹੋਇਆ ਸੀ । ਇਹ ਸਾਹ ਇਸ ਤਰ੍ਹਾਂ ਨਹੀਂ ਸੀ ਜਿਵੇਂ ਉਹ ਦੌੜ ਕੇ ਆਈ ਹੋਵੇ । ਇਹ ਗਰਮ-ਗਰਮ ਸ਼ਕਤੀਸ਼ਾਲੀ ਸਾਹ ਸੀ, ਜਿਉਂ ਰੇਤੇ ਦੀ ਲੂ ਹੁੰਦੀ ਹੈ ਜੋ ਵਾਵਰੋਲਾ ਬਣਨ ਲਈ ਕੰਬ ਰਹੀ ਹੋਵੇ । ਉਸ ਦੀਆਂ ਅੱਖਾਂ ਵਿਚ ਸੇਕ ਸੀ । ਉਹ ਪੱਬਾਂ ਭਾਰ ਬੈਠ ਗਈ ਤੇ ਜੰਗੀਰ ਨੂੰ ਫੜ ਕੇ ਬੋਲੀ, "ਬੜਾ ਭਾਰਾ ਏਂ ਤੂੰ । ਲਿਆ ਤੇਰੀਆਂ ਗੱਲ੍ਹਾਂ ਪੱਟਾਂ ।"

ਉਸ ਨੇ ਜੰਗੀਰ ਨੂੰ ਛਾਤੀ ਨਾਲ ਲਾ ਕੇ ਘੁੱਟ ਲਿਆ ਤੇ ਉਸ ਦੀਆਂ ਗੱਲ੍ਹਾਂ ਪੱਟਣ ਲੱਗੀ । ਉਹ ਰੋ ਪਿਆ ।

ਉਹ ਬੋਲੀ, "ਤੂੰ ਇਸੇ ਲਾਇਕ ਏਂ ਕਿ ਤੇਰੀਆਂ ਗੱਲ੍ਹਾਂ ਪੱਟੀਆਂ ਜਾਣ ।"

ਉਸ ਦੀਆਂ ਗੱਲ੍ਹਾਂ ਉਤੇ ਲਾਲ ਡੱਬ ਉਭਰ ਆਏ, ਪੂਰੋ ਫੂਕਾਂ ਮਾਰਨ ਲੱਗੀ ।

ਜੰਗੀਰ ਚੁੱਪ ਹੋ ਗਿਆ ਤੇ ਉਹ ਦੋਵੇਂ ਫਿਰ ਤੁਰਨ ਲੱਗੇ ।

ਇਕ ਦਮ ਚਰ੍ਹੀਆਂ ਵਿਚੋਂ ਕੋਈ ਛਾਲ ਮਾਰ ਕੇ ਨਿਕਲਿਆ ਤੇ ਉਸ ਨੇ ਪੂਰੋ ਨੂੰ ਬਾਹੋਂ ਫੜ ਲਿਆ । ਇਹ ਤਰਖਾਣਾਂ ਦਾ ਮੁੰਡਾ ਕੈਲਾ ਸੀ ਜੋ ਸ਼ਰਾਬ ਪੀ ਕੇ ਆਪਣੇ ਪਿਉ ਨਾਲ ਲੜਦਾ ਹੁੰਦਾ ਸੀ । ਜੰਗੀਰ ਡਰ ਗਿਆ ।

ਪੂਰੋ ਬੋਲੀ, "ਤੂੰ ਡਰ ਨਾ । ਮੈਂ ਇਸ ਨੂੰ ਸਿੱਧਾ ਕਰਦੀ ਹਾਂ ।"

ਦੋਹਾਂ ਵਿਚ ਝੜਪ ਜਿਹੀ ਹੋਈ ਤੇ ਕੈਲਾ ਪੂਰੋ ਨੂੰ ਧੂੰਹਦਾ ਹੋਇਆ ਚਰ੍ਹੀਆਂ ਵਿਚ ਲੈ ਵੜਿਆ । ਜੰਗੀਰ ਨੇ "ਛੱਡ ਦੇ ! ਛੱਡ ਦੇ" ਸੁਣਿਆ ਤੇ ਫੇਰ ਪੂਰੋ ਦੀ ਆਵਾਜ਼ ਗੁਆਚ ਗਈ, ਚਰ੍ਹੀ ਦੇ ਟਾਂਡੇ ਟੁੱਟਣ ਦੀ ਤੇ ਪੱਤਿਆਂ ਦੇ ਮਿੱਧਣ ਦੀਆਂ ਆਵਾਜ਼ਾਂ ਆਈਆਂ । ਉਹ ਉਥੇ ਚੁੱਪ-ਚਾਪ ਸਹਿਮਿਆ ਖੜਾ ਰਿਹਾ ।

ਕੁਝ ਦੇਰ ਪਿੱਛੋਂ ਪੂਰੋ ਬਾਹਰ ਆਈ ਤਾਂ ਉਸ ਦੀ ਚੁੰਨੀ ਰੁਲੀ ਹੋਈ ਸੀ । ਉਹ ਬੋਲੀ, "ਹਰਾਮੀ ਦੌੜ ਗਿਆ ।"

ਉਸ ਨੇ ਰੋਟੀਆਂ ਦੀ ਥਹੀ ਸਾਂਭੀ ਤੇ ਲੱਸੀ ਦੀ ਬਲ੍ਹਣੀ ਵੀ ਜਿਸ ਵਿਚੋਂ ਸਾਰੀ ਲੱਸੀ ਡੁੱਲ੍ਹ ਗਈ ਸੀ । ਜੰਗੀਰ ਨੂੰ ਉਸ ਨੇ ਘੁੱਟ ਕੇ ਫੜ ਲਿਆ ਤੇ ਬੋਲੀ, "ਦੱਸੀਂ ਨਾ ਕਿਸੇ ਨੂੰ ਮੇਰਾ ਵੀਰ, ਮੈਂ ਤੈਨੂੰ ਲੱਡੂ ਦੇਵਾਂਗੀ ।"

ਚੁੰਨੀ ਦੇ ਲੜ ਨੂੰ ਖੋਲ੍ਹ ਕੇ ਉਸ ਨੇ ਦੋ ਪੀਲੇ ਲੱਡੂ ਦਿੱਤੇ । ਜੰਗੀਰ ਨੇ ਇਹ ਲੱਡੂ ਫੜ ਲਏ ਤੇ ਹੌਲੀ-ਹੌਲੀ ਖਾਣ ਲੱਗਾ । ਇਹ ਮਿੱਠੀ ਰਿਸ਼ਵਤ ਉਸ ਨੂੰ ਬਹੁਤ ਸੁਆਦ ਲੱਗੀ ।

ਉਹ ਦੋਵੇਂ ਤੁਰਦੇ ਹੋਏ ਖੇਤ ਪਹੁੰਚੇ । ਪੂਰੋ ਦੇ ਬਾਪੂ ਨੇ ਹਲ ਛੱਡ ਦਿੱਤਾ ਤੇ



ਰੋਟੀ ਖਾਣ ਨਿੱਕੇ ਪਿੱਪਲ ਹੇਠਾਂ ਆ ਬੈਠਾ ।

ਪੂਰੋ ਨੇ ਕਿਹਾ, "ਖਾਲ ਟੱਪਣ ਲੱਗੀ ਤਾਂ ਬਲ੍ਹਣੀ ਡਿੱਗ ਪਈ । ਸਾਰੀ ਲੱਸੀ ਡੁੱਲ੍ਹ ਗਈ । ਹੁਣ ਗੰਢੇ ਨਾਲ ਹੀ ਰੋਟੀ ਖਾ ਲੈ ਬਾਪੂ ।"

ਰੋਟੀ ਦੇ ਕੇ ਉਹ ਮੁੜੀ ਤਾਂ ਜੰਗੀਰ ਉਸ ਦੇ ਨਾਲ ਸੀ । ਪੂਰੋ ਦੇ ਸਿਰ ਦਾ ਭਾਰ ਹਲਕਾ ਸੀ ਤੇ ਪੈਰਾਂ ਵਿਚ ਫੁਰਤੀ, ਜਿਵੇਂ ਉਹ ਬਹੁਤ ਵੱਡਾ ਕੰਮ ਮੁਕਾ ਕੇ ਆਈ ਹੋਵੇ ।

ਖਾਲ ਟੱਪਣ ਲੱਗਿਆਂ ਪੂਰੋ ਨੇ ਫਿਰ ਗੋਡਿਆਂ ਤੋਂ ਉਪਰ ਤਕ ਸਲਵਾਰ ਉਡੰਗੀ ਤੇ ਜੰਗੀਰ ਨੂੰ ਕੰਧਾੜੇ ਚੁੱਕਿਆ । ਦੋ ਪਲਾਂਘਾਂ ਵਿਚ ਖਾਲ ਪਾਰ ਕਰਕੇ ਉਸ ਨੂੰ ਉਤਾਰ ਦਿੱਤਾ । ਜੰਗੀਰ ਨੂੰ ਫਿਰ ਉਸ ਦੀ ਗਿੱਲੀ ਗਰਦਨ ਤੇ ਖੱਦਰ ਦੀ ਕੁੜਤੀ ਦੀ ਬਾਸ ਆਈ । ਅਜੀਬ ਖੱਟੀ-ਮਿੱਠੀ ਬਾਸ ਸੀ ਜਿਵੇਂ ਚਰ੍ਹੀ ਦੇ ਰਸ ਵਿਚ ਲੱਸੀ ਘੁਲੀ ਹੋਵੇ ।

ਰਸਤੇ ਵਿਚ ਉਸ ਨੇ ਜੰਗੀਰ ਨੂੰ ਪਿਆਰ ਨਾਲ ਘੁੱਟ ਕੇ ਆਖਿਆ, "ਕਿਸੇ ਨੂੰ ਦੱਸੀਂ ਨਾ ਮੇਰਾ ਵੀਰ ।"

ਜੰਗੀਰ ਨੇ ਇਹ ਗੱਲ ਕਿਸੇ ਨੂੰ ਨਾ ਦੱਸੀ । ਉਸ ਦੇ ਦਿਲ ਵਿਚ ਪੂਰੋ ਲਈ ਹਿਤ ਸੀ ਤੇ ਇਸ ਗੱਲ ਦਾ ਦਰਦ ਵੀ ਕਿ ਉਸ ਨੂੰ ਚਰ੍ਹੀਆਂ ਵਿਚ ਤਖਾਣਾਂ ਦੇ ਬਦਮਾਸ਼ ਕੈਲੇ ਨੇ ਘੇਰ ਕੇ ਧੂਹਿਆ ਸੀ ।

ਸਾਲ ਪਿੱਛੋਂ ਪੂਰੋ ਵਿਆਹੀ ਗਈ । ਉਸ ਦੇ ਵਿਹੜੇ ਵਿਚ ਢੋਲਕੀ ਖੜਕਦੀ ਤੇ ਗਿੱਧਾ ਮਚਦਾ । ਊਠਾਂ ਉਤੇ ਚੜ੍ਹ ਕੇ ਧਾਮ ਕੋਟ ਤੋਂ ਜੰਞ ਆਈ । ਸਾਰਿਆਂ ਨੇ ਸ਼ਰਾਬ ਪੀ ਕੇ ਲੁੱਚੀਆਂ ਬੋਲੀਆਂ ਪਾਈਆਂ । ਤੜਕੇ ਆਨੰਦ ਪੜ੍ਹੇ ਗਏ ਤੇ ਪੂਰੋ ਸਹੁਰੇ ਜਾਣ ਲਈ ਤਿਆਰ ਹੋਈ ।

ਜੰਗੀਰ ਵਿਹੜੇ ਵਿਚ ਖੜਾ ਸੀ । ਪੂਰੋ ਅੰਦਰਲੇ ਕੋਠੇ ਸਹੇਲੀਆਂ ਵਿਚ ਘਿਰੀ ਬੈਠੀ ਸੀ । ਜੰਗੀਰ ਅੰਦਰ ਗਿਆ । ਤਾਂ ਪੂਰੋ ਨੇ ਸੁਰਮੇ ਵਾਲੀਆਂ ਅੱਖਾਂ ਨਾਲ ਉਸ ਨੂੰ ਦੇਖਿਆ । ਉਸ ਨੇ ਰੇਸ਼ਮੀ ਸੂਟ ਪਾਇਆ ਹੋਇਆ ਸੀ ਤੇ ਸਿਲਮੇ ਸਿਤਾਰੇ ਵਾਲੇ ਸਲੀਪਰ । ਵਿਆਹ ਤੋਂ ਪਹਿਲਾਂ ਉਸ ਨੇ ਠੋਡੀ ਉਤੇ ਤਿੰਨ ਹਰੇ ਦਾਣੇ ਖੁਣਾ ਲਏ ਸਨ ਜੋ ਸੁਹਣੇ ਲਗਦੇ ਸਨ । ਉਸ ਦੇ ਸਿਰ ਉਤੇ ਭਾਰੀ ਗੋਟੇ ਵਾਲੀ ਚੁੰਨੀ ਸੀ । ਉਹ ਬੋਲੀ, "ਚੰਗਾ ਹੋਇਆ ਤੂੰ ਆ ਗਿਆ । ਬਸ ਤੈਨੂੰ ਮਿਲਣਾ ਰਹਿੰਦਾ ਸੀ । ਮੇਰੇ ਵਿਆਹ ਦੀ ਮਠਿਆਈ ਖਾਧੀ ?"

ਉਸ ਨੇ ਖੂੰਜੇ ਵਿਚ ਪਏ ਟੋਕਰੇ ਵਿਚੋਂ ਦੋ ਚਾਬ ਦੇ ਲੱਡੂ ਕੱਢ ਕੇ ਉਸ ਨੂੰ ਫੜਾਏ ।

"ਲੈ ।"

ਉਸ ਦੀ "ਲੈ" ਵਿਚ ਅਣ-ਕਹੇ ਇਹ ਸ਼ਬਦ ਵੀ ਗੂੰਜ ਰਹੇ ਸਨ, "ਦੱਸੀਂ ਨਾ ਕਿਸੇ ਨੂੰ ।"

ਪੂਰੋ ਸਹੁਰੇ ਚਲੀ ਗਈ । ਕਈ ਸਾਲ ਗੁਜ਼ਰ ਗਏ ।

ਜੰਗੀਰ ਪੰਜਵੀਂ ਪਾਸ ਕਰਕੇ ਵੱਡੇ ਸਕੂਲ ਵਿਚ ਦਾਖ਼ਿਲ ਹੋਇਆ । ਉਥੋਂ ਦਸਵੀਂ ਕੀਤੀ । ਫੇਰ ਲਾਹੌਰ ਜਾ ਕੇ ਕਾਲਜ ਵਿਚ ਪੜ੍ਹਨ ਲੱਗਾ । ਜਦੋਂ ਗਰਮੀਆਂ

ਦੀਆਂ ਛੁੱਟੀਆਂ ਵਿਚ ਪਿੰਡ ਆਉਂਦਾ ਤਾਂ ਕਈ ਵਾਰ ਪੂਰੋ ਤੀਆਂ ਝੂਟਣ ਪੇਕੇ ਆਈ ਹੁੰਦੀ। ਹੁਣ ਜੰਗੀਰ ਨੂੰ ਲੱਡੂਆਂ ਵਾਲੀ ਗੱਲ ਹੋਰ ਵੀ ਅਜ਼ੀਜ਼ ਹੋ ਗਈ ਸੀ। ਉਸ ਨੇ ਕਦੇ ਕਿਸੇ ਕੋਲ ਇਸ ਦਾ ਜ਼ਿਕਰ ਨਹੀਂ ਸੀ ਕੀਤਾ। ਇਸ ਨੂੰ ਕਿਸੇ ਸੂਰਮੇ ਦੇ ਬਚਨ ਵਾਂਗ ਪਾਲ ਰਿਹਾ ਸੀ।

ਬੀ. ਏ. ਪਾਸ ਕਰਕੇ ਜੰਗੀਰ ਪਿੰਡ ਆਇਆ ਤਾਂ ਪਤਾ ਲੱਗਾ ਕਿ ਪੂਰੋ ਪੇਕੇ ਆਈ ਹੋਈ ਹੈ। ਉਹ ਹੁਣ ਉਨੀ ਸਾਲ ਦਾ ਸੀ ਤੇ ਪੂਰੋ ਛੱਬੀ ਸਾਲ ਦੀ। ਉਸ ਦੇ ਦੋ ਨਿਆਣੇ ਹੋ ਗਏ ਸਨ...ਸੱਤ ਸਾਲ ਦਾ ਪੁੱਤ ਤੇ ਤਿੰਨ ਸਾਲ ਦੀ ਧੀ।

ਉਹ ਪੂਰੋ ਦੇ ਘਰ ਉਸ ਨੂੰ ਮਿਲਣ ਗਿਆ ਤਾਂ ਉਹ ਵਿਹੜੇ ਵਿਚ ਬੈਠੀ ਰੋਟੀਆਂ ਪਕਾ ਰਹੀ ਸੀ। ਉਸ ਦੀ ਧੀ ਸੁੱਤੀ ਪਈ ਸੀ ਤੇ ਉਸ ਦਾ ਪੁੱਤ ਉਸ ਦੇ ਸਾਹਮਣੇ ਬੈਠਾ ਮਖਣੀ ਨਾਲ ਟੁੱਕ ਖਾ ਰਿਹਾ ਸੀ। ਜੰਗੀਰ ਨੂੰ ਦੇਖਣਸਾਰ ਪੂਰੋ ਨੇ ਪੀੜ੍ਹੀ ਦਿੱਤੀ ਤੇ ਪੁੱਛਿਆ ਕਿ ਉਹ ਕਦੋਂ ਆਇਆ ਸੀ। ਉਸ ਨੂੰ ਰੋਟੀ ਖਾਣ ਲਈ ਆਖਿਆ ਤੇ ਮਖਣੀ ਵਾਲੀ ਲੱਸੀ ਪੀਣ ਲਈ। ਜੰਗੀਰ ਨੇ ਆਖਿਆ ਕਿ ਉਹ ਕਾਲਜ ਜਾ ਕੇ ਚਾਹ ਪੀਣਾ ਗਿੱਝ ਗਿਆ ਸੀ, ਲੱਸੀ ਨਹੀਂ।

ਪੂਰੋ ਨਾਲ ਦੋ-ਚਾਰ ਗੱਲਾਂ ਕੀਤੀਆਂ ਤਾਂ ਪਤਾ ਲੱਗਾ ਕਿ ਉਹ ਆਪਣੇ ਬਾਪੂ ਲਈ ਭੱਤਾ ਲੈ ਕੇ ਹੁਣੇ ਖੇਤ ਜਾਵੇਗੀ। ਉਸ ਦਾ ਪੁੱਤ ਵੀ ਉਸ ਦੇ ਨਾਲ ਜਾਣ ਲਈ ਤਿਆਰ ਸੀ।

ਪੂਰੋ ਦਾ ਗੁੰਦਵਾਂ ਸਰੀਰ ਨੌਂ ਸਾਲਾਂ ਵਿਚ ਹੋਰ ਭਰ ਗਿਆ ਸੀ। ਪੀਲੀ ਕੁੜਤੀ ਹੇਠ ਉਸ ਦੀਆਂ ਛਾਤੀਆਂ ਹੋਰ ਭਰ ਉਠੀਆਂ ਸਨ। ਛਟੀਆਂ ਦੀ ਅੱਗ ਬਾਰ-ਬਾਰ ਭੜਕਦੀ ਤੇ ਉਸ ਦਾ ਚਿਹਰਾ ਦਮਕ ਉਠਦਾ। ਉਹ ਬਾਰ-ਬਾਰ ਸਿਰ ਦੀ ਚੁੰਨੀ ਨਾਲ ਮੂੰਹ ਤੋਂ ਮੁੜ੍ਹਕਾ ਪੂੰਝਦੀ।

ਰੋਟੀਆਂ ਪਕਾ ਕੇ ਉਹ ਵਿਹਲੀ ਹੋਈ ਤਾਂ ਉਸ ਨੇ ਮੂੰਹ-ਹੱਥ ਧੋਤਾ। ਸਿਰ ਉਤੇ ਈਨੂੰ ਰੱਖ ਕੇ ਉਸ ਨੇ ਰੋਟੀਆਂ ਦੀ ਥਹੀ ਤੇ ਲੱਸੀ ਦੀ ਬਲ੍ਹਣੀ ਟਿਕਾਈ ਤੇ ਪੁੱਤ ਨੂੰ ਨਾਲ ਲੈ ਕੇ ਖੇਤ ਵਲ ਤੁਰ ਪਈ।

ਜੰਗੀਰ ਨੇ ਉਸ ਨੂੰ ਜਾਂਦੀ ਨੂੰ ਦੇਖਿਆ ਤਾਂ ਪਿੱਛੋਂ ਉਹੀ ਨੌਂ ਸਾਲ ਪਹਿਲੇ ਵਾਲੀ ਪੂਰੋ ਜਾਪੀ। ਉਹੀ ਚਾਲ, ਉਹੀ ਅੰਦਾਜ਼, ਉਹੀ ਭੱਤਾ ਤੇ ਲੱਸੀ। ਇਕ ਦਮ ਉਸ ਦੇ ਮਨ ਅੰਦਰ ਕੋਈ ਗੱਲ ਤਿੜਕੀ। ਉਹ ਉਨ੍ਹਾਂ ਦੇ ਘਰੋਂ ਨਿਕਲਿਆ ਜਾ ਕੇ ਲੱਡੂ ਖਰੀਦੇ ਤੇ ਖੇਤ ਵਲ ਤੁਰ ਪਿਆ। ਇਕ ਪਾਸਿਉਂ ਟਿੱਬੇ ਲੰਘ ਕੇ ਉਹ ਕਾਹਲੀ-ਕਾਹਲੀ ਖਾਲ ਟੱਪਿਆ ਤੇ ਪੂਰੋ ਤੋਂ ਪਹਿਲਾਂ ਹੀ ਪਹੁੰਚ ਕੇ ਚਰ੍ਹੀਆਂ ਵਿਚ ਲੁਕ ਗਿਆ।

ਉਹ ਕੰਨ ਲਾ ਕੇ ਪੂਰੋ ਦੀ ਬਿੜਕ ਲੈਣ ਲੱਗਾ। ਥੋੜ੍ਹੇ ਚਿਰ ਪਿੱਛੋਂ ਹੀ ਉਸ ਨੂੰ ਖਾਲ ਦੇ ਪਰਲੇ ਪਾਸੇ ਪੂਰੋ ਤੇ ਉਸ ਦੇ ਪੁੱਤ ਦੀਆਂ ਮੱਧਮ ਆਵਾਜ਼ਾਂ ਆਈਆਂ। ਫੇਰ ਖਾਲ ਵਿਚ ਪਾਣੀ ਦੀ ਛੱਲਪ-ਛੱਲਪ। ਉਸ ਨੇ ਚਰ੍ਹੀ ਦੇ ਟਾਂਡਿਆਂ ਵਿਚੋਂ ਹੀ ਦੇਖਿਆ ਕਿ ਪੂਰੋ ਪੁੱਤ ਨੂੰ ਖਾਲ ਟਪਾ ਕੇ ਉਸ ਨੂੰ ਕੰਧਾੜੇ ਤੋਂ ਉਤਾਰ ਰਹੀ ਸੀ। ਉਸ ਦੀ ਕਾਲੀ ਸਲਵਾਰ ਗੋਡਿਆਂ ਤੋਂ ਉਪਰ ਤਕ ਉੜ੍ਹੰਗੀ ਹੋਈ ਸੀ ਤੇ ਨੰਗੀਆਂ ਲੱਤਾਂ ਉਤੋਂ ਦੀ ਪਾਣੀ ਚੋ ਰਿਹਾ ਸੀ। ਉਹ ਸਲਵਾਰ ਦਾ ਭਿੱਜਿਆ ਪਹੁੰਚਾ ਪੱਟਾਂ ਉਤੋਂ ਹੇਠਾਂ ਖਿੱਚਣ ਦੀ ਕੋਸ਼ਿਸ਼ ਕਰ ਰਹੀ ਸੀ। ਪੱਟਾਂ ਤੇ ਸਲਵਾਰ ਦਾ ਸੰਗਰਾਮ



ਦੇਖ ਕੇ ਜੰਗੀਰ ਨੂੰ ਅਜੀਬ ਝੁਣਝੁਣੀ ਜਿਹੀ ਮਹਿਸੂਸ ਹੋਈ। ਪੱਤਿਆਂ ਦੇ ਮਿੱਧੇ ਜਾਣ ਤੇ ਟਾਂਡਿਆਂ ਦੇ ਟੁੱਟਣ ਦੀਆਂ ਆਵਾਜ਼ਾਂ ਸੁਣੀਆਂ ਤੇ ਉਸ ਦਾ ਸਾਹ ਤੱਤਾ ਹੋ ਗਿਆ। ਉਹ ਚਰ੍ਹੀ ਨੂੰ ਲਿਤਾੜਦਾ ਤੇਜ਼ੀ ਨਾਲ ਬਾਹਰ ਨਿਕਲਿਆ ਤੇ ਛਾਲ ਮਾਰ ਕੇ ਪੂਰੋ ਅੱਗੇ ਆ ਖਲੋਤਾ। ਉਸ ਨੂੰ ਦੇਖ ਕੇ ਮਾਂ-ਪੁੱਤ ਠਠੰਬਰ ਗਏ।

ਉਸ ਨੇ ਪੂਰੋ ਨੂੰ ਬਾਂਹ ਤੋਂ ਫੜਿਆ ਤਾਂ ਉਹ ਸ਼ੇਰਨੀ ਵਾਂਗ ਝਪਟੀ। "ਤੈਨੂੰ ਸ਼ਰਮ ਨਹੀਂ ਆਉਂਦੀ? ਲੁੱਚਾ ਕਿਸੇ ਥਾਂ ਦਾ!"

'ਲੁੱਚਾ' ਸ਼ਬਦ ਨੇ ਜੰਗੀਰ ਨੂੰ ਸ਼ਕਤੀ ਦਿੱਤੀ। ਇਕ ਅਭੜਵਾਹਾ ਹੌਸਲਾ। ਉਸ ਨੇ ਆਪਣੀ ਪਕੜ ਮਜ਼ਬੂਤ ਕਰਕੇ ਪੂਰੋ ਨੂੰ ਖਿੱਚਿਆ ਤੇ ਧੂੰਹਦਾ ਹੋਇਆ ਚਰ੍ਹੀ ਵਿਚ ਲੈ ਵੜਿਆ।

ਪੂਰੋ ਦਾ ਪੁੱਤ ਉਸੇ ਥਾਂ ਸਹਿਮਿਆ ਖੜਾ ਰਹਿ ਗਿਆ। ਉਸ ਨੂੰ ਆਪਣੀ ਮਾਂ ਦੇ ਸ਼ਬਦ "ਛੱਡ ਦੇ! ਸ਼ਰਮ ਨਹੀਂ ਆਉਂਦੀ?" ਪੱਤਿਆਂ ਦੀ ਅੰਨ੍ਹੀ ਸਰਸਰ ਵਿਚੋਂ ਸੁਣੇ। ਇਕ ਦੱਬੀ ਚੀਖ਼ ਚਰ੍ਹੀਆਂ ਵਿਚੋਂ ਉਠੀ ਜੋ ਸਾਵੇ ਕੂਲੇ ਪੱਤਿਆਂ ਵਿਚ ਗੁਆਚ ਗਈ। ਫਿਰ ਟਾਂਡੇ ਟੁੱਟਣ ਤੇ ਪੱਤਿਆਂ ਦੇ ਮਧੋਲਣ ਦਾ ਸ਼ੋਰ। ਨਿੱਕੇ ਮੁੰਡੇ ਦਾ ਦਿਲ ਧਕ-ਧਕ ਕਰਨ ਲੱਗਾ।

ਕੁਝ ਚਿਰ ਪਿੱਛੋਂ ਪੂਰੋ ਬਾਹਰ ਨਿਕਲੀ ਤੇ ਉਸ ਦੇ ਮਗਰੇ-ਮਗਰ ਸਾਫ਼ਾ ਬੰਨ੍ਹਦਾ ਜੰਗੀਰ।

ਪੂਰੋ ਨੇ ਉਸ ਨੂੰ ਆਖਿਆ, "ਚਲਾ ਜਾ ਹੁਣ ਏਥੋਂ!"

ਜੰਗੀਰ ਅੱਗੇ ਵਧਿਆ ਤੇ ਉਸ ਨੇ ਸਾਫ਼ੇ ਦਾ ਲੜ ਖੋਲ੍ਹ ਕੇ ਦੋ ਲੱਡੂ ਕੱਢੇ ਤੇ ਪੂਰੋ ਦੇ ਪੁੱਤ ਨੂੰ ਦੇ ਦਿੱਤੇ। ਮੁੰਡੇ ਨੇ ਲੱਡੂ ਫੜ ਲਏ ਤੇ ਮਾਂ ਵੱਲ ਦੇਖਿਆ।

ਪੂਰੋ ਨੇ ਪੁੱਤ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ ਤੇ ਆਖਿਆ, "ਲੱਡੂ ਖਾ ਲੈ। ਦੱਸੀਂ ਨਾ ਕਿਸੇ ਨੂੰ ਮੇਰਾ ਪੁੱਤ।"

ਜੰਗੀਰ ਖਾਲ ਟੱਪ ਕੇ ਪਿੰਡ ਨੂੰ ਤੁਰ ਪਿਆ। ਉਸ ਨੇ ਭੱਤਾ ਤੇ ਲੱਸੀ ਦੀ ਬਲ੍ਹਣੀ ਸਿਰ ਤੇ ਚੁੱਕੀ ਹੋਈ ਸੀ।

ਉਸ ਦਾ ਪੁੱਤ ਲੱਡੂ ਖਾਂਦਾ ਉਸ ਦੇ ਨਾਲ ਤੁਰ ਜਾਂਦਾ ਸੀ।

## 14
# ਮਿਰਚਾਂ ਵਾਲਾ ਸਾਧ

ਬਾਬਾ ਢੇਰੂ ਮੰਨਿਆ ਹੋਇਆ ਘੋਰੀ ਤੇ ਹਠੀ ਸਾਧ ਸੀ।

ਸਿੱਧਾਂ ਵਾਲੇ ਬੋਹੜ ਦੇ ਵੱਡੇ ਪੱਕੇ ਚੌਂਤਰੇ ਉਤੇ ਸਿਰਕੀਆਂ ਤੇ ਝਾਫੇ ਜੋੜ ਕੇ ਉਸ ਨੇ ਆਪਣਾ ਡੇਰਾ ਜਮਾਇਆ ਹੋਇਆ ਸੀ। ਬੋਹੜ ਦੇ ਅਨੇਕਾਂ ਡਾਹਣਿਆਂ ਵਿਚੋਂ ਦੋ ਮੋਟੇ ਡਾਹਣੇ ਪਿੰਡ ਵਾਲੇ ਪਾਸੇ ਦੁਸਾਂਗੜ ਵਾਂਗ ਫੈਲੇ ਹੋਏ ਸਨ, ਜਿਨ੍ਹਾਂ ਦੇ ਭਾਰੇ ਦਾੜ੍ਹੇ ਚੌਂਤਰੇ ਨਾਲ ਲਗਦੇ ਸਨ। ਉਹ ਕਿਸੇ ਪੁਰਾਣੇ ਮੰਦਰ ਦੇ ਦੁਆਰ ਵਾਂਗ ਉਸ ਦੇ ਡੇਰੇ ਦਾ ਮੱਥਾ ਬੰਨ੍ਹਦੇ ਸਨ।

ਦਿਨ ਚੜ੍ਹਦੇ ਨੂੰ ਉਸ ਦੇ ਧੂਣੇ ਉਤੇ ਲੰਗੜਾ ਚਰੰਜੀ ਬਾਹਮਣ ਤੇ ਪਿੰਡ ਦਾ ਮੋਹੜੀ-ਗੱਡ ਅੰਨ੍ਹਾ ਨੱਥੂ ਆ ਬੈਠਦੇ। ਨਾਲ ਹੀ ਦੋ-ਤਿੰਨ ਨਿਖੱਟੂ ਅਮਲੀ ਭੰਗੜ ਵੀ ਆ ਜੁੜਦੇ।

ਸਾਰਾ ਦਿਨ ਚਾਹ ਦਾ ਦੇਗਚਾ ਧੂਣੇ ਉਤੇ ਰਿਝਦਾ ਰਹਿੰਦਾ ਤੇ ਅਫ਼ੀਮ ਤੇ ਸੁੱਖੇ ਦੇ ਗੱਫੇ ਵਰਤਦੇ।

ਬਾਬੇ ਦੇ ਕੋਲ ਮਿਰਚਾਂ ਦਾ ਇਕ ਕੁੱਜਾ ਵੀ ਸੀ। ਜਦੋਂ ਉਸ ਨੇ ਧੂਣੀ ਨੂੰ ਪ੍ਰਚੰਡ ਕਰਨਾ ਹੁੰਦਾ ਤੇ ਗਾਲ੍ਹਾਂ ਦਾ ਪ੍ਰਸ਼ਾਦ ਵੰਡਣਾ ਹੁੰਦਾ ਤਾਂ ਮਿਰਚਾਂ ਦੀ ਲੱਪ ਇਸ ਉਤੇ ਸੁੱਟ ਦੇਂਦਾ ਜਿਸ ਨਾਲ ਹਵਾ ਵਿਚ ਕੌੜਾ ਧੂੰਆਂ ਚਿੜ-ਚਿੜ ਕਰਕੇ ਉਪਰ ਨੂੰ ਚੜ੍ਹਦਾ।

ਉਹ ਆਖਦਾ, "ਓਏ ਕਮਲਿਉ! ਮਿਰਚਾਂ 'ਚ ਬੜੀ ਤਾਕਦ ਹੁੰਦੀ ਐ! ਹੱਡਾਂ ਨੂੰ ਹਲਦੀ ਜੋੜਦੀ ਐ ਪਰ ਦਿਲ ਤੇ ਦਿਮਾਗ ਨੂੰ ਤਰਾਉਟ ਦੇਣ ਲਈ ਮਿਰਚਾਂ।"

ਬਾਬੇ ਦੇ ਇਸ ਫ਼ਲਸਫ਼ੇ ਕਰਕੇ ਉਸ ਦਾ ਨਾਂ 'ਮਿਰਚਾਂ ਵਾਲਾ ਸਾਧ' ਪੈ ਗਿਆ ਸੀ।

ਜਦੋਂ ਕੋਈ ਬਾਣੀਆਂ ਸੱਟੇ ਦਾ ਦੜਾ ਪੁੱਛਣ ਆਉਂਦਾ ਤਾਂ ਬਾਬਾ ਮਿਰਚਾਂ ਧੂੜ



ਕੇ ਪੱਕੀਆਂ ਗਾਲ੍ਹਾਂ ਕੱਢਦਾ।

ਬਾਬੇ ਦੀਆਂ ਗਾਲ੍ਹਾਂ ਸਦਕਾ ਹੀ ਸੇਠ ਜਾਤੀ ਰਾਮ ਨੇ ਸੱਟੇ ਵਿਚ ਤਿੰਨ ਲੱਖ ਰੁਪਿਆ ਕਮਾ ਲਿਆ ਸੀ। ਮੰਡੀਓਂ ਆਏ ਸੱਟੇਬਾਜ਼ ਅਫ਼ੀਮ ਤੇ ਚਰਸ ਦੀ ਭੇਟਾ ਚਾੜ੍ਹ ਕੇ ਮੱਥਾ ਟੇਕਦੇ। ਬਾਬਾ ਦਿਆਲ ਹੋ ਕੇ ਕੋਈ ਚੋਂਦਾ-ਚੋਂਦਾ ਸ਼ਲੋਕ ਸੁਣਾਉਂਦਾ। ਉਹ ਇਸੇ ਨੂੰ ਸਿੱਧਾਂ ਦਾ ਵਰ ਸਮਝਦੇ।

ਬਾਬਾ ਗੜ੍ਹਕੇਦਾਰ ਆਵਾਜ਼ ਵਿਚ ਗਾਲ੍ਹ ਸ਼ੁਰੂ ਕਰਦਾ ਜੋ ਗੁਣ-ਗੁਣ ਵਿਚ ਗੁਆਚ ਜਾਂਦੀ—ਜਿਵੇਂ ਕੱਸੀ ਦਾ ਪਾਣੀ ਬੀਕਾਨੇਰ ਦੇ ਟਿੱਬਿਆਂ ਵਿਚ। ਜੋ ਚੀਜ਼ ਸਾਹਮਣੇ ਆਉਂਦੀ ਬਾਬਾ ਉਸੇ ਨੂੰ ਗਾਲ੍ਹ ਵਿਚ ਵਲ੍ਹੇਟ ਕੇ ਸੁਵਾਲੀ-ਭਗਤ ਦੇ ਗਿੱਟਿਆਂ ਵਿਚ ਮਾਰਦਾ: "ਤੇਰੀ ਮਾਂ ਦੀਆਂ ਟਿੰਡਾਂ 'ਚ ਮਾਰਿਆ ਅਫ਼ਲਾਤੂਨੀ ਬੋਕਾ! ਤੇਰੀ ਬੁੜ੍ਹੀ ਦੇ ਕੰਨਾਂ 'ਚ ਪਾ ਦਿਆਂ ਲੋਹੇ ਦਾ ਸੁਰਮਚੂ! ਤੇਰੀ ਢਾਡੀ ਨੂੰ ਲੈ ਜਾਣ ਚੀਨੇ-ਕਬੂਤਰ!"

ਸੱਟਈ-ਯਾਰ ਇਨ੍ਹਾਂ ਸ਼ਬਦਾਂ ਦੇ ਅਰਥ ਕੱਢ ਕੇ ਉਨ੍ਹਾਂ ਨੂੰ "ਅੱਖਰਾਂ" ਜਾਂ "ਦੜੇ" ਵਿਚ ਤਬਦੀਲ ਕਰ ਲੈਂਦੇ। ਸੇਠ ਜਾਤੀ ਰਾਮ ਨੂੰ ਬਾਬੇ ਨੇ ਪਿੱਤਲ ਦਾ ਚਿੱਬ-ਖੜਿੱਬਾ ਕੌਲਾ ਮਾਰਿਆ ਸੀ ਤੇ ਨਾਲ ਹੀ ਉੱਚੀ ਸਾਰੀ ਗਾਲ੍ਹ ਕੱਢੀ। ਜਾਤੀ ਰਾਮ ਨੇ ਪਿੱਤਲ ਦਾ "ਪਾਂਜਾ", ਤੇ ਕੌਲੇ ਦਾ "ਆਠਾ" ਜੋੜ ਕੇ ਅਠਵੰਜਾ (58) ਦਾ ਦੜਾ ਜਾ ਲਾਇਆ। ਰਾਤ ਨੂੰ ਘੜਾ ਖੁੱਲ੍ਹਿਆ ਤਾਂ ਇਹੋ ਦੜਾ ਖੁੱਲ੍ਹਿਆ। ਜਾਤੀ ਰਾਮ ਦੇ ਵਾਰੇ-ਨਿਆਰੇ ਹੋ ਗਏ।

ਇਕ ਹੋਰ ਸੱਟੇਬਾਜ਼ ਨੂੰ ਬਾਬੇ ਨੇ ਧੂਣੀ ਤੋਂ ਮਚਦੀ ਚੁਆਤੀ ਮਾਰੀ ਤੇ ਨਾਲ ਹੀ "ਮਾਂ ਦੇ ਤਨੂਰ" ਦੀ ਗਾਲ੍ਹ ਕੱਢੀ। ਇਸ ਸੱਟਈ ਨੇ ਚੁਆਤੀ ਦੇ ਚਾਰ ਤੇ ਤਨੂਰ ਦੇ ਤੇਰਾਂ ਜੋੜ ਕੇ ਸਤਾਰਾਂ ਦਾ ਦੜਾ ਲਗਾਇਆ। ਅਗਲੇ ਦਿਨ ਦੜਾ ਖੁੱਲ੍ਹਿਆ ਉਨ੍ਹੀ (19) ਸੇਠ ਨੂੰ ਹਜ਼ਾਰਾਂ ਦਾ ਘਾਟਾ। ਪਰ ਲੰਗੜੇ ਚਰੰਜੀ ਬਾਹਮਣ ਨੇ ਖਿੱਝ ਕੇ ਆਖਿਆ: "ਕੰਜਰਾ, ਤੂੰ "ਮਾਂ" ਦਾ "ਦੂਆ" ਤਾਂ ਵਿਚ ਜੋੜਨਾ ਭੁੱਲ ਹੀ ਗਿਆ ਸੈਂ।"

ਬਾਬਾ ਢੇਰੂ ਪਿਛਲੇ ਚਾਲੀ ਸਾਲਾਂ ਤੋਂ ਇਸੇ ਬੋਹੜ ਹੇਠਾਂ ਟਿਕਿਆ ਹੋਇਆ ਸੀ। ਕੌੜੀ ਬੋਲੀ, ਸੁੱਖੇ ਤੇ ਅਫ਼ੀਮ ਦੇ ਨਸ਼ੇ ਅਤੇ ਜਣੇ-ਖਣੇ ਨਾਲ ਆਢ੍ਹਾ ਲਾਉਣ ਦੇ ਬਾਵਜੂਦ ਉਸ ਦੀ ਮਾਨਤਾ ਵਧਦੀ ਹੀ ਰਹੀ ਸੀ।

ਜਵਾਨੀ ਵਿਚ ਬਾਬਾ ਊਠਾਂ ਦਾ ਚੋਰ ਸੀ। ਉੱਚਾ-ਲੰਮਾ, ਢਾਂਗੇ ਵਰਗਾ ਅੜਬ ਜਵਾਨ। ਵੱਡੇ ਤੋਂ ਵੱਡਾ ਖੱਬੀ-ਖਾਨ ਥਾਣੇਦਾਰ ਉਸ ਤੋਂ ਚੋਰੀ ਨਹੀਂ ਸੀ ਮਨਵਾ ਸਕਦਾ। ਸਾਰੇ ਥਾਣੇਦਾਰਾਂ ਨੂੰ ਫ਼ਤਹਿ ਕਰਕੇ ਇਕ ਦਿਨ ਉਸ ਨੇ ਭਗਵਾਂ ਚੋਲਾ ਪਾ ਲਿਆ ਤੇ ਸਿੱਧਾਂ ਵਾਲੇ ਬੋਹੜ ਹੇਠਾਂ ਆ ਬੈਠਿਆ। ਇਥੇ ਕਈ ਅਮਲੀ ਸੇਵਕ ਉਸ ਦੀਆਂ ਚਿਲਮਾਂ ਭਰਨ, ਸੁੱਖਾ ਰਗੜਨ ਤੇ ਚਾਹ ਛਕਣ ਲਈ ਆ ਜੁੜੇ। ਜਦੋਂ ਬਾਬੇ ਨੂੰ ਕਿਸੇ ਉਤੇ ਕਰੋਪੀ ਹੁੰਦੀ ਤਾਂ ਉਹ ਉਸ ਨੂੰ ਗਾਲ੍ਹਾਂ ਕੱਢਣੀਆਂ ਬੰਦ ਕਰ ਦੇਂਦਾ। ਇਸ ਦਾ ਅਰਥ ਸੀ ਕਿ ਹੁਣ ਉਹ ਸੇਵਕ ਇਸ ਡੇਰੇ ਵਿਚ ਨਹੀਂ ਠਹਿਰ ਸਕਦਾ।

ਉਸ ਦੇ ਡੇਰੇ ਦਾ ਕੇਂਦਰ-ਬਿੰਦੂ ਸੁੱਖਾ ਰਗੜਨ ਵਾਲਾ ਘੋਟਣਾ ਤੇ ਕੂੰਡਾ ਸੀ। ਉਸ ਨੇ ਜੰਡ ਦਾ ਇਕ ਮੋਟਾ ਲੰਮਾ ਜਾਤੂ ਛਾਂਗ ਕੇ ਇਕ ਪਾਸਿਓਂ ਗੋਲ ਕਰ ਲਿਆ ਸੀ ਤੇ ਦੂਜੇ ਸਿਰੇ ਵਿਚ ਸੱਲ ਕੱਢਵਾ ਕੇ ਸੰਗਲ ਨਾਲ ਬੋਹੜ ਦੇ ਡਾਹਣੇ ਉਤੇ ਬੰਨ੍ਹ

ਦਿੱਤਾ ਸੀ। ਇਸ ਦੇ ਐਨ ਹੇਠਾਂ ਚੌਂਤਰੇ ਉਤੇ ਵੱਡਾ ਜੰਗੀ ਕੁੰਡਾ ਗੱਡ ਰਖਿਆ ਸੀ। ਇਸ ਘੋਟਣੇ ਉਤੇ ਰੰਗ-ਬਰੰਗੀਆਂ ਲੀਰਾਂ ਤੇ ਟੱਲ ਬੰਨ੍ਹੇ ਹੋਏ ਸਨ। ਜਣਾ-ਖਣਾ ਬਾਬੇ ਦੇ ਇਸ ਸਲੋਤਰ ਸਿੰਘ ਨੂੰ ਹੱਥ ਨਹੀਂ ਸੀ ਪਾ ਸਕਦਾ। ਕੇਵਲ ਉਸ ਦੇ ਗਾਲ੍ਹਾਂ ਨਾਲ ਚੰਡੇ ਖ਼ਾਸ ਚੇਲੇ ਹੀ ਇਸ ਨਾਲ ਸੁੱਖਾ ਰਗੜਦੇ। ਟੱਲਾਂ ਦੀ ਅਵਾਜ਼ ਸੁਣ ਕੇ ਬੋਹੜ ਉਤੇ ਬੈਠੀਆਂ ਗਿਰਝਾਂ ਉੱਡ ਜਾਂਦੀਆਂ।

ਬਾਬੇ ਨੂੰ ਸੁੱਖੇ, ਅਫ਼ੀਮ ਤੇ ਚਰਸ ਦੀ ਘਾਟ ਨਹੀਂ ਸੀ ਅਤੇ ਨਾ ਹੀ ਸੇਵਕਾਂ ਦੀ। ਧੂਣੇ ਲਈ ਲੱਕੜਾਂ ਬਾਬਾ ਖ਼ੁਦ ਇਕੱਠੀਆਂ ਕਰਦਾ ਕਿਉਂਕਿ ਲੱਕੜਾਂ ਚੋਰੀ ਕਰਨ ਜਾਂ ਕਿਸੇ ਗੁਹਾਰੇ ਨੂੰ ਪਾੜ ਲਾ ਕੇ ਪਾਥੀਆਂ ਕੱਢਣ ਦਾ ਆਨੰਦ ਬਾਬਾ ਆਪ ਮਾਣਦਾ ਸੀ। ਇਸ ਨਾਲ ਉਸ ਦਾ ਜਵਾਨੀ ਵੇਲੇ ਦਾ ਚੋਰੀ ਦਾ ਠਰਕ ਪੂਰਾ ਹੋ ਜਾਂਦਾ।

ਬਾਬੇ ਦੇ ਡੇਰੇ ਤੋਂ ਪਰ੍ਹਾਂ ਸਰਕਾਰੀ ਬੀੜ ਸੀ। ਇਹ ਬੀੜ ਰਾਜੇ ਦੇ ਘੋੜਿਆਂ ਲਈ ਰਾਖਵਾਂ ਸੀ। ਇਥੇ ਹੋਰ ਕਿਸੇ ਨੂੰ ਵੜਨ ਦੀ ਆਗਿਆ ਨਹੀਂ ਸੀ। ਇਸ ਬੀੜ ਦੀ ਰਾਖੀ ਲਈ ਕਈ ਜਮਾਂਦਾਰ ਰਖੇ ਹੋਏ ਸਨ, ਜੋ ਚੋਰੀ ਡੰਗਰ ਚਾਰਨ ਆਏ ਪਾਲੀਆਂ ਨੂੰ ਫੜ ਲੈਂਦੇ ਤੇ ਫ਼ੀ ਡੰਗਰ ਦੇ ਹਿਸਾਬ ਚੱਟੀ ਭਰਵਾ ਕੇ ਛਡਦੇ। ਲਾਗਲੇ ਪਿੰਡਾਂ ਦੇ ਅਮਲੀ-ਠਮਲੀ ਵੀ ਲੱਕੜਾਂ ਵੱਢਣ ਆਏ ਇਨ੍ਹਾਂ ਜਮਾਂਦਾਰਾਂ ਦੇ ਕਾਬੂ ਆ ਜਾਂਦੇ। ਪਰ ਬਾਬੇ ਢੇਰੂ ਨੂੰ ਕੌਣ ਰੋਕ ਸਕਦਾ ਸੀ! ਹਨੇਰੇ-ਸਵੇਰੇ ਬਾਬਾ ਕੁਹਾੜੀ ਨਾਲ ਬੀੜ ਵਿਚੋਂ ਕੋਈ ਖੜ-ਸੋਕੜ ਲੱਕੜ ਜਾਂ ਮੋਹੜੀ ਵੱਢ ਲਿਆਉਂਦਾ। ਇਸ ਨਾਲ ਧੂਣਾ ਅੱਠੇ-ਪਹਿਰ ਧੁਖਦਾ ਰਹਿੰਦਾ।

ਜਦੋਂ ਇਹ ਬੀੜ ਠੇਕੇ ਉਤੇ ਚੜ੍ਹ ਗਿਆ ਤਾਂ ਠੇਕੇਦਾਰ ਨੇ ਸਿੱਧਾਂ ਵਾਲੇ ਡੇਰੇ ਤੋਂ ਕੁਝ ਦੂਰ ਕੱਚਾ ਕੋਠਾ ਛੱਤ ਕੇ ਲੱਕੜਾਂ ਦਾ ਵੱਡਾ ਟਾਲ ਲਗਾ ਲਿਆ। ਇਹ ਟਾਲ ਤਰ੍ਹਾਂ-ਤਰ੍ਹਾਂ ਦੀਆਂ ਲੱਕੜਾਂ ਦਾ ਵੱਡਾ ਜ਼ਖ਼ੀਰਾ ਸੀ, ਜਿੱਥੋਂ ਗੱਡੇ ਭਰ-ਭਰ ਕੇ ਮੰਡੀ ਨੂੰ ਜਾਂਦੇ।

ਬਾਬਾ ਢੇਰੂ ਬੀੜ ਨੂੰ ਆਪਣਾ ਹੀ ਇਲਾਕਾ ਸਮਝਦਾ ਸੀ। ਠੇਕੇ ਉਤੇ ਚੜ੍ਹਨ ਨਾਲ ਬਾਬੇ ਨੂੰ ਇਉਂ ਲਗਿਆ ਜਿਵੇਂ ਕਿਸੇ ਨੇ ਉਸ ਦੇ ਧੂਣੇ ਉਤੇ ਪਾਣੀ ਡੋਲ੍ਹ ਦਿੱਤਾ ਹੋਵੇ। ਅਫ਼ੀਮ ਦੀ ਗੋਲੀ ਅੰਦਰ ਸੁੱਟ ਕੇ ਉਹ ਗੁਣਗੁਣੀ ਅਵਾਜ਼ ਵਿਚ ਗਰਜਿਆ, "ਲੋਹੜਾ ਆ ਗਿਆ, ਇਹ ਟੋਪੀ-ਬਾਜ਼ਾਂ ਦੀ ਸਰਕਾਰ ਹੁਣ ਲੱਕੜਾਂ ਬੇਚ ਕੇ ਖਾਣ 'ਤੇ ਉਤਰ ਆਈ। ਹੁਣ ਇਸ ਨੇ ਨਹੀਂ ਰਹਿਣਾ।"

ਚਰੰਜੀ ਲੰਗੜੇ ਨੇ ਹਾਮੀ ਭਰੀ, "ਅੰਗਰੇਜ ਜੰਗਲਾਂ ਨੂੰ ਪਾਲਦਾ ਰਿਹਾ, ਇਹ ਦਾਲ-ਖਾਣੀ ਜਾਤ ਹਰ ਚੀਜ ਨੂੰ ਬੇਚ ਬੱਟ ਕੇ ਟਕੇ ਖਰੇ ਕਰਨ ਉਤੇ ਲਗੀ ਹੋਈ ਐ। ਇਹ ਤਾਂ ਆਪਣੀ ਮਾਂ ਦੀ ਨੱਥ ਵੀ ਬੇਚ ਕੇ ਖਾ ਜਾਣ।"

ਅੰਨ੍ਹਾ ਨੱਥੂ ਘਰਕਿਆ, "ਇਹ ਸਰਕਾਰ ਤਾਂ ਬਸ ਅੰਨ੍ਹੀ ਪੀਹੇ ਤੇ ਕੁੱਤੀ ਚੱਟੇ ਵਾਲੀ ਗੱਲ ਐ।"

ਇਸ ਪਿਛੋਂ ਉਹ ਤੇ ਚਰੰਜੀ ਟੱਲਾਂ ਵਾਲੇ ਸਲੋਤਰ ਦੁਆਲੇ ਸੁੱਖਾ ਰਗੜਨ ਬੈਠ ਗਏ। ਬਾਬੇ ਢੇਰੂ ਨੂੰ ਗਾਲ੍ਹਾਂ ਕਢਦੇ-ਕਢਦੇ ਟੂਲੇ ਆਉਣ ਲੱਗੇ।

ਇਕ ਵਾਰ ਦਿਨ ਛਿਪੇ ਜਦੋਂ ਬਾਬਾ ਕੁਹਾੜੀ ਚੁੱਕ ਕੇ ਲੱਕੜਾਂ ਲੈਣ ਗਿਆ, ਤਾਂ ਠੇਕੇਦਾਰਾਂ ਦੇ ਕੁੱਤੇ ਨੇ ਉਸ ਦੀ ਲੱਤ ਫੜ ਲਈ। ਉਸ ਨੇ ਕੁਹਾੜੀ ਮਾਰੀ ਤੇ ਕੁੱਤਾ



ਚਊਂ-ਚਊਂ ਕਰਦਾ ਨੱਸਿਆ। ਬਾਬੇ ਨੇ ਸੌ-ਸੌ ਗਾਲ੍ਹ ਕੱਢੀ। ਰੌਲਾ ਪੈ ਗਿਆ।

ਠੇਕੇਦਾਰ ਨੇ ਬਾਬੇ ਦੀ ਲਾਹ-ਪਾਹ ਕੀਤੀ ਤਾਂ ਬਾਬੇ ਦਾ ਸੁਕੜੂ ਸਰੀਰ ਆਰੇ ਉਤੇ ਲੱਗੇ ਪੋਰੇ ਵਾਂਗ ਕੰਬਿਆ ਤੇ ਉਹ ਗੜ੍ਹਕਿਆ, "ਓਏ ਤੇਰੇ ਬਰਗੇ ਕਈ ਜੁੱਲੀ-ਚੱਕਾਂ ਦੇ ਅਸੀਂ ਭੂਤਨੇ ਕੱਢੇ ਨੇ। ਫੂਕ ਮਾਰੀਏ ਤਾਂ ਤੇਰੀਆਂ ਲੱਕੜਾਂ ਦੀ ਟਾਲੜੀ ਨੂੰ ਭਸਮ ਕਰ ਦਈਏ। ਜੇ ਸਾਡੇ ਡੇਰੇ ਦੀ ਛਾਂ ਹੇਠ ਬਸਣੈਂ ਤਾਂ ਸੁੱਟ ਉਰ੍ਹਾਂ ਲੱਕੜਾਂ ਦਾ ਇਕ ਗੱਡਾ। ਨਹੀਂ ਤਾਂ ਤੁਖਮ ਨਾਸ ਕਰ ਦੂੰ।"

ਇਸ ਪਿਛੋਂ ਬਾਬੇ ਨੇ ਤਲੀ ਉਤੇ ਮਿੱਟੀ ਦੀ ਚੂੰਢੀ ਰਖੀ ਤੇ ਫੂਕ ਮਾਰਨ ਲਈ ਅੱਖਾਂ ਅੱਡੀਆਂ।

ਕਾਰਿੰਦਿਆਂ ਨੇ ਦੌੜ ਕੇ ਬਾਬੇ ਦਾ ਹੱਥ ਫੜ ਲਿਆ ਤੇ ਆਖਿਆ, "ਮਹਾਰਾਜ, ਐਡੀ ਕਰੋਪੀ ਨਾ ਦਿਖਾਉ!"

ਠੇਕੇਦਾਰ ਨੇ ਗਲੋਂ ਬਲਾ ਟਾਲਣ ਲਈ ਟਾਲ ਤੋਂ ਇਕ ਖੜਪਾੜ ਚੁੱਕ ਕੇ ਬਾਬੇ ਅੱਗੇ ਸੁੱਟੀ। ਬਾਬੇ ਨੇ ਇਸ ਨੂੰ ਆਪਣੀ ਹੱਤਕ ਸਮਝਿਆ। ਕਰੋਧਵਾਨ ਹੋ ਕੇ ਬੋਲਿਆ, "ਸਿੱਧਾਂ ਵਾਲਾ ਬਾਬਾ ਤਾਂ ਇਸ ਡੱਕੇ ਉਤੇ ਧਾਰ ਬੀ ਨਹੀਂ ਮਾਰਦਾ। ਚੱਕ ਲੈ ਇਹ ਤੈਂਗੜੀ! ਪਾ ਦੇਈਂ ਇਸ ਨੂੰ ਆਪਣੀ ਬੇਬੇ ਦੇ ਸਿਵੇ 'ਤੇ!"

ਉਹ ਕੰਬਦਾ ਹੋਇਆ, ਗਾਲ੍ਹਾਂ ਕੱਢਦਾ ਤੇ ਠੇਕੇਦਾਰ ਦੀ ਭੈਣ ਦੇ ਚੀਨੇ ਕਬੂਤਰ ਉਡਾਉਂਦਾ ਡੇਰੇ ਆ ਵੜਿਆ।

ਠੇਕੇਦਾਰ ਦੇ ਟਾਲ ਵਲ ਮੂੰਹ ਕਰਕੇ ਉਹ ਹਰ ਰੋਜ਼ ਪੱਕੇ ਸ਼ਬਦਾਂ ਦਾ ਪਾਠ ਕਰਦਾ। ਜਦੋਂ ਲੱਕੜਾਂ ਦਾ ਕੋਈ ਗੱਡਾ ਟਾਲ ਤੋਂ ਮੰਡੀ ਵਲ ਜਾਂਦਾ ਤਾਂ ਉਹ ਧੂਣੇ ਉਤੇ ਚਿਮਟਾ ਖੜਕਾ ਕੇ ਤੇ ਮਿਰਚਾਂ ਦੀ ਲੱਪ ਸੁੱਟ ਕੇ ਸਰਾਪ ਦੇਂਦਾ।

ਉਸ ਨੇ ਆਪਣੀ ਸਰਾਪ-ਭਾਖਾ ਦਾ ਮੋਰਚਾ ਗੱਡ ਰਖਿਆ ਸੀ। ਉਸ ਦੀਆਂ ਗਾਲ੍ਹਾਂ ਦੇ ਤੀਰ-ਤੁਫੰਗ ਠੇਕੇਦਾਰ ਦੇ ਟਾਲ ਵਲ ਚਲਦੇ। ਪਰ ਠੇਕੇਦਾਰ ਦਾ ਕੰਮ ਉਸੇ ਤਰ੍ਹਾਂ ਰਿੜ੍ਹ ਰਿਹਾ ਸੀ ਤੇ ਨਿੱਤ ਲੱਕੜਾਂ ਦੇ ਗੱਡੇ ਉਸੇ ਤਰ੍ਹਾਂ ਮੰਡੀ ਵਲ ਲੰਘਦੇ ਸਨ।

ਬਾਬੇ ਨੇ ਆਪਣੇ ਸਰਾਪ ਨੂੰ ਪੱਕਾ ਕਰਨ ਲਈ ਤੇ ਠੇਕੇਦਾਰ ਦੇ ਬੀਜ-ਨਾਸ ਲਈ ਜਲ-ਧਾਰਾ ਆਰੰਭ ਕਿਆ।

ਉਂਜ ਅੱਜ ਤੀਕ ਬਾਬੇ ਨੂੰ ਕਿਸੇ ਨੇ ਨਹਾਉਂਦੇ ਨਹੀਂ ਸੀ ਦੇਖਿਆ। ਅਫ਼ੀਮ ਸੁੱਖਾ ਛਕਣ ਤੇ ਭਸਮਾਂਤਰ ਭਾਖਾ ਦੇ ਉਚਾਰਨ ਤੋਂ ਛੁੱਟ ਉਹ ਕਿਸੇ ਹੋਰ ਕਰਮ-ਯੁੱਧ ਵਿਚ ਕਦੇ ਨਹੀਂ ਸੀ ਜੁਝਿਆ। ਪਰ ਉਸ ਦੇ ਕੱਬੇ ਅੜਬ ਸੁਭਾ ਤੇ ਹਠਧਰਮੀ ਅੱਗੇ ਲੱਕੜਾਂ ਦਾ ਤੁੱਛ ਟਾਲ ਚੀਜ਼ ਹੀ ਕੀ ਸੀ।

ਮਾਘ ਦੀ ਠੰਢ ਤੇ ਠੱਕੇ ਵਿਚ ਹੀ ਉਸ ਨੇ ਜਲ-ਧਾਰਾ ਕਰਨ ਦਾ ਐਲਾਨ ਕਰ ਦਿੱਤਾ। ਰਾਤ ਵੇਲੇ ਸੱਤ ਕੋਰੇ ਘੜੇ ਟੋਭੇ ਵਿਚੋਂ ਭਰ ਕੇ ਚੌਂਤਰੇ ਉਤੇ ਰੱਖ ਲਏ ਅਤੇ ਉਨ੍ਹਾਂ ਦੇ ਗਲਾਂ ਨੂੰ ਖੰਮਣੀਆਂ ਬੰਨ ਕੇ ਮੰਤਰ ਪੜ੍ਹੇ।

ਤੜਕੇ ਚਾਰ ਵਜੇ ਉਸ ਨੇ ਆਪਣੇ ਚੇਲਿਆਂ ਤੋਂ ਪਾਣੀ ਦੇ ਸੱਤੇ ਘੜੇ ਸਿਰ ਉਤੇ ਪੁਆ ਲਏ। ਠੁਰ-ਠੁਰ ਕਰਦਾ ਕੁੰਗੜਿਆ ਹੋਇਆ ਆਪਣੀ ਪਾਟੀ ਜੁੱਲੀ ਵਲ੍ਹੇਟ

ਕੇ ਧੂਣੇ ਉਤੇ ਆ ਬੈਠਾ। ਅੱਜ ਬਾਬੇ ਨੇ ਗਾਲ੍ਹਾਂ ਦਾ ਪਰਸ਼ਾਦ ਕੁਝ ਵਧੇਰੇ ਹੀ ਵਰਤਾਇਆ।

ਗਿਆਰਾਂ ਵਜਦੇ ਨੂੰ ਬਾਬੇ ਨੂੰ ਕਈ ਛਿੱਕਾਂ ਆਈਆਂ ਤੇ ਜ਼ੋਰ ਦਾ ਤਾਪ ਚੜ੍ਹ ਗਿਆ। ਸ਼ਾਮ ਤੀਕ ਉਸ ਨੂੰ ਚਾਹ ਪਚਣੋਂ ਹਟ ਗਈ। ਸਾਰੇ ਚੇਲਿਆਂ ਨੂੰ ਫ਼ਿਕਰ ਪੈ ਗਿਆ।

ਚਰੰਜੀ ਲੰਗੜਾ ਬੋਲਿਆ, "ਨਾਗਣੀ ਦੇ ਪੁਜਾਰੀ ਵੀ ਕਦੇ ਜਲ-ਧਾਰਾ ਕਰਦੇ ਨੇ? ਢੇਰੂ ਬਾਬੇ ਨੂੰ ਹੁਣ ਪਿੰਡ ਲੈ ਚਲੋ। ਇਥੇ ਤਾਂ ਠੱਕੇ ਨਾਲ ਹੀ ਮਰ ਜਾਊ।"

ਸੇਠ ਜਾਤੀ ਰਾਮ ਨੇ ਇਲਾਜ ਦੇ ਖ਼ਰਚ ਦਾ ਜ਼ਿੰਮਾ ਲਿਆ। ਮੋਟੀ ਰਜਾਈ ਤੇ ਲਾਲ ਗਦੇਲਾ ਲਿਆ ਕੇ, ਬਾਬੇ ਨੂੰ ਲੋਕ ਮੰਜੀ ਉਤੇ ਪਾ ਕੇ ਪਿੰਡ ਦੇ ਦਰਵਾਜ਼ੇ ਵਿਚ ਲੈ ਗਏ। ਉਥੇ ਉਸ ਦੀ ਟਹਿਲ-ਸੇਵਾ ਹੋਣ ਲੱਗੀ। ਥੋੜ੍ਹੇ ਦਿਨਾਂ ਵਿਚ ਬਾਬੇ ਦਾ ਤਾਪ ਉਤਰ ਗਿਆ।

ਦਰਵਾਜ਼ੇ ਦੇ ਇਕ ਪਾਸੇ ਬਾਬੇ ਦਾ ਧੂਣਾ ਕਾਇਮ ਸੀ ਤੇ ਉਹ ਲਾਲ ਗਦੇਲੇ ਉਤੇ ਰਜਾਈ ਵਲ੍ਹੇਟੀ, ਮਟੂਕਣੀ ਮਾਰੀ ਬੈਠਾ ਹੁੰਦਾ। ਦਰਵਾਜ਼ੇ ਵਿਚੋਂ ਦੀ ਗੋਹਾ-ਕੂੜਾ ਲਿਜਾਂਦੀਆਂ ਤੀਵੀਆਂ ਤੇ ਪਾਲੀ-ਮੁੰਡੇ ਲੰਘਦੇ। ਕਈ ਸ਼ਰਾਰਤੀ ਪਾਲੀ ਤੁਰੇ ਜਾਂਦੇ ਕੋਈ ਟਿਚਕਰ ਕਰਦੇ ਤਾਂ ਬਾਬਾ ਗਾਲ੍ਹਾਂ ਦਾ ਅਖੰਡ-ਪਾਠ ਸ਼ੁਰੂ ਕਰ ਦੇਂਦਾ। ਗੋਹਾ-ਕੂੜਾ ਕਰਨ ਵਾਲੀਆਂ ਤੀਵੀਆਂ ਮੂੰਹ ਉਤੇ ਪੱਲਾ ਲੈ ਕੇ ਕੋਲੋਂ ਦੀ ਲੰਘ ਜਾਂਦੀਆਂ।

ਇਕ ਦਿਨ ਤੜਕੇ ਲੰਘਦੇ ਹੋਏ ਪਾਲੀਆਂ ਨੇ ਜਦ ਟਿਚਕਰ ਕੀਤੀ ਤਾਂ ਬਾਬੇ ਨੇ ਕੋਈ ਉੱਤਰ ਨਾ ਦਿੱਤਾ। ਉਹ ਉਸੇ ਤਰ੍ਹਾਂ ਮਟੂਕਣੀ ਮਾਰੀ ਕੰਧ ਨਾਲ ਢੋਅ ਲਾਈ ਗਲੀ ਵਲ ਝਾਕਦਾ ਰਿਹਾ। ਜਦ ਖੰਘੂਰਾ ਮਾਰ ਕੇ ਦਾਤਣ ਕਰਦੇ ਹੋਏ ਨੰਬਰਦਾਰ ਨੇ ਬਾਬੇ ਨੂੰ ਫ਼ਤਹਿ ਬੁਲਾਈ ਤਾਂ ਵੀ ਉਹ ਉਸੇ ਤਰ੍ਹਾਂ ਅਹਿਲ ਬੈਠਾ ਝਾਕਦਾ ਰਿਹਾ। ਇਤਨੇ ਵਿਚ ਲੰਗੜਾ ਚਰੰਜੀ ਬਾਹਮਣ ਤੇ ਅੰਨ੍ਹਾ ਨੱਥੂ ਆ ਗਏ। ਉਨ੍ਹਾਂ ਦੀ ਝਿੜਕ ਸੁਣ ਕੇ ਵੀ ਬਾਬਾ ਉਸੇ ਤਰ੍ਹਾਂ ਟਿਕਟਿਕੀ ਲਾਈ ਬੈਠਾ ਰਿਹਾ।

ਲੋਕ ਇਕੱਠੇ ਹੋ ਗਏ। ਚਰੰਜੀ ਬਾਹਮਣ ਨੇ ਬਾਬੇ ਨੂੰ ਮੋਢੇ ਤੋਂ ਹਲੂਣਿਆ ਤੇ ਇਕਦਮ ਪਿਛਾਂਹ ਹਟ ਗਿਆ। ਉਸ ਨੇ ਰਾਮ-ਰਾਮ ਉਚਾਰਿਆ ਤੇ ਗੰਭੀਰ ਅਵਾਜ਼ ਵਿਚ ਆਖਿਆ, "ਬਾਬਾ ਤਾਂ ਪੂਰਾ ਹੋ ਗਿਆ!"

ਸਾਰੇ ਪਿੰਡ ਨੇ ਹਉਕਾ ਭਰਿਆ।

ਰਾਤ ਨੂੰ ਪਤਾ ਨਹੀਂ ਕਿਸ ਵੇਲੇ ਬਾਬਾ ਬੈਠਾ-ਬੈਠਾ ਹੀ ਆਕੜ ਗਿਆ ਸੀ।

ਪਿੰਡ ਦੇ ਲੋਕ ਇਕੱਠੇ ਹੋ ਕੇ ਉਸ ਦੇ ਦਾਹ-ਸੰਸਕਾਰ ਦਾ ਪ੍ਰਬੰਧ ਕਰਨ ਲੱਗੇ। ਕਿਸੇ ਨੇ ਖੱਦਰ, ਕਿਸੇ ਨੇ ਫੁਲਕਾਰੀ ਤੇ ਸਭਨਾਂ ਘਰਾਂ ਨੇ ਇਕ-ਇਕ ਲੱਕੜ ਉਸ ਦੀ ਚਿਤਾ ਲਈ ਭੇਟ ਕੀਤੀ। ਚਾਰ ਗੱਡੇ ਲੱਕੜਾਂ ਦੇ ਇਕੱਠੇ ਹੋ ਗਏ।

ਸਭਨਾਂ ਨੇ ਇਹੋ ਸਲਾਹ ਕੀਤੀ ਕਿ ਬੋਹੜ ਲਾਗੇ ਹੀ ਬਾਬੇ ਦੀ ਸਮਾਧ ਬਣਾਈ ਜਾਵੇ।

ਚਰੰਜੀ ਬਾਹਮਣ, ਅੰਨ੍ਹਾ ਨੱਥੂ ਤੇ ਅਮਲੀ ਭਗਤ ਮੂਹਰੇ ਹੋ ਕੇ ਹਿੱਸਾ ਲੈ ਰਹੇ ਸਨ। ਸੇਠ ਜਾਤੀ ਰਾਮ ਨੇ ਚੰਦਨ ਦੀ ਲੱਕੜ ਪਾਈ। ਸਾਮਗਰੀ ਵਿਚ ਘਿਉ, ਤਿਲ ਤੇ ਗੁੱਗਲ ਦਾ ਢੇਰ ਲਗ ਗਿਆ ਸੀ।



ਸੂਰਜ ਅਸਤ ਹੋਣ ਤੋਂ ਪਹਿਲਾਂ ਬਾਬੇ ਦੀ ਚਿਤਾ ਦੇ ਭਾਂਬੜ ਬਲ ਉਠੇ।

ਸਾਰੇ ਲੋਕ ਟੋਭੇ ਉਤੇ ਹੱਥ-ਮੂੰਹ ਧੋ ਕੇ ਆਪੋ-ਆਪਣੇ ਘਰੀਂ ਆ ਗਏ। ਪਰ ਚਰੰਜੀ ਤੇ ਨੱਥੂ ਚਿਤਾ ਦੀ ਰਾਖੀ ਬੈਠੇ ਰਹੇ। ਹਨੇਰੇ ਹੋਏ ਉਹ ਵੀ ਉਠ ਆਏ।

ਅਗਲੇ ਦਿਨ ਸਵੇਰੇ ਖੇਤਾਂ ਨੂੰ ਪਾਣੀ ਲਾ ਕੇ ਮੁੜਦੇ ਜੱਟਾਂ ਦੇ ਦੋ ਮੁੰਡੇ ਸਿੱਧਾਂ ਵਾਲੇ ਡੇਰੇ ਕੋਲੋਂ ਦੀ ਲੰਘੇ। ਉਨ੍ਹਾਂ ਨੇ ਚਿਤਾ ਨੂੰ ਦੇਖਿਆ ਤੇ ਇਸ ਖ਼ਿਆਲ ਨਾਲ ਕਿ ਥੱਲੇ ਪਈਆਂ ਲੱਕੜਾਂ ਪੂਰੀ ਤਰ੍ਹਾਂ ਜਲ ਜਾਣ, ਅੰਗਾਰਿਆਂ ਵਾਲੀ ਸੁਆਹ ਨੂੰ ਡਾਂਗ ਨਾਲ ਫਰੋਲਿਆ। ਯਕਦਮ ਦੋਵੇਂ ਕੂਕਾਂ ਮਾਰਦੇ ਹੋਏ ਪਿੰਡ ਵਲ ਨੱਸ ਉਠੇ।

ਦਰਵਾਜ਼ੇ ਵਿਚ ਬੈਠੇ ਲੋਕਾਂ ਨੇ ਉਨ੍ਹਾਂ ਨੂੰ ਸਾਹੋ-ਸਾਹ ਹੋਏ ਦੇਖਿਆ, ਤਾਂ ਦੋਹਾਂ ਮੁੰਡਿਆਂ ਨੇ ਇਹ ਖ਼ਬਰ ਸੁਣਾਈ, "ਬਾਬੇ ਦਾ ਕੰਕਾਲ ਤਾਂ ਉਸੇ ਤਰ੍ਹਾਂ ਪਿਐ। ਲੱਕੜਾਂ ਮੱਚ ਕੇ ਸੁਆਹ ਹੋ ਗਈਆਂ।"

ਸਭ ਲੋਕ ਹੈਰਾਨ ਸਨ। ਸਾਰੇ ਇਕੱਠੇ ਹੋ ਕੇ ਸਿੱਧਾਂ ਵਾਲੇ ਡੇਰੇ ਵਲ ਤੁਰ ਪਏ। ਉਨ੍ਹਾਂ ਦੇਖਿਆ ਕਿ ਮੁੰਡਿਆਂ ਦੀ ਗੱਲ ਸੱਚੀ ਸੀ।

ਸਾਰੇ ਜਣੇ ਆਪਣੇ-ਆਪਣੇ ਲੱਖਣ ਲਾ ਰਹੇ ਸਨ। ਕੋਈ ਆਖਦਾ ਸੀ, "ਅਫ਼ੀਮ ਤੇ ਸੁੱਖੇ ਨਾਲ ਹੱਡੀਆਂ ਲੋਹਾ ਬਣ ਗਈਆਂ ਸਨ।" ਕੋਈ ਆਖਦਾ, "ਜਲ-ਧਾਰਾ ਅਧੂਰਾ ਰਹਿ ਗਿਆ ਸੀ ਤੇ ਇਹ ਉਸੇ ਦਾ ਫਲ ਸੀ।" ਕੋਈ ਅਸਚਰਜ ਨਾਲ ਬੋਲਦਾ ਕਿ ਚਾਰ ਗੱਡਿਆਂ ਨਾਲ ਤਾਂ ਭਾਵੇਂ ਹਾਥੀ ਫੂਕ ਲਊ।

ਬਾਬੇ ਦੀ ਆਤਮਾ ਅਜੇ ਸ਼ਾਂਤ ਨਹੀਂ ਸੀ ਹੋਈ।

ਚਰੰਜੀ ਬਾਹਮਣ ਨੇ ਦਾਰਸ਼ਨਿਕ ਸੋਚ ਨਾਲ ਸਿਰ ਹਿਲਾਉਂਦੇ ਹੋਏ ਕਿਹਾ, "ਬਾਬੇ ਦਾ ਕਿਰਿਆ-ਕਰਮ ਪੂਰਾ ਹੋਣਾ ਚਾਹੀਦੈ, ਨਹੀਂ ਤਾਂ ਪਿੰਡ 'ਤੇ ਕੋਈ ਆਫ਼ਤ ਟੁੱਟੂਗੀ।"

ਅਜੀਬ ਜਾਪਦਾ ਸੀ ਕਿ ਬੁੱਢੇ ਦੀ ਦੇਹ ਹਾਲੇ ਤੀਕ ਪੂਰੀ ਤਰ੍ਹਾਂ ਸੜ ਕੇ ਢੇਰੀ ਨਹੀਂ ਸੀ ਹੋਈ, ਜਿਵੇਂ ਉਸ ਦੀ ਆਤਮਾ ਉਸੇ ਥਾਂ ਫਿਰਦੀ ਹੋਵੇ।

ਕਾਣਾ ਨੱਥੂ ਬੋਲਿਆ, "ਓਇ ਤੁਸੀਂ ਪੰਡਤਾਈ 'ਚ ਪੈ ਗਏ। ਘਿਉ, ਸਾਮਗਰੀਆਂ ਇਕੱਠੀਆਂ ਕਰਦੇ ਫਿਰਦੇ ਓ। ਜਾ ਕੇ ਬਾਬੇ ਦਾ ਮਿਰਚਾਂ ਵਾਲਾ ਕੁੱਜਾ ਲਿਆਉ।"

ਇਕ ਚੇਲਾ ਦੌੜਦਾ ਹੋਇਆ ਬੋਹੜ ਹੇਠ ਗਿਆ ਤੇ ਕੁੱਜਾ ਚੁੱਕ ਲਿਆਇਆ।

ਚਰੰਜੀ ਨੇ ਮਿਰਚਾਂ ਦਾ ਕੁੱਜਾ ਚਿਤਾ ਉਤੇ ਉਲਟ ਦਿੱਤਾ। ਅੱਗ ਦਾ ਲਾਲ ਧੂਆਂ ਚਿੜ-ਚਿੜ ਕਰਦਾ ਅਸਮਾਨ ਨੂੰ ਚੜ੍ਹ ਗਿਆ ਤੇ ਚੁਫੇਰੀਂ ਕੌੜੀ ਬਾਸ ਫੈਲ ਗਈ।

ਬਾਬੇ ਦੀ ਆਤਮਾ ਸ਼ਾਂਤ ਹੋ ਗਈ।

## 15

# ਕਾਣੀ ਵੰਡ

ਰੁਲੀਏ ਨੇ ਆਪਣੇ ਦੋਹਾਂ ਪੁੱਤਾਂ ਦਾ ਵਿਆਹ ਇਕੋ ਦਿਨ ਧਰ ਦਿੱਤਾ । ਕੁੜੀਆਂ ਵੀ ਇਕੋ ਘਰ ਦੀਆਂ ਸਨ । ਸਕੀਆਂ ਭੈਣਾਂ । ਵੱਡੇ ਪੁੱਤ ਦਾ ਵਿਆਹ ਵੱਡੀ ਕੁੜੀ ਨਾਲ ਤੇ ਛੋਟੇ ਦਾ ਛੋਟੀ ਨਾਲ ।

ਦੋਵੇਂ ਘਰ ਇਸ ਰਿਸ਼ਤੇਦਾਰੀ ਤੋਂ ਖੁਸ਼ ਸਨ । ਇਸ ਨਾਲ ਬਚਤ ਵੀ ਹੋ ਗਈ ਤੇ ਰਿਸ਼ਤਾ ਵੀ ਚੋਹਰਾ ਸੰਘਣਾ । ਭਰਾ ਸਾਂਢੂ ਬਣ ਗਏ ਤੇ ਭੈਣਾਂ ਦਰਾਣੀ-ਜਠਾਣੀ । ਇਸ ਤੋਂ ਇਲਾਵਾ ਵੱਡੇ ਭਰਾ ਦੀ ਬੀਵੀ ਭਾਬੀ ਵੀ ਲਗਦੀ ਸੀ ਤੇ ਸਾਲੀ ਵੀ ।

ਰੁਲੀਏ ਦਾ ਵੱਡਾ ਪੁੱਤ ਬਲੌਰੀ ਸਿੱਧੜ ਸੀ ਤੇ ਉਸ ਦਾ ਛੋਟਾ ਭਰਾ ਕਿਸ਼ੋਰੀ ਚਲਾਕ । ਦੋਹਾਂ ਵਿਚ ਮਸਾਂ ਦੋ ਸਾਲ ਦਾ ਫ਼ਰਕ ਸੀ, ਇਕ ਉਨੀ ਦਾ ਤੇ ਦੂਜਾ ਇੱਕੀ ਸਾਲ ਦਾ । ਪਰ ਲਗਦਾ ਇਉਂ ਸੀ ਜਿਵੇਂ ਕਿਸ਼ੋਰੀ ਵੱਡਾ ਹੋਵੇ ਕਿਉਂ ਜੁ ਉਸੇ ਦੀ ਗੱਲ ਪੁਗਦੀ ਸੀ ।

ਆੜ੍ਹਤ ਦੀ ਦੁਕਾਨ ਉਤੇ ਰੁਲੀਏ ਨੇ ਬਲੌਰੀ ਨੂੰ ਦਾਣਾ-ਫੱਕਾ ਤੁਲਵਾਉਣ ਤੇ ਝਰਾਉਣ ਉਤੇ ਲਾ ਦਿੱਤਾ ਸੀ ਤੇ ਕਿਸ਼ੋਰੀ ਨਾਵਾਂ ਉਗਰਾਹੁਣ ਉਤੇ । ਬਲੌਰੀ ਲਮਢੀਂਗਰ ਸੀ, ਖੱਬੀ ਅੱਖ ਵਿਚ ਫੋਲਾ ਤੇ ਸੁਭਾਅ ਦਾ ਨੇਕ । ਕਿਸ਼ੋਰੀ ਸੁਹਣਾ ਸੁਨੱਖਾ, ਗੱਲਬਾਤ ਵਿਚ ਚੁਸਤ ਤੇ ਸੁਭਾਅ ਦਾ ਗਰਮ ।

ਪਰ ਹੁਣ ਜਦੋਂ ਦੋਹਾਂ ਦੇ ਵਿਆਹ ਦੀ ਤਿਆਰੀ ਹੋਈ ਤਾਂ ਹਰ ਗੱਲ ਵਿਚ ਵੱਡਾ ਭਰਾ ਅੱਗੇ । ਘੋੜੀ ਪਹਿਲਾਂ ਚੜ੍ਹਿਆ, ਸ਼ਰੀਕੇ ਦੀਆਂ ਭਾਬੀਆਂ ਨੇ ਸੁਰਮਾ ਪਹਿਲਾਂ ਉਸ ਨੂੰ ਪਾਇਆ ਤੇ ਪ੍ਰੋਹਤ ਨੇ ਵੀ ਪਹਿਲਾਂ ਵਧਾਈ ਉਸੇ ਨੂੰ ਦਿੱਤੀ । ਕਿਸ਼ੋਰੀ ਨੂੰ ਛੋਟਾ ਭਰਾ ਹੋਣ ਦੇ ਨਾਤੇ ਇਨ੍ਹਾਂ ਰੀਤਾਂ ਰਸਮਾਂ ਅੱਗੇ ਝੁਕਣਾ ਹੀ ਪਿਆ ।

ਜਦੋਂ ਦੋਹਾਂ ਭਰਾਵਾਂ ਦੀ ਇਕੋ ਜੰਞ ਝੁੱਚੋ ਮੰਡੀ ਢੁੱਕੀ ਤਾਂ ਵਾਜਾ ਤੇ ਸੁਨਹਿਰਾ



ਛਤਰ ਵੀ ਇਕੋ ਸਨ । ਤਿੰਨ ਦਿਨ ਜੰਞ ਦੀ ਖ਼ਾਤਰ ਹੋਈ ।

ਵੱਡੀ ਕੁੜੀ ਦੁਆਰਕੀ ਤੇ ਉਸ ਦੀ ਛੋਟੀ ਭੈਣ ਗੁਦਾਵਰੀ ਨੂੰ ਨੁਹਾ ਕੇ ਚੈਂਚੀਆਂ ਵਿਚ ਵਲ੍ਹੇਟਿਆ ਗਿਆ । ਮਾਮੇ ਨੇ ਦੋਹਾਂ ਨੂੰ ਗੰਢੜੀਆਂ ਵਾਂਗ ਚੁੱਕ ਕੇ ਅੰਦਰ ਕੋਠੇ ਵਿਚ ਬਿਠਾਇਆ । ਉਨ੍ਹਾਂ ਦੀਆਂ ਸਹੇਲੀਆਂ ਤੇ ਨਾਇਣ ਨੇ ਉਨ੍ਹਾਂ ਦੇ ਸਿਰ ਗੁੰਦੇ ਤੇ ਰੇਸ਼ਮੀ ਜੋੜੇ ਪਹਿਨਾ ਕੇ ਸ਼ਿੰਗਾਰ ਕਰਾਇਆ ਤੇ ਸਹਾਰੇ ਵਾਲੀ ਨੱਥ ਪਵਾਈ । ਰੱਤਾ ਸਾਲੂ ਲਈ ਲੰਮਾ ਘੁੰਡ ਕੱਢੀ ਪਹਿਲਾਂ ਦੁਆਰਕੀ ਖਾਰਿਆਂ ਉਤੇ ਬੈਠੀ ਤੇ ਫਿਰ ਗੁਦਾਵਰੀ । ਦੋਵੇਂ ਭਰਾ ਖੁਸ਼ ਸਨ । ਜੰਞ ਤੁਰੀ ਤਾਂ ਇਕੋ ਨਾਇਣ ਦੋਹਾਂ ਵਹੁਟੀਆਂ ਦੀ ਰਾਖੀ ਲਈ ਉਨ੍ਹਾਂ ਦੇ ਨਾਲ ਆਈ ।

ਗੱਡੀ ਵਿਚ ਦੋਵੇਂ ਭਰਾ ਤੇ ਵਹੁਟੀਆਂ ਬੈਠੀਆਂ । ਕਿਸ਼ੋਰੀ ਨੇ ਨਾਇਣ ਦੇ ਚੂੰਢੀ ਭਰੀ ਤੇ ਪੰਜ ਰੁਪਏ ਦਾ ਨੋਟ ਹੱਥ ਵਿਚ ਫੜਾ ਕੇ ਆਖਿਆ, "ਘੁੰਡ ਤਾਂ ਚੁਕਾ ਦੇ ।"

ਨਾਇਣ ਨੇ ਘੂਰੀ ਵੱਟੀ ਤੇ ਅੱਖਾਂ ਮਟਕਾ ਕੇ ਆਖਿਆ, "ਕਿਉਂ ਕਾਹਲਾ ਹੋਇਐਂ । ਤੱਤਾ ਦੁੱਧ ਐ, ਠਾਰ-ਠਾਰ ਕੇ ਪੀਵੀਂ ।"

ਕਿਸ਼ੋਰੀ ਨੇ ਸੋਚਿਆ, ਨਾਇਣ ਚਲਾਕ ਐ । ਉਸ ਨੇ ਕੰਨ ਵਿਚ ਆਖਿਆ, "ਕਿਹੜਾ ਸਾਰੀ ਉਮਰ ਰਾਖੀ ਰਹੇਂਗੀ ! ਜ਼ਰਾ ਦੀਦਾਰ ਕਰਾ ਦੇ ।" ਤੇ ਉਸ ਨੇ ਪੰਜ ਰੁਪਏ ਹੋਰ ਉਸ ਦੀ ਮੁੱਠੀ ਵਿਚ ਦਬ ਦਿੱਤੇ ।

ਬਲੌਰੀ ਅੱਗੇ ਬੈਠਾ ਬਾਹਰ ਝਾਕ ਰਿਹਾ ਸੀ—ਦੌੜਦਿਆਂ ਕਿੱਕਰਾਂ ਤੇ ਜੰਡ ਵੇਖ ਰਿਹਾ ਸੀ । ਉਸ ਦੇ ਦਿਲ ਵਿਚ ਆਪਣੀ ਵਹੁਟੀ ਦੇ ਰੀਤਾਂ ਭਰੇ ਸੰਜੋਗ ਦਾ ਸਤਿਕਾਰ ਸੀ । ਉਹ ਸੁਹਾਗ ਰਾਤ ਨੂੰ ਹੀ ਆਪਣੀ ਵਹੁਟੀ ਦਾ ਚਿਹਰਾ ਵੇਖਣ ਦਾ ਹਾਮੀ ਸੀ । ਹੁਣ ਉਹ ਬੇਲਾਗ ਨਿਟੰਕ ਬੈਠਾ ਬਾਹਰ ਦੌੜਦੀਆਂ ਕਿੱਕਰਾਂ ਤੇ ਜੰਡ ਵੇਖ ਰਿਹਾ ਸੀ ।

ਨਾਇਣ ਨੇ ਦਸ ਰੁਪਏ ਘੁੱਟ ਕੇ ਫੜੇ ਤੇ ਵਹੁਟੀ ਦੇ ਕੰਨ ਵਿਚ ਫੂਕ ਮਾਰੀ ਕਿ ਉਹ ਘੁੰਡ ਚੁੱਕ ਦੇਵੇ । ਉਸ ਨੇ ਸਿਰ ਹਿਲਾਇਆ । ਨਾਇਣ ਨੇ ਫਿਰ ਪੋਲੇ ਜਿਹੇ ਕਿਹਾ, "ਨੀਂ ਸੰਗ ਕਾਹਦੀ, ਮੈਂ ਜੁ ਆਖਦੀ ਹਾਂ ।"

ਗੁਦਾਵਰੀ ਅੰਦਰੋਂ ਚਾਹੁੰਦੀ ਸੀ ਕਿ ਆਪਣੇ ਪਤੀ ਨੂੰ ਦੇਖੇ, ਪਰ ਉਪਰੋਂ-ਉਪਰੋਂ ਸੰਗਦੀ ਸੀ । ਉਸ ਨੇ ਸਿਰ ਭੁਆ ਕੇ ਘੁੰਡ ਚੁੱਕਿਆ ਤਾਂ ਕਿਸ਼ੋਰੀ ਦਾ ਮੂੰਹ ਅੱਡਿਆ ਰਹਿ ਗਿਆ । ਮੋਟਾ ਨੱਕ, ਚੁੰਨ੍ਹੀਆਂ ਅੱਖਾਂ, ਬੈਂਗਣੀ ਰੰਗ ਤੇ ਗੱਲ੍ਹਾਂ ਉਤੇ ਛਾਈਆਂ । ਇਹ ਹੈ ਮੇਰੀ ਵਹੁਟੀ ? ਕਿਸ਼ੋਰੀ ਦਾ ਦਿਲ ਗਿੱਟਿਆਂ ਵਿਚ ਆ ਗਿਆ । ਜਿਵੇਂ ਵਪਾਰ ਵਿਚ ਯਕਦਮ ਘਾਟਾ ਪਵੇ ਤੇ ਹਵੇਲੀ ਕੁਰਕ ਹੋ ਜਾਵੇ । ਉਹ ਇਕੋ ਦਾਅ ਵਿਚ ਸਭ ਕੁਝ ਹਾਰ ਗਿਆ ਸੀ । ਉਸ ਦੇ ਸਿਰ ਨੂੰ ਚੱਕਰ ਆ ਗਿਆ ।

ਉਸ ਦਾ ਵੱਡਾ ਭਰਾ ਇਸ ਗੱਲ ਤੋਂ ਬੇਲਾਗ ਅੱਗੇ ਬੈਠਾ ਬਾਹਰ ਦੌੜਦੀ ਦੁਨੀਆਂ ਦੇਖ ਰਿਹਾ ਸੀ ਤੇ ਇਸ ਵਿਚ ਗੁਆਚਿਆ ਹੋਇਆ ਸੀ ।

ਕਿਸ਼ੋਰੀ ਨੇ ਝੱਟ ਆਪਣੇ ਆਪ ਨੂੰ ਸੰਭਾਲਿਆ ਤੇ ਕੋਲ ਬੈਠੀ ਨਾਇਣ ਦੇ ਪੈਰਾਂ ਨੂੰ ਹੱਥ ਲਾ ਕੇ ਆਖਿਆ, "ਹੁਣ ਭਾਬੀ ਦੇ ਵੀ ਰਤਾ ਦਰਸ਼ਨ ਕਰਾ ਦੇ ।"

ਨਾਇਣ ਨੇ ਮੋਢਾ ਫੇਰ ਲਿਆ । ਕਿਸ਼ੋਰੀ ਨੇ ਜੇਬ ਵਿਚੋਂ ਸੌ ਦਾ ਨੋਟ ਕੱਢਿਆ ਤੇ ਉਸ ਦੀ ਝੋਲੀ ਵਿਚ ਪਾ ਦਿੱਤਾ । ਨਾਇਣ ਨੇ ਇਕ ਮਿੰਟ ਸੋਚਿਆ ਤੇ ਫਿਰ ਨੋਟ

ਨੂੰ ਤਣੀਆਂ ਵਾਲੇ ਬਟੂਏ ਵਿਚ ਰਖ ਲਿਆ ਜੋ ਉਸ ਦੇ ਘਗਰੇ ਨਾਲ ਬੰਨ੍ਹਿਆਂ ਹੋਇਆ ਸੀ। ਫਿਰ ਪਤਾ ਨਹੀਂ ਉਸ ਨੇ ਪਾਸੇ ਬੈਠੀ ਦੁਆਰਕੀ ਦੇ ਕੰਨ ਵਿਚ ਕੀ ਕਿਹਾ ਕਿ ਥੋੜ੍ਹੇ ਚਿਰ ਪਿਛੋਂ ਦੁਆਰਕੀ ਨੇ ਪਾਸਾ ਮੋੜਿਆ ਤੇ ਘੁੰਡ ਚੁੱਕ ਕੇ ਕਿਸ਼ੋਰੀ ਵੱਲ ਦੇਖਿਆ। ਉਸ ਦੀਆਂ ਮੋਟੀਆਂ ਕਾਲੀਆਂ ਅੱਖਾਂ ਤੇ ਦਗਦਾ ਹੋਇਆ ਖ਼ੂਬਸੂਰਤ ਚਿਹਰਾ ਨਜ਼ਰ ਆਇਆ। ਸਹਾਰੇ ਵਾਲੀ ਨੱਥ ਹੇਠ ਦੰਦਾਸੇ ਰੰਗੇ ਸ਼ਰਬਤੀ ਬੁੱਲ੍ਹ। ਦੁਆਰਕੀ ਨੇ ਝੱਟ ਘੁੰਡ ਨਾਲ ਆਪਣਾ ਚਿਹਰਾ ਕੱਜ ਲਿਆ। ਕਿਸ਼ੋਰੀ ਇਕ ਮਿੰਟ ਲਈ ਇਹ ਚਿਹਰਾ ਦੇਖ ਕੇ ਠਠੰਬਰ ਗਿਆ। ਉਸ ਦੇ ਮੱਥੇ ਉਤੇ ਸੋਚ ਦੀ ਪਰਛਾਈਂ ਕੰਬੀ ਤੇ ਉਹ ਕਿਸੇ ਖ਼ਿਆਲ ਵਿਚ ਡੁੱਬ ਗਿਆ। ਫਿਰ ਕੁਝ ਚਿਰ ਪਿਛੋਂ ਉਹ ਸੰਭਲਿਆ ਸ਼ਾਇਦ ਉਸ ਨੇ ਕੁਝ ਫ਼ੈਸਲਾ ਕਰ ਲਿਆ ਸੀ।

ਦੋਵੇਂ ਭਰਾ ਵਹੁਟੀਆਂ ਲੈ ਕੇ ਘਰ ਆਏ ਤਾਂ ਗਲੀ ਦੀਆਂ ਤੀਵੀਆਂ-ਤੱਲੀਆਂ ਇਕੱਠੀਆਂ ਹੋ ਕੇ ਨਵੀਆਂ ਵਹੁਟੀਆਂ ਨੂੰ ਦੇਖਣ ਲਈ ਆਈਆਂ ਸਨ। ਕੁੜੀਆਂ ਸਿਰ ਜੋੜੀ ਗੀਤ ਗਾ ਰਹੀਆਂ ਸਨ। ਉੱਚੀ-ਉੱਚੀ ਵਾਜਾ ਵਜ ਰਿਹਾ ਸੀ। ਪੁੱਤਾਂ ਦੀ ਮਾਂ ਹਵੇਲੀ ਦੇ ਬੂਹੇ ਉਤੇ ਖੜੀ ਚਾਂਦੀ ਦੀ ਵੱਡੀ ਗੜਵੀ ਵਿਚੋਂ ਹਰੀ ਦੱਭ ਵਾਲਾ ਪਾਣੀ ਵਾਰ ਕੇ ਪੀ ਰਹੀ ਸੀ।

ਦੋਵੇਂ ਪੁੱਤ ਜਦੋਂ ਦਲ੍ਹੀਜ਼ ਟੱਪਣ ਲੱਗੇ ਤਾਂ ਜ਼ੋਰ ਦੀ ਢੋਲ ਗੱਜਿਆ। ਵਾਜੇ ਤੇ ਗੀਤਾਂ ਦਾ ਰੌਲਾ ਪਿਆ। ਕਿਸ਼ੋਰੀ ਨੇ ਆਪਣੀ ਵਹੁਟੀ ਨੂੰ ਧੱਕਾ ਦੇ ਕੇ ਬਲੌਰੀ ਵੱਲ ਕੀਤਾ ਤੇ ਦੁਆਰਕੀ ਨੂੰ ਆਪਣੇ ਵੱਲ ਖਿੱਚ ਕੇ ਆਖਿਆ, "ਇਹੋ ਹੈ ਮੇਰੀ ਵਹੁਟੀ।

ਇਤਨੇ ਵਿਚ ਮਾਂ ਨੇ ਪਾਣੀ ਵਾਰਿਆ ਤੇ ਬਦਲਦੀਆਂ ਹੋਈਆਂ ਵਹੁਟੀਆਂ ਨਾਲ ਦੋਵੇਂ ਪੁੱਤ ਹਵੇਲੀ ਵਿਚ ਦਾਖ਼ਲ ਹੋਏ। ਗੀਤਾਂ ਦੇ ਰੌਲੇ ਵਿਚ ਸਭ ਕੁਝ ਗੁਆਚ ਗਿਆ। ਬਲੌਰੀ ਨੇ ਇਸ ਧੱਕਮਸ਼ਾਹੀ ਦੇ ਵਿਰੁੱਧ ਕੁਝ ਕਹਿਣਾ ਚਾਹਿਆ, ਪਰ ਉਸ ਵੇਲੇ ਉਸ ਦੀ ਮਾਂ ਕਿਸ਼ੋਰੀ ਤੇ ਦੁਆਰਕੀ ਦਾ ਸਿਰ ਪਲੋਸ ਰਹੀ ਸੀ ਤੇ ਗੁਦਾਵਰੀ ਉਸ ਦੇ ਨਾਲ ਲੱਗੀ ਲੰਮਾ ਘੁੰਡ ਕੱਢੀ ਖੜੀ ਸੀ। ਦੋਹਾਂ ਵਹੁਟੀਆਂ ਦਾ ਸ਼ਿੰਗਾਰ, ਸਾਲੂ ਤੇ ਮਖ਼ਮਲੀ ਸਲੀਪਰ ਇਕੋ ਰੰਗ ਦੇ ਸਨ। ਦੇਖਣ ਵਾਲੇ ਨੂੰ ਪਤਾ ਵੀ ਨਾ ਲਗਿਆ ਕਿ ਕੋਈ ਅਦਲਾ-ਬਦਲੀ ਹੋਈ ਹੈ। ਸਿਰਫ਼ ਬਲੌਰੀ ਦੇ ਦਿਲ ਵਿਚ ਕਾਤੀ ਜਿਹੀ ਵੱਜੀ ਤੇ ਉਸ ਦੀ ਫੌਲੇ ਵਾਲੀ ਅੱਖ ਫਰਕੀ। ਉਹ ਇਸ ਵਧੀਕੀ ਨੂੰ ਪਤਾ ਨਹੀਂ ਕਿਵੇਂ ਜਰ ਗਿਆ।

ਦੋਹਾਂ ਭਰਾਵਾਂ ਨੇ ਆਪਣੀ-ਆਪਣੀ ਵਹੁਟੀ ਨਾਲ ਕੰਗਣਾ ਖੇਡਿਆ। ਪਿੱਤਲ ਦੀ ਪਰਾਤ ਕੱਚੀ ਲੱਸੀ ਨਾਲ ਡਲ੍ਹਕ ਰਹੀ ਸੀ। ਕੋਲ ਬੈਠੀ ਨਾਇਣ ਨੇ ਮੁੰਦਰੀ ਪਰਾਤ ਵਿਚ ਸੁੱਟੀ ਤਾਂ ਦੁਆਰਕੀ ਦਾ ਮਹਿੰਦੀ ਵਾਲਾ ਹੱਥ ਤੇ ਕਿਸ਼ੋਰੀ ਦਾ ਮਰਦਾਵਾਂ ਹੱਥ ਕੱਚੀ ਲੱਸੀ ਵਿਚ ਘੁਲਣ ਲੱਗੇ। ਦੁਆਰਕੀ ਨੇ ਮੁੰਦਰੀ ਲੱਭ ਕੇ ਹੱਥ ਵਿਚ ਘੁੱਟ ਲਈ। ਕਿਸ਼ੋਰੀ ਨੇ ਝੱਟ ਉਸ ਦੀ ਮੁੱਠੀ ਨੂੰ ਫੜ ਕੇ ਘੁੱਟਿਆ ਤੇ ਮੁੰਦਰੀ ਉਸ ਦੇ ਹੱਥ ਵਿਚ ਆ ਗਈ। ਦੋਹਾਂ ਦੇ ਹੱਥਾਂ ਨੇ ਕੱਚੀ ਲੱਸੀ ਹੇਠ ਝੁਣਝਣੀਆਂ ਭਰਿਆ ਖੇਲ੍ਹ ਖੇਲ੍ਹਿਆ। ਤੇ ਉਨ੍ਹਾਂ ਦਾ ਰਿਸ਼ਤਾ ਹੋਰ ਵੀ ਪੱਕਾ ਹੋ ਗਿਆ।

ਬਲੌਰੀ ਦੀ ਵਾਰੀ ਆਈ ਤਾਂ ਨਾਇਣ ਨੇ ਫਿਰ ਮੁੰਦਰੀ ਸੁੱਟੀ। ਗੁਦਾਵਰੀ ਨੇ ਝੱਟ ਇਸ ਨੂੰ ਲੱਭ ਕੇ ਚਲਾਕੀ ਨਾਲ ਲੁਕੋ ਲਿਆ ਤੇ ਸਿੱਧੜ ਬਲੌਰੀ ਕੱਚੀ ਲੱਸੀ



ਵਿਚ ਐਵੇਂ ਹੱਥ ਮਾਰਦਾ ਰਿਹਾ। ਫਿਰ ਜਦੋਂ ਗੁਦਾਵਰੀ ਨੇ ਮੁੱਠੀ ਬਾਹਰ ਕੱਢੀ ਤਾਂ ਬਲੌਰੀ ਨੇ ਇਸ ਨੂੰ ਖੋਲ੍ਹਣ ਦਾ ਉਪਰਾਲਾ ਕੀਤਾ। ਸੰਗ ਨਾਲ ਉਹਦਾ ਮੂੰਹ ਲਾਲ ਹੋ ਗਿਆ। ਉਸ ਨੇ ਹੱਥ ਛੱਡ ਦਿੱਤਾ। ਇਸ ਹਾਰ ਵਿਚ ਇਸ ਗੱਲ ਦਾ ਵੀ ਰਤਾ ਕੁ ਦਖ਼ਲ ਸੀ ਕਿ ਬਲੌਰੀ ਨੂੰ ਗੁਦਾਵਰੀ ਦੀ ਮੁੱਠੀ ਬਾਰੇ ਬਗਾਨੀ ਤੀਵੀਂ ਦੀ ਮੁੱਠੀ ਦਾ ਝਉਲਾ ਪੈਂਦਾ ਸੀ।

ਰਾਤ ਨੂੰ ਮਾਂ ਨੇ ਦੋਹਾਂ ਪੁੱਤਾਂ ਲਈ ਵੱਖ-ਵੱਖ ਚੁਬਾਰਿਆਂ ਵਿਚ ਸੇਜਾਂ ਸਜਾਈਆਂ। ਪਰ ਬਲੌਰੀ ਬਾਹਰ ਰੌਂਸ ਉਤੇ ਬੈਠਾ ਸੋਚਦਾ ਸੀ ਕਿ ਅੰਦਰ ਚੁਬਾਰੇ ਵਿਚ ਉਸੇ ਦੀ ਵਹੁਟੀ ਉਸ ਨੂੰ ਉਡੀਕ ਰਹੀ ਹੈ। ਆਖ਼ਿਰ ਉਸ ਨੇ ਆਪਣੇ ਮਨ ਨੂੰ ਸੰਭਾਲਿਆ ਤੇ ਅੰਦਰ ਚਲਾ ਗਿਆ।

ਆਲੇ ਵਿਚ ਦੀਵਾ ਬਲ ਰਿਹਾ ਸੀ ਤੇ ਗੁਦਾਵਰੀ ਭੁੰਜੇ ਬੈਠੀ ਸੀ। ਜਦੋਂ ਬਲੌਰੀ ਨੇ ਹੱਥ ਲਾਇਆ ਤਾਂ ਉਹ ਸੁੰਗੜ ਕੇ ਇਕ ਪਾਸੇ ਹੋ ਗਈ। ਘੁੰਡ ਵਿਚੋਂ ਅਵਾਜ਼ ਆਈ, "ਮੈਨੂੰ ਹੱਥ ਨਾ ਲਾਉਣਾ।"

ਇਨ੍ਹਾਂ ਸ਼ਬਦਾਂ ਵਿਚੋਂ ਗੁਦਾਵਰੀ ਦਾ ਦ੍ਰਿੜ੍ਹ ਫੈਸਲਾ ਭੁੜਕ ਕੇ ਬਾਹਰ ਆਇਆ ਕਿ ਉਹ ਉਸ ਦੀ ਪਤਨੀ ਨਹੀਂ ਸੀ। ਉਸ ਦੀ ਪਤਨੀ ਨਾਲ ਤਾਂ ਉਸ ਵੇਲੇ ਦੂਜੇ ਚੁਬਾਰੇ ਵਿਚ ਉਸ ਦਾ ਛੋਟਾ ਭਰਾ ਕਿਸ਼ੋਰੀ ਸੁਹਾਗ ਰਾਤ ਮਨਾ ਰਿਹਾ ਸੀ।

ਗੁਦਾਵਰੀ ਦੇ ਸ਼ਬਦ ਗਰਮ ਸਲਾਈ ਵਾਂਗ ਬਲੌਰੀ ਦੀ ਹਿੱਕ ਵਿਚ ਉਤਰ ਗਏ। ਬੇਬਸੀ ਦੀ ਅਜੀਬ ਪੀੜ ਉਸ ਮਹਿਸੂਸ ਕੀਤੀ ਤੇ ਕੁਝ ਦੇਰ ਲਈ ਉਸ ਦੀਆਂ ਅੱਖਾਂ ਅੱਗੇ ਧੂਆਂ ਜਿਹਾ ਫਿਰ ਗਿਆ। ਉਹ ਕੰਬ ਰਿਹਾ ਸੀ। ਉਸ ਦੀਆਂ ਅੱਖਾਂ ਵਿਚੋਂ ਦੋ ਮੋਟੇ ਹੰਝੂ ਡਿੱਗੇ।

ਉਹ ਕਮਰੇ ਵਿਚੋਂ ਬਾਹਰ ਆ ਗਿਆ ਤੇ ਰੌਂਸ ਉਤੇ ਬੈਠ ਗਿਆ। ਸਾਰੀ ਰਾਤ ਉਹ ਰੌਂਸ ਉਤੇ ਬੈਠਾ ਰਿਹਾ। ਅਕਾਸ਼ ਦੇ ਤਾਰੇ ਥਾਂ ਬਦਲਦੇ ਗਏ, ਖਿੱਤੀਆਂ ਕਿਤੇ ਦੀਆਂ ਕਿਤੇ ਚਲੀਆਂ ਗਈਆਂ ਤੇ ਬਲੌਰੀ ਉਸੇ ਥਾਂ ਬੈਠਾ ਰਿਹਾ। ਸੈਂਕੜੇ ਖ਼ਿਆਲ ਉਸ ਦੇ ਮਨ ਵਿਚ ਆਏ। ਜੀਵਨ ਦਾ ਸਾਰਾ ਨਕਸ਼ਾ ਉਸ ਦੀਆਂ ਅੱਖਾਂ ਅੱਗੇ ਆ ਗਿਆ।

ਉਹ ਸਾਰੀ ਉਮਰ ਛੋਟੇ ਭਰਾ ਤੋਂ ਦਬਦਾ ਰਿਹਾ ਸੀ। ਜਦੋਂ ਉਹ ਦੋਵੇਂ ਕੱਚ ਦੀਆਂ ਗੋਲੀਆਂ ਨਾਲ ਖੇਡਦੇ ਤਾਂ ਕਿਸ਼ੋਰੀ ਰੋਣ ਲਗਦਾ ਤੇ ਰੰਗ-ਬਰੰਗੀਆਂ ਧਾਰੀ ਵਾਲੀਆਂ ਗੋਲੀਆਂ ਉਹ ਲੈ ਲੈਂਦਾ। ਕੌਡੀਆਂ ਤੇ ਅਖ਼ਰੋਟ ਖੇਡਦੇ ਤਾਂ ਕਿਸ਼ੋਰੀ ਖੁੱਤੀ ਮੱਲ ਕੇ ਬੈਠ ਜਾਂਦਾ ਅਤੇ ਰੋਂਡ ਮਾਰ ਕੇ ਸਾਰੇ ਅਖ਼ਰੋਟ ਹੂੰਝ ਲੈਂਦਾ। ਬੇਰੀਆਂ ਉਤੋਂ ਬੇਰ ਲਾਹੁਣ ਜਾਂਦੇ ਤਾਂ ਬਲੌਰੀ ਉਪਰ ਚੜ੍ਹ ਜਾਂਦਾ ਤੇ ਬੇਰੀ ਨੂੰ ਹਲੂਣਦਾ। ਪੱਕੇ ਬੇਰ ਗਿਰ ਜਾਂਦੇ। ਹੇਠਾਂ ਖੜਾ ਕਿਸ਼ੋਰੀ ਪੱਕੇ-ਪੱਕੇ ਬੇਰਾਂ ਨਾਲ ਝੋਲੀ ਭਰ ਲੈਂਦਾ ਤੇ ਕਾਣੇ ਕੱਚੇ ਬੇਰ ਬਲੌਰੀ ਲਈ ਰਹਿ ਜਾਂਦੇ। ਬਲੌਰੀ ਉਸ ਨੂੰ ਛੋਟਾ ਭਰਾ ਸਮਝ ਕੇ ਇਨ੍ਹਾਂ ਜ਼ਿਆਦਤੀਆਂ ਨੂੰ ਬਰਦਾਸ਼ਤ ਕਰ ਲੈਂਦਾ। ਹੌਲੀ-ਹੌਲੀ ਛੋਟੇ ਭਰਾ ਦੀ ਹਰ ਗੱਲ ਵਿਚ ਉਛਲ ਮੰਨੀ ਜਾਣ ਲੱਗੀ।

ਬਲੌਰੀ ਨੇ ਘਰ ਵਿਚ ਆਪਣੇ ਲਈ ਦੂਜੀ ਥਾਂ ਸਵੀਕਾਰ ਕਰ ਲਈ। ਉਹ ਹਰ ਗੱਲ ਵਿਚ ਦੂਜੇ ਥਾਂ। ਜੇ ਦੋਹਾਂ ਭਰਾਵਾਂ ਲਈ ਉਨ੍ਹਾਂ ਦਾ ਪਿਉ ਸ਼ੀਰਨੀ ਦੀਆਂ ਢੇਰੀਆਂ

ਪਾਉਂਦਾ ਤਾਂ ਕਿਸ਼ੋਰੀ ਨੂੰ ਪਹਿਲਾਂ ਪੁੱਛਿਆ ਜਾਂਦਾ ਕਿ ਕਿਹੜੀ ਢੇਰੀ ਲਏਂਗਾ। ਮਾਂ ਤੇ ਪਿਉ ਦੇ ਦਿਲ ਵਿਚ ਤੇ ਉਨ੍ਹਾਂ ਦੇ ਰਿਸ਼ਤੇ ਵਿਚ ਵੀ ਕਿਸ਼ੋਰੀ ਹੀ ਮੀਰੀ ਸੀ। ਬਲੌਰੀ ਦੀ ਸ਼ਖ਼ਸੀਅਤ ਹੌਲੀ-ਹੌਲੀ ਇਸੇ ਸੱਚੇ ਵਿਚ ਢਲ ਗਈ। ਉਸ ਦੀ ਅੱਖ ਵਿਚ ਫੋਲਾ ਹੋਣ ਕਰਕੇ ਘਰ ਵਿਚ ਉਸ ਨੂੰ ਕਿਸੇ ਹੁਸੀਨ ਵਸਤ ਜਾਂ ਜਜ਼ਬੇ ਨਾਲ ਸੰਬੰਧਿਤ ਨਹੀਂ ਸੀ ਕੀਤਾ ਜਾਂਦਾ।

ਬਲੌਰੀ ਨੇ ਸਾਰੀ ਉਮਰ ਇਹ ਹੀਣਤਾ ਪੁਗਾਈ। ਪਰ ਹੁਣ...ਜਦੋਂ ਉਸ ਦੇ ਛੋਟੇ ਭਰਾ ਨੇ ਉਸ ਦੀ ਵਹੁਟੀ ਨੂੰ ਵੀ ਸ਼ੀਰਨੀ ਦੀ ਢੇਰੀ ਵਾਂਗ ਸਾਂਭ ਲਿਆ ਤਾਂ ਉਹ ਬਰਦਾਸ਼ਤ ਨਾ ਕਰ ਸਕਿਆ। ਉਹ ਇਸ ਹੀਣਤਾ ਨੂੰ ਜੀਭ 'ਤੇ ਵੀ ਨਹੀਂ ਸੀ ਲਿਆ ਸਕਦਾ। ਇਸ ਬਾਰੇ ਕਿਸੇ ਕੋਲ ਸ਼ਿਕਾਇਤ ਨਹੀਂ ਸੀ ਕਰ ਸਕਦਾ। ਇਹ ਉਸ ਦੇ ਅਸਤਿਤਵ ਉਤੇ ਆਖ਼ਰੀ ਹਮਲਾ ਸੀ, ਅੰਤਮ ਹੀਣਤਾ ਜਿਸ ਨਾਲ ਉਸ ਦਾ ਵਜੂਦ ਖੇਰੂੰ-ਖੇਰੂੰ ਹੋ ਰਿਹਾ ਸੀ।

ਪਹੁ ਫਟੇ ਉਹ ਰੌਂਸ ਤੋਂ ਉਠਿਆ, ਪੌੜੀਆਂ ਉਤਰਿਆ ਤੇ ਹਵੇਲੀ ਦੇ ਵੱਡੇ ਬੂਹੇ ਦਾ ਕੁੰਡਾ ਖੋਲ੍ਹ ਕੇ ਬਾਹਰ ਨਿਕਲ ਗਿਆ।

ਦਿਨ ਚੜ੍ਹੇ ਜਦੋਂ ਮਾਂ ਛੁਹਾਰਿਆਂ ਵਾਲੇ ਦੁੱਧ ਦੇ ਦੋ ਗਲਾਸ ਲੈ ਕੇ ਉਪਰ ਗਈ ਤਾਂ ਬਲੌਰੀ ਦੀ ਸੇਜ ਖ਼ਾਲੀ ਸੀ ਤੇ ਗੁਦਾਵਰੀ ਭੁੰਜੇ ਸੁੱਤੀ ਪਈ ਸੀ।

ਸਾਰੇ ਘਰ ਵਿਚ ਰੌਲਾ ਪੈ ਗਿਆ ਕਿ ਬਲੌਰੀ ਕਿਧਰ ਗਿਆ।

ਦੋ ਦਿਨ ਲੰਘ ਗਏ, ਪੰਜ ਦਿਨ ਲੰਘ ਗਏ, ਬਲੌਰੀ ਨਾ ਮੁੜਿਆ। ਉਸ ਦੇ ਮਾਂ-ਪਿਉ ਨੇ ਰਿਸ਼ਤੇਦਾਰਾਂ ਨੂੰ ਚਿੱਠੀਆਂ ਪਾਈਆਂ, ਸਹੁਰਿਆਂ ਵੱਲ ਆਦਮੀ ਭੇਜਿਆ, ਦੋ-ਤਿੰਨ ਪੁਰਾਣੇ ਦੋਸਤਾਂ ਨੂੰ ਤਾਰਾਂ ਦਿੱਤੀਆਂ। ਆਖ਼ਰ ਥਾਣੇ ਇਤਲਾਹ ਦਿੱਤੀ। ਪਰੇਸ਼ਾਨੀ ਵਿਚ ਮਾਪੇ ਹਰ ਥਾਂ ਟੋਲਦੇ ਫਿਰੇ, ਪਰ ਬਲੌਰੀ ਦਾ ਪਤਾ ਨਾ ਲੱਗਾ।

ਦਸ ਦਿਨ ਪਿਛੋਂ ਥਾਣੇਦਾਰ ਆਇਆ ਤੇ ਉਸ ਦੱਸਿਆ ਕਿ ਰੋਹੀ ਵਾਲੇ ਅੰਨ੍ਹੇ ਖੂਹ ਵਿਚੋਂ ਇਕ ਆਦਮੀ ਦੀ ਲਾਸ਼ ਮਿਲੀ ਹੈ। ਬਕਰੀਆਂ ਚਰਾਉਂਦੇ ਆਜੜੀਆਂ ਦੱਸਿਆ ਕਿ ਖੂਹ ਵਿਚੋਂ ਸੜ੍ਹਾਂਦ ਆ ਰਹੀ ਸੀ। ਇਹ ਬਲੌਰੀ ਦੀ ਲਾਸ਼ ਸੀ।

ਦੋਹਾਂ ਭੈਣਾਂ ਵਿਚੋਂ ਕਿਸੇ ਨੂੰ ਨਹੀਂ ਸੀ ਪਤਾ ਕਿ ਕਿਹੜੀ ਰੰਡੀ ਹੋ ਗਈ।

## 16

# ਮਲੱਠੀ ਵਾਲਾ ਪਾਨ

ਜਦੋਂ ਅੰਜਨਾ ਤੇ ਮੈਂ ਸੈਰ ਕਰਨ ਨਿਕਲਦੇ ਤਾਂ ਸਾਰੇ ਮੁੰਡੇ ਮੇਰੇ ਉਤੇ ਰਸ਼ਕ ਕਰਦੇ। ਮੈਂ ਵੀ ਸੋਚਦਾ ਕਿ ਅੰਜਨਾ ਵਰਗੀ ਸੁਹਣੀ ਕੁੜੀ ਨਾਲ ਇਸ਼ਕ ਕਿਸੇ ਬਾਦਸ਼ਾਹਤ ਨਾਲੋਂ ਘੱਟ ਨਹੀਂ ਸੀ।

ਲਾਹੌਰ ਦੇ ਐਫ. ਸੀ. ਕਾਲਜ ਵਿਚ ਭਾਵੇਂ ਕੁੜੀਆਂ ਵੀ ਪੜ੍ਹਦੀਆਂ ਸਨ, ਪਰ ਉਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਵਾਂਗ ਹੀ ਸੀ। ਇਕ ਹਜ਼ਾਰ ਮੁੰਡਾ ਤੇ ਤੀਹ ਕੁੜੀਆਂ। ਅੰਜਨਾ ਸਭਨਾਂ ਵਿਚੋਂ ਫੈਸ਼ਨੇਬਲ।

ਉਨ੍ਹੀਂ ਦਿਨੀਂ ਖੁੱਲ੍ਹੇ ਪਾਉਂਚਿਆਂ ਵਾਲੀ ਸਲਵਾਰ ਤੇ ਕੋਰੜਾ-ਚੁੰਨੀ ਦਾ ਰਿਵਾਜ ਸੀ—ਤੇ ਉਸ ਨੂੰ ਇਹ ਪਹਿਰਾਵਾ ਫਬਦਾ ਸੀ। ਮੁੰਡੇ ਉਸ ਨੂੰ ਲੰਘਦੀ ਨੂੰ ਦੇਖਦੇ ਤਾਂ ਦਬੇ ਲਹਿਜੇ ਵਿਚ 'ਹਾਏ' ਕਰਦੇ। ਕਈਆਂ ਨੇ ਉਸ ਉਤੇ ਨਜ਼ਮਾਂ ਲਿਖੀਆਂ। ਦਿਲ-ਜਲੇ ਆਸ਼ਿਕ ਬਲੈਕ-ਬੋਰਡ ਉਤੇ ਉਸ ਦੀ ਸ਼ਕਲ ਵਾਹ ਕੇ ਕੋਈ ਚੋਂਦਾ-ਚੋਂਦਾ ਸ਼ੇਅਰ ਲਿਖ ਦੇਂਦੇ।

ਕਾਲਜ ਖ਼ਤਮ ਹੋਣ ਪਿਛੋਂ ਅੰਜਨਾ ਤੇ ਮੈਂ ਹਰ ਰੋਜ਼ ਨੀਲਾ-ਗੁੰਬਦ ਵਾਲੀ ਦੁਕਾਨ ਤੋਂ ਪਾਨ ਖ਼ਰੀਦਦੇ। ਉਸ ਨੂੰ ਮਲੱਠੀ ਵਾਲੇ ਪਾਨ ਦਾ ਸ਼ੌਕ ਸੀ। ਪਾਨ ਵਾਲਾ ਸਾਨੂੰ ਦੇਖਣਸਾਰ ਬਰਫ਼ ਦੀ ਸਿੱਲੀ ਉਤੇ ਠੰਢੇ ਕੀਤੇ ਤੇ ਕੱਥਾ-ਚੂਨਾ ਲੱਗੇ ਪਾਨਾਂ ਵਿਚੋਂ ਇਕ ਵੱਡਾ ਹਰਾ ਬੰਗਲਾ ਪੱਤਾ ਚੁੱਕਦਾ ਤੇ ਨਿੱਕੀਆਂ-ਨਿੱਕੀਆਂ ਡੱਬੀਆਂ ਵਿਚੋਂ ਖ਼ੁਸ਼ਬੂਦਾਰ ਸੁਪਾਰੀਆਂ ਤੇ ਤਰ੍ਹਾਂ-ਤਰ੍ਹਾਂ ਦੇ ਮਸਾਲੇ ਪਾਉਂਦਾ। ਫਿਰ ਇਲਾਇਚੀ ਤੇ ਕੇਸਰ ਦੀਆਂ ਤੁਰੀਆਂ ਪਾ ਕੇ ਮਲੱਠੀ ਦੀ ਚੁਟਕੀ ਛਡਦਾ ਤੇ ਚਾਂਦੀ ਦੇ ਵਰਕ ਵਿਚ ਵਲ੍ਹੇਟ ਕੇ, ਕਿਓੜਾ ਛਿੜਕ ਕੇ ਪਾਨ ਫੜਾਉਂਦਾ। ਮੈਂ ਅੱਧਾ ਪਾਨ ਦੰਦਾਂ ਹੇਠ ਟੁੱਕ ਕੇ ਅੰਜਨਾ ਨੂੰ ਦੇਂਦਾ, ਜਿਸ ਨੂੰ ਉਹ ਪਿਆਰ ਦਾ ਤੁਹਫ਼ਾ ਸਮਝ ਕੇ ਖਾਂਦੀ।

ਮਲੱਠੀ ਵਾਲਾ ਪਾਨ ਸਾਡੀਆਂ ਸਭਨਾਂ ਜਜ਼ਬਾਤੀ ਸਾਂਝਾਂ ਦਾ ਚਿੰਨ੍ਹ ਬਣ ਗਿਆ

ਸੀ। ਕਈ ਵਾਰੀ ਉਹ ਅੱਧਾ ਪਾਨ ਮੂੰਹ ਵਿਚ ਪਾਉਂਦੀ ਹੋਈ ਆਖਦੀ, "ਸਾਡੇ ਪਿਆਰ ਦਾ ਰੰਗ ਵੀ ਇਤਨਾ ਹੀ ਸੂਹਾ ਹੈ।"

ਮੈਂ ਉਨ੍ਹੀਂ ਦਿਨੀਂ ਫ਼ਿਲਮੀ ਪਿਆਰ ਤੋਂ ਬਹੁਤ ਪ੍ਰਭਾਵਿਤ ਸਾਂ। ਆਖਦਾ, "ਅੰਜਨਾ ਤੂੰ ਮੇਰੇ ਸੁਪਨਿਆਂ ਦੀ ਰਾਣੀ ਹੈ। ਤੇਰੇ ਬਗ਼ੈਰ ਮੇਰੀ ਦੁਨੀਆਂ ਵੀਰਾਨ ਹੈ।"

ਇਨ੍ਹਾਂ ਇਸ਼ਕ-ਭਿੱਜੇ ਸ਼ਬਦਾਂ ਨੂੰ ਸੁਣ ਕੇ ਉਸ ਦੀਆਂ ਗੱਲ੍ਹਾਂ ਉਤੇ ਸੁਰਖੀ ਦੌੜ ਜਾਂਦੀ ਤੇ ਪਾਨ ਨਾਲ ਰੰਗੇ ਹੋਏ ਬੁੱਲ੍ਹ ਹੋਰ ਵੀ ਸੂਹੇ ਹੋ ਉਠਦੇ।

"ਅੰਜਨਾ ਜਿਤਨੀ ਫੈਸ਼ਨ ਵਿਚ ਅੱਗੇ ਸੀ, ਉਤਨੀ ਪੜ੍ਹਾਈ ਵਿਚ ਪਿੱਛੇ। ਉਸ ਦੀ ਮਾਂ ਨੂੰ ਆਪਣੀ ਧੀ ਦੇ ਹੁਸਨ ਦਾ ਘੁਮੰਡ ਸੀ। ਉਹ ਆਖਦੀ, "ਮੇਰੀ ਧੀ ਨੇ ਕੋਈ ਨੌਕਰੀ ਕਰਨੀ ਏ? ਮੈਂ ਤਾਂ ਇਸ ਨੂੰ ਥੋੜ੍ਹੀ-ਬਹੁਤ ਅੰਗ੍ਰੇਜ਼ੀ ਸਿਖਾਉਣੀ ਏ।"

ਕਾਲਜ ਦੀ ਹਵਾ ਲਵਾ ਕੇ ਦੋ ਸਾਲ ਪਿਛੋਂ, ਜਦੋਂ ਉਹ ਐਫ. ਏ. ਵਿਚੋਂ ਫੇਲ੍ਹ ਹੋ ਗਈ, ਮਾਂ ਨੇ ਅੰਜਨਾ ਨੂੰ ਪੜ੍ਹਨੋਂ ਹਟਾ ਲਿਆ।

ਪਤੀ ਦੇ ਮਰਨ ਪਿਛੋਂ ਉਸ ਦੀ ਮਾਂ ਨੂੰ ਨਿਸਬਤ ਰੋਡ ਦੀਆਂ ਦੋ ਦੁਕਾਨਾਂ ਦਾ ਕਿਰਾਇਆ ਆਉਂਦਾ ਸੀ। ਰਹਿਣ ਲਈ ਮਕਾਨ ਆਪਣਾ ਸੀ। ਸੱਤਰ ਰੁਪਏ ਵਿਚ ਹੀ ਉਨ੍ਹਾਂ ਦਾ ਚੰਗਾ ਗੁਜ਼ਾਰਾ ਹੋ ਜਾਂਦਾ। ਵੱਡੀ ਧੀ ਦਾ ਵਿਆਹ ਉਸ ਨੇ ਗੁਰਦਾਸਪੁਰ ਦੇ ਇਕ ਨੌਜਵਾਨ ਤਸੀਲਦਾਰ ਨਾਲ ਕਰ ਦਿੱਤਾ ਸੀ। ਇਸ ਪਿਛੋਂ ਉਹ ਇਕੱਲੀ ਮਹਿਸੂਸ ਕਰਨ ਲੱਗੀ ਸੀ। ਹੁਣ ਲਾਡਲੀ ਧੀ ਅੰਜਨਾ ਘਰ ਵਿਚ ਸੀ, ਜਿਸ ਦਾ ਮਾਂ ਨੂੰ ਸਹੇਲੀਆਂ ਵਰਗਾ ਆਸਰਾ ਸੀ।

ਕਾਲਜ ਛੱਡਣ ਉਤੇ ਵੀ ਅੰਜਨਾ ਦਾ ਤੇ ਮੇਰਾ ਪਿਆਰ ਉਸੇ ਤਰ੍ਹਾਂ ਰਿਹਾ। ਮੈਂ ਦਿਨ ਵਿਚ ਇਕ ਵਾਰ ਉਸ ਦੇ ਘਰ ਜ਼ਰੂਰ ਜਾਂਦਾ।

ਉਸ ਦੀ ਮਾਂ ਮੈਨੂੰ ਪਸੰਦ ਕਰਦੀ ਸੀ, ਪਰ ਮੇਰੀ ਆਰਥਕ ਹਾਲਤ, ਸ਼ਕਲ, ਕੱਦ, ਰੰਗ ਤੇ ਖ਼ਾਨਦਾਨ ਉਸ ਦੇ ਮਿਆਰ ਉਤੇ ਪੂਰੇ ਨਹੀਂ ਸਨ ਉਤਰਦੇ। ਕਈ ਵਾਰ ਉਹ ਮੇਰੇ ਕੋਲੋਂ ਅੰਜਨਾ ਦੇ ਵਿਆਹ ਬਾਰੇ ਪੁੱਤਾਂ ਵਾਂਗ ਸਲਾਹ ਲੈਂਦੀ ਤੇ ਅਮੀਰ ਘਰਾਣਿਆਂ ਤੋਂ ਆਏ ਰਿਸ਼ਤਿਆਂ ਦੀ ਗੱਲ ਕਰਦੀ। ਇਕ ਵਾਰ ਉਸ ਨੇ ਕਿਸੇ ਪਹਾੜੀ ਰਿਆਸਤ ਦੇ ਰਾਜਕੁਮਾਰ ਦੀ ਗੱਲ ਵੀ ਕੀਤੀ, ਜੋ ਅੰਜਨਾ ਨੂੰ ਦੇਖ ਕੇ ਮੋਹਿਤ ਹੋ ਗਿਆ ਸੀ। ਪਰ ਮਾਂ ਨੂੰ ਉਸ ਦਾ ਫੀਨ੍ਹਾ ਨੱਕ ਪਸੰਦ ਨਹੀਂ ਸੀ ਆਇਆ। ਉਹ ਅੰਜਨਾ ਨੂੰ ਕਿਸੇ ਸੋਲਾਂ-ਕਲਾ-ਸੰਪੂਰਨ ਨੌਜਵਾਨ ਨਾਲ ਹੀ ਵਿਆਹੁਣਾ ਚਾਹੁੰਦੀ ਸੀ।

ਜਦੋਂ ਮੈਂ ਐਮ. ਏ. ਪਾਸ ਕੀਤੀ, ਤਾਂ ਅੰਜਨਾ ਦੇ ਹੁਸਨ ਦੇ ਚਰਚੇ ਸਨ। ਇਨ੍ਹਾਂ ਚਾਰ ਸਾਲਾਂ ਵਿਚ ਮੈਂ ਪੜ੍ਹਾਈ ਵਿਚ ਤਰੱਕੀ ਕੀਤੀ, ਅੰਜਨਾ ਨੇ ਹੁਸਨ ਵਿਚ। ਪਰ ਸਾਡਾ ਰਿਸ਼ਤਾ ਮਲੱਠੀ ਵਾਲੇ ਪਾਨ ਉਤੇ ਹੀ ਖੜ੍ਹਾ ਰਿਹਾ।

ਰੇਡੀਓ ਸਟੇਸ਼ਨ ਉਤੇ ਮੈਨੂੰ ਸਵਾ ਸੌ ਰੁਪਏ ਦੀ ਨੌਕਰੀ ਮਿਲ ਗਈ। ਇਸ ਵਿਚ ਮੇਰਾ ਇਕੱਲੇ ਦਾ ਮਸਾਂ ਗੁਜ਼ਾਰਾ ਹੁੰਦਾ ਸੀ। ਮੈਨੂੰ ਯਕੀਨ ਹੋ ਗਿਆ ਸੀ ਕਿ ਅੰਜਨਾ ਨਾਲ ਮੇਰਾ ਵਿਆਹ ਨਹੀਂ ਸੀ ਹੋ ਸਕਦਾ। ਪਰ ਨਾਲ ਹੀ ਇਹ ਵੀ ਯਕੀਨ ਸੀ ਕਿ ਮੈਂ ਉਸ ਨੂੰ ਸਾਰੀ ਉਮਰ ਨਹੀਂ ਭੁੱਲ ਸਕਾਂਗਾ।

ਅੰਜਨਾ ਵੀ ਹੌਲੀ-ਹੌਲੀ ਆਪਣੀ ਮਾਂ ਦੀ ਹਾਮੀ ਓਟਣ ਲੱਗ ਪਈ। ਉਸ ਨੂੰ ਆਪਣੀ ਖ਼ੂਬਸੂਰਤੀ ਦਾ ਪੂਰਾ ਅਹਿਸਾਸ ਹੋ ਗਿਆ ਸੀ। ਉਹ ਆਪਣੀ ਸੁੰਦਰਤਾ



ਦੀ ਸ਼ਕਤੀ ਨੂੰ ਜਾਣ ਗਈ ਸੀ। ਉਸ ਦਾ ਖ਼ਿਆਲ ਸੀ ਕਿ ਜੇ ਕੁੜੀ ਸੁਹਣੀ ਹੋਵੇ ਤਾਂ ਉਸ ਨੂੰ ਹੋਰ ਕਿਸੇ ਸਿਫ਼ਤ ਦੀ ਲੋੜ ਨਹੀਂ।

ਇਕ ਦਿਨ ਉਸ ਦੀ ਮਾਂ ਨੇ ਮੈਨੂੰ ਅਲਹਿਦਾ ਬੁਲਾ ਕੇ ਆਖਿਆ, "ਕਾਕਾ, ਹੁਣ ਤੇਰੀ ਨੌਕਰੀ ਲੱਗ ਗਈ ਏ। ਕਿਤੇ ਵਿਆਹ ਕਰਵਾ ਲੈ। ਇਸ ਤਰ੍ਹਾਂ ਹਰ ਰੋਜ਼ ਤੇਰਾ ਸਾਡੇ ਘਰ ਆਉਣ ਠੀਕ ਨਹੀਂ। ਅੰਜਨਾ ਸੁੱਖ ਨਾਲ ਜਵਾਨ ਹੋ ਗਈ ਏ। ਮੈਂ ਕਿਤੇ ਉਸ ਦਾ ਰਿਸ਼ਤਾ ਪੱਕਾ ਕਰਨਾ ਚਾਹੁੰਦੀ ਹਾਂ। ਜੇ ਉਸ ਦੇ ਹੋਣ ਵਾਲੇ ਪਤੀ ਨੇ ਕਿਧਰੇ ਤੁਹਾਨੂੰ ਦੇਖ ਲਿਆ ਤਾਂ ਮੁਸ਼ਕਲ ਹੋ ਜਾਵੇਗੀ। ਮੈਂ ਤੈਨੂੰ ਪੁੱਤਾਂ ਵਾਂਗ ਸਮਝਦੀ ਹਾਂ, ਪਰ ਲੋਕ ਤਾਂ ਸ਼ੱਕ ਕਰਨੋਂ ਨਹੀਂ ਟਲਦੇ।"

ਮੈਂ ਇਨ੍ਹਾਂ ਸ਼ਬਦਾਂ ਨੂੰ ਇਉਂ ਸੁਣਿਆ ਜਿਵੇਂ ਕੋਈ ਕਾਤਿਲ ਫਾਂਸੀ ਦੀ ਸਜ਼ਾ ਸੁਣੇ। ਥੋੜ੍ਹੀ ਦੇਰ ਮੈਂ ਚੁੱਪ ਰਿਹਾ ਤੇ ਫਿਰ ਬੋਲਿਆ, "ਮੈਂ ਅੰਜਨਾ ਦੇ ਚੰਗੇ ਭਵਿੱਖ ਵਿਚ ਵਿਘਨ ਨਹੀਂ ਬਣਾਂਗਾ। ਮੈਂ ਉਸ ਨੂੰ ਪਿਆਰ ਕਰਦਾ ਹਾਂ ਤੇ ਸਾਰੀ ਉਮਰ ਕਰਦਾ ਰਹਾਂਗਾ। ਮੈਂ ਉਸ ਨੂੰ ਸੁਖੀ ਦੇਖਣਾ ਚਾਹੁੰਦਾ ਹਾਂ।"

ਇਹ ਆਦਰਸ਼ਵਾਦੀ ਸ਼ਬਦ ਮੈਂ ਕਿਸੇ ਸੱਚੇ ਆਸ਼ਿਕ ਵਾਂਗ ਦਿਲੋਂ ਆਖੇ ਸਨ। ਉਸ ਦੀ ਮਾਂ ਦਾ ਦਿਲ ਪੰਘਰ ਗਿਆ ਤੇ ਕਹਿਣ ਲੱਗੀ, "ਬੇਟਾ, ਮੇਰੀ ਗੱਲ ਦਾ ਬੁਰਾ ਨਾ ਮਨਾਈਂ। ਅੱਜ ਤੁਸੀਂ ਦੋਵੇਂ ਸੈਰ ਕਰ ਆਵੋ, ਪਰ ਇਸ ਪਿਛੋਂ ਇਕ ਦੂਜੇ ਨੂੰ ਮਿਲਣ ਤੋਂ ਪਰਹੇਜ਼ ਕਰਨਾ।"

ਉਸ ਦਿਨ ਅੰਜਨਾ ਤੇ ਮੈਂ ਸੈਰ ਕਰਨ ਗਏ, ਤਾਂ ਮੈਂ ਉਦਾਸ ਸਾਂ। ਸਾਰੇ ਰਾਹ ਬਹੁਤ ਘੱਟ ਗੱਲਾਂ ਹੋਈਆਂ। ਉਹ ਵੀ ਚੁੱਪ-ਚੁੱਪ ਸੀ।

ਨੀਲਾ ਗੁੰਬਦ ਪਹੁੰਚ ਕੇ ਅਸੀਂ ਉਸੇ ਦੁਕਾਨ ਤੋਂ ਮਲੱਠੀ ਵਾਲਾ ਪਾਨ ਖ਼ਰੀਦਿਆ। ਮੈਂ ਅੱਧਾ ਪਾਨ ਉਸ ਨੂੰ ਟੁੱਕ ਕੇ ਦਿੱਤਾ ਤੇ ਆਖਿਆ, "ਅੰਜਨਾ, ਅੱਜ ਆਖ਼ਰੀ ਵਾਰ ਅਸੀਂ ਇਕੱਠੇ ਪਾਨ ਖਾ ਰਹੇ ਹਾਂ। ਪਰ ਮੈਂ ਸਾਰੀ ਉਮਰ ਤੇਰੇ ਹਿੱਸੇ ਦਾ ਪਾਨ ਟੁੱਕ ਕੇ ਸੁੱਟਦਾ ਰਹਾਂਗਾ। ਇਹ ਮੇਰੇ ਪਿਆਰ ਦੀ ਤੇਰੇ ਹਿੱਤ ਭੇਟ ਹੋਵੇਗੀ।"

ਉਸ ਦੀਆਂ ਅੱਖਾਂ ਡੁਬਡੁਬਾ ਗਈਆਂ। ਉਹ ਬੋਲੀ, "ਮੈਂ ਤੈਨੂੰ ਉਮਰ ਭਰ ਨਹੀਂ ਭੁੱਲ ਸਕਾਂਗੀ।"

ਇਸ ਸੰਖੇਪ ਜਿਹੇ ਪਿਆਰ-ਵਚਨ ਪਿਛੋਂ ਅਸੀਂ ਵਿਛੜ ਗਏ।

ਮੈਂ ਕਈ ਦਿਨ ਗੁਆਚਿਆ ਰਿਹਾ। ਦਿਲ ਵਿਚ ਖੋਹ ਪੈਂਦੀ ਸੀ। ਕਿਸੇ ਕੰਮ ਵਿਚ ਜੀਅ ਨਹੀਂ ਸੀ ਲਗਦਾ। ਮਾਲ ਰੋਡ ਉਤੇ ਕਿਸੇ ਲੰਮੀ ਗੁੱਤ ਤੇ ਖੁੱਲ੍ਹੇ ਪਾਉਂਚਿਆਂ ਵਾਲੀ ਕੁੜੀ ਨੂੰ ਤੁਰੀ ਜਾਂਦੀ ਦੇਖਦਾ ਤਾਂ ਮੈਨੂੰ ਅੰਜਨਾ ਦਾ ਝਉਲਾ ਪੈਂਦਾ। ਰੇਡੀਓ ਲਈ ਨਾਟਕ ਲਿਖਦਿਆਂ ਵਾਰ-ਵਾਰ ਉਸ ਦੀਆਂ ਅੱਖਾਂ ਤੇ ਸੂਹੇ ਬੁੱਲ੍ਹ ਨਜ਼ਰਾਂ ਅੱਗੇ ਫਿਰਦੇ। ਇਕ ਦੋ ਵਾਰੀ ਮਨ ਵਿਚ ਆਈ ਕਿ ਖ਼ੁਦਕਸ਼ੀ ਕਰ ਲਵਾਂ।

ਜਦੋਂ ਮੈਂ ਨੀਲਾ ਗੁੰਬਦ ਵਾਲੀ ਦੁਕਾਨ ਤੋਂ ਪਾਨ ਲਗਵਾਉਂਦਾ ਤਾਂ ਕਲੇਜੇ ਵਿਚ ਛੁਰੀਆਂ ਚਲਦੀਆਂ। ਪਨਵਾੜੀ ਮੈਨੂੰ ਉਹੀ ਮਲੱਠੀ ਵਾਲਾ ਬੰਗਲਾ ਪਾਨ ਚਾਂਦੀ ਦੇ ਵਰਕ ਵਿਚ ਵਲ੍ਹੇਟ ਕੇ ਦੇਂਦਾ। ਮੈਂ ਅੱਧਾ ਪਾਨ ਖਾਂਦਾ ਤੇ ਅੱਧਾ ਅੰਜਨਾ ਦੇ ਨਮਿੱਤ ਟੁੱਕ ਕੇ ਸੁੱਟ ਦੇਂਦਾ।

ਮੈਂ ਪਾਨ ਕਿਤੋਂ ਵੀ ਖਾਂਦਾ, ਅੰਜਨਾ ਦੀ ਯਾਦ ਵਿਚ ਅੱਧਾ ਟੁੱਕ ਕੇ ਸੁੱਟਣਾ

ਨਾ ਭੁੱਲਦਾ। ਇਹ ਕਰਮ ਮੇਰੇ ਨਿਮਨ-ਚੇਤਨ ਵਿਚ ਰਚ ਗਿਆ ਸੀ। ਚਾਹੇ ਮੈਂ ਕੁਝ ਵੀ ਸੋਚ ਰਿਹਾ ਹੁੰਦਾ, ਕਿਸੇ ਵੀ ਥਾਂ ਹੁੰਦਾ, ਕਿਸੇ ਦੇ ਵੀ ਨਾਲ ਹੁੰਦਾ, ਅੱਧਾ ਪਾਨ ਟੁੱਕ ਕੇ ਸੁੱਟ ਦੇਣਾ ਮੇਰਾ ਨੀਯਮ ਸੀ।

ਦਿਨ ਲੰਘਦੇ ਗਏ। ਸਮੇਂ ਦੀ ਵਿੱਥ ਵਧਦੀ ਗਈ। ਪਰ ਜਦੋਂ ਵੀ ਮੈਨੂੰ ਅੰਜਨਾ ਦੀ ਕੋਈ ਖ਼ਬਰ ਮਿਲਦੀ, ਜਾਂ ਕਿਧਰੇ ਉਸ ਦਾ ਜ਼ਿਕਰ ਆਉਂਦਾ, ਤਾਂ ਮੇਰੇ ਕਲੇਜੇ ਵਿਚ ਰੁੱਗ ਭਰਿਆ ਜਾਂਦਾ।

ਫਿਰ ਦੇਸ਼ ਦਾ ਬਟਵਾਰਾ ਹੋਇਆ। ਫ਼ਸਾਦਾਂ ਵਿਚ ਮੈਂ ਦਿੱਲੀ ਆ ਗਿਆ ਅਤੇ ਇਥੇ ਕਹਾਣੀਆਂ ਤੇ ਨਾਟਕ ਲਿਖ ਕੇ ਰੋਜ਼ੀ ਕਮਾਉਣ ਲੱਗਾ। ਅੰਜਨਾ ਬਾਰੇ ਪਤਾ ਲੱਗਾ ਕਿ ਉਹ ਮਾਂ-ਧੀ ਸਹੀ ਸਲਾਮਤ ਗੁਰਦਾਸਪੁਰ ਪਹੁੰਚ ਗਈਆਂ ਸਨ। ਉਹ ਆਪਣੀ ਮਾਂ ਸਮੇਤ ਭੈਣ ਤੇ ਜੀਜੇ ਕੋਲ ਰਹਿਣ ਲੱਗੀ ਸੀ।

ਮੈਨੂੰ ਕਦੀ ਕਦਾਈਂ ਉਸ ਦੀ ਸੂਹ ਮਿਲਦੀ ਰਹਿੰਦੀ। ਉਹ ਉਤਨੀ ਹੀ ਸੁਹਣੀ ਸੀ, ਉਸ ਦੀ ਮਾਂ ਉਸੇ ਤਰ੍ਹਾਂ ਚੰਗੇ ਵਰ ਦੀ ਤਲਾਸ਼ ਕਰ ਰਹੀ ਸੀ।

ਕਈ ਸਾਲ ਲੰਘ ਗਏ। ਮੈਂ ਜ਼ਿੰਦਗੀ ਦੇ ਸੰਗਰਾਮ ਵਿਚ ਜੂਝਦਾ ਰਿਹਾ। ਲੇਖਕਾਂ ਦੇ ਇਕ ਡੈਲੀਗੇਸ਼ਨ ਨਾਲ ਮਾਸਕੋ ਗਿਆ। ਉਥੋਂ ਦੋ ਸਾਲ ਲਈ ਯੂਰਪ ਤੇ ਇੰਗਲੈਂਡ ਚਲਾ ਗਿਆ। ਫਿਰ ਮਾਸਕੋ ਆਇਆ। ਦੋ ਸਾਲ ਬਾਹਰ ਰਹਿ ਕੇ ਜਦੋਂ ਦਿੱਲੀ ਪਰਤਿਆ, ਤਾਂ ਚੀਜ਼ਾਂ ਦੇ ਭਾਅ ਚੜ੍ਹ ਰਹੇ ਸਨ, ਚੀਨ ਤੇ ਭਾਰਤ ਦੀ ਦੋਸਤੀ ਦੀ ਧੁੰਮ ਸੀ, ਹੜ੍ਹਾਂ ਨਾਲ ਦੇਸ਼ ਦਾ ਬੁਰਾ ਹਾਲ ਸੀ, ਤੇ ਮੇਰਾ ਮਕਾਨ ਥਾਂ-ਥਾਂ ਤੋਂ ਚੋ ਰਿਹਾ ਸੀ।

ਮੈਨੂੰ ਅੰਜਨਾ ਬਾਰੇ ਖ਼ਬਰ ਮਿਲੀ ਕਿ ਉਸ ਦੀ ਸ਼ਾਦੀ ਹੋ ਗਈ ਸੀ। ਮੇਰਠ ਦਾ ਇਕ ਰਈਸ, ਜੋ ਕਈ ਕਾਰਖ਼ਾਨਿਆਂ ਦਾ ਮਾਲਕ ਸੀ, ਉਹਨੂੰ ਵਿਆਹ ਕੇ ਲੈ ਗਿਆ ਸੀ। ਪਰ ਕੁਝ ਕੁ ਮਹੀਨਿਆਂ ਪਿਛੋਂ ਹੀ ਉਹ ਆਪਣੇ ਪਤੀ ਨੂੰ ਛੱਡ ਕੇ ਫਿਰ ਮਾਂ ਕੋਲ ਗੁਰਦਾਸਪੁਰ ਆ ਗਈ ਸੀ।

ਮੇਰਾ ਇਕ ਵਕੀਲ ਦੋਸਤ, ਜੋ ਗੁਰਦਾਸਪੁਰੋਂ ਆਇਆ ਸੀ, ਮੈਨੂੰ ਆਖਣ ਲੱਗਾ, "ਤੈਨੂੰ ਅੰਜਨਾ ਹੁਣ ਵੀ ਯਾਦ ਕਰਦੀ ਹੈ।"

ਮੇਰਾ ਦਿਲ ਜ਼ੋਰ ਨਾਲ ਧੜਕਿਆ ਤੇ ਮੈਂ ਪੁੱਛਿਆ: "ਕਿਵੇਂ?"

"ਉਹ ਸਾਡੇ ਗੁਆਂਢ ਵਿਚ ਰਹਿੰਦੀ ਹੈ। ਮੇਰਠ ਦੇ ਇਕ ਬੰਦੇ ਨਾਲ ਉਸ ਦੀ ਸ਼ਾਦੀ ਹੋਈ, ਜੋ ਆਪਣੇ-ਆਪ ਨੂੰ ਕਈ ਕਾਰਖ਼ਾਨਿਆਂ ਦਾ ਮਾਲਕ ਦਸਦਾ ਸੀ। ਦਰਅਸਲ ਉਹ ਜੁਏਬਾਜ਼, ਸ਼ਰਾਬੀ, ਲਫ਼ੰਗਾ ਸੀ। ਉਸ ਨੇ ਉਹ ਸਬਜ਼ਬਾਗ਼ ਦਿਖਾਏ ਕਿ ਮਾਂ-ਧੀ ਦੋਵੇਂ ਉਸ ਦੀਆਂ ਗੱਲਾਂ ਵਿਚ ਆ ਗਈਆਂ। ਉਸ ਠੱਗ ਨੇ ਤਾਂ ਅੰਜਨਾ ਦੇ ਹੱਥ-ਕੰਨ ਦੇ ਗਹਿਣੇ ਵੀ ਵੇਚ ਖਾਧੇ। ਇਕ ਦਿਨ ਸ਼ਰਾਬ ਪੀ ਕੇ ਉਸ ਨੇ ਅੰਜਨਾ ਨੂੰ ਕੁੱਟਿਆ ਤੇ ਉਹ ਛੱਡ ਕੇ ਆ ਗਈ।"

ਮੈਨੂੰ ਇਹ ਸੁਣ ਕੇ ਤਕਲੀਫ਼ ਹੋਈ। ਇਤਨੀ ਸੁਹਣੀ ਕੁੜੀ ਨਾਲ ਇਹੋ ਜਿਹਾ ਵਹਿਸ਼ਿਆਨਾ ਵਰਤਾਓ ਕੋਈ ਕਿਵੇਂ ਕਰ ਸਕਦਾ ਸੀ!

ਅੰਜਨਾ ਦੀ ਮਾਂ ਬੀਮਾਰ ਰਹਿਣ ਲੱਗੀ ਸੀ। ਉਸ ਦੀ ਸਿਹਤ ਨਿਘਰਦੀ ਗਈ। ਅਖ਼ੀਰ ਉਸ ਨੂੰ ਪੀਲੀਆ ਹੋ ਗਿਆ ਤੇ ਹਫ਼ਤੇ ਪਿਛੋਂ ਉਹ ਪਰਲੋਕ ਸਿਧਾਰ ਗਈ।



ਅੰਜਨਾ ਨੇ ਨੌਕਰੀ ਦੀ ਕੋਸ਼ਿਸ਼ ਕੀਤੀ, ਪਰ ਕਿਸੇ ਥਾਂ ਕੰਮ ਨਾ ਬਣਿਆ। ਤੰਗ ਆ ਕੇ ਉਸ ਨੇ ਲੁਧਿਆਣੇ ਤੋਂ ਟੈਲੀਫ਼ੋਨ ਉਪਰੇਟਰ ਦੀ ਟ੍ਰੇਨਿੰਗ ਲੈ ਲਈ, ਅਤੇ ਉਹ ਉਥੇ ਹੀ ਉਪਰੇਟਰ ਲੱਗ ਗਈ।

ਇਕ ਰਾਤ ਮੈਂ ਸੁੱਤਾ ਪਿਆ ਸਾਂ ਕਿ ਟੈਲੀਫ਼ੋਨ ਦੀ ਘੰਟੀ ਵੱਜੀ। ਮੈਂ ਝੁੰਜਲਾ ਕੇ ਉਠਿਆ। ਡੇਢ ਵੱਜਿਆ ਸੀ। ਟੈਲੀਫ਼ੋਨ ਚੁੱਕਿਆ ਤੇ ਖਿੱਝ ਕੇ ਬੋਲਿਆ! "ਕੌਣ?"

ਅਵਾਜ਼ ਆਈ! "ਅੰਜਨਾ।"

ਫਿਰ ਖ਼ਾਮੋਸ਼ੀ।

ਮੈਂ ਹੈਰਾਨ ਸਾਂ ਕਿ ਇਹ ਸੁਫ਼ਨਾ ਤਾਂ ਨਹੀਂ ਸੀ!

ਮੈਂ ਫਿਰ ਪੁੱਛਿਆ: "ਕੌਣ?"

"ਅੰਜਨਾ ਬੋਲ ਰਹੀ ਹਾਂ। ਲੁਧਿਆਣੇ ਤੋਂ। ਮੈਂ ਬਲਵੰਤ ਨਾਲ ਗੱਲ ਕਰਨਾ ਚਾਹੁੰਦੀ ਹਾਂ।"

"ਬੋਲ ਰਿਹਾ ਹਾਂ", ਮੈਂ ਆਖਿਆ।

ਉਹ ਅਵਾਜ਼ ਅੰਜਨਾ ਦੀ ਹੀ ਸੀ—ਉਹੀ ਲਹਿਜਾ, ਉਹੀ ਸ਼ੋਖ਼ੀ, ਉਹੀ ਅਪਣੱਤ। ਵੀਹ ਸਾਲਾਂ ਪਿੱਛੋਂ ਵੀ ਉਹ ਨਹੀਂ ਸੀ ਬਦਲੀ। ਮੇਰੇ ਲੂੰ-ਲੂੰ ਵਿਚ ਅੰਜਨਾ ਦਾ ਅਹਿਸਾਸ ਧੜਕਣ ਲੱਗਾ। ਸਾਰੀਆਂ ਯਾਦਾਂ ਇਕਦਮ ਦਿਮਾਗ ਵਿਚ ਘੁੰਮ ਗਈਆਂ। ਮਨ ਦੇ ਹਨੇਰੇ ਵਿਚ ਫੁੱਲਝੜੀ ਬਲ ਉਠੀ। ਮੇਰਾ ਵਜੂਦ ਲਰਜ਼ਾ ਗਿਆ।

ਅਸਾਂ ਇਕ ਦੂਜੇ ਦਾ ਹਾਲ-ਚਾਲ ਪੁੱਛਿਆ। ਉਸ ਨੂੰ ਮੇਰੇ ਵਿਦੇਸ਼ ਜਾਣ, ਇਨਾਮ ਮਿਲਣ ਤੇ ਨਾਟਕਾਂ ਦਾ ਸਾਰਾ ਪਤਾ ਸੀ।

ਉਸ ਆਖਿਆ, "ਮੈਂ ਕਲ੍ਹ ਸਵੇਰੇ ਦਿੱਲੀ ਆ ਰਹੀ ਹਾਂ। ਮੇਰੀ ਇੰਟਰਵਿਊ ਹੈ। ਦਿੱਲੀ ਵਿਚ ਟੈਲੀਫ਼ੋਨ ਦੇ ਮਹਿਕਮੇ ਨੇ ਨੌਕਰੀਆਂ ਉਤੇ ਦਸ ਕੁੜੀਆਂ ਰਖਣੀਆਂ ਹਨ। ਤੇਰੀ ਬਹੁਤ ਵਾਕਫ਼ੀਅਤ ਹੈ। ਜੇ ਕਿਸੇ ਅੱਗੇ ਮੇਰੀ ਸਿਫ਼ਾਰਸ਼ ਕਰ ਸਕੇਂ ਤਾਂ..."

ਉਸ ਦੀ ਅਵਾਜ਼ ਕੰਬ ਗਈ। ਉਹ ਫਿਰ ਬੋਲੀ,..."ਮੈਂ ਕਲ੍ਹ ਦੋ ਵਜੇ ਦਿੱਲੀ ਬਸਾਂ ਦੇ ਅੱਡੇ ਉਤੇ ਪਹੁੰਚ ਜਾਵਾਂਗੀ। ਮੇਰੀ ਬਸ ਲੁਧਿਆਣੇ ਤੋਂ ਸਵੇਰੇ ਛੇ ਵਜੇ ਚਲਦੀ ਹੈ। ਪਹਿਲੀ ਵਾਰ ਦਿੱਲੀ ਆ ਰਹੀ ਹਾਂ। ਮੈਨੂੰ ਅੱਡੇ ਉਤੇ ਮਿਲੇਂਗਾ?"

"ਜ਼ਰੂਰ।" ਮੈਂ ਆਖਿਆ।

ਇਸ ਪਿਛੋਂ ਟੈਲੀਫ਼ੋਨ ਬੰਦ ਹੋ ਗਿਆ। ਅੰਜਨਾ ਨੇ ਰਾਤ ਨੂੰ ਮੌਕਾ ਪਾ ਕੇ ਮੁਫ਼ਤ ਟੈਲੀਫ਼ੋਨ ਕੀਤਾ ਸੀ।

ਮੈਂ ਉਸ ਪਿਛੋਂ ਸੌਂ ਨਾ ਸਕਿਆ।

ਦੂਜੇ ਦਿਨ ਤਿਆਰ ਹੋ ਕੇ ਮੈਂ ਡੇਢ ਵਜੇ ਹੀ ਬਸਾਂ ਦੇ ਅੱਡੇ ਉਤੇ ਪਹੁੰਚ ਗਿਆ। ਲੁਧਿਆਣੇ ਵਾਲੀ ਬਸ ਹਾਲੀ ਨਹੀਂ ਸੀ ਆਈ।

ਜਦੋਂ ਕੋਈ ਬਸ ਪੰਜਾਬ ਵੱਲੋਂ ਅੱਡੇ ਵਿਚ ਦਾਖ਼ਲ ਹੁੰਦੀ, ਤਾਂ ਮੇਰੀ ਘਬਰਾਹਟ ਵਧ ਜਾਂਦੀ। ਮੈਂ ਸਵਾਰੀਆਂ ਨੂੰ ਗਹੁ ਨਾਲ ਦੇਖਦਾ ਤੇ ਫਿਰ ਟਹਿਲਣ ਲਗਦਾ।

ਕਈ ਵਾਰ ਇਹ ਧੜਕਾ ਵੀ ਲਗਦਾ ਮਤਾਂ ਉਹ ਆਵੇ ਹੀ ਨਾ।

ਲੁਧਿਆਣੇ ਤੋਂ ਸਵਾਰੀਆਂ ਨਾਲ ਭਰੀ ਬਸ ਆ ਕੇ ਰੁਕੀ। ਰੌਲਾ ਜਿਹਾ ਮੱਚ ਗਿਆ। ਕਈ ਕੁਲੀ ਬਸ ਦੀ ਛੱਤ ਉਤੇ ਜਾ ਚੜ੍ਹੇ ਤੇ ਸਾਮਾਨ ਹੇਠਾਂ ਲਾਹੁਣ ਲੱਗੇ।

ਸਵਾਰੀਆਂ ਬੁਗਚੇ ਸਾਂਭੀ ਭੀੜ-ਭੜੱਕੇ ਵਿਚ ਉਤਰ ਰਹੀਆਂ ਸਨ। ਮੈਂ ਸਾਰੇ ਦੇਖਿਆ, ਮੈਨੂੰ ਅੰਜਨਾ ਨਜ਼ਰ ਨਾ ਆਈ।

ਨਿਰਾਸ਼ ਹੋ ਕੇ ਮੈਂ ਕੰਡਕਟਰ ਵਲ ਵਧਿਆ ਕਿ ਲੁਧਿਆਣੇ ਤੋਂ ਕੋਈ ਹੋਰ ਬਸ ਤਾਂ ਨਹੀਂ ਸੀ ਆ ਰਹੀ।

ਇਤਨੇ ਵਿਚ ਮਧਰੇ ਕੱਦ ਦੀ ਇਕ ਮਾਈ, ਧਾਰੀਆਂ ਵਾਲਾ ਥੈਲਾ ਚੁੱਕੀ, ਸਿੱਧੀ ਮੇਰੇ ਵਲ ਆਈ। ਉਸ ਦੇ ਵਾਲ ਸਰ੍ਹੋਂ ਦੇ ਤੇਲ ਨਾਲ ਚੋਪੜੇ, ਸਿਰ ਨਾਲ ਚਿਪਕੇ ਹੋਏ ਸਨ—ਅਤੇ ਬਕਰੀ ਦੀ ਪੂਛ ਵਰਗੀ ਗੁਤਣੀ। ਉੱਚੀ ਤੰਗ ਕਮੀਜ਼, ਜਿਸ ਵਿਚ ਉਸ ਦਾ ਪਿਲਪਿਲਾ ਢਿੱਡ ਤੇ ਛਾਤੀਆਂ ਇਉਂ ਸਨ ਜਿਵੇਂ ਪਰਾਤ ਵਿਚ ਮੁੱਕੀ ਦੇ ਕੇ ਰੱਖੇ ਆਟੇ ਦੀ ਤੌਣ ਢੱਕੀ ਪਈ ਹੋਵੇ। ਸਲਵਾਰ ਦੇ ਪਾਉਂਚੇ ਖੁੱਲ੍ਹੇ ਸਨ ਤੇ ਗਲ ਵਿਚ ਕੋਰੜਾ ਚੁੰਨੀ।

ਉਹ ਬੋਲੀ, "ਮੈਨੂੰ ਪਛਾਣਿਆਂ ਨਹੀਂ ? ਮੈਂ ਹਾਂ ਤੁਹਾਡੀ ਅੰਜਨਾ !"

ਉਹ ਮੁਸਕਰਾਈ ਤੇ ਮੈਂ ਉਸ ਦੀਆਂ ਅੱਖਾਂ ਤੇ ਬੋਲ ਤੋਂ ਪਛਾਣ ਲਿਆ।

ਮੈਂ ਸੰਭਲ ਕੇ ਆਖਿਆ, "ਕਿਉਂ ਨਹੀਂ। ਤੈਨੂੰ ਭੁੱਲ ਸਕਦਾ ਹਾਂ ?"

ਮੈਂ ਉਸ ਦਾ ਥੈਲਾ ਫੜ ਲਿਆ ਤੇ ਅਸੀਂ ਸਕੂਟਰ 'ਚ ਬੈਠ ਘਰ ਪਹੁੰਚ ਗਏ।

ਉਹ ਬਹੁਤ ਖੁਸ਼ ਸੀ।

ਘਰ ਆਏ, ਤਾਂ ਨੌਕਰ ਨੇ ਖਾਣਾ ਲਗਾ ਦਿੱਤਾ। ਮੈਂ ਉਸ ਨੂੰ ਖ਼ਾਸ ਅੱਛਾ ਖਾਣਾ ਪਕਾਉਣ ਲਈ ਆਖ ਕੇ ਗਿਆ ਸਾਂ।

ਉਹ ਗੱਲਾਂ ਕਰਦੀ ਰਹੀ। ਉਸ ਦੇ ਹਰ ਅੰਦਾਜ਼ ਵਿਚ ਵੀਹ ਸਾਲ ਪੁਰਾਣੀ ਬਾਸ ਸੀ। ਸਮੇਂ ਨੇ ਜਿਵੇਂ ਮੁੱਕਾ ਮਾਰ ਕੇ ਉਸ ਦੀ ਸ਼ਖ਼ਸੀਅਤ ਨੂੰ ਉਸੇ ਥਾਂ ਠੱਪ ਰਖਿਆ ਹੋਵੇ। ਇਸੇ ਲਈ ਸਰੀਰ ਤੇ ਮਨ ਵਿਚ ਕੋਈ ਸੁਮੇਲ ਨਹੀਂ ਸੀ।

ਸ਼ਾਮ ਨੂੰ ਅਸੀਂ ਬੰਗਾਲੀ ਮਾਰਕਿਟ ਸੈਰ ਕਰਨ ਗਏ। ਉਸ ਨੇ ਚਾਟ ਤੇ ਭੱਲੇ ਖਾਧੇ, ਜੋ ਉਸ ਨੂੰ ਬੇਹਦ ਸੁਆਦ ਲੱਗੇ। ਉਹ ਚਾਟ ਖਾ ਕੇ ਉਂਗਲਾਂ ਚੱਟ ਰਹੀ ਸੀ। ਸਵੇਰ ਦੀ ਚਾਹ ਲਈ ਗੁਲਾਬ-ਜਾਮਣ ਤੇ ਬਰਫ਼ੀ ਖ਼ਰੀਦੀ। ਦੁਕਾਨ ਤੋਂ ਉਤਰਨ ਲੱਗੇ ਤਾਂ ਮੈਂ ਪਨਵਾੜੀ ਨੂੰ ਦੋ ਮਿੱਠੇ ਪਾਨ ਲਗਾਉਣ ਲਈ ਆਖਿਆ।

ਇਕ ਪਾਨ ਮੈਂ ਅੰਜਨਾ ਨੂੰ ਦਿੱਤਾ ਤੇ ਦੂਜਾ ਖੁਦ ਖਾਧਾ। ਪਾਨ ਮੂੰਹ ਵਿਚ ਪਾਉਣ ਲੱਗਿਆ ਤਾਂ ਆਦਤ ਅਨੁਸਾਰ ਮੈਂ ਅੱਧਾ ਹਿੱਸਾ ਟੁੱਕ ਕੇ ਸੁੱਟ ਦਿੱਤਾ।

ਅੰਜਨਾ ਨੇ ਮਲ੍ਹਾਰ ਤੇ ਲਾਡ ਨਾਲ ਸਿਰ ਘੁਮਾਇਆ। ਉਸ ਦੀ ਬਕਰੀ ਦੀ ਪੂਛ ਵਰਗੀ ਗੁਤਣੀ ਹਿੱਲੀ ਤੇ ਉਹ ਬੋਲੀ, "ਤੁਸੀਂ ਮੇਰੇ ਨਾਂ ਦਾ ਪਾਨ ਹੁਣ ਤੀਕ ਸੁਟਦੇ ਹੋ ? ਮੈਂ ਤਾਂ ਕਿਹਾ ਭੁੱਲ ਗਏ ਹੋਵੋਗੇ !"

ਮੈਂ ਹੈਰਾਨ ਤੇ ਓਪਰੀਆਂ ਨਜ਼ਰਾਂ ਨਾਲ ਉਸ ਵੱਲ ਤੱਕਣ ਲੱਗਾ...

## 17

# ਮਨੂ ਦੀਆਂ ਜੁਰਾਬਾਂ

ਜਦੋਂ ਮੇਰੀ ਅਮਰੀਕਨ ਬੀਵੀ ਦੇ ਪਹਿਲਾ ਬੱਚਾ ਹੋਇਆ ਤਾਂ ਅਸੀਂ ਇਕ ਆਯਾ ਰਖ ਲਈ। ਮੁਸ਼ਕੀ ਰੰਗ ਦੀ, ਗੁੰਦਵੇਂ ਸਰੀਰ ਵਾਲੀ ਪੰਜਾਬਣ। ਉਸ ਦਾ ਨਾਂ ਪਤਾ ਨਹੀਂ ਕੀ ਸੀ, ਪਰ ਉਹ ਆਪਣੇ-ਆਪ ਨੂੰ ਮਲਕਾ ਅਖਵਾਉਂਦੀ ਸੀ।

ਬੱਚਾ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਹੀ ਅਸੀਂ ਚੰਡੀਗੜ੍ਹ ਦੇ ਸਾਰੇ ਦੋਸਤਾਂ ਨੂੰ ਆਯਾ ਢੂੰਡਣ ਲਈ ਆਖ ਦਿੱਤਾ ਸੀ। ਇਸ ਸ਼ਹਿਰ ਵਿਚ ਹਰ ਚੀਜ਼ ਦੀ ਥੁੜ ਹੈ—ਦੁੱਧ, ਖੰਡ, ਨੌਕਰ। ਫ਼ਾਸਲੇ ਲੰਮੇ ਤੇ ਵਸੀਲੇ ਘੱਟ। ਬੱਚੇ ਨੂੰ ਪਾਲਣ ਲਈ ਪਿੰਡਾਂ ਵਿਚ ਤਾਂ ਨਣਦਾਂ-ਭਰਜਾਈਆਂ ਹੁੰਦੀਆਂ ਹਨ, ਪਰ ਇਸ ਸੀਮਿੰਟ ਦੇ ਸ਼ਹਿਰ ਵਿਚ ਮੀਲਾਂ ਤੀਕ ਕੋਈ ਰਿਸ਼ਤੇਦਾਰ ਨਹੀਂ ਲਭਦਾ।

ਮਲਕਾ ਪਹਿਲੇ ਦਿਨ ਹੀ ਘੁਲ-ਮਿਲ ਗਈ। ਇਕ ਹਫ਼ਤੇ ਵਿਚ ਉਸ ਨੇ ਆਪਣੀ ਉਦਾਰਤਾ ਨਾਲ ਸਾਨੂੰ ਸਾਰਿਆਂ ਨੂੰ ਮੋਹ ਲਿਆ। ਉਹ ਸਿਰਫ਼ ਬੱਚੇ ਨੂੰ ਨੁਹਾਉਂਦੀ-ਧੁਆਉਂਦੀ ਤੇ ਖਿਡਾਉਂਦੀ ਹੀ ਨਹੀਂ ਸੀ ਸਗੋਂ ਰਸੋਈ ਵਿਚ ਜਾ ਕੇ ਮੇਰੀ ਬੀਵੀ ਲਈ ਆਮਲੇਟ ਜਾਂ ਮੇਰੇ ਲਈ ਮੂਲੀਆਂ ਵਾਲੇ ਪਰਾਉਂਠੇ ਵੀ ਪਕਾ ਦੇਂਦੀ।

ਘੰਟਿਆਂ-ਬੱਧੀ ਉਹ ਬੱਚੇ ਨੂੰ ਲੋਰੀਆਂ ਦੇਂਦੀ, "ਮਨੂ ਰਾਜਾ ਅਮਰੀਕਾ ਜਾਏਗਾ ? ਅੰਗ੍ਰੇਜ਼ੀ ਬੋਲੇਗਾ ? ਅਮਰੀਕਾ ਤੋਂ ਨਾਨੀ ਨੇ ਕੀ ਭੇਜਿਐ ? ਇਹ ਚੁੰਘਣੀ ਤੇ ਪੋਤੜੇ ?" ਉਹ ਲਾਡ ਕਰਦਿਆਂ ਉਸ ਦਾ ਮੱਥਾ ਚੁੰਮਦੀ, ਗੱਲ੍ਹਾਂ ਚੁੰਮਦੀ, ਧੁੰਨੀ ਚੁੰਮਦੀ ਤੇ ਨਿੱਕੇ ਨਿੱਕੇ ਪੈਰ ਚੁੰਮਦੀ।

ਮੇਰੀ ਬੀਵੀ ਨੂੰ ਪੰਜਾਬੀ ਨਹੀਂ ਸੀ ਆਉਂਦੀ ਤੇ ਮਲਕਾ ਨੂੰ ਅੰਗ੍ਰੇਜ਼ੀ। ਬੱਚਾ ਦੋਹਾਂ ਦੀ ਸਾਂਝੀ ਭਾਸ਼ਾ ਬਣ ਗਿਆ। ਮਨੂ ਨੂੰ ਸਾਹਮਣੇ ਲਿਟਾ ਕੇ ਉਹ ਦੋਵੇਂ ਗੱਲਾਂ ਕਰਦੀਆਂ, ਉੱਚੀ-ਉੱਚੀ ਹੱਸਦੀਆਂ। ਇਨ੍ਹਾਂ ਗੱਲਾਂ ਦਾ ਅਰਥ-ਭਾਵ ਬੁੱਧੀ ਨੂੰ ਟੁੰਬਣ ਦੀ ਥਾਂ ਦਿਲ ਨੂੰ ਟੁੰਬਦਾ ਸੀ। ਉਹ ਆਪਣੀ-ਆਪਣੀ ਭਾਸ਼ਾ ਵਿਚ ਇਸ ਤਰ੍ਹਾਂ ਗੱਲਾਂ

ਕਰਦੀਆਂ ਜਿਵੇਂ ਦੋ ਬੇਲੇ ਯਾਰ ਗੱਲਾਂ ਕਰ ਰਹੇ ਹੋਣ :

ਮਲਕਾ : ਮੇਮ ਸਾਹਬ, ਬੱਚੇ ਨੂੰ ਮੋਟੇ ਕਪੜੇ ਪਾਇਆ ਕਰੋ । ਕਮਰਾ ਠੰਢਾ ਐ ।

ਬੀਵੀ : ਹਾਂ, ਬਠਿੰਡਾ ਨਹੀਂ ਜਾਣਾ । ਉਥੇ ਬਹੁਤ ਰੇਤਾ ਤੇ ਮਿੱਟੀ ਹੈ ।

ਮਲਕਾ : ਲਿਆਉ ਕੈਂਚੀ, ਮੈਂ ਇਸ ਦੇ ਨਿੱਕੇ-ਨਿੱਕੇ ਨਹੁੰ ਕੱਟ ਦਿਆਂ ।

ਬੀਵੀ : ਜ਼ਰੂਰ, ਸਿਰਫ਼ ਦੋ ਅੰਡੇ ।

ਮਲਕਾ : ਮੈਂ ਕਦੇ ਕਿਸੇ ਦੇ ਘਰ ਆਯਾ ਦਾ ਕੰਮ ਨਹੀਂ ਕੀਤਾ । ਉਨ੍ਹਾਂ ਨੂੰ ਗੁਜ਼ਰਿਆਂ ਸੱਤ ਸਾਲ ਹੋ ਗਏ । ਤਸੀਲਦਾਰ ਸਨ । ਮੈਂ ਦੂਜੇ ਵਿਆਹ ਦੀ ਸਾਂ । ਬੜਾ ਪਿਆਰ ਕਰਦੇ ਸਨ । ਮੇਰੀਆਂ ਦੋ ਧੀਆਂ ਪਹਿਲੇ ਵਿਆਹ ਦੀਆਂ ਹਨ ਜੋ ਵਿਆਹੀਆਂ ਗਈਆਂ । ਹੁਣ ਬਸ ਆਪਣੇ ਪਿੱਛੋਂ ਜਾਇਆ ਬਾਰ੍ਹਾਂ ਵਰ੍ਹਿਆਂ ਦਾ ਪੁੱਤ ।

ਬੀਵੀ : (ਹੱਥ ਲਾ ਕੇ) ਤੇਰੇ ਵਾਲ ਬੜੇ ਕਾਲੇ ਨੇ ।

ਮਲਕਾ : ਦੇਸੀ ਘਿਉ ਨਾਲ ਝਸਦੀ ਆਂ । ਤੁਸੀਂ ਵਾਲਾਂ ਨੂੰ ਘਿਉ ਨਹੀਂ ਲਾਉਂਦੇ ?

ਬੀਵੀ : ਗੀਓ ? ਅਸੀਂ ਅਮਰੀਕਾ ਵਿਚ ਬਟਰ ਖਾਂਦੇ ਹਾਂ, ਗੀਓ ਨਹੀਂ ।

ਮਲਕਾ ਹੱਸਣ ਲਗਦੀ ਕਿ ਮੇਮ ਸਾਹਬ ਨੂੰ 'ਘਿਉ' ਵੀ ਨਹੀਂ ਬੋਲਣਾ ਆਉਂਦਾ । ਇਸ ਨੂੰ ਵੀ 'ਗੀਓ' ਆਖਦੇ ਹਨ । ਇਨ੍ਹਾਂ ਮੇਮਾਂ ਦੇ ਸੰਘ ਵਿਚ 'ਘੱਗਾ' ਹੈ ਹੀ ਨਹੀਂ । ਇਹ ਕੀ ਕਰਦੀਆਂ ਹੋਣਗੀਆਂ ਵਿਚਾਰੀਆਂ ? ਬੜੀਆਂ ਸਿੱਧੀਆਂ ਨੇ । ਘਿਉ ਦਾ ਹੀ ਨਹੀਂ ਪਤਾ ।

ਮੇਰੀ ਬੀਵੀ ਸੋਚਦੀ ਮਲਕਾ ਬੜੀ ਭੋਲੀ ਹੈ । ਵਾਲਾਂ ਨੂੰ ਸ਼ੈਂਪੂ ਤੇ ਹੇਅਰ ਕੰਡੀਸ਼ਨਰ ਦੀ ਥਾਂ ਘਿਉ ਨਾਲ ਚੋਪੜ ਕੇ ਗੁਜ਼ਾਰਾ ਕਰਦੀ ਹੈ ਵਿਚਾਰੀ !

ਫੇਰ ਦੋਵੇਂ ਮਨੂ ਦੀਆਂ ਗੱਲਾਂ ਕਰਦੀਆਂ । ਮਲਕਾ ਮਨੂ ਦੇ ਕੁਤਕਤਾੜੀਆਂ ਕੱਢਦੀ ਤੇ ਮਨੂ ਤੇ ਮੇਮ ਸਾਹਿਬ ਤੇ ਮਲਕਾ ਉੱਚੀ-ਉੱਚੀ ਹੱਸਦੇ ।

ਮਲਕਾ ਸਵੇਰੇ ਅੱਠ ਵਜੇ ਆਉਂਦੀ ਤੇ ਰਾਤ ਦੇ ਅੱਠ ਵਜੇ ਚਲੀ ਜਾਂਦੀ । ਸਾਰਾ ਦਿਨ ਉਸ ਦੀ ਭਰਵੀਂ ਸ਼ਖ਼ਸੀਅਤ ਨਾਲ ਘਰ ਭਰਿਆ ਰਹਿੰਦਾ । ਇਉਂ ਲਗਦਾ ਸੀ ਜਿਵੇਂ ਉਹ ਹਰ ਕਮਰੇ ਵਿਚ ਹੋਵੇ । ਉਹ ਚਾਹ ਤੇ ਰੋਟੀ ਵੀ ਸਾਡੇ ਕੋਲ ਹੀ ਖਾਂਦੀ ।

ਸਾਡਾ ਪਹਾੜੀ ਨੌਕਰ ਭੀਪ ਸਿੰਘ ਜਿਸ ਨੇ ਫ਼ੌਜ ਵਿਚ ਨੌਕਰੀ ਕੀਤੀ ਸੀ, ਬੇਹੱਦ ਜ਼ਿੱਲ੍ਹਾ ਤੇ ਚਿੜਚਿੜਾ ਸੀ । ਸ਼ਾਇਦ ਇਸੇ ਕਰਕੇ ਉਸ ਨੂੰ ਫ਼ੌਜ ਵਿਚੋਂ ਛੁੱਟੀ ਮਿਲ ਗਈ ਸੀ । ਉਸ ਦੀ ਇਕੋ ਸਿਫ਼ਤ ਸੀ ਕਿ ਖਾਣਾ ਚੰਗਾ ਬਣਾਉਂਦਾ । ਜਦੋਂ ਉਸ ਨੂੰ ਮਲਕਾ ਲਈ ਤਿੰਨ ਵਾਰ ਚਾਹ ਤੇ ਰੋਟੀ ਪਕਾਉਣੀ ਪਈ ਤਾਂ ਉਸ ਦਾ ਮਿਜ਼ਾਜ ਹੋਰ ਵੀ ਚਿੜਚਿੜਾ ਹੋ ਗਿਆ । ਉਹ ਠੰਢੀ ਚਾਹ ਤੇ ਮੋਟੀਆਂ ਰੋਟੀਆਂ ਥੱਪ ਕੇ ਮਲਕਾ ਅੱਗੇ ਰਖ ਦੇਂਦਾ । ਸਾਨੂੰ ਇਹ ਗੱਲ ਬੁਰੀ ਲਗਦੀ ।

ਭੀਪ ਸਿੰਘ ਆਖਦਾ, "ਸਾਹਿਬ ਨੌਕਰਾਣੀ ਦਾ ਮਿਜ਼ਾਜ ਵਿਗੜ ਗਿਆ । ਦਸ ਰੋਟੀਆਂ ਖਾਂਦੀ ਹੈ । ਹਰ ਵਕਤ ਚਾਹ । ਹਮ ਨੇ ਕਦੀ ਐਸੀ ਆਯਾ ਨਹੀਂ ਦੇਖੀ ।"

ਜਦੋਂ ਮੈਂ ਆਖਦਾ, ਕਿ ਅੱਛਾ ਉਹ ਖ਼ੁਦ ਪਕਾ ਲਏਗੀ ਤਾਂ ਭੀਪ ਸਿੰਘ ਦੇ ਮੱਥੇ ਉਤੇ ਇਕ ਤਿਊੜੀ ਹੋਰ ਵਧ ਜਾਂਦੀ । ਉਹ ਬੋਲਦਾ, "ਤੁਸੀਂ ਘਰ ਲੁਟਾ ਰਹੇ ਹੋ । ਖ਼ੁਦ ਪਕਾਏਗੀ ਤਾਂ ਤੁਹਾਨੂੰ ਕੀ ਖੁਆਵਾਂਗਾ । ਤੁਹਾਡਾ ਹੁਕਮ ਹੈ ਤਾਂ ਮੈਂ ਹੀ ਪਕਾ ਦਿਆਂਗਾ । ਪਰ ਸਾਹਿਬ, ਸੱਚੀ ਗੱਲ ਯੇਹ ਹੈ ਕਿ ਇਹ ਔਰਤ ਚੰਗੀ ਨਹੀਂ ।"



"ਕੀ ਮਤਲਬ ?"

"ਇਸ ਦੇ ਬਾਰੇ ਚੰਗੀਆਂ ਗੱਲਾਂ ਨਹੀਂ ਸੁਣੀਆਂ । ਲੋਕ ਕਹਿੰਦੇ ਹਨ ਕਿ ਖ਼ਾਵੰਦ ਦੇ ਮਰਨ ਪਿਛੋਂ ਅਪਣੇ ਦੇਵਰ ਨਾਲ ਰਹਿੰਦੀ ਸੀ ਤੇ ਉਸ ਨੂੰ ਵੀ ਖਾ ਗਈ ।"

ਮੈਂ ਗੱਲ ਮੁਕਾਈ, "ਤੈਨੂੰ ਕੀ ! ਲੋਕ ਐਵੇਂ ਗੱਲਾਂ ਕਰਦੇ ਹਨ ।"

ਭੀਪ ਸਿੰਘ ਦੇ ਮਨ ਦੀ ਗੰਢ ਫਿਰ ਵੀ ਨਾ ਖੁੱਲ੍ਹੀ । ਦੋਹਾਂ ਵਿਚ ਕੁੱਤੇ ਤੇ ਬਿੱਲੀ ਵਾਲਾ ਵੈਰ ਸੀ ।

ਸਾਡੇ ਘਰ ਕੋਈ ਪਾਰਟੀ ਹੁੰਦੀ ਤਾਂ ਮਨੂ ਦੀ ਦੇਖ-ਭਾਲ ਲਈ ਮਲਕਾ ਸਾਡੇ ਘਰ ਹੀ ਰਹਿ ਪੈਂਦੀ ਤੇ ਦੂਜੇ ਕਮਰੇ ਵਿਚ ਮਨੂ ਦੇ ਨਾਲ ਸੌਂਦੀ । ਮੂੰਹ-ਹਨੇਰੇ ਛੇ ਵਜੇ ਉੱਠ ਕੇ ਉਹ ਮਨੂ ਨੂੰ ਪੰਘੂੜੇ ਵਿਚ ਸੁੱਤਾ ਛੱਡ ਕੇ ਆਪਣੇ ਘਰ ਜਾਂਦੀ । ਆਪਣੇ ਪੁੱਤ ਨੂੰ ਤਿਆਰ ਕਰਕੇ ਤੇ ਸਕੂਲ ਭੇਜ ਕੇ ਅਤੇ ਖ਼ੁਦ ਤਿਆਰ ਹੋ ਕੇ ਨੌਂ ਵਜੇ ਆ ਜਾਂਦੀ । ਕਿਸੇ-ਕਿਸੇ ਵੇਲੇ ਉਹ ਦਿਨ ਨੂੰ ਵੀ ਆਪਣੇ ਘਰ ਇਕ-ਅੱਧਾ ਫੇਰਾ ਮਾਰਦੀ ।

ਜੇ ਮਲਕਾ ਨੂੰ ਸਾਡੇ ਘਰ ਕੰਮ ਕਰਦਿਆਂ ਚਿਰ ਹੋ ਜਾਂਦਾ ਤਾਂ ਉਸ ਦਾ ਪੁੱਤ ਉਸ ਨੂੰ ਲੈਣ ਆ ਜਾਂਦਾ । ਬਾਰ੍ਹਾਂ ਵਰ੍ਹਿਆਂ ਦਾ ਅਵਾਰਾ ਜਿਹਾ ਮੁੰਡਾ ਜਿਸ ਦੇ ਤੇੜ ਧਾਰੀਆਂ ਵਾਲੀ ਨਿੱਕਰ ਹੁੰਦੀ ਤੇ ਅੱਖਾਂ ਵਿਚ ਬਗ਼ਾਵਤ । ਉਹ ਬਾਹਰ ਹੀ ਰਹਿੰਦਾ । ਜਦੋਂ ਉਸ ਦੀ ਮਾਂ ਕਾਹਲੀ-ਕਾਹਲੀ ਕੰਮ ਮੁਕਾ ਚੁੱਕਦੀ, ਉਸ ਦੇ ਨਾਲ ਮੁੜ ਜਾਂਦਾ ।

ਭੀਪ ਸਿੰਘ ਆਖਦਾ, "ਸਾਹਬ ਇਹ ਔਰਤ ਬਹੁਤ ਚਲਾਕ ਹੈ । ਭਰੋਸੇ ਦੇ ਕਾਬਿਲ ਨਹੀਂ । ਜਦੋਂ ਤੋਂ ਆਈ ਹੈ, ਰਸੋਈ ਵਿਚ ਦੁਗਣਾ ਖ਼ਰਚ ਹੁੰਦਾ ਹੈ । ਮੇਰਾ ਤਾਂ ਦਿਲ ਜਲਦਾ ਹੈ । ਕੀ ਆਖਾਂ ?"

ਮੈਂ ਇਨ੍ਹਾਂ ਗੱਲਾਂ ਦਾ ਕੋਈ ਜੁਆਬ ਨਾ ਦੇਂਦਾ । ਇਹ ਗੱਲ ਸੱਚ ਸੀ ਕਿ ਖ਼ਰਚ ਵਧ ਗਿਆ ਸੀ, ਪਰ ਇਸ ਦਾ ਕੀ ਇਲਾਜ ।

ਇਕ ਸਵੇਰ ਭੀਪ ਸਿੰਘ ਰਸੋਈ ਵਿਚ ਉਚੀ-ਉਚੀ ਬੋਲ ਰਿਹਾ ਸੀ । ਮੇਰੀ ਬੀਵੀ ਉੱਠ ਕੇ ਮਨੂ ਦੇ ਕਮਰੇ ਵਿਚ ਗਈ । ਉਹ ਪੰਘੂੜੇ ਵਿਚ ਸੁੱਤਾ ਪਿਆ ਸੀ । ਮਲਕਾ ਮੂੰਹ-ਹਨੇਰੇ ਹੀ ਚਲੀ ਗਈ ਸੀ । ਫੇਰ ਬੀਵੀ ਰਸੋਈ ਵਿਚ ਗਈ ਤੇ ਦੌੜਦੀ ਹੋਈ ਮੇਰੇ ਕੋਲ ਆਈ ਤੇ ਆਖਣ ਲੱਗੀ, "ਰਾਤ ਕੋਈ ਚੋਰ ਰਸੋਈ ਵਿਚ ਆਇਆ । ਖੰਡ ਤੇ ਘਿਉ ਵਾਲੇ ਡੱਬੇ ਖੁੱਲ੍ਹੇ ਪਏ ਹਨ । ਆਟਾ ਡੁੱਲ੍ਹਿਆ ਪਿਆ ਹੈ ।"

ਮੈਂ ਉਠਿਆ ਤੇ ਰਸੋਈ ਵਿਚ ਗਿਆ । ਭੀਪ ਸਿੰਘ ਨੇ ਆਖਿਆ, "ਲਉ ਦੇਖੋ ! ਸਭ ਚੀਜ਼ਾਂ...ਘਿਉ ਦਾ ਅੱਧਾ ਡੱਬਾ ਖਾਲੀ । ਦਸ ਸੇਰ ਆਟਾ ਗ਼ਾਇਬ । ਖੰਡ ਦਾ ਪਤਾ ਹੀ ਨਹੀਂ । ਤੇ ਇਹ ਦਾਲ ਦੇ ਦਾਣੇ...ਦੇਖੋ...ਇਥੋਂ ਮਨੂ ਦੇ ਬੈਡਰੂਮ ਨੂੰ ਜਾਂਦੇ ਹਨ । ਉਹ ਚੁੜੇਲ ਸਭ ਕੁਛ ਉੜਾ ਲੈ ਗਈ ।"

ਉਸ ਦੇ ਚਿਹਰੇ ਉਤੇ ਸੌਲੀ ਮੁਸਕਣੀ ਸੀ ਜਿਵੇਂ ਆਖ ਰਿਹਾ ਹੋਵੇ ਮੈਂ ਤੁਹਾਨੂੰ ਦੱਸਿਆ ਨਹੀਂ ਸੀ ਕਿ ਇਹ ਔਰਤ ਚੋਰ ਹੈ ।

ਮੇਰੀ ਬੀਵੀ ਤੇ ਮੈਂ ਦਾਲ ਦੇ ਦਾਣਿਆਂ ਦੀ ਪਗਡੰਡੀ ਤੇ ਤੁਰਦੇ ਮਨੂ ਦੇ ਬੈਡਰੂਮ ਵਿਚ ਪਹੁੰਚੇ । ਉਥੇ ਜਾ ਕੇ ਦਾਲ ਗੁਆਚ ਗਈ । ਫਿਰ ਅਸੀਂ ਖਿੜਕੀ

ਕੋਲ ਕੁਝ ਖੰਡ ਤੇ ਦਾਲ ਦੇ ਦਾਣੇ ਦੇਖੇ। ਬਾਹਰ ਸਿਰ ਕੱਢਿਆ ਤਾਂ ਉਥੇ ਵੀ ਕੁਝ ਦਾਣੇ ਖਿਲਰੇ ਹੋਏ ਸਨ।

ਚੋਰ ਦੀ ਪੈੜ ਕੱਢ ਲਈ। ਸਾਰੀ ਗੱਲ ਸਮਝ ਆ ਗਈ। ਮਲਕਾ ਨੇ ਤੜਕੇ-ਤੜਕੇ ਰਸੋਈ ਵਿਚੋਂ ਚੀਜ਼ਾਂ ਚੁੱਕੀਆਂ ਤੇ ਬੈਡਰੂਮ ਵਿਚ ਲਿਜਾ ਕੇ ਖਿੜਕੀ ਵਿਚੋਂ ਆਪਣੇ ਪੁੱਤ ਨੂੰ ਪੋਟਲੀਆਂ ਫੜਾ ਦਿੱਤੀਆਂ ਜੋ ਉਸ ਨੂੰ ਲੈਣ ਆਇਆ ਸੀ। ਦੋਵੇਂ ਮਾਂ-ਪੁੱਤ ਚਲੇ ਗਏ। ਮਨੂ ਪੰਘੂੜੇ ਵਿਚ ਸੁੱਤਾ ਪਿਆ ਰਿਹਾ।

ਮੇਰੀ ਬੀਵੀ ਨੇ ਆਖਿਆ, "ਤੜਕੇ-ਤੜਕੇ ਰਸੋਈ ਵਿਚ ਕੁਝ ਖੜਕਾ ਜਿਹਾ ਹੋਇਆ ਸੀ। ਮੈਂ ਸਮਝੀ, ਬਿੱਲੀ ਹੋਣੀ ਏਂ। ਇਤਨੇ ਵਿਚ ਖੜਕਾ ਬੰਦ ਹੋ ਗਿਆ ਤੇ ਮੈਂ ਫਿਰ ਸੌਂ ਗਈ। ਇਹ ਨਹੀਂ ਸੀ ਪਤਾ ਕਿ ਮਲਕਾ ਚੀਜ਼ਾਂ ਚੁਰਾ ਰਹੀ ਹੈ।"

ਮੇਰੀ ਬੀਵੀ ਨੂੰ ਬਹੁਤ ਗੁੱਸਾ ਆਇਆ। ਜਿਸ ਆਯਾ ਨੂੰ ਉਹ ਈਮਾਨਦਾਰ ਸਮਝਦੀ ਸੀ, ਉਹ ਚੋਰ ਨਿਕਲੀ। ਸਿਰਫ਼ ਚੀਜ਼ਾਂ ਜਾਣ ਦਾ ਗ਼ਮ ਨਹੀਂ ਸੀ, ਵੱਡਾ ਗ਼ਮ ਇਸ ਗੱਲ ਦਾ ਸੀ ਕਿ ਉਸ ਨੇ ਵਿਸ਼ਵਾਸਘਾਤ ਕੀਤਾ। ਅਜਿਹੀ ਝੂਠੀ ਔਰਤ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਕਮੀਨੀ! ਧੋਖੇਬਾਜ਼! ਗੱਦਾਰ! ਉਸ ਦੀ ਥਾਂ ਜੇਲ੍ਹ ਵਿਚ ਹੈ, ਕਿਸੇ ਸ਼ਰੀਫ਼ ਘਰ ਵਿਚ ਨਹੀਂ।

ਇਹ ਗੱਲਾਂ ਸੋਚ ਕੇ ਮੇਰੀ ਬੀਵੀ ਨੇ ਮੇਰੇ ਨਾਲ ਸਲਾਹ ਕੀਤੀ ਕਿ ਅਸੀਂ ਥਾਣੇ ਇਤਲਾਹ ਦੇ ਕੇ ਇਸ ਮੱਕਾਰ ਔਰਤ ਨੂੰ ਗ੍ਰਿਫ਼ਤਾਰ ਕਰਵਾਈਏ। ਅਸੀਂ ਚੀਜ਼ਾਂ ਦੀ ਫ਼ਹਿਰਿਸਤ ਤਿਆਰ ਕਰਨ ਲੱਗੇ। ਸਾਰੇ ਸਬੂਤ ਸਾਡੇ ਕੋਲ ਸਨ। ਥਾਣੇਦਾਰ ਨੂੰ ਕਹਿ ਕੇ ਛਾਪਾ ਮਰਵਾਵਾਂਗੇ ਤਾਂ ਸਾਰੀਆਂ ਚੀਜ਼ਾਂ ਉਸ ਦੇ ਘਰੋਂ ਨਿਕਲ ਆਉਣਗੀਆਂ।

ਇਤਨੇ ਵਿਚ ਮਲਕਾ ਆ ਗਈ। ਹਮੇਸ਼ਾਂ ਵਾਂਗ ਨਰੋਈ ਤੇ ਫੁਰਤੀਲੀ। ਆਉਣ ਸਾਰ ਪਾਣੀ ਗਰਮ ਕਰਕੇ ਮਨੂ ਨੂੰ ਨੁਹਾਉਣ ਲੱਗੀ।

ਬੀਵੀ ਨੇ ਆਖਿਆ, "ਇਹ ਜ਼ਰਾ ਕੰਮ ਮੁਕਾ ਲਵੇ ਤਾਂ ਇਸ ਨੂੰ ਅੱਜ ਘਰ ਨਹੀਂ ਜਾਣ ਦੇਣਾ। ਪਿਛੋਂ ਹੀ ਇਸ ਦੇ ਘਰ ਛਾਪਾ ਪਵੇ। ਇਹ ਗੱਲ ਬਿਲਕੁਲ ਜ਼ਾਹਿਰ ਨਾ ਹੋਵੇ ਕਿ ਸਾਨੂੰ ਕੋਈ ਸ਼ੱਕ ਹੈ।"

ਮੈਂ ਦੂਜੇ ਕਮਰੇ ਵਿਚ ਗਿਆ ਤੇ ਥਾਣੇਦਾਰ ਨੂੰ ਟੈਲੀਫੋਨ ਕੀਤਾ। ਥਾਣੇਦਾਰ ਮੇਰਾ ਵਾਕਿਫ਼ ਸੀ। ਬੋਲਿਆ, "ਕੀ ਗੱਲ ਹੈ ਗਾਰਗੀ ਸਾਹਿਬ?"

ਮੈਂ ਆਖਿਆ, "ਇਥੇ ਤਸ਼ਰੀਫ਼ ਲੈ ਆਉ। ਤੁਹਾਡੀ ਮਦਦ ਦੀ ਲੋੜ ਹੈ। ਮਿਹਰਬਾਨੀ ਹੋਵੇਗੀ।"

ਥਾਣੇਦਾਰ ਨੇ ਆਖਿਆ, "ਅੱਧੇ ਘੰਟੇ ਤਕ ਮੈਂ ਪਹੁੰਚ ਰਿਹਾ ਹਾਂ।"

ਮੈਂ ਹਰ ਚੀਜ਼ ਬਰਾਮਦ ਕਰਾ ਕੇ ਇਸ ਕਮੀਨੀ ਔਰਤ ਨੂੰ ਸਬਕ ਸਿਖਾਉਣਾ ਚਾਹੁੰਦਾ ਸਾਂ।

ਥੋੜ੍ਹੇ ਚਿਰ ਪਿਛੋਂ ਮਲਕਾ ਮਨੂ ਨੂੰ ਪਾਉਡਰ ਮਲ ਕੇ ਤੇ ਕਪੜੇ ਪਹਿਨਾ ਕੇ ਲੈ ਆਈ। ਮੇਰੀ ਬੀਵੀ ਨੂੰ ਆਖਣ ਲੱਗੀ, "ਲਉ ਮੇਮ ਸਾਹਿਬ ਦੇਖੋ। ਨੰਗੇ ਪੈਰ ਠਰੇ ਪਏ ਨੇ ਮੇਰੇ ਰਾਜੇ ਪੁੱਤ ਦੇ। ਮੇਰੇ ਸੁਹਣੇ ਲਾਲ ਦੇ। ਨਾਨੀ ਨੇ ਅਮਰੀਕਾ ਤੋਂ ਸਭ ਕੁਝ ਭੇਜਿਆ, ਜੁਰਾਬਾਂ ਨਾ ਭੇਜੀਆਂ। ਠੰਢ ਨਾਲ ਨੀਲੇ ਪਏ ਨੇ ਨਿੱਕੇ-ਨਿੱਕੇ ਪੈਰ।"

ਇਹ ਆਖ ਕੇ ਉਸ ਨੇ ਆਪਣਾ ਥੈਲਾ ਖੋਲ੍ਹਿਆ ਤੇ ਇਸ ਵਿਚੋਂ ਉੱਨ ਦਾ



ਲਾਲ ਪਿੰਨਾ ਕੱਢਿਆ ਤੇ ਨਿੱਕੀਆਂ-ਨਿੱਕੀਆਂ ਸਲਾਈਆਂ ਤੇ ਨਿੱਕੀਆਂ-ਨਿੱਕੀਆਂ ਲਾਲ ਜੁਰਾਬਾਂ। ਜੁਰਾਬਾਂ ਕੱਢ ਕੇ ਉਸ ਨੇ ਮਨੂ ਦੇ ਪੈਰਾਂ ਨੂੰ ਚੁੰਮਿਆ ਤੇ ਇਨ੍ਹਾਂ ਨੂੰ ਜੁਰਾਬਾਂ ਪਹਿਨਾ ਕੇ ਫੁਮਣਾਂ ਵਾਲੇ ਧਾਗੇ ਨਾਲ ਗੰਢ ਮਾਰੀ। ਬੋਲੀ, "ਮਨੂ ਰਾਜੇ ਲਈ ਜੁਰਾਬਾਂ ਬੁਣੀਆਂ ਨੇ। ਇਸ ਦੇ ਨਿੱਕੇ-ਨਿੱਕੇ ਪੈਰਾਂ ਲਈ।"

ਉਸ ਨੇ ਮਨੂ ਦੇ ਮੱਥੇ ਨੂੰ ਚੁੰਮਿਆ ਤੇ ਫੇਰ ਪੈਰਾਂ ਨੂੰ ਕੁਤਕੁਤਾੜੀਆਂ ਕੀਤੀਆਂ। ਦੋਵੇਂ ਹੱਸਣ ਲੱਗੇ।

ਬਾਹਰੋਂ ਕਿਸੇ ਨੇ ਘੰਟੀ ਦਾ ਬਟਨ ਦੱਬਿਆ। ਮਲਕਾ ਮਨੂ ਨੂੰ ਚੁੱਕ ਕੇ ਦੂਜੇ ਕਮਰੇ ਵਿਚ ਲੈ ਗਈ।

ਘੰਟੀ ਫਿਰ ਵੱਜੀ।

ਮੈਂ ਬੂਹਾ ਖੋਲ੍ਹਿਆ। ਥਾਣੇਦਾਰ ਚਮੜੇ ਨਾਲ ਮੜ੍ਹਿਆ ਕਾਲਾ ਡੰਡਾ ਲਈ ਖੜਾ ਸੀ।

ਮੈਂ ਉਸ ਨੂੰ ਡਰਾਇੰਗ ਰੂਮ ਵਿਚ ਬਿਠਾ ਕੇ ਇਕ ਮਿੰਟ ਲਈ ਅੰਦਰ ਆਇਆ ਤਾਂ ਬੀਵੀ ਨੇ ਮੇਰਾ ਹੱਥ ਫੜ ਲਿਆ।

"ਬਿਲਕੁਲ ਨਹੀਂ!" ਉਹ ਬੋਲੀ।

"ਕੀ?" ਮੈਂ ਪੁੱਛਿਆ।

ਉਹ ਬੋਲ ਨਾ ਸਕੀ। ਉਸ ਦੇ ਬੁੱਲ੍ਹ ਫਰਕ ਰਹੇ ਸਨ ਤੇ ਅੱਖਾਂ ਵਿਚ ਪੁੱਤ ਦੇ ਪਿਆਰ ਦੀ ਡਲ੍ਹਕਣ। ਮਲਕਾ ਦਾ ਕਸੂਰ ਉਸ ਨੂੰ ਮਨੂ ਦੀਆਂ ਨਿੱਕੀਆਂ-ਨਿੱਕੀਆਂ ਪੈੜਾਂ ਵਾਂਗ ਜਾਪਣ ਲੱਗਾ। ਜੇ ਮਲਕਾ ਚਲੀ ਗਈ ਤਾਂ ਉਸ ਦੀਆਂ ਬੁਣੀਆਂ ਲਾਲ ਜੁਰਾਬਾਂ ਨੂੰ ਉਹ ਕਿਵੇਂ ਕਬੂਲ ਕਰੇਗੀ? ਇਨ੍ਹਾਂ ਨੂੰ ਵਾਪਿਸ ਵੀ ਕਿਵੇਂ ਕਰੇਗੀ? ਮਨੂ ਦੇ ਪੈਰਾਂ ਤੋਂ ਇਨ੍ਹਾਂ ਜੁਰਾਬਾਂ ਨੂੰ ਕਿਵੇਂ ਲਾਹੇਗੀ? ਮੇਰੀ ਬੀਵੀ ਦੀ ਤੱਕਣੀ ਵਿਚ ਤਰਲਾ ਸੀ।

ਮੈਂ ਦੂਜੇ ਕਮਰੇ ਵਿਚ ਜਾ ਕੇ ਥਾਣੇਦਾਰ ਨੂੰ ਚਾਹ ਪਿਲਾ ਕੇ ਵਾਪਿਸ ਕਰ ਦਿੱਤਾ।

ਮੈਂ ਤੇ ਮੇਰੀ ਬੀਵੀ ਦੋਵੇਂ ਮੁਜਰਿਮਾਂ ਵਾਂਗ ਮਹਿਸੂਸ ਕਰ ਰਹੇ ਸਾਂ।

18

# ਗੰਗਾ ਅਸ਼ਨਾਨ

"ਵੇ ਬਿਰਜੂ ! ਬਿਰਜੂ ਵੇ ! ਗਿੱਟੇ ਛਾਂਗ ਦਿਊਂ ਜੇ ਉਸ ਭੂਤਨੀ ਨੂੰ ਦੇਖਣ ਗਿਐਂ ! ਡੇਰੇ ਤੋਂ ਸਿੱਧਾ ਘਰ ਮਰੀਂ, ਡੁੱਬ ਜਾਣਿਆਂ !" ਠਾਕਰੀ ਨੇ ਦੰਦ ਪੀਹ ਕੇ ਆਪਣੇ ਪੁੱਤ ਬਿਰਜੂ ਨੂੰ ਠਾਕਿਆ ।

ਪਰ ਬਿਰਜੂ ਨੂੰ ਨਵੀਂ ਰੇਲ ਗੱਡੀ ਦੇਖਣ ਦਾ ਚਾਅ ਚੜ੍ਹਿਆ ਹੋਇਆ ਸੀ । ਜਦ ਸਾਧ ਦੇ ਡੇਰੇ ਤੋਂ ਮੁੰਡਿਆਂ ਨੂੰ ਛੁੱਟੀ ਹੋਈ ਜਿਥੇ ਪਿੱਪਲ ਹੇਠ ਰੇਤੇ ਉਤੇ ਬੈਠੇ ਉਹ 'ਸ ਮੁਕਤਾ, ਸਾ ਕੰਨਾ' ਗਾ-ਗਾ ਕੇ ਰਟਦੇ ਸਨ ਤਾਂ ਸਾਰੇ ਹੀ ਸਟੇਸ਼ਨ ਉਤੇ ਨਵੀਂ ਗੱਡੀ ਦੇਖਣ ਚਲੇ ਗਏ ।

ਚੋਖਾ ਇਕੱਠ ਜੁੜਿਆ ਹੋਇਆ ਸੀ । ਨੀਲੀ ਵਰਦੀ ਵਾਲਾ ਇਕ ਆਦਮੀ ਲੋਕਾਂ ਨੂੰ ਆਖ ਰਿਹਾ ਸੀ, "ਹਟੋ ਇਕ ਪਾਸੇ । ਲੋਹੇ ਦੀਆਂ ਇਨ੍ਹਾਂ ਲੀਹਾਂ ਉਤੇ ਛੱਕ-ਛੱਕ ਕਰਦਾ ਇੰਜਣ ਆਊਗਾ । ਨਿਹਾਲੇ ਦੀ ਕੋਠੜੀ ਤੋਂ ਵੱਡੇ-ਵੱਡੇ ਕੋਠਿਆਂ ਦੀ ਪਾਲ ਹੋਵੇਗਾ । ਲੋਕ ਇਨ੍ਹਾਂ ਵਿਚ ਬੈਠ ਸਕਦੇ ਨੇ, ਫਿਰ ਸਕਦੇ ਨੇ, ਰੋਟੀ ਖਾ ਸਕਦੇ ਨੇ, ਸੌਂ ਸਕਦੇ ਨੇ । ਗੱਡੀ ਫਿਰ ਵੀ ਦੌੜਦੀ ਰਹੂਗੀ ।"

ਬਿਰਜੂ ਦੀ ਹਿੱਕੜੀ ਧੱਕ-ਧੱਕ ਕਰਨ ਲੱਗੀ । ਕਿਹੋ ਜਿਹਾ ਹੋਊ ਇਹ ਇੰਜਣ ? ਉਹ ਸੋਚਣ ਲੱਗਾ । ਕਾਲੇ ਝੋਟੇ ਵਰਗਾ ? ਜਾਂ ਆਲਾ ਸਿੰਘ ਦੇ ਊਠ ਵਰਗਾ...ਕਿਹੋ ਜਿਹਾ ?

ਮੁੰਡੇ ਬਾਘੀਆਂ ਪਾਉਂਦੇ, ਇਕ ਦੂਜੇ ਨੂੰ ਛੇੜਦੇ ਹੋਏ ਟਪੂਸੀਆਂ ਮਾਰ ਰਹੇ ਸਨ । ਡੇਰੇ ਦਾ ਸਾਧ ਕਾਲਾ ਖੂੰਡਾ ਲਈ ਮੁੰਡਿਆਂ ਨੂੰ ਹਿੱਕ ਕੇ ਇਕੱਠਾ ਕਰ ਰਿਹਾ ਸੀ । ਇਕ ਦਮ ਰੌਲਾ ਜਿਹਾ ਮਚ ਗਿਆ । ਸਾਰੇ ਇਕੱਠ ਵਿਚ ਝਰਨਾਹਟ ਜਿਹੀ ਦੌੜ ਗਈ । ਦੂਰੋਂ ਕਾਲੇ ਧੂਏਂ ਦਾ ਬੱਦਲ ਦਿਸਿਆ ।

ਇਕ ਆਦਮੀ ਚਿੱਟਾ ਟੋਪ ਪਾਈ ਤੇ ਸੋਟੀ ਲਈ ਏਧਰ-ਉਧਰ ਦੌੜ ਰਿਹਾ ਸੀ



"ਹਟੋ ਇਕ ਪਾਸੇ ! ਲਾਈਨਾਂ ਤੋਂ ਦੂਰ ਰਹੋ ! ਹਟੋ !"

ਛੱਕ-ਛੱਕ ਕਰਦਾ ਇੰਜਨ ਦੌੜਿਆ ਆ ਰਿਹਾ ਸੀ । ਧਰਤੀ ਹਿੱਲਣ ਲੱਗੀ । ਸਾਰੇ ਭਾਜੜ ਪੈ ਗਈ । ਹਟੋ, ਹਟੋ ।

ਇਤਨੇ ਵਿਚ ਧਮ-ਧਮ ਕਰਦਾ ਇੰਜਨ ਆ ਗਿਆ । ਉਸ ਜ਼ੋਰ ਦੀ ਸੁੜਾਕਾ ਮਾਰਿਆ, ਖੰਘਿਆ ਤੇ ਪਰਤਾਪੇ ਦੇ ਝੋਟੇ ਵਾਂਗ ਹੌਂਕਦਾ ਹੋਇਆ ਖੜਾ ਹੋ ਗਿਆ । ਲੋਕ ਡੌਰ-ਭੌਰ ਹੋਏ ਤੱਕਦੇ ਰਹੇ । ਇੰਜਣ ਨੇ ਭਾਫ ਦੇ ਬੱਦਲ ਛੱਡੇ ਤੇ ਜ਼ੋਰ ਦੀ ਕੂਕ ਮਾਰੀ । ਜਿਊਣੀ ਤੇ ਭਗੀਰਤੀ ਨੇ ਨਿੱਛਾਂ ਮਾਰੀਆਂ ਤੇ ਨਾਸਾਂ ਮਲਦੀਆਂ ਉਲਟੇ ਪੈਰੀਂ ਦੌੜ ਪਈਆਂ ।

ਜਦ ਰਤਾ ਟਿਕ-ਟਕਾ ਹੋਇਆ ਤਾਂ ਰੁਲੀਆ ਚਮਿਆਰ ਡਰਦਾ-ਡਰਦਾ ਇੰਜਣ ਕੋਲ ਗਿਆ । ਮੰਦਰ ਦੇ ਪੁਜਾਰੀ ਨੇ ਜ਼ੋਰ ਦੀ ਸੰਖ ਵਜਾਇਆ ਤੇ ਇੰਜਣ ਦੇ ਛੱਜੇ ਨੂੰ ਸੰਧੂਰ ਨਾਲ ਲਿਪ ਦਿੱਤਾ । ਤੀਵੀਆਂ ਨੂੰ ਸਾਹ ਆਇਆ । ਉਨ੍ਹਾਂ ਇੰਜਣ ਉਤੇ ਫੁਲਕਾਰੀਆਂ ਚੜ੍ਹਾਈਆਂ, ਖੰਮਣੀਆਂ ਬੰਨ੍ਹੀਆਂ ਤੇ ਉਸ ਦੇ ਤਪਦੇ ਹੋਏ ਪਹੀਆਂ ਉਤੇ ਲੱਸੀ ਦੇ ਗੜਵੇ ਡੋਲ੍ਹੇ । ਬਿਰ ਵੀ ਡਰਦਾ-ਡਰਦਾ ਕੋਲ ਗਿਆ । ਉਸ ਨੇ ਹੱਥ ਲਾ ਕੇ ਦੇਖਿਆ, ਨਿੱਗਰ ਲੋਹੇ ਦਾ ਦਿਓ ਸੀ । ਉਸ ਦੇ ਨੱਕ ਵਿਚੋਂ ਧੂੰ ਨਿਕਲ ਰਿਹਾ ਸੀ ।

ਸਾਰੇ ਡੱਬੇ ਖਾਲੀ ਸਨ । ਰੇਲਵਾਈ ਦੇ ਕੁਝ ਆਦਮੀ ਬੈਠੇ ਸਨ । ਚਿੱਟੇ ਟੋਪ ਵਾਲੇ ਦੇਸੀ ਸਾਹਿਬ ਨੇ ਲੋਕਾਂ ਨੂੰ ਮੁਫ਼ਤ ਝਾਟੀ ਲਾਈ ਪਰੇਰਿਆ ਤੇ ਯਕੀਨ ਦਵਾਇਆ ਕਿ ਅਗਲੇ ਸਟੇਸ਼ਨ ਤੀਕ ਲੈਜਾ ਕੇ ਮੁੜ ਏਥੇ ਹੀ ਛੱਡ ਜਾਣਗੇ, ਪਰ ਕੋਈ ਤਿਆਰ ਨਾ ਹੋਇਆ ।

"ਇਹ ਗੱਡੀ ਅੰਗ੍ਰੇਜ਼ ਨੇ ਭੇਜੀ ਐ ਤਾਂ ਜੁ ਤੁਸੀਂ ਇਕ ਪਿੰਡ ਤੋਂ ਦੂਜੇ ਪਿੰਡ ਜਾ ਸਕੋ । ਇਸ ਵਿਚ ਬੈਠ ਕੇ ਸਾਰੇ ਹਿੰਦੁਸਤਾਨ ਦਾ ਚੱਕਰ ਲਾ ਸਕਦੇ ਓ, ਗੰਗਾ ਇਸ਼ਨਾਨ ਲਈ ਵੀ ਇਸੇ ਵਿਚ ਜਾ ਸਕਦੇ ਓ ।"

ਇਕ ਜੱਟ ਬੋਲਿਆ, "ਤੇ ਫਿਰ ਅਸੀਂ ਘੋੜਿਆਂ ਊਠਾਂ ਦਾ ਕੀ ਕਰਾਂਗੇ ?"

ਇਕ ਦਾਨੇ ਅਰਜ਼ੀ-ਨਵੀਸ ਨੇ ਜੋ ਦਿੱਲੀ ਦਰਬਾਰ ਦੇਖ ਚੁੱਕਾ ਸੀ, ਅੱਖ ਮੀਚ ਕੇ ਆਖਿਆ, "ਓਏ, ਅੰਗ੍ਰੇਜ਼ਾਂ ਨੂੰ ਸਾਡੇ ਊਠਾਂ ਘੋੜਿਆਂ ਦੀ ਲੋੜ ਐ, ਏਸੇ ਕਰਕੇ ਉਨ੍ਹਾਂ ਇਸ ਭੂਤਨੀ ਨੂੰ ਭੇਜਿਆ ਐ । ਮੈਂ ਸੁਣਿਆ ਐ ਦਿੱਲੀ ਉਨ੍ਹਾਂ ਬਹੁਤ ਵੱਡਾ ਬੂਚੜ-ਖਾਨਾ ਖੋਲ੍ਹਿਆ ਐ ਜਿਥੇ ਉਹ ਗਾਵਾਂ, ਊਠਾਂ ਤੇ ਘੋੜਿਆਂ ਦਾ ਝਟਕਾ ਕਰਦੇ ਨੇ । ਮੇਮਾਂ ਨੂੰ ਘੋੜੇ ਦਾ ਮਾਸ ਬਹੁਤ ਸੁਆਦ ਲਗਦੈ ।"

ਕੋਈ ਵੀ ਗੱਡੀ ਵਿਚ ਬੈਠਣ ਲਈ ਤਿਆਰ ਨਾ ਹੋਇਆ । ਆਖਰ ਛੋਟੇ ਤਹਿਸੀਲਦਾਰ ਦੇ ਹੁਕਮ ਨਾਲ ਲੱਡੂਆਂ ਦੇ ਟੋਕਰੇ ਮੰਗਵਾਏ ਗਏ ਤੇ ਹਰ ਇਕ ਡੱਬੇ ਵਿਚ ਇਕ ਟੋਕਰਾ ਰਖਵਾਇਆ ਗਿਆ ਤੇ ਇਸ ਗੱਲ ਦੀ ਮੁਨਾਦੀ ਕੀਤੀ ਗਈ, "ਜੋ ਗੱਡੀ ਵਿਚ ਬੈਠੇਗਾ ਉਸ ਨੂੰ ਲੱਡੂ ਮੁਫ਼ਤ ਖਾਣ ਨੂੰ ਮਿਲਣਗੇ ।"

ਲੱਡੂਆਂ ਦਾ ਨਾਂ ਸੁਣ ਕੇ ਬਿਰਜੂ ਦਾ ਦਿਲ ਟੱਪਣ ਲੱਗਾ । ਉਸ ਦੀ ਗੋਲ ਕਾਲੀ ਟੋਪੀ ਉਸ ਦੀ ਟਿੰਡ ਤੋਂ ਖਿਸਕ ਗਈ ਤੇ ਉਸ ਦੀ ਬੋਦੀ ਚੂਹੇ ਦੀ ਪੂਛ ਵਾਂਗ ਹਿੱਲਣ ਲੱਗੀ । ਨਿੱਤ ਸਾਧ ਦੇ ਡੇਰੇ ਜਾਂਦੇ ਉਹ ਨਾਨਕੂ ਹਲਵਾਈ ਦੀ ਹੱਟੀ ਕੋਲ ਦੀ ਲੰਘਦਾ ਸੀ ਜਿਥੇ ਲੱਡੂਆਂ, ਜਲੇਬੀਆਂ ਦੇ ਥਾਲ ਰੱਖੇ ਹੁੰਦੇ ਪਰ ਉਸ ਕੋਲ ਇਕ

ਪੈਸਾ ਵੀ ਕਿਥੇ ਸੀ ਜੋ ਲੱਡੂ ਮੁੱਲ ਲੈ ਸਕਦਾ। ਸੋ ਲੱਡੂਆਂ ਦਾ ਨਾਂ ਸੁਣ ਕੇ ਉਸ ਦੀਆਂ ਲਾਲਾਂ ਡਿੱਗਣ ਲੱਗੀਆਂ।

ਕਈ ਮੁੰਡੇ ਛਾਲਾਂ ਮਾਰ ਕੇ ਚੜ੍ਹ ਗਏ। ਬਿਰਜੂ ਵੀ ਟਪੂਸੀ ਮਾਰ ਕੇ ਨਾਲ ਹੀ ਚੜ੍ਹ ਗਿਆ।

ਚਿੱਟੇ ਟੋਪ ਵਾਲਾ ਸਾਹਿਬ ਬੋਲਿਆ, "ਖ਼ਬਰਦਾਰ! ਖਿੜਕੀ 'ਚੋਂ ਕੋਈ ਸਿਰ ਬਾਹਰ ਨਾ ਕੱਢੇ। ਅੰਦਰ ਆਰਾਮ ਨਾਲ ਬੈਠੇ ਰਹੋ, ਕੁਝ ਨਹੀਂ ਹੋਵੇਗਾ।"

ਇੰਜਣ ਨੇ ਕੂਕ ਮਾਰੀ। ਤੀਵੀਆਂ ਬੂ-ਬੂ ਕਰਦੀਆਂ ਪਿਛਾਂਹ ਨੂੰ ਦੌੜੀਆਂ ਤੇ ਇਕ ਦੂਜੀ ਨਾਲ ਭਿੜ ਕੇ ਡਿੱਗ ਪਈਆਂ। ਗੱਡੀ ਛੱਕ-ਛੱਕ ਕਰਦੀ ਹੋਈ ਚਲ ਪਈ।

ਜਦੋਂ ਗੱਡੀ ਅੱਖੋਂ ਉਹਲੇ ਹੋ ਗਈ ਤਾਂ ਅਰਜ਼ੀਨਵੀਸ ਬੋਲਿਆ, "ਅੰਗ੍ਰੇਜ਼ ਇਨ੍ਹਾਂ ਮੁੰਡਿਆਂ ਨੂੰ ਲੈ ਗਿਐ। ਬੋਦੀਆਂ ਕਟਾ ਕੇ ਕਰਾਂਟੇ ਬਣਾ ਦਿਊ। ਮੈਂ ਆਪ ਪਾਦਰੀ ਨੂੰ ਗੱਡੀ 'ਚ ਬੈਠੇ ਦੇਖਿਐ। ਉਸ ਨੇ ਚਿੱਟਾ ਟੋਪ ਪਾਇਆ ਹੋਇਆ ਸੀ।"

ਤਰਕਾਲਾਂ ਢਲ ਗਈਆਂ ਪਰ ਬਿਰਜੂ ਘਰ ਨਾ ਆਇਆ। ਕਿਸੇ ਨੇ ਠਾਕਰੀ ਨੂੰ ਜਾ ਕੇ ਖ਼ਬਰ ਕੀਤੀ ਕਿ ਉਸ ਦਾ ਪੁੱਤ ਗੱਡੀ ਚੜ੍ਹ ਗਿਆ ਸੀ। ਉਹ ਚਰਖਾ ਛੱਡ ਕੇ ਗਾਲ੍ਹਾਂ ਕੱਢਣ ਲੱਗੀ।

ਸਾਰੇ ਪਿੰਡ ਵਿਚ ਖ਼ਬਰ ਫੈਲ ਗਈ। ਠਾਕਰੀ ਦਾ ਪੁੱਤ ਗੱਡੀ ਚੜ੍ਹ ਗਿਆ। ਇਹ ਗੱਲ ਫਾਂਸੀ ਚੜ੍ਹਨ ਨਾਲੋਂ ਘਟ ਨਹੀਂ ਸੀ। ਠਾਕਰੀ ਭੁੱਖੀ ਰਿਛਣੀ ਵਾਂਗ ਬੁੱਕੀ ਤੇ ਗਾਲ੍ਹਾਂ ਕੱਢਦੀ ਤੇ ਕੀਰਨੇ ਪਾਉਂਦੀ ਸਟੇਸ਼ਨ ਨੂੰ ਹੋ ਲਈ, "ਵੇ ਤੈਨੂੰ ਲੜ ਜਾਏ ਕਾਲਾ ਨਾਗ ਅੱਧੀ ਰਾਤੀਂ, ਵੇ ਬਿਰਜੂਆ! ਤੈਨੂੰ ਆ ਜੇ ਢਾਈਆਂ ਘੜੀਆਂ ਦੀ ਵੇ ਬਿਰਜੂਆ! ਟੁੱਟ ਜਾਏਂ ਅੱਧ ਵਿਚਾਲਿਓਂ, ਨਾ ਨੇਪਰੇ ਚੜ੍ਹੇਂ ਤੂੰ ਜੁ ਮੈਨੂੰ ਤਪਾਉਣ ਲਗਿਐਂ, ਵੇ ਬਿਰਜੂਆ!"

ਪਹਿਲਾਂ ਉਹ ਸਾਧ ਡੇਰੇ ਗਈ। ਫਿਰ ਦੋ ਮੀਲ ਦਾ ਚੱਕਰ ਕੱਢ ਕੇ ਕੱਚੇ ਸਟੇਸ਼ਨ ਉਤੇ ਪੁੱਜੀ। ਉਥੇ ਅਰਜ਼ੀਨਵੀਸ ਲੋਕਾਂ ਨੂੰ ਆਖ ਰਿਹਾ ਸੀ, "ਰਾਮ-ਰਾਮ ਕਰੋ ਜੀ! ਹੁਣ ਉਨ੍ਹਾਂ ਨੇ ਕੀ ਮੁੜਨਾ। ਅੰਗ੍ਰੇਜ਼ ਲੈ ਗਿਐ। ਗਊ ਦਾ ਮਾਸ ਖੁਆ ਕੇ ਬੋਦੀਆਂ ਕਟਾ ਦਿਊ। ਇਸ ਪਿਛੋਂ ਗਿਰਜੇ 'ਚ ਲੈ ਜਾਊ। ਸਾਰਿਆਂ ਨੂੰ ਕਰਾਂਟੇ ਬਣਾ ਦਿਊ।"

ਜਦੋਂ ਠਾਕਰੀ ਦੇਖਿਆ ਕਿ ਬਿਰਜੂ ਸ਼ਾਇਦ ਨਾ ਹੀ ਮੁੜੇ ਤਾਂ ਉਸ ਦਾ ਗੁੱਸਾ ਬਿਰਜੂ ਤੋਂ ਉਤਰ ਕੇ ਅੰਗ੍ਰੇਜ਼ ਤੇ ਉਸ ਦੀ ਗੱਡੀ ਉਤੇ ਚੜ੍ਹ ਗਿਆ। "ਇਸ 'ਗਰੇਜ ਦੀ ਬੇੜੀ ਬਹਿ ਜੇ! ਨਪੁੱਤੇ ਦਾ ਮੇਰੇ ਪੁੱਤ ਨੂੰ ਲੈ ਗਿਆ। ਏਸ 'ਗਰੇਜ ਦੀ ਮਿੱਟੀ ਸੜ ਜਾਏ! ਏਸ ਦੀ ਗੱਡੀ ਦਾ ਕੱਖ ਨਾ ਰਹੇ। ਰੁੜ੍ਹ ਜਾਣੀ ਦਾ! ਅੱਗ ਲਗ ਜੇ ਏਸ ਭੂਤਨੀ ਨੂੰ! ਮੱਚ ਜੇ ਏਸ ਹਰਾਂਬੜ ਦਾ ਕਾਲਜਾ!"

ਉਹ ਗੱਡੀ ਨੂੰ ਇਉਂ ਗਾਲ੍ਹਾਂ ਕੱਢ ਰਹੀ ਸੀ ਜਿਵੇਂ ਉਸ ਦੀ ਸੌਂਕਣ ਹੋਵੇ।

ਠਾਕਰੀ ਦੀਆਂ ਗਾਲ੍ਹਾਂ ਵਿਚ ਸ਼ਕਤੀ ਸੀ ਕਿਉਂ ਜੁ ਉਸੇ ਸ਼ਾਮ ਗੱਡੀ ਮੁੜ ਆਈ। ਬਿਰਜੂ ਖ਼ੁਸ਼ ਸੀ। ਗੱਡੀ ਵਿਚ ਬੈਠੇ ਉਸ ਨੇ ਬਾਹਰ ਤੱਕਿਆ ਸੀ। ਦਰਖ਼ਤ ਦੌੜ ਰਹੇ ਸਨ, ਖੇਤ ਕਿਆਰੇ ਚੱਕਰ-ਚੂੰਡੇ ਉਤੇ ਚੜ੍ਹੇ ਹੋਏ ਘੁੰਮ ਰਹੇ ਸਨ। ਉਸ ਦਾ ਸਿਰ ਭੌਣ ਲੱਗਾ ਤੇ ਉਸ ਨੂੰ ਘੇਰ ਜੇਹੀ ਚੜ੍ਹ ਗਈ ਜਿਵੇਂ ਉਸ ਸੁੱਖਾ ਪੀ ਲਿਆ



ਹੁੰਦਾ ਐ। ਉਹ ਤਾਕੀ ਕੋਲ ਸਿਰ ਬਾਹਰ ਕੱਢੀ ਨਸਦੀ ਹੋਈ ਧਰਤੀ ਨੂੰ ਦੇਖ ਰਿਹਾ ਸੀ। ਹਵਾ ਦਾ ਬੁੱਲਾ ਆਇਆ 'ਤੇ ਉਸ ਦੀ ਟੋਪੀ ਉੱਡ ਗਈ ਜਿਵੇਂ ਬਨੇਰੇ ਤੋਂ ਕਾਂ ਉਡ ਜਾਂਦਾ ਹੈ, ਤੇ ਉਸ ਦੀ ਬੋਦੀ ਲਹਿਰਾਉਂਦੀ ਰਹਿ ਗਈ। ਉਸ ਨੇ ਬੋਦੀ ਨੂੰ ਘੁਟ ਕੇ ਫੜ ਲਿਆ ਸੀ ਮਤਾਂ ਇਹ ਵੀ ਨਾ ਉੱਡ ਜਾਏ।

ਮੁੰਡਿਆਂ ਨੇ ਰੱਜ-ਰੱਜ ਕੇ ਲੱਡੂ ਖਾਧੇ। ਬਿਰਜੂ ਨੇ ਪੰਜ ਲੱਡੂ ਛਕੇ ਤੇ ਦੋ ਆਪਣੀ ਮਾਂ ਲਈ ਖੀਸੇ ਵਿਚ ਲਕੋ ਲਏ ਸਨ। ਬਿਰਜੂ ਨੂੰ ਦੇਖ ਕੇ ਠਾਕਰੀ ਦਾ ਸਾਰਾ ਗੁੱਸਾ ਲਹਿ ਗਿਆ। ਉਸ ਨੇ ਪੁੱਤ ਨੂੰ ਹਿੱਕ ਨਾਲ ਲਾਇਆ ਤੇ ਉਸ ਦੇ ਮੱਥੇ ਤੇ ਅੱਖਾਂ ਨੂੰ ਚੁੰਮਿਆ। ਜਦ ਉਸ ਨੇ ਜੇਬ ਵਿਚੋਂ ਦੋ ਲੱਡੂ ਕੱਢ ਕੇ ਦਿੱਤੇ ਤਾਂ ਠਾਕਰੀ ਦਾ ਚਿਤ ਖਿੜ ਗਿਆ।

ਹਨੇਰਾ ਵਿਛ ਚਲਿਆ ਸੀ। ਦੀਵੇ ਬਲ ਚੁੱਕੇ ਸਨ। ਮਾਂ ਪੁੱਤ ਖ਼ੁਸ਼ੀ-ਖ਼ੁਸ਼ੀ ਘਰ ਪਰਤੇ। ਰਸਤੇ ਵਿਚ ਬਿਰਜੂ ਗੱਡੀ ਦੀਆਂ ਗੱਲਾਂ ਸੁਣਾ ਰਿਹਾ ਸੀ ਤੇ ਉਸ ਦੇ ਦਿਲ ਵਿਚ ਲੂਹਰੀਆਂ ਉਠ ਰਹੀਆਂ ਸਨ। ਠਾਕਰੀ ਹੌਲੀ-ਹੌਲੀ ਲੱਡੂ ਖਾ ਰਹੀ ਸੀ ਤੇ ਸੁਣ ਰਹੀ ਸੀ। ਰਾਤ ਨੂੰ ਸੌਣ ਤੋਂ ਪਹਿਲਾਂ ਉਸ ਨੇ ਹਨੂਮਾਨ ਦੀ ਮੂਰਤੀ ਨੂੰ ਭੋਗ ਲਾਇਆ ਤੇ ਡੂਚੀ ਦੇ ਤਖ਼ਤੇ ਤੇ ਆਲੇ ਸੰਧੂਰ ਨਾਲ ਲਿੱਪੇ।

ਸਵੇਰੇ ਜਦੋਂ ਉਸ ਨੂੰ ਪਤਾ ਲੱਗਾ ਕਿ ਬਿਰਜੂ ਟੋਪੀ ਖੋ ਆਇਆ ਤਾਂ ਉਸ ਨੂੰ ਰੋਹ ਚੜ੍ਹ ਗਿਆ ਤੇ ਉਸ ਦੀ ਟੋਟਣੀ ਉਤੇ ਕਰਾਰੀਆਂ-ਕਰਾਰੀਆਂ ਚੰਡਾਂ ਜੜੀਆਂ।

ਹੁਣ ਗੱਡੀ ਹਫ਼ਤੇ ਵਿਚ ਇਕ ਵਾਰੀ ਪਿੰਡ ਦੇ ਕੋਲ ਦੀ ਲੰਘਣ ਲੱਗੀ। ਹੌਲੀ-ਹੌਲੀ ਦੋ ਵਾਰ ਹੋ ਗਈ ਤੇ ਛੇਕੜ ਨਿੱਤ ਦੋ ਵਾਰੀ ਆਉਣ ਲੱਗੀ। ਸਵੇਰੇ ਬਠਿੰਡੇ ਤੋਂ ਪਟਿਆਲੇ ਜਾਂਦੀ ਹੋਈ ਤੇ ਆਥਣੇ ਪਟਿਆਲੇ ਤੋਂ ਬਠਿੰਡੇ ਮੁੜਦੀ ਹੋਈ। ਚੱਕਰ ਖਾਂਦਾ ਹੋਇਆ ਧੂੰਆਂ, ਭਾਫ਼, ਦੂਰੋਂ ਆਉਂਦੀ ਹੋਈ ਕੂਕ, ਹਰੀ ਝੰਡੀ ਤੇ ਇੰਜਣ ਦੀ ਛਕ-ਛਕ ਨੇ ਪਿੰਡ ਦੇ ਅਕੇਵੇਂ ਤੇ ਫਿੱਕੇ ਜੀਵਨ ਵਿਚ ਨਵਾਂ ਰੰਗ ਭਰ ਦਿੱਤਾ। ਬਾਣੀਏ, ਜੱਟ, ਆਜੜੀ ਤੇ ਪਾਂਧੀ ਗੱਡੀ ਤੱਕਣ ਲਈ ਖੜੇ ਜਾਂਦੇ। ਬਿਰਜੂ ਵੀ ਗੱਡੀ ਦੇ ਆਉਣ ਤੋਂ ਕੁਝ ਚਿਰ ਪਹਿਲਾਂ ਪਲੇਟਫ਼ਾਰਮ ਉਤੇ ਆ ਜਾਂਦਾ।

ਉਹ ਗੱਡੀ ਦਾ ਰੋਜ਼ ਸੁਆਗਤ ਕਰਦਾ ਤੇ ਇਸ ਨੂੰ ਤੋਰ ਕੇ ਘਰ ਜਾਂਦਾ। ਗੱਡੀ ਦੇ ਤੁਰ ਜਾਣ ਪਿਛੋਂ ਚਿਰ ਤੀਕ ਉਹ ਬਲ ਖਾਂਦੇ ਧੂੰਏਂ ਵਲ ਤਕਦਾ ਰਹਿੰਦਾ। ਪੂਰਾ ਕੋਠੇ ਦਾ ਕੋਠਾ ਧੱਮ-ਧੱਮ ਕਰਦਾ ਲੋਹੇ ਦੀਆਂ ਲੀਹਾਂ ਉਤੇ ਦੌੜਦਾ ਹੋਇਆ ਆਉਂਦਾ। ਮਸਤੇ ਹੋਏ ਝੋਟੇ ਵਾਂਗ ਇੰਜਣ ਅੜਾਉਂਦਾ, ਚੰਘਿਆੜ ਮਾਰਦਾ ਤੇ ਫਿਰ ਸਾਊ ਬਣ ਕੇ ਖੜਾ ਹੋ ਜਾਂਦਾ। ਕਮਾਲੈ! ਬਿਰਜੂ ਸੋਚਦਾ। ਗੱਡੀ ਦੀ ਸਵੇਰ-ਸ਼ਾਮ ਦੀ ਲੈਅ ਉਸ ਦੇ ਮਨ ਵਿਚ ਪਸਰ ਗਈ। ਨਸ਼ੇ ਵਿਚ ਉਸ ਦਾ ਸਿਰ ਝੂਮਣ ਲਗਦਾ। ਗੱਡੀ ਉਸ ਨੂੰ ਦੂਰ ਦੁਰਾਡੇ ਦੇਸ਼ਾਂ ਵਿਚ ਲੈ ਜਾਂਦੀ, ਅਣਡਿੱਠੇ ਸ਼ਹਿਰਾਂ ਵਿਚ, ਸੁਹਣੇ ਮਹੱਲਾਂ ਤੇ ਮਾੜੀਆਂ ਦੇ ਨਜ਼ਾਰੇ ਦਿਖਾਉਂਦੀ।

ਇਕ ਦਿਨ ਗੱਡੀ ਲੇਟ ਸੀ। ਬਿਰਜੂ ਵੀ ਘਰ ਚਿਰਕੇ ਪੁੱਜਾ। ਸ਼ਿਵ ਜੀ ਦੇ ਮੰਦਰ ਦੀ ਪੂਜਾ ਹੋ ਚੁੱਕੀ ਸੀ। ਖੂਹ ਦੀ ਲਾਸ ਲੱਥ ਚੁੱਕੀ ਸੀ। ਠਾਕਰੀ ਹਨੂਮਾਨ ਦੀ ਮੂਰਤੀ ਅੱਗੇ ਬੈਠੀ ਟੱਲੀ ਵਜਾਈ ਜਾਂਦੀ ਸੀ। ਉਸ ਨੂੰ ਦੇਖ ਕੇ ਉਹ ਬਘਿਆੜੀ ਵਾਂਗ ਝਈ ਲੈ ਕੇ ਆਈ, "ਵੇ ਜੇ ਇਨ੍ਹਾਂ ਫੂਕ ਜਾਣੀਆਂ ਕਿਤਾਬਾਂ ਨੂੰ ਨਹੀਂ ਪੜ੍ਹਨਾ ਤਾਂ ਆਪਣੇ

ਬਾਪੂ ਆਲਾ ਕਿੱਤਾ ਈ ਫੜ ਲੈ। ਡੁੱਬ-ਜਾਣਿਆਂ, ਛੇਕੜ ਹਕੀਮੀ ਹੀ ਕਰ ਲੈ! ਮੈਂ ਉਹਦੀਆਂ ਜੜੀਆਂ-ਬੂਟੀਆਂ ਤੇ ਖਰਲ ਕੂੰਡੀਆਂ ਸਾਂਭ ਕੇ ਰਖੀਆਂ ਨੇ।"

ਬਿਰਜੂ ਦਾ ਬਾਪ ਗਨੇਸ਼ਾ ਇਲਾਕੇ ਦਾ ਪ੍ਰਸਿੱਧ ਹਕੀਮ ਸੀ। ਉਸ ਦੇ ਮਰਨ ਪਿੱਛੋਂ ਠਾਕਰੀ ਕਈ ਦਿਨ ਰੋਂਦੀ ਰਹੀ। ਫਿਰ ਉਸ ਨੇ ਬੋਤਲਾਂ, ਨੁਸਖ਼ੇ, ਕੂੰਡੀ, ਦੌਰੀ ਤੇ ਮਰਤਬਾਨ ਸਾਂਭ ਕੇ ਰੱਖ ਦਿੱਤੇ। ਉਸ ਦਾ ਵਿਚਾਰ ਸੀ ਬਿਰਜੂ ਵੱਡਾ ਹੋ ਕੇ ਨਹਿਰ ਦਾ ਬਾਬੂ ਨਾ ਬਣਿਆ ਤਾਂ ਛੇਕੜ ਖ਼ਾਨਦਾਨੀ ਕਿੱਤਾ ਤਾਂ ਕਿਤੇ ਨਹੀਂ ਗਿਆ। ਪਰ ਬਿਰਜੂ ਦਾ ਹਕੀਮੀ ਵਲ ਧਿਆਨ ਹੀ ਨਹੀਂ ਸੀ ਜਾਂਦਾ। ਠਾਕਰੀ ਨੇ ਬਿਸ਼ਨੇ ਜੋਤਸ਼ੀ ਨੂੰ ਉਸ ਦੀ ਜਨਮ-ਪੱਤਰੀ ਤੇ ਹੱਥ ਦਿਖਾਇਆ ਸੀ। ਬਿਰਜੂ ਦੇ ਹੱਥ ਵਿਚ ਹਕੀਮੀ ਵਾਲੀ ਲੀਕ ਹੀ ਨਹੀਂ ਸੀ। ਠਾਕਰੀ ਉਸ ਲਈ ਕੋਈ ਹੋਰ ਕਿੱਤਾ ਢੂੰਡਣ ਲੱਗੀ।

ਰੇਲਵਾਈ ਸਟੇਸ਼ਨ ਕੋਲ ਹੀ ਮੰਡੀ ਵਸ ਗਈ ਸੀ। ਉਥੇ ਦੁੱਧ ਦਹੀਂ ਦੀਆਂ ਹੱਟੀਆਂ ਤੇ ਢਾਬੇ ਖੁੱਲ੍ਹ ਗਏ ਸਨ। ਲੁਧਿਆਣੇ ਤੋਂ ਦੋ ਭਰਾਵਾਂ ਨੇ ਏਥੇ ਆ ਕੇ ਲੱਡੂ ਜਲੇਬੀਆਂ ਦੀ ਹੱਟੀ ਪਾਈ ਸੀ। ਠਾਕਰੀ ਦੇ ਕਹੇ ਸੁਣੇ ਉਨ੍ਹਾਂ ਬਿਰਜੂ ਨੂੰ ਸੀਰੀ ਰਲਾ ਲਿਆ। ਤਿੰਨ ਸੌ ਰੁਪਏ ਕੁਲ ਲਾਗਤ। ਬਿਰਜੂ ਨੂੰ ਇਹ ਕੰਮ ਪਸੰਦ ਸੀ। ਲੱਡੂ-ਜਲੇਬੀਆਂ ਤੇ ਗੁਲਾਬ ਜਾਮਨਾਂ ਮੁਫ਼ਤ ਖਾਣ ਨੂੰ। ਨਾਲ ਸਟੇਸ਼ਨ ਵੀ ਨੇੜੇ ਈ ਸੀ, ਗੱਡੀ ਦੇਖਣ ਲਈ ਦੂਰ ਨਹੀਂ ਜਾਣਾ ਪਿਆ ਕਰੂ।

ਬਿਰਜੂ ਪਿੰਡ ਦੇ ਥਾਣੇਦਾਰ, ਤਹਿਸੀਲਦਾਰ ਤੇ ਦੂਜੇ ਅਹਿਲਕਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਅਫ਼ਸਰਾਂ ਨਾਲ ਲਿਹਾਜ-ਗਿਹਾਜ ਤੇ ਮੂੰਹ-ਮਲਾਹਜ਼ਾ ਰੱਖਣ ਦਾ ਹਾਮੀ ਸੀ। ਪੂਰਨਮਾਸ਼ੀ ਤੇ ਵਿਹਾਰ-ਤਿਹਾਰ ਉਤੇ ਉਹ ਲੱਡੂਆਂ, ਸ਼ਕਰਪਾਰਿਆਂ ਦੇ ਥਾਲ ਲੈ ਕੇ ਜਾਂਦਾ। ਤਹਿਸੀਲਦਾਰ, ਹਨੂਮਾਨ ਦੇ ਮੰਦਰ ਦੇ ਪੁਜਾਰੀ ਤੇ ਰੇਲਵਾਈ ਦੇ ਗਾਰਡਾਂ ਤੇ ਟੀਟੀਆਂ ਦਾ ਉਹ ਖ਼ਾਸ ਤੌਰ ਤੇ ਮੁਰੀਦ ਸੀ।

ਸਵੇਰੇ ਨਿੰਮ ਦੀ ਦਾਤਣ ਕਰਦਾ ਹੋਇਆ ਉਹ ਗੱਡੀ ਦੇਖਣ ਲਈ ਪੁੱਜ ਜਾਂਦਾ। ਤਰਕਾਲੀਂ ਉਦੋਂ ਘਰ ਮੁੜਦਾ ਜਦੋਂ ਗੱਡੀ ਜਾ ਚੁੱਕੀ ਹੁੰਦੀ। ਕੋਈ ਗਾਰਡ ਜਾਂ ਟੀਟੀ ਵਕਤ ਦਾ ਇਤਨਾਂ ਪਾਬੰਦ ਨਹੀਂ ਸੀ ਜਿਤਨਾ ਉਹ। ਹਨੇਰੀ ਹੋਵੇ ਭਾਵੇਂ ਝੱਖੜ, ਧੁੱਪ ਹੋਵੇ ਭਾਵੇਂ ਕੱਕਰ, ਉਹ ਨੀਅਤ ਥਾਂ ਉਤੇ ਖੜ੍ਹਾ ਹੁੰਦਾ। ਰੇਲ-ਗੱਡੀ ਦੇ ਸਵਾਗਤ ਲਈ।

ਠਾਕਰੀ ਬਥੇਰਾ ਚੀਖ਼ਦੀ, "ਵੇ ਤੂੰ ਇਨ੍ਹਾਂ ਬਾਊਆਂ ਉਤੇ ਕਿਉਂ ਘਰ ਉਜਾੜਨ ਲਗਿਐਂ? ਇਨ੍ਹਾਂ ਟੀਟੀਆਂ-ਫੀਟੀਆਂ ਨੇ ਤੈਨੂੰ ਕੀ ਤਾਰ ਦੇਣੈਂ?"

ਬਿਰਜੂ ਆਖਦਾ, "ਬੇਬੇ, ਕਿਉਂ ਭੌਂਕੀ ਜਾਨੀ ਐਂ? ਤੈਨੂੰ ਕੀ ਪਤਾ ਕਿੰਨੀ ਮਾਨਤਾ ਹੁੰਦੀ ਐ ਇਨ੍ਹਾਂ ਗਾਰਡਾਂ ਦੀ। ਸੀਟੀ ਮਾਰਨ ਤਾਂ ਸਾਰੀ ਗੱਡੀ ਖੜ੍ਹੋ ਜਾਂਦੀ ਐ। ਇਨ੍ਹਾਂ ਨੇ ਭਲਾ ਕਦੀ ਪਤਾਸੇ ਲੱਡੂ ਦੇਖੇ ਨੇ? ਇਹ ਤਾਂ ਮੂੰਹ ਦੇਖ ਕੇ ਸੀਦ੍ਹਾ ਲੈ ਲੈਂਦੇ ਨੇ। ਸੌ ਲਿਹਾਜ ਮੰਨਦੇ ਨੇ, ਨਹੀਂ ਤਾਂ ਇਨ੍ਹਾਂ ਨਾਲ ਤਾਂ ਲੋਕੀਂ ਗੱਲ ਕਰਨ ਨੂੰ ਤਰਸਦੇ ਨੇ। ਇਹ ਜਿਥੇ ਮਰਜ਼ੀ ਆਏ ਜਿਸ ਨੂੰ ਚਾਹਣ, ਗੱਡੀ ਵਿਚ ਬਠਾਲ ਕੇ ਦਿੱਲੀ ਦੱਖਣ ਦੀ ਸੈਰ ਕਰਾ ਦੇਣ। ਭਾਵੇਂ 'ਗੰਗਾ ਸ਼ਨਾਨ' ਕਰਾ ਦੇਣ। ਤੂੰ ਹਰਦੁਆਰ ਦੇ ਦਰਸ਼ਨਾਂ ਨੂੰ ਤਰਸਦੀ ਸੈਂ। ਬਸ ਮੈਂ ਰਤਾ ਅੱਖ ਦਾ 'ਸ਼ਾਰਾ ਕਰਾਂ, ਉਹ ਆਪਾਂ ਦੋਹਾਂ ਨੂੰ ਹਰ ਥਾਂ ਮੁਖ਼ਤ ਲੈ ਜਾਣ। ਸਮਝੀ?" ਫਿਰ ਉਹ ਨੀਵੀਂ ਸੁਰ ਵਿਚ ਪੋਲੇ



ਜਿਹੇ ਆਖਦਾ ਜਿਵੇਂ ਕਿਤੇ ਬਹੁਤ ਵੱਡੀ ਰਾਜ਼ ਦੀ ਗੱਲ ਆਖ ਰਿਹਾ ਹੋਵੇ, "ਬੇਬੇ, ਇਹ ਬੜੇ ਕੰਮ ਦੇ ਲੋਕ ਨੇ। ਲੋਕ ਤਾਂ ਵੱਡੇ ਆਦਮੀਆਂ ਨਾਲ ਲਿਹਾਜ ਪਾਉਣ ਲਈ ਸੈਂਕੜੇ ਖ਼ਰਚ ਕਰ ਛਡਦੇ ਨੇ, ਤੂੰ ਜਲੇਬੀਆਂ ਦੀ ਇਕ ਰਕੇਬੀ ਨੂੰ ਪਿਟਦੀ ਐਂ। ਕਮਲੀਏ, ਜਦੋਂ ਹਰ ਕੀ ਪੌੜੀ ਉਤੇ ਚੁੱਭੀ ਲਾਉਣ ਜਾਣਾ ਹੋਊ, ਉਸ ਨੂੰ ਆਖ ਦਿਊਂਗਾ, ਸਾਰਾ ਕੰਮ ਮੁਖ਼ਤ ਹੋ ਜਾਊ।"

ਇਹ ਗੱਲਾਂ ਸੁਣ ਕੇ ਠਾਕਰੀ ਚੁੱਪ ਹੋ ਜਾਂਦੀ।

ਇਕ ਵਾਰੀ ਬਿਰਜੂ ਨੇ ਬਰਨਾਲੇ ਜਾਣਾ ਸੀ। ਤਪਾ ਮੰਡੀ ਤੋਂ ਦੋ ਆਨੇ ਕਿਰਾਇਆ ਸੀ। ਉਸ ਸੋਚਿਆ "ਦੋ ਆਨਿਆਂ ਖ਼ਾਤਰ ਕਿਸੇ ਦਾ ਇਹਸਾਨ ਕੀ ਲੈਣਾ, ਜਾਵਾਂਗੇ ਕਿਸੇ ਵੱਡੇ ਸਫ਼ਰ ਉਤੇ, ਦਿੱਲੀ ਦਾ ਲਾਲ ਕਿਲ੍ਹਾ ਜਾਂ ਬੰਬਈ ਦੇਖਣ।"

ਦਿਨ ਰੁੜ੍ਹਦੇ ਗਏ। ਤੇਜ਼-ਤੇਜ਼, ਜਿਵੇਂ ਰੇਲ ਦੇ ਪਹੀਏ। ਕਈ ਗਾਰਡ ਆਏ ਤੇ ਬਦਲ ਗਏ। ਕਈ ਟੀ. ਟੀ. ਆਏ ਤੇ ਚਲੇ ਗਏ। ਜਦ ਪੁਰਾਣਾ ਗਾਰਡ ਜਾਂਦਾ ਤਾਂ ਨਵੇਂ ਗਾਰਡ ਨੂੰ ਬਾਕੀ ਚੀਜ਼ਾਂ ਦਾ ਚਾਰਜ ਦੇਂਦੇ ਹੋਏ ਬਿਰਜੂ ਦਾ ਚਾਰਜ ਵੀ ਦੇ ਜਾਂਦਾ। ਆਖਦਾ, "ਰੇਲ ਗੱਡੀ ਨੂੰ ਤਾਂ ਉਹ ਮੰਦਰ ਸਮਝਦੈ ਤੇ ਗਾਰਡ ਤੇ ਟੀ. ਟੀ. ਇਸ ਮੰਦਰ ਦੇ ਮਹੰਤ। ਸੰਝ ਸਵੇਰੇ ਦੁੱਧ ਦਾ ਗਲਾਸ ਤੇ ਲੱਡੂ ਪੇੜਿਆਂ ਦੀ ਪਲੇਟ ਲੈ ਕੇ ਹਾਜ਼ਰ ਹੁੰਦੈ। ਬਹੁਤ ਹੀ ਚੰਗਾ ਆਦਮੀ ਐ।"

ਏਸੇ ਖ਼ਿਦਮਤ ਵਿਚ ਬਿਰਜੂ ਪੰਜਾਹਾਂ ਸਾਲਾਂ ਦਾ ਹੋ ਗਿਆ। ਉਸ ਦੇ ਪੰਜ ਧੀਆਂ-ਪੁੱਤ ਸਨ। ਉਸ ਦੀ ਦਾੜ੍ਹੀ ਵਿਚ ਚਿੱਟੀਆਂ ਰਿਸ਼ਮਾਂ ਭਮਕਾਂ ਮਾਰਦੀਆਂ ਸਨ। ਠਾਕਰੀ ਬੁੱਢੀ ਹੋ ਗਈ ਸੀ। ਉਸ ਦੇ ਦੰਦ-ਦਾੜ੍ਹਾਂ ਨਿਕਲ ਗਏ ਸਨ। ਜਦ ਪੋਪਲੇ ਮੂੰਹ ਨਾਲ ਰੋਟੀ ਚਥੋਲਦੀ ਜਾਂ ਮੰਜੀ ਉਤੇ ਬੈਠੀ ਗਾਲ੍ਹਾਂ ਦਾ ਜਾਪ ਕਰਦੀ ਤਾਂ ਉਸ ਦੀ ਤਿੱਖੀ ਨੱਕ ਠੁੱਡੀ ਉਤੇ ਆ ਲਗਦੀ।

ਮੰਡੀ ਵਸ ਗਈ ਸੀ। ਨਵੇਂ ਹਲਵਾਈ ਤੇ ਕਾਰੀਗਰਾਂ ਨੇ ਆ ਕੇ ਬਿਰਜੂ ਦੇ ਦੋ ਸਾਂਝੀਆਂ ਦੀ ਵੱਟਤ ਮਾਰ ਦਿੱਤੀ ਸੀ। ਉਹ ਨਵੇਂ ਨਮੂਨੇ ਦੀਆਂ ਮਿਠਾਈਆਂ ਬਣਾਉਂਦੇ, ਭਾਂਤ-ਭਾਂਤ ਤੇ ਰੰਗ-ਬਰੰਗੀਆਂ ਬਰਫ਼ੀਆਂ ਜਮਾਉਂਦੇ। ਬਿਰਜੂ ਤੇ ਉਸ ਦੇ ਸੀਰੀਆਂ ਦੇ ਟੱਬਰ-ਟੀਰ ਵੀ ਵਧ ਗਏ ਸਨ। ਗੁਜ਼ਾਰਾ ਹੋਣਾ ਔਖਾ ਹੋ ਗਿਆ। ਛੇਕੜ ਤਿੰਨੇ ਵੱਖ-ਵੱਖ ਹੋ ਗਏ।

ਬਿਰਜੂ ਦਾ ਰੇਲ ਗੱਡੀ ਨਾਲ ਪਿਆਰ ਫਿਰ ਵੀ ਨਾ ਘਟਿਆ। ਉਹ ਨਿੱਤ ਗੱਡੀ ਦੇਖਣ ਜਾਂਦਾ। ਗੱਡੀ ਦੀ ਤਾਰ ਸੁਰ ਉਸ ਦੀ ਰਗ-ਰਗ ਵਿਚ ਵਸ ਗਈ ਸੀ। ਜਦੋਂ ਗੱਡੀ ਦੇ ਆਉਣ ਦਾ ਵੇਲਾ ਹੁੰਦਾ ਤੇ ਘੰਟੀ ਵਜਦੀ ਤਾਂ ਉਸ ਦੀਆਂ ਨਸਾਂ ਵਿਚ ਲਹੂ ਤੇਜ਼-ਤੇਜ਼ ਦੌੜਦਾ। ਅਮਲੀ ਵਾਂਗ, ਜੇ ਗੱਡੀ ਰਤਾ ਚਿਰਕੇ ਆਉਂਦੀ, ਤਾਂ ਉਸ ਦਾ ਅਮਲ ਟੁੱਟਣ ਲਗਦਾ। ਉਹ ਬਿਹਬਲ ਹੋ ਕੇ ਪਲੇਟਫ਼ਾਰਮ ਉਤੇ ਕਾਹਲਾ-ਕਾਹਲਾ ਫਿਰਦਾ।

ਕਈ ਵਾਰ ਠਾਕਰੀ ਦਲੀਆ ਖਾ ਕੇ ਮਚਾਕੇ ਮਾਰਦੀ ਆਖਦੀ, "ਇਸ ਢੱਕਣ ਨੂੰ ਖੌਰੇ ਕਦੋਂ ਮੱਤ ਆਊ? ਪੰਜਾਹਾਂ ਤੋਂ ਟੱਪ ਗਿਐ, ਪਰ ਉਸੇ ਤਰ੍ਹਾਂ ਡੂਚਣ ਦਾ ਡੂਚਣ! ਖੌਰੇ ਮੈਂ ਅਜੇਹੇ ਚੰਦਰੇ ਨੂੰ ਕਿਵੇਂ ਜੰਮ ਦਿੱਤਾ। ਆਖਦੈ, ਬੇਬੇ ਮੈਂ ਤੈਨੂੰ ਗੰਗਾ ਅਸ਼ਨਾਨ ਕਰਾਊਂ। ਮਿੱਟੀ ਤੇ ਸੁਆਹ! ਜੇ ਮਰੀ ਦੇ ਫੁੱਲ ਗੰਗਾ ਪਾ ਆਵੇਂ ਤਾਂ ਸ਼ੁਕਰ ਕਰਾਂ।

ਊਂਹ !" ਉਹ ਮੁੜ ਗਾਲ੍ਹਾਂ ਕੱਢਣ ਲਗਦੀ । ਉਸ ਨੂੰ ਖੰਘ ਛਿੜ ਜਾਂਦੀ ਤੇ ਹੱਥੂ ਆ ਜਾਂਦਾ । ਉਹ ਨਸਵਾਰ ਦੀ ਡੱਬੀ ਖੋਲ੍ਹਦੀ ਤੇ ਨਾਸ ਦੀ ਚੂੰਢੀ ਲੈ ਕੇ ਸੁੜ੍ਹਾਕਾ ਮਾਰਦੀ ।

ਬਿਰਜੂ ਆਖਦਾ, "ਬੇਬੇ, ਤੇਰਾ ਤਾਂ ਡਮਾਕ ਚਲਿਆ ਹੋਇਐ । ਖੂਹ ਦੇ ਡੱਡੂ ਵਾਂਗ ਸਾਰੀ ਉਮਰ ਪਿੰਡ 'ਚ ਈ ਰਹੀ ਐਂ ! ਤੈਨੂੰ ਕੀ ਪਤਾ । ਅੱਜਕਲ੍ਹ ਤਾਂ ਸਾਰਾ ਜਮਾਨਾ ਲਿਹਾਜ-ਗਿਹਾਜ ਦੈ । ਮੈਨੂੰ ਤਾਂ ਦਿੱਲੀ ਤੀਕ ਦੇ ਗਾਰਡ, ਟੀ. ਟੀ. ਜਾਣਦੇ ਨੇ ।"

ਜਿਉਂ-ਜਿਉਂ ਠਾਕਰੀ ਦੇ ਪਰਲੋਕ ਜਾਣ ਦਾ ਵੇਲਾ ਨੇੜੇ ਆਉਂਦਾ ਗਿਆ ਉਹ ਆਪਣੇ ਪੁੱਤ ਨੂੰ ਗੰਗਾ ਅਸ਼ਨਾਨ ਲਈ ਵਧੇਰੇ ਕਚੋਕੇ ਲਾਉਂਦੀ । ਇਸ ਭਵ-ਸਾਗਰ ਪਿੱਛੋਂ ਉਸ ਬੇਤਰਨੀ ਨਦੀ ਪਾਰ ਕਰਨੀ ਸੀ ਤੇ ਬੇਤਰਨੀ ਪਾਰ ਕਰਨ ਲਈ ਜਾਂ ਤਾਂ ਗਊ ਪੁੰਨ ਕਰਦੀ ਜਾਂ ਬਾਹਮਣਾਂ ਨੂੰ ਦਾਨ ਦੇਂਦੀ ਤੇ ਜਾਂ ਫਿਰ ਗੰਗਾ ਜਾ ਕੇ ਹਰ ਕੀ ਪੌੜੀ ਦਾ ਪੁੰਨ ਖਟਦੀ ਨਹੀਂ ਤਾਂ ਸਵਰਗ ਦੀ ਥਾਂ ਨਰਕ ਵਿਚ ਜਗ੍ਹਾ ਮਿਲੂਗੀ ।

ਇਕ ਦਿਨ ਬਾਹਮਣਾਂ ਨੇ ਪੱਤਰੀਆਂ ਦੇਖ ਕੇ ਅੱਧ-ਕੁੰਭੀ ਦਾ ਐਲਾਨ ਕੀਤਾ । ਪਿੰਡੋਂ ਬਹੁਤ ਸਾਰੇ ਲੋਕ ਤੀਰਥ ਮੇਲੇ ਉਤੇ ਜਾਣ ਲਈ ਤਿਆਰ ਹੋਏ ਤਾਂ ਜੁ ਆਪਣੇ ਪੁਰਾਣੇ ਪਾਪ ਲਾਹ ਆਉਣ । ਅਜੇਹੇ ਮੌਕੇ ਉਤੇ ਗੰਗਾ ਵਿਚ ਇਕ ਚੁੱਭੀ ਸੌ ਗਊਆਂ ਪੁੰਨ ਕਰਨ ਦੇ ਬਰਾਬਰ ਹੈ । ਠਾਕਰੀ ਨੇ ਵੀ ਹਰਦੁਆਰ ਦੀ ਤਿਆਰੀ ਕਰ ਲਈ । ਵੇਲਾ ਆ ਗਿਆ ਸੀ ਕਿ ਬਿਰਜੂ ਰੇਲਵਾਈ ਦੀ ਸਾਲਾਂ-ਬੱਧੀ ਸੇਵਾ ਦੇ ਪਰਨੋਟ ਨੂੰ ਭਨਾ ਲਵੇ ।

ਘਰ ਵਿਚ ਬੜੀ ਗਹਿਮਾ-ਗਹਿਮੀ ਸੀ । ਠਾਕਰੀ ਯਾਤਰਾ ਲਈ ਚੀਜ਼ਾਂ ਬੰਨ੍ਹ ਰਹੀ ਸੀ । ਪੁਰਾਣੀ ਨਗੰਦਿਆਂ ਵਾਲੀ ਰਜ਼ਾਈ, ਚਾਰਖ਼ਾਨੇ ਵਾਲੀ ਖੇਸੀ, ਘਿਓ ਦੀ ਬਲ੍ਹਣੀ, ਕੰਗਣੀ ਵਾਲਾ ਪਿੱਤਲ ਦਾ ਗੜਵਾ, ਭਰਤ ਦਾ ਕੁੱਜਾ, ਦਾਲ ਤੇ ਆਟੇ ਦੇ ਪੀਪੇ ਤੇ ਪਾਂਡਿਆਂ ਤੇ ਬਾਂਦਰਾਂ ਨੂੰ ਖੁਆਣ ਲਈ ਪੇੜੇ ਤੇ ਖਿੱਲਾਂ । ਉਹ ਗੰਗਾ ਅਸ਼ਨਾਨ ਦੇ ਚਾਅ ਵਿਚ ਅੰਦਰ-ਬਾਹਰ ਪੋਲੇ-ਪੋਲੇ ਬੁੱਢੀ ਬਿੱਲੀ ਵਾਂਗ ਤੁਰੀ ਫਿਰਦੀ ਸੀ । ਯਾਤਰਾ ਭਾਵੇਂ ਪਰਲੋਕ ਦੀ ਹੋਵੇ ਭਾਵੇਂ ਲਾਗਲੇ ਪਿੰਡ ਦੀ, ਸਦਾ ਰੀਤਾਂ ਨਾਲ ਸ਼ਿੰਗਾਰੀ ਜਾਂਦੀ ਹੈ । ਠਾਕਰੀ ਵਿਸ਼ਨੂ ਦੇ ਸਹੈਂਸਰ ਨਾਂ ਜਪਦੀ ਹੋਈ ਆਪਣਾ ਨਿਕਸੁਕ ਇਕੱਠਾ ਕਰ ਰਹੀ ਸੀ ।

ਉਸ ਦਿਨ ਬਿਰਜੂ ਦੂਣੀ ਮਠਿਆਈ ਤੇ ਮਲਾਈ ਦੇ ਭਰੇ ਹੋਏ ਦੁੱਧ ਦੇ ਦੋ ਵੱਡੇ ਗਲਾਸ ਲੈ ਕੇ ਸਟੇਸ਼ਨ ਉਤੇ ਪਹਿਲਾਂ ਹੀ ਪੁੱਜ ਗਿਆ । ਰਾਮ ਰਤਨ ਗਾਰਡ ਨੇ ਆਉਣਾ ਸੀ । ਬਿਰਜੂ ਉਸ ਨਾਲ ਯਾਤਰਾ ਦੀ ਪੱਕ-ਠੱਕ ਤੇ ਪ੍ਰਬੰਧ ਕਰਨਾ ਚਾਹੁੰਦਾ ਸੀ ।

ਗੱਡੀ ਦਾ ਸਿੰਗਲ ਡਾਊਨ ਸੀ । ਬਿਰਜੂ ਪਲੇਟਫ਼ਾਰਮ ਉਤੇ ਟਹਿਲਦਾ ਰਿਹਾ ਤੇ ਪ੍ਰੋਗਰਾਮ ਮਿਥਦਾ ਰਿਹਾ । "ਪਹਿਲਾਂ ਸਿੱਧਾ ਹਰਦੁਆਰ ਜਾਵਾਂਗਾ ਤੇ ਗੰਗਾ ਇਸ਼ਨਾਨ ਕਰਾਂਗਾ । ਬੇਬੇ ਦਾ ਸਾਰੀ ਉਮਰ ਦਾ ਉਲਾਂਭਾ ਲਾਹ ਦਿਊਂ । ਮੁੜਦਾ ਹੋਇਆ ਸਹਾਰਨਪੁਰ ਉਤਰੂੰ ਤੇ ਟੋਕਰਾ ਅੰਬਾਂ ਦਾ ਲਊਂ । ਚੂਪਣ ਵਾਲੇ ਪਿਲਪਿਲੇ ਅੰਬ...ਬੇਬੇ ਨੂੰ ਟਪਕੇ ਦੇ ਅੰਬ ਬਹੁਤ ਪਸੰਦ ਨੇ...."

ਗੱਡੀ ਆਈ । ਅੱਜ ਕੁਝ ਵਧੇਰੇ ਹੀ ਭੀੜ ਸੀ । ਜੱਟ, ਬਾਣੀਏ, ਸ਼ਾਹੂਕਾਰ ਤੇ ਗ਼ਰੀਬ ਕਿਸਾਨ ਚੋਖਾ ਇਕੱਠ । ਲੋਕ ਗੱਡੀ ਦੇ ਹੈਂਡਲ ਨਾਲ ਚੰਬੜੇ ਪਏ ਸਨ ।



ਚੁਫੇਰੀਂ ਸਾਫ਼ੇ ਹੀ ਸਾਫ਼ੇ ਤੇ ਡਾਂਗਾਂ ਹੀ ਡਾਂਗਾਂ ਨਜ਼ਰ ਆਉਂਦੀਆਂ ਸਨ । ਚਾਣਚੱਕੀ ਉਸ ਰੌਲਾ ਜਿਹਾ ਸੁਣਿਆ । ਇਕ ਅਜੀਬ ਖਲਬਲੀ ਜਿਹੀ । ਉਸ ਦੇਖਿਆ ਚਿੱਟੇ ਟੋਪ ਪਾਈ ਦਰਜਨ ਤੋਂ ਉਤੇ ਟਿਕਟ-ਬਾਬੂ ਸਨ ਜਿਨ੍ਹਾਂ ਨੇ ਕੁਝ ਲੋਕਾਂ ਨੂੰ ਵਲਗਣ ਵਿਚ ਲੈ ਰਖਿਆ ਸੀ ਤੇ ਉਨ੍ਹਾਂ ਦੇ ਟਿਕਟ ਚੈੱਕ ਕਰ ਰਹੇ ਸਨ ।

ਬਿਰਜੂ ਇਹ ਦੇਖ ਕੇ ਕੁਝ ਪਰੇਸ਼ਾਨ ਜਿਹਾ ਹੋ ਗਿਆ । ਛੇਤੀ ਨਾਲ ਉਹ ਗਾਰਡ ਵਲ ਵਧਿਆ । ਉਸ ਪੁੱਛਿਆ, "ਕਿਉਂ, ਜੀ ਅੱਜ ਬਾਬੂ ਰਾਮ ਰਤਨ ਨੇ ਆਉਣਾ ਸੀ—ਥੋਨੂੰ ਕੁਝ..."

ਗਾਰਡ ਨੂੰ ਜਲਦੀ ਸੀ । ਉਸ ਤੋੜ ਕੇ ਉੱਤਰ ਦਿੱਤਾ, "ਉਨ੍ਹਾਂ ਦੀ ਬਦਲੀ ਹੋ ਗਈ ਐ ।" ਇਹ ਆਖ ਉਹ ਪਾਰਸਲ ਲਾਹੁਣ ਲਈ ਡੱਬੇ ਵਿਚ ਚੜ੍ਹ ਗਿਆ ।

"ਮੈਂ...ਮ ਮ ਮ ਮੇਰਾ ਨਾਂ ਬਿਰਜ ਲਾਲ ਐ । ਉਨ੍ਹਾਂ ਥੋਨੂੰ ਮੇਰੇ ਲਈ ਕੁਸ਼ ਆਖਿਆ ਹੋਣੈਂ...ਮੈਂ"

"ਕੀ ਮੈਂ ਮੈਂ ਲਾਈ ਐ ?" ਗਾਰਡ ਨੇ ਝਿੜਕ ਦਿੱਤੀ "ਮੈਨੂੰ ਕੁਝ ਨੀ ਪਤਾ । ਕੰਮ ਕਰਨ ਦੇ ਮੈਨੂੰ ।" ਗਾਰਡ ਮੁੜ ਗੱਡੀ ਚੜ੍ਹ ਗਿਆ ।

ਬਿਰਜੂ ਇਕ ਮਿੰਟ ਡੌਰ-ਭੌਰ ਤਕਦਾ ਰਿਹਾ । ਫਿਰ ਹੌਲੀ-ਹੌਲੀ ਤੁਰਦਾ ਹੋਇਆ ਫਾਟਕ ਵਲ ਆਇਆ ਜਿਥੇ ਇਕ ਨਵਾਂ ਬਾਬੂ ਖੜਾ ਸੀ ।

ਅੱਜ ਟਿਕਟਾਂ ਦੀ ਸਪੈਸ਼ਲ ਚੈਕਿੰਗ ਸੀ । ਬਾਰਾਂ ਬਾਬੂਆਂ ਦਾ ਟੋਲਾ ਦਿੱਲੀਓਂ ਆਇਆ ਸੀ ਤਾਂ ਜੁ ਬਿਨਾਂ ਟਿਕਟ ਸਫ਼ਰ ਕਰਨ ਵਾਲਿਆਂ ਦੀ ਪੜਤਾਲ ਕਰ ਸਕਣ ।

ਬਿਰਜੂ ਭਮੱਤਰਿਆ ਖੜਾ ਸੀ । ਇਕ ਬਾਬੂ ਉਸ ਨੂੰ ਇਸ ਤਰ੍ਹਾਂ ਗੁਆਚਿਆ ਦੇਖ ਕੇ ਤਾੜ ਗਿਆ । ਉਸ ਕੋਲ ਆ ਕੇ ਪੁੱਛਿਆ, "ਤੇਰਾ ਟਿਕਟ ?"

ਬਿਰਜੂ ਨੇ ਉੱਤਰ ਦਿੱਤਾ, "ਮੈਂ...ਮੈਂ ਤਾਂ ਗੱਡੀ ਦੇਖਣ ਆਇਆ ਸਾਂ ।"

"ਗੱਡੀ ਦੇਖਣ ? ਕਿਉਂ ਇਥੇ ਕੋਈ ਰਿੱਛ ਦਾ ਖੇਡਾ ਹੁੰਦੈ ਜਾਂ ਕਿਸੇ ਸਰਕਸ ਦਾ ਤਮਾਸ਼ਾ ?" ਬਾਬੂ ਨੇ ਗੁੱਸੇ ਨਾਲ ਆਖਿਆ, "ਚਲ ਏਧਰ ।"

ਇਕ ਪਾਸੇ ਇਕ ਗੰਜਾ ਬਾਬੂ ਵਰਦੀ ਪਾਈ ਬੈਠਾ ਸੀ । ਉਸ ਦੇ ਸਾਹਮਣੇ ਕਈ ਮੁਸਾਫ਼ਿਰ ਘਿਰੇ ਖੜੇ ਸਨ । ਉਹ ਉਨ੍ਹਾਂ ਨੂੰ ਜੁਰਮਾਨਾ ਕਰ ਰਿਹਾ ਸੀ । ਜਿਨ੍ਹਾਂ ਨੇ ਪੈਸੇ ਭਰ ਦਿੱਤੇ ਉਨ੍ਹਾਂ ਨੂੰ ਛੱਡ ਦਿੱਤਾ, ਬਾਕੀਆਂ ਨੂੰ ਪੁਲਸ ਦੇ ਹਵਾਲੇ ।

ਬਿਰਜੂ ਫਸੇ ਹੋਏ ਕਾਂ ਵਾਂਗ ਝਾਕਣ ਲੱਗਾ । ਉਹ ਕੁਝ ਆਖਣਾ ਚਾਹੁੰਦਾ ਸੀ, ਪਰ ਉਸ ਦੇ ਮੂੰਹੋਂ ਕੋਈ ਠੀਕ ਸ਼ਬਦ ਨਾ ਨਿਕਲਿਆ ।

ਬਾਬੂ ਨੇ ਆਖਿਆ, "ਨੌਂ ਰੁਪਈਏ ਜੁਰਮਾਨਾ ।"

"ਨੌਂ ਰੁਪਈਏ ?" ਬਿਰਜੂ ਦਾ ਮੂੰਹ ਖੁੱਲ੍ਹਾ ਰਹਿ ਗਿਆ ।

"ਹਾਂ ਨੌਂ ਰੁਪਈਏ । ਨਹੀਂ ਤਾਂ ਜੇਲ੍ਹ !"

ਬਿਰਜੂ ਦੀ ਜੇਬ ਵਿਚ ਤਾਂ ਨੌਂ ਆਨੇ ਵੀ ਨਹੀਂ ਸਨ !

## 19

# ਡਾਕੂਆਂ ਦਾ ਡੇਰਾ

ਬੁੱਢੇ ਚੌਕੀਦਾਰ ਨੇ ਆਖਿਆ, "ਸਾਹਿਬ, ਗਵਾਲੀਅਰ ਤੋਂ ਅੱਗੇ ਡਾਕੂ ਪੈਂਦੇ ਨੇ। ਰਤਾ ਬਚ ਕੇ ਜਾਣਾ। ਚੰਬਲ ਦੀਆਂ ਝਿੜੀਆਂ ਬਹੁਤ ਖ਼ਤਰਨਾਕ ਨੇ।"

ਜਦੋਂ ਮੈਂ ਛੜਾ ਸਾਂ ਤਾਂ ਡਰ ਦਾ ਸਵਾਲ ਹੀ ਨਹੀਂ ਸੀ। ਮੇਰਾ ਦਿੱਲੀ ਵਾਲਾ ਘਰ ਛੜਿਆਂ ਦੀ ਸਰਾਂ ਸੀ, ਜਿਥੇ ਵੜਨ ਤੋਂ ਵੱਡੇ ਤੋਂ ਵੱਡੇ ਡਾਕੂ ਵੀ ਡਰਦੇ ਸਨ। ਇਕ ਵਾਰੀ ਇਥੇ ਚੋਰ ਆਇਆ। ਹਨੇਰੇ ਵਿਚ ਉਸ ਨੇ ਹੱਥ ਮਾਰਿਆ ਤਾਂ ਸੋਨੇ-ਚਾਂਦੀ ਦੀ ਥਾਂ ਪੰਜਾਬੀ ਦੀਆਂ ਮੋਟੀਆਂ ਪੋਥੀਆਂ ਮਿਲੀਆਂ ਜਿਨ੍ਹਾਂ ਵਿਚ ਭਾਈ ਕਾਨ੍ਹ ਸਿੰਘ ਦਾ ਮਹਾਨ ਕੋਸ਼ ਤੇ ਸੰਤੋਖ ਸਿੰਘ ਧੀਰ ਦੀਆਂ ਵੰਗਾਰ ਭਰੀਆਂ ਕਵਿਤਾਵਾਂ ਸ਼ਾਮਲ ਸਨ। ਮਹਾਨ ਕੋਸ਼ ਨੂੰ ਛੇੜਿਆ ਤਾਂ ਚੋਰ ਉਸ ਦੇ ਭਾਰ ਨਾਲ ਡਿੱਗ ਪਿਆ। ਇਤਨੇ ਵਿਚ ਬਾਹਰੋਂ ਤਿੰਨ ਪੰਜਾਬੀ ਸਾਹਿਤਕਾਰ ਆ ਵੜੇ। ਗੰਡਾਸੇ ਨਾਲ ਕਤਰੀ ਹੋਈ ਦਾੜ੍ਹੀ ਵਾਲਾ ਗੁਲਜ਼ਾਰ ਸਿੰਘ ਸੰਧੂ, ਕਵੀਆਂ ਦਾ ਮੌਲਾ ਬਖ਼ਸ਼ ਸਿੰਘ ਤੇ ਕੁੰਢੀਆਂ ਮੁੱਛਾਂ ਵਾਲਾ ਅਮਰ ਸਿੰਘ ਸੋਢੀ। ਤਿੰਨਾਂ ਨੇ ਇਥੇ ਦਾਰੂ ਪੀਣ ਦਾ ਪ੍ਰੋਗਰਾਮ ਬਣਾਇਆ ਸੀ। ਤਿੰਨਾਂ ਦੇ ਕੱਛੀਂ ਸ਼ਰਾਬ ਦੀਆਂ ਬੋਤਲਾਂ ਤੇ ਹੱਥ ਵਿਚ ਭੁੰਨੀ ਹੋਈ ਮੱਛੀ ਸੀ। ਚੋਰ ਦੀ ਹਨੇਰੇ ਵਿਚ ਹੀ ਮਾਂ ਮਰ ਗਈ। ਤਿੰਨਾਂ ਨੇ ਤਾੜ ਲਿਆ ਕਿ ਅੰਦਰ ਕੋਈ ਵੜਿਆ ਬੈਠਾ ਹੈ। ਦੋ-ਚਾਰ ਗਾਲ੍ਹਾਂ ਕੱਢ ਕੇ ਉਨ੍ਹਾਂ ਨੇ ਚੋਰ ਨੂੰ ਬਾਹਰ ਕੱਢ ਲਿਆ। ਤਿੰਨੇ ਫਾਥੇ ਸ਼ਿਕਾਰ ਨੂੰ ਦੇਖ ਕੇ ਖੁਸ਼ ਹੋਏ, ਉੱਚੀ-ਉੱਚੀ ਹੱਸੇ ਤੇ ਤਿੰਨਾਂ ਨੇ ਹੂਰੇ ਮਾਰ-ਮਾਰ ਕੇ ਚੋਰ ਦਾ ਹੁਲੀਆ ਵਿਗਾੜ ਦਿੱਤਾ।

ਹੁਣ ਮੈਂ ਨਵਾਂ-ਨਵਾਂ ਵਿਆਹ ਕੀਤਾ ਸੀ। ਬੀਵੀ ਮੇਰੇ ਨਾਲ ਸੀ ਇਸ ਲਈ ਡਾਕੂਆਂ ਦੇ ਨਾਂ ਤੋਂ ਡਰ ਲੱਗਾ।

ਗੁਰੂ ਨਾਨਕ ਦੀ ਗੱਲ ਯਾਦ ਆਈ। ਬਾਬਾ ਜੀ ਭਾਈ ਬਾਲੇ ਤੇ ਮਰਦਾਨੇ ਨਾਲ ਜੰਗਲ ਵਿਚ ਤੁਰੇ ਜਾ ਰਹੇ ਸਨ। ਮਰਦਾਨੇ ਨੂੰ ਰਾਹ ਵਿਚ ਸੋਨੇ ਦੀਆਂ ਮੁਹਰਾਂ



ਦੀ ਪੋਟਲੀ ਮਿਲੀ ਤਾਂ ਉਸ ਨੇ ਚੁੱਕ ਲਈ। ਅੱਗੇ ਜਾ ਕੇ ਰਾਤ ਪੈ ਗਈ। ਮਰਦਾਨੇ ਨੂੰ ਡਰ ਲੱਗਣ ਲੱਗਾ। ਬੋਲਿਆ, "ਬਾਬਾ ਜੀ, ਡਰ ਲਗਦਾ ਹੈ।" ਗੁਰੂ ਨਾਨਕ ਉਸੇ ਤਰ੍ਹਾਂ ਤੁਰੇ ਜਾਂਦੇ ਧੀਰਜ ਨਾਲ ਬੋਲੇ: "ਭਾਈ, ਡਰ ਵਾਲੀ ਚੀਜ਼ ਹੀ ਸੁੱਟ ਦੇ।"

ਮੈਂ ਡਰ ਵਾਲੀ ਚੀਜ਼ ਕਿਵੇਂ ਸੁੱਟਦਾ?

ਸੋਚਿਆ ਖਜੁਰਾਹੋ ਤੋਂ ਮੂੰਹ-ਹਨੇਰੇ ਮੋਟਰ ਕਾਰ ਵਿਚ ਤੁਰ ਪਵਾਂਗੇ ਤਾਂ ਗਿਆਰਾਂ ਵਜਦੇ ਨੂੰ ਝਾਂਸੀ ਤੇ ਦੁਪਹਿਰ ਢਲੇ ਨੂੰ ਗਵਾਲੀਅਰ ਟੱਪ ਜਾਵਾਂਗੇ। ਇਸ ਲਈ ਮੈਂ ਆਪਣੀ ਬੀਵੀ ਨੂੰ ਆਖਿਆ ਕਿ ਉਹ ਰਾਤ ਨੂੰ ਹੀ ਸਾਮਾਨ ਬੰਨ੍ਹ ਰੱਖੇ।

ਮੈਨੂੰ ਬੰਬਈ ਤੋਂ ਟੁਰਨ ਲਗੇ ਟੂਰਿਜ਼ਮ ਦੇ ਮਹਿਕਮੇ ਦੇ ਕਲਰਕ ਨੇ ਸਾਵਧਾਨ ਕਰ ਦਿੱਤਾ ਸੀ ਕਿ ਗਵਾਲੀਅਰ ਤੇ ਧੌਲਪੁਰ ਦੇ ਵਿਚਕਾਰ ਡਾਕੂਆਂ ਦੇ ਡੇਰੇ ਹਨ। ਸੜਕਾਂ ਦੇ ਨਕਸ਼ੇ ਉਤੇ ਵੀ ਮੋਟੇ-ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ: "ਦਿਨ ਢਲਣ ਤੋਂ ਪਿੱਛੋਂ ਗਵਾਲੀਅਰ ਤੋਂ ਅੱਗੇ ਸਫ਼ਰ ਨਾ ਕਰੋ।"

ਖਜੁਰਾਹੋ ਦੇ ਗਿਆਰ੍ਹਵੀਂ ਸਦੀ ਦੇ ਮੰਦਰਾਂ ਦੀਆਂ ਨੰਗੀਆਂ ਰੂਪਵਤੀਆਂ ਦੇ ਦਰਸ਼ਨ ਕਰਨ ਪਿੱਛੋਂ ਇਕ ਦਮ ਡਾਕੂਆਂ ਦੀ ਗੱਲ ਨੇ ਮੈਨੂੰ ਹੁਸਨ ਦੀ ਦੁਨੀਆਂ ਵਿਚੋਂ ਕੱਢ ਕੇ ਵਰਤਮਾਨ ਵਿਚ ਲਿਆ ਖੜਾ ਕੀਤਾ।

ਮੂੰਹ-ਝਾਖਰੇ ਅਸੀਂ ਖਜੁਰਾਹੋ ਤੋਂ ਚਲੇ। ਹਵਾ ਵਿਚ ਨਿਰਮਲ ਠੰਢ ਸੀ। ਪ੍ਰੋਗਰਾਮ ਅਨੁਸਾਰ ਗਿਆਰਾਂ ਵਜਦੇ ਨੂੰ ਝਾਂਸੀ ਪਹੁੰਚ ਗਏ। ਮੈਂ ਜੀਨੀ ਨੂੰ ਝਾਂਸੀ ਦੀ ਰਾਣੀ ਦੀ ਬਹਾਦਰੀ ਦੀਆਂ ਗੱਲਾਂ ਸੁਣਾਈਆਂ। ਆਜ਼ਾਦੀ ਦੀ ਪਹਿਲੀ ਜੰਗ, ਜਿਸ ਨੂੰ ਇਤਿਹਾਸ ਵਿਚ ਸਿਪਾਹੀਆਂ ਦੀ ਬਗ਼ਾਵਤ ਦੇ ਨਾਂ ਹੇਠ ਮੈਂ ਬਚਪਨ ਵਿਚ ਪੜ੍ਹਿਆ ਸੀ, ਬਾਰੇ ਦੱਸਿਆ। ਝਾਂਸੀ ਦੇ ਸ਼ਬਦ ਨਾਲ ਰਾਣੀ ਇਉਂ ਜੁੜੀ ਹੋਈ ਹੈ ਜਿਵੇਂ ਗੁਰਬਖ਼ਸ਼ ਸਿੰਘ ਨਾਲ ਪ੍ਰੀਤ ਨਗਰ। ਇਸ ਬਹਾਦਰ ਸ਼ਹਿਰ ਵਿਚ, ਜੋ ਨਿਘਰ ਕੇ ਹੁਣ ਕਸਬਾ ਰਹਿ ਗਿਆ ਹੈ, ਅਸੀਂ ਅੱਧਾ ਘੰਟਾ ਠਹਿਰੇ। ਥਾਂ-ਥਾਂ ਟੁੱਟੀਆਂ ਸੜਕਾਂ, ਧੱਕੇ, ਤੇ ਪੰਜਾਬੀਆਂ ਦੀਆਂ ਹੱਟੀਆਂ ਸਨ।

ਕਾਰ ਨੂੰ ਇਕ ਪਾਸੇ ਖੜੀ ਕਰ ਕੇ ਮੈਂ ਇਸ ਵਿਚ ਪਟਰੋਲ ਪਵਾਇਆ ਅਤੇ ਪਾਣੀ ਤੇ ਤੇਲ ਦੇਖਿਆ। ਜੀਨੀ ਕਾਰ ਵਿਚ ਸਿਰ ਉਤੇ ਕਾਲੀ ਚੁੰਨੀ ਲਪੇਟੀ ਬੈਠੀ ਸੀ, ਜਿਸ ਵਿਚੋਂ ਉਸ ਦੀਆਂ ਸੁਨਹਿਰੀ ਲਿਟਾਂ ਪਿੱਛੇ ਡਿੱਗ ਰਹੀਆਂ ਸਨ। ਉਸ ਨੂੰ ਕਾਰ ਦੇ ਸਫ਼ਰ ਵਿਚ ਸੰਤਰੇ ਚੂਸਣੇ ਚੰਗੇ ਲਗਦੇ ਹਨ ਤੇ ਮੈਨੂੰ ਗਰਮ ਚਾਹ।

ਮੈਂ ਤਿੰਨ-ਚਾਰ ਦੁਕਾਨਾਂ ਦੇਖ ਕੇ ਉਸ ਲਈ ਸੰਤਰੇ ਲੈ ਆਇਆ ਅਤੇ ਚਾਹ ਦੀ ਤਲਾਸ਼ ਵਿਚ ਇਧਰ-ਉਧਰ ਨਜ਼ਰ ਮਾਰੀ। ਸਾਹਮਣੇ ਇਕ ਪੰਜਾਬੀ ਢਾਬਾ ਸੀ, ਜਿਥੇ ਕਤਰੀਆਂ ਦਾੜ੍ਹੀਆਂ ਵਾਲੇ ਦੋ ਆਦਮੀ ਬੈਠੇ ਸਨ। ਇਕ ਜਣਾ ਬਾਟਾ ਮਾਂਜ ਰਿਹਾ ਸੀ, ਦੂਜਾ ਭੱਠੀ ਉਤੇ ਬੈਠਾ ਸਿਗਰਟ ਪੀ ਰਿਹਾ ਸੀ ਤੇ ਚਾਹ ਉਬਾਲ ਰਿਹਾ ਸੀ। ਉਨ੍ਹਾਂ ਦੀਆਂ ਅੱਖਾਂ ਭੇੜੀਏ ਵਾਂਗ ਤਿੱਖੀਆਂ ਤੇ ਤੱਤੀਆਂ ਸਨ। ਗਲਾਂ ਵਿਚ ਕਾਲੀ ਡੋਰੀ ਦੇ ਤੱਗੇ ਤੇ ਪੱਗਾਂ ਦੇ ਲੜ ਕੰਨਾਂ ਉਤੇ ਛੱਡੇ ਹੋਏ। ਉਨ੍ਹਾਂ ਵਿਚ ਵੈਲੀਆਂ ਵਾਲੀ ਅੱਖੜ ਬੇਰਹਿਮੀ ਦੀ ਝਲਕ ਸੀ—ਇਕ ਤਰ੍ਹਾਂ ਦਾ ਗੁੱਸਾ ਕਿ ਕਿਸਮਤ ਨੇ ਕਿਸ ਤਰ੍ਹਾਂ ਉਨ੍ਹਾਂ ਨੂੰ ਪੰਜਾਬ ਤੋਂ ਉਖਾੜ ਕੇ ਝਾਂਸੀ ਦੇ ਸੁੰਨੇ ਬਾਜ਼ਾਰਾਂ ਵਿਚ ਬਾਟੇ ਮਾਂਜਣ ਲਈ ਲਿਆ ਸੁੱਟਿਆ ਸੀ। ਮੈਂ ਦੂਰੋਂ ਹੀ ਤਾੜ ਲਿਆ ਕਿ ਉਨ੍ਹਾਂ ਵਿਚ ਕੁੜੱਤਣ ਸੀ

ਤੇ ਕੰਡਿਆਲੀ ਰੜਕ ।

ਮਨੁੱਖ ਦੀ ਰੜਕ, ਤੀਵੀਂ ਦੇ ਪਿਆਰ ਤੇ ਉਸ ਦੀ ਕਮੀਨਗੀ ਨੂੰ ਮੈਂ ਜਾਨਵਰ ਵਾਂਗ ਭਾਸਦਾ ਹਾਂ ।

ਢਾਬੇ ਉਤੇ ਗਿਆ, ਤਾਂ ਉਨ੍ਹਾਂ ਨੇ ਗਹਿਰੀ ਨਜ਼ਰ ਨਾਲ ਮੇਰੇ ਵਲ ਤੱਕਿਆ : ਬਾਹਰੋਂ ਆਇਆ ਅਮੀਰ ਮੁਸਾਫ਼ਿਰ, ਨਵੀਂ ਕਾਰ, ਸੁਨਹਿਰੀ ਵਾਲਾਂ ਵਾਲੀ ਮੇਮ ਤੇ ਹੱਥ ਉਤੇ ਸੁਨਹਿਰੀ ਘੜੀ । ਮੈਂ ਕਿਸੇ ਸੇਠ ਦਾ ਪੁੱਤ ਲਗ ਰਿਹਾ ਸਾਂ ।

ਭੱਠੀ ਉਤੇ ਬੈਠੇ ਬੰਦੇ ਨੇ ਸਿਗਰਟ ਇਕ ਪਾਸੇ ਰਖ ਕੇ ਪੁੱਛਿਆ : "ਕਿਆ ਚਾਹੀਦਾ ਹੈ ਤੁਮ ਕੋ ਸੇਠ ?"

"ਕੋਈ ਚਾਹ-ਸ਼ਾਹ ਮਿਲੂ ?" ਮੈਂ ਠੇਠ ਪੰਜਾਬੀ ਵਿਚ ਪੁੱਛਿਆ ।

ਬਾਟਾ ਮਾਂਜਦਾ ਉਸ ਦਾ ਸਾਥੀ ਬੋਲਿਆ, "ਜ਼ਰੂਰ ਮਿਲੂ ਮਹਾਰਾਜ । ਹੋਰ ਐਥੇ ਬੈਠੇ ਕਾਹਨੂੰ ਆਂ ।" ਉਸ ਨੇ ਮੇਰੇ ਵਲ ਤੱਕਿਆ ਤੇ ਫਿਰ ਮੋਟਰ ਵਲ—ਉਸ ਦੇ ਮੱਥੇ ਉਤੇ ਇਕ ਗੁੱਝੀ ਹਾਸੀ ਖੇਡਣ ਲੱਗੀ । ਉਹ ਮੁਸਕਰਾਇਆ ਤੇ ਉਸ ਦੇ ਦੰਦ ਤਰਾਸ਼ੀ ਹੋਈ ਕਾਲੀ ਦਾੜ੍ਹੀ ਵਿਚੋਂ ਚਮਕੇ ।

ਉਸ ਦਾ ਭਰਮ ਤੋੜਨ ਤੇ ਅਪਣੱਤ ਜਗਾਉਣ ਲਈ ਮੈਂ ਆਖਿਆ, "ਪਿੰਡ ਜਾ ਰਹੇ ਆਂ, ਤਿੰਨ ਸਾਲਾਂ ਪਿਛੋਂ । ਮੇਰੀ ਬੀਵੀ ਮੇਰੇ ਨਾਲ ਹੈ । ਉਹ ਪਹਿਲੀ ਵਾਰ ਪਿੰਡ ਜਾ ਰਹੀ ਐ ।"

"ਮਿਰਕਨ ਐਂ ਬੀਵੀ ?"

"ਹਾਂ ।"

"ਉਥੇ ਈ ਵਿਆਹ ਕੀਤਾ ਹੋਊ ?"

"ਹਾਂ ।"

"ਆਪਣਾ ਪਿੰਡ ਕਿਹੜੈ ?"

"ਬਠਿੰਡਾ ।"

ਭੱਠੀ ਉਤੇ ਬੈਠਾ ਬੰਦਾ ਬੋਲਿਆ, "ਅਸੀਂ ਵੀ ਥੋੜੇ ਨੇੜੇ ਦੇ ਈ ਆਂ । ਮੌੜ ਮੰਡੀ ਦੇ ਨਾਲ ਲਗਦੈ ਸਾਡਾ ਪਿੰਡ । ਬਠਿੰਡੇ ਸਾਡੇ ਨਾਨਕੇ ਨੇ । ਸਾਨੂੰ ਇਥੇ ਆਇਆਂ ਨੂੰ ਪੰਦਰਾਂ ਸਾਲ ਹੋ ਗਏ । ਕਿੰਨੀ ਚਾਹ ਬਣਾਈਏ ?"

ਮੈਂ ਫ਼ਲਾਸਕ ਅੱਗੇ ਕਰ ਕੇ ਆਖਿਆ, "ਗਰਮ ਪਾਣੀ ਨਾਲ ਧੋ ਕੇ ਇਸ ਨੂੰ ਭਰ ਦਿਉ । ਖੰਡ ਰਤਾ ਘਟ ।"

ਉਹ ਚਾਹ ਬਣਾਉਣ ਲੱਗਾ । ਚਿੱਬ-ਖੜਿੱਬੇ ਪਤੀਲੇ ਵਿਚ ਪਾਣੀ ਉਬਲ ਰਿਹਾ ਸੀ । ਉਸ ਨੇ ਚੂਰਾ ਚਾਹ ਦੀ ਲੱਪ ਸੁੱਟੀ ਤੇ ਨਾਲ ਹੀ ਕੜ੍ਹੇ ਹੋਏ ਦੁੱਧ ਦੀ ਡੋਈ । ਚਾਹ ਦਾ ਰੰਗ ਗੇਰੂਆ ਹੋ ਗਿਆ ।

"ਲਓ ਜੀ—ਬਠਿੰਡੇ ਪਹੁੰਚਾ ਦੂ ।"

ਇਕ ਦਮ ਮੈਨੂੰ ਗਵਾਲੀਅਰ ਤੇ ਚੰਬਲ ਦੀਆਂ ਝਿੜੀਆਂ ਦਾ ਖ਼ਿਆਲ ਆਇਆ, ਨਾਲ ਹੀ ਡਾਕੂਆਂ ਦਾ । ਸ਼ੱਕ ਦੂਰ ਕਰਨ ਲਈ ਪੁੱਛਿਆ, "ਸੁਣਿਐ ਚੰਬਲ ਦੀ ਘਾਟੀ ਵਿਚ ਡਾਕੂ ਪੈਂਦੇ ਨੇ ।"

ਬਾਟਾ ਮਾਂਜਦਾ ਹੋਇਆ ਆਦਮੀ ਹੱਸਿਆ ਤੇ ਉਸ ਦੇ ਦੰਦ ਨਜ਼ਰ ਆਏ ।



ਉਹ ਬੋਲਿਆ, "ਮਹਾਰਾਜ ਜਦੋਂ ਤੁਸੀਂ ਪੰਜਾਬੀ ਬੋਲੀ, ਉਥੇ ਸਾਲੇ ਕਿਸੇ ਡਾਕੂ ਨੇ ਠਹਿਰ ਜਾਣੈਂ ? ਇਹ ਡਾਕੂ ਤਾਂ ਮਾਰਵਾੜੀਆਂ ਲਈ ਨੇ ਜਾਂ ਇਸ ਇਲਾਕੇ ਦੇ ਡਰਾਕਲ ਭਈਆਂ ਲਈ । ਪੰਜਾਬੀ ਨਾਲ ਪੰਗਾ ਪਾ ਕੇ ਡਾਕੂ ਨੇ ਮਰਨੈਂ ?"

ਉਸ ਦੇ ਇਨ੍ਹਾਂ ਸ਼ਬਦਾਂ ਨੇ ਮੈਨੂੰ ਹੌਸਲਾ ਦਿੱਤਾ । ਸ਼ਬਦਾਂ ਵਿਚ ਅੰਧ-ਵਿਸ਼ਵਾਸ ਸੀ; ਪੰਜਾਬੀ ਦੀ ਦਲੇਰੀ ਤੇ ਲੜਨ-ਭਿੜਨ ਦੀ ਸ਼ਕਤੀ ਦਾ ਗੌਰਵ । ਮੈਂ ਆਪਣੇ-ਆਪ ਨੂੰ ਇਸ ਤਰ੍ਹਾਂ ਦਾ ਪੰਜਾਬੀ ਕਦੀ ਮਹਿਸੂਸ ਨਹੀਂ ਸੀ ਕੀਤਾ । ਪਹਿਲਾਂ ਮੈਂ ਉਸ ਦੀ ਗੱਲ ਨੂੰ ਹੱਸ ਕੇ ਟਾਲਣਾ ਚਾਹਿਆ ਤੇ ਰਸਤੇ ਦੀ ਅਸਲੀਅਤ ਤੇ ਡਰ ਦੇ ਤੱਤ ਨੂੰ ਜਾਣਨ ਦਾ ਜਤਨ ਕੀਤਾ । ਪਰ ਉਸ ਦੀ ਗੱਲ ਵਿਚ ਇਕ ਅਜੀਬ ਬੇਦਲੀਲੀ ਦਲੀਲ ਸੀ । ਇਕ ਊਟ-ਪਟਾਂਗ ਤਰਕ, ਜਿਸ ਦਾ ਸੰਬੰਧ ਸੁਚੇਤ ਸੋਚ ਨਾਲ ਨਹੀਂ, ਸਗੋਂ ਉਪਚੇਤ ਜਜ਼ਬੇ ਨਾਲ ਹੁੰਦਾ ਹੈ ।

ਝਾਂਸੀ ਤੋਂ ਚਲ ਕੇ ਦੋ ਵਜਦੇ ਨੂੰ ਗਵਾਲੀਅਰ ਪਹੁੰਚ ਗਏ । ਉਥੇ ਰੋਟੀ ਖਾਧੀ । ਪੁਰਾਣਾ ਜੰਗੀ ਕਿਲ੍ਹਾ ਦੇਖਿਆ, ਜਿਸ ਦੀਆਂ ਕੰਧਾਂ ਵਿਚ ਬੁਰਜਾਂ ਦੀਆਂ ਗੁਲਾਈਆਂ ਇਉਂ ਘੂਕਦੀਆਂ ਸਨ ਜਿਵੇਂ ਨੈਣ ਦੇ ਘਗਰੇ ਵਿਚ ਕਲੀਆਂ ।

ਕਿਲ੍ਹੇ ਵਿਚ ਪੁਰਾਣੀ ਕੈਂਹ ਦੀ ਨਿੱਗਰਤਾ ਸੀ, ਰਾਜਪੂਤੀ ਮਰਯਾਦਾ ਦਾ ਘੋਰ ਬਾਂਕਪਣ । ਜੀਨੀ ਨੇ ਕਿਲ੍ਹਾ ਬਾਹਰੋਂ ਤੱਕਿਆ, ਤਾਂ ਉਸ ਵਿਚ ਇਸਤ੍ਰੀ ਦੀ ਜਗਿਆਸਾ ਪ੍ਰਬਲ ਹੋ ਉਠੀ । ਉਸ ਨੇ ਆਖਿਆ ਕਿ ਅਸੀਂ ਅੱਧਾ ਘੰਟਾ ਹੋਰ ਰੁਕ ਜਾਈਏ । ਨਾਲੇ ਕਿਲ੍ਹਾ ਦੇਖ ਲਵਾਂਗੇ, ਨਾਲੇ ਮੋਟਰ ਨੂੰ ਵੀ ਆਰਾਮ ਮਿਲ ਜਾਵੇਗਾ, ਕਿਉਂਕਿ ਇਸ ਦਾ ਪਾਣੀ ਉਬਲਣ ਲਗ ਪਿਆ ਸੀ ।

ਮੈਂ ਆਖਿਆ, "ਤਿੰਨ ਵਜ ਚੁੱਕੇ ਹਨ । ਇਥੋਂ ਚਲੀਏ ਅੱਗੇ ਚਲ ਕੇ ਆਗਰੇ ਦਾ ਤਾਜ ਮਹੱਲ ਦੇਖਾਂਗੇ ।"

ਮੈਂ ਮੋਟਰ ਸਟਾਰਟ ਕੀਤੀ ਤੇ ਅਸੀਂ ਤੁਰ ਪਏ ।

ਮੋਟਰ ਰਸਤਾ ਫਕਦੀ ਜਾ ਰਹੀ ਸੀ । ਸੜਕ ਰੋਹੀਆਂ ਤੇ ਝਿੜੀਆਂ ਵਿਚੋਂ ਦੀ ਵਲ ਖਾਧੀ ਹੋਈ ਲੰਘਦੀ ਸੀ । ਦੂਰ-ਦੂਰ ਤੀਕ ਸੇਕ ਮਾਰਦੇ ਖਿੰਘਰ ਤੇ ਅੱਥਰ ਢੱਕੀਆਂ ਸਨ । ਉਜਾੜ ਵਿਚ ਬਾਉਲੀਆਂ ਤੇ ਝਾੜ-ਬੂਟੀਆਂ ਸਨ । ਦਿਨ ਦੀ ਤੇਜ਼ ਰੌਸ਼ਨੀ ਵਿਚ ਉੱਚੀ-ਨੀਵੀਂ ਧਰਤੀ, ਜਿਸ ਨੂੰ ਕੁਦਰਤ ਦੀਆਂ ਤਾਕਤਾਂ ਨੇ ਝੰਬਿਆ ਹੋਇਆ ਸੀ, ਨੰਗੀ ਪਈ ਸੀ । ਮੈਂ ਇਸ ਨਿਢਾਲ ਬੇਸੁਧ ਧਰਤੀ ਦੀ ਸੁੰਦਰਤਾ ਬਾਰੇ ਬੀਵੀ ਨੂੰ ਦਸ ਰਿਹਾ ਸਾਂ ।

ਇਕ ਦਮ ਮੋਟਰ ਡੋਲੀ । ਇਉਂ ਲਗਿਆ, ਜਿਵੇਂ ਕੇਲੇ ਦੇ ਛਿੱਲੜ ਉਤੋਂ ਮੇਰਾ ਪੈਰ ਤਿਲਕ ਗਿਆ ਹੋਵੇ । ਮੈਂ ਝਟ ਬ੍ਰੇਕ ਉਤੇ ਪੈਰ ਰਖਿਆ । ਮੋਟਰ ਸੜਕ ਤੋਂ ਇਕ ਪਾਸੇ ਲਹਿ ਕੇ ਰਟਣ ਪਈ ਧਰਤੀ ਉਤੇ ਠਨੰਬਰੀ ਤੇ ਕਰੀਚ-ਕਰੀਚ ਕਰਦੀ ਰੁੱਕ ਗਈ ।

ਪਿਛਲਾ ਟਾਇਰ ਪੰਚਰ ਹੋ ਗਿਆ ਸੀ ।

ਜਿਸ ਗੱਲ ਦਾ ਮੈਨੂੰ ਡਰ ਸੀ, ਉਹੀ ਹੋਈ ।

ਮੈਂ ਇਸ ਮੋਟਰ ਨੂੰ ਅਮਰੀਕਾ ਵਿਚ ਚਾਲ੍ਹੀ ਹਜ਼ਾਰ ਮੀਲ ਵਾਹਿਆ ਸੀ, ਕਦੀ ਇਸ ਦੀ ਚੂਲ ਨਹੀਂ ਸੀ ਵਿਗੜੀ । ਬੰਬਈ ਤੋਂ ਨੌਂ ਸੌ ਮੀਲ ਭਾਂਤ-ਭਾਂਤ ਦੀਆਂ

ਸੜਕਾਂ ਤੇ ਅਧੱਧਰੇ ਰਾਹਾਂ ਉਤੋਂ ਦੀ ਇਸ ਨੂੰ ਲੈ ਕੇ ਆਇਆ ਸਾਂ, ਪਰ ਇਹ ਕਿਤੇ ਨਹੀਂ ਸੀ ਯਰਕੀ । ਇਹ ਜਿਵੇਂ ਨੌਂ ਸੌ ਮੀਲ ਸਿਰਫ਼ ਇਸੇ ਲਈ ਨਿਸ਼ੰਗ ਦੌੜਦੀ ਆਈ ਹੋਵੇ ਕਿ ਇਥੇ ਆ ਕੇ ਡੋਬਾ ਦੇਵਾਂਗੀ ।

ਮੈਂ ਬਾਹਰ ਨਿਕਲਿਆ ਤੇ ਇਸ ਨੂੰ ਦੇਖਿਆ । ਡਿੱਗੀ ਵਿਚੋਂ ਜੈਕ ਤੇ ਔਜ਼ਾਰ ਕੱਢੇ । ਮੇਰੀ ਬੀਵੀ ਨੇ ਮੇਰੀ ਮਦਦ ਕਰਨ ਲਈ ਪਹੀਏ ਦੇ ਪੇਚ ਖੋਲ੍ਹਣੇ ਸ਼ੁਰੂ ਕੀਤੇ ।

ਪਹੀਆ ਬਦਲਣ ਦਾ ਮੈਨੂੰ ਪੂਰਾ ਗਿਆਨ ਸੀ, ਪਰ ਹੁਣ ਘਬਰਾਹਟ ਵਿਚ ਜੈਕ ਵੀ ਠੀਕ ਨਹੀਂ ਸੀ ਲਗ ਰਿਹਾ । ਪਹੀਆ ਬਦਲਣ ਵਿਚ ਹੀ ਘੰਟਾ ਲਗ ਗਿਆ ।

ਸੂਰਜ ਦਾ ਲਾਲ ਗੋਲਾ ਟਿੱਬਿਆਂ ਉਤੋਂ ਦੀ ਹੌਲੀ-ਹੌਲੀ ਨਿਗਰਦਾ ਨਜ਼ਰ ਆ ਰਿਹਾ ਸੀ । ਉਜਾੜ ਵਿਚ ਸੰਝ ਦੇ ਜਨੌਰ-ਜੰਤੂ ਬੋਲਣ ਲਗ ਪਏ ਸਨ । ਸਾਰੀ ਵਾਦੀ ਉਤੇ ਭੇਦਾਂ ਭਰਿਆ ਫਿੱਕਾ ਹਨੇਰਾ ਪਸਰਣ ਲੱਗਾ ।

ਜੀਨੀ ਬੋਲੀ, "ਬਹੁਤ ਸੁੰਦਰ ਨਜ਼ਾਰਾ ਹੈ । ਬੰਬਈ ਦੀ ਗਹਿਮਾ-ਗਹਿਮੀ ਤੇ ਲੱਖਾਂ ਲੋਕਾਂ ਦੀ ਘਿਚ-ਪਿਚ ਪਿਛੋਂ ਇਹ ਇਕਾਂਤ ਸੁਹਣੀ ਲਗਦੀ ਹੈ ।"

ਮੈਂ ਆਖਿਆ, "ਜਲਦੀ ਗੱਡੀ ਵਿਚ ਬੈਠ । ਇਹ ਰਸਤਾ ਖ਼ਤਰਨਾਕ ਹੈ ।"

ਮੈਂ ਮੋਟਰ ਤੋਰੀ ।

ਜੀਨੀ ਨੇ ਕਾਲੀ ਚੁੰਨੀ ਦੀ ਬੁੱਕਲ ਮਾਰੀ ਹੋਈ ਸੀ । ਉਸ ਦਾ ਗੋਰਾ ਚਿਹਰਾ ਦਮਕ ਰਿਹਾ ਸੀ । ਵਧੇਰੇ ਭਾਰਤੀ ਨਜ਼ਰ ਆਉਣ ਲਈ ਉਸ ਨੇ ਅੱਖਾਂ ਵਿਚ ਸੁਰਮਾ ਪਾ ਰਖਿਆ ਸੀ ਤੇ ਕੰਨਾਂ ਵਿਚ ਝੁਮਕੇ । ਹੁਣ ਉਹ ਲੰਮੀ ਅਮਰੀਕਨ ਮੋਟਰਕਾਰ ਵਿਚ ਮੇਰੇ ਲਈ "ਡਰ ਵਾਲੀ ਚੀਜ਼" ਬਣੀ ਬੈਠੀ ਸੀ ।

ਮੈਂ ਚੁੱਪ ਸਾਂ, ਪਰ ਮੇਰੇ ਮਨ ਅੰਦਰ ਸੈਂਕੜੇ ਸੰਸੇ ਉਠ ਰਹੇ ਸਨ । ਗੰਭੀਰ ਚੁੱਪ ਨਾਲ ਸੰਸਿਆਂ ਦੀ ਗੂੰਜ ਹੋਰ ਉੱਚੀ ਹੋ ਗਈ ।

ਦੋ ਆਦਮੀ ਟਕੂਏ ਫੜੀ ਇਕ ਪੁਲ ਉਤੇ ਬੈਠੇ ਨਜ਼ਰ ਆਏ । ਮੈਂ ਮੋਟਰ ਦੀਆਂ ਬੱਤੀਆਂ ਜਲਾ ਲਈਆਂ ਸਨ । ਮੋੜ ਉਤੇ ਮੋਟਰ ਦੀ ਰੌਸ਼ਨੀ ਵਿਚ ਟਕੂਏ ਚਮਕੇ । ਉਹ ਖੜੇ ਹੋ ਗਏ ਅਤੇ ਸੜਕ ਦੇ ਵਿਚਕਾਰ ਆ ਕੇ ਉਨ੍ਹਾਂ ਨੇ ਟਕੂਏ ਉਚੇ ਕੀਤੇ । ਮੇਰਾ ਕਾਲਜਾ ਹਿਲ ਗਿਆ ।

ਮੈਂ ਹੋਣੀ ਦੇ ਮੂੰਹ ਵਿਚ ਜਾ ਰਿਹਾ ਸਾਂ । ਕੋਈ ਸ਼ੈ ਇਸ ਨੂੰ ਰੋਕ ਨਹੀਂ ਸੀ ਸਕਦੀ । ਮੈਂ ਗੱਡੀ ਹੋਰ ਵੀ ਤੇਜ਼ ਕਰ ਲਈ ।

ਦੋਵੇਂ ਆਦਮੀ ਬੁੜ੍ਹਕ ਕੇ ਸੜਕ ਦੇ ਦੂਜੇ ਪਾਸੇ ਹੋ ਗਏ । ਉਹ ਸ਼ਾਇਦ ਆਪਣੇ ਪਿੰਡ ਜਾ ਰਹੇ ਦੋ ਪਾਂਧੀ ਸਨ, ਜੋ ਥਕ ਕੇ ਪੁਲੀ ਉਤੇ ਬੈਠ ਗਏ ਸਨ ।

ਮੈਂ ਕਿਤਨੀ ਮੂਰਖਤਾ ਕੀਤੀ ਸੀ ਕਿ ਰਾਤ ਸਮੇਂ ਇਸ ਘਾਤਕ ਵਾਦੀ ਵਿਚੋਂ ਲੰਘ ਰਿਹਾ ਸਾਂ । ਜੀਨੀ ਵਲ ਤੱਕਿਆ, ਉਸ ਦੇ ਚਿਹਰੇ ਉਤੇ ਕਿਸੇ ਅਮੀਰਜ਼ਾਦੀ ਦਾ ਚੰਪਈ ਹੁਸਨ ਸੀ । ਹਨੇਰੇ ਵਿਚ ਉਸ ਦਾ ਰੰਗ-ਰੂਪ ਵਧੇਰੇ ਜਗ ਰਿਹਾ ਸੀ । ਇਕ ਛਿਣ ਮੇਰੇ ਅੰਦਰੋਂ ਪ੍ਰਾਰਥਨਾ ਉਠੀ, ਹੇ ਰੱਬਾ ! ਮੇਰੀ ਬੀਵੀ ਅਧੇੜ ਉਮਰ ਦੀ ਮੋਟੀ-ਫਾਫਾਂ ਹੁੰਦੀ...ਰੰਗ ਕਾਲਾ ਸ਼ਾਹ...ਮੋਟੇ ਬੁੱਲ੍ਹ...ਮੱਥੇ ਉਤੇ ਚਟਾਕ ਤੇ ਗੋਮੜੇ...!

ਮੈਨੂੰ ਚੁੱਪ ਦੇਖ ਕੇ ਉਸ ਪੁੱਛਿਆ, "ਕੀ ਸੋਚ ਰਿਹਾ ਹੈਂ ?"



"ਕੁਝ ਨਹੀਂ ।"

ਉਹ ਚੁੱਪ ਹੋ ਗਈ । ਮੇਰੀ ਖ਼ਾਮੋਸ਼ੀ ਤੇ ਥਿੜਕੇ ਹੋਏ ਮੱਥੇ ਤੋਂ ਉਹ ਭਾਂਪ ਗਈ ਸੀ ਕਿ ਮੈਂ ਕਿਸੇ ਡੂੰਘੀ ਸੋਚ ਵਿਚ ਸਾਂ । ਮੇਰੀ ਆਪਣੀ ਖ਼ਾਮੋਸ਼ੀ ਮੈਨੂੰ ਵੱਢਣ ਲੱਗੀ ।

"ਕੀ ਇਸ ਵਾਦੀ ਵਿਚ ਡਾਕੂ ਹਨ ?" ਜੀਨੀ ਨੇ ਪੁੱਛਿਆ ।

"ਹਾਂ" ਮੈਂ ਉੱਤਰ ਦਿੱਤਾ ।

"ਪੁਲੀਸ ਨੂੰ ਉਨ੍ਹਾਂ ਦਾ ਪਤਾ ਹੈ ?"

"ਹਾਂ ।"

"ਫਿਰ ਉਨ੍ਹਾਂ ਨੂੰ ਫੜਦੀ ਕਿਉਂ ਨਹੀਂ ।"

"ਜਿਵੇਂ ਸ਼ਿਕਾਗੋ ਵਿਚ ਅਮਰੀਕਾ ਦੀ ਪੁਲੀਸ ਗੁੰਡਿਆਂ ਨੂੰ ਪੂਰੀ ਤਰ੍ਹਾਂ ਨਹੀਂ ਫੜ ਸਕਦੀ । ਇਸੇ ਤਰ੍ਹਾਂ ਇਥੇ ਹੈ । ਹਰ ਦੇਸ਼ ਵਿਚ ਪੁਲੀਸ ਨੂੰ ਗੁੰਡਿਆਂ ਦਾ ਪਤਾ ਹੁੰਦਾ ਹੈ, ਪਰ ਉਨ੍ਹਾਂ ਨੂੰ ਕਾਬੂ ਨਹੀਂ ਕਰ ਸਕਦੀ । ਡਾਕੂਆਂ ਦੀ ਆਪਣੀ ਹੀ ਸਰਕਾਰ ਹੁੰਦੀ ਹੈ, ਆਪਣੇ ਜਾਸੂਸ, ਆਪਣਾ ਕਾਨੂੰਨ ।"

ਮੇਰੀ ਗੱਲ ਸੁਣ ਕੇ ਉਹ ਚੁੱਪ ਹੋ ਗਈ ।

ਅਸੀਂ ਚੁੱਪ ਦੀ ਸੰਗਲੀ ਵਿਚ ਬੱਝੇ ਦੋ ਕੈਦੀ ਸਾਂ । ਕਈ ਆਪ-ਮੁਹਾਰੀਆਂ ਧੜਕਣਾਂ ਤੇ ਡਰ ਦੀਆਂ ਚੰਗਿਆੜੀਆਂ ਸਾਡੇ ਵਿਚੋਂ ਇਕ ਦੂਜੇ ਵਲ ਉਡਦੀਆਂ ਤੇ ਬੁਝ ਜਾਂਦੀਆਂ । ਜੀਨੀ ਨੂੰ ਖ਼ਤਰੇ ਦਾ ਪੂਰਾ ਪਤਾ ਨਹੀਂ ਸੀ । ਉਹ ਅਡੋਲ ਸੀ, ਇਸ ਲਈ ਬੇਲਾਗ ਤੇ ਨਿਡਰ । ਉਹ ਸਿਰਫ਼ ਮੇਰੀ ਚਿੰਤਾ ਤੇ ਖ਼ਤਰੇ ਦੀ ਸ਼ਰੀਕ ਹੋਣ ਕਰਕੇ ਸਹਿਮੀ ਬੈਠੀ ਸੀ । ਮੇਰੇ ਵਿਚ ਉਸ ਨੂੰ ਵਿਸ਼ਵਾਸ ਸੀ ਇਸ ਲਈ ਉਸ ਵਿਚ ਸ਼ਾਂਤੀ ਤੇ ਹੌਸਲਾ ਸੀ । ਮੈਂ ਉਸ ਦੀ ਜ਼ਿੰਮੇਦਾਰੀ ਦਾ ਬੋਝ ਮਹਿਸੂਸ ਕਰ ਰਿਹਾ ਸਾਂ । ਇਸ ਵੇਲੇ ਉਸ ਨੇ ਮੇਰੇ ਹੌਸਲੇ ਨੂੰ ਸੁੰਨ ਕਰ ਦਿੱਤਾ ਸੀ ।

ਧੌਲਪੁਰ ਹਾਲੇ ਵੀਹ ਮੀਲ ਸੀ । ਸੜਕ ਦੇ ਦੋਹੀਂ ਪਾਸੀਂ ਡੂੰਘੀਆਂ ਖਾਈਆਂ ਤੇ ਖੋਲੇ ਮੂੰਹ ਅੱਡੀ ਬੈਠੇ ਸਨ । ਇਨ੍ਹਾਂ ਝਾੜੀਆਂ ਪਿੱਛੇ ਡਾਕੂਆਂ ਦੀਆਂ ਸੰਗੀਨਾਂ ਤੇ ਟਕੂਏ । ਡਾਕੂ ਮਾਨ ਸਿੰਘ, ਲੱਖਣ ਸਿੰਘ, ਗੱਬਰ ਸਿੰਘ, ਪੁਤਲੀ ਤੇ ਰਾਹ ਵਿਚ ਲੁੱਟ ਕੇ ਮਾਰ ਘੱਤਣ ਵਾਲੇ ਟੋਲਿਆਂ ਦੇ ਕਾਰਨਾਮੇ ਅੱਖਾਂ ਅੱਗੇ ਫਿਰ ਗਏ....

'ਡਰ ਵਾਲੀ ਚੀਜ਼' ਨੇ ਮੈਨੂੰ ਬੁਜ਼ਦਿਲ ਬਣਾ ਦਿੱਤਾ ਸੀ । ਮੇਰਾ ਸਾਰਾ ਸਾਹ-ਸਤ ਜਾਂਦਾ ਰਿਹਾ । ਮੋਟਰ ਕਾਰ ਇਕ ਆਪ-ਮੁਹਾਰੇ ਅਮਲ ਨਾਲ ਤੁਰੀ ਜਾਂਦੀ ਸੀ । ਮੈਂ ਖ਼ੌਫ਼ ਨਾਲ ਕੀਲਿਆ ਬੈਠਾ ਸਾਂ ।

ਇਕ ਦਮ ਚਾਹ ਦੇ ਬਾਟੇ ਮਾਂਜਣ ਵਾਲੇ ਦੇ ਸ਼ਬਦ ਯਾਦ ਆਏ, "ਮਹਾਰਾਜ, ਜਦੋਂ ਤੁਸੀਂ ਪੰਜਾਬੀ ਬੋਲੀ; ਉਥੇ ਸਾਲੇ ਕਿਸੇ ਡਾਕੂ ਨੇ ਠਹਿਰ ਜਾਣੈਂ ?" ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀਆਂ ਤਹਿਆਂ ਹਨੇਰੇ ਵਿਚ ਖੁੱਲ੍ਹਣ ਲੱਗੀਆਂ । ਮੇਰੇ ਧੁਰ ਅੰਦਰ ਰੌਸ਼ਨੀ ਦੀ ਲਕੀਰ ਖਿੱਚੀ ਗਈ । ਜਿਵੇਂ ਮੇਰੇ ਹੱਥ ਸਟੇਨਗਨ ਆ ਗਈ ਹੋਵੇ ਤੇ ਮੈਂ ਆਖ ਰਿਹਾ ਹੋਵਾਂ, "ਹਟ ਜਾਓ ਇਕ ਪਾਸੇ, ਭੁੰਨ ਕੇ ਰੱਖ ਦੂੰ ।"

'ਰਹੁ-ਰਾਸ' ਜਾਂ 'ਕੀਰਤਨ ਸੁਹਲੇ' ਦੀ ਥਾਂ ਮੇਰੇ ਲਈ ਇਹ ਸਾਦਾ ਸ਼ਬਦ ਮੰਤਰ ਬਣ ਗਏ । ਗਾਇਤਰੀ ਦਾ ਜਾਪ ਇਸ ਅੱਗੇ ਫਿੱਕਾ ਪੈ ਗਿਆ । ਇਨ੍ਹਾਂ ਸ਼ਬਦਾਂ ਨੇ

ਮੇਰੇ ਅੰਦਰ ਵਿਰਸੇ ਦਾ ਸੁੱਤਾ ਅੰਸ਼ ਜਗਾ ਦਿੱਤਾ। ਇਨ੍ਹਾਂ ਵਿਚ ਦੁੱਖ-ਨਾਸ਼ਕ, ਭੈਅ-ਭੰਜਨ ਤੇ ਸੰਸਾ-ਨਿਵਾਰਨ ਦਾ ਹੁਕਮਨਾਮਾ ਸੀ...ਫਾਂਸੀ ਉਤੇ ਚੜ੍ਹਦੇ ਹੋਏ ਕਾਤਲ ਦਾ ਨਾਹਰਾ ਸੀ ਜਿਸ ਵਿਚ ਕੋਈ ਡਰ ਜਾਂ ਸੰਸਾ ਨਹੀਂ ਹੁੰਦਾ...ਸਵੈ-ਭਰੋਸਾ ਤੇ ਆਪਣੇ ਆਪ ਦੇ ਜੁਰਮ ਦਾ ਇਕਬਾਲ ਸੀ। ਮੈਂ ਕਿਸੇ ਪੁਰਾਤਨ ਕਚਹਿਰੀ ਵਿਚ ਜੱਜ ਬਣਿਆ ਬੈਠਾ ਆਪਣੇ ਡਰਾਕਲ ਵਜੂਦ ਨੂੰ ਸਜ਼ਾਂ ਦੀਆਂ ਬੈਂਤਾਂ ਮਾਰ ਰਿਹਾ ਸਾਂ...ਇਸ ਨੇ ਮੈਨੂੰ ਦਲੇਰ ਬਣਾ ਦਿੱਤਾ ਸੀ। ਮੈਂ ਆਖ ਰਿਹਾ ਸਾਂ..."ਹਟ ਜਾਓ ਇਕ ਪਾਸੇ ਭੁੰਨ ਕੇ ਰਖ ਦੂੰ!"

ਕੋਈ ਸਾਧ ਧੂਣੀ ਉਤੇ ਚਿਮਟਾ ਖੜਕਾ ਰਿਹਾ ਸੀ...ਕੌਡੀਆਂ ਵਾਲਾ ਸੱਪ ਫੁੰਕਾਰੇ ਮਾਰ ਰਿਹਾ ਸੀ...ਬੌਲਦਾਂ ਨੂੰ ਹਿੱਕਦਾ ਹੋਇਆ ਜੱਟ ਕਲੀਆਂ ਲਾ ਰਿਹਾ ਸੀ...ਇਨ੍ਹਾਂ ਸਭਨਾਂ ਅੱਗੇ ਖ਼ੌਫ਼ਨਾਕ ਇਕੱਲ ਹੱਥ ਬੰਨ੍ਹੀ ਖੜੀ ਸੀ।

ਮੈਂ ਵੀ ਆਪਣੇ ਮਨ ਵਿਚਲੇ ਡਰ ਨੂੰ ਕੰਬਾ ਦਿੱਤਾ ਸੀ। ਮੇਰਾ ਅੰਦਰ ਸ਼ਾਂਤ ਸੀ ਅਤੇ ਮੇਰੇ ਚਿਹਰੇ ਉਤੇ ਇਕ ਨਵ-ਜੰਮਿਆ ਤੇਜ।

ਪਤਾ ਹੀ ਨਾ ਲੱਗਾ ਕਿ ਅਸੀਂ ਕਦੋਂ ਧੌਲਪੁਰ ਲੰਘ ਆਏ ਸਾਂ।

ਹੁਣ ਆਗਰਾ ਨੇੜੇ ਆ ਰਿਹਾ ਸੀ...

## 20

## ਮਾਤਾ ਜੀ

ਭਗਵੀ ਧੋਤੀ ਦੀ ਗਿਲਤੀ ਮਾਰੀ, ਪੱਬਾਂ-ਭਾਰ ਬੈਠੀ ਮਾਤਾ ਜੀ ਤਲੀ ਉਤੇ ਗਾਂਜਾ ਮਲ ਰਹੀ ਸੀ। ਜਿਸਮ ਭਰੀ ਹੋਈ ਮਸ਼ਕ ਵਰਗਾ—ਗਿੱਲਾ ਕਮਾਇਆ ਹੋਇਆ ਚੰਮ, ਚਿਹਰੇ ਉਤੇ ਉਮਰ ਦਾ ਤਜਰਬਾ, ਮੱਥੇ ਉਤੇ ਖੁਣਿਆ ਹੋਇਆ ਤ੍ਰਿਸ਼ੂਲ ਅਤੇ ਸਿਰ ਉਤੇ ਜਟਾਂ ਦਾ ਦਬੁਰਜਾ।

ਉਸ ਨੇ ਸ਼ਿਵ ਸ਼ੰਕਰ ਦੀ ਅਲਖ ਜਗਾਈ ਅਤੇ ਮੈਨੂੰ ਆਸ਼ੀਰਵਾਦ ਦਿੱਤੀ।

ਉਸ ਦੇ ਪੰਜ ਨੌਜਵਾਨ ਚੇਲੇ ਤੇ ਇਕ ਚੇਲੀ ਬੈਠੇ ਸਨ। ਇਹ ਸਾਰੇ ਅਮਰੀਕਾ ਦੇ ਹਿੱਪੀ ਸਨ ਜੋ ਆਤਮਾ ਦੀ ਸ਼ਾਂਤੀ ਦੀ ਤਲਾਸ਼ ਵਿਚ ਦੁਨੀਆਂ ਗਾਹ ਕੇ ਬਨਾਰਸ ਆ ਗਏ ਸਨ। ਇਥੇ ਇਨ੍ਹਾਂ ਨੇ ਗੰਗਾ ਦੇ ਘਾਟ ਉਤੇ ਇਕ ਨਿੱਕੀ ਜਿਹੀ ਹਾਊਸ-ਬੋਟ ਵਿਚ ਮਾਤਾ ਜੀ ਦੀ ਸ਼ਰਨ ਲੈ ਰਖੀ ਸੀ। ਮੈਂ ਵੀ ਇਨ੍ਹਾਂ ਨਾਲ ਜੁੜ ਕੇ ਬੈਠ ਗਿਆ।

ਮਾਤਾ ਜੀ ਨੇ ਲੰਮੀ ਰੇਬ ਚਿਲਮ ਚੁੱਕੀ ਤੇ ਇਸ ਵਿਚ ਠੋਕ-ਠੋਕ ਕੇ ਗਾਂਜਾ ਭਰਿਆ। ਗਿੱਲੀ ਸਾਫ਼ੀ ਨੂੰ ਪ੍ਰੇਮ ਨਾਲ ਚਿਲਮ ਦੁਆਲੇ ਵਲ੍ਹੇਟਿਆ ਤੇ ਦੋਹਾਂ ਹੱਥਾਂ ਦੀ ਸੰਖਣੀ ਬਣਾ ਕੇ ਜਚਾਇਆ। ਫਿਰ ਚਿਲਮ ਨੂੰ ਮਸਤਕ ਨਾਲ ਲਗਾ ਕੇ ਕਰਾਰੀ, ਦੁਖੰਡੀ ਆਵਾਜ਼ ਵਿਚ ਗਰਜੀ:

ਬਮ ਬਮ ਬਮ ਬਮ!
ਅਲਖ ਨਿਰੰਜਨ!
ਮਸਾਣ ਕਾ ਦੇਵਤਾ
ਸਭ ਦੁੱਖ ਭੰਜਨ!

ਇਕ ਦਮ ਉਸ ਦੀ ਅਮਰੀਕਨ ਚੇਲੀ, ਜਿਸ ਨੇ ਜਾਮਣੀ ਧੋਤੀ ਦੀ ਗਿਲਤੀ ਮਾਰੀ ਹੋਈ ਸੀ, ਉਠੀ ਅਤੇ ਅਖ਼ਬਾਰ ਵਿਚੋਂ ਵਰਕਾ ਪਾੜ ਕੇ ਇਸ ਦੀ ਬੱਤੀ ਬਣਾਈ

ਤੇ ਦੀਵੇ ਦੀ ਲਾਟ ਉਤੇ ਰਖ ਕੇ ਇਸ ਨੂੰ ਬਾਲਿਆ । ਮਾਤਾ ਜੀ ਨੇ ਚਿਲਮ ਮੂੰਹ ਨਾਲ ਲਗਾਈ ਤੇ ਚੇਲੀ ਨੇ ਉਸ ਨੂੰ ਅਗਨੀ-ਪ੍ਰਚੰਡ ਕੀਤਾ ।

ਸੂਟਾ ਲਾ ਕੇ ਮਾਤਾ ਜੀ ਨੇ ਚਿਲਮ ਮਘਾਈ । ਧੂੰਏਂ ਦੀਆਂ ਤੇਜ਼-ਤੇਜ਼ ਪੰਜ-ਛੇ ਭਬਕੀਆਂ ਛੱਡੀਆਂ । ਫਿਰ ਸਾਹ ਰੋਕ ਕੇ ਅੱਖਾਂ ਮੁੰਦ ਕੇ ਲੰਮਾ ਦਮ ਖਿੱਚਿਆ ਜਿਸ ਨਾਲ ਗਰਦਨ ਦੀਆਂ ਨਸਾਂ ਤਣ ਗਈਆਂ । ਜਦੋਂ ਉਸ ਨੇ ਚਿਲਮ ਮੂੰਹ ਨਾਲੋਂ ਤੋੜ ਕੇ ਚੇਲੀ ਵਲ ਵਧਾਈ ਤਾਂ ਉਸ ਦੀਆਂ ਅੱਖਾਂ ਵਿਚ ਸੁਰਖ਼ ਮਤਾਬੀਆਂ ਜਗ ਰਹੀਆਂ ਸਨ । ਚੇਲੀ ਨੇ ਸੀਸ ਨਿਵਾ ਕੇ ਚਿਲਮ ਫੜੀ ਤੇ ਮੱਥੇ ਨਾਲ ਲਗਾਈ । ਮਾਤਾ ਜੀ ਨੇ 'ਅਲਖ ਨਿਰੰਜਨ' ਦਾ ਨਾਅਰਾ ਮਾਰਿਆ । ਚੇਲੀ ਨੇ ਮੁਗਧ ਹੋ ਕੇ ਸੂਟਾ ਖਿੱਚਿਆ ਤੇ ਉਸੇ ਸ਼ਰਧਾ ਭਾਵ ਨਾਲ ਚਿਲਮ ਨੂੰ ਅੱਗੇ ਤੋਰਿਆ । ਹਰ ਹਿੱਪੀ ਨੇ ਇਸ ਰੀਤ ਦਾ ਪਾਲਣ ਕੀਤਾ ।

ਸਭ ਤੋਂ ਪਿਛੋਂ ਮੇਰੀ ਵਾਰੀ ਆਈ । ਮੈਂ ਹੱਥ ਜੋੜ ਕੇ ਖਿਮਾ ਮੰਗੀ । ਮਾਤਾ ਜੀ ਨੇ ਮੇਰੇ ਵਲ ਕ੍ਰੋਧਿਤ ਦ੍ਰਿਸ਼ਟੀ ਸੁੱਟੀ ਤੇ ਫਿਰ ਉਸ ਦੇ ਚਿਹਰੇ ਉਤੇ ਬ੍ਰਹਮ-ਗਿਆਨੀਆਂ ਵਾਲੀ ਮੁਸਕਰਾਹਟ ਫੈਲ ਗਈ ਜਿਸ ਵਿਚ 'ਹਰੀ ਇੱਛਾ' ਦਾ ਭਾਵ ਸੀ ।

ਚਿਲਮ ਮੂਧੀ ਕਰਨ ਤੋਂ ਪਹਿਲਾਂ ਮਾਤਾ ਜੀ ਨੇ ਦੂਹਰਾ ਸੂਟਾ ਲਗਾਇਆ ਤੇ ਅਰਧ-ਮੁੰਦ ਅੱਖਾਂ ਦੀਆਂ ਕੇਂਦ੍ਰਿਤ ਚਮਕਦਾਰ ਪੁਤਲੀਆਂ ਨਾਲ ਮੇਰੇ ਵਲ ਤੱਕਿਆ । ਇਸ ਰਹੱਸਮਈ ਤੱਕਣੀ ਵਿਚ ਇਹ ਸੰਕੇਤ ਸੀ ਕਿ ਉਹ ਮੇਰੇ ਵੰਡੇ ਦੇ ਕਰਤੱਵ ਨੂੰ ਨਿਭਾ ਰਹੀ ਹੈ ।

ਗਾਂਜਾ ਪੀ ਕੇ ਮਾਤਾ ਜੀ ਵਿਚ ਸ਼ਕਤੀ ਆ ਗਈ, ਪਰ ਉਸ ਦੇ ਚੇਲੇ ਨਿਹਾਲ ਹੋ ਕੇ ਟੇਢੇ-ਮੇਢੇ ਆਸਣਾਂ ਵਿਚ ਲਿਵਲੀਨ ਬੈਠੇ ਸਨ ।

ਇਹ ਹਾਊਸ ਬੋਟ ਸ਼ਮਸ਼ਾਨ ਘਾਟ ਦੇ ਕੋਲ ਰੇਤਲੀ ਢਲਵਾਨ ਉਤਰ ਕੇ ਗੰਗਾ ਦੇ ਪਾਣੀ ਵਿਚ ਖੜੀ ਸੀ । ਮੈਂ ਇਸ ਦਾ ਜਾਇਜ਼ਾ ਲਿਆ : ਲੱਕੜੀ ਦਾ ਫ਼ਰਸ਼ ਸਾਫ਼-ਸੁਥਰਾ ਸੀ । ਕੰਧ ਉਤੇ ਗੂੜ੍ਹੇ ਰੰਗਾਂ ਨਾਲ ਵਾਹੀਆਂ ਨੰਗੀਆਂ ਮੂਰਤਾਂ ਸਨ । ਆਰ-ਪਾਰ ਤਣੀ ਉਤੇ ਹਰੀਆਂ ਕਾਲੀਆਂ ਪਤਲੂਣਾਂ, ਡੱਬ-ਖੜੱਬੀਆਂ ਫਤੂਹੀਆਂ ਤੇ ਪੀਲੀਆਂ ਧੋਤੀਆਂ ਟੰਗੀਆਂ ਹੋਈਆਂ ਸਨ । ਦੋ-ਤਿੰਨ ਕੌਡੀਆਂ ਵਾਲੇ ਲਾਲ ਲੰਗੋਟ ਲਟਕ ਰਹੇ ਸਨ ।

ਪੰਜੇ ਹਿੱਪੀ ਚੁੱਪ ਬੈਠੇ ਸਨ ਤੇ ਮਾਤਾ ਜੀ ਉੱਚੀ-ਉੱਚੀ ਹਿੰਦੀ ਵਿਚ ਗੱਲਾਂ ਕਰਦੀ ਹੋਈ ਘੜੀ-ਮੁੜੀ ਜੈਕਾਰੇ ਛੱਡਦੀ । ਗੱਲਾਂ ਵਿਚ ਉਹ ਜਹਾਨ ਭਰ ਦੇ ਤੋਤਕੜੇ ਤੇ ਦਾਰਸ਼ਨਿਕ ਟੂਕਾਂ ਜੜ ਰਹੀ ਸੀ । ਹਿੱਪੀ ਸ਼ਿਸ਼ ਉਸ ਦੀਆਂ ਗੱਲਾਂ ਨੂੰ ਚਰਨਾਮ੍ਰਿਤ ਵਾਂਗ ਪੀ ਰਹੇ ਸਨ ।

ਮੇਰੇ ਨੇੜੇ ਖੂੰਜੇ ਵਿਚ ਗੁਥਲੇ ਵਰਗੀ ਨਿੱਕਰ ਪਾਈ ਚੰਗੇਜ਼ਖਾਨੀ ਮੁੱਛਾਂ ਵਾਲਾ ਇਕ ਹਿੱਪੀ ਲੱਤਾਂ ਪਸਾਰੀ ਪਿਆ ਸੀ । ਉਸ ਦੇ ਲਾਗੇ ਇਕ ਨੀਲੀਆਂ ਅੱਖਾਂ ਵਾਲਾ ਚੇਲਾ ਤਣਿਆ ਬੈਠਾ ਸੀ । ਤੀਜੇ ਹਿੱਪੀ ਦੀ ਦਾੜ੍ਹੀ ਬੁੱਚੜਾਂ ਵਰਗੀ ਸੀ । ਚੌਥੇ ਦੇ ਕੰਨਾਂ ਵਿਚ ਜੋਗੀਆਂ ਵਾਲੇ ਤੁੰਗਲ ਤੇ ਤੇੜ ਸੰਧੂਰੀ ਲੰਗੋਟ । ਪੰਜਵਾਂ ਪਦਮ-ਆਸਣ ਲਾਈ ਬੈਠਾ ਸੀ । ਉਸ ਦੀ ਪੀਲੀ ਧੋਤੀ ਉਤੇ ਇਕ ਸੌ ਅੱਠ ਵਾਰ 'ਰਾਮ-ਰਾਮ'



ਠੇਕਿਆ ਹੋਇਆ ਸੀ । ਉਹ ਇਤਨਾ ਮਾੜਚੂ ਤੇ ਕਮਜ਼ੋਰ ਸੀ ਕਿ ਗਾਂਜੇ ਦਾ ਦਮ ਲਾਉਂਦਿਆਂ ਜਦੋਂ ਖੰਘਦਾ ਤਾਂ ਉਸ ਦਾ ਸਿਰ ਧੂੰਨੀ ਨਾਲ ਆ ਲਗਦਾ । ਇਨ੍ਹਾਂ ਪੰਜਾਂ ਦੇ ਨਾਲ ਜੋ ਕੁੜੀ ਸੀ, ਉਸ ਦੇ ਕੱਕੇ ਖੁੱਲ੍ਹੇ ਵਾਲ ਮੋਢਿਆਂ ਉਤੋਂ ਦੀ ਹੋ ਕੇ ਉਸ ਦੀ ਜਾਮਣੀ ਧੋਤੀ ਦੀ ਝੋਲੀ ਵਿਚ ਡਿਗਦੇ ਸਨ । ਮੱਥੇ ਉਤੇ ਤਿਰੰਗਾ ਤ੍ਰਿਸ਼ੂਲ ਸੀ, ਪਲਕਾਂ ਉਤੇ ਸਬਜ਼ ਲੇਪ, ਤੇ ਵੀਣੀ ਉਤੇ ਰੁਦਰਾਖਸ਼ ਦੀਆਂ ਕਈ ਮਾਲਾਵਾਂ ਲਪੇਟੀਆਂ ਹੋਈਆਂ ਸਨ ।

ਮਾਤਾ ਜੀ ਬੋਲ ਰਹੀ ਸੀ, "ਮੈਂ ਇਨ੍ਹਾਂ ਨੂੰ ਨਵ੍ਹਾਉਂਦੀ ਆਂ, ਖਵਾਉਂਦੀ ਆਂ, ਪੜ੍ਹਾਉਂਦੀ ਆਂ, ਸੌ-ਸੌ ਮੱਤਾਂ ਦਿੰਦੀ ਆਂ । ਜੇ ਮੈਂ ਇਨ੍ਹਾਂ ਦੀ ਦੇਖਭਾਲ ਨਾ ਕਰਾਂ ਤਾਂ ਇਹ ਵਿਚਾਰੇ ਭੁੱਖੇ ਮਰ ਜਾਣ । ਇਹ ਭੁੱਲੇ ਹੋਏ ਜੀਵ ਨੇ । ਜਿਸ ਹੱਥ ਨਾਲ ਆਪਣੀ ਕ੍ਰਿਆ ਸੋਧਦੇ ਨੇ ਉਸੇ ਨਾਲ ਅੰਨ ਖਾਂਦੇ ਨੇ !" ਉਸ ਦੀਆਂ ਗੇਰੂ-ਰੰਗੀਆਂ ਅੱਖਾਂ ਵਿਚ ਤ੍ਰਾਵਟ ਚਮਕਣ ਲੱਗੀ ।

ਉਸ ਨੇ ਬੁੱਚੜ-ਦਾੜ੍ਹੀ ਵਾਲੇ ਵਲ ਇਸ਼ਾਰਾ ਕਰ ਕੇ ਆਖਿਆ, "ਇਹ ਮੇਰਾ ਰਾਵਣ ਹੈ ! ਤੇ ਔਹ ਸਾਹਮਣੇ ਬੈਠੇ ਨੇ ਭਰਤ ਤੇ ਲਕਸ਼ਮਣ । ਐਹ ਕੁੰਭਕਰਨ ਲੇਟਿਆ ਪਿਆ ਹੈ । ਇਹ ਮੇਰੀ ਪ੍ਰੇਮ-ਨੰਦਨੀ ਹੈ । ਪਿਛਲੇ ਜਨਮ ਵਿਚ ਇਹ ਗੰਗਾ ਦੇ ਜਲ ਦੀ ਮੱਛੀ ਸੀ । ਚੰਗੇ ਕਰਮ ਕੀਤੇ ਮਨੁੱਖ ਜੂਨੀ ਵਿਚ ਆ ਗਈ । ਔਹ ਪਰ੍ਹੇ ਬੈਠਾ ਐ ਮੇਰਾ ਸੁਕੜੂ ਪ੍ਰੇਮ ਦਾਸ । ਨਾ ਖਾਵੇ ਨਾ ਪੀਵੇ । ਕੁਝ ਨਹੀਂ ਪਚਦਾ ਇਹਨੂੰ । ਮੈਂ ਜਾਣੀ ਆਂ ਤੇ ਕਰਦੀ ਆਂ ਇਨ੍ਹਾਂ ਦੇ ਖਾਣ ਦਾ ਪ੍ਰਬੰਧ । ਬੈਠੇ ਨੇ ਬਿੱਲੀਆਂ ਵਾਂਗ ਝਾਕਦੇ ।" ਉਹ ਫੁਰਤੀ ਨਾਲ ਉਠੀ ਤੇ ਬਾਹਰ ਚਲੀ ਗਈ ।

ਸੰਧੂਰੀ ਲੰਗੋਟ ਵਾਲਾ ਚੇਲਾ ਚੀਨੀ ਫ਼ਿਲਾਸਫ਼ਰ ਕਨਫ਼ਿਊਸ਼ਸ ਦੀ ਪੁਸਤਕ ਖੋਲ੍ਹ ਕੇ ਪੜ੍ਹਨ ਲੱਗਾ; ਬੁੱਚੜ-ਦਾੜ੍ਹੀ ਵਾਲਾ ਰਾਵਣ ਬੰਸਰੀ ਕੱਢ ਕੇ ਧੀਮੇ-ਧੀਮੇ ਭੈਰਵ ਰਾਗ ਸੁਰਾਂ ਦਾ ਅਲਾਪ ਕਰਨ ਲੱਗਾ; ਪਦਮ-ਆਸਣ ਲਾਈ ਬੈਠਾ ਮਾੜਚੂ ਪ੍ਰੇਮ ਦਾਸ ਮੇਰੇ ਨਾਲ ਗੱਲੀਂ ਲਗ ਪਿਆ ।

ਉਹ ਬੋਲਿਆ, "ਗਾਂਜਾ ਅਸੀਂ ਨਸ਼ੇ ਜਾਂ ਝੂਟੇ ਲੈਣ ਲਈ ਨਹੀਂ ਪੀਂਦੇ । ਇਹ ਤਾਂ ਪੂਜਾ ਹੈ । ਅਸੀਂ ਆਪਣੇ ਧੁਰ ਨੂੰ ਖੋਜ ਰਹੇ ਹਾਂ । ਅਸੀਂ ਕੀ ਹਾਂ ? ਕਿਉਂ ਹਾਂ ? ਕਿਧਰ ਜਾਣਾ ਹੈ ? ਭੂਤ-ਕਾਲ ਮਰ ਚੁੱਕਾ ਹੈ । ਭਵਿੱਖ ਗਵਾਚ ਗਿਆ ਹੈ—ਸਾਡੇ ਬਜ਼ੁਰਗਾਂ ਨੇ ਇਸ ਨੂੰ ਵੇਚ ਖਾਧਾ ਹੈ । ਅਸੀਂ ਹੁਣ ਦਾ ਛਿਣ ਭੋਗ ਰਹੇ ਹਾਂ । ਇਹ 'ਹੁਣ' ਵੀ ਅਪਾਹਜ ਹੈ । ਸਾਡਾ ਵਜੂਦ ਖਿੰਡਿਆ ਹੋਇਆ ਹੈ । ਅਸੀਂ ਸਾਹਮਣੇ ਪਈ ਚੀਜ਼ ਨਹੀਂ ਦੇਖ ਸਕਦੇ..." ਉਸ ਨੇ ਚਾਰ-ਮੀਨਾਰ ਦੀ ਸਿਗਰਟ ਕੱਢ ਕੇ ਸੁਲਗਾਈ । ਕਸ਼ ਲਾਇਆ ਤੇ ਨਾਸਾਂ ਵਿਚੋਂ ਦੀ ਧੂੰਆਂ ਛਡਦੇ ਹੋਏ ਬੋਲਿਆ, "ਤੈਨੂੰ ਨਜ਼ਰ ਆਉਂਦੀ ਹੈ ਇਸ ਧੂੰਏਂ ਵਿਚਲੀ ਲੀਲ੍ਹਾ ? ਸਿਗਰਟ ਦੇ ਸਿਰੇ ਉਤੇ ਦਗਦਾ ਹੋਇਆ ਸੰਸਾਰ ? ਇਸ ਨਿੱਕੇ ਸੁਲਗਦੇ ਹੋਏ ਗੁਲ ਵਿਚ ਮੈਨੂੰ ਆਤਿਸ਼ਫ਼ਿਸ਼ਾਂ ਪਹਾੜ, ਵਾਦੀਆਂ, ਲਾਵਾ, ਝੁਲਸੇ ਹੋਏ ਦਰਖ਼ਤ ਨਜ਼ਰ ਆ ਰਹੇ ਨੇ..."

ਉਹ ਟਿਕਟਿਕੀ ਲਾਈ ਸਿਗਰਟ ਦੇ ਧੁਖਦੇ ਹੋਏ ਸਿਰੇ ਵਲ ਤੱਕ ਰਿਹਾ ਸੀ ।

ਮੈਂ ਪੁੱਛਿਆ, "ਤੂੰ ਕਦੇ ਐਲ. ਐਸ. ਡੀ. ਖਾਧੀ ਐ ?"

"ਤਿੰਨ ਵਾਰ । ਹਰ ਵਾਰ ਨਵੇਂ ਭੂ-ਮੰਡਲ ਦਿਖਾਈ ਦਿੱਤੇ । ਐਲ. ਐਸ. ਡੀ.

ਖਾਣ ਲਈ ਤੁਹਾਡੀ ਮਾਨਸਿਕ ਅਵਸਥਾ ਠੀਕ ਚਾਹੀਦੀ ਹੈ। ਇਸ ਲਈ ਗੁਰੂ ਦਾ ਕੋਲ ਹੋਣਾ ਜ਼ਰੂਰੀ ਹੈ, ਜਾਂ ਉਸ ਅਨੁਭਵੀ ਮਨੁੱਖ ਦਾ ਸਾਥ ਚਾਹੀਦਾ ਹੈ ਜੋ ਪਹਿਲਾਂ 'ਯਾਤਰਾ' ਕਰ ਚੁੱਕਾ ਹੋਵੇ। ਸਿਰਫ਼ ਮਾਤਾ ਜੀ ਹੀ ਹੈ ਜੋ ਇਕੱਲੀ 'ਯਾਤਰਾ' ਉਤੇ ਜਾ ਸਕਦੀ ਹੈ।"

ਅਸੀਂ ਮਾਤਾ ਜੀ ਤੇ ਮੋਕਸ਼ ਦੇ ਫ਼ਲਸਫ਼ੇ ਉਤੇ ਗੱਲਾਂ ਕਰਨ ਲੱਗੇ।

ਮਾਤਾ ਜੀ ਬਾਰੇ ਘਾਟ ਉਤੇ ਬਹੁਤ ਸਾਰੀਆਂ ਗੱਲਾਂ ਪਰਚੱਲਿਤ ਸਨ। ਕੋਈ ਆਖਦਾ ਉਹ ਕਿਸੇ ਸੇਠ ਦੀ ਧੀ ਸੀ ਜੋ ਰਸੋਈਏ ਨਾਲ ਉੱਧਲ ਗਈ। ਦੋਵੇਂ ਗੰਗਾ ਅਸ਼ਨਾਨ ਕਰਨ ਆਏ ਤਾਂ ਰਸੋਈਆ ਵਿਚੇ ਰੁੜ੍ਹ ਗਿਆ। ਉਸ ਪਿਛੋਂ ਉਹ ਘਰ ਨਾ ਮੁੜੀ। ਕੋਈ ਕਹਿੰਦਾ ਸਾਧਾਂ ਦੇ ਇਕ ਟੋਲੇ ਨੇ ਇਸ ਨੂੰ ਰਿੱਛ ਦੀ ਗੁਫ਼ਾ ਵਿਚੋਂ ਅੰਗੂਠਾ ਚੂਸਦੀ ਨੂੰ ਚੁੱਕ ਕੇ ਲਿਆਂਦਾ ਸੀ। ਸਾਧਾਂ ਦਾ ਟੋਲਾ ਕੁੰਭ ਦੇ ਮੇਲੇ ਉਤੇ ਇਸ ਨੂੰ ਗੰਗਾ ਮਾਤਾ ਦੀ ਅਰਪਣ ਕਰ ਗਿਆ। ਕਿਸੇ ਦਾ ਵਿਚਾਰ ਸੀ ਕਿ ਉਹ ਝਾਂਸੀ ਦੀ ਰਾਣੀ ਦੇ ਖ਼ਾਨਦਾਨ ਵਿਚੋਂ ਹੈ ਤੇ ਜਨਮ ਦੀ ਤਪੱਸਿਆ ਕਰ ਰਹੀ ਹੈ।

ਪਰ ਪ੍ਰੇਮ ਦਾਸ ਨੇ ਇਨ੍ਹਾਂ ਸਾਰੀਆਂ ਅਫ਼ਵਾਹਾਂ ਤੋਂ ਵੱਖਰੀ ਗੱਲ ਸੁਣਾਈ :

"ਮਾਤਾ ਜੀ ਗਵਾਲੀਅਰ ਦੇ ਇਲਾਕੇ ਦੀ ਰਹਿਣ ਵਾਲੀ ਹੈ। ਜਰਨੈਲੀ ਸੜਕ ਉਤੇ ਉਸ ਦਾ ਬੁੱਢਾ ਬਾਪ ਚਾਹ ਤੇ ਪਾਨ-ਬੀੜੀ ਦੀ ਦੁਕਾਨ ਕਰਦਾ ਸੀ। ਦੁਕਾਨ ਉਤੇ ਭਾਂਤ-ਭਾਂਤ ਦੇ ਲੋਕ ਆਉਂਦੇ—ਟਰੱਕਾਂ ਦੇ ਡਰਾਈਵਰ, ਵਪਾਰੀ, ਟੂਰਿਸਟ ਤੇ ਕਦੇ-ਕਦੇ ਡਾਕੂ ਵੀ। ਮਾਤਾ ਜੀ ਸਾਰਾ ਦਿਨ ਦੁਕਾਨ ਉਤੇ ਬੈਠੀ ਗਾਹਕਾਂ ਨੂੰ ਪਾਨ ਲਾ ਕੇ ਦੇਂਦੀ। ਅਠਾਰਾਂ ਸਾਲ ਦੀ ਉਮਰ ਤੇ ਕਾਸ਼ਨੀ ਜੋਬਨ। ਇਕ ਰਾਜਪੂਤ ਨੌਜਵਾਨ ਨਾਲ ਇਸ਼ਕ ਹੋ ਗਿਆ। ਨਾਂ ਸੀ ਉਸ ਦਾ ਮੰਗਲ ਸਿੰਘ।

"ਮੰਗਲ ਸਿੰਘ ਅਮੀਰ ਰਾਜਪੂਤਾਂ ਦਾ ਪੁੱਤ ਸੀ। ਮਾਤਾ ਜੀ ਕੋਲ ਉਸ ਦੀ ਆਉਣੀ-ਜਾਣੀ ਵਧ ਗਈ। ਉਧਰ ਡਾਕੂ ਵੀ ਅਕਸਰ ਆ ਜਾਂਦੇ ਤੇ ਉਥੇ ਬੈਠ ਕੇ ਸ਼ਰਾਬ ਪੀਂਦੇ। ਇਕ ਦਿਨ ਮੰਗਲ ਸਿੰਘ ਨੇ ਧੋਖਾ ਦੇ ਕੇ ਡਾਕੂਆਂ ਨੂੰ ਫੜਵਾ ਦਿੱਤਾ। ਉਸ ਨੇ ਇਹ ਗੱਲ ਇਸ਼ਕ-ਵਸ ਹੋ ਕੇ ਆਪਣੀ ਮਹਿਬੂਬਾ ਦੇ ਭਲੇ ਲਈ ਕੀਤੀ ਸੀ, ਪਰ ਮਾਤਾ ਜੀ ਨੂੰ ਇਸ ਧ੍ਰੋਹ ਪਿਛੋਂ ਉਸ ਨਾਲ ਨਫ਼ਰਤ ਹੋ ਗਈ। ਉਸ ਨੇ ਬਥੇਰੇ ਵਾਸਤੇ ਪਾਏ ਤੇ ਮੁਆਫ਼ੀਆਂ ਮੰਗੀਆਂ, ਪਰ ਮਾਤਾ ਜੀ ਨੇ ਆਖਿਆ, "ਨਿਕਲ ਜਾ ਇਥੋਂ! ਤੂੰ ਨੀਚ ਹੈਂ, ਜਿਸ ਨੇ ਰਾਜਪੂਤਣੀ ਦਾ ਦੁੱਧ ਪੀ ਕੇ ਬਚਨ ਨੂੰ ਤੋੜਿਆ। ਮੈਂ ਸਾਰੀ ਉਮਰ ਤੇਰੀ ਸ਼ਕਲ ਨਹੀਂ ਦੇਖਾਂਗੀ!"

"ਇਸ ਪਿਛੋਂ ਮਾਤਾ ਜੀ ਨੂੰ ਇਤਨਾ ਦੁੱਖ ਹੋਇਆ ਕਿ ਇਕ ਰਾਤ ਉਹ ਘਰੋਂ ਚਲੀ ਗਈ। ਕਈ ਸਾਲ ਉਹ ਸਾਧਾਂ ਨਾਲ ਫਿਰਦੀ ਰਹੀ। ਅਖ਼ੀਰ ਇਥੇ ਆ ਟਿਕੀ।"

ਪ੍ਰੇਮ ਦਾਸ ਨਾਲ ਮੈਂ ਦੋ ਘੰਟੇ ਗੱਲਾਂ ਕਰਦਾ ਰਿਹਾ। ਇਸ ਪਿਛੋਂ ਅਗਲੇ ਦਿਨ ਆਉਣ ਦਾ ਇਕਰਾਰ ਕਰਕੇ ਆਪਣੇ ਹੋਟਲ ਵਾਪਸ ਆ ਗਿਆ।

ਮੈਂ ਬਨਾਰਸ ਦੀ ਰਾਮ-ਲੀਲ੍ਹਾ ਤੇ ਭਜਨ-ਕੀਰਤਨ ਦੀ ਪਰੰਪਰਾ ਦੇ ਨਾਟਕੀ-ਅੰਸ਼ਾਂ ਨੂੰ ਦੇਖਣ ਗਿਆ ਸਾਂ। ਦਸ਼ਾਸ਼ਮੇਧ ਘਾਟ ਉਤੇ ਚਾਹ ਪੀਂਦੇ ਹੋਏ ਦੋ ਹਿੱਪੀ ਮੈਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਹੀ ਹਾਊਸ-ਬੋਟ ਵਿਚ ਆਉਣ ਤੇ ਮਾਤਾ ਜੀ ਦੇ ਦਰਸ਼ਨ ਕਰਨ ਦਾ ਨਿਮੰਤ੍ਰਣ ਦਿੱਤਾ ਸੀ।



ਮੈਂ ਹਾਊਸ-ਬੋਟ ਵਿਚ ਉਨ੍ਹਾਂ ਨੂੰ ਮਿਲਿਆ ਤੇ ਇਸ ਪਿਛੋਂ ਆਪਣੇ ਕੰਮ ਵਿਚ ਰੁੱਝ ਗਿਆ। ਕਈ ਦਿਨ ਉਸ ਵਲ ਨਾ ਜਾ ਸਕਿਆ।

ਇਕ ਦਿਨ ਮੈਂ ਦੁਪਹਿਰ ਪਿਛੋਂ ਵਿਹਲਾ ਸਾਂ। ਮਾਤਾ ਜੀ ਦੀ ਭੇਟ ਲਈ ਦਰਜਨ ਕੇਲੇ ਤੇ ਸਿਉ ਖ਼ਰੀਦ ਕੇ ਮੈਂ ਹਿੱਪੀਆਂ ਨੂੰ ਮਿਲਣ ਚਲਾ ਗਿਆ।

ਜਦੋਂ ਮੈਂ ਢਲਵਾਨ ਉਤੇ ਪੁੱਜਾ ਤਾਂ ਦੇਖਿਆ ਕਿ ਮਾਤਾ ਜੀ ਉਚੇ-ਉਚੇ ਪਗ ਧਰਦੀ ਉਪਰ ਵਲ ਆ ਰਹੀ ਸੀ। ਉਸ ਦੇ ਨੰਗੇ ਪੈਰ ਰੇਤੇ ਵਿਚ ਧਸ-ਧਸ ਜਾਂਦੇ ਸਨ, ਪਰ ਉਸ ਵਿਚ ਚੜ੍ਹਦੀ ਕਲਾ ਵਾਲਾ ਜਲੌਅ ਸੀ। ਉਸ ਦੇ ਨਾਲ ਬੁੱਚੜ-ਦਾੜ੍ਹੀ ਵਾਲਾ ਰਾਵਣ ਸੀ।

ਮੈਨੂੰ ਦੇਖਣਸਾਰ ਮਾਤਾ ਜੀ ਦਾ ਚਿਹਰਾ ਖਿੜ ਉਠਿਆ। ਉਹ ਆਪਣੀ ਦੁਖੰਡੀ ਕਰਾਰੀ ਆਵਾਜ਼ ਵਿਚ ਬੋਲੀ, "ਅਲਖ ਨਿਰੰਜਨ! ਆਉ ਬੇਟਾ, ਮਸਾਣ ਕੇ ਦੇਵਤਾ ਨੇ ਤੈਨੂੰ ਭੇਜਿਆ ਐ। ਆਉ।"

ਉਹ ਮੈਨੂੰ ਲੈ ਕੇ ਵਾਪਸ ਹਾਊਸ-ਬੋਟ ਵਲ ਮੁੜੀ। ਅਸੀਂ ਅੰਦਰ ਦਾਖ਼ਲ ਹੋਏ ਤਾਂ ਉਸ ਦੇ ਚੇਲੇ ਫ਼ਰਸ਼ ਉਤੇ ਲੇਟੇ ਪਏ ਸਨ। ਸਿਰਫ਼ ਪ੍ਰੇਮ ਦਾਸ ਆਸਣ ਜਮਾਈ ਨਿਟੰਕ ਬੈਠਾ ਕੰਧ ਵਲ ਘੂਰ ਰਿਹਾ ਸੀ। ਉਸ ਦੇ ਪਤਲੇ ਨਿਮਾਣੇ ਸਰੀਰ ਦੀਆਂ ਪਸਲੀਆਂ ਨਜ਼ਰ ਆ ਰਹੀਆਂ ਸਨ।

ਹਿੱਪੀਆਂ ਨੇ ਮਾਤਾ ਜੀ ਦੀ ਝਿੜਕ ਪਾ ਕੇ ਅੱਖਾਂ ਖੋਲ੍ਹੀਆਂ। ਮਾਤਾ ਜੀ ਨੇ ਆਖਿਆ, "ਸ਼ੰਕਰ ਨੇ ਤੁਹਾਡੇ ਲਈ ਭੋਜਨ ਭੇਜਿਆ ਐ। ਉਠੋ। ਕਲ੍ਹ ਦਾ ਕੁਝ ਨਹੀਂ ਖਾਧਾ ਇਨ੍ਹਾਂ ਨੇ। ਪਰਸੋਂ ਇਕ ਪਾਂਡਾ ਆਇਆ ਅਤੇ ਪ੍ਰੇਮ ਨੰਦਨੀ ਤੇ ਪ੍ਰੇਮ ਦਾਸ ਦੇ ਪੈਸੇ ਚੁਰਾ ਕੇ ਲੈ ਗਿਆ। ਧੋਖਾ ਤੇ ਚੋਰੀ ਵਧਦੀ ਜਾ ਰਹੀ ਐ। ਕਾਸ਼ੀ ਤਾਂ ਚੰਗੀ ਐ, ਪਰ ਇਸ ਦੇ ਵਾਸੀ ਦੁਸ਼ਟ ਨੇ। ਉਠੋ!"

ਉਹ ਪਥੱਲਾ ਮਾਰ ਕੇ ਬੈਠ ਗਈ। ਮੈਂ ਸਿਉ ਤੇ ਕੇਲੇ ਉਸ ਅੱਗੇ ਰਖ ਦਿੱਤੇ। ਉਸ ਨੇ ਇਕ ਕੇਲਾ ਚੁੱਕਿਆ, ਗਾਂਜੇ ਦੀ ਚਿਲਮ ਵਾਂਗ ਮੱਥੇ ਨੂੰ ਲਾਇਆ, ਅਲਖ ਜਗਾਈ ਤੇ ਅੱਧਾ ਤੋੜ ਕੇ ਗੰਗਾ ਵਿਚ ਸੁੱਟ ਦਿੱਤਾ। ਬਾਕੀ ਦਾ ਉਸ ਨੇ ਬੁੱਚੜ-ਦਾੜ੍ਹੀ ਨੂੰ ਦਿੱਤਾ ਜਿਸ ਨੇ ਮਸਤਕ ਨਾਲ ਛੁਹਾ ਕੇ ਇਸ ਨੂੰ ਕਬੂਲ ਕੀਤਾ। ਮਾਤਾ ਜੀ ਨੇ ਖ਼ੁਦ ਕੁਝ ਨਾ ਖਾਧਾ, ਸਭ ਫਲ ਛਿੱਲ ਕੇ ਤੇ ਕੱਟ ਕੇ ਪਿਆਰ ਨਾਲ ਆਪਣੇ ਚੇਲਿਆਂ ਨੂੰ ਖੁਆਏ। ਸਿਰਫ਼ ਪ੍ਰੇਮ ਦਾਸ ਇਸ ਪ੍ਰਸ਼ਾਦ ਤੋਂ ਬੇਪਰਵਾਹ ਸੀ।

ਮਾਤਾ ਜੀ ਬੋਲੀ, "ਮੇਰਾ ਪ੍ਰੇਮ ਦਾਸ ਕੁਝ ਨਹੀਂ ਖਾਂਦਾ। ਮੈਂ ਵੀ ਅੱਜ ਵਰਤ ਰਖਿਆ ਹੈ।...ਮੱਸਿਆ ਦਾ ਵਰਤ...ਚੰਦਰਮਾ ਦਾ ਸ਼ੁਕਲ ਪੱਖ...ਅੰਧਕਾਰ ਕੀ ਜੈ! ਮਸਾਣ ਕੇ ਦੇਵਤਾ ਕੀ ਜੈ!"

ਮਾਤਾ ਜੀ ਨੇ ਗੁਥਲੀ ਵਿਚ ਹੱਥ ਪਾਇਆ, ਗਾਂਜਾ ਕੱਢਿਆ ਤੇ ਗੰਗਾ ਜਲ ਦਾ ਛਿੱਟਾ ਦੇ ਕੇ ਮਲਣ ਲੱਗੀ।

ਮਾਤਾ ਜੀ ਦੀ ਦਲੇਰ ਸ਼ਖ਼ਸੀਅਤ ਦੇ ਸਾਹਮਣੇ ਮੈਂ ਸਹਿਮ ਕੇ ਬੈਠ ਗਿਆ।

ਮੈਂ ਅਖ਼ਬਾਰ ਵਿਚ ਪੜ੍ਹਿਆ ਸੀ ਕਿ ਦਿੱਲੀ ਵਿਚ ਕੁਝ ਹਿੱਪੀ ਸੁਲਫ਼ਾ ਪੀਂਦੇ ਫੜੇ ਸਨ। ਬਨਾਰਸ ਵਿਚ ਵੀ ਪਕੜ-ਧਕੜ ਹੋ ਰਹੀ ਸੀ। ਵਿਸ਼ਵਾਨਾਥ ਗਲੀ ਵਿਚ ਕੁਝ ਲੋਕ ਪੁਰਾਣੀਆਂ ਮੂਰਤੀਆਂ ਵੇਚਦੇ ਫੜੇ ਗਏ ਸਨ। ਇਕ ਗੁੰਡਾ, ਜਿਸ ਤੋਂ ਪੁਲਿਸ

ਵੀ ਡਰਦੀ ਸੀ. ਉਸੇ ਸਵੇਰ ਫੜਿਆ ਗਿਆ ਸੀ ਅਤੇ ਉਸ ਨੂੰ ਰੱਸੇ ਪਾ ਕੇ ਸਾਰੇ ਸ਼ਹਿਰ ਵਿਚ ਘੁਮਾਇਆ ਗਿਆ ਸੀ। ਬਨਾਰਸ ਦੇ ਠੱਗਾਂ ਤੇ ਗੰਗਾ ਘਾਟ ਉਤੇ ਹੁੰਦੇ ਜੁਰਮਾਂ ਨੂੰ ਖ਼ਤਮ ਕਰਨ ਲਈ ਇਕ ਨਵਾਂ ਸੁਪਰਿਨਟੈਂਡੈਂਟ ਪੁਲਿਸ ਬਦਲ ਕੇ ਆਇਆ ਸੀ। ਹਫਤੇ ਦੇ ਅੰਦਰ-ਅੰਦਰ ਉਸ ਨੇਂ ਸਭਨਾਂ ਬਦਮਾਸ਼ਾਂ ਦਾ ਮੱਕੂ ਠੱਪ ਦਿੱਤਾ ਸੀ। ਸ਼ਮਸ਼ਾਨ ਘਾਟ ਦੇ ਦੋ ਚੰਡਾਲਾਂ ਨੂੰ ਉਸ ਨੇ ਗਾਂਜਾ ਵੇਚਦੇ ਫੜਿਆ ਸੀ। ਦੋ-ਤਿੰਨ ਹਾਊਸ-ਬੋਟਾਂ ਘਾਟ ਛੱਡ ਕੇ ਪਰਲੇ ਕੰਢੇ ਚਲੀਆਂ ਗਈਆਂ ਸਨ। ਇਸੇ ਕਰਕੇ ਮੈਂ ਹਿੱਪੀਆਂ ਦੀ ਬੋਟ ਵਿਚ ਆਉਣ ਤੋਂ ਕੁਝ ਕਤਰਾਉਂਦਾ ਰਿਹਾ ਸਾਂ।

ਮਾਤਾ ਜੀ ਨੇ ਉਸੇ ਘੋਰ-ਰੀਤ ਨਾਲ ਗਾਂਜੇ ਵਾਲੀ ਚਿਲਮ ਨੂੰ ਮਸਤਕ ਨਾਲ ਲਾਇਆ ਤੇ ਆਪ ਭੋਗ ਲਾ ਕੇ ਸਭ ਤੋਂ ਪਹਿਲਾਂ ਪ੍ਰੇਮ ਦਾਸ ਨੂੰ ਦਿੱਤਾ।

ਮੈਂ ਪੁੱਛਿਆ, "ਤੁਸੀਂ ਇਸ ਤਰ੍ਹਾਂ ਖੁੱਲ੍ਹਮ-ਖੁੱਲ੍ਹਾ ਗਾਂਜਾ ਪੀਂਦੇ ਹੋ—ਜੇ ਤੁਹਾਨੂੰ ਪੁਲਿਸ ਫੜ ਲਵੇ ?"

ਮਾਤਾ ਜੀ ਬੋਲੀ, "ਗਾਂਜਾ ਸ਼ਿਵਾਂ ਦੀ ਬੂਟੀ ਐ। ਗਾਜਾਂ ਪੀਣਾ ਕੋਈ ਜੁਰਮ ਨਹੀਂ। ਕਾਸ਼ੀ ਜੀ ਵਿਚ ਗਾਂਜੇ ਦੇ ਗਿਆਰਾਂ ਠੇਕੇ ਸਰਕਾਰ ਨੇ ਆਪ ਦਿੱਤੇ ਨੇ। ਕਿਸੇ ਦੀ ਕੀ ਮਜਾਲ ਐ ਜੋ ਮੇਰੀ ਪੂਜਾ ਭੰਗ ਕਰੇ। ਮਸਾਣ ਕਾ ਦੇਵਤਾ ਉਸ ਨੂੰ ਭਸਮ ਕਰ ਦੇਵੇਗਾ !" ਉਸ ਨੇ ਕੋਲ ਪਿਆ ਤ੍ਰਿਸ਼ੂਲ ਚੁੱਕ ਕੇ ਲੱਕੜ ਦੇ ਫ਼ਰਸ਼ ਵਿਚ ਗੱਡ ਦਿੱਤਾ ਤੇ ਗਾਂਜੇ ਨਾਲ ਹੋਈਆਂ ਲਾਲ ਅੱਖਾਂ ਅੱਡ ਕੇ ਬੋਲੀ, "ਅਲੱਖ ਨਿਰੰਜਨ !"

ਇਕ-ਇਕ ਕੇਲਾ ਤੇ ਸਿਉ ਦੀਆਂ ਫਾਂਕਾਂ ਖਾ ਕੇ ਹਿੱਪੀਆਂ ਦੀ ਭੁੱਖ ਹੋਰ ਤੇਜ਼ ਹੋ ਗਈ।

ਰਾਵਣ ਬੋਲਿਆ, "ਮਾਤਾ ਜੀ, ਹੁਣ ਤੁਸੀਂ ਬਾਜ਼ਾਰ ਜਾ ਕੇ ਖਾਣ ਲਈ ਕੁਝ ਲੈ ਆਵੋ।"

ਉਹ ਬੋਲੀ, "ਜਦੋਂ ਸਮਾਂ ਆਇਆ, ਜਾਵਾਂਗੀ। ਹਾਲੇ ਹੁਕਮ ਨਹੀਂ ਹੋਇਆ।"

"ਹੁਣੇ ਤਾਂ ਤੁਸੀਂ ਜਾ ਰਹੇ ਸਾਉ ਚੀਜ਼ਾਂ ਲੈਣ। ਰਸਤੇ ਵਿਚੋਂ ਮੁੜ ਆਏ।"

"ਹੁਕਮ ਹੀ ਇਤਨਾ ਸੀ, ਇਸੇ ਲਈ ਮੁੜ ਆਏ। ਹੁਣ ਜਦੋਂ ਹੁਕਮ ਹੋਇਆ..."

ਹਿੱਪੀ ਚੁੱਪ ਹੋ ਗਏ ਕਿਉਂਕਿ ਉਹ ਅੰਗ੍ਰੇਜ਼ੀ ਵਿਚ ਹਿੰਦੀ ਦੇ ਕੁਝ ਸ਼ਬਦ ਪਰੋ ਕੇ ਬੋਲ ਰਹੇ ਸਨ। ਬਹਿਸ ਨਹੀਂ ਸਨ ਕਰ ਸਕਦੇ। ਮਾਤਾ ਜੀ ਨੂੰ ਮਜਬੂਰ ਵੀ ਨਹੀਂ ਸਨ ਕਰ ਸਕਦੇ।

ਪ੍ਰੇਮ ਦਾਸ ਬੋਲਿਆ, "ਮਾਤਾ ਜੀ, ਤੁਸੀਂ ਕਚੌਰੀ ਨਾ ਲੈ ਕੇ ਆਉਣਾ, ਸਿਰਫ਼ ਚਾਵਲ ਤੇ ਦਹੀਂ।"

ਮਾਤਾ ਜੀ ਨੇ ਸੁਰਖ਼ ਅੱਖਾਂ ਘੁਮਾਈਆਂ ਤੇ ਬੋਲੀ, "ਤੂੰ ਮੇਰੀ ਗੱਲ ਵਿਚ ਆਪਣਾ ਦਿਮਾਗ਼ ਨਾ ਪਾ।"

"ਪਰ ਮਾਤਾ ਜੀ, ਥੋੜ੍ਹਾ ਜਿਹਾ ਦਿਮਾਗ਼ ਤਾਂ ਮੈਂ ਜ਼ਰੂਰ ਪਾਵਾਂਗਾ।"

"ਫਿਰ ਉਤਨੀ ਹੀ ਖ਼ਰਾਬੀ ਹੋਵੇਗੀ।"



ਸਭ ਚੁੱਪ ਹੋ ਗਏ। ਸਭ "ਸਮੇਂ" ਤੇ "ਹੁਕਮ" ਨੂੰ ਉਡੀਕਣ ਲੱਗੇ। ਸਭ ਇਕ ਮਨ ਹੋ ਕੇ ਕਿਸੇ ਅਨਹਦ ਨਾਦ ਦੀ ਪਰਤੀਕਸ਼ਾ ਕਰ ਰਹੇ ਸਨ।

ਮਾਤਾ ਜੀ ਹਿੱਪੀਆਂ ਦੀ ਅੰਦਰਲੀ ਬਿਹਬਲਤਾ ਨੂੰ ਭਾਂਪ ਕੇ ਗੁੱਸੇ ਵਿਚ ਉਠੀ ਤੇ ਬੋਲੀ, "ਚੰਗਾ, ਮੈਂ ਜਾਨੀ ਆਂ ਤੁਹਾਡੇ ਲਈ ਸਾਮਾਨ ਲੈਣ। ਤੇ ਪ੍ਰੇਮ ਦਾਸ ਤੇਰੇ ਲਈ ਚਾਵਲ ਤੇ ਦਹੀਂ।" ਉਹ ਤੇਜ਼ੀ ਨਾਲ ਬਾਹਰ ਚਲੀ ਗਈ।

ਹਿੱਪੀ ਕੁਝ ਮਿੰਟ ਚੁੱਪ ਬੈਠੇ ਰਹੇ।

ਰਾਵਣ ਬੋਲਿਆ, "ਮਾਤਾ ਜੀ ਵਿਚ ਕਦੇ-ਕਦੇ ਚੰਡੀ ਪ੍ਰਵੇਸ਼ ਕਰਦੀ ਐ। ਜਦੋਂ ਉਹ ਗੁੱਸੇ ਹੁੰਦੀ ਐ, ਅਸੀਂ ਬੁਰਾ ਨਹੀਂ ਮਨਾਉਂਦੇ।"

ਕੁੰਭਕਰਨ ਮਾਤਾ ਜੀ ਵਾਲੀ ਥਾਂ ਆ ਕੇ ਬੈਠ ਗਿਆ। ਉਸ ਨੇ ਸੁਲਫ਼ੇ ਦੀ ਗੋਲੀ ਕੱਢੀ, ਤਿੰਨ-ਚਾਰ ਸਿਗਰਟਾਂ ਭੋਰ ਕੇ ਇਸ ਵਿਚ ਰਲਾਇਆ ਤੇ ਲੰਮੀ ਰੇਬ ਚਿਲਮ ਭਰੀ। ਮਸਤਕ ਨਾਲ ਚਿਲਮ ਛੁਹਾ ਕੇ ਪੂਰੀ ਰਹੁ-ਰੀਤ ਨਾਲ ਉਸ ਨੇ ਨਾਅਰਾ ਲਾਇਆ, ਪ੍ਰੇਮ ਨੰਦਣੀ ਨੇ ਚਿਲਮ ਨੂੰ ਅੱਗ ਦਿਖਾਈ। ਕੁੰਭਕਰਨ ਨੇ ਲੰਮਾ ਸੂਟਾ ਖਿੱਚ ਕੇ ਲਾਟ ਕੱਢੀ ਅਤੇ ਚਿਲਮ ਅੱਗੇ ਤੋਰੀ।

ਸਾਰੇ ਹਿੱਪੀ ਸੁਲਫ਼ਾ ਪੀਣ ਲੱਗੇ।

ਇਕਦਮ ਬਾਹਰੋਂ ਉੱਚੀਆਂ-ਉੱਚੀਆਂ ਅਵਾਜ਼ਾਂ ਦਾ ਰੌਲਾ ਸੁਣਾਈ ਦਿੱਤਾ। ਹਾਊਸ-ਬੋਟ ਤੋਂ ਉਤਰਨ ਵਾਲੇ ਫੱਟੇ ਉਤੇ ਭਾਰੇ ਬੂਟਾਂ ਦੀ ਦਗੜ-ਦਗੜ ਹੋਈ ਤੇ ਸਾਰੀ ਬੋਟ ਹਿੱਲ ਗਈ।

ਫ਼ੌਰਨ ਇਕ ਉੱਚਾ-ਲੰਮਾ ਪੁਲਿਸ ਅਫ਼ਸਰ ਪਸਤੌਲ ਫੜੀ ਅੰਦਰ ਦਾਖ਼ਿਲ ਹੋਇਆ ਤੇ ਉਸ ਦੇ ਪਿੱਛੇ ਛੇ ਸਿਪਾਹੀ। ਕਮਰਾ ਸੁਲਫ਼ੇ ਦੇ ਧੂੰਏਂ ਨਾਲ ਭਰਿਆ ਹੋਇਆ ਸੀ। ਸਾਰੇ ਹਿੱਪੀ ਅਡੋਲ ਬੈਠੇ ਰਹੇ। ਮੈਂ ਦਹਿਲ ਗਿਆ।

ਪੁਲਿਸ ਅਫ਼ਸਰ ਦੀਆਂ ਸਿਆਹ-ਖ਼ਿਜ਼ਾਬੀ ਪਲੀਆਂ ਹੋਈਆਂ ਮੁੱਛਾਂ ਵਿਚੋਂ ਉਸ ਦੇ ਮਜ਼ਬੂਤ ਦੰਦ ਚਮਕੇ। ਉਸ ਨੇ ਹੁਕਮ ਦਿੱਤਾ, "ਆਪਣੀ-ਆਪਣੀ ਥਾਂ ਉਤੇ ਬੈਠੇ ਰਹੋ ! ਹਿੱਲਣਾ ਨਹੀਂ !"

ਸਿਪਾਹੀਆਂ ਨੇ ਉਨ੍ਹਾਂ ਦੀਆਂ ਗੁਥਲੀਆਂ ਤੇ ਥੈਲਿਆਂ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ। ਉਨ੍ਹਾਂ ਦੀਆਂ ਕਿਤਾਬਾਂ ਤੇ ਪਾਸਪੋਰਟ ਫਰੋਲਣ ਲੱਗੇ। ਸਭਨਾਂ ਦੇ ਵੀਜ਼ੇ ਤੇ ਠਹਿਰਨ ਦੀ ਮਿਆਦ ਟੱਪ ਚੁੱਕੀ ਸੀ। ਉਸ ਨੇ ਸਭ ਨੂੰ ਖੜੇ ਕਰਕੇ ਬੋਟ ਤੋਂ ਬਾਹਰ ਲੈ ਆਂਦਾ। ਸਿਪਾਹੀਆਂ ਨੇ ਉਨ੍ਹਾਂ ਦੇ ਥੈਲੇ ਤੇ ਗਾਂਜੇ ਦੀਆਂ ਚਿਲਮਾਂ ਇਕੱਠੀਆਂ ਕਰਕੇ ਨਾਲ ਲੈ ਲਈਆਂ।

ਪੁਲਿਸ ਅਫ਼ਸਰ ਨੇ ਮੇਰਾ ਕੈਮਰਾ ਤੇ ਲਿਬਾਸ ਦੇਖ ਕੇ ਮੇਰਾ ਮੂੰਹ ਸੁੰਘਿਆ ਤੇ ਮੇਰਾ ਨਾਂ-ਪਤਾ ਪੁੱਛਿਆ। ਜਰਨਲਿਸਟ ਸਮਝ ਕੇ ਉਸ ਮੈਨੂੰ ਇਕ ਪਾਸੇ ਕਰ ਦਿੱਤਾ।

ਉਹ ਬੋਲਿਆ, "ਇਨ੍ਹਾਂ ਸਭਨਾਂ ਨੂੰ ਥਾਣੇ ਲੈ ਚਲੋ !"

ਸਾਰੇ ਹਿੱਪੀ ਅਹਿੰਸਾਵਾਦੀ ਸਤਿਆਗ੍ਰਹੀਆਂ ਵਾਂਗ ਤੁਰਨ ਲਈ ਤਿਆਰ ਹੋ ਗਏ। ਉਨ੍ਹਾਂ ਦੇ ਚਿਹਰਿਆਂ ਉਤੇ ਅਭਿੱਜ ਅਡੋਲ ਸ਼ਾਂਤੀ ਸੀ। ਉਨ੍ਹਾਂ ਨੇ ਨਾ ਕੋਈ ਬਹਿਸ ਕੀਤੀ, ਨਾ ਦਲੀਲ।

ਪ੍ਰੇਮ ਦਾਸ ਨੇ ਸਿਰਫ਼ ਇਤਨਾ ਆਖਿਆ, "ਮੇਰੀ ਤਬੀਅਤ ਠੀਕ ਨਹੀਂ । ਉਥੇ ਤੁਹਾਨੂੰ ਮੇਰੇ ਲਈ ਚਾਵਲ ਤੇ ਦਹੀਂ ਦਾ ਪ੍ਰਬੰਧ ਕਰਨਾ ਪਵੇਗਾ ।"

ਪੁਲਿਸ ਅਫ਼ਸਰ ਨੇ ਇਸ ਗੱਲ ਨੂੰ ਸੁਣੀ-ਅਣਸੁਣੀ ਕਰਕੇ ਆਪਣਾ ਹੁਕਮ ਦੁਹਰਾਇਆ, "ਲੈ ਚਲੋ ਇਨ੍ਹਾਂ ਸਭਨਾਂ ਨੂੰ ।"

ਇਤਨੇ ਵਿਚ ਢਲਵਾਨ ਤੋਂ ਡੂੰਘੇ-ਡੂੰਘੇ ਕਦਮ ਧਰਦੀ ਮਾਤਾ ਜੀ ਆਉਂਦੀ ਦਿਖਾਈ ਦਿੱਤੀ । ਉਸ ਦੇ ਹੱਥਾਂ ਵਿਚ ਖਾਣ-ਪੀਣ ਦੇ ਸਾਮਾਨ ਦੀਆਂ ਪੋਟਲੀਆਂ ਸਨ । ਢਲਦੀ ਧੁੱਪ ਵਿਚ ਉਸ ਦੇ ਨੰਗੇ ਮੋਢਿਆਂ ਉਤੋਂ ਸੁਆਹ-ਰੰਗਾ ਪਸੀਨਾ ਚੋ ਰਿਹਾ ਸੀ ।

ਦੂਰੋਂ ਹੀ ਉਸ ਨੇ ਪੁਲਿਸ ਵਾਲਿਆਂ ਨੂੰ ਦੇਖਿਆ ਤੇ ਕੜਕੀ, "ਕੌਣ ਹੋ ਤੁਸੀਂ ਭੈਰੋਂ ਦੀ ਪੂਜਾ ਵਿਚ ਵਿਘਨ ਪਾਉਣ ਵਾਲੇ ? ਨਿਕਲ ਜਾਉ ਮੇਰੇ ਗ੍ਰਹਿ-ਮੰਡਲ ਵਿਚੋਂ, ਨਹੀਂ ਤਾਂ ਮਸਾਣ ਕਾ ਦੇਵਤਾ ਭਸਮ ਕਰ ਦੇਵੇਗਾ !" ਉਹ ਗਰਜਦੀ ਹੋਈ ਹੇਠਾਂ ਉਤਰੀ ।

"ਫੜੋ ਇਸ ਹਰਾਮਜ਼ਾਦੀ ਨੂੰ ਵੀ !" ਪੁਲਿਸ ਅਫ਼ਸਰ ਨੇ ਸਿਪਾਹੀਆਂ ਨੂੰ ਆਖਿਆ ।

ਮਾਤਾ ਜੀ ਉਸੇ ਤਰ੍ਹਾਂ ਬਿਫਰੀ ਹੋਈ ਪੁਲਿਸ ਅਫ਼ਸਰ ਵਲ ਵਧੀ ਤੇ ਉਸ ਦੇ ਐਨ ਸਾਹਮਣੇ ਆ ਕੇ ਖੜੀ ਹੋ ਗਈ । ਉਸ ਦਾ ਚਿਹਰਾ ਤਪੇ ਹੋਏ ਲੋਹੇ ਵਾਂਗ ਸੀ ।

ਇਕ ਮਿੰਟ ਲਈ ਸੰਨਾਟਾ ਛਾ ਗਿਆ ।

ਸਿਪਾਹੀ, ਹਿੱਪੀ ਤੇ ਮੈਂ ਖ਼ਾਮੋਸ਼ ਖੜੇ ਮਾਤਾ ਜੀ ਤੇ ਪੁਲਿਸ ਅਫ਼ਸਰ ਵਲ ਦੇਖਣ ਲੱਗੇ । ਇਹ ਘੋਰ ਟੱਕਰ ਸੀ—ਦੋ ਗ੍ਰਹਿ-ਮੰਡਲਾਂ ਦੀ, ਦੋ ਕਾਨੂੰਨਾਂ ਦੀ । ਦੋਹਾਂ ਦੀਆਂ ਅੱਖਾਂ ਮਿਲੀਆਂ, ਕੁਝ ਸ਼ੁਅਲੇ ਭੜਕੇ ਤੇ ਅਮੁੱਕ ਫ਼ਿਜ਼ਾ ਵਿਚ ਗੁੰਮ ਹੋ ਗਏ । ਮਾਤਾ ਜੀ ਦੇ ਮੱਥੇ ਦਾ ਤ੍ਰਿਸ਼ੂਲ ਉਭਰ ਆਇਆ ਤੇ ਅੱਖਾਂ ਵਿਚ ਜੁਆਲਾ ਮਘਣ ਲੱਗੀ ।

ਪੁਲਿਸ ਅਫ਼ਸਰ ਦੀਆਂ ਘੂਰਦੀਆਂ ਹੋਈਆਂ ਨਜ਼ਰਾਂ ਹੌਲੀ-ਹੌਲੀ ਫਿੱਕੀਆਂ ਪੈ ਗਈਆਂ । ਉਹ ਮਾਤਾ ਜੀ ਦੇ ਚਿਹਰੇ ਨੂੰ ਤੱਕ ਰਿਹਾ ਸੀ, ਪਰ ਇਉਂ ਲਗਦਾ ਸੀ ਜਿਵੇਂ ਦੂਰ ਅਸਤ ਹੁੰਦੇ ਸੂਰਜ ਨੂੰ ਤੱਕ ਰਿਹਾ ਹੋਵੇ ।

ਉਸ ਨੇ ਕਦਮ ਪਿਛੇ ਹਟਾਏ, ਪਸਤੌਲ ਪੇਟੀ ਵਿਚ ਪਾ ਲਿਆ ਤੇ ਸਿਪਾਹੀਆਂ ਨੂੰ ਆਖਿਆ, "ਇਨ੍ਹਾਂ ਸਭਨਾਂ ਨੂੰ ਛੱਡ ਦਿਉ ।"

ਪੁਲਿਸ ਅਫ਼ਸਰ ਰੇਤੇ ਵਲ ਝਾਕਦਾ ਢਲਵਾਨ ਚੜ੍ਹਨ ਲੱਗਾ । ਸਾਰੇ ਸਿਪਾਹੀ ਹਿੱਪੀਆਂ ਦਾ ਸਾਮਾਨ ਉਥੇ ਹੀ ਛੱਡ ਕੇ ਉਸ ਦੇ ਮਗਰ ਚਲੇ ਗਏ ।

ਮਾਤਾ ਜੀ ਉਸੇ ਜਲਾਲ ਨਾਲ ਫੱਟੇ ਉਤੇ ਪੈਰ ਰਖ ਕੇ ਬੋਟ ਵਿਚ ਜਾ ਵੜੀ । ਅਸੀਂ ਸਾਮਾਨ ਇਕੱਠਾ ਕਰਕੇ ਉਸ ਦੇ ਮਗਰ ਅੰਦਰ ਚਲੇ ਗਏ ।

ਸਾਰੇ ਹਿੱਪੀ ਮਾਤਾ ਜੀ ਦੇ ਤੇਜ ਤੇ ਦੈਵ-ਸ਼ਕਤੀ ਤੋਂ ਬਹੁਤ ਪ੍ਰਭਾਵਿਤ ਸਨ । ਮੈਂ ਵੀ ਹੈਰਾਨ ਸਾਂ ।

ਮਾਤਾ ਜੀ ਨੇ ਸਾਰੇ ਚੇਲਿਆਂ ਨੂੰ ਤੇ ਮੈਨੂੰ ਬਿਠਾ ਕੇ ਭੋਜਨ ਕਰਾਇਆ । ਸੂਰਜ



ਡੁੱਬ ਚੁੱਕਾ ਸੀ । ਗੰਗਾ ਦੇ ਪਾਣੀਆਂ ਵਿਚ ਹਨੇਰਾ ਘੁਲਣ ਲੱਗਾ । ਮੈਂ ਜਾਣ ਲਈ ਆਗਿਆ ਮੰਗੀ ਤਾਂ ਮਾਤਾ ਜੀ ਬੋਲੀ, "ਅੱਜ ਮੱਸਿਆ ਹੈ । ਪੂਜਾ ਹੋਵੇਗੀ । ਤੂੰ ਵੀ ਇਥੇ ਠਹਿਰ ।"

ਮਾਤਾ ਜੀ ਨੇ ਕੋਰੇ ਦੀਵੇ ਗੰਗਾ ਦੇ ਪਾਣੀ ਵਿਚ ਭਿਉਂ ਕੇ ਕੱਢੇ । ਇਨ੍ਹਾਂ ਵਿਚ ਨਾਰੀਅਲ ਦਾ ਤੇਲ ਪਾਇਆ ਤੇ ਬੱਤੀਆਂ ਵੱਟ ਕੇ ਇਨ੍ਹਾਂ ਨੂੰ ਸ਼ਿਵ ਜੀ ਦੀ ਮੂਰਤੀ ਦੁਆਲੇ ਰਖ ਦਿੱਤਾ । ਉਹ ਬਾਹਰ ਗਈ ਤੇ ਥੋੜ੍ਹੇ ਚਿਰ ਪਿਛੋਂ ਜਦੋਂ ਨਹਾ ਕੇ ਪਰਤੀ ਤਾਂ ਉਸ ਨੇ ਲਾਲ ਕੰਨੀ ਵਾਲੀ ਕੋਰੀ ਧੋਤੀ ਦੀ ਗਿਲਤੀ ਮਾਰੀ ਹੋਈ ਸੀ ਅਤੇ ਉਸ ਦੀਆਂ ਜਟਾਂ ਖੁੱਲ੍ਹੀਆਂ ਸਨ । ਲੰਮੇ ਵਾਲ ਉਸ ਦੇ ਨਿਤੰਭਾਂ ਤੋਂ ਹੇਠ ਤੀਕ ਡਿੱਗ ਰਹੇ ਸਨ ।

ਉਸ ਨੇ ਦੀਵੇ ਜਗਾਏ, "ਬਮ ਬਮ ਬਮ ਬਮ" ਦਾ ਨਾਅਰਾ ਲਾਇਆ ਅਤੇ ਸਾਰੇ ਹਿੱਪੀਆਂ ਨੇ ਅੰਤਲਾ ਬੋਲ ਚੁੱਕਿਆ ।

ਮਾਤਾ ਜੀ ਬੋਲੀ, "ਤੁਸੀਂ ਪੂਜਾ ਕਰੋ ਮੈਂ ਮਸਾਣ ਕੇ ਦੇਵਤਾ ਨੂੰ ਨਮਸਕਾਰ ਕਰਕੇ ਛੇਤੀ ਹੀ ਮੁੜਾਂਗੀ ।" ਉਹ ਉਠੀ ਤੇ ਆਪਣੇ ਚੇਲਿਆਂ ਨੂੰ ਆਸ਼ੀਰਵਾਦ ਦੇ ਕੇ ਬਾਹਰ ਹਨੇਰੇ ਵਿਚ ਗੁੰਮ ਹੋ ਗਈ ।

ਹਿੱਪੀਆਂ ਨੇ ਪੂਜਾ ਸ਼ੁਰੂ ਕੀਤੀ । ਨਾਰੀਅਲ ਦਾ ਤੇਲ ਬਲਣ ਤੇ ਸੁਲਫ਼ੇ ਦੀ ਨਸ਼ੀਲੀ ਕੁੜੱਤਣ ਵਾਲੇ ਧੂੰਏਂ ਨਾਲ ਕਮਰੇ ਵਿਚ ਘੁਕੀ ਪਸਰ ਗਈ ।

ਅੱਧੀ ਰਾਤ ਤੀਕ ਅਸੀਂ ਉਡੀਕਦੇ ਰਹੇ । ਮਾਤਾ ਜੀ ਨਾ ਮੁੜੀ । ਸਾਰੇ ਜਣੇ ਹੈਰਾਨ ਸਨ ।

ਆਖ਼ਰ ਬਾਹਰੋਂ ਫੱਟੇ ਉਤੇ ਕਿਸੇ ਦੇ ਚੜ੍ਹਨ ਦੀ ਬਿੜਕ ਆਈ । ਅਗਲੇ ਪਲ ਇਕ ਆਦਮੀ ਨਿੱਕੇ ਦਰਵਾਜ਼ੇ ਅੱਗੇ ਆ ਕੇ ਖੜਾ ਹੋ ਗਿਆ । ਸਾਨੂੰ ਉਸ ਦਾ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ । ਸਿਰਫ਼ ਉਸ ਦਾ ਮਲ-ਮਲ ਦਾ ਚਿੱਟਾ ਕੁੜਤਾ ਤੇ ਧੋਤੀ ਨਜ਼ਰ ਆ ਰਹੇ ਸਨ । ਉਹ ਝੁਕਿਆ ਤੇ ਅੰਦਰ ਦਾਖ਼ਿਲ ਹੋਇਆ । ਜਥੇਦਾਰ ਸਰੀਰ, ਭਾਰੀਆਂ ਕਾਲੀਆਂ ਮੁੱਛਾਂ ਤੇ ਛੋਟੇ ਕੁੰਡਲਦਾਰ ਪਟੇ ।

ਇਤਨੀ ਰਾਤ ਗਏ ਇਹ ਕੌਣ ਆ ਗਿਆ ? ਸਭ ਨੇ ਇਕ ਦੂਜੇ ਵਲ ਤੱਕਿਆ ।

ਪ੍ਰੇਮ ਦਾਸ ਨੇ ਪੁੱਛਿਆ, "ਤੁਸੀਂ ਮਾਤਾ ਜੀ ਨੂੰ ਮਿਲਣ ਆਏ ਹੋ ?"

"ਹਾਂ ! ਮੁਆਫ਼ ਕਰਨਾ ਮੈਂ ਤੁਹਾਨੂੰ ਇਸ ਸਮੇਂ ਤਕਲੀਫ਼ ਦਿੱਤੀ । ਉਹ ਕਿਥੇ ਹਨ ?"

ਪ੍ਰੇਮ ਦਾਸ ਨੇ ਉਸ ਵਲ ਘੂਰ ਕੇ ਤੱਕਿਆ ਤੇ ਫਿਰ ਬੋਲਿਆ, "ਮੈਂ ਤੁਹਾਨੂੰ ਪਹਿਲਾਂ ਸ਼ਾਇਦ ਕਿਤੇ ਦੇਖਿਆ ਹੈ ।"

ਅਜਨਬੀ ਮੁਸਕਰਾਇਆ ਤੇ ਉਸ ਦੀਆਂ ਪਲੀਆਂ ਹੋਈਆਂ ਕਾਲੀਆਂ ਮੁੱਛਾਂ ਵਿਚੋਂ ਉਸ ਦੇ ਮਜ਼ਬੂਤ ਦੰਦ ਚਮਕੇ । ਉਸ ਉੱਤਰ ਦਿੱਤਾ, "ਦਿਨ ਵੇਲੇ ਮੈਂ ਕਿਸੇ ਹੋਰ ਰੂਪ ਵਿਚ ਸਾਂ । ਉਦੋਂ ਮੈਂ ਠਾਕੁਰ ਮੰਗਲ ਸਿੰਘ ਸੁਪਰਿਟੈਂਡੈਂਟ ਪੁਲਿਸ ਸਾਂ । ਪਰ ਹੁਣ ਸਿਰਫ਼ ਮੰਗਲ ਸਿੰਘ ਹਾਂ ।"

ਇਹ ਸੁਣ ਕੇ ਮੇਰੀਆਂ ਤੇ ਪ੍ਰੇਮ ਦਾਸ ਦੀਆਂ ਨਜ਼ਰਾਂ ਮਿਲੀਆਂ ।

ਪ੍ਰੇਮ ਦਾਸ ਨੇ ਮੰਗਲ ਸਿੰਘ ਨੂੰ ਬਿਠਾ ਲਿਆ ਤੇ ਉਸੇ ਸ਼ਾਂਤ ਲਹਿਜੇ ਵਿਚ ਆਖਿਆ, "ਮਾਤਾ ਜੀ ਅੱਠ ਵਜੇ ਦੀ ਗਈ ਹੋਈ ਹੈ। ਆਖ ਗਈ ਸੀ ਮਸਾਣ ਕੇ ਦੇਵਤਾ ਨੂੰ ਨਮਸਕਾਰ ਕਰਕੇ ਹੁਣੇ ਮੁੜਾਂਗੀ।"

ਮੰਗਲ ਸਿੰਘ ਰਤਾ ਕੁ ਰੁਕਿਆ। ਉਸ ਦੇ ਜਥ੍ਹੇ ਵਾਲੇ ਚਿਹਰੇ ਉਤੇ ਸੋਚ ਦਾ ਪਰਛਾਵਾਂ ਲਰਜ਼ਿਆ ਤੇ ਉਸ ਸਿਰ ਹਿਲਾ ਕੇ ਹੌਲੀ ਜੇਹੀ ਬੋਲਿਆ, "ਹੁਣ ਉਹ ਕਦੀ ਨਹੀਂ ਆਵੇਗੀ।"

ਉਸ ਨੇ ਨੀਵੀਂ ਪਾ ਲਈ ਤੇ ਬੁਝ ਰਹੇ ਦੀਵਿਆਂ ਨੂੰ ਤੱਕਣ ਲਗਾ।

## 21

# ਕਫ਼ਨ ਚੋਰ

ਮੌਤ ਤੇ ਗਾਹਕ ਦਾ ਕੀ ਪਤਾ, ਕਿਹੜੇ ਵੇਲੇ ਆ ਜਾਣ। ਪਰ ਰਹਿਮਤ ਦੀ ਹੱਟੀ ਗਾਹਕ ਉਸ ਵੇਲੇ ਆਉਂਦਾ ਜਦ ਮੌਤ ਪਿੰਡ ਵਿਚ ਕਿਸੇ ਦੇ ਘਰ ਫੇਰਾ ਪਾਉਂਦੀ।

ਰਹਿਮਤ ਦੀ ਕਫ਼ਨਾਂ ਦੀ ਹੱਟੀ ਕਬਰਸਤਾਨ ਦੇ ਪੀਰ ਜੀ ਦੇ ਡੇਰੇ ਦੇ ਵਿਚਕਾਰ ਸੀ। ਉਸ ਦਾ ਘਰ ਹੱਟੀ ਦੇ ਪਿਛੋਕੜ ਸੀ—ਕੱਚੀਆਂ ਕੰਧਾਂ, ਫੂਸ ਵਾਲੀ ਛੱਤ ਤੇ ਖੁੱਲ੍ਹਾ ਵਿਹੜਾ।

ਉਸ ਦਾ ਅੱਬਾ ਹਾਜੀ ਸੀ, ਪੰਜ ਵੇਲੇ ਨਮਾਜ਼ ਪੜ੍ਹਨ ਵਾਲਾ ਤੇ ਸਲਵਾਰ ਗਿੱਟਿਆਂ ਉਪਰ ਤੀਕ ਬੰਨ੍ਹਣ ਵਾਲਾ। ਰੁੰਡ-ਮੁੰਡ ਟਿੰਡ ਉਤੇ ਘਸੀ ਹੋਈ ਹਲਕੀ ਜਿਹੀ ਜਾਲੀਦਾਰ ਟੋਪੀ ਤੇ ਹੱਥ ਵਿਚ ਤਸਬੀਹ ਲੈ ਕੇ ਉਹ ਹੱਟੀ ਉਤੇ ਬੈਠਦਾ। ਈਮਾਨਦਾਰੀ ਦੇ ਸਦਕਾ, ਗਰੀਬੜੇ ਹਾਲ, ਅੱਲਾ ਦੀ ਰਜ਼ਾ ਵਿਚ ਖੁਸ਼ ਸੀ। ਆਪਣੇ ਪੁੱਤ ਨੂੰ ਪੜ੍ਹਾਉਣ ਜੋਗੇ ਉਸ ਕੋਲ ਪੈਸੇ ਕਿਥੇ?

ਬਾਪ ਦੇ ਮਰਨ ਪਿੱਛੋਂ ਜਦ ਰਹਿਮਤ ਨੇ ਹੱਟੀ ਸਾਂਭੀ ਤਾਂ ਉਸ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਉਸ ਦਾ ਧੰਦਾ ਚਲ ਨਿਕਲੇ। ਪਰ ਦਿਨੋ-ਦਿਨ ਡਾਕਟਰ ਵਧ ਰਹੇ ਸਨ, ਹਕੀਮ ਵਧ ਰਹੇ ਸਨ, ਸ਼ਫ਼ਾਖ਼ਾਨੇ ਵਧ ਰਹੇ ਸਨ, ਚੀਜ਼ਾਂ ਦੇ ਭਾਅ ਵਧ ਰਹੇ ਸਨ। ਰਹਿਮਤ ਦਾ ਬਿਉਪਾਰ ਮੰਦਾ ਸੀ।

ਹੱਟੀ ਤੇ ਬੈਠਾ ਉਹ ਸੋਚ ਰਿਹਾ ਸੀ, ਪਿੰਡ ਵਿਚ ਹਰ ਕੋਈ ਬਲੈਕ ਮਾਰਕੀਟ ਕਰ ਰਿਹੈ। ਹਰ ਚੀਜ਼ ਵਿਚ ਮਿਲਾਵਟ, ਬੇਈਮਾਨੀ। ਗਵਾਲਾ ਦੁੱਧ ਵਿਚ ਪਾਣੀ ਮਿਲਾ ਕੇ ਵੇਚਦੈ, ਪੰਸਾਰੀ ਆਟੇ ਵਿਚ ਫੂਸ, ਵੱਡਾ ਚੌਧਰੀ ਘਿਓ ਵਿਚ ਖੋਪੇ ਦਾ ਤੇਲ। ਹਰ ਕੋਈ ਮਿਲਾਵਟ ਦਾ ਮਾਲ ਵੇਚਦੈ। ਪਰ ਉਹ ਕੀ ਮਿਲਾਵੇ? ਸੁਆਹ ਤੇ ਮਿੱਟੀ!

ਸਵੇਰ ਦੇ ਸੂਰਜ ਦੀਆਂ ਤਿਰਛੀਆਂ ਕਿਰਨਾਂ ਨਾਲ ਉਸ ਦੀਆਂ ਅੱਖਾਂ ਚੁੰਧਿਆ

ਰਹੀਆਂ ਸਨ। ਬਿੰਧੀ ਪਾਟੀ ਹੋਈ ਬਨੈਣ ਵਿਚੋਂ ਉਸ ਦਾ ਕਾਲੇ ਵਾਲਾਂ ਨਾਲ ਕੱਜਿਆ ਹੋਇਆ ਢਿੱਡ ਇਉਂ ਨਜ਼ਰ ਆ ਰਿਹਾ ਸੀ ਜਿਵੇਂ ਕਾਲਖ ਲੱਗੀ ਤੌੜੀ। ਉਸ ਢਿੱਡ ਤੇ ਹੱਥ ਫੇਰਿਆ ਤੇ ਅਸਮਾਨ ਵਲ ਤੱਕ ਕੇ ਆਖਿਆ, "ਅੱਲਾਹ! ਅੱਲਾਹ!" ਤੇ ਉਸ ਦੀਆਂ ਮੋਟੇ ਪਪੋਟਿਆਂ ਵਾਲੀਆਂ ਅੱਖਾਂ ਮਿਚ ਗਈਆਂ।

ਜਦ ਉਸ ਅੱਖਾਂ ਖੋਲ੍ਹੀਆਂ, ਸਾਹਮਣੇ ਇਕ ਲੰਬਾ-ਤੜੰਗਾ ਆਦਮੀ ਖੜਾ ਸੀ, ਉਸ ਦਾ ਚਿਹਰਾ ਤਿੱਖਾ ਸੀ ਤੇ ਉਸ ਦੀਆਂ ਅੱਖਾਂ ਵਿਚ ਭੇੜੀਏ ਦੀਆਂ ਅੱਖਾਂ ਵਾਂਗ ਜ਼ਰਦ ਚਿਲਕੋਰ ਸੀ।

'ਸਲਾਮਾਲੇਕੁਮ।' ਉਸ ਆਦਮੀ ਨੇ ਆਖਿਆ।

ਰਹਿਮਤ ਨੇ ਉਸ ਨੂੰ ਸਿਰ ਤੋਂ ਪੈਰ ਤੀਕ ਤੱਕਿਆ। ਇਹ ਅਮਜਦ ਸੀ— ਉਸ ਦਾ ਜਮਾਤੀ। ਉਹ ਇਕੱਠੇ ਹੀ ਮਸੀਤ ਵਿਚ ਪੜ੍ਹੇ ਸਨ। ਅਮਜਦ ਪਿੰਡ ਛੱਡ ਕੇ ਬੰਬਈ ਚਲਾ ਗਿਆ ਸੀ, ਜਿਥੇ ਉਸ ਨੇ ਬਹੁਤ ਸਾਰੇ ਧੰਦੇ ਕੀਤੇ! ਕਈ ਪਾਪੜ ਵੇਲੇ। ਇਕ ਫ਼ਿਲਮ ਸਟੂਡੀਓ ਵਿਚ ਜ਼ਿੰਦਾ ਪਰਿੰਦੇ ਸਪਲਾਈ ਕਰਨ ਦਾ ਕੰਮ ਕੀਤਾ। ਇਕ ਭੱਠੀ ਉਤੇ ਨਾਜਾਇਜ਼ ਸ਼ਰਾਬ ਕੱਢਣ ਦਾ ਕੰਮ ਕੀਤਾ। ਰਾਤੀਂ ਸਮੁੰਦਰ ਦੇ ਕੰਢੇ ਕਿਸ਼ਤੀਆਂ ਵਿਚੋਂ ਸਮਗਲਿੰਗ ਦਾ ਧੰਦਾ ਵੀ ਕਰਦਾ ਸੀ। ਦੋ ਵਾਰ ਫੜਿਆ ਗਿਆ। ਤੰਗ ਆ ਕੇ ਉਹ ਮੁੜ ਪਿੰਡ ਆ ਗਿਆ ਸੀ।

"ਕੀ ਹਾਲ ਐ ਤੇਰੇ ਕੰਮ-ਕਾਜ ਦਾ?" ਉਸ ਪੁੱਛਿਆ।

"ਅੱਲਾਹ ਦਾ ਫ਼ਜ਼ਲ ਐ। ਅੱਜ ਕਲ੍ਹ ਲੋਕ ਮਈਅੱਤ-ਜਨਾਜ਼ੇ ਉਤੇ ਘਟ ਈ ਖ਼ਰਚ ਕਰਦੇ ਨੇ। ਖ਼ੁਦਾ ਉਤੋਂ ਈਮਾਨ ਉਠਦਾ ਜਾ ਰਿਹੈ। ਸ਼ਾਦੀ-ਵਿਆਹ ਨਾਚ-ਮੁਜਰਾ ਹੋਵੇ, ਤਾਂ ਥੈਲੀਆਂ ਦੇ ਮੂੰਹ ਖੁੱਲ੍ਹ ਜਾਂਦੇ ਨੇ। ਕਿਸੇ ਵਜ਼ੀਰ ਨੇ ਆਉਣਾ ਹੋਵੇ ਤਾਂ ਠੇਕੇਦਾਰ ਹਜ਼ਾਰਾਂ ਰੁਪਏ ਝੰਡੀਆਂ ਤੇ ਖ਼ਰਚ ਕਰ ਦਿੰਦੇ ਨੇ! ਪਰ ਜਦੋਂ ਬੰਦਾ ਇਸ ਦੁਨੀਆਂ ਤੋਂ ਉਠ ਕੇ ਖ਼ੁਦਾ ਦੇ ਹਜ਼ੂਰ ਵਿਚ ਜਾਂਦੈ ਤਾਂ ਕਫ਼ਨ ਤਾਬੂਤ ਉਤੇ ਕੰਜੂਸੀ ਕਰਦੇ ਨੇ।"

ਅਮਜਦ ਨੇ ਦੁਕਾਨ ਉਤੇ ਇਕ ਤੇਜ਼ ਨਿਗਾਹ ਸੁੱਟੀ। ਪੱਥਰ ਦੇ ਕੁਤਬੇ, ਲੱਕੜ ਦੇ ਤਖ਼ਤੇ, ਮੇਖਾਂ, ਕਾਫ਼ੂਰ ਤੇ ਤਾਬੂਤ ਦਾ ਹੋਰ ਸਾਮਾਨ। ਕਫ਼ਨ ਇਕੱਠੇ ਕੀਤੇ ਪਏ ਸਨ—ਖੱਦਰ ਦੇ ਮੋਟੇ ਕਫ਼ਨ, ਮਲਮਲ ਦੇ ਬਰੀਕ ਕਫ਼ਨ, ਰੇਸ਼ਮ ਦੇ ਵਧੀਆ ਕਫ਼ਨ।

ਉਹ ਦੋਵੇਂ ਹੁੱਕਾ ਪੀਂਦੇ ਰਹੇ ਤੇ ਗੱਲਾਂ ਕਰਦੇ ਰਹੇ, ਮੰਦੇ ਹਾਲ ਤੇ ਮਹਿੰਗੇ ਦਿਹਾੜਿਆਂ ਦੀਆਂ ਗੱਲਾਂ।

ਇਕਦਮ ਅਮਜਦ ਨੇ ਪੁੱਛਿਆ, "ਤੂੰ ਹੱਟੀ ਦਾ ਸਾਮਾਨ ਕਿਥੋਂ ਲੈਨਾ ਹੁੰਨਾ ਏਂ?"

ਰਹਿਮਤ ਨੇ ਉੱਤਰ ਦਿੱਤਾ, "ਕਿਉਂ? ਦਿੱਲੀ ਤੋਂ ਮੰਗਵਾਉਂਦਾ ਆਂ। ਭਾਵੇਂ ਕੁਝ ਕੀਮਤੀ ਕਫ਼ਨ ਤੇ ਉਪਰਲੇ ਬੇਲ-ਬੂਟਿਆਂ ਵਾਲੇ ਝੋਲੇ ਮੇਰੀ ਬੀਵੀ ਘਰ ਵੀ ਤਿਆਰ ਕਰ ਲੈਂਦੀ ਐ।"

"ਮੇਰੇ ਕੋਲੋਂ ਲਵੇਂਗਾ? ਮੈਂ ਸਸਤੇ ਭਾਅ ਲਾ ਦਿਆਂਗਾ ਤੈਨੂੰ। ਦੋਹਾਂ ਨੂੰ ਨਫ਼ਾ ਰਹੇਗਾ।"

ਨਫ਼ੇ ਦੇ ਨਾਂ ਤੋਂ ਰਹਿਮਤ ਦੀਆਂ ਅੱਖਾਂ ਪੂਰੀਆਂ ਖੁੱਲ੍ਹ ਗਈਆਂ। ਉਸ ਪੁੱਛਿਆ, "ਨਫ਼ਾ?"



"ਹਾਂ। ਮੈਂ ਕੁਝ ਮਾਲ ਕਲ੍ਹ ਲਿਆਵਾਂਗਾ।"

ਦੂਜੇ ਦਿਨ ਰਹਿਮਤ ਦੇ ਵਿਹੜੇ ਦੀ ਕੁੰਡੀ ਖੜਕੀ। ਉਸ ਵੇਲੇ ਰਹਿਮਤ ਵਿਹੜੇ ਵਿਚ ਬੈਠਾ ਇਕ ਚੀਨੇ ਕਬੂਤਰ ਦੀ ਚੁੰਝ ਮੂੰਹ ਵਿਚ ਲਈ ਚੂਸ ਰਿਹਾ ਸੀ। ਉਸ ਕਬੂਤਰ ਨੂੰ ਕਾਬਕ ਵਿਚ ਰਖਿਆ ਤੇ ਬੂਹਾ ਖੋਲ੍ਹਿਆ। ਅਮਜਦ ਖੜਾ ਸੀ।

"ਆ ਜਾ।" ਉਸ ਆਖਿਆ।

ਅਮਜਦ ਅੰਦਰ ਆ ਗਿਆ। "ਦੋ ਕਫ਼ਨ ਲਿਆਂਦੇ ਨੇ — ਬਰੀਕ ਮਲਮਲ ਦੇ।" ਉਸ ਬੁਗ਼ਚੀ ਖੋਲ੍ਹ ਕੇ ਮਾਲ ਵਿਖਾਇਆ।

ਰਹਿਮਤ ਨੇ ਕਫ਼ਨ ਵੇਖੇ, ਮਲਮਲ ਨੂੰ ਖਿੱਚ ਕੇ ਜਾਂਚਿਆ ਤੇ ਆਖਿਆ, "ਹੂੰ!"

ਉਸ ਨੇ ਕਫ਼ਨ ਪਛਾਣ ਲਏ। ਦੋ ਦਿਨ ਹੋਏ ਇਹ ਉਸੇ ਦੀ ਹੱਟੀ ਤੋਂ ਗਏ ਸਨ। ਉਸ ਦੀਆਂ ਅੱਖਾਂ ਪਾਟ ਗਈਆਂ।

ਅਮਜਦ ਨੇ ਆਖਿਆ, "ਕੀਮਤ ਦਾ ਫ਼ੈਸਲਾ ਕਰ ਲਈਏ। ਮੈਂ ਇਕ ਗੱਲ ਕਰਾਂਗਾ। ਛੀ ਰੁਪਈਏ ਹੋਣੀ ਐ ਇਸ ਕਫ਼ਨ ਦੀ ਕੀਮਤ। ਮੈਂ ਤੈਥੋਂ ਤਿੰਨ ਰੁਪਈਏ ਲਵਾਂਗਾ। ਠੀਕ ਐ ਨਾ?"

"ਤੂੰ...ਕਿਥੋਂ ਲਿਆਂਦੈ ਇਹ ਕਫ਼ਨ?"

"ਤੈਨੂੰ ਨਹੀਂ ਪਤਾ?" ਉਸ ਦੀਆਂ ਭੇੜੀਏ ਵਰਗੀਆਂ ਅੱਖਾਂ ਵਿਚ ਪੀਲੀ ਚਿਲਕੋਰ ਫਿਰ ਗਈ। "ਮੈਂ ਕਬਰ ਵਿਚੋਂ ਕੱਢਿਆ ਸੀ।"

"ਤੂੰ ਕਬਰ ਖੋਦੀ ਸੀ?"

"ਨਹੀਂ। ਕਬਰ ਪੁੱਟਣ ਦਾ ਟੰਟਾ ਕੌਣ ਕਰੇ। ਇਸ ਕਫ਼ਨ ਖ਼ਾਤਰ ਮੈਂ ਕਬਰ ਨਹੀਂ ਭੰਨਾਂਗਾ। ਬੜੀ ਮਿਹਨਤ ਦਾ ਕੰਮ ਐ।"

"ਫੇਰ?" ਰਹਿਮਤ ਨੇ ਅਚੰਭੇ ਨਾਲ ਪੁੱਛਿਆ।

"ਇਹ ਗੱਲ ਤੂੰ ਮੇਰੇ ਤਾਈਂ ਛੱਡ। ਉਸਤਾਦਾਂ ਦਾ ਗੁਰ ਐ? ਤੂੰ ਕੀ ਲੈਨੈਂ? ਜੇ ਸੌਦਾ ਕਰਨੈਂ ਤੇ ਗੱਲ ਕਰ।"

ਰਹਿਮਤ ਨੂੰ ਦੁਬਿਧਾ ਵਿਚ ਵੇਖ ਕੇ ਅਮਜਦ ਨੇ ਆਖਿਆ। "ਸਾਰਾ ਵਪਾਰ ਇਸ ਤਰ੍ਹਾਂ ਹੁੰਦੈ। ਧੋਖਾ ਫ਼ਰੇਬ ਇਹੋ ਵਪਾਰ ਦਾ ਕਾਨੂੰਨ ਏ, ਜ਼ਿੰਦਗੀ ਦਾ ਕਾਨੂੰਨ ਏ, ਜ਼ਿੰਦਗੀ ਦਾ ਅਸੂਲ। ਹਰ ਵੱਡੀ ਮੱਛੀ ਛੋਟੀ ਨੂੰ ਨਿਗਲਣ ਨੂੰ ਫਿਰਦੀ ਐ। ਹਰ ਵੱਡਾ ਦੁਕਾਨਦਾਰ ਛੋਟੇ ਨੂੰ। ਮੇਰਾ ਕੰਮ ਇਸ ਤੋਂ ਕਿਤੇ ਸਾਦਾ ਤੇ ਈਮਾਨਦਾਰ ਐ। ਧਰਤੀ ਹੇਠ ਦੱਬੇ ਮੁਰਦੇ ਨੂੰ ਭਲਾ ਕੀ ਲੋੜ ਐ ਕਫ਼ਨ ਦੀ? ਇਨਸਾਨ ਮਿੱਟੀ ਐ, ਮਿੱਟੀ ਵਿਚ ਮਿਲ ਜਾਂਦੈ। ਹੱਡ-ਮਾਸ ਸਭ ਮਿੱਟੀ ਦਾ ਹਿੱਸਾ ਬਣ ਜਾਂਦੇ ਨੇ। ਇਹ ਕਫ਼ਨ ਵੀ ਦਿਨਾਂ ਵਿਚ ਈ ਗਲ ਕੇ ਮਿੱਟੀ ਹੋ ਜਾਏਗਾ। ਕਿਉਂ ਨਾ ਇਸ ਨੂੰ ਕੱਢ ਕੇ ਦੁਬਾਰਾ ਕਿਸੇ ਹੋਰ ਮੁਰਦੇ ਦੇ ਕੰਮ ਲਿਆਈਏ? ਤੇ ਪਤਾ ਵੀ ਕਿਸ ਨੂੰ ਲਗਣੈਂ। ਕਿਸੇ ਨੇ ਕਬਰ ਪੁੱਟ ਕੇ ਥੋੜ੍ਹਾ ਈ ਵੇਖਣ ਔਣੈਂ। ਇਹ ਦੋ ਕਫ਼ਨ ਮੈਂ ਛੱਡ ਚਲਿਆਂ। ਕਲ੍ਹ ਪੈਸੇ ਲੈਣ ਆਵਾਂਗਾ।"

ਰਹਿਮਤ ਬੈਠਾ ਹੁੱਕਾ ਪੀਂਦਾ ਰਿਹਾ। ਇਸ ਵੇਲੇ ਗਲੀ ਵਿਚ ਕੋਈ ਆ ਜਾ ਨਹੀਂ ਸੀ ਰਿਹਾ। ਉਸ ਨੇ ਮਸੀਤ ਵਿਚੋਂ ਮੁੱਲਾਂ ਦੀ ਅਜਾਨ ਸੁਣੀ ਤੇ ਦੂਰ ਸ਼ਿਵ ਜੀ ਦੇ ਮੰਦਰ ਵਿਚੋਂ ਘੜਿਆਲ ਦੀ ਠਣਕਾਰ। ਦੋਵੇਂ ਅਵਾਜ਼ਾਂ ਇਕ ਦੂਜੀ ਵਿਚ ਮਿਲ

ਗਈਆਂ ਤੇ ਅਕਾਸ਼ ਵਿਚ ਖੁਰ ਗਈਆਂ । ਇਸੇ ਤਰ੍ਹਾਂ ਇਨਸਾਨ ਦਾ ਖ਼ਾਕੀ ਜਿਸਮ ਐ, ਹਮੇਸ਼ਾਂ ਲਈ ਕਫ਼ਨ ਦੀ ਗੋਦੀ ਵਿਚ ਸੌਂ ਜਾਂਦਾ ਹੈ, ਮਿਟ ਜਾਂਦਾ ਹੈ...।

ਉਹ ਬੈਠਾ ਸੋਚਦਾ ਰਿਹਾ ।

ਉਸ ਦਾ ਦੋਸਤ ਅਮਜਦ ਉਸ ਨਾਲੋਂ ਬਹੁਤ ਵੱਖਰਾ ਸੀ — ਚਲਾਕ, ਫੁਰਤੀਲਾ । ਬੰਬਈ ਤੋਂ ਜਦੋਂ ਉਹ ਕਈ ਸਾਲਾਂ ਪਿਛੋਂ ਪਿੰਡ ਮੁੜਿਆ ਤਾਂ ਉਹ ਪਹਿਲਾਂ ਪੀਰ ਦੇ ਡੇਰੇ ਗਿਆ ਤੇ ਬਹੁਤ ਚਿਰ ਬੈਠਾ ਪਿੰਡ ਦੀਆਂ ਗੱਲਾਂ ਸੁਣਦਾ ਰਿਹਾ । ਇਸ ਪਿਛੋਂ ਉਹ ਆਪਣੇ ਅੱਬਾ ਦੀ ਕਬਰ ਵੇਖਣ ਗਿਆ । ਬੰਬਈ ਵਿਚ ਉਸ ਚੋਰੀ ਦਾ ਮਾਲ ਢੋਣ ਤੇ ਸ਼ਰਾਬ ਕੱਢਣ ਦੇ ਕਈ ਗੁਨਾਹ ਕੀਤੇ ਸਨ । ਹੁਣ ਉਹ ਅੱਲਾਹ ਦੇ ਹਜ਼ੂਰ ਵਿਚ ਦੁਆ ਕਰਕੇ ਇਨ੍ਹਾਂ ਗੁਨਾਹਾਂ ਦਾ ਕਫ਼ਾਰਾ ਕਰਨਾ ਚਾਹੁੰਦਾ ਸੀ । ਬਾਪ ਦੀ ਕਬਰ ਉਤੇ ਗੋਡੇ ਟੇਕ ਕੇ ਉਸ ਫ਼ਾਤਿਹਾ ਪੜ੍ਹਿਆ ਤੇ ਦੁਆ ਮੰਗੀ । ਇਰਦ-ਗਿਰਦ ਤੱਕਿਆ ਤਾਂ ਉਸ ਨੂੰ ਪੱਕੀਆਂ ਨਵੀਆਂ ਕਬਰਾਂ ਦੀਆਂ ਕਤਾਰਾਂ ਨਜ਼ਰ ਆਈਆਂ । ਪਤਾ ਨਹੀਂ ਉਸ ਦੇ ਦਿਮਾਗ ਵਿਚ ਕਿਥੋਂ ਇਹ ਖ਼ਿਆਲ ਆ ਗਿਆ ਕਿ ਜੇ ਉਹ ਕਬਰਾਂ ਨੂੰ ਪੁੱਟੇ ਤਾਂ ਇਨ੍ਹਾਂ ਵਿਚੋਂ ਕੀ ਨਿਕਲੇ...ਤਾਬੂਤ, ਹੱਡੀਆਂ ਕਫ਼ਨ...।

ਬੰਬਈ ਸਮੁੰਦਰ ਦੇ ਕੰਢੇ ਉਸ ਹਨੇਰੇ ਵਿਚ ਕੰਮ ਕੀਤੇ ਸਨ । ਕਬਰਾਂ ਵਿਚੋਂ ਕਫ਼ਨ ਕੱਢਣ ਦਾ ਖ਼ਿਆਲ ਉਸ ਨੂੰ ਦੁਆ ਪੜ੍ਹਦੇ ਹੋਏ ਹੀ ਆਇਆ ਸੀ ।

ਦੂਜੇ ਦਿਨ ਤਰਕਾਲੀਂ ਉਹ ਕਬਰਸਤਾਨ ਗਿਆ ਤੇ ਸੱਜਰੀਆਂ ਕਬਰਾਂ ਨੂੰ ਗਹੁ ਨਾਲ ਤੱਕਦਾ ਰਿਹਾ । ਇਕ ਜ਼ਬਰਦਸਤ ਖ਼ਾਹਿਸ਼ ਨੇ ਉਸ ਦੇ ਮਨ ਉਤੇ ਗ਼ਲਬਾ ਪਾ ਲਿਆ—ਕਬਰ ਦੀ ਗਹਿਰੀ ਕੁੱਖ ਵਿਚ ਪਏ ਚਿੱਟੇ ਕਫ਼ਨ ਦੇ ਖ਼ਿਆਲ ਨੇ । ਇਸ ਨਿੱਕੀ ਜਹੀ ਹਨੇਰੀ ਕੋਠੜੀ ਵਿਚ ਹਰ ਚੀਜ਼ ਮੁਰਦਾ ਸੀ—ਸਿਰਫ਼ ਕਫ਼ਨ ਜ਼ਿੰਦਾ ਸੀ । ਕਿਉਂ ਨਾ ਇਸ ਨੂੰ ਕੱਢ ਲਿਆ ਜਾਵੇ । ਇਹ ਖ਼ਿਆਲ ਮਨ ਵਿਚ ਕੁੱਦਿਆ ।

ਉਸ ਦਾ ਹੱਥ ਇਕ ਕਾਰੀਗਰ ਦਾ ਹੱਥ ਸੀ । ਉਹ ਕਬਰ ਦੇ ਇਕ ਪਾਸੇ ਮੋਰੀ ਕਰਦਾ, ਤੇ ਬਾਂਸ ਦੇ ਪਤਲੇ ਲੰਬੇ ਢਾਂਗੇ ਵਿਚ ਕੁੰਡੀ ਅੜਾ ਕੇ ਤਾਬੂਤ ਵਿਚ ਪਏ ਮੁਰਦੇ ਦੇ ਕਫ਼ਨ ਨੂੰ ਇਸ ਤਰ੍ਹਾਂ ਟੋਹ ਲੈਂਦਾ ਜਿਵੇਂ ਇਕ ਮਾਹਰ ਡਾਕਟਰ ਢਿੱਡ ਦਾ ਆਪਰੇਸ਼ਨ ਕਰਨ ਲੱਗੇ ਸੂਏ ਨਾਲ ਜਿਸਮ ਦੀਆਂ ਅੰਦਰਲੀਆਂ ਨਾੜੀਆਂ ਨੂੰ ਟੋਹ ਲੈਂਦਾ ਹੈ । ਕਬਰ ਦੇ ਅੰਦਰ ਹਨੇਰੇ ਵਿਚ ਢਾਂਗੇ ਨਾਲ ਲੱਗੀ ਕੁੰਡੀ ਸੁਝਵਾਨ ਉਂਗਲਾਂ ਵਾਂਗ ਕੰਮ ਕਰਦੀ । ਜਦੋਂ ਅਮਜਦ ਢਾਂਗਾ ਉਪਰ ਖਿੱਚਦਾ ਤਾਂ ਕਫ਼ਨ ਸੁੱਕੇ ਛਿੱਲੜ ਵਾਂਗ ਨਾਲ ਹੀ ਬਾਹਰ ਆ ਜਾਂਦਾ । ਘਰ ਆ ਕੇ ਉਹ ਕਫ਼ਨ ਨੂੰ ਧੋਂਦਾ, ਮਾਵਾ ਲਾ ਕੇ ਸੁਕਾਉਂਦਾ, ਇਸਤਰੀ ਕਰਦਾ ਤੇ ਨਵਾਂ-ਨਕੋਰ ਬਣਾ ਲੈਂਦਾ ।

ਅਮਜਦ ਤੇ ਰਹਿਮਤ ਦੇ ਕੰਮ ਵਿਚ ਪੂਰੀ ਸਾਂਝ ਸੀ । ਵਪਾਰ ਠੀਕ ਸੀ । ਦੋਹਾਂ ਨੂੰ ਖੱਟੀ ਸੀ ।

ਇਕ ਸਾਲ ਵਿਚ ਹੀ ਰਹਿਮਤ ਦੀ ਕਾਇਆ ਪਲਟ ਗਈ । ਹੁਣ ਉਹ ਮੈਲੀ-ਕੁਚੈਲੀ ਬਨੈਣ ਨਹੀਂ ਸੀ ਪਾਉਂਦਾ, ਸਗੋਂ ਧੁਲੀ ਹੋਈ ਕਲੀਆਂ ਵਾਲੀ ਕਮੀਜ਼, ਰੰਗਦਾਰ ਚਾਰ ਖ਼ਾਨਿਆਂ ਵਾਲਾ ਰੇਸ਼ਮੀ ਤਹਿਮਤ ਤੇ ਸਿਰ ਉਤੇ ਕਾਲੀ ਫੁੰਦਕੇ ਵਾਲੀ ਲਾਲ ਰੂਮੀ ਟੋਪੀ ।

ਈਦ ਵਾਲੇ ਦਿਨ ਉਸ ਬਹੁਤ ਸਾਰੇ ਦੋਸਤਾਂ ਨੂੰ ਬੁਲਾਇਆ । ਵੱਡੀ ਦਾਅਵਤ



ਕੀਤੀ । ਉਸ ਦੀ ਬੀਵੀ ਨੇ ਘਿਓ ਨਾਲ ਤਰ ਸੇਵੀਆਂ ਪਕਾਈਆਂ । ਖ਼ੂਬ ਜਸ਼ਨ ਰਿਹਾ ।

ਰੋਜ਼ੇ ਰਖਣ ਪਿਛੋਂ ਬੀਵੀ ਭੁੱਖੀ ਸੀ । ਸੇਵੀਆਂ ਜ਼ਿਆਦਾ ਖਾ ਗਈ । ਰਾਤ ਨੂੰ ਉਸ ਦੇ ਢਿੱਡ ਵਿਚ ਮਰੋੜ ਉਠੇ । ਹੈਜ਼ਾ ਹੋ ਗਿਆ । ਬਸ ਦੋ-ਚਾਰ ਘੰਟੇ ਵਿਚ ਹੀ ਉਹਦੀ ਹਾਲਤ ਖ਼ਰਾਬ ਹੋ ਗਈ । ਅੱਖਾਂ ਫਿਰ ਗਈਆਂ । ਰਹਿਮਤ ਖ਼ੁਦਾ ਦੇ ਹਜ਼ੂਰ ਵਿਚ ਗਿੜਗਿੜਾਇਆ । ਉਸ ਨੇ ਨਮਾਜ਼ ਪੜ੍ਹੀ ਤੇ ਦੁਆ ਮੰਗੀ, ਪਰ ਕੁਝ ਅਸਰ ਨਾ ਹੋਇਆ । ਅੱਧੀ ਰਾਤ ਨੂੰ ਉਸ ਦੀ ਬੀਵੀ ਚਲ ਵਸੀ ।

ਰਹਿਮਤ ਨੂੰ ਆਪਣੀ ਬੀਵੀ ਨਾਲ ਪਿਆਰ ਸੀ । ਸਾਰੀ ਉਮਰ ਦੀ ਸਾਥਣ ਰਹੀ ਸੀ । ਐਡੀ ਛੇਤੀ, ਇਕ ਦਮ ਉਸ ਤੋਂ ਖੋਹ ਲਈ ਜਾਵੇਗੀ, ਇਸ ਦਾ ਉਸ ਨੂੰ ਗੁਮਾਨ ਵੀ ਨਹੀਂ ਸੀ ।

ਉਹ ਰੋਣ ਲੱਗਾ । ਗੁਆਂਢੀ ਆ ਗਏ । ਤਾਏ-ਚਾਚੇ ਦੇ ਪੁੱਤ ਇਕੱਠੇ ਹੋ ਗਏ । ਰਹਿਮਤ ਦਾ ਗ਼ਮ ਦੇ ਮਾਰੇ ਬੁਰਾ ਹਾਲ ਸੀ । ਉਸ ਨੂੰ ਕਿਸੇ ਚੀਜ਼ ਦੀ ਹੋਸ਼ ਨਹੀਂ ਸੀ । ਤਾਏ-ਚਾਚੇ ਦੇ ਪੁੱਤਾਂ ਨੇ ਹੀ ਮੱਈਅਤ ਤਿਆਰ ਕੀਤੀ । ਦੁਕਾਨ ਵਿਚੋਂ ਇਕ ਵੱਡਾ ਰੇਸ਼ਮੀ ਕਫ਼ਨ ਕੱਢਿਆ, ਲਾਸ਼ ਨੂੰ ਇਸ ਵਿਚ ਵਲ੍ਹੇਟਿਆ ਤੇ ਜਨਾਜ਼ਾ ਲੈ ਕੇ ਚਲੇ ।

ਜਦ ਤਾਬੂਤ ਕਬਰ ਵਿਚ ਉਤਾਰਨ ਲੱਗੇ ਤਾਂ ਰਹਿਮਤ ਦੀਆਂ ਅੱਖਾਂ ਵਿਚੋਂ ਹੰਝੂ ਕਿਰ ਪਏ, ਜੋ ਉਸ ਦੀ ਦਾੜ੍ਹੀ ਤੋਂ ਹੋ ਕੇ ਲਾਸ਼ ਉਤੇ ਡਿੱਗੇ ।

ਦੂਜੇ ਦਿਨ ਉਸ ਨੇ ਦੁਕਾਨ ਨਾ ਖੋਲ੍ਹੀ । ਉਸ ਰੋਜ਼ਾ ਰਖਿਆ ਤੇ ਮਸੀਤੇ ਨਮਾਜ਼ ਪੜ੍ਹਨ ਗਿਆ ਤੇ ਦੁਆ ਮੰਗਦਾ ਰਿਹਾ । ਉਸ ਦਾ ਦਿਲ ਕਿਸੇ ਚੀਜ਼ ਵਿਚ ਨਹੀਂ ਸੀ ਲਗ ਰਿਹਾ ।

ਪਰ ਜ਼ਿੰਦਗੀ ਦਾ ਸਫ਼ਰ ਉਸੇ ਤਰ੍ਹਾਂ ਜਾਰੀ ਰਹਿੰਦਾ ਹੈ । ਵਿਹਾਰ, ਕਾਇਦੇ, ਕਾਨੂੰਨ ਉਸੇ ਤਰ੍ਹਾਂ ਤੁਰਦੇ ਹਨ ।

ਪੰਜਵੇਂ ਦਿਨ ਰਹਿਮਤ ਦੁਕਾਨ ਉਤੇ ਆ ਬੈਠਾ । ਉਸ ਨੇ ਤਖ਼ਤੇ, ਤਾਬੂਤ, ਮਲਮਲ ਦੇ ਕਫ਼ਨ, ਕਾਫ਼ੂਰ ਤੇ ਹੋਰ ਨਿਕ-ਸੁਕ ਮੁੜ ਠੀਕ ਕਰਕੇ ਰਖਿਆ । ਸਿਰ ਉਤੇ ਉਸ ਨੇ ਸਫ਼ੈਦ ਰੁਮਾਲ ਬੰਨ੍ਹਿਆ ਹੋਇਆ ਸੀ ਤੇ ਉਹ ਆਪਣੇ ਅੱਬਾ ਦੀ ਪੁਰਾਣੀ ਤਸਬੀਹ ਫੇਰ ਰਿਹਾ ਸੀ ਜਦੋਂ ਉਹਨੂੰ ਅਮਜਦ ਨਜ਼ਰ ਆਇਆ । ਅਮਜਦ ਕੁਝ ਦਿਨਾਂ ਲਈ ਪਿੰਡ ਤੋਂ ਬਾਹਰ ਗਿਆ ਹੋਇਆ ਸੀ । ਰਹਿਮਤ ਦੀ ਬੀਵੀ ਦੀ ਮਰਗ ਦਾ ਸੋਗ ਕਰਨ ਪਿਛੋਂ ਉਸ ਆਖਿਆ, "ਮੈਂ ਤੇਰੇ ਲਈ ਮਾਲ ਲਿਆਂਦੈ ।"

"ਕੀ ?" ਰਹਿਮਤ ਨੇ ਪੁੱਛਿਆ ।

ਅਮਜਦ ਨੇ ਬੁਗਚੀ ਖੋਲ੍ਹੀ ਤੇ ਉਸ ਵਿਚੋਂ ਇਕ ਵੱਡਾ ਰੇਸ਼ਮੀ ਕਫ਼ਨ ਕੱਢਿਆ, "ਦੇਖ, ਬਹੁਤ ਕੀਮਤੀ ਕਫ਼ਨ ਐ । ਦਸ ਰੁਪਿਆਂ ਤੋਂ ਉਪਰ ਦਾ ।" ਇਹ ਆਖ ਕੇ ਉਸ ਕਫ਼ਨ ਰਹਿਮਤ ਦੇ ਹੱਥ ਦੇ ਦਿੱਤਾ ।

ਰਹਿਮਤ ਨੇ ਕਫ਼ਨ ਪਛਾਣ ਲਿਆ ।

## 22

# ਜੈ ਪੰਡਿਤ ਸਦਾ ਨੰਦ ਜੀ

ਪੰਡਿਤ ਸਦਾ ਨੰਦ ਦੀ ਪਾਠਸ਼ਾਲਾ ਵਿਚ ਪੜ੍ਹਾਈ ਘੱਟ ਤੇ ਸੇਵਾ-ਸੰਮਤੀ ਦਾ ਕੰਮ ਬਹੁਤ ਹੁੰਦਾ ਸੀ ।

ਪਾਠਸ਼ਾਲਾ ਹਨੂੰਮਾਨ ਦੇ ਮੰਦਰ ਦੀ ਵਲਗਣ ਵਿਚ ਸੀ । ਪਿੱਪਲ ਦੇ ਦਰੱਖਤ ਹੇਠਾਂ ਬੋਰੀਆਂ ਉਤੇ ਬੈਠੇ ਅਸੀਂ ਸੰਸਕ੍ਰਿਤ ਦੇ ਸ਼ਲੋਕ ਯਾਦ ਕਰਦੇ ਤੇ ਕੱਕੇ ਰੇਤੇ ਉਤੇ ਉਂਗਲ ਨਾਲ ਸ਼ਬਦ ਲਿਖਦੇ । ਇਸ ਪਾਠਸ਼ਾਲਾ ਵਿਚ ਅਸੀਂ ਸੱਤ-ਅੱਠ ਵਿਦਿਆਰਥੀ ਸਾਂ—ਬਾਹਮਣਾਂ ਦੇ ਮੁੰਡੇ । ਸਭ ਦੇ ਸਿਰਾਂ ਉਤੇ ਉਸਤਰਾ ਫਿਰਿਆ ਹੋਇਆ ਤੇ ਵਿਚਕਾਰ ਲੰਮੀ ਬੋਦੀ । ਮੱਥੇ ਉਤੇ ਚੰਦਨ ਦਾ ਤਿਲਕ, ਗਲ ਵਿਚ ਜਨੇਊ, ਢਿੱਡ ਨੰਗਾ ਤੇ ਤੇੜ ਲਾਂਗੜ ਵਾਲੀ ਧੋਤੀ ।

ਮੈਂ ਤੇ ਦਾਤਾ ਰਾਮ ਪੰਡਿਤ ਜੀ ਦੇ ਖ਼ਾਸ ਚੇਲੇ ਸਾਂ । ਸਾਡੀਆਂ ਸ਼ਕਲਾਂ, ਕੱਦ-ਕਾਠ, ਤੇ ਬੋਦੀ ਵਾਲੇ ਘੋਨ-ਮੋਨ ਸਿਰ ਦੇਖ ਕੇ ਸਾਨੂੰ ਬਹੁਤੇ ਲੋਕ ਭਰਾ ਹੀ ਸਮਝਦੇ ਹਨ । ਅਸੀਂ ਇਕੱਠੇ ਬੈਠਦੇ, ਇਕੱਠੇ ਗਾ-ਗਾ ਕੇ ਸ਼ਲੋਕ ਕੰਠ ਕਰਦੇ ਤੇ ਇਕੱਠੇ ਹੀ ਪੰਡਿਤ ਜੀ ਲਈ ਸ਼ਰਦਾਈ ਰਗੜਦੇ । ਛੁੱਟੀ ਪਿਛੋਂ ਘਰ ਪਰਤਦੇ ਕਈ ਵਾਰ ਅਸੀਂ ਬਾਬੇ ਰੁਲੀਏ ਦੇ ਟੋਭੇ ਵਿਚ ਨਹਾਉਣ ਜਾ ਵੜਦੇ । ਪੋਥੀਆਂ ਪਿੱਪਲ ਹੇਠ ਰੱਖ ਕੇ ਤੇ ਧੋਤੀਆਂ ਡਾਹਣੇ ਉਤੇ ਲਟਕਾ ਕੇ ਤੇ ਜਨੇਊ ਨੂੰ ਕੰਨ ਉਤੇ ਉੜੰਗ ਕੇ ਅਸੀਂ ਪਿੱਪਲ ਉਤੇ ਚੜ੍ਹ ਕੇ ਟੋਭੇ ਵਿਚ ਨੰਗੇ ਛਾਲਾਂ ਮਾਰਦੇ ਤੇ ਤਾਰੀਆਂ ਲਾਉਂਦੇ । ਕਦੇ-ਕਦੇ ਕਿਸੇ ਮੱਝ ਦੀ ਪੂਛ ਫੜ ਕੇ ਤਰਨ ਲਗਦੇ ਅਤੇ ਇਸ ਵੇਲੇ ਅਸੀਂ ਗੀਤਾ ਦੇ ਸ਼ਲੋਕਾਂ ਦੀ ਥਾਂ ਗੰਦੀਆਂ ਗਾਲ੍ਹਾਂ ਉਚਾਰਦੇ ।

ਪੰਡਿਤ ਸਦਾਨੰਦ ਦੇ ਸੇਵਾ-ਭਾਵ ਦੀ ਸਾਰੇ ਪ੍ਰਸਿੱਧੀ ਸੀ । ਪਿੰਡ ਵਿਚ ਕੋਈ ਬੀਮਾਰ ਹੋ ਜਾਵੇ, ਕਿਸੇ ਨੂੰ ਠੂਹਾਂ ਲੜ ਜਾਵੇ, ਕੋਈ ਫੱਟੜ ਹੋ ਜਾਵੇ, ਪੰਡਿਤ ਜੀ ਆਪਣਾ ਦਵਾਈਆਂ ਵਾਲਾ ਥੈਲਾ ਲੈ ਕੇ ਝੱਟ ਪਹੁੰਚ ਜਾਂਦੇ । ਕੋਈ ਬੁੱਢੀ ਨੰਗੇ ਪੈਰੀਂ ਕੜਕਦੀ



ਧੁੱਪ ਵਿਚ ਹੌਂਕਦੀ ਤੁਰੀ ਜਾਂਦੀ ਤਾਂ ਉਹ ਛੱਤਰੀ ਲੈ ਕੇ ਉਸ ਨੂੰ ਘਰ ਤੀਕ ਛੱਡ ਕੇ ਆਉਂਦੇ ਸਨ । ਇਕ ਵਾਰ ਗਲੀ ਵਿਚ ਕੁੱਤਾ ਮਰਿਆ ਦੇਖ ਕੇ ਉਨ੍ਹਾਂ ਨੇ ਚਮਾਰਾਂ ਦੇ ਮੁੰਡੇ ਨੂੰ ਦੋ ਮਸੂਰੀ ਪੈਸੇ ਦਿੱਤੇ ਕਿ ਉਹ ਕੁੱਤੇ ਦੀ ਲੱਤ ਨਾਲ ਰੱਸੀ ਬੰਨ੍ਹ ਦੇਵੇ । ਪੰਡਿਤ ਜੀ ਕੁੱਤੇ ਨੂੰ ਘੜੀਸ ਕੇ ਬਾਹਰ ਟਿੱਬੇ ਉਤੇ ਲੈ ਗਏ ਤੇ ਖੱਦਰ ਦਾ ਕਫ਼ਨ ਪਾ ਕੇ ਉਸ ਨੂੰ ਦੱਬ ਦਿੱਤਾ । ਇਹੋ ਜਿਹੇ ਕੰਮਾਂ ਵਿਚ ਉਹ ਆਪਣੇ ਸ਼ਿਸ਼ਾਂ ਨੂੰ ਵੀ ਨਾਲ ਲਾ ਲੈਂਦੇ ਸਨ । ਉਨ੍ਹਾਂ ਦੀ ਸਾਰੇ ਪਿੰਡ ਵਿਚ ਇਤਨੀ ਸਦਾਚਾਰਕ ਮਾਨਤਾ ਸੀ ਕਿ ਉਨ੍ਹਾਂ ਦਾ ਕਹਿਣਾ ਕੋਈ ਨਹੀਂ ਸੀ ਟਾਲਦਾ ।

ਉਨ੍ਹਾਂ ਦੇ ਕਈ ਚੇਲੇ-ਚਾਟੇ ਵੱਡੇ ਹੋ ਕੇ ਤਸੀਲਦਾਰ ਤੇ ਵਕੀਲ ਬਣ ਗਏ, ਪਰ ਪੰਡਿਤ ਜੀ ਉਨ੍ਹਾਂ ਨੂੰ ਬਚਪਨ ਦੇ ਨਾਂ ਨਾਲ ਹੀ ਬੁਲਾ ਸਕਦੇ ਸਨ । ਜਦੋਂ ਦਾਤਾ ਰਾਮ ਤੇ ਮੈਂ ਪਾਠਸ਼ਾਲਾ ਛੱਡ ਕੇ ਸਕੂਲ ਵਿਚ ਪੜ੍ਹਨ ਲੱਗੇ ਤਾਂ ਵੀ ਪੰਡਿਤ ਸਦਾ ਨੰਦ ਦਾ ਸਾਡੇ ਉਤੇ ਗੁਰੂਆਂ ਵਾਲਾ ਹੱਕ ਸੀ । ਅਸੀਂ ਸਕੂਲ ਤੋਂ ਕਾਲਜ ਵਿਚ ਜਾਣ ਲੱਗੇ, ਅੰਗ੍ਰੇਜ਼ੀ ਫੈਸ਼ਨ ਦੇ ਪਟੇ ਰੱਖ ਲਏ ਤੇ ਕੋਟ ਪਤਲੂਣ ਪਾਉਣ ਲਗ ਪਏ ਸਾਂ, ਪਰ ਪੰਡਿਤ ਜੀ ਨੂੰ ਫੇਰ ਵੀ ਝੁਕ ਕੇ ਮੱਥਾ ਟੇਕ ਕੇ ਮਿਲਦੇ ।

ਕਾਲਜ ਵਿਚ ਗਰਮੀਆਂ ਦੀਆਂ ਛੁੱਟੀਆਂ ਹਨ । ਦਾਤਾ ਰਾਮ ਤੇ ਮੈਂ ਘਰ ਆਏ ਹੋਏ ਸਾਂ । ਅਸੀਂ ਦੋਵੇਂ "ਤਾਨ ਸੈਨ" ਫ਼ਿਲਮ ਦਾ ਮੈਟਨੀ ਸ਼ੋ ਦੇਖ ਬਾਜ਼ਾਰ ਵਿਚ ਤੁਰੇ ਆਉਂਦੇ ਸਾਂ ਕਿ ਪੰਡਿਤ ਜੀ ਮਿਲ ਪਏ । ਦੋਹਾਂ ਨੇ ਝੁਕ ਕੇ ਪਰਣਾਮ ਕੀਤਾ ਤਾਂ ਪੰਡਿਤ ਜੀ ਝਟ ਬੋਲੇ, "ਓਏ ਤੁਸੀਂ ਚਿੱਟੀਆਂ ਪਤਲੂਣਾਂ ਪਾ ਕੇ ਹੀ ਘੁੰਮਦੇ ਰਹਿੰਦੇ ਹੋ, ਕੋਈ ਚੰਗਾ ਕੰਮ ਵੀ ਕਰਿਆ ਕਰੋ ।" ਅਸੀਂ ਆਖਿਆ, "ਹੁਕਮ ਕਰੋ ।" ਉਹ ਬੋਲੇ, "ਚਲੋ ਮੇਰੇ ਨਾਲ ਹਸਪਤਾਲ ।" ਅਸੀਂ ਬਚਨਾਂ ਦੇ ਬੱਧੇ ਉਨ੍ਹਾਂ ਦੇ ਨਾਲ-ਨਾਲ ਤੁਰ ਪਏ ।

ਹਸਪਤਾਲ ਜਾ ਕੇ ਪਤਾ ਲੱਗਿਆ ਕਿ ਪਰਸੋਂ ਇਕ ਗੱਭਰੂ ਜਵਾਨ ਦੀ ਰੇਲ-ਗੱਡੀ ਹੇਠਾਂ ਆ ਕੇ ਸੱਜੀ ਲੱਤ ਕੱਟੀ ਗਈ ਸੀ ਤੇ ਪਿਛਲੇ ਅੜਤਾਲੀ ਘੰਟਿਆਂ ਤੋਂ ਮੰਡੀ ਦੇ ਹਸਪਤਾਲ ਵਿਚ ਬੇਹੋਸ਼ ਪਿਆ ਸੀ । ਪੰਡਿਤ ਜੀ ਉਸੇ ਦੀ ਸੇਵਾ ਵਿਚ ਰੁੱਝੇ ਹੋਏ ਸਨ । ਕਿਸੇ ਨੂੰ ਪਤਾ ਨਹੀਂ ਸੀ ਲਗਦਾ ਕਿ ਉਹ ਗੱਭਰੂ ਕੌਣ ਸੀ ਤੇ ਕਿਥੋਂ ਦਾ ਸੀ । ਇਸ ਗੱਲ ਨੇ ਪੰਡਿਤ ਜੀ ਨੂੰ ਵਧੇਰੇ ਚਿੰਤਾਤੁਰ ਕਰ ਰਖਿਆ ਸੀ ।

ਵਾਰਡ ਵਿਚ ਪਹੁੰਚ ਕੇ ਅਸੀਂ ਦੇਖਿਆ ਕਿ ਬਿਸਤਰ ਉਤੇ ਇਕ ਤਗੜਾ ਨੌਜਵਾਨ ਲੰਮਾ ਪਿਆ ਸੀ । ਛਾਤੀ ਤੀਕ ਚਾਦਰ ਨਾਲ ਉਸ ਦਾ ਧੜ ਢੱਕਿਆ ਹੋਇਆ ਸੀ । ਮੂੰਹ ਉਤੇ ਨਿੱਕੀਆਂ ਕਾਲੀਆਂ ਮੁੱਛਾਂ, ਕੰਨਾਂ ਵਿਚ ਸੋਨੇ ਦੀਆਂ ਨੱਤੀਆਂ, ਸਿਰ ਦੇ ਵਾਲ ਸੰਘਣੇ ਤੇ ਘੁੰਗਰਾਲੇ । ਖ਼ੂਨ ਬਹੁਤਾ ਵਗ ਜਾਣ ਨਾਲ ਚਿਹਰੇ ਉਤੇ ਭਿੱਜੀ ਕਪਾਹ ਵਰਗੀ ਹਲਕੀ ਪਿਲੱਤਣ ਸੀ । ਉਸ ਦਾ ਸਾਹ ਇਕ-ਸੁਰ ਚੱਲ ਰਿਹਾ ਸੀ ।

ਪੰਡਿਤ ਜੀ ਬੋਲੇ, "ਤੁਸੀਂ ਦੋਵੇਂ ਵਾਰੀ-ਵਾਰੀ ਇਸ ਦੀ ਰਾਖੀ ਕਰੋ, ਨਾ ਜਾਣੇ ਇਸ ਨੂੰ ਕਿਸ ਵੇਲੇ ਹੋਸ਼ ਆ ਜਾਵੇ । ਮੈਂ ਦੋ ਰਾਤਾਂ ਤੋਂ ਸੁੱਤਾ ਨਹੀਂ । ਪਾਠਸ਼ਾਲਾ ਜਾ ਕੇ ਘੜੀ-ਬਿੰਦ ਆਰਾਮ ਕਰਾਂਗਾ ਤੇ ਰਾਤ ਨੂੰ ਕਿਸੇ ਵੇਲੇ ਗੇੜਾ ਮਾਰਨ ਆਵਾਂਗਾ ।" ਦਾਤਾ ਰਾਮ ਤੇ ਮੈਂ ਵਗਾਰ ਵਿਚ ਫੜੇ ਕੰਮੀਆਂ ਵਾਂਗ ਇਸ ਨੌਜਵਾਨ ਦੀ ਰਾਖੀ ਬੈਠ ਗਏ । ਚਾਦਰ ਹੇਠ ਮੈਨੂੰ ਉਸ ਦੀ ਕੱਟੀ ਹੋਈ ਲੱਤ ਦਾ ਪਤਾ ਲੱਗ ਰਿਹਾ ਸੀ ।

ਅਸੀਂ ਦੋ ਦਿਨ ਦੋ ਰਾਤਾਂ ਉਥੇ ਵਾਰੀ ਦੇਂਦੇ ਰਹੇ। ਵਿਚ-ਵਿਚ ਡਾਕਟਰ ਤੇ ਨਰਸ ਆ ਕੇ ਉਸ ਨੂੰ ਟੀਕੇ ਲਾਉਂਦੇ ਤੇ ਚਾਰਟ ਉਤੇ ਉਸ ਦੀ ਬਦਲਦੀ ਹਾਲਤ ਦਾ ਵੇਰਵਾ ਨੋਟ ਕਰਦੇ। ਅਸੀਂ ਕਿਉਂਕਿ ਪੰਡਿਤ ਜੀ ਦੇ ਨੁਮਾਇੰਦੇ ਸਾਂ, ਇਸ ਲਈ ਸਾਨੂੰ ਸੇਵਾ ਦਾ ਮੌਕਾ ਦਿੱਤਾ ਗਿਆ ਸੀ।

ਮਰੀਜ਼ ਕੋਲ ਬੈਠ ਮੈਨੂੰ ਉਸ ਵਿਚ ਦਿਲਚਸਪੀ ਹੋ ਗਈ ਸੀ। ਰਾਤ ਨੂੰ ਹਸਪਤਾਲ ਵਿਚ ਕਿਸੇ ਹੋਰ ਮਰੀਜ਼ ਦੀ ਹੂੰਗਰ ਸੁਣਾਈ ਦੇਂਦੀ, ਜਾਂ ਕੁੱਤੇ ਭੌਂਕਣ ਦੀ ਆਵਾਜ਼ ਆਉਂਦੀ। ਪਰ ਇਹ ਨੌਜਵਾਨ, ਜਿਸ ਦੇ ਚਿਹਰੇ ਉਤੇ ਭਿੱਜੀ ਕਪਾਹ ਵਰਗੀ ਪਿਲੱਤਣ ਸੀ, ਅਡੋਲ ਪਿਆ ਸੀ। ਕਿਸੇ-ਕਿਸੇ ਵੇਲੇ ਉਸ ਦਾ ਛਾਤੀ ਉਤੇ ਪਿਆ ਸੱਜਾ ਹੱਥ ਹਿਲਦਾ ਤੇ ਉਂਗਲਾਂ ਫਰਕਦੀਆਂ। ਉਸ ਦੇ ਬੁੱਲ੍ਹ ਅੱਧ-ਖੁੱਲ੍ਹੇ ਸਨ, ਜਿਨ੍ਹਾਂ ਵਿਚੋਂ ਸਾਹ ਧੌਂਕਣੀ ਵਾਂਗ ਚਲ ਰਿਹਾ ਸੀ। ਮੈਨੂੰ ਇਸ ਜਾਨਦਾਰ ਮੁਰਦੇ ਤੋਂ ਕਦੀ-ਕਦੀ ਡਰ ਵੀ ਲਗਦਾ। ਸੱਚ ਪੁੱਛੋ ਤਾਂ ਡਰ ਦੀ ਇਹ ਲਰਜ਼ਿਸ਼ ਹੀ ਮੇਰੇ ਲਈ ਕਸ਼ਿਸ਼ ਬਣੀ ਹੋਈ ਸੀ।

ਰਾਤ ਦੇ ਤਿੰਨ ਵਜੇ ਸਨ। ਮੈਂ ਕੁਰਸੀ ਉਤੇ ਬੈਠਾ ਕਿਤਾਬ ਪੜ੍ਹਦਾ-ਪੜ੍ਹਦਾ ਊਂਘਣ ਲੱਗ ਪਿਆ ਸਾਂ, ਬਿਸਤਰੇ ਤੋਂ ਇਕ ਗਰਗਰਾਉਂਦੀ ਹੋਈ ਹੂੰਗਰ ਉੱਠੀ। ਮੈਂ ਸੁਚੇਤ ਹੋ ਗਿਆ। ਮਰੀਜ਼ ਨੂੰ ਹੋਸ਼ ਆ ਰਹੀ ਸੀ। ਉਸ ਨੇ ਹੌਲੀ-ਹੌਲੀ ਅੱਖਾਂ ਖੋਲ੍ਹੀਆਂ ਤੇ ਲੰਮਾ ਸਾਹ ਲਿਆ ਜਿਵੇਂ ਕੋਈ ਬਹੁਤ ਚਿਰ ਸੌਣ ਪਿਛੋਂ ਥੱਕ ਕੇ ਜਾਗ ਪਿਆ ਹੋਵੇ। ਉਸ ਦੀਆਂ ਅੱਖਾਂ ਸ਼ਫ਼ਾਫ਼ ਤੇ ਨਿਰਮਲ ਸਨ, ਕਾਲੀਆਂ ਪੁਤਲੀਆਂ ਵਿਚ ਤਾਜ਼ਾ ਚਮਕ ਸੀ। ਮੈਂ ਉਸ ਵਲ ਝੁਕਿਆ ਤੇ ਉਦਾਰਤਾ ਨਾਲ ਪੁੱਛਿਆ, "ਪਾਣੀ ਪੀਣਾ ਏ ?" ਉਸ ਨੇ ਮੇਰੇ ਵਲ ਸਿੱਧਾ ਤੱਕਿਆ ਤੇ ਹੌਲੇ ਜਿਹੇ ਅੱਖਾਂ ਬੰਦ ਕਰ ਲਈਆਂ। ਮੈਂ ਦੌੜ ਕੇ ਡਿਊਟੀ ਰੂਮ ਵਿਚ ਗਿਆ ਤੇ ਨਰਸ ਨੂੰ ਇਤਲਾਹ ਕੀਤੀ, ਵਾਪਸ ਆਇਆ ਤਾਂ ਮਰੀਜ਼ ਪਹਿਲਾਂ ਵਾਂਗ ਹੀ ਅੱਖਾਂ ਖੋਲ੍ਹੀ ਪਿਆ ਸੀ। ਇਤਨੇ ਵਿਚ ਨਰਸ ਤੇ ਡਾਕਟਰ ਵੀ ਆ ਗਏ। ਨਰਸ ਨੇ ਦਵਾਈਆਂ ਵਾਲੀ ਟਰੇਅ ਚੁੱਕੀ ਸੀ, ਡਾਕਟਰ ਦੇ ਇਕ ਹੱਥ ਵਿਚ ਸਪਿਰਟ ਭਿੱਜੀ ਰੂੰ ਤੇ ਦੂਜੇ ਹੱਥ ਵਿਚ ਟੀਕਾ ਲਾਉਣ ਵਾਲੀ ਸਰਿੰਜ ਸਿੰਨ੍ਹੀ ਹੋਈ ਸੀ। ਆਉਣਸਾਰ ਡਾਕਟਰ ਨੇ ਟੀਕਾ ਲਗਾ ਦਿੱਤਾ, ਤਾਂ ਜੁ ਮਰੀਜ਼ ਨੂੰ ਕੱਟੀ ਹੋਈ ਲੱਤ ਦਾ ਦਰਦ ਨਾ ਹੋਵੇ।

ਮਰੀਜ਼ ਨੇ ਬੇਨਿਆਜ਼ੀ ਨਾਲ ਡਾਕਟਰ ਵਲ ਤੱਕਿਆ ਤੇ ਫਿਰ ਮੇਰੇ ਵਲ। ਡਾਕਟਰ ਨੇ ਉਸ ਦੀ ਛਾਤੀ ਉਤੇ ਸਟੈਥੋਸਕੋਪ ਲਾ ਕੇ ਦਿਲ ਦੀ ਹਾਲਤ ਦੇਖੀ ਤੇ ਨਾਲ ਹੀ ਧੀਰਜ ਭਰੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ। ਡਾਕਟਰ ਨੇ ਆਖਿਆ ਕਿ ਫਿਕਰ ਦੀ ਕੋਈ ਗੱਲ ਨਹੀਂ। ਚਲਦੀ ਰੇਲ ਗੱਡੀ ਤੋਂ ਡਿੱਗਣ ਨਾਲ ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ। ਉਸ ਨੇ ਮਰੀਜ਼ ਦਾ ਨਾਂ ਪੁੱਛਿਆ। ਮਰੀਜ਼ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ, "ਮੇਰਾ ਨਾਂ ਅਮਰ ਨਾਥ ਹੈ। ਮੈਂ ਨਾਭੇ ਦਾ ਰਹਿਣ ਵਾਲਾ ਹਾਂ। ਮੇਰੀ ਮਾਂ ਨੂੰ ਬੁਲਾ ਦਿਉ।" ਉਸ ਨੇ ਆਪਣਾ ਐਡਰੈਸ ਤੇ ਮਾਂ ਦਾ ਨਾਮ ਦੱਸਿਆ। ਨਰਸ ਨੇ ਉਸ ਦੇ ਸਰਹਾਣੇ ਲਟਕਦੇ ਚਾਰਟ ਉਤੇ ਨਾਂ ਤੇ ਪਤਾ ਦਰਜ ਕਰ ਦਿੱਤਾ।

ਡਾਕਟਰ ਨੇ ਮਰੀਜ਼ ਦੀਆਂ ਅੱਖਾਂ ਫਿਰਦੀਆਂ ਦੇਖ ਕੇ ਝੱਟ ਦੂਜਾ ਇੰਜੈਕਸ਼ਨ



ਭਰਿਆ ਤੇ ਲਾਉਣ ਲਈ ਉਸ ਉਤੇ ਝੁਕਿਆ। ਇੰਜੈਕਸ਼ਨ ਲਗਦੇ-ਲਗਦੇ ਉਹ ਫਿਰ ਬੇਹੋਸ਼ ਹੋ ਗਿਆ। ਪੰਡਿਤ ਜੀ ਆਏ ਤਾਂ ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਉਸੇ ਵੇਲੇ ਡਾਕਖਾਨੇ ਜਾ ਕੇ ਉਸ ਦੀ ਮਾਂ ਨੂੰ ਤਾਰ ਦੇ ਦਿੱਤੀ।

ਅਗਲੇ ਦਿਨ ਦੁਪਹਿਰ ਤੀਕ ਅਮਰ ਨਾਥ ਬੇਹੋਸ਼ ਪਿਆ ਰਿਹਾ। ਉਸ ਵੇਲੇ ਦਾਤਾ ਰਾਮ, ਮੈਂ ਤੇ ਪੰਡਿਤ ਜੀ ਉਸ ਦੇ ਸਰਹਾਣੇ ਬੈਠੇ ਸਾਂ। ਬਾਹਾਂ ਹਿੱਲੀਆਂ ਤੇ ਉਸ ਨੇ ਅੱਖਾਂ ਖੋਲ੍ਹੀਆਂ ਤੇ ਸਿਰ ਹਿਲਾਇਆ। ਉਹ ਪੂਰੀ ਤਰ੍ਹਾਂ ਜਾਗ ਪਿਆ ਸੀ। ਤਿੱਖੇ ਦਰਦ ਨਾਲ ਉਸ ਦਾ ਚਿਹਰਾ ਤਣ ਗਿਆ ਤੇ ਬੁੱਲ੍ਹ ਭਚੀੜੇ ਗਏ। ਉਸ ਦੀ ਛਾਤੀ ਵਿਚੋਂ ਰਿੜਕਵੀਂ ਅਵਾਜ਼ ਨਿਕਲੀ, ਸਾਰਾ ਜਿਸਮ ਤੇਜ਼ ਕੰਬਣੀ ਨਾਲ ਹਿੱਲਿਆ ਤੇ ਉਹ ਸ਼ਾਂਤ ਹੋ ਗਿਆ। ਡਾਕਟਰ ਆਇਆ। ਉਸ ਨੇ ਨਬਜ਼ਾਂ ਟੋਹੀਆਂ ਤੇ ਸਿਰ ਹਿਲਾਇਆ। ਨਰਸ ਨੇ ਚਾਦਰ ਖਿੱਚ ਕੇ ਅਮਰ ਨਾਥ ਦਾ ਮੂੰਹ ਕੱਜ ਦਿੱਤਾ। ਪੰਡਿਤ ਜੀ ਨੇ ਗਾਇਤਰੀ ਦਾ ਮੰਤਰ ਉਚਾਰਿਆ ਤੇ ਸਾਨੂੰ ਆਖਿਆ, "ਈਸ਼ਵਰ ਨੂੰ ਇਹੋ ਮੰਜ਼ੂਰ ਸੀ।"

ਦੋ ਘੰਟੇ ਪਿਛੋਂ ਅਮਰ ਨਾਥ ਦੀ ਮਾਂ ਆ ਗਈ। ਜਵਾਨ ਪੁੱਤ ਨੂੰ ਫੱਟੇ ਉਤੇ ਪਿਆ ਦੇਖ ਕੇ ਮਾਂ ਨਾ ਕੁਝ ਬੋਲੀ, ਨਾ ਰੋਈ, ਜਿਵੇਂ ਉਸ ਨੂੰ ਯਕੀਨ ਹੀ ਨਾ ਆਇਆ ਹੋਵੇ। ਪੰਡਿਤ ਜੀ ਨੇ ਦਿਲਾਸਾ ਦਿੱਤਾ ਤੇ ਦਾਹ-ਸੰਸਕਾਰ ਲਈ ਪੁੱਛਿਆ ਕਿ ਉਸ ਦੀ ਮਾਂ ਆਖੇ ਤਾਂ ਲਾਸ਼ ਨੂੰ ਨਾਭੇ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ, ਨਹੀਂ ਤਾਂ ਇਥੇ ਹੀ ਅਗਨੀ-ਭੇਟ ਕਰ ਦਿੱਤਾ ਜਾਵੇ। ਮਾਂ ਉਸੇ ਤਰ੍ਹਾਂ ਪਥਰਾਈ ਹੋਈ ਬੋਲੀ, "ਉਥੇ ਹੁਣ ਮੇਰਾ ਕੌਣ ਰਹਿ ਗਿਆ। ਇਹੋ ਇਕੱਲਾ ਪੁੱਤ ਸੀ। ਇਸ ਦੇ ਪਿਉ ਨੂੰ ਮਰੇ ਵੀਹ ਸਾਲ ਹੋ ਗਏ। ਪਿਛਲੀ ਲਾਮ ਵਿਚ ਗਿਆ ਤੇ ਮੁੜ ਨਹੀਂ ਆਇਆ। ਇਸ ਪੁੱਤ ਨੂੰ ਦੋਜ਼ਖੀਂ ਪਾਲਿਆ ਸੀ। ਹੁਣ ਮੈਂ ਇਸ ਮਿੱਟੀ ਨੂੰ ਚੁੱਕ ਕੇ ਕਿਥੇ ਲਿਜਾਵਾਂਗੀ।"

ਪੰਡਿਤ ਜੀ ਨੇ ਮੰਡੀ ਵਿਚ ਜਾ ਕੇ ਸਿੜ੍ਹੀ, ਕਫ਼ਨ ਤੇ ਸਾਮੱਗਰੀ ਦਾ ਪ੍ਰਬੰਧ ਕੀਤਾ। ਸੂਰਜ ਡੁੱਬਣ ਤੋਂ ਪਹਿਲਾਂ-ਪਹਿਲਾਂ ਮੁਰਦੇ ਨੂੰ ਲਾਂਬੂ ਲਾਉਣਾ ਸੀ ਕਿਉਂਕਿ ਰਾਤ ਭਰ ਲਾਸ਼ ਨੂੰ ਰਖਣਾ ਉਚਿਤ ਨਹੀਂ ਸੀ। ਮਾਂ ਦੀ ਜ਼ਬਾਨੀ ਪਤਾ ਲੱਗਿਆ ਕਿ ਉਸ ਦੇ ਪੁੱਤ ਨੂੰ ਪਹਿਲਵਾਨਾਂ ਦੇ ਅਖਾੜੇ ਜਾਣ, ਤੇ ਹਾਰਮੋਨੀਅਮ ਵਜਾਉਣ ਦਾ ਸ਼ੌਕ ਸੀ। ਉਸ ਦੇ ਪਿਉ ਦੀ ਪੈਨਸ਼ਨ ਨਾਲ ਘਰ ਦਾ ਥੋੜ੍ਹਾ-ਬਹੁਤ ਖ਼ਰਚ ਤੁਰਦਾ ਸੀ। ਅਮਰ ਨਾਥ ਲੋਹੇ ਦੇ ਸੰਦੂਖਾਂ ਉਤੇ ਰੋਗਨ ਕਰਨ ਤੇ ਵੇਲ-ਬੂਟੇ ਵਾਹੁਣ ਦਾ ਕੰਮ ਕਰਦਾ ਸੀ। ਹੁਣ ਉਹ ਆਪਣਾ ਹਾਰਮੋਨੀਅਮ ਠੀਕ ਕਰਵਾਉਣ ਧੂਰੀ ਆਇਆ ਸੀ। ਜਦੋਂ ਗੱਡੀ ਸਿਗਨਲ ਕੋਲ ਹੌਲੀ ਹੋਈ, ਤਾਂ ਅਮਰ ਨਾਥ, ਜਿਸ ਨੂੰ ਆਪਣੇ ਸਰੀਰਕ ਬਲ ਤੇ ਫੁਰਤੀ ਦਾ ਮਾਣ ਸੀ, ਚਲਦੀ ਗੱਡੀ ਵਿਚੋਂ ਹਾਰਮੋਨੀਅਮ ਸਮੇਤ ਛਾਲ ਮਾਰ ਕੇ ਉਤਰਨ ਲੱਗਾ। ਸਿਗਨਲ ਦੀਆਂ ਤਾਰਾਂ ਵਿਚ ਪੈਰ ਅੜ੍ਹਕ ਗਿਆ ਤੇ ਉਹ ਡਿੱਗ ਪਿਆ ਤੇ ਸੱਜੀ ਲੱਤ ਪਹੀਏ ਹੇਠ ਆ ਕੇ ਕੱਟੀ ਗਈ ਸੀ।

ਜਦੋਂ ਉਸ ਦੀ ਲਾਸ਼ ਨੂੰ ਨੁਹਾਉਣ ਲਈ ਨੰਗਾ ਕੀਤਾ ਤਾਂ ਉਸ ਵੇਲੇ ਸਿਰਫ਼ ਪੰਡਿਤ ਜੀ, ਦਾਤਾ ਰਾਮ, ਮੈਂ, ਤੇ ਬੁੱਢੀ ਮਾਂ ਹੀ ਕੋਲ ਸਨ। ਪੰਡਿਤ ਜੀ ਨੇ, ਜੋ ਜੰਮਣ ਤੋਂ ਲੈ ਕੇ ਮਰਣ ਦੀਆਂ ਵਿਧੀਆਂ ਦੇ ਮਾਹਿਰ ਸਨ, ਮੰਤਰ ਜਪਦੇ ਹੋਏ ਉਸ ਦੇ ਸਿਰ ਵਿਚ ਦਹੀਂ ਪਾਇਆ। ਦਾਤਾ ਰਾਮ ਤੇ ਮੈਂ ਗੜਵੇ ਨਾਲ ਪਾਣੀ ਪਾ ਰਹੇ ਸਾਂ।

ਮੈਂ ਪਹਿਲੀ ਵਾਰ ਕਿਸੇ ਮਰੇ ਹੋਏ ਬੰਦੇ ਦਾ ਨੰਗਾ ਸਰੀਰ ਦੇਖਿਆ ਸੀ। ਮੇਰੇ ਦਿਲ ਨੂੰ ਧੱਕਾ ਲਗਿਆ। ਉਸ ਦੀ ਚੌੜੀ ਛਾਤੀ ਉਤੇ ਵਾਲ ਸਨ, ਪਰ ਪੱਟ ਉਸਤਰੇ ਨਾਲ ਮੁੰਨੇ ਹੋਏ। ਨਾਲ ਹੀ ਮੇਰੀ ਨਜ਼ਰ ਉਸ ਦੇ ਨੰਗੇਜ ਵਲ ਗਈ।

ਮੇਰੇ ਅੰਦਰ ਦਹਿਸ਼ਤ, ਸ਼ਰਮ ਤੇ ਘਿਰਣਾ ਦਾ ਭਾਵ ਉਤਪੰਨ ਹੋਇਆ। ਇਹ ਕਿਸੇ ਮਰਦ ਦੀ ਬੇਹੁਰਮਤੀ ਦੀ ਸਿਖਰ ਸੀ, ਜ਼ਿੱਲਤ ਦੀ ਇਨਤਹਾ, ਜਿਸ ਦਾ ਉਸ ਨੂੰ ਖ਼ੁਦ ਨਹੀਂ ਸੀ ਪਤਾ। ਸਾਰੀ ਉਮਰ ਬੰਦਾ, ਜਿਸ ਲਾਜ ਤੇ ਸ਼ਰਮ ਨੂੰ ਬਚਾ ਕੇ ਰਖਦਾ ਹੈ, ਪਤਾ ਨਹੀਂ ਹੁੰਦਾ ਕਿ ਅੰਤਮ ਸਮੇਂ ਉਸ ਨੂੰ ਕੌਣ-ਕੌਣ ਦੇਖੇਗਾ....

ਮੇਰੀਆਂ ਤੇ ਦਾਤਾ ਰਾਮ ਦੀਆਂ ਨਜ਼ਰਾਂ ਮਿਲੀਆਂ। ਇਸ ਅਬੋਲ ਤੇ ਅਕਹਿ ਭਾਵ ਨੂੰ ਸਾਡੀਆਂ ਖ਼ਾਮੋਸ਼ ਨਜ਼ਰਾਂ ਨੇ ਇਕ ਦੂਜੇ ਤੀਕ ਪਹੁੰਚਾ ਦਿੱਤਾ। ਛਿਣ ਭਰ ਲਈ ਸਾਡੇ ਅੰਦਰ ਪਤ-ਹੀਣ ਝੁਣ-ਝੁਣੀ ਲਰਜ਼ੀ ਤੇ ਫਿਰ ਅਸਾਂ ਦੋਹਾਂ ਨੇ ਉਸ ਦੀ ਮਾਂ ਵਲ ਤੱਕਿਆ, ਜੋ ਸਿਰ ਨੀਵਾਂ ਕਰੀ ਇਕ ਪਾਸੇ ਬੈਠੀ ਸੀ।

ਇਸ ਘਟਨਾ ਦਾ ਮੇਰੇ ਉਤੇ ਕਈ ਸਾਲਾਂ ਤੀਕ ਭਿਆਨਕ ਅਸਰ ਰਿਹਾ।

ਦਾਤਾ ਰਾਮ ਤੇ ਮੈਂ ਦੋਵੇਂ ਲਾਹੌਰ ਕਾਲਜ ਦੀ ਪੜ੍ਹਾਈ ਮੁਕਾਉਣ ਪਿਛੋਂ ਆਪਣੇ-ਆਪਣੇ ਧੰਦਿਆਂ ਵਿਚ ਲਗ ਗਏ। ਮੈਂ ਐਲ. ਐਲ. ਬੀ. ਪਾਸ ਕਰਕੇ ਮੁਕਾਬਲੇ ਦਾ ਇਮਤਿਹਾਨ ਦਿੱਤਾ ਤੇ ਪੰਜਾਬ ਵਿਚ ਮੈਜਿਸਟਰੇਟ ਲਗ ਗਿਆ। ਦਾਤਾ ਰਾਮ ਦੋ ਸਾਲ ਵਲਾਇਤ ਲਾ ਕੇ ਆਇਆ ਤਾਂ ਦਿੱਲੀ ਰੇਲਵੇ ਦਾ ਵੱਡਾ ਅਫ਼ਸਰ ਲਗ ਗਿਆ। ਇਸ ਪਿਛੋਂ ਦੇਸ਼ ਦਾ ਬਟਵਾਰਾ ਹੋਇਆ। ਦੋਹਾਂ ਦੀ ਸ਼ਾਦੀ ਹੋ ਗਈ ਤੇ ਦੋਵੇਂ ਕਬੀਲਦਾਰ ਬਣ ਗਏ। ਪਰ ਵੱਖ-ਵੱਖ ਸ਼ਹਿਰਾਂ ਵਿਚ ਰਹਿੰਦੇ ਹੋਏ ਵੀ ਸਾਡੀ ਦੋਸਤੀ ਵਿਚ ਫ਼ਰਕ ਨਾ ਪਿਆ। ਵਰ੍ਹੇ-ਛਮਾਹੀ ਜਦੋਂ ਕਿਸੇ ਮੌਕੇ ਉਤੇ ਮਿਲਦੇ, ਤਾਂ ਅਫ਼ਸਰੀ ਦੀ ਕੁੰਜ ਲਾਹ ਕੇ ਯੱਕੜ ਮਾਰਦੇ। ਜੇ ਇਕੱਲੇ ਹੁੰਦੇ ਤਾਂ ਇਕ ਦੂਜੇ ਨੂੰ ਗਾਲ੍ਹ ਕੱਢ ਕੇ ਬੁਲਾਉਣ ਦਾ ਆਨੰਦ ਵੀ ਲੈਂਦੇ।

ਜਦੋਂ ਮੇਰੀ ਬਦਲੀ ਕੁੱਲੂ ਦੀ ਹੋਈ ਤਾਂ ਗਰਮੀਆਂ ਵਿਚ ਦਾਤਾ ਰਾਮ ਨੂੰ ਉਥੇ ਆਉਣ ਦਾ ਨਿਮੰਤਰਣ ਦਿੱਤਾ। ਦਾਤਾ ਰਾਮ ਇਕ ਮਹੀਨੇ ਦੀ ਛੁੱਟੀ ਲੈ ਕੇ ਬੀਵੀ-ਬੱਚਿਆਂ ਸਮੇਤ ਕੁੱਲੂ ਦੀ ਵਾਦੀ ਦਾ ਨਜ਼ਾਰਾ ਦੇਖਣ ਮੇਰੇ ਕੋਲ ਆ ਠਹਿਰਿਆ। ਅਸੀਂ ਦੋਵੇਂ ਲੰਗੋਟੀਏ ਯਾਰ ਪਹਾੜੀਆਂ ਦੀ ਲੰਮੀ ਸੈਰ ਕਰਨ ਨਿਕਲ ਜਾਂਦੇ, ਕਿਸੇ ਟੀਸੀ ਉਤੇ ਚੜ੍ਹ ਕੇ ਵਾਦੀ ਦੇ ਸ਼ਾਂਤ ਉਚੇ-ਨੀਵੇਂ ਧਾਨ ਦੇ ਖੇਤਾਂ ਨੂੰ ਤੱਕਦੇ ਤੇ ਬਿਆਸ ਦਰਿਆ ਦੀ ਚਾਂਦੀ-ਵੰਨੀ ਵਲ ਖਾਂਦੀ ਲਕੀਰ ਦੇਖ ਕੇ ਇਸ ਦੀਆਂ ਸਿਫ਼ਤਾਂ ਕਰਦੇ। ਛੁੱਟੀ ਵਾਲੇ ਦਿਨ ਅਸੀਂ ਬਿਆਸ ਦੇ ਤੇਜ਼ ਠੰਢੇ ਪਾਣੀ ਵਿਚ ਨਹਾਉਂਦੇ।

ਇਕ ਐਤਵਾਰ ਧੁੱਪ ਚਮਕ ਰਹੀ ਸੀ ਤੇ ਬਿਆਸ ਦਾ ਪਾਣੀ ਪੱਥਰਾਂ ਨਾਲ ਟਕਰਾਉਂਦਾ, ਝੱਗਾਂ ਛੱਡਦਾ ਵਗ ਰਿਹਾ ਸੀ। ਦਾਤਾ ਰਾਮ ਲੋਰ ਵਿਚ ਗਾਉਂਦਾ ਨਹਾ ਰਿਹਾ ਸੀ ਤੇ ਦਰਿਆ ਦੇ ਪਾਣੀ ਵਿਚ ਖਰਮਸਤੀਆਂ ਕਰ ਰਿਹਾ ਸੀ। ਮੈਂ ਨਹਾ ਕੇ ਕਪੜੇ ਬਦਲੇ, ਟਿਫਨ ਵਿਚੋਂ ਸੈਂਡਵਿਚ ਕੱਢ ਕੇ ਫਲਾਸਕ ਵਿਚੋਂ ਚਾਹ ਦਾ ਪਿਆਲਾ ਭਰਿਆ ਅਤੇ ਉਸ ਨੂੰ ਹਾਕ ਮਾਰੀ ਕਿ ਉਹ ਵੀ ਆ ਜਾਵੇ। ਉਹ ਠੁਰ-ਠੁਰ ਕਰਦਾ ਆ ਕੇ ਮੇਰੇ ਸਾਹਮਣੇ ਇਕ ਪੱਥਰ ਉਤੇ ਖੜਾ ਹੋ ਗਿਆ। ਉਸ ਨੇ ਧੋਤੀ ਨੂੰ ਗੋਡਿਆਂ ਵਿਚਕਾਰ ਘੁੱਟ ਕੇ ਨਿਚੋੜਿਆ ਤੇ ਸਿਰ ਚੁੱਕ ਕੇ ਆਕਾਸ਼ ਵਲ ਤੱਕਿਆ। ਨਿੱਘੀ ਧੁੱਪ



ਨੇ ਉਸ ਦੇ ਅੰਗ ਸਹਿਲਾਏ।

ਅਚਾਨਕ ਉਸ ਨੇ ਨਾਅਰਾ ਲਾਇਆ, "ਜੈ ਪੰਡਿਤ ਸਦਾ ਨੰਦ ਦੀ!"

ਸਾਡੀਆਂ ਨਜ਼ਰਾਂ ਮਿਲੀਆਂ ਤੇ ਅਸੀਂ ਵੀਹ ਸਾਲ ਪਿਛਾਂਹ ਚਲੇ ਗਏ। ਦਾਤਾ ਰਾਮ ਦਾ ਚਿਹਰਾ ਇਕ ਦਮ ਸੰਜੀਦਾ ਹੋ ਗਿਆ। ਉਹ ਬੋਲਿਆ, "ਅਸੀਂ ਹਰ ਇਸ਼ਕ, ਹਰ ਸੱਚ-ਝੂਠ ਇਕ ਦੂਜੇ ਨੂੰ ਦੱਸਿਆ, ਪਰ ਇਕ ਗੱਲ ਮੈਂ ਤੇਰੇ ਨਾਲ ਅੱਜ ਤੀਕ ਨਹੀਂ ਸੀ ਕਰ ਸਕਿਆ..." ਉਹ ਰਤਾ ਕੁ ਰੁਕਿਆ ਤੇ ਆਖਣ ਲੱਗਾ, "ਤੈਨੂੰ ਯਾਦ ਐ, ਜਦੋਂ ਉਹ ਗੱਭਰੂ ਗੱਡੀ ਹੇਠ ਆ ਕੇ ਮਰ ਗਿਆ ਸੀ ਤੇ ਅਸੀਂ ਪੰਡਿਤ ਜੀ ਨਾਲ ਉਸ ਨੂੰ ਅੰਤਮ ਅਸ਼ਨਾਨ ਕਰਵਾਇਆ ਸੀ। ਮੈਂ...ਮੈਨੂੰ ਉਹ ਝਾਕੀ ਦੇਖ ਕੇ ਬਹੁਤ ਡਰ ਲਗਿਆ ਕਿ ਕਿਤੇ ਮੈਂ ਉਸ ਬੇ-ਹੁਰਮਤੇ ਨੰਗੇਜ ਵਿਚ ਨਾ ਮਰ ਜਾਵਾਂ..." ਇਹ ਆਖ ਕੇ ਦਾਤਾ ਰਾਮ ਚੁੱਪ ਹੋ ਗਿਆ। ਵੀਹ ਸਾਲ ਪੁਰਾਣੀ ਘਟਨਾ ਦਾ ਅਸਰ, ਜਿਸ ਨੂੰ ਅਸੀਂ ਜੁਰਮ ਵਾਂਗ ਲੁਕੋਈ ਫਿਰਦੇ ਰਹੇ, ਅੱਜ ਸਾਂਝਾ ਕਰ ਸਕੇ ਸਾਂ।

ਮੈਂ ਆਖਿਆ, "ਮੈਂ ਵੀ ਤੇਰੇ ਕੋਲ ਇਸੇ ਗੱਲ ਦਾ ਇਕਬਾਲ ਕਰਨਾ ਸੀ।" ਉਹ ਹੈਰਾਨ ਹੋ ਕੇ ਮੇਰੇ ਵੱਲ ਤੱਕਣ ਲੱਗਾ।

## 23

# ਧੋਖਾ

ਇਕ ਕੁੜੀ ਨੇ, ਜਿਸ ਨੂੰ ਮੈਂ ਪੰਜ ਸਾਲ ਪਿਆਰ ਕੀਤਾ, ਮੈਨੂੰ ਛੱਡ ਕੇ ਇਕ ਅਮੀਰ ਠੇਕੇਦਾਰ ਦੇ ਪੁੱਤ ਨਾਲ ਵਿਆਹ ਕਰਵਾ ਲਿਆ ਸੀ । ਉਸ ਵੇਲੇ ਮੇਰਾ ਜੀਅ ਕੀਤਾ, ਦੁਨੀਆ ਨੂੰ ਤਿਆਗ ਕੇ ਸਾਧ ਹੋ ਜਾਵਾਂ । ਪਰ ਸਾਧ ਬਣਨ ਦੀ ਥਾਂ ਮੈਂ ਹੋਟਲਾਂ ਵਿਚ ਵਧੇਰੇ ਜਾਣ ਲੱਗਾ ਤੇ ਔਰਤ ਦੇ ਪਿਆਰ ਨੂੰ ਨਿਰਾ ਸਰੀਰਕ ਆਨੰਦ ਸਮਝਿਆ ।

ਅਕਤੂਬਰ ਦਾ ਮਹੀਨਾ ਸੀ । ਜਸਵੰਤ ਸਿੰਘ ਆਰਟਿਸਟ ਦੇ ਚਿੱਤਰਾਂ ਦੀ ਨੁਮਾਇਸ਼ ਲੱਗੀ ਹੋਈ ਸੀ । ਰਾਗ-ਮਾਲਾ ਉਤੇ ਉਸ ਨੇ ਕਈ ਚਿੱਤਰ ਬਣਾਏ ਸਨ ਤੇ ਉਨ੍ਹਾਂ ਦੀ ਚਰਚਾ ਸੀ । ਮੈਂ ਵੀ ਇਹ ਨੁਮਾਇਸ਼ ਦੇਖਣ ਚਲਾ ਗਿਆ ।

ਉਥੇ ਕਈ ਦੋਸਤ ਮਿਲੇ । ਕਈ ਅਣਜਾਣ ਚਿਹਰੇ ਦੇਖੇ, ਜਿਨ੍ਹਾਂ ਵਿਚ ਕਈ ਆਰਟਿਸਟ ਕੁੜੀਆਂ ਵੀ ਸਨ । ਇਕ ਕੁੜੀ ਅਜੰਤਾ-ਜੂੜਾ ਕਰੀ, ਠੇਕੇ ਹੋਏ ਖੱਦਰ ਦੀ ਲੰਮੀ ਕਾਲੀ ਕਮੀਜ਼ ਤੇ ਸਫ਼ੈਦ ਚੂੜੀਦਾਰ ਪਜਾਮਾ ਪਾਈ ਖੜੀ ਤਸਵੀਰ ਤੱਕ ਰਹੀ ਸੀ । ਪੈਰੀਂ ਚਿੱਟੀਆਂ ਚੱਪਲਾਂ ਤੇ ਕੰਨਾਂ ਵਿਚ ਚਾਂਦੀ ਦੇ ਝੁਮਕੇ । ਸਰੀਰ ਸਡੌਲ ਜਿਸ ਵਿਚ ਛਮਕ ਵਰਗੀ ਲਚਕ ਸੀ । ਮੈਂ ਉਸ ਦੇ ਪਿਛੇ ਖੜਾ ਹੋ ਕੇ ਉਸ ਨੂੰ ਤੇ ਤਸਵੀਰ ਨੂੰ ਤੱਕ ਰਿਹਾ ਸਾਂ ।

ਇਤਨੇ ਵਿਚ ਉਸ ਪਿਛੇ ਮੁੜ ਕੇ ਦੇਖਿਆ । ਸ਼ਾਇਦ ਉਹ ਮੇਰੀ ਮੌਜੂਦਗੀ ਤੋਂ ਚੇਤੰਨ ਸੀ । ਉਸ ਨੇ ਮੇਰੇ ਵਲ ਦੇਖਿਆ ਤੇ ਰਤਾ ਇਕ ਪਾਸੇ ਹਟ ਗਈ, 'ਲਉ ਚੰਗੀ ਤਰ੍ਹਾਂ ਤਸਵੀਰ ਨੂੰ ਦੇਖੋ ।' ਮੈਂ ਉਸ ਦਾ ਧੰਨਵਾਦ ਕੀਤਾ ਤੇ ਅੱਗੇ ਵਧ ਕੇ ਤਸਵੀਰ ਤੱਕਣ ਲੱਗਾ । ਪਰ ਦਰਅਸਲ ਮੈਂ ਕੁੜੀ ਨੂੰ ਹੀ ਦੇਖ ਰਿਹਾ ਸਾਂ । ਉਸ ਦੇ ਚਿਹਰੇ ਉਤੇ ਮਾਤਾ ਦੇ ਹਲਕੇ ਦਾਗ ਸਨ, ਸੰਘਣੇ ਕਾਲੇ-ਸ਼ਾਹ ਵਾਲ, ਝਿੰਕਾ ਮੱਥਾ ਤੇ ਅੱਖਾਂ ਵਿਚ ਕੱਜਲ ਦੇ ਡੋਰੇ । ਜਦੋਂ ਉਹ ਬੋਲੀ ਤਾਂ ਉਸ ਦੇ ਸੁਰਖੀ ਵਾਲੇ ਉਨਾਬੀ



ਬੁੱਲ੍ਹਾਂ ਵਿਚੋਂ ਵਿਰਲੇ ਦੰਦ ਚਮਕੇ ।

ਇਹ ਕੁੜੀ ਸਾਧਾਰਨ ਨਾਲੋਂ ਘੱਟ ਸੁਹਣੀ ਸੀ ਪਰ ਉਸ ਦੀ ਸ਼ਿੰਗਾਰ-ਕਲਾ ਨੇ ਉਸ ਨੂੰ ਰੂਪਮਤੀ ਦਾ ਦਰਜਾ ਦੇ ਦਿੱਤਾ ਸੀ । ਚਿੱਤਰਕਾਰ ਕੁੜੀਆਂ ਜੇ ਨਾ ਵੀ ਸੁਹਣੀਆਂ ਹੋਣ ਤਾਂ ਵੀ ਰੂਪ-ਰੇਖਾ ਦੀ ਸੂਝ ਨਾਲ ਨਿੱਖਰ ਆਉਂਦੀਆਂ ਹਨ ।

ਥੋੜ੍ਹੇ ਚਿਰ ਪਿਛੋਂ ਮੈਂ ਉਸ ਨਾਲ ਗੱਲਾਂ ਕਰਨ ਲੱਗਾ । ਉਹ ਕਰੋਲ ਬਾਗ਼ ਰਹਿੰਦੀ ਸੀ ਤੇ ਉਸ ਨੂੰ ਕਹਾਣੀਆਂ ਪੜ੍ਹਨ ਤੇ ਆਰਟਿਸਟਾਂ ਨੂੰ ਮਿਲਣ ਦਾ ਸ਼ੌਕ ਸੀ । ਉਸ ਨੇ ਡਰੈਸ ਮੇਕਰ ਦਾ ਕੋਰਸ ਕੀਤਾ ਸੀ । ਇਸ ਵੇਲੇ ਉਹ ਕਰੋਲ ਬਾਗ਼ ਵਿਚ ਹੀ ਇਕ ਫੈਸ਼ਨੇਬਲ ਟੇਲਰਿੰਗ ਹਾਊਸ ਵਿਚ ਕੰਮ ਕਰਦੀ ਸੀ ।

ਉਸ ਨੇ ਮੇਰੀਆਂ ਵੀ ਕੁਝ ਕਹਾਣੀਆਂ ਪੜ੍ਹੀਆਂ ਸਨ । ਅਸੀਂ ਤਸਵੀਰਾਂ ਦੇਖਦੇ ਤੇ ਗੱਲਾਂ ਕਰਦੇ ਦੋਵੇਂ ਬਾਹਰ ਆ ਗਏ । ਮੈਂ ਕਨਾਟ ਪਲੇਸ ਜਾਣਾ ਸੀ ਤੇ ਉਸ ਕਰੋਲ ਬਾਗ਼ ।

ਮੈਂ ਟੈਕਸੀ ਫੜੀ ਤੇ ਉਸ ਨੂੰ ਆਖਿਆ ਕਿ ਮੈਂ ਉਸ ਨੂੰ ਕਨਾਟ ਪਲੇਸ ਛੱਡ ਦਿਆਂਗਾ ਤੇ ਉਥੋਂ ਉਹ ਜ਼ਿਆਦਾ ਆਸਾਨੀ ਨਾਲ ਬਸ ਜਾਂ ਸਕੂਟਰ ਵਿਚ ਆਪਣੇ ਘਰ ਚਲੀ ਜਾਵੇਗੀ ।

ਟੈਕਸੀ ਵਿਚ ਉਹ ਮੇਰੇ ਨਾਲ ਬੈਠ ਗਈ । ਸ਼ਾਮ ਦੇ ਝੁਟਪੁਟੇ ਵਿਚ ਮੈਨੂੰ ਉਸ ਕੋਲੋਂ ਇਤਰ ਦੀ ਮਹਿਕ ਆਈ । ਇਸ ਮਹਿਕ ਤੋਂ ਮੈਂ ਜਾਣੂ ਸਾਂ । ਸੋਚਣ ਲੱਗਾ ਇਸ ਮਹਿਕ ਦਾ ਅਨੁਭਵ ਮੈਨੂੰ ਕਿਥੇ ਹੋਇਆ ਸੀ ? ਨਾ ਇਹ ਚੰਬੇਲੀ ਦੀ ਮਹਿਕ ਸੀ, ਨਾ ਲਖਨਊ ਦੇ ਕਿਸੇ ਇਤਰ-ਫ਼ਰੋਸ਼ ਦੀ ਕਸ਼ੀਦ । ਇਹ ਕੁਝ-ਕੁਝ ਖਸ ਦੀ ਤੇਜ਼ ਸੁਗੰਧ ਵਰਗੀ ਸੀ, ਪਰ ਇਸ ਵਿਚ ਹਿੰਦੁਸਤਾਨੀ ਕੁਰਖ਼ਤਗੀ ਨਹੀਂ ਸੀ । ਮੈਂ ਉਸ ਤੋਂ ਪੁੱਛ ਨਾ ਸਕਿਆ ਕਿਉਂਕਿ ਕਿਸੇ ਕੁੜੀ ਤੋਂ ਇਸ ਤਰ੍ਹਾਂ ਦੀ ਗੱਲ ਪੁੱਛਣੀ ਭੈੜੀ ਹੈ ।

ਕਨਾਟ ਪਲੇਸ ਨਜ਼ਦੀਕ ਆਇਆ, ਤਾਂ ਮੈਂ ਯਕਦਮ ਉਸ ਨੂੰ ਆਖਿਆ, "ਜੇ ਤੁਹਾਨੂੰ ਘਰ ਪਹੁੰਚਣ ਦੀ ਕਾਹਲੀ ਨਾ ਹੋਵੇ ਤਾਂ ਕੀ ਤੁਸੀਂ ਮੇਰੇ ਨਾਲ ਕਾਫ਼ੀ ਦਾ ਇਕ ਪਿਆਲਾ ਪੀ ਸਕਦੇ ਹੋ ?"

"ਮੈਂ ਨੌਂ ਵਜੇ ਤੀਕ ਘਰ ਪਹੁੰਚ ਸਕਦੀ ਹਾਂ । ਪਰ ਕਾਫ਼ੀ ਕਿਥੇ ਪੀਵਾਂਗੇ ?"

ਮੈਂ ਆਖਿਆ, "ਨੇੜੇ ਹੀ ਮੇਰਾ ਘਰ ਹੈ । ਉਥੇ ਹੀ ਚਲੇ ਚਲਦੇ ਹਾਂ ।" ਤੇ ਮੈਂ ਫੌਰਨ ਟੈਕਸੀ ਵਾਲੇ ਨੂੰ ਕਰਜ਼ਨ ਰੋਡ ਵਲ ਮੁੜਨ ਲਈ ਆਖਿਆ ।

ਘਰ ਪਹੁੰਚੇ ਤਾਂ ਮੇਰਾ ਨੌਕਰ ਸਿਨੇਮਾ ਦੇਖਣ ਗਿਆ ਹੋਇਆ ਸੀ ।

ਮੈਂ ਆਪਣੀ ਮਹਿਮਾਨ ਦਾ ਹਾਲੀ ਨਾਂ ਵੀ ਨਹੀਂ ਸੀ ਪੁੱਛਿਆ, ਪਰ ਮੈਨੂੰ ਉਸ ਦੀ ਵਿਰਲੇ ਦੰਦਾਂ ਵਾਲੀ ਹਾਸੀ ਬਹੁਤ ਚੰਗੀ ਲੱਗੀ ਸੀ । ਉਸ ਵਿਚ ਗੁਦਾਜ਼ ਤੇ ਖ਼ੁਸ਼ਗਵਾਰ ਦੋਸਤੀ ਦਾ ਭਾਵ ਸੀ । ਨਾਂ ਪੁੱਛਣਾ ਰਸਮੀ ਮੁਲਾਕਾਤਾਂ ਤੇ ਪਾਰਟੀਆਂ ਵਿਚ ਆਮ ਗੱਲ ਹੈ । ਅਕਸਰ ਇਹ ਨਾਂ ਮਨੁੱਖੀ ਰਿਸ਼ਤੇ ਦੀ ਪਕਿਆਈ ਲਈ ਬੇਅਰਥ ਹੁੰਦੇ ਹਨ ।

ਮੇਰੇ ਕਮਰੇ ਵਿਚ ਦਾਖ਼ਿਲ ਹੋਣ ਸਾਰ ਉਸ ਆਖਿਆ, "ਮੇਰਾ ਨਾਂ ਜਸਬੀਰ ਹੈ । ਵੈਸੇ ਘਰ ਵਿਚ ਮੈਨੂੰ ਜੱਸੀ ਆਖਦੇ ਹਨ । ਤੇ ਉਸ ਨੇ ਮੁਲਾਕਾਤ ਦੀ ਰਸਮ ਨੂੰ ਪੂਰਾ ਕਰਨ ਲਈ ਤਨਜ਼ੀਆ ਗੜਕ ਨਾਲ ਹੱਥ ਮਿਲਾਇਆ । "ਲਉ ਹੁਣ ਕਾਫ਼ੀ ਪਿਲਾਉ ।"

ਮੈਂ ਕਿਚਨ ਵਿਚ ਗਿਆ ਤੇ ਬਿਜਲੀ ਦੀ ਕੇਤਲੀ ਵਿਚ ਪਾਣੀ ਉਬਾਲ ਕੇ ਕਾਫ਼ੀ ਤਿਆਰ ਕਰਨ ਲੱਗਾ। ਪੰਜ-ਸੱਤ ਮਿੰਟ ਕਾਫ਼ੀ ਦੇ ਦੋ ਪਿਆਲੇ ਤੇ ਬਿਸਕੁਟ ਟਰੇਅ ਵਿਚ ਸਜਾ ਕੇ ਲੈ ਆਇਆ। ਉਹ ਕਮਰੇ ਵਿਚ ਰਖੇ ਦੋ ਧੂਫ਼ਦਾਨਾਂ ਦੀ ਸ਼ਲਾਘਾ ਕਰ ਰਹੀ ਸੀ। ਗੱਦੇਦਾਰ ਤਖ਼ਤਪੋਸ਼ ਉਤੇ ਫੁਲਕਾਰੀ ਵਿਛੀ ਹੋਈ ਸੀ ਤੇ ਢੋਅ ਲਾਉਣ ਲਈ ਦੋ ਗੋਲ ਕਢਵੇਂ ਤਕੀਏ ਸਨ। ਉਹ ਬੋਲੀ, "ਤੁਹਾਡਾ ਘਰ ਬਹੁਤ ਆਰਟਿਸਟਿਕ ਏ। ਇਹ ਫੁਲਕਾਰੀ...ਇਸ ਉਤੇ ਮੈਂ ਜੁੱਤੀ ਸਮੇਤ ਨਹੀਂ ਬੈਠ ਸਕਦੀ।"

ਉਸ ਚੱਪਲਾਂ ਲਾਹ ਦਿੱਤੀਆਂ ਤੇ ਬੜੀ ਨਫ਼ਾਸਤ ਨਾਲ ਤਖ਼ਤਪੋਸ਼ ਉਤੇ ਬੈਠ ਗਈ। ਮੈਂ ਨਿੱਕੀ ਮੇਜ਼ ਖਿੱਚ ਕੇ ਉਸ ਉਤੇ ਟਰੇਅ ਰਖੀ ਤੇ ਅਸੀਂ ਕਾਫ਼ੀ ਪੀਣ ਲੱਗੇ।

ਉਸ ਨੇ ਕਮਰੇ ਵਿਚ ਝਾਤ ਮਾਰੀ ਤੇ ਪੁੱਛਿਆ, "ਉਹ ਦੋ ਵੱਡੇ ਸੂਟ-ਕੇਸ ਵਲਾਇਤੋਂ ਲਿਆਂਦੇ ਨੇ?"

"ਹਾਂ।"

"ਕਦੋਂ ਮੁੜੇ ਹੋ?"

"ਪਿਛਲੇ ਮਹੀਨੇ।"

ਫਿਰ ਥੋੜ੍ਹਾ ਚਿਰ ਉਹ ਚੁੱਪ ਰਹੀ ਤੇ ਕਾਹਵੇ ਦਾ ਘੁਟ ਭਰ ਕੇ ਬੋਲੀ, "ਕਾਫ਼ੀ ਬੜੀ ਮਜ਼ੇਦਾਰ ਬਣਾਉਂਦੇ ਹੋ।"

"ਵਲਾਇਤ ਵਿਚ ਚਾਹ ਤੇ ਕਾਫ਼ੀ ਖੁਦ ਹੀ ਬਨਾਉਣੀ ਪੈਂਦੀ ਹੈ। ਉਥੇ ਨੌਕਰ ਨਹੀਂ ਮਿਲਦੇ। ਰੋਟੀ ਵੀ ਆਪ ਹੀ ਪਕਾਉਂਦਾ ਸਾਂ।"

"ਫੇਰ ਤੁਹਾਨੂੰ ਵਿਆਹ ਦੀ ਕੀ ਲੋੜ ਏ!" ਉਹ ਹੱਸਣ ਲੱਗੀ ਤੇ ਉਸ ਦੇ ਵਿਰਲੇ ਦੰਦ ਚਮਕੇ।

ਅਸੀਂ ਅੱਧਾ ਘੰਟਾ ਇਹੋ ਜਿਹੀਆਂ ਨਿੱਕੀਆਂ-ਨਿੱਕੀਆਂ, ਬੇ-ਮਾਇਨੀ ਗੱਲਾਂ ਕਰਦੇ ਰਹੇ।

ਉਹ ਦੂਜਾ ਪਿਆਲਾ ਬਨਾਉਣ ਲਈ ਝੁਕੀ ਤਾਂ ਮੈਨੂੰ ਫਿਰ ਉਸ ਵਿਚੋਂ ਸ਼ੋਖ ਇਤਰ ਦੀ ਮਹਿਕ ਆਈ। ਮੈਂ ਪੁੱਛਿਆ, "ਇਹ ਕਿਹੜਾ ਇਤਰ ਐ?"

"ਤੁਹਾਨੂੰ ਤਾਂ ਇਤਰ ਦੀ ਬਥੇਰੀ ਪਛਾਣ ਹੋਵੇਗੀ? ਤੁਸੀਂ ਬੁੱਝੋ ਕਿਹੜਾ ਇਤਰ ਐ?"

ਮੈਂ ਆਖਿਆ, "ਬਹੁਤ ਚਿਰ ਤੋਂ ਇਹੋ ਸੋਚ ਰਿਹਾ ਹਾਂ। ਪਰ ਯਾਦ ਨਹੀਂ ਆਉਂਦਾ ਇਹ ਕਿਹੜਾ ਇਤਰ ਐ?"

ਉਹ ਬੋਲੀ, "ਮੇਰੇ ਮਾਮੇ ਦਾ ਪੁੱਤ ਪੈਰਿਸ ਤੋਂ ਇਕ ਸ਼ੀਸ਼ੀ ਲਿਆਇਆ ਸੀ।"

ਮੈਨੂੰ ਫ਼ੌਰਨ ਯਾਦ ਆ ਗਿਆ ਕਿ ਇਹ ਮਹਿਕ ਪੈਰਿਸ ਦੀਆਂ ਆਮ ਔਰਤਾਂ ਕੋਲੋਂ ਆਉਂਦੀ ਸੀ। ਫ਼ਰਾਂਸ ਵਿਚ ਇਹ ਇਤਰ ਪਿਛਲੇ ਤਿੰਨ ਸਾਲਾਂ ਤੋਂ ਬਹੁਤ ਮਕਬੂਲ ਸੀ।

ਉਹ ਬੋਲੀ, "ਤੁਸੀਂ ਯੂਰਪ ਛੇ ਮਹੀਨੇ ਰਹੇ, ਕੋਈ ਇਤਰ ਨਹੀਂ ਲੈ ਕੇ ਆਏ?"

"ਇਕ ਸ਼ੀਸ਼ੀ ਲਿਆਂਦੀ ਐ, ਆਪਣੀ ਭਤੀਜੀ ਨੂੰ ਦੇਣ ਲਈ", ਮੈਂ ਉੱਤਰ ਦਿੱਤਾ! "ਅਗਲੇ ਮਹੀਨੇ ਉਸ ਦਾ ਵਿਆਹ ਹੋ ਰਿਹਾ ਐ।"



ਅਸੀਂ ਯੂਰਪ ਦੇ ਤੁਹਫ਼ਿਆਂ ਦੀ ਗੱਲ ਕਰਨ ਲੱਗੇ ਤੇ ਮੈਂ ਫ਼ਖ਼ਰ ਨਾਲ ਉਸ ਨੂੰ ਸੂਟਕੇਸ ਖੋਲ੍ਹ ਕੇ ਵੱਖ-ਵੱਖ ਸ਼ਹਿਰਾਂ ਤੋਂ ਲਿਆਂਦੇ ਤੁਹਫ਼ੇ ਦਿਖਾਉਣ ਲੱਗਿਆ। ਕਾਫ਼ੀ ਦੀ ਟਰੇਅ ਇਕ ਪਾਸੇ ਕਰਕੇ ਮੈਂ ਇਨ੍ਹਾਂ ਤੁਹਫ਼ਿਆਂ ਨੂੰ ਇਕ-ਇਕ ਕਰਕੇ ਮੇਜ਼ ਉਤੇ ਸਜ਼ਾ ਦਿੱਤਾ। ਇਕ ਨਿੱਕਾ ਉੱਨ ਦਾ ਟੱਲੀਆਂ ਵਾਲਾ ਤੁਰਕੀ ਖੱਚਰ, ਦੋ ਵਧੀਆ ਮੋਮੀ ਤਾਸ਼ਾਂ, ਨਿੱਕਾ ਜਰਮਨ ਟਾਈਮਪੀਸ, ਵੀਨਸ ਦਾ ਬੁੱਤ ਜੋ ਮੈਂ ਏਥਨਜ਼ ਤੋਂ ਕਬਾੜੀਆਂ ਦੇ ਬਾਜ਼ਾਰ ਵਿਚੋਂ ਖਰੀਦਿਆ ਸੀ, ਪੈਰਿਸ ਦੇ ਇਤਰ ਦੀ ਸ਼ੀਸ਼ੀ, ਤਿੰਨ ਵੱਖ-ਵੱਖ ਰੰਗਾਂ ਦੀਆਂ ਲਿਪਸਟਿਕਾਂ, ਇਕ ਗਾਉਂਦਾ ਹੋਇਆ ਹਰੇ ਬੁੱਲ੍ਹਾਂ ਵਾਲਾ ਜੱਤਲ ਹਬਸ਼ੀ ਤੇ ਅਮਰੀਕਨ ਸਟੇਨ-ਲੈੱਸ ਸਟੀਲ ਦੇ ਪੰਜ-ਪੰਜ ਬਲੇਡਾਂ ਦੇ ਦਸ ਪੈਕਿਟ।

ਇਹ ਮੀਨਾ-ਬਾਜ਼ਾਰ ਵੇਖ ਕੇ ਉਹ ਬਹੁਤ ਖੁਸ਼ ਹੋਈ। ਉਸ ਨੇ ਲਾਡ ਨਾਲ ਮੇਰਾ ਹੱਥ ਫੜ ਕੇ ਪੁੱਛਿਆ, "ਮੇਰੇ ਲਈ ਕੀ ਲਿਆਂਦਾ ਏ?"

ਮੈਨੂੰ ਅਜਿਹੇ ਅਪੱਣਤ ਭਰੇ ਸਵਾਲ ਦੀ ਆਸ ਹੀ ਨਹੀਂ ਸੀ। ਮੈਂ ਹੈਰਾਨੀ ਤੇ ਸੰਕੋਚ ਭਰੀ ਗੰਭੀਰਤਾ ਨਾਲ ਆਖਿਆ, "ਇਹ ਸਾਰੀਆਂ ਚੀਜ਼ਾਂ ਮੈਂ ਕਿਸੇ ਨਾ ਕਿਸੇ ਦੇ ਨਾਂ ਹੇਠ ਖਰੀਦੀਆਂ ਹਨ। ਕੋਈ ਕਿਸੇ ਲਈ, ਕੋਈ ਕਿਸੇ ਲਈ।"

"ਇਹ ਕਾਲਾ ਖੱਚਰ ਕੀਹਦੇ ਲਈ ਏ?" ਉਸ ਨੇ ਖਿਲੌਣੇ ਨੂੰ ਚੁੱਕ ਕੇ ਬੁੱਕਲ ਵਿਚ ਰਖ ਲਿਆ ਤੇ ਇਸ ਨੂੰ ਪਲੋਸਣ ਲੱਗੀ।

ਮੈਂ ਉੱਤਰ ਦਿੱਤਾ, "ਇਹ ਮੇਰੇ ਨਵੇਂ ਜੰਮੇ ਭਤੀਜੇ ਲਈ।"

ਉਸ ਖੱਚਰ ਨੂੰ ਮੁੜ ਮੇਜ਼ ਉਤੇ ਟਿਕਾ ਦਿੱਤਾ।

ਖੱਚਰ ਦੀਆਂ ਗੱਲਾਂ ਪਿਛੋਂ ਝਟ ਹੀ ਅਸੀਂ ਮੁਹੱਬਤ ਦੀਆਂ ਗੱਲਾਂ ਕਰਨ ਲੱਗੇ। ਮੈਂ ਉਸ ਦੇ ਅਜੰਤਾ ਜੂੜੇ ਨੂੰ ਖੋਲ੍ਹਣ ਲੱਗਾ ਤਾਂ ਉਸ ਆਖਿਆ, "ਇਸ ਨੂੰ ਛੇੜੋ ਨਾ, ਦੁਬਾਰਾ ਬਨਾਉਣ ਵਿਚ ਬਹੁਤ ਦੇਰ ਲੱਗੇਗੀ।"

ਉਸ ਦੀ ਕੂਹਣੀ ਮੋਟੇ ਤਕੀਏ ਵਿਚ ਧਸੀ ਹੋਈ ਸੀ ਤੇ ਉਹ ਅੱਧ-ਲੇਟੀ ਹੋਈ ਆਖਣ ਲੱਗੀ, "ਕੋਈ ਆ ਤਾਂ ਨਹੀਂ ਜਾਏਗਾ।"

ਜੱਸੀ ਜ਼ਰੂਰ ਡਰੈਸ ਮੇਕਰ ਹੋਵੇਗੀ ਕਿਉਂਕਿ ਉਸ ਨੂੰ ਕਪੜੇ ਪਾਉਣ ਤੇ ਸਫ਼ਾਈ ਨਾਲ ਲਾਹੁਣ ਦੀ ਮਹਾਰਤ ਸੀ।

ਹਨੇਰੇ ਕਮਰੇ ਵਿਚ ਮੈਨੂੰ ਉਸ ਦੇ ਪੈਰਿਸ ਦੇ ਇਤਰ ਦੀ ਖੁਸ਼ਬੂ ਵਿਚੋਂ ਭਖਦੇ ਹੋਏ ਤੇਲੀਆ ਸਰੀਰ ਦੀ ਗੰਧ ਆਈ, ਜਿਵੇਂ ਕਿਸੇ ਨੇ ਹਵਾ-ਪਿਆਜ਼ੀ ਰੰਗ ਵਿਚ ਬੈਂਗਣੀ ਰੰਗ ਘੋਲ ਦਿੱਤਾ ਹੋਵੇ।

ਜਦੋਂ ਉਸ ਨੇ ਕਪੜੇ ਪਾ ਕੇ ਵਾਲ ਵਾਹੇ ਤਾਂ ਗਿਆਰਾਂ ਵੱਜ ਚੁੱਕੇ ਸਨ।

ਉਸ ਆਖਿਆ, "ਉਫ਼, ਬਹੁਤ ਦੇਰ ਹੋ ਗਈ। ਘਰ ਜਾ ਕੇ ਕੋਈ ਵੱਡਾ ਬਹਾਨਾ ਲਾਉਣਾ ਪਵੇਗਾ।"

ਮੈਂ ਵੀ ਚਿੰਤਾਤੁਰ ਹੋ ਗਿਆ।

ਉਹ ਫ਼ੌਰਨ ਹੀ ਚਲੀ ਗਈ।

ਇਸ ਪਿਛੋਂ ਉਹ ਦੋ-ਤਿੰਨ ਵਾਰ ਮੇਰੇ ਘਰ ਆਈ।

ਇਕ ਦਿਨ ਮੈਂ ਬਾਹਰ ਜਾਣ ਲਈ ਤਿਆਰ ਹੋ ਰਿਹਾ ਸਾਂ ਕਿ ਜੱਸੀ ਆ ਗਈ। ਉਸ ਦੇ ਹੱਥ ਵਿਚ ਵੱਡਾ ਸਾਰਾ ਰੰਗਦਾਰ ਬੈਗ ਸੀ ਪਲਾਸਟਿਕ ਦਾ। "ਕਿਤੇ

ਤਿਆਰੀ ਐ ?"

"ਹਾਂ, ਮੈਂ ਸਨਿੱਚਰਵਾਰ ਪਿੰਡ ਜਾਣਾ ਐ। ਭਤੀਜੀ ਦਾ ਵਿਆਹ ਹੈ। ਚਾਂਦਨੀ ਚੌਕ ਤੋਂ ਹੁਣ ਚੀਜ਼ਾਂ ਖਰੀਦਣ ਚਲਿਆ ਹਾਂ।"

ਉਸ ਦਾ ਮੂੰਹ ਇਕ ਦਮ ਢਿੱਲਾ ਹੋ ਗਿਆ। ਉਹ ਬਹੁਤ ਥੱਕੀ ਜਾਪਦੀ ਸੀ। ਬੈਗ ਤਖ਼ਤਪੋਸ਼ ਉਤੇ ਰਖ ਕੇ ਬੋਲੀ, "ਅੱਜ ਮੈਂ ਬਹੁਤ ਕੰਮ ਕੀਤਾ ਹੈ। ਜੇ ਇਜਾਜ਼ਤ ਹੋਵੇ ਤਾਂ ਕੁਝ ਦੇਰ ਏਥੇ ਆਰਾਮ ਕਰ ਲਵਾਂ।"

ਮੈਂ ਆਖਿਆ, "ਜ਼ਰੂਰ। ਮੈਂ ਡੇਢ ਘੰਟੇ ਤੀਕ ਮੁੜ ਆਵਾਂਗਾ। ਤੂੰ ਇਤਨਾ ਚਿਰ ਆਰਾਮ ਕਰ।"

ਮੈਂ ਨੌਕਰ ਨੂੰ ਤਾਕੀਦ ਕਰ ਕੇ ਚਲਾ ਗਿਆ ਕਿ ਬੀਬੀ ਜੀ ਜਦੋਂ ਉਠਣ, ਉਨ੍ਹਾਂ ਨੂੰ ਚਾਹ ਬਣਾ ਕੇ ਦੇ ਦੇਵੀਂ।

ਦੋ ਘੰਟੇ ਪਿਛੋਂ ਮੈਂ ਦਰੀਬਾਂ-ਕਲਾਂ ਵਿਚੋਂ ਜ਼ਰੀ ਵਾਲੀਆਂ ਪਰਾਂਦੀਆਂ, ਚਾਂਦੀ ਦੀਆਂ ਪਾਜ਼ੇਬਾਂ ਤੇ ਰੰਗ-ਬਰੰਗੀਆਂ ਬਿੰਦੀਆਂ ਦਾ ਡੱਬਾ ਲੈ ਕੇ ਘਰ ਪਹੁੰਚਿਆ। ਜੱਸੀ ਜਾ ਚੁੱਕੀ ਸੀ।

ਨੌਕਰ ਤੋਂ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਤਾਂ ਮੇਰੇ ਜਾਣ ਤੋਂ ਅੱਧਾ ਘੰਟਾ ਪਿਛੋਂ ਚਾਹ ਪੀ ਕੇ ਚਲੀ ਗਈ ਸੀ।

ਚੀਜ਼ਾਂ ਮੇਜ਼ ਉਤੇ ਰੱਖ ਕੇ ਮੈਂ ਉਸੇ ਵੇਲੇ ਕਾਫ਼ੀ ਹਾਊਸ ਚਲਾ ਗਿਆ। ਉਥੇ ਦੋਸਤਾਂ ਨਾਲ ਗੱਪ-ਗੋਸ਼ਟੀ ਕਰਨ ਪਿਛੋਂ ਮੁੜਿਆ ਤਾਂ ਨੌਕਰ ਰੋਟੀ ਤਿਆਰ ਕਰੀ ਬੈਠਾ ਸੀ।

ਮੈਂ ਦਰੀਬਾਂ-ਕਲਾਂ ਤੋਂ ਲਿਆਂਦੀਆਂ ਚੀਜ਼ਾਂ ਸਾਂਭਣ ਲਈ ਸੂਟਕੇਸ ਖੋਲ੍ਹਿਆ। ਉਤਲੇ ਤਹਿ ਕਰਕੇ ਟਿਕਾਏ ਕਪੜੇ ਚੁੱਕੇ ਤੇ ਚੀਜ਼ਾਂ ਰਖਣ ਲੱਗਾ। ਯਕਦਮ ਦੇਖਿਆ ਕਿ ਮੇਰੇ ਯੂਰਪ ਤੋਂ ਲਿਆਂਦੇ ਤੁਹਫ਼ੇ ਗ਼ਾਇਬ ਸਨ। ਮੈਂ ਹੈਰਾਨ ਹੋਇਆ, ਕਿਉਂਕਿ ਅੱਜ ਸਵੇਰੇ ਹੀ ਮੈਂ ਸੂਟ-ਕੇਸ ਵਿਚ ਸਾਰੀਆਂ ਚੀਜ਼ਾਂ ਤੇ ਕਪੜੇ ਟਿਕਾਏ ਸਨ।

ਨੌਕਰ ਨੂੰ ਆਵਾਜ਼ ਦਿੱਤੀ ਤੇ ਪੁੱਛਿਆ, ਕਿ ਪਿਛੋਂ ਕੋਈ ਆਇਆ ਤੇ ਨਹੀਂ ਸੀ। ਉਹ ਬੋਲਿਆ, "ਹਜ਼ੂਰ ਸਵੇਰੇ ਡਾਕੀਆ ਆਇਆ ਸੀ ਤੇ ਚਿੱਠੀਆਂ ਫੜਾ ਕੇ ਬਾਹਰੋਂ ਹੀ ਮੁੜ ਗਿਆ ਸੀ।"

ਮੈਨੂੰ ਫ਼ੌਰਨ ਜੱਸੀ ਉਤੇ ਸ਼ੱਕ ਪਿਆ। ਜ਼ਰੂਰ ਉਹ ਹੀ ਲੈ ਗਈ ਹੋਵੇਗੀ। ਉਸ ਰਾਤ ਉਹ ਇਨ੍ਹਾਂ ਚੀਜ਼ਾਂ ਵਲ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੀ ਸੀ। ਤੇ ਮੈਂ ਉਨ੍ਹਾਂ ਨਜ਼ਰਾਂ ਨੂੰ ਤੱਕ ਕੇ ਸਮਝਿਆ ਸਾਂ ਕਿ ਪ੍ਰੇਮ ਦੇ ਡੋਰੇ ਹਨ।

ਮੈਂ ਉਸ ਦੀਆਂ ਸਾਰੀਆਂ ਹਰਕਤਾਂ ਨੂੰ ਇਕ-ਇਕ ਕਰਕੇ ਚੇਤੇ ਕੀਤਾ। ਹਰ ਗੱਲ ਨੇ ਇਸ ਦੀ ਹਾਮੀ ਭਰੀ। ਫਿਰ ਮੈਨੂੰ ਉਸ ਦਾ ਵੱਡਾ ਰੰਗਦਾਰ ਪਲਾਸਟਿਕ ਦਾ ਥੈਲਾ ਯਾਦ ਆਇਆ, ਜੋ ਉਸ ਦੇ ਹੱਥ ਵਿਚ ਸੀ।

ਮੈਨੂੰ ਉਸ ਦੀ ਇਸ ਹਰਕਤ ਉਤੇ ਬਹੁਤ ਗੁੱਸਾ ਆਇਆ। ਕਮੀਨੀ ! ਹਰਾਮਜ਼ਾਦੀ ! ਮੇਰਾ ਜੀਅ ਕੀਤਾ ਕਿ ਉਸ ਨੂੰ ਪੁਲਿਸ ਵਿਚ ਫੜਵਾ ਦਿਆਂ। ਚਿਰ ਤੀਕ ਮੈਂ ਗੁੱਸੇ ਵਿਚ ਉਬਲਦਾ ਰਿਹਾ। ਮੈਨੂੰ ਉਸ ਦੇ ਘਰ ਦਾ ਵੀ ਪਤਾ ਨਹੀਂ ਸੀ। ਕਰੋਲ ਬਾਗ਼ ਵਿਚ ਸੈਂਕੜੇ ਟੇਲਰਿੰਗ ਹਾਊਸ ਸਨ ਤੇ ਹਰ ਟੇਲਰਿੰਗ ਹਾਊਸ ਆਪਣੇ-



ਆਪ ਨੂੰ ਫੈਸ਼ਨੇਬਲ ਆਖਦਾ ਸੀ।

ਦੋ ਦਿਨ ਮੈਂ ਉਸ ਨੂੰ ਉਡੀਕਿਆ। ਉਹ ਨਾ ਆਈ। ਤੀਜੇ ਦਿਨ ਸ਼ਨਿੱਚਰਵਾਰ ਸੀ ਤੇ ਮੈਂ ਰਾਤ ਦੀ ਗੱਡੀ ਪਿੰਡ ਚਲਾ ਗਿਆ। ਮੈਂ ਪਹਿਲਾਂ ਸਾਰਿਆਂ ਨੂੰ ਚਿੱਠੀਆਂ ਲਿਖ ਚੁੱਕਾ ਸਾਂ ਕਿ ਉਨ੍ਹਾਂ ਲਈ ਫਲਾਂ-ਫਲਾਂ ਤੁਹਫ਼ੇ ਲਿਆਂਦੇ ਹਨ। ਸਭਨਾਂ ਅੱਗੇ ਝੂਠਾ ਪਿਆ।

ਇਕ ਹਫ਼ਤਾ ਪਿੰਡ ਰਹਿ ਕੇ ਭਤੀਜੀ ਦਾ ਵਿਆਹ ਦੇਖ ਕੇ ਵਾਪਿਸ ਦਿੱਲੀ ਆ ਗਿਆ। ਨੌਕਰ ਤੋਂ ਆਉਂਦੇ ਸਾਰ ਪੁੱਛਿਆ ਕਿ ਜੱਸੀ ਮੇਰੇ ਪਿਛੋਂ ਤਾਂ ਨਹੀਂ ਆਈ ਸੀ। ਉਸ ਨੇ ਨਾ ਵਿਚ ਜਵਾਬ ਦਿੱਤਾ।

ਹੁਣ ਮੈਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਚੀਜ਼ਾਂ ਉਸ ਨੇ ਚੁਰਾਈਆਂ ਸਨ।

ਇਕ ਦਿਨ ਅਚਾਨਕ ਜਨਪਥ ਦੀਆਂ ਨਿੱਕੀਆਂ ਚਮਕੀਲੀਆਂ ਦੁਕਾਨਾਂ ਉਤੇ ਝੂਠੀ ਚਾਂਦੀ ਦੇ ਝੁਮਕੇ ਖ਼ਰੀਦਦੀ ਉਹ ਮੈਨੂੰ ਮਿਲ ਪਈ। ਬੜੇ ਤਪਾਕ ਨਾਲ ਉਹ ਮੁਸਕਰਾਈ ਤੇ ਉਸ ਦੇ ਵਿਰਲੇ ਦੰਦ ਚਮਕੇ। ਮੈਂ ਝੱਟ ਆਪਣੇ ਦੱਬੇ ਹੋਏ ਗੁੱਸੇ ਨੂੰ ਲਾਂਭੇ ਰਖ ਕੇ ਉਸ ਨੂੰ ਉਸੇ ਪੁਰਾਣੀ ਨਿੱਘ ਨਾਲ ਮਿਲਿਆ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਇਤਨੇ ਦਿਨ ਉਹ ਨਹੀਂ ਸੀ ਆ ਸਕੀ ਕਿਉਂਕਿ ਉਸ ਦੀ ਭਰਜਾਈ ਦੇ ਬੱਚਾ ਜੰਮਿਆਂ ਸੀ ਤੇ ਉਸ ਨੂੰ ਹਸਪਤਾਲ ਜਾਣਾ ਪੈਂਦਾ ਸੀ। ਮੈਂ ਭਤੀਜਾ ਜੰਮਣ ਦੀ ਵਧਾਈ ਦਿੱਤੀ। ਉਸ ਨੇ ਮੇਰੇ ਬਾਰੇ ਪੁੱਛਿਆ ਤਾਂ ਮੈਂ ਦੱਸਿਆ ਪਿੰਡ ਇਕ ਹਫ਼ਤਾ ਬੜੇ ਮਜ਼ੇ ਵਿਚ ਗੁਜ਼ਾਰਿਆ। ਉਸ ਨੂੰ ਉੱਕਾ ਸ਼ੱਕ ਨਾ ਪਿਆ ਕਿ ਮੈਨੂੰ ਉਸ ਉਤੇ ਸ਼ੱਕ ਸੀ।

ਅਸੀਂ ਦੋਹਾਂ ਨੇ ਦੁਬਾਰਾ ਮਿਲਣ ਦੀ ਗੱਲ ਕੀਤੀ ਤਾਂ ਉਸ ਆਖਿਆ ਕਿ ਅਗਲੇ ਦਿਨ ਪੰਜ ਵਜੇ ਉਹ ਮੇਰੇ ਘਰ ਆਵੇਗੀ।

ਮੈਂ ਹੁਣ ਚੋਰੀ ਬਰਾਮਦ ਕਰਵਾਉਣ ਦੇ ਹੀਲੇ ਸੋਚਣ ਲੱਗਾ। ਕਲ੍ਹ ਨੂੰ ਜਦੋਂ ਆਵੇਗੀ, ਤਾਂ ਕੀ ਜੁਗਤ ਵਰਤੀ ਜਾਵੇ ਕਿ ਉਹ ਬਕ ਪਵੇ।

ਮੈਨੂੰ ਆਪਣੇ ਇਕ ਦੋਸਤ ਅਖ਼ਬਾਰ-ਨਵੀਸ ਦਾ ਖ਼ਿਆਲ ਆਇਆ, ਜਿਸ ਨੇ ਗੁੰਡਿਆਂ ਤੇ ਅੜ੍ਹਬ ਅਫ਼ਸਰਾਂ ਨੂੰ ਕਈ ਵਾਰ ਸਿੱਧਾ ਕੀਤਾ ਸੀ। ਮੈਂ ਘਰ ਆ ਕੇ ਉਸ ਨੂੰ ਟੈਲੀਫ਼ੋਨ ਕੀਤਾ ਤੇ ਕਾਫ਼ੀ ਪੀਣ ਲਈ ਬੁਲਾਇਆ।

ਉਹ ਉਸੇ ਵੇਲੇ ਮੈਨੂੰ ਮਿਲਣ ਲਈ ਆ ਗਿਆ। ਮੈਂ ਸਾਰੀ ਗੱਲ ਸੁਣਾਈ ਤੇ ਆਖਿਆ, "ਬਲਦੇਵ, ਤੂੰ ਕਲ੍ਹ ਸਵਾ ਪੰਜ ਵਜੇ ਖਾਕੀ ਪੱਗ ਤੇ ਖਾਕੀ ਪਤਲੂਣ ਪਾ ਕੇ ਆ ਜਾਵੀਂ। ਦਾੜ੍ਹੀ ਨੂੰ ਕਾਲੀ ਡੋਰੀ ਬੰਨ੍ਹ ਕੇ ਪਟਿਆਲਾ-ਸ਼ਾਹੀ ਤਰੀਕੇ ਨਾਲ ਚਾੜ੍ਹ ਲਵੀਂ ਤੇ ਹੱਥ ਵਿਚ ਪੁਲਸੀਆਂ ਵਾਲਾ ਡੰਡਾ। ਉਸ ਨੇ ਪੰਜ ਵਜੇ ਆਉਣਾ ਐ। ਤੂੰ ਪੰਦਰਾਂ ਮਿੰਟ ਪਿਛੋਂ ਹੀ ਆ ਧਮਕੀਂ, ਰਤਾ ਖੜਕੇ-ਦੜਕੇ ਨਾਲ ਗੱਲ ਕਰੀਂ। ਬਸ ਡਰਾਮੇ ਵਿਚ ਕੱਚ ਨਾ ਰਹੇ। ਆਪਣਾ ਸਾਰਾ ਕਮਾਲ ਦਿਖਾ ਦੇਵੀਂ। ਸਾਲੀ ਮੇਰਾ ਕਾਲਾ ਖ਼ੱਚਰ ਵੀ ਲੈ ਗਈ।"

ਬਲਦੇਵ ਸਿੰਘ ਨੇ ਆਖਿਆ, "ਬਾਈ ਜੀ, ਤੁਸੀਂ ਫਿਕਰ ਨਾ ਕਰੋ। ਹੁਣ ਮੈਂ ਜਾਣਾ, ਮੇਰਾ ਕੰਮ !"

ਮੈਂ ਦੂਜੇ ਦਿਨ ਬੜੀ ਬੇਤਾਬੀ ਨਾਲ ਪੰਜ ਵੱਜਣ ਦੀ ਉਡੀਕ ਕਰਨ ਲੱਗਾ।

ਉਹ ਠੀਕ ਪੰਜ ਵਜੇ ਆਈ । ਉਸ ਨੇ ਮੂੰਗੀਆ ਕਮੀਜ਼, ਕਾਲੀ ਸਲਵਾਰ ਤੇ ਕਾਲੀ ਚੁੰਨੀ ਪਹਿਨੀ ਹੋਈ ਸੀ । ਅੱਖਾਂ ਵਿਚ ਕੱਜਲ ਦੇ ਡੋਰੇ ਤੇ ਲਿਪਸਟਿਕ ਉਸੇ ਤਰ੍ਹਾਂ ਸਨ । ਪਰ ਜੂੜੇ ਦੀ ਥਾਂ ਲੰਮੀ ਗੁੱਤ ਕੀਤੀ ਹੋਈ ਸੀ ਜੋ ਉਸ ਦੇ ਸੀਨੇ ਉਤੇ ਨਾਗ ਵਾਂਗ ਮੇਲ੍ਹ ਰਹੀ ਸੀ ।

ਮੈਂ ਹੱਥ ਮਿਲਾਇਆ ਤਾਂ ਮੈਨੂੰ ਗਰਮ ਖੁਸ਼ਗਵਾਰ ਜਜ਼ਬੇ ਦਾ ਅਹਿਸਾਸ ਹੋਇਆ ਤੇ ਉਸੇ ਇਤਰ ਦੀ ਖੁਸ਼ਬੂ ਆਈ । ਪੰਦਰਾਂ ਮਿੰਟ ਵਿਚ ਅਸੀਂ ਘੁਲ-ਮਿਲ ਕੇ ਗੱਲਾਂ ਕੀਤੀਆਂ । ਪੂਰੇ ਸਵਾ ਪੰਜ ਵਜੇ ਦਰਵਾਜ਼ੇ ਉਤੇ ਪੁਲਸੀ ਡੰਡੇ ਦੀ ਠੱਕ-ਠੱਕ ਹੋਈ । ਮੈਂ ਬਾਹਰ ਗਿਆ, ਦਰਵਾਜ਼ਾ ਖੋਲ੍ਹਿਆ ਤੇ ਬਲਦੇਵ ਸਿੰਘ ਨੂੰ ਅੱਖ ਦੀ ਸੈਨਤ ਮਾਰ ਕੇ ਓਪਰਿਆਂ ਵਾਂਗ ਮਿਲਿਆ ।

ਉਹ ਡੰਡੇ ਨੂੰ ਖੱਬੇ ਹੱਥ ਦੀ ਹਥੇਲੀ ਉਤੇ ਠਕੋਰਦਾ ਹੋਇਆ ਕਮਰੇ ਵਿਚ ਦਾਖਿਲ ਹੋਇਆ, ਤੇ ਬੋਲਿਆ, "ਸੁਣਾਉ ਗਾਰਗੀ ਸਾਹਿਬ ਅੱਜਕਲ੍ਹ ਤੁਹਾਡੀਆਂ ਇਨਕਲਾਬੀ ਸਰਗਰਮੀਆਂ ਦਾ ਕੀ ਹਾਲ ਐ ? ਸੁਣਿਐਂ ਯੂਰਪ ਗਏ ਸੀ, ਰੂਸ ਦਾ ਫਿਰ ਚੱਕਰ ਮਾਰਿਆ ਕਿ ਸਿੱਧਾ ਹੀ ਆ ਗਏ ?"

ਮੈਂ ਆਪਣੀ ਦੋਸਤ ਨਾਲ ਬਹੁਤ ਉਪਰਲੀ ਤੇ ਰਸਮੀ ਜਾਣ-ਪਛਾਣ ਕਰਵਾਈ ।

ਬਲਦੇਵ ਸਿੰਘ ਨੇ ਟੇਢੀ ਅੱਖ ਨਾਲ ਜੱਸੀ ਵਲ ਦੇਖਿਆ ਤੇ ਡੰਡੇ ਨੂੰ ਪਲੋਸਦਾ ਹੋਇਆ ਬੋਲਿਆ, "ਅੱਜਕਲ੍ਹ ਮੈਂ ਚੋਰੀਆਂ ਬਰਾਮਦ ਕਰਵਾਉਣ ਉਤੇ ਲੱਗਿਆ ਹੋਇਆ ਹਾਂ । ਪਰਸੋਂ ਦੋ ਸਾਈਕਲ ਚੋਰ ਫੜੇ । ਸਾਲੇ ਮੰਨਦੇ ਨਹੀਂ ਸਨ, ਪਰ ਜਦੋਂ ਇਹ ਮੌਲਾ ਬਖਸ਼ ਫੇਰਿਆ ਤਾਂ ਸਭ ਬਕ ਪਏ । ਜੇ ਕੋਈ ਇਹੋ ਜਿਹਾ ਕੰਮ ਹੋਵੇ ਤਾਂ ਸਾਨੂੰ ਯਾਦ ਕਰ ਲੈਣਾ ।"

ਜੱਸੀ ਦਾ ਚਿਹਰਾ ਫੱਕ ਹੋ ਗਿਆ । ਮੈਂ ਭਾਂਪ ਗਿਆ ਕਿ ਬਲਦੇਵ ਸਿੰਘ ਦੇ ਦੋ ਦਬਕੇ ਵੀ ਨਹੀਂ ਝੱਲ ਸਕੇਗੀ । ਮੈਂ ਆਖਿਆ, "ਕੰਮ ਤਾਂ ਕੁਝ ਹੈ ਤੁਹਾਡੇ ਜੋਗਾ, ਜੇ ਬਰਾਮਦ ਕਰਵਾ ਦਿਓ !"

ਬਲਦੇਵ ਸਿੰਘ ਹੱਸਿਆ ਤੇ ਉਸ ਨੇ ਮੁੱਛਾਂ ਉਤੇ ਹੱਥ ਫੇਰਿਆ ਤੇ ਬੋਲਿਆ, "ਹੁਕਮ ਕਰੋ, ਤੇ ਫੇਰ ਦੇਖਿਉ ।"

ਮੈਂ ਆਖਿਆ, "ਪਹਿਲਾਂ ਚਾਹ ਤਾਂ ਪੀਉ ।" ਇਹ ਆਖ ਕੇ ਮੈਂ ਜੱਸੀ ਨੂੰ ਚਾਹ ਬਨਾਉਣ ਲਈ ਕਿਹਾ । ਉਹ ਕਿਚਨ ਵਿਚ ਚਲੀ ਗਈ ।

ਬਲਦੇਵ ਨੇ ਫਿਰ ਡੰਡੇ ਨੂੰ ਪਲੋਸਿਆ ਤੇ ਤਲੀ ਉਤੇ ਮਜ਼ੇ ਨਾਲ ਠਿੱਪੀਆਂ ਲਾਉਂਦਾ ਹੋਇਆ ਰਾਜ਼ਦਾਰਾਨਾ ਅੰਦਾਜ਼ ਵਿਚ ਬੋਲਿਆ, "ਬਾਈ ਜੀ, ਇਹ ਤਾਂ ਕਰੋਲ ਬਾਗ ਦੀ ਛਟੀ ਹੋਈ ਗਸ਼ਤੀ ਐ ! ਦਾਸ ਵੀ ਤਿੰਨ ਵਾਰ ਅਸ਼ਨਾਨ ਕਰ ਚੁੱਕਿਆ ਐ । ਨਾਂ ਐ ਇਸ ਦਾ ਬਿੱਲੋ ! ਤੇ ਰੇਟ ਐ ਪੰਜਾਹ ਰੁਪਏ । ਮੈਨੂੰ ਇਸ ਨੇ ਪਛਾਣ ਲਿਐ, ਪਰ ਇਸ ਨੂੰ ਇਹ ਨਹੀਂ ਪਤਾ ਕਿ ਮੈਂ ਕੀ ਕਰਦਾ ਆਂ । ਉਹ ਤੁਹਾਨੂੰ ਝੂਠ ਮਾਰਦੀ ਐ, ਮੈਂ ਉਸ ਨੂੰ ਝੂਠ ਮਾਰਦਾ ਆਂ, ਤੇ ਤੁਸੀਂ ਵੀ ਇਹ ਝੂਠ ਦਾ ਹੀ ਨਾਟਕ ਰਚਿਆ ਐ । ਆਪਾਂ ਹੁਣ ਇਸ ਝੂਠ ਨੂੰ ਸੱਚ ਹੀ ਰਹਿਣ ਦੇਈਏ । ਫ਼ਿਕਰ ਨਾ ਕਰੋ, ਤੁਹਾਡੀਆਂ ਸਭ ਚੀਜ਼ਾਂ ਨੂੰ ਬਰਾਮਦ ਕਰਵਾ ਦਿਆਂਗਾ ।"



ਉਹ ਚਾਹ ਲੈ ਆਈ । ਮੈਂ ਉਠਿਆ ਤੇ ਸਿਗਰਟਾਂ ਲੈਣ ਦੇ ਬਹਾਨੇ ਬਾਹਰ ਚਲਾ ਗਿਆ ।

ਪੰਜ ਮਿੰਟ ਪਿਛੋਂ ਵਾਪਸ ਆਇਆ ਤਾਂ ਉਹ ਬੈਠੀ ਰੋ ਰਹੀ ਸੀ ਤੇ ਬਲਦੇਵ ਸਿੰਘ ਜਾਣ ਲਈ ਤਿਆਰ ਖੜਾ ਸੀ ।

"ਲਉ ਜੀ, ਕਲ੍ਹ ਨੂੰ ਤੁਹਾਡੀਆਂ ਸਭ ਚੀਜ਼ਾਂ ਆ ਜਾਣਗੀਆਂ", ਉਹ ਬੋਲਿਆ ਤੇ ਚਲਾ ਗਿਆ ।

ਅਗਲੇ ਦਿਨ ਸਵੇਰੇ ਹੀ ਜੱਸੀ ਪਲਾਸਟਿਕ ਦਾ ਵੱਡਾ ਰੰਗਦਾਰ ਥੈਲਾ ਲੈ ਕੇ ਆਈ । ਉਸ ਦੇ ਚਿਹਰੇ ਉਤੇ ਗ਼ੁੱਸਾ ਸੀ ਤੇ ਹਲਕੇ ਮਾਤਾ ਦੇ ਦਾਗ਼ ਗਹਿਰੇ ਜਾਪਦੇ ਸਨ । ਉਸ ਨੇ ਥੈਲਾ ਤਖਤਪੋਸ਼ ਉਤੇ ਉਲਟਾ ਕਰਕੇ ਸਾਰੀਆਂ ਚੀਜ਼ਾਂ ਢੇਰੀ ਕਰ ਦਿੱਤੀਆਂ ਤੇ ਹਕਾਰਤ ਨਾਲ ਬੋਲੀ, "ਆਹ ਫੜ ਆਪਣੀਆਂ ਚੀਜ਼ਾਂ ! ਕਮੀਨਾ ਕਿਸੇ ਥਾਂ ਦਾ ।"

ਮੈਂ ਚੀਜ਼ਾਂ ਨੂੰ ਦੇਖਿਆ । ਸਾਰੇ ਨਗ ਪੂਰੇ ਸਨ ।

ਮੈਂ ਆਖਿਆ, "ਮੈਂ ਤੇਰੇ ਉਤੇ ਇਤਬਾਰ ਕੀਤਾ ਪਰ ਤੂੰ ਨਿਰੀ ਚੋਰ ਨਿਕਲੀ । ਮੈਥੋਂ ਮੰਗ ਕੇ ਤੂੰ ਕੋਈ ਚੀਜ਼ ਲੈ ਲੈਂਦੀ ।"

"ਮੈਂ ਥੁੱਕਦੀ ਵੀ ਨਹੀਂ ਤੇਰੀਆਂ ਚੀਜ਼ਾਂ ਉਤੇ !" ਉਹ ਬੋਲੀ । ਉਸ ਦੀਆਂ ਅੱਖਾਂ ਵਿਚ ਅੱਥਰੂ ਸਨ ਤੇ ਗੁੱਸੇ ਨਾਲ ਉਸ ਦੇ ਬੁੱਲ੍ਹ ਕੰਬਣ ਲੱਗੇ ।

ਮੈਨੂੰ ਅਫ਼ਸੋਸ ਹੋਇਆ ਤੇ ਥੋੜ੍ਹਾ ਜਿਹਾ ਤਰਸ ਵੀ ਆਇਆ । ਮੈਂ ਮੁਜਰਮ ਬਣਿਆ ਖੜਾ ਸਾਂ ।

ਉਸ ਨੇ ਆਪਣਾ ਥੈਲਾ ਚੁੱਕਿਆ ਤੇ ਬੋਲੀ, "ਹੁਣ ਮੈਂ ਤੇਰੇ ਘਰ ਕਦੀ ਵੀ ਨਹੀਂ ਆਉਣਾ । ਤੈਨੂੰ ਕਦੀ ਵੀ ਨਹੀਂ ਮਿਲਣਾ ।"

ਮੈਂ ਫਿਰ ਆਪਣੇ ਅਸੂਲ ਨੂੰ ਦੁਹਰਾਇਆ ਤੇ ਆਖਿਆ, "ਜੱਸੀ, ਤੂੰ ਮੰਗ ਕੇ ਜੋ ਮਰਜ਼ੀ ਲੈ ਜਾਂਦੀ ਪਰ ਤੈਨੂੰ ਇਸ ਤਰ੍ਹਾਂ...ਚੋਰੀ ਨਹੀਂ ਸੀ ਕਰਨੀ ਚਾਹੀਦੀ, ਝੂਠ ਨਹੀਂ ਸੀ ਮਾਰਨਾ ਚਾਹੀਦਾ ।"

ਉਸ ਨੇ ਚੀਜ਼ਾਂ ਦੇ ਢੇਰ ਵਲ ਦੇਖਿਆ ਜਿਸ ਵਿਚ ਵਧੀਆ ਮੋਮੀ ਤਾਸ਼ਾਂ, ਕਾਲਾ ਖੱਚਰ, ਲਿਪਸਟਿਕਾਂ ਤੇ ਸਟੇਨਲੈੱਸ ਸਟੀਲ ਦੇ ਪੈਕਿਟ ਪਏ ਸਨ ।

ਉਹ ਬੋਲੀ, "ਮੈਂ ਇਸ ਝੂਠ ਦੇ ਮਾਲ ਵਿਚੋਂ ਕੁਝ ਵੀ ਨਹੀਂ ਲੈਣਾ । ਮੈਨੂੰ ਨਹੀਂ ਲੋੜ ਤੁਹਾਡੀ ਦੋਸਤੀ ਦੀ । ਤੁਹਾਡੇ ਸੱਚ ਦੀ । ਮੈਂ ਹੁਣ ਤੁਹਾਨੂੰ ਕਦੇ ਵੀ ਨਹੀਂ ਮਿਲਣਾ । ਮੈਂ ਸਿਰਫ਼ ਝੂਠ ਮਾਰਿਆ ਸੀ, ਪਰ ਤੂੰ ਦਗ਼ਾ ਦਿੱਤਾ, ਧ੍ਰੋਹ ਕਮਾਇਆ ਮੇਰੇ ਨਾਲ ।" ਇਹ ਆਖ ਕੇ ਉਹ ਚਲੀ ਗਈ ।

ਮੇਰੇ ਅੰਦਰ ਪਸ਼ੇਮਾਨੀ ਦੀ ਸਿਆਹੀ ਫਿਰ ਗਈ ।

# 24

# ਛੁੱਟੀ

ਗ਼ਰੀਬੂ ਕਾਲਜ ਦਾ ਮਾਲੀ ਭਰਤੀ ਹੋਇਆ ਤੇ ਵੀਹ ਸਾਲ ਘਾਹ ਖੋਦਦਾ ਰਿਹਾ।

ਜਿਵੇਂ ਉਸ ਦਾ ਨਾਂ ਉਹੋ ਜਿਹੀ ਉਸ ਦੀ ਸ਼ਖ਼ਸੀਅਤ। ਘਰੋਂ ਗ਼ਰੀਬ, ਕਿੱਤਾ ਗ਼ਰੀਬ, ਸੁਭਾਅ ਦਾ ਗ਼ਰੀਬ। ਗੰਜਾ ਸਿਰ, ਅੰਦਰ ਨੂੰ ਵੜੀਆਂ ਹੋਈਆਂ ਗੱਲ੍ਹਾਂ ਤੇ ਸੁੱਕੀਆਂ ਲੱਤਾਂ। ਪਰ ਹੱਥਾਂ ਵਿਚ ਬੜੀ ਫੁਰਤੀ ਤੇ ਸ਼ਕਤੀ। ਉਸ ਦੇ ਮਾੜਚੂ ਸਰੀਰ ਦੀ ਸਾਰੀ ਸ਼ਕਤੀ ਉਸ ਦੇ ਡੌਲਿਆਂ ਵਿਚ ਇਕੱਠੀ ਹੋ ਗਈ ਜਾਪਦੀ ਸੀ। ਪਾਟੀ ਬਨੈਣ ਪਾਈ ਉਹ ਕਾਲਜ ਦੀ ਗਰਾਊਂਡ ਦਾ ਲੰਮਾ ਘਾਹ ਖੋਦਦਾ ਤਾਂ ਪਰ੍ਹੇ ਦੇ ਪਰ੍ਹੇ ਸਾਫ਼ ਕਰ ਦੇਂਦਾ। ਉਹਦੇ ਹੱਥ ਵਿਚ ਲੰਮੀ ਕਾਤੀ ਦੀ ਧਾਰ ਚਾਂਦੀ ਵਾਂਗ ਚਮਕਦੀ। ਉਚੇ ਹਰੇ ਘਾਹ ਨੂੰ ਇਹ ਕਾਤੀ ਵਢਦੀ ਤੁਰੀ ਜਾਂਦੀ।

ਇਕ ਸਵੇਰ ਗ਼ਰੀਬੂ ਨੂੰ ਨਵੇਂ ਪ੍ਰਿੰਸੀਪਲ ਨੇ ਬੁਲਾਇਆ ਤੇ ਆਖਿਆ, "ਮੈਨੂੰ ਰਿਪੋਰਟ ਮਿਲੀ ਹੈ ਕਿ ਤੂੰ ਕਾਲਜ ਦੀ ਗਰਾਊਂਡ ਦਾ ਘਾਹ ਚੋਰੀ ਕਰਕੇ ਲੈ ਜਾਨੈਂ!"

'ਚੋਰੀ' ਦੇ ਨਾਉਂ ਤੋਂ ਗ਼ਰੀਬੂ ਚੌਂਕਿਆ ਤੇ ਬੋਲਿਆ, "ਮਹਾਰਾਜ, ਮੈਂ ਤਾਂ ਬਸ ਘਾਹ ਦੀਆਂ ਕੁਝ ਕੁ ਤਿਣਾਂ ਲੈ ਜਾਂਦਾ ਹਾਂ, ਆਪਣੀ ਗਾਂ ਲਈ। ਬੱਚਿਆਂ ਦੇ ਦੁੱਧ ਲਈ।"

ਪ੍ਰਿੰਸੀਪਲ ਨੇ ਆਖਿਆ, "ਕੋਈ ਲੋੜ ਨਹੀਂ ਅੱਗੇ ਤੋਂ ਘਾਹ ਲਿਜਾਣ ਦੀ। ਖ਼ਬਰਦਾਰ ਜੇ ਘਾਹ ਦੀ ਇਕ ਪੱਤੀ ਵੀ ਲੈ ਕੇ ਗਿਆ!"

ਗ਼ਰੀਬੂ ਆਪਣੇ ਕੁਆਟਰ ਵਿਚ ਮੁੜ ਆਇਆ। ਉਸ ਦਿਨ ਪਿਛੋਂ ਉਹ ਕਾਲਜ ਦੇ ਨਾਲ ਲਗਦੇ ਬਾਹਰਲੇ ਮੈਦਾਨ ਵਿਚੋਂ ਘਾਹ ਖੋਦ ਕੇ ਲਿਆਉਣ ਲੱਗਾ।

ਨਵੇਂ ਪ੍ਰਿੰਸੀਪਲ ਨੂੰ ਪਤਾ ਨਹੀਂ ਕਿਉਂ ਗ਼ਰੀਬੂ ਨਾਲ ਚਿੜ ਸੀ। ਤੀਜੇ ਦਿਨ ਫਿਰ ਉਸ ਨੇ ਗ਼ਰੀਬੂ ਦੀ ਤਲਬੀ ਕੀਤੀ ਤੇ ਆਖਿਆ, "ਤੈਨੂੰ ਪਤਾ ਹੈ ਕਿ ਕੋਈ



ਆਦਮੀ ਕਾਲਜ ਦੇ ਅੰਦਰ ਪਸ਼ੂ ਨਹੀਂ ਬੰਨ੍ਹ ਸਕਦਾ। ਇਹ ਸਰਕਾਰੀ ਹੁਕਮ ਹੈ। ਤੇ ਤੂੰ ਗਾਂ ਬੰਨ੍ਹੀ ਬੈਠੈਂ।"

ਗ਼ਰੀਬੂ ਬੋਲਿਆ, "ਜਨਾਬ, ਇਹ ਗਊ ਮੇਰੇ ਕੋਲ ਸੱਤ ਸਾਲ ਦੀ ਹੈ। ਜਦੋਂ ਦੀ ਲਿਆਂਦੀ ਹੈ, ਇਥੇ ਹੀ ਰੱਖੀ ਹੈ। ਕਿਸੇ ਨੇ ਕਦੇ ਇਤਰਾਜ਼ ਨਹੀਂ ਕੀਤਾ, ਪਰ ਤੁਸੀਂ..."

ਪ੍ਰਿੰਸੀਪਲ ਕੜਕ ਕੇ ਬੋਲਿਆ, "ਜੇ ਸੱਤ ਸਾਲ ਕੋਈ ਜੁਰਮ ਕਰਦਾ ਰਹੇ, ਤਾਂ ਕੀ ਉਹ ਜੁਰਮ ਕਾਨੂੰਨ ਬਣ ਜਾਂਦੈ?"

ਗ਼ਰੀਬੂ ਇਸ ਦਾ ਉੱਤਰ ਨਾ ਦੇ ਸਕਿਆ। ਜੁਰਮ ਤੇ ਕਾਨੂੰਨ ਕੀ ਹੈ, ਇਹ ਤਾਂ ਵੱਡੀ ਫ਼ਿਲਾਸਫ਼ੀ ਸੀ। ਜਿਹੜਾ ਜੁਰਮ ਕਾਨੂੰਨ ਬਣ ਗਿਆ, ਉਹ ਜੁਰਮ ਨਾ ਰਿਹਾ। ਕਿਸੇ ਵੀ ਚੰਗੇ ਕੰਮ ਦੇ ਖ਼ਿਲਾਫ਼ ਕਾਨੂੰਨ ਪਾਸ ਕਰ ਦਿਉ, ਉਹ ਜੁਰਮ ਬਣ ਜਾਂਦਾ ਹੈ। ਗਾਂ ਦੀ ਸੇਵਾ ਕਰਨਾ ਕੀ ਜੁਰਮ ਹੈ? ਉਸ ਨੂੰ ਕੁਆਟਰ ਦੇ ਪਿਛਾੜੀ ਬੰਨ੍ਹਣ ਤੇ ਚਾਰ-ਤੱਥਾ ਪਾਉਣ ਨਾਲ ਕਿਹੜੇ ਕਾਨੂੰਨ ਦੀ ਟੰਗ ਟੁੱਟ ਗਈ? ਇਹ ਪ੍ਰਿੰਸੀਪਲ ਗਾਂ ਨੂੰ ਪਸ਼ੂ ਆਖਦਾ ਹੈ, ਪਰ ਇਥੇ ਕਈ ਪੜ੍ਹਾਉਣ ਵਾਲੇ ਪ੍ਰੋਫ਼ੈਸਰ ਪਸ਼ੂਆਂ ਵਾਂਗ ਰਹਿੰਦੇ ਨੇ। ਮੈਂ ਕੀ ਗੁਨਾਹ ਕਰ ਦਿੱਤਾ। ਅਫ਼ਸਰ ਹੈ ਇਸੇ ਲਈ ਮੈਨੂੰ ਤਾੜ ਰਿਹਾ ਹੈ। ਮੈਂ ਇਸ ਨੂੰ ਆਪਣੇ ਦਿਲ ਦੀ ਗੱਲ ਕਿਵੇਂ ਸਮਝਾਵਾਂ।

ਉਸ ਨੂੰ ਸੋਚਾਂ ਵਿਚ ਪਿਆ ਦੇਖ ਕੇ ਪ੍ਰਿੰਸੀਪਲ ਬੋਲਿਆ, "ਜੁਆਬ ਕਿਉਂ ਨਹੀਂ ਦਿੰਦਾ? ਮੈਂ ਕਾਲਜ ਵਿਚ ਬਦਇੰਤਜ਼ਾਮੀ ਨਹੀਂ ਹੋਣ ਦਿਆਂਗਾ। ਸਮਝਿਆ? ਜੇ ਹੁਣ ਗਾਂ ਤੇਰੇ ਕੁਆਟਰ ਦੇ ਨੇੜੇ ਨਜ਼ਰ ਆਈ ਤਾਂ ਗਾਂ ਨੂੰ ਪੋਣੇ ਦੂਆ ਦਿਆਂਗਾ।"

ਗ਼ਰੀਬੂ ਚਿਕ ਚੁੱਕ ਕੇ ਬਾਹਰ ਆਇਆ ਤੇ ਘਾਹ ਖੋਦਣ ਚਲਾ ਗਿਆ।

ਉਹ ਹੈਰਾਨ ਸੀ ਕਿ ਇਹ ਪ੍ਰਿੰਸੀਪਲ ਉਸ ਨਾਲ ਕਿਉਂ ਇਤਨਾ ਲਗਦਾ ਹੈ। ਸ਼ਾਇਦ ਕੋਈ ਪਿਛਲੇ ਜਨਮ ਦੇ ਲੈਣੇ-ਦੇਣੇ ਨੇ ਇਸ ਨਾਲ। ਅੱਜ ਤਕ ਕੋਈ ਪ੍ਰਿੰਸੀਪਲ ਉਸ ਨੂੰ ਕੜਕ ਕੇ ਨਹੀਂ ਸੀ ਬੋਲਿਆ। ਜਦੋਂ ਦਾ ਉਹ ਮਾਲੀ ਭਰਤੀ ਹੋਇਆ, ਗਿਆਰਾਂ ਪ੍ਰਿੰਸੀਪਲ ਬਦਲ ਚੁੱਕੇ ਸਨ। ਸਭ ਨੇ ਉਸ ਨੂੰ ਚੰਗੇ ਸਰਟੀਫ਼ਿਕੇਟ ਦਿੱਤੇ। ਸਭ ਨੇ ਉਸ ਦੇ ਕੰਮ ਨੂੰ ਸਲਾਹਿਆ। ਪਰ ਇਸ ਨਵੇਂ ਪ੍ਰਿੰਸੀਪਲ ਨੇ ਆ ਕੇ ਮਹੀਨੇ ਵਿਚ ਹੀ ਸਭ ਕੀਤੇ-ਕਰਾਏ ਉਤੇ ਖੇਹ ਪਾ ਦਿੱਤੀ।

ਉਹ ਗੁਲਦਸਤੇ ਤਿਆਰ ਕਰਦਾ ਤੇ ਵਜ਼ੀਰਾਂ ਦੇ ਸੁਆਗਤ ਲਈ ਗੇਂਦੇ ਤੇ ਗੁਲਾਬ ਦੇ ਹਾਰ ਗੁੰਦਦਾ। ਪ੍ਰਿੰਸੀਪਲ ਦੀ ਕੋਠੀ ਵਿਚ ਪਿਉਂਦੀ ਮਾਲਟਾ ਤੇ ਅੰਬ ਵੀ ਉਸੇ ਨੇ ਲਾਏ ਸਨ। ਹਰ ਸਵੇਰ ਉਹ ਚੰਬੇਲੀ ਦੀਆਂ ਕਲੀਆਂ ਚੁਣ ਕੇ ਪ੍ਰਿੰਸੀਪਲ ਦੇ ਦਫ਼ਤਰ ਵਿਚ ਰਖ ਕੇ ਆਉਂਦਾ। ਉਹ ਸੇਵਾਦਾਰ ਸੀ। ਪਰ ਪਤਾ ਨਹੀਂ ਇਹ ਪ੍ਰਿੰਸੀਪਲ ਕਿਉਂ ਉਸ ਉਤੇ ਖ਼ਫ਼ਾ ਰਹਿੰਦਾ ਸੀ।

ਪ੍ਰਿੰਸੀਪਲ ਦੀਆਂ ਝਿੜਕਾਂ ਉਹ ਮਹੀਨੇ ਤੋਂ ਸੁਣ ਰਿਹਾ ਸੀ, ਪਰ ਉਸ ਦੇ ਮੱਥੇ ਉਤੇ ਤਿਊੜੀ ਨਹੀਂ ਸੀ ਆਈ। ਉਹ ਸੋਚਦਾ ਜਦੋਂ ਨੌਕਰੀ ਹੀ ਕਰ ਲਈ ਤਾਂ ਫਿਰ ਅੱਗੇ ਕੀ ਬੋਲਣਾ। ਮਿੱਟੀ ਹੋ ਕੇ ਕੰਮ ਕਰਨਾ ਚਾਹੀਦਾ ਹੈ। ਮਾਲਕ ਨੂੰ ਖ਼ੁਸ਼ ਰਖਣਾ ਹੀ ਨੌਕਰ ਦਾ ਧਰਮ ਹੈ।

ਪ੍ਰਿੰਸੀਪਲ ਉਸ ਦੇ ਘਾਹ ਲਿਜਾਣ ਤੇ ਗਾਂ ਰਖਣ ਦੇ ਵਿਰੁੱਧ ਸੀ। ਕਿਉਂ?

ਕੀ ਇਹ ਪ੍ਰਿੰਸੀਪਲ ਚਾਹੁੰਦਾ ਹੈ ਕਿ ਮੈਂ ਗਾਂ ਦੇ ਦੁੱਧ ਦਾ ਗੜਵਾ ਇਸ ਦੇ ਘਰ ਪਹੁੰਚਾਵਾਂ ? ਜਾਂ ਗਾਂ ਦਾ ਘਿਉ ਜੋੜ ਕੇ ਇਸ ਨੂੰ ਦੇਵਾਂ ? ਨਹੀਂ, ਇਹ ਗੱਲ ਨਹੀਂ ਸੀ। ਪ੍ਰਿੰਸੀਪਲ ਦੇ ਬਾਰੇ ਕਾਲਜ ਵਿਚ ਲਾਲਚੀ ਜਾਂ ਲੋਭੀ ਹੋਣ ਦੀ ਸ਼ਿਕਾਇਤ ਨਹੀਂ ਸੀ, ਸਿਰਫ਼ ਉਸ ਦੇ ਸਖ਼ਤ ਸੁਭਾਅ ਦੀ। ਉਹ ਹਰ ਇਕ ਨੂੰ ਦਬਾ ਕੇ ਰਖਦਾ ਸੀ ਤੇ ਇਸ ਵਿਚ ਆਪਣੀ ਵਡਿਆਈ ਸਮਝਦਾ ਸੀ। ਗ਼ਰੀਬੂ ਨੂੰ ਵੀ ਉਸ ਦੇ ਅਟੱਲ ਹੁਕਮ ਦੀ ਪਾਲਣਾ ਕਰਨੀ ਪਈ।

ਉਸੇ ਸ਼ਾਮ ਗ਼ਰੀਬੂ ਨੇ ਗਾਂ ਨੂੰ ਕਿੱਲੇ ਨਾਲੋਂ ਖੋਲ੍ਹਿਆ ਤੇ ਕਾਲਜ ਤੋਂ ਬਾਹਰ ਨਾਲ ਲਗਦੇ ਠਾਕਰ ਦਾਸ ਦੇ ਅਹਾਤੇ ਵਿਚ ਬੰਨ੍ਹਣ ਦਾ ਪ੍ਰਬੰਧ ਕੀਤਾ। ਜਦੋਂ ਗਾਂ ਨੂੰ ਖੋਲ੍ਹ ਕੇ ਲਿਜਾਣ ਲੱਗਿਆ ਤਾਂ ਉਸ ਦੇ ਦੋਵੇਂ ਨਿਆਣੇ ਰੋਣ ਲਗ ਪਏ। ਘਰਵਾਲੀ ਨੇ ਆਖਿਆ, "ਕਿਉਂ ਗਊ ਦੀ ਜਾਈ ਨੂੰ ਘਰੋਂ ਕਢਦੈਂ ?" ਪਰ ਗ਼ਰੀਬੂ ਨੂੰ ਕਾਲਜ ਦੀ ਡਿਊਟੀ ਤੇ ਨਵੇਂ ਪ੍ਰਿੰਸੀਪਲ ਅੱਗੇ ਸੱਚੇ ਹੋਣ ਦੀ ਇਤਨੀ ਖੁੰਦਕ ਸੀ ਕਿ ਉਹ ਗਾਂ ਨੂੰ ਰਖਣ ਲਈ ਤਿਆਰ ਨਹੀਂ ਸੀ। ਕੜਕ ਕੇ ਉਸ ਨੇ ਨਿਆਣਿਆਂ ਨੂੰ ਚੁੱਪ ਕਰਾਇਆ ਤੇ ਰੰਭਦੀ ਹੋਈ ਗਾਂ ਨੂੰ ਲੈ ਗਿਆ।

ਗਾਂ ਨੂੰ ਛੱਡ ਕੇ ਮੁੜਿਆ ਤਾਂ ਉਸ ਨੇ ਆਪਣੇ ਟੱਬਰ ਨੂੰ ਧੀਰਜ ਦਿੱਤਾ। ਸਭ ਨੇ ਗ਼ਮ ਵਿਚ ਡੁੱਬੇ ਹੋਏ ਰੋਟੀ ਖਾਧੀ ਤੇ ਸੌਂ ਗਏ।

ਰਾਤ ਨੂੰ ਸੁਫ਼ਨੇ ਵਿਚ ਗ਼ਰੀਬੂ ਨੂੰ ਗਾਂ ਦੇ ਰੰਭਣ ਦੀ ਆਵਾਜ਼ ਸੁਣਾਈ ਦੇ ਰਹੀ ਸੀ, ਜਿਵੇਂ ਆਖ ਰਹੀ ਹੋਵੇ ਇਸ ਤਰ੍ਹਾਂ ਤਾਂ ਕੋਈ ਕਸਾਈ ਵੀ ਨਹੀਂ ਕਰਦਾ। ਮੈਂ ਤੇਰੇ ਬੱਚਿਆਂ ਨੂੰ ਦੁੱਧ ਦਿੰਦੀ ਹਾਂ, ਤੇ ਤੂੰ ਮੇਰੇ ਨਾਲ ਇਹ ਸਲੂਕ ਕੀਤਾ ? ਉਸ ਨੂੰ ਸਿੰਗ ਮਾਰਦੀ ਗਾਂ ਦੇ ਦਰਸ਼ਨ ਹੋਏ।

ਉਹ ਅੱਭੜਵਾਹਾ ਉਠਿਆ। ਸਚਮੁਚ ਹੀ ਗਾਂ ਦੇ ਰੰਭਣ ਦੀ ਅਵਾਜ਼ ਆ ਰਹੀ ਸੀ। ਰਾਤ ਦੇ ਤਿੰਨ ਵੱਜੇ ਸਨ। ਪੱਛਮ ਵਲ ਨਿਘਰਦੇ ਚੰਨ ਦਾ ਫਿੱਕਾ ਚਾਨਣਾ ਸੀ। ਉਸ ਨੇ ਦੇਖਿਆ ਕਿ ਗਾਂ ਕਿੱਲਾ ਤੁੜਾ ਕੇ ਰੱਸਾ ਘਸੀਟਦੀ ਹੋਈ ਵਾਪਿਸ ਤੁਰੀ ਆਉਂਦੀ ਹੈ।

ਉਹ ਝਟ ਮੰਜੀ ਤੋਂ ਉਠਿਆ, ਤੇ ਉਸ ਨੇ ਗਾਂ ਨੂੰ ਪੁਚਕਾਰਿਆ। ਗਾਂ ਸਿਰ ਸੁੱਟ ਕੇ ਰੰਭਣ ਲੱਗੀ। ਘਰਵਾਲੀ ਤੇ ਬੱਚੇ ਵੀ ਉਠ ਬੈਠੇ। ਕੋਈ ਦੌੜ ਕੇ ਉਸ ਨੂੰ ਚਾਰਾ ਪਾਉਂਦਾ ਸੀ, ਕੋਈ ਦਾਣਾ। ਗ਼ਰੀਬੂ ਨੇ ਉਸ ਦੀ ਬੂਥਨੀ ਨੂੰ ਪਲੋਸਿਆ ਤਾਂ ਉਹ ਨਾਸਾਂ ਫੈਲਾ ਕੇ ਉਸ ਦਾ ਹੱਥ ਚੱਟਣ ਲੱਗੀ। ਗ਼ਰੀਬੂ ਨੇ ਉਸ ਨੂੰ ਕਿੱਲੇ ਨਾਲ ਬੰਨ੍ਹ ਦਿੱਤਾ। ਸੋਚਿਆ ਇਹ ਕੋਈ ਜੁਰਮ ਨਹੀਂ। ਜੇ ਕੋਈ ਜੁਰਮ ਹੈ ਵੀ ਤਾਂ ਗਾਂ ਨੇ ਕੀਤਾ ਹੈ, ਮੈਂ ਨਹੀਂ।

ਦੂਜੇ ਦਿਨ ਉਹ ਡਿਊਟੀ ਉਤੇ ਗਿਆ ਤਾਂ ਕੁਝ ਲੇਟ ਹੋ ਗਿਆ। ਉਸ ਨੂੰ ਹਰੇ ਪੱਠੇ ਲਿਆਉਣ ਲਈ ਕਾਲਜ ਦੀ ਗਰਾਊਂਡ ਤੋਂ ਬਾਹਰ ਜਾਣਾ ਪਿਆ ਸੀ। ਧਾਰ ਕੱਢਣ ਲੱਗੇ ਵੀ ਰਤਾ ਚਿਰ ਹੋ ਗਿਆ। ਛੇਤੀ-ਛੇਤੀ ਉਹ ਕੰਮ ਮੁਕਾ ਕੇ ਕਾਲਜ ਆਇਆ ਤੇ ਗਰਾਊਂਡ ਵਿਚ ਘਾਹ ਕੱਟਣ ਲੱਗਾ। ਪ੍ਰਿੰਸੀਪਲ ਦੌਰੇ ਉਤੇ ਗਿਆ ਹੋਇਆ ਸੀ ਤੇ ਕਾਲਜ ਦਾ ਵਾਯੂ-ਮੰਡਲ ਖੁੱਲ੍ਹਾ-ਖੁੱਲ੍ਹਾ ਜਾਪਦਾ ਸੀ—ਘਾਹ ਦੇ ਮੈਦਾਨ ਵਾਂਗ। ਗ਼ਰੀਬੂ ਨੇ ਸ਼ਾਮ ਤਕ ਕੰਮ ਕੀਤਾ ਤੇ ਆਉਂਦੇ ਹੋਏ ਹਰੇ ਕਚੂਰ ਘਾਹ ਦੀ



ਇਕ ਪੰਡ ਲੈ ਆਇਆ।

ਪਤਾ ਨਹੀਂ ਉਹ ਇਸ ਪ੍ਰਿੰਸੀਪਲ ਤੋਂ ਕਿਉਂ ਇਤਨਾ ਡਰਦਾ ਸੀ। ਉਸ ਨੂੰ ਹਰ ਕੰਮ ਇਉਂ ਲਗਦਾ ਜਿਵੇਂ ਉਹ ਜੁਰਮ ਕਰ ਰਿਹਾ ਹੋਵੇ। ਉਹੀ ਨਹੀਂ, ਸਾਰੇ ਕਾਲਜ ਦੇ ਟੀਚਰਾਂ ਤੇ ਕਲਰਕਾਂ ਉਤੇ ਇਸ ਪ੍ਰਿੰਸੀਪਲ ਦਾ ਰੁਹਬ ਸੀ। ਉਸ ਨੇ ਇਸ ਢਿੱਲੇ ਕਾਲਜ ਦੇ ਸ਼ਿਕੰਜੇ ਕੱਸ ਦਿੱਤੇ ਸਨ। ਹਰ ਟੀਚਰ ਵਕਤ ਸਿਰ ਆਉਂਦਾ ਤੇ ਪੂਰਾ ਵਕਤ ਪੜ੍ਹਾਉਂਦਾ। ਮਜਾਲ ਹੈ ਕੋਈ ਮੁੰਡਾ ਕੁਸਕ ਜਾਵੇ। ਇਕ ਵਾਰ ਮੁੰਡਿਆਂ ਨੇ ਹੜਤਾਲ ਕਰ ਦਿੱਤੀ, ਇਸ਼ਤਿਹਾਰ ਲਾਏ, ਪ੍ਰਿੰਸੀਪਲ ਦੀ ਅਰਥੀ ਕੱਢੀ। ਪਰ ਪੰਜ ਦਿਨਾਂ ਪਿਛੋਂ ਫਿਰ ਸਾਰੇ ਮੁਆਫ਼ੀ ਮੰਗ ਕੇ ਕਾਲਜ ਵਿਚ ਆ ਗਏ। ਟੀਚਰ ਚੂਹਿਆਂ ਵਾਂਗੂੰ ਮੀਟਿੰਗਾਂ ਕਰਦੇ, ਪਰ ਕਿਸੇ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਪ੍ਰਿੰਸੀਪਲ ਦੇ ਕਰੜੇ ਨਿਯਮ ਨੂੰ ਤੋੜ ਸਕੇ ਜਾਂ ਅੱਗੇ ਬੋਲ ਸਕੇ। ਸਭ ਉਸ ਅੱਗੇ ਝੁਕ ਗਏ। ਇਸ ਝੁਕਣ ਦਾ ਇਹ ਨਤੀਜਾ ਹੋਇਆ ਕਿ ਉਹ ਉਨ੍ਹਾਂ ਨੂੰ ਹੋਰ ਵੀ ਜ਼ਿਆਦਾ ਝੁਕਾਉਣ ਲੱਗਾ। ਹੋਰ ਵੀ ਨੀਵਾਂ ਦਿਖਾਉਣ ਤੇ ਜ਼ਲੀਲ ਕਰਨ ਵਿਚ ਸੁਆਦ ਲੈਣ ਲੱਗਾ।

ਜਦੋਂ ਪ੍ਰਿੰਸੀਪਲ ਤਿੰਨ ਦਿਨਾਂ ਪਿਛੋਂ ਦੌਰੇ ਤੋਂ ਵਾਪਿਸ ਆਇਆ ਤਾਂ ਉਸ ਨੇ ਗ਼ਰੀਬੂ ਨੂੰ ਆਪਣੇ ਦਫ਼ਤਰ ਵਿਚ ਬੁਲਾਇਆ। ਉਸ ਦੇ ਦੋ ਪਿੱਠੂ ਕਲਰਕਾਂ ਨੇ ਉਸ ਨੂੰ ਦੱਸ ਦਿੱਤਾ ਸੀ ਕਿ ਗ਼ਰੀਬੂ ਨੇ ਉਸ ਦੀ ਗ਼ੈਰ-ਹਾਜ਼ਰੀ ਵਿਚ ਗਾਂ ਉਸੇ ਤਰ੍ਹਾਂ ਰਖੀ ਹੋਈ ਹੈ, ਘਾਹ ਉਸੇ ਤਰ੍ਹਾਂ ਚੁੱਕ ਕੇ ਲੈ ਜਾਂਦਾ ਹੈ ਤੇ ਕੰਮ ਉਤੇ ਵੀ ਲੇਟ ਆਉਂਦਾ ਹੈ।

ਗ਼ਰੀਬੂ ਉਸ ਵੇਲੇ ਧੁੱਪ ਵਿਚ ਘਾਹ ਕੱਟ ਰਿਹਾ ਸੀ। ਲੰਮੀ ਚਮਕਦੀ ਕਾਤੀ ਉਤੇ ਸਾਵੀ ਘਾਹ ਦੀ ਪਾਣ ਚੜ੍ਹੀ ਹੋਈ ਸੀ। ਪ੍ਰਿੰਸੀਪਲ ਦਾ ਹੁਕਮ ਸੁਣ ਕੇ ਉਹ ਦੌੜਦਾ ਹੋਇਆ ਆਇਆ ਤੇ ਡਰਦਾ-ਡਰਦਾ ਚਿਕ ਚੁੱਕ ਕੇ ਅੰਦਰ ਦਾਖ਼ਿਲ ਹੋਇਆ।

ਪ੍ਰਿੰਸੀਪਲ ਨੇ ਕੜਕ ਕੇ ਆਖਿਆ, "ਤੂੰ ਬਾਜ਼ ਨਹੀਂ ਆਉਂਦਾ ਹਰਾਮਖ਼ੋਰ ! ਫਿਰ ਆਪਣੀ ਮਾਂ ਨੂੰ ਕਿੱਲੇ ਨਾਲ ਬੰਨ੍ਹ ਲਿਆ ? ਤੂੰ ਇਥੇ ਰਹਿਣਾ ਏਂ ਕਿ ਨਹੀਂ ? ਮੈਨੂੰ ਤੇਰੇ ਵਰਗੇ ਮਾਲੀ ਦੀ ਲੋੜ ਨਹੀਂ। ਜਾਹ, ਅੱਜ ਤੋਂ ਤੇਰੀ ਛੁੱਟੀ !"

ਗ਼ਰੀਬੂ ਦਾ ਚਿਹਰਾ ਉਤਰ ਗਿਆ। ਉਸ ਨੇ ਮਿੰਨਤ ਨਾਲ ਆਖਿਆ, "ਮਹਾਰਾਜ, ਵੀਹ ਸਾਲ ਇਥੋਂ ਦੀ ਖ਼ਿਦਮਤ ਕੀਤੀ ਹੈ। ਏਨਾ ਜ਼ੁਲਮ ਨਾ ਕਰੋ।"

ਉਸ ਨੇ ਹਾੜ੍ਹੇ ਕੱਢੇ, ਪਰ ਪ੍ਰਿੰਸੀਪਲ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਸੀ। ਉਸ ਨੇ ਦੁਹਾਈ ਦਿੱਤੀ, ਤਰਲੇ ਕੀਤੇ ਤੇ ਗਿੜਗਿੜਾ ਕੇ ਮੁਆਫ਼ੀਆਂ ਮੰਗੀਆਂ। ਜਿਤਨਾ ਉਹ ਨੀਵਾਂ ਹੁੰਦਾ ਗਿਆ, ਪ੍ਰਿੰਸੀਪਲ ਉਤਨਾ ਹੀ ਸਖ਼ਤ—ਜਿਵੇਂ ਗਿੱਲੀ ਗੰਢ ਹੋਰ ਖਿੱਚਣ ਨਾਲ ਹੋਰ ਪੱਕੀ ਹੋ ਜਾਵੇ।

ਆਖ਼ਿਰ ਉਸ ਨੇ ਪ੍ਰਿੰਸੀਪਲ ਦੇ ਪੈਰ ਫੜ ਲਏ, "ਮੇਰਾ ਕਸੂਰ ਮੁਆਫ਼ ਕਰੋ। ਅੱਗੇ ਤੋਂ ਅਜਿਹਾ ਨਹੀਂ ਹੋਵੇਗਾ।"

ਉਸ ਨੇ ਗਿੱਲੀਆਂ ਅੱਖਾਂ ਨਾਲ ਪ੍ਰਿੰਸੀਪਲ ਵਲ ਦੇਖਿਆ। ਉਨ੍ਹਾਂ ਵਿਚ ਰਹਿਮ ਦੀਆਂ ਦਰਖ਼ਾਸਤਾਂ ਸਨ। ਉਹ ਹੀਣਤਾ ਦਾ ਰੂਪ ਸੀ, ਧਰਤੀ ਦਾ ਨਿੱਕਾ ਜਿਹਾ ਕੀੜਾ, ਜੀ-ਜੀ ਕਰਨ ਵਾਲ ਤੁੱਛ ਜੀਵ।

ਪ੍ਰਿੰਸੀਪਲ ਬੋਲਿਆ, "ਮੈਂ ਜਾਣਦਾ ਹਾਂ ਤੈਨੂੰ, ਹਰਾਮੀ ਕਿਸੇ ਥਾਂ ਦਾ !"

ਗ਼ਰੀਬੂ ਬੋਲਿਆ, "ਸਾਹਬ ਗਾਲ੍ਹ ਨਾ ਕੱਢੋ। ਤੁਸੀਂ ਵੱਡੇ ਆਦਮੀ ਹੋ, ਪਰ ਮੈਂ ਵੀ ਇੱਜ਼ਤ ਵਾਲਾ ਹਾਂ।"

ਪ੍ਰਿੰਸੀਪਲ ਭੜਕਿਆ, "ਉੱਲੂ ਦੇ ਪੱਠੇ, ਸਾਹਮਣੇ ਬੋਲਦੈਂ ?"

"ਤੁਸੀਂ ਫਿਰ ਗਾਲ੍ਹ ਕੱਢ ਰਹੇ ਹੋ। ਮੈਂ ਭਾਵੇਂ ਨੀਵਾਂ ਹਾਂ, ਗ਼ਰੀਬ ਹਾਂ, ਪਰ ਗਾਲ੍ਹ ਨਹੀਂ ਸਹਾਂਗਾ !"

ਪ੍ਰਿੰਸੀਪਲ ਗਰਜਿਆ, "ਖ਼ਬਰਦਾਰ ਜੇ ਜ਼ਬਾਨ ਚਲਾਈ। ਹਰਾਮਜ਼ਾਦੇ ! ਮਾਦਰ...!"

ਗ਼ਰੀਬੂ ਨੇ ਤੜਪ ਕੇ ਆਖਿਆ, "ਮਾਂ-ਭੈਣ ਸਭ ਦੀ ਬਰਾਬਰ ਹੁੰਦੀ ਹੈ। ਤੁਹਾਡੇ ਘਰ ਵੀ ਮਾਂ ਤੇ ਭੈਣ..."

ਪ੍ਰਿੰਸੀਪਲ ਆਪੇ ਤੋਂ ਬਾਹਰ ਹੋ ਗਿਆ ਤੇ ਪੰਜ-ਸਤ ਹੋਰ ਗ਼ਰਮ-ਗ਼ਰਮ ਗਾਲ੍ਹਾਂ ਸੁਣਾਈਆਂ ਤੇ ਆਖਿਆ, "ਨਿਕਲ ਜਾ ! ਅੱਜ ਤੋਂ ਤੇਰੀ ਛੁੱਟੀ !"

"ਛੁੱਟੀ" ਸ਼ਬਦ ਨੇ ਗ਼ਰੀਬੂ ਦੀਆਂ ਸ਼ਕਤੀਆਂ ਦੀ ਛੁੱਟੀ ਕਰ ਦਿੱਤੀ। ਉਸ ਦੀ ਨੌਕਰੀ ਖ਼ਤਮ। ਘਾਹ ਦਾ ਮੈਦਾਨ ਤੇ ਕੁਆਟਰ ਖ਼ਤਮ, ਉਸ ਦੀ ਹੋਂਦ ਖ਼ਤਮ। "ਛੁੱਟੀ" ਸ਼ਬਦ ਚੰਗਿਆੜੇ ਵਾਂਗ ਭੜਕਿਆ ਤੇ ਉਸ ਦੇ ਮਨ ਅੰਦਰ ਖਿੰਡ ਗਿਆ। ਜਿਵੇਂ ਘਾਹ ਨੂੰ ਅੱਗ ਲਗ ਗਈ ਹੋਵੇ। ਉਸ ਦੀਆਂ ਗਿੱਲੀਆਂ ਅੱਖਾਂ ਵਿਚ ਹਰੀ ਰੌਸ਼ਨੀ ਹਿੱਲਣ ਲੱਗੀ।

ਉਸ ਨੇ ਨਫ਼ਰਤ ਨਾਲ ਪ੍ਰਿੰਸੀਪਲ ਨੂੰ ਦੇਖਿਆ ਜਿਵੇਂ ਕੋਈ ਉਚੇ ਟਿੱਲੇ ਤੋਂ ਕਿਸੇ ਹੇਠਾਂ ਖੜੇ ਆਦਮੀ ਨੂੰ ਦੇਖਦਾ ਹੈ। ਕ੍ਰੋਧ ਨਾਲ ਉਸ ਦਾ ਚਿਹਰਾ ਤਮਤਮਾਇਆ, ਬੁੱਲ੍ਹ ਫੜਕੇ, ਤੇ ਉਹ ਲੰਮੀ ਕਾਤੀ ਚੁੱਕ ਕੇ ਗਰਜਿਆ, "ਲੈ ਫਿਰ ਤੇਰੀ ਵੀ ਛੁੱਟੀ !" ਇਕੋ ਝਟਕੇ ਨਾਲ ਪ੍ਰਿੰਸੀਪਲ ਦਾ ਸਿਰ ਲੱਥ ਗਿਆ ਤੇ ਖ਼ੂਨ ਦਾ ਫਵਾਰਾ ਛੁੱਟ ਪਿਆ। ਕਾਤੀ ਦੀ ਹਰੀ ਪਾਣ ਉਤੇ ਲਹੂ ਦੀ ਸੁਰਖ਼ ਪਾਣ ਚੜ੍ਹ ਗਈ।

ਸਾਰਾ ਕਾਲਜ ਇਕੱਠਾ ਹੋ ਗਿਆ। ਪੁਲਿਸ ਆ ਗਈ ਤੇ ਗ਼ਰੀਬੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਕੱਦਮਾ ਚਲਿਆ। ਛੇ ਮਹੀਨੇ ਗੁਆਹੀਆਂ ਭੁਗਤਦੀਆਂ ਰਹੀਆਂ।

ਸਭ ਨੂੰ ਹੈਰਾਨੀ ਹੋਈ ਜਦੋਂ ਛੇ ਮਹੀਨੇ ਪਿੱਛੋਂ ਗ਼ਰੀਬੂ ਬਰੀ ਹੋ ਕੇ ਵਾਪਸ ਆ ਗਿਆ ਤੇ ਮੁੜ ਵੱਡੀ ਗਰਾਊਂਡ ਵਿਚ ਘਾਹ ਕੱਟਣ ਲੱਗਾ।

## 25

# ਦਾਨੋ

ਬਾਲਕ ਬਾਹਮਣ ਦੇ ਪੰਜ ਪੁੱਤ ਸਨ। ਪੰਜੇ ਵਾਰੀ-ਵਾਰੀ ਪਾਗਲ ਹੋਏ।

ਬਾਲਕ ਰਾਮ ਪਿੰਡ ਦਾ ਪਰੋਹਤ ਸੀ। ਮੈਲੀ-ਚਿੱਕੜ ਪੱਗ, ਉਲਝੀ ਹੋਈ ਲੰਮੀ ਦਾੜ੍ਹੀ, ਲਾਲ ਕੰਨੀ ਵਾਲੀ ਉੱਚੀ ਧੋਤੀ ਤੇ ਨੰਗੇ ਪੈਰਾਂ ਵਿਚ ਬਿਆਈਆਂ। ਜਦੋਂ ਪਿੰਡ ਵਿਚ ਕਿਸੇ ਬੁੱਢੇ-ਠੇਰੇ ਦਾ ਮਰਨਾ ਹੁੰਦਾ ਤਾਂ ਬਾਲਕ ਰਾਮ ਨੂੰ ਕੋਰੀ ਮਲਮਲ ਦੀ ਚਿੱਟੀ ਪੱਗ ਮਿਲਦੀ। ਇਹ ਪੱਗ ਪੰਦਰਾਂ-ਵੀਹਾਂ ਦਿਨਾਂ ਪਿੱਛੋਂ ਫਿਰ ਮੈਲੀ-ਚਿੱਕੜ ਹੋ ਜਾਂਦੀ।

ਉਹ ਸਾਰਾ ਦਿਨ ਦਰਵਾਜ਼ੇ ਵਿਚ ਮੁੰਜ ਦੀ ਪਲੂੰਘੜੀ ਉਤੇ ਬੈਠਾ ਕਲੀ ਪੀਂਦਾ। ਪਿੰਡ ਵਿਚ ਆਉਂਦੇ ਸਾਰੇ ਪਰਾਹੁਣਿਆਂ ਦੀ ਉਸ ਨੂੰ ਪਛਾਣ ਸੀ। ਉਸੇ ਨੇ ਬਹੁਤਿਆਂ ਦੇ ਫੇਰੇ ਪੜ੍ਹਾਏ ਸਨ।

ਉਸ ਦੇ ਸਭ ਤੋਂ ਵੱਡੇ ਪੁੱਤ ਦਾ ਨਾਂ ਜੋਤ ਰਾਮ ਸੀ ਕਿਉਂਕਿ ਉਸ ਦਿਨ ਪਹਿਲੀ ਵਾਰ ਉਸ ਦੇ ਘਰ ਜੋਤ ਜਗੀ ਸੀ। ਸਭ ਤੋਂ ਛੋਟੇ ਪੁੱਤ ਦਾ ਨਾਂ ਸੀ, ਪੂਰਨ ਚੰਦ। ਜਿਸ ਦਿਨ ਪੂਰਨ ਜੰਮਿਆਂ, ਉਸ ਦਿਨ ਉਨ੍ਹਾਂ ਦਾ ਦਾਦਾ ਪੂਰਾ ਹੋਇਆ ਸੀ। ਪਹਿਲੇ ਚਾਰ ਪੁੱਤਾਂ ਨੂੰ ਤਾਂ ਪਾਗਲਪਣ ਦਾ ਦੌਰਾ ਪੰਦਰ੍ਹਵੇਂ-ਸੋਲ੍ਹਵੇਂ ਵਰ੍ਹੇ ਵਿਚ ਪੈਂਦਾ ਰਿਹਾ, ਪਰ ਪੂਰਨ ਚੰਦ ਜਮਾਂਦਰੂ ਗੂੰਗਾ ਤੇ ਪਾਗਲ ਸੀ।

ਬਾਲਕ ਰਾਮ ਦੀ ਘਰਵਾਲੀ ਗਣੇਸ਼ੀ ਬਹੁਤ ਸੋਧਣ ਸੀ—ਮਧਰੇ ਕੱਦ ਦੀ, ਫੁੜਕੀ ਜਿਹੀ ਜ਼ਨਾਨੀ। ਉਹ ਸਾਰੇ ਘਰੀਂ ਹਿੰਦੇ ਲੈਂਦੀ ਤੇ ਆਪਣੇ ਜਜਮਾਨਾਂ ਤੋਂ ਰੋਟੀਆਂ ਇਕੱਠੀਆਂ ਕਰਦੀ ਫਿਰਦੀ। ਪੰਜਾਂ ਪੁੱਤਾਂ ਨੂੰ ਉਸ ਨੇ ਜਜਮਾਨਾਂ ਦੇ ਨਿਉਤਿਆਂ ਤੇ ਸ਼ਰਾਧਾਂ ਦੇ ਆਸਰੇ ਹੀ ਪਾਲਿਆ। ਉਸ ਦਾ ਘਰਵਾਲਾ ਤਾਂ ਸਿਰਫ਼ ਕਲੀ ਪੀਣ ਤੇ ਆਸ਼ੀਰਵਾਦ ਦੇਣ ਦਾ ਕੰਮ ਹੀ ਕਰਦਾ ਸੀ।

ਗਣੇਸ਼ੀ ਨੇ ਸਾਰੀ ਉਮਰ ਖ਼ਰਾਸ ਤੋਂ ਆਟਾ ਨਹੀਂ ਸੀ ਪਿਸਵਾਇਆ; ਖ਼ੁਦ ਚੱਕੀ ਝੋ ਕੇ ਆਟਾ ਪੀਂਹਦੀ। ਪਿੰਡ ਦੇ ਖੂਹ ਤੋਂ ਝਿਊਰਾਂ ਦੇ ਹੱਥ ਦਾ ਪਾਣੀ ਨਹੀਂ

ਸੀ ਪੀਤਾ; ਪਿੱਤਲ ਦੇ ਨਿੱਕੇ ਡੋਲ ਨਾਲ ਖ਼ੁਦ ਪਾਣੀ ਭਰਦੀ । ਜਦੋਂ ਦੀ ਉਹ ਮਾਂਗਵੇਂ ਰੱਥ ਵਿਚ ਬੈਠ ਕੇ ਵਿਆਹੀ ਆਈ ਸੀ, ਉਹ ਪਿੰਡੋਂ ਬਾਹਰ ਨਹੀਂ ਸੀ ਗਈ । ਉਸ ਦੀ ਵਧ ਤੋਂ ਵਧ ਮਾਰ ਦੇਵੀ ਵਾਲੇ ਜੰਡ ਤੀਕ ਸੀ ਜਿਥੇ ਉਹ ਬਾਹਸੜੀਏ ਤੇ ਕਰੂਏ ਨੂੰ ਗੁਲਗੁਲੇ ਤੇ ਭੁੱਗਾ ਚੜ੍ਹਾਉਣ ਜਾਂਦੀ ।

ਜਦੋਂ ਉਹ ਸੱਤ੍ਹਰ ਸਾਲ ਦੀ ਹੋਈ ਤਾਂ ਉਸ ਨੇ ਅੱਧ-ਕੁੰਭੀ ਦੀ ਯਾਤਰਾ ਦੀ ਇੱਛਾ ਪ੍ਰਗਟ ਕੀਤੀ ।

ਬਾਲਕ ਰਾਮ ਨੇ ਕਲੀ ਦਾ ਘੁੱਟ ਭਰ ਕੇ ਆਖਿਆ, "ਸੌ ਕੁੰਭਾਂ ਦਾ ਪੁੰਨ ਤਾਂ ਪਤੀ-ਸੇਵਾ ਵਿਚ ਐ । ਕਮਲੀਏ, ਹੁਣ ਤਾਂ 'ਕੱਠੇ ਈ 'ਸ਼ਨਾਨ ਕਰਾਂਗੇ ।"

ਗਣੇਸ਼ੀ ਨੇ ਜ਼ਿੱਦ ਕੀਤੀ ਤੇ ਆਪਣੇ ਗੱਭਰੂ ਪੁੱਤਾਂ ਅੱਗੇ ਵਾਸਤਾ ਪਾਇਆ । ਪੰਜਾਂ ਭਰਾਵਾਂ ਨੇ ਸਲਾਹ ਕਰਕੇ ਜੋਤ ਰਾਮ ਨੂੰ ਉਸ ਦੇ ਨਾਲ ਅੱਧ-ਕੁੰਭੀ ਦੇ ਮੇਲੇ ਉਤੇ ਤੋਰ ਦਿੱਤਾ ।

ਸੱਤਵੇਂ ਦਿਨ ਜੋਤ ਰਾਮ ਹੱਥ ਝਾੜ ਕੇ ਹਰਦਵਾਰ ਤੋਂ ਇਕੱਲਾ ਹੀ ਪਿੰਡ ਆ ਵੜਿਆ । ਉਸ ਨੇ ਰੋ ਕੇ ਆਖਿਆ, "ਬੇਬੇ ਤਾਂ ਖੋਈ ਗਈ !"

ਬਾਲਕ ਰਾਮ ਦੇ ਮੂੰਹ ਵਿਚੋਂ ਨੜੀ ਛੁੱਟ ਗਈ । ਚਾਰ ਭਰਾਵਾਂ ਨੇ ਜੋਤ ਰਾਮ ਨਾਲ ਬਹੁਤ ਕੁਪੱਤ ਕੀਤੀ । ਸਭ ਤੋਂ ਛੋਟੇ ਗੂੰਗੇ ਪੂਰਨ ਨੇ ਪਿੱਤਲ ਦਾ ਗਲਾਸ ਚੁੱਕ ਕੇ ਮਾਰਿਆ ਤੇ ਫਿਰ ਬੂਹਕਨ ਲੱਗਾ । ਬਾਲਕ ਰਾਮ ਦੇ ਹੁੰਦੇ-ਸੁੰਦੇ ਪੰਜੇ ਯਤੀਮ ਹੋ ਗਏ ।

ਕਈ ਮਹੀਨੇ ਉਨ੍ਹਾਂ ਨੇ ਮਾਂ ਨੂੰ ਉਡੀਕਿਆ, ਪੁਲਿਸ ਵਿਚ ਰਪਟ ਲਿਖਾਈ, ਪਰ ਉਸ ਦਾ ਕੁਝ ਪਤਾ ਨਾ ਲੱਗਾ । ਅਖ਼ੀਰ ਸਬਰ ਕਰਕੇ ਬੈਠ ਗਏ ਕਿ ਬੁੱਢੀ ਮਾਂ ਗੰਗਾ ਦੀ ਭੇਟਾ ਚੜ੍ਹ ਗਈ ।

ਬੰਤੂ ਸੁਨਿਆਰ ਨੇ ਆਖਿਆ, "ਚਲੋ ਚੰਗਾ ਹੋਇਆ ਪਰੋਹਤਣੀ ਦੀ ਸੱਧਰ ਪੂਰੀ ਹੋ ਗਈ । ਜੇ ਇਥੇ ਮਰ ਜਾਂਦੀ ਤਾਂ ਉਸ ਦੇ ਫੁੱਲ ਕਿਸ ਨੇ ਗੰਗਾ ਲੈ ਕੇ ਜਾਣੇ ਸਨ ।"

ਬੁੱਢੀ ਦੇ ਚਲੇ ਜਾਣ ਪਿਛੋਂ ਸਾਰਾ ਘਰ ਖਿੰਡ ਗਿਆ । ਨਾ ਕੋਈ ਝਾੜੂ ਦੇਣ ਵਾਲਾ ਨਾ ਚੌਂਕਾ ਸਾਂਭਣ ਵਾਲਾ । ਪੰਜੇ ਭਰਾ ਰਲ ਕੇ ਰੋਟੀ ਪਕਾਉਂਦੇ ਤੇ ਅੱਧ-ਜਲੀਆਂ ਮੰਨੀਆਂ ਉਤੇ ਲੂਣ-ਮਿਰਚ ਭੁੱਕ ਕੇ ਹੀ ਗੁਜ਼ਾਰਾ ਕਰਦੇ । ਚੁੱਲ੍ਹਾ ਝੋਂਕਣ ਲੱਗੇ ਕਿਸੇ ਦੇ ਹੱਥ ਨੂੰ ਆਟਾ ਚੰਬੜਿਆ ਹੁੰਦਾ ਤੇ ਕਿਸੇ ਦੇ ਸਿਰ ਉਤੇ ਸੁਆਹ ਪਈ ਹੁੰਦੀ । ਬਾਲਕ ਰਾਮ ਬੈਠਾ ਕਲੀ ਪੀਂਦਾ ਤੇ ਮੁੰਡਿਆਂ ਨੂੰ ਕੋਸਦਾ ਜਿਨ੍ਹਾਂ ਨੇ ਉਸ ਦਾ ਘਰ ਉਜਾੜ ਦਿੱਤਾ ਸੀ ।

ਪਿੰਡ ਦੇ ਲੋਕ ਮੁੰਡਿਆਂ ਨੂੰ ਚਹੇਡਾਂ ਕਰਦੇ ਕਿ ਉਹ ਹੁਣ ਬੁੱਢੇ ਨੂੰ ਵਿਆਹ ਲੈਣ ਤੇ ਕੋਈ ਨਵੀਂ ਮਾਂ ਲੈ ਆਉਣ । ਖੁੰਢਾਂ ਉਤੇ ਬੈਠੇ ਜੱਟ ਟਿੱਚਰਾਂ ਕਰਦੇ, "ਪਰੋਹਤਾ, ਤੂੰ ਸਾਰੇ ਪਿੰਡ ਦੇ ਫੇਰੇ ਕਰਾ ਦਿੱਤੇ ਕਿਸੇ ਆਪਣੇ ਮੁੰਡੇ ਦਾ ਵੀ ਵਿਆਹ ਕਰਾ ਦੇ ।" ਤੀਵੀਆਂ ਕਈ ਵਾਰ ਮਸ਼ਕਰੀ ਕਰਦੀਆਂ, "ਵਿਚਾਰੇ ਮੁੰਡੇ ਨਿਰੇ ਲੋਲ੍ਹੜ ਨੇ । ਘਰ ਵਿਚ ਤੀਵੀਂ ਹੋਵੇ ਤਾਂ ਪੱਕੀ-ਪਕਾਈ ਮਿਲੇ ।"



ਇਕ ਦਿਨ ਲੋਕਾਂ ਨੇ ਦੇਖਿਆ ਬਾਹਮਣਾਂ ਦੇ ਚੌਂਕੇ ਵਿਚ ਪੱਕੀ ਉਮਰ ਦੀ ਨਿੱਗਰ ਸਰੀਰ ਵਾਲੀ ਇਕ ਤੀਵੀਂ ਬੈਠੀ ਫੁਲਕੇ ਰਾੜ੍ਹ ਰਹੀ ਸੀ ਅਤੇ ਪੰਜ ਭਰਾ ਤੇ ਬਾਲਕ ਰਾਮ ਬੈਠੇ ਦਾਲ ਨਾਲ ਰੋਟੀ ਖਾ ਰਹੇ ਸਨ । ਕਿਸੇ ਨੇ ਇਹ ਸਵਾਲ ਨਹੀਂ ਪੁੱਛਿਆ ਕਿ ਉਹ ਤੀਵੀਂ ਕਿਥੋਂ ਲੈ ਆਏ ਸਨ । ਸਗੋਂ ਸਭਨਾਂ ਨੇ ਹਮਦਰਦੀ ਨਾਲ ਇਹੋ ਆਖਿਆ, "ਸ਼ੁਕਰ ਐ, ਵਿਚਾਰੇ ਬਾਹਮਣਾਂ ਦਾ ਘਰ ਵੀ ਵੱਸ ਗਿਆ ।"

ਛੇਤੀ ਹੀ ਸਾਰੇ ਪਿੰਡ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਗਣੇਸ਼ੀ ਦੇ ਖੋਏ ਜਾਣ ਪਿਛੋਂ ਪੁੱਤਾਂ ਨੇ ਉਸ ਦੇ ਪੁਰਾਣੇ ਸੰਦੂਕ ਤੇ ਪਟਿਆਰ ਫਰੋਲੇ । ਇਨ੍ਹਾਂ ਵਿਚੋਂ ਜੋ ਟੂਮ-ਛੱਲਾ ਤੇ ਨਕਦੀ ਮਿਲੀ, ਉਸ ਨਾਲ ਉਹ ਬੀਕਾਨੇਰ ਦੇ ਇਲਾਕੇ ਤੋਂ ਇਕ ਬਾਗਰੋ ਮੁੱਲ ਲੈ ਆਏ ਸਨ ।

ਇਸ ਬਾਗਰੋ ਨੇ ਮੱਥੇ ਉਤੇ ਚਾਂਦੀ ਦਾ ਲੋਟਨ ਤੇ ਪੈਰੀਂ ਬਾਂਕਾਂ ਪਾਈਆਂ ਹੋਈਆਂ ਸਨ । ਰੰਗ ਤਪੇ ਹੋਏ ਤਾਂਬੇ ਵਰਗਾ, ਗੱਲ੍ਹਾਂ ਉਤੇ ਛਾਹੀਆਂ ਤੇ ਅੰਗ ਸਡੌਲ । ਉਸ ਦੀ ਸ਼ਕਲ ਵਿਚ ਇਕ ਮਜ਼ਬੂਤੀ ਤੇ ਅੱਖੜ ਕਸ਼ਿਸ਼ ਸੀ । ਉਸ ਦਾ ਨਾਂ ਸੀ ਦਾਨੋ ।

ਦਾਨੋ ਅੱਠ-ਦਸ ਦਿਨਾਂ ਦੇ ਅੰਦਰ ਹੀ ਘਰ ਵਿਚ ਰਚ ਗਈ । ਉਸ ਦੀ ਸ਼ਖ਼ਸੀਅਤ ਦੇ ਦਬਦਬੇ ਨਾਲ ਘਰ ਵਿਚ ਸਫ਼ਾਈ ਤੇ ਉਤਸ਼ਾਹ ਜਾਗ ਪਿਆ । ਪੰਜੇ ਭਰਾ ਮੂਹਰੇ ਹੋ ਕੇ ਕੰਮ ਕਰਨ ਲੱਗ ਪਏ । ਖ਼ਸਤਾ ਘਰ ਨੂੰ ਸਭ ਨੇ ਰਲ ਕੇ ਲਿੱਪਿਆ-ਪੋਚਿਆ । ਸਾਰੇ ਭਰਾ ਦਾਨੋ ਦੇ ਆਕਰਸ਼ਣ ਨਾਲ ਸਿੱਧੇ ਹੋ ਗਏ ਸਨ । ਹਰ ਇਕ ਇਹੋ ਸਮਝਦਾ ਸੀ ਕਿ ਉਹ ਆਪਣੀ ਘਰਵਾਲੀ ਲਈ ਕੰਮ ਕੂਰ ਰਿਹਾ ਹੈ । ਦਾਨੋ ਵਿਚ ਇਸਤਰੀ ਦੀ ਆਦਿ-ਸ਼ਕਤੀ ਸੀ । ਉਸ ਨੇ ਪੰਜਾਂ ਭਰਾਵਾਂ ਦੇ ਵੇਗ ਨੂੰ ਨੱਥ ਲਿਆ ।

ਬਾਲਕ ਰਾਮ ਵਿਚ ਵੀ ਵਧੇਰੇ ਫੁਰਤੀ ਆ ਗਈ ਸੀ । ਉਹ ਹੁਣ ਦਿਨ ਵਿਚ ਤਿੰਨ ਵਾਰੀ ਕਲੀ ਦਾ ਪਾਣੀ ਬਦਲਦਾ ।

ਬਾਲਕ ਰਾਮ ਨੇ ਟਿੱਬਿਆਂ ਉਤੇ ਦੋ ਸੌ ਵਿਘੇ ਜ਼ਮੀਨ ਸੂਬੇਦਾਰ ਤੋਂ ਵਟਾਈ ਉਤੇ ਲੈ ਲਈ ਤੇ ਪੁੱਤਾਂ ਨੂੰ ਵਾਹੀ ਕਰਨ ਲਈ ਆਖਿਆ । ਸਾਰੇ ਪਿੰਡ ਨੇ ਮਖ਼ੌਲ ਉਡਾਇਆ ਕਿਉਂਕਿ ਇਥੇ ਕਦੇ ਕੁਝ ਨਹੀਂ ਉਗਿਆ । ਇਨ੍ਹਾਂ ਟਿੱਬਿਆਂ ਦੇ ਲਾਗੇ ਇਕ ਥੇਹ ਸੀ, ਜਿਥੇ ਰਾਤ ਵੇਲੇ ਗਿੱਦੜ ਬੋਲਦੇ ਸਨ ।

ਪੰਜਾਂ ਭਰਾਵਾਂ ਨੇ ਕਮਲ-ਜੁੱਟ ਵਿਚ ਮਿਹਨਤ ਕੀਤੀ । ਰੱਬ ਦੀ ਕਰਨੀ ਕਿ ਉਸ ਸਾਲ ਬਹੁਤ ਮੀਂਹ ਪਏ । ਨਹਿਰੀ ਖੇਤਾਂ ਵਿਚ ਹੜ੍ਹ ਆ ਗਏ ਤੇ ਫ਼ਸਲਾਂ ਮਾਰੀਆਂ ਗਈਆਂ । ਟਿੱਬਿਆਂ ਦੇ ਭਾਗ ਜਾਗ ਪਏ । ਅੰਤਾਂ ਦੀ ਮੂੰਗਫਲੀ ਤੇ ਬਾਜਰਾ ਉਗਿਆ ਕਿ ਬਾਹਮਣਾਂ ਤੋਂ ਸਾਂਭ ਨਾ ਹੋਇਆ ।

ਉਹੀ ਲੋਕ ਜੋ ਟਿੱਚਰਾਂ ਕਰਦੇ ਸਨ, ਆਖਣ ਲੱਗੇ, "ਇਹ ਤੀਵੀਂ ਈ ਭਾਗਾਂ ਵਾਲੀ ਐ । ਕਮਲੇ ਬਾਹਮਣਾਂ ਦੇ ਘਰ ਲੱਛਮੀ ਆ ਗਈ ।

ਕਈ ਰੜਕ ਨਾਲ ਆਖਦੇ, "ਇਨ੍ਹਾਂ ਸਿੱਧਰਿਆਂ ਤੋਂ ਕਿਹੜਾ ਸਾਂਭ ਹੋਣੀ ਐ ।"

ਲੋਕਾਂ ਦੀ ਈਰਖਾ ਤੇ ਜੱਕੜਾਂ ਦੇ ਬਾਵਜੂਦ ਦਾਨੋ ਨੇ ਸਿਆਣਪ ਨਾਲ ਕੱਚੇ ਕੋਠੇ ਦੀ ਥਾਂ ਪੱਕਾ ਘਰ ਬਣਵਾ ਲਿਆ । ਖੁਰਲੀ ਉਤੇ ਮੱਝਾਂ ਤੇ ਵਿਹੜੇ ਵਿਚ ਊਠ ਲਿਆ ਬੰਨ੍ਹਿਆ । ਟਿੱਬਿਆਂ ਵਾਲੇ ਖੇਤ ਵਿਚੋਂ ਉਨ੍ਹਾਂ ਵੀਹ ਵਿਘੇ ਜ਼ਮੀਨ ਖ਼ਰੀਦ ਕੇ

ਕੋਠਾ ਛੱਤ ਲਿਆ ਸੀ। ਚਾਰ ਭਰਾ ਹਰ ਵੇਲੇ ਖੇਤ ਰਹਿੰਦੇ ਤੇ ਇਕ ਜਣਾ ਵਾਰੀ ਸਿਰ ਘਰ ਰਹਿੰਦਾ।

ਬਾਲਕ ਰਾਮ ਪੰਜਾਂ ਪੁੱਤਾਂ ਦੀਆਂ ਜਨਮ-ਪੱਤਰੀਆਂ ਵਾਚ ਕੇ ਹਿਸਾਬ ਲਾਉਂਦਾ ਕਿ ਵਿਘਨ ਕਿਥੇ ਪੈਂਦਾ ਸੀ। ਅਖ਼ੀਰ ਉਸ ਨੇ ਇਸ ਗ੍ਰਹਿ ਨੂੰ ਟਾਲਨ ਦਾ ਉਪਾਇ ਦੱਸਿਆ ਕਿ ਦਾਨੋ ਨੂੰ ਕੱਤਕ ਦੀ ਪੂਰਨਮਾਸ਼ੀ ਉਤੇ ਗੰਗਾ ਅਸ਼ਨਾਨ ਕਰਨਾ ਚਾਹੀਦਾ ਹੈ।

ਪੰਜਾਂ ਭਰਾਵਾਂ ਨੇ ਸੋਚਿਆ ਕਿ ਜੇ ਜੋਤ ਰਾਮ ਗਿਆ ਤਾਂ ਉਸ ਪੂਰੀ ਪਾ ਕੇ ਨਹੀਂ ਮੁੜਨਾ। ਸਭ ਤੋਂ ਛੋਟੇ ਗੂੰਗੇ ਪੂਰਨ ਨੂੰ ਆਪਣੀ ਹੀ ਸੁਰਤ ਨਹੀਂ ਸੀ। ਬਾਕੀ ਤਿੰਨੇ ਆਪਸ ਵਿਚ ਝਗੜਨ ਲੱਗੇ। ਹਰ ਕੋਈ ਚਾਹੁੰਦਾ ਸੀ ਕਿ ਟੌਰਾ ਛੱਡ ਕੇ ਤੇ ਦੁਖੱਲੀ ਜੁੱਤੀ ਪਾ ਕੇ ਦਾਨੋ ਦੇ ਮੂਹਰੇ-ਮੂਹਰੇ ਤੁਰੇ। ਜਦੋਂ ਪੰਜੇ ਆਪਸ ਵਿਚ ਉਲਝ ਗਏ ਤਾਂ ਗੂੰਗਾ ਪੂਰਨ ਬੈਠ ਕੇ ਧਰਤੀ ਪਿੱਟਣ ਲੱਗਾ ਤੇ ਉਸ ਨੇ "ਆ-ਊ ਆ-ਊ" ਕਰਕੇ ਦਰਵਾਜ਼ੇ ਵਲ ਸੈਣਤ ਕੀਤੀ, ਜਿਥੇ ਬਾਲਕ ਰਾਮ ਪਲੂੰਘੜੀ ਉਤੇ ਬੈਠਾ ਕਲੀ ਪੀ ਰਿਹਾ ਸੀ। ਉਸ ਦੀਆਂ ਚਿੱਬ-ਖੜਿੱਬੀਆਂ ਦੰਦਲਾਂ ਦੇ ਗਿੱਦੜ-ਕੂਕਾਂ ਤੋਂ ਭਰਾਵਾਂ ਨੇ ਸਮਝ ਲਿਆ ਕਿ ਉਹ "ਬਾਪੂ ਬਾਪੂ" ਆਖ ਰਿਹਾ ਸੀ।

ਇਸ ਗੱਲ ਉਤੇ ਸਾਰੇ ਰਾਜ਼ੀ ਹੋ ਗਏ। ਸਭ ਨੇ ਬਾਲਕ ਰਾਮ ਨੂੰ ਦਾਨੋ ਨਾਲ ਤੀਰਥ-ਅਸ਼ਨਾਨ ਉਤੇ ਜਾਣ ਲਈ ਆਖਿਆ।

ਦਾਨੋ ਨੇ ਰਸਤੇ ਵਿਚ ਖਾਣ ਲਈ ਮਿੱਠੇ ਪਰਾਉਂਠੇ ਤੇ ਗਲਗਲ ਦਾ ਅਚਾਰ ਨਾਲ ਬੰਨ੍ਹ ਲਿਆ। ਬਾਲਕ ਰਾਮ ਨੇ ਨਵੀਂ ਚਿੱਟੀ ਪੱਗ ਤੇ ਲਾਲ ਕੰਨੀ ਵਾਲੀ ਧੋਤੀ ਬੰਨ੍ਹੀ, ਮੁੰਡਿਆਂ ਦੀਆਂ ਕੁੰਡਲੀਆਂ ਪਰਨੇ 'ਚ ਵਲ੍ਹੇਟੀਆਂ ਤੇ ਕਲੀ ਤੇ ਤਮਾਕੂ ਵਾਲੀ ਗੁਥਲੀ ਸਾਂਭੀ। ਉਸ ਨੇ ਮੁੰਡਿਆਂ ਨੂੰ ਆਸ਼ੀਰਵਾਦ ਦਿੱਤੀ ਤੇ ਦਾਨੋ ਨੂੰ ਅਸ਼ਨਾਨ ਕਰਵਾਉਣ ਹਰਦੁਆਰ ਲੈ ਗਿਆ।

ਛੇਵੇਂ ਦਿਨ ਉਹ ਮੁੜੇ ਤਾਂ ਦਾਨੋ ਹਰਿ ਕੀ ਪੌੜੀ ਦੇ ਜਲ ਦੀ ਗਾਗਰ, ਖਿੱਲਾਂ, ਪਤਾਸ਼ੇ ਤੇ ਪਾਗੀ ਹੋਈ ਤਿਲੀ ਪਰਸ਼ਾਦ ਵਜੋਂ ਲੈ ਕੇ ਆਈ। ਉਸ ਸ਼ਾਮ ਉਸ ਨੇ ਖੀਰ ਰਿੰਨ੍ਹੀ ਤੇ ਆਂਢ-ਗੁਆਂਢ ਵਿਚ ਪਰਸ਼ਾਦ ਵੰਡਿਆ।

ਅਗਲੀ ਭਾਦੋਂ ਦਾਨੋ ਨੇ ਪੁੱਤ ਜੰਮਿਆ। ਪੰਜੇ ਭਰਾ ਖ਼ੁਸ਼ ਸਨ।

ਹੁਣ ਬਾਲਕ ਰਾਮ ਦਰਵਾਜ਼ੇ ਵਿਚ ਬੈਠਾ ਨਿਰਾ ਕਲੀ ਪੀ ਕੇ ਲੋਕਾਂ ਨੂੰ ਆਸ਼ੀਰਵਾਦ ਦੇਣ ਵਿਚ ਹੀ ਦਿਨ ਨਹੀਂ ਸੀ ਲੰਘਾਉਂਦਾ, ਸਗੋਂ ਨਵੇਂ ਜੰਮੇ ਬਾਲ ਨੂੰ ਵੀ ਚਾਅ ਨਾਲ ਖਿਡਾਉਂਦਾ। ਪਲੂੰਘੜੀ ਉਤੇ ਬੈਠੇ ਨੂੰ ਹੀ ਦਾਨੋ ਰੋਟੀ ਦੀ ਥਾਲੀ ਫੜਾ ਆਉਂਦੀ।

ਜਦੋਂ ਦਾਨੋ ਦਾ ਪੁੱਤ ਪੰਜ ਸਾਲ ਦਾ ਹੋਇਆ, ਤਾਂ ਬੁੱਢੇ ਬਾਲਕ ਰਾਮ ਨੇ ਬੰਤੂ ਸੁਨਿਆਰ ਤੋਂ ਉਸ ਲਈ ਸੋਨੇ ਦੀਆਂ ਨੱਤੀਆਂ ਘੜਾ ਕੇ ਦਿੱਤੀਆਂ। ਦਾਨੋ ਨੇ ਸ਼ੀਰਨੀ ਵੰਡੀ। ਪੰਜਾਂ ਭਰਾਵਾਂ ਨੇ ਰਲ ਕੇ ਮੁੰਡੇ ਦਾ ਨਾਂ ਰੱਖਣ ਲਈ ਸਲਾਹ ਕੀਤੀ, ਪਰ ਕਿਸੇ ਨਾਂ ਉਤੇ ਫੈਸਲਾ ਨਾ ਹੋ ਸਕਿਆ।

ਉਸੇ ਸਾਲ ਬਾਲਕ ਰਾਮ ਸਰਦੀਆਂ ਵਿਚ ਬੀਮਾਰ ਪੈ ਗਿਆ। ਬਿਰਧ ਸਰੀਰ ਸੀ। ਇਕ ਵਾਰ ਮੰਜੀ ਉਤੇ ਪਿਆ ਤਾਂ ਦੁਬਾਰਾ ਨਾ ਉਠਿਆ। ਪੰਜਾਂ ਪੁੱਤਾਂ ਨੇ ਬੁੱਢੇ ਦੀ ਬਹੁਤ ਸੇਵਾ ਕੀਤੀ ਤੇ ਦਵਾ-ਦਾਰੂ ਦੀ ਕੋਈ ਕਸਰ ਨਾ ਛੱਡੀ। ਬਥੇਰੇ ਲੇਪ ਕੀਤੇ ਤੇ ਕਾੜ੍ਹੇ ਪਿਲਾਏ, ਪਰ ਉਸ ਦੀ ਹਾਲਤ ਵਿਗੜਦੀ ਗਈ।



ਇਕ ਦਿਨ ਉਸ ਦੀ ਹਾਲਤ ਬਹੁਤ ਹੀ ਖ਼ਰਾਬ ਹੋ ਗਈ। ਪਿੰਡ ਦੇ ਸਿਆਣੇ ਤੇ ਬੁੱਢੀਆਂ ਉਸ ਦੇ ਸਿਰਹਾਣੇ ਆ ਜੁੜੇ। ਉਸ ਦੀਆਂ ਨਬਜ਼ਾਂ ਛੁਟਦੀਆਂ ਦੇਖ ਕੇ ਨੰਬਰਦਾਰ ਨੇ ਪੁੱਛਿਆ, "ਪਰੋਹਤਾ, ਮੁੰਡਿਆਂ ਖ਼ਾਤਰ ਕੋਈ ਗੱਲ ਕਹਿਣੀ ਐ?"

ਬਾਲਕ ਰਾਮ ਨੇ ਫੁੱਲੀ ਹੋਈ ਜੀਭ ਬੁੱਲ੍ਹਾਂ ਉਤੇ ਫੇਰੀ ਤੇ ਉਖੜਵੇਂ ਸਾਹ ਵਿਚ ਆਖਿਆ, "ਭਾਈ...ਵੱਡੇ ਮੁੰਡੇ ਤਾਂ ਸਾਰੇ ਉਡਾਰ ਨੇ, ਮੈਨੂੰ ਤਾਂ ਛੋਟੇ ਦਾ ਫ਼ਿਕਰ ਐ। ਟਿੱਬਿਆਂ ਵਾਲਾ ਖੇਤ ਤੇ ਇਹ ਘਰ ਮੈਂ ਛੋਟੇ ਪੁੱਤ ਦੇ ਨਾਂ ਕਰਦਾ ਆਂ..."

ਕੋਲ ਬੈਠੇ ਹਟਵਾਣੀਏ ਨੇ ਪੱਕੇ ਕਾਗ਼ਜ਼ ਉਤੇ ਉਸ ਦੀ ਅੰਤਮ ਇੱਛਾ ਲਿਖੀ। ਬਾਲਕ ਰਾਮ ਤੋਂ ਅੱਗੇ ਨਾ ਬੋਲ ਹੋਇਆ। ਨੰਬਰਦਾਰ ਨੇ ਝਟਪਟ ਉਸ ਦਾ ਅੰਗੂਠਾ ਲਵਾਇਆ ਤੇ ਛੇਤੀ-ਛੇਤੀ ਮੰਜੀ ਤੋਂ ਭੁੰਜੇ ਲਾਹ ਲਿਆ। ਉਸੇ ਵੇਲੇ ਬਾਲਕ ਰਾਮ ਨੇ ਪ੍ਰਾਣ ਤਿਆਗ ਦਿੱਤੇ।

ਨੰਬਰਦਾਰ ਨੇ "ਵਾਹ ਗੁਰੂ ਵਾਹ ਗੁਰੂ" ਆਖ ਕੇ ਸਾਰਿਆਂ ਦਾ ਧੀਰਜ ਬੰਨ੍ਹਵਾਇਆ।

ਹਟਵਾਣੀਏ ਪੋਲੇ ਜਿਹੇ ਆਖਿਆ, "ਨੰਬਰਦਾਰਾ, ਪਰੋਹਤ ਨੇ ਕਿਸੇ ਮੁੰਡੇ ਦਾ ਨਾਂ ਤਾਂ ਲਿਖਵਾਇਆ ਈ ਨਹੀਂ!"

ਨੰਬਰਦਾਰ ਨੇ ਉੱਤਰ ਦਿੱਤਾ, "ਸਾਰੇ ਪੁੱਤਾਂ ਦੇ ਨਾਂ ਸਭ ਨੂੰ ਪਤਾ ਹਨ ਪਿੰਡ ਵਿਚ।"

ਨੰਬਰਦਾਰ ਤੇ ਬਾਣੀਏ ਦੀ ਘੁਸਰ-ਮੁਸਰ ਸੁਣ ਕੇ ਦਾਨੋ ਘੁੰਡ ਵਿਚੋਂ ਬੋਲੀ, "ਬਾਬਾ ਜੀ, ਤੁਸੀਂ ਇਸ ਗੱਲ ਨੂੰ ਹਾਲੇ ਇਥੇ ਹੀ ਰਹਿਣ ਦਿਉ।"

ਦਾਨੋ ਦੀ ਚਿਤਾਵਨੀ ਸੁਣ ਕੇ ਉਹ ਦੋਵੇਂ ਚੁੱਪ ਹੀ ਰਹੇ।

ਬਾਲਕ ਰਾਮ ਦਾ ਹਾਲੇ ਸਿਵਾ ਵੀ ਠੰਢਾ ਨਹੀਂ ਸੀ ਹੋਇਆ ਕਿ ਕੂਹਣੀਮਾਰਾਂ ਨੇ ਗੂੰਗੇ ਨੂੰ ਭੜਕਾਇਆ। ਪੰਜਾਂ ਭਰਾਵਾਂ ਵਿਚ ਖੜਕ ਗਈ। ਆਂਢੀ-ਗੁਆਂਢੀ ਵੀ ਦੋ ਧਿਰਾਂ ਵਿਚ ਵਟ ਗਏ। ਤੀਵੀਆਂ ਵਿਚਾਰੇ ਗੂੰਗੇ ਦਾ ਪੱਖ ਪੂਰਦੀਆਂ ਸਨ, ਪਰ ਕਈ ਬੰਦੇ ਆਖਦੇ ਸਨ ਕਿ ਮਰਨ ਲੱਗੇ ਬਾਲਕ ਰਾਮ ਦੀ ਸੁਰਤ ਟਿਕਾਣੇ ਨਹੀਂ ਸੀ, ਇਸ ਲਈ ਚਾਰਾਂ ਵੱਡਿਆਂ ਪੁੱਤਾਂ ਨੂੰ ਬੇਦਾਵਾ ਲਿਖਵਾ ਗਿਆ।

ਵਿਹੜੇ ਵਿਚ ਜਦ ਪੰਜੇ ਭਰਾ ਝਗੜਨ ਲੱਗੇ ਤੇ ਗੂੰਗਾ ਝਈਆਂ ਲੈ-ਲੈ ਆਇਆ, ਤਾਂ ਦਾਨੋ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਚਾਰ-ਪੰਜ ਦਿਨ ਹੋਰ ਸਬਰ ਕਰਨ, ਸਾਰਾ ਨਿਬੇੜਾ ਹੋ ਜਾਵੇਗਾ। ਪਰ ਹਟਵਾਣੀਏ ਤੇ ਨੰਬਰਦਾਰ ਦੀ ਸ਼ਹਾਦਤ ਅਤੇ ਵਸੀਅਤ ਉਤੇ ਲੱਗਾ ਅੰਗੂਠਾ ਇਹੋ ਸਾਬਤ ਕਰਦਾ ਸੀ ਕਿ ਜ਼ਮੀਨ ਤੇ ਘਰ ਗੂੰਗੇ ਪੂਰਨ ਦੀ ਮਲਕੀਅਤ ਹੈ।

ਦਾਨੋ ਨੇ ਸਭ ਤੋਂ ਵੱਡੇ ਜੋਤ ਰਾਮ ਨੂੰ ਆਖਿਆ ਕਿ ਉਹ ਹਰਦੁਆਰ ਜਾ ਕੇ ਆਪਣੇ ਬਾਪੂ ਦੇ ਫੁੱਲ ਵੀ ਪਾ ਆਵੇ ਤੇ ਉਥੋਂ ਕਨਖਲ ਵਾਲੇ ਪਾਂਡੇ ਜੀਵਾ ਨੰਦ ਨੂੰ ਪੱਤਰੀ ਸਮੇਤ ਨਾਲ ਲੈ ਆਵੇ।

ਜੋਤ ਰਾਮ ਆਪਣੇ ਪਿਤਾ ਦੇ ਫੁੱਲ ਪਾ ਕੇ ਤੀਜੇ ਦਿਨ ਹਰਦੁਆਰ ਤੋਂ ਮੁੜਿਆ

ਤਾਂ ਉਸ ਦੇ ਨਾਲ ਜੀਵਾ ਨੰਦ ਪਾਂਡਾ ਸੀ ।

ਆਥਣ ਵੇਲੇ ਦਾਨੋ ਨੇ ਆਪਣੇ ਵਿਹੜੇ ਵਿਚ ਪੰਚਾਇਤ ਬੁਲਾਈ । ਉਸ ਨੇ ਘੁੰਡ ਕੱਢ ਕੇ ਹੱਥ ਬੰਨ੍ਹ ਕੇ ਆਖਿਆ, "ਤੁਸੀਂ ਇਨ੍ਹਾਂ ਪੰਜਾਂ ਮੁੰਡਿਆਂ ਨੂੰ ਪੁੱਛੋ, ਇਹ ਮੇਰੇ ਕੀ ਲਗਦੇ ਨੇ ।"

ਨੰਬਰਦਾਰ ਬੋਲਿਆ, "ਇਹ ਵੀ ਕੋਈ ਪੁੱਛਣ ਵਾਲੀ ਗੱਲ ਐ ? ਪੰਜਾਂ ਨੇ ਤੈਨੂੰ ਘਰ ਵਸਾਇਆ ਹੋਇਐ ।"

"ਇਹ ਪੰਜੇ ਬੈਠੇ ਨੇ ਤੁਹਾਡੇ ਸਾਹਮਣੇ । ਇਨ੍ਹਾਂ ਵਿਚੋਂ ਕੋਈ ਆਖੇ ਕਿ ਉਸ ਨੇ ਮੇਰੇ ਨਾਲ ਫੇਰੇ ਲਏ ਨੇ !" ਦਾਨੋ ਨੇ ਗਰਵ ਨਾਲ ਆਖਿਆ ।

ਇਹ ਸਵਾਲ ਸੁਣ ਕੇ ਸੂਬੇਦਾਰ ਬੋਲਿਆ, "ਕਿਉਂ ਭਾਈ ਮੁੰਡਿਓ, ਜੋ ਇਹ ਪੁਛਦੀ ਐ, ਉਸ ਦਾ ਜਵਾਬ ਤਾਂ ਦਿਉ ।"

ਜੋਤ ਰਾਮ ਮਾਲਕਾਨਾ ਅੰਦਾਜ਼ ਵਿਚ ਬੋਲਿਆ, "ਮਹਾਰਾਜ, ਜਦੋਂ ਪੰਜ ਪਾਂਡਵਾਂ ਨੇ ਦਰੋਪਦੀ ਲਿਆਂਦੀ ਸੀ ਤਾਂ ਕਿਸ ਨੇ ਫੇਰੇ ਲੀਤੇ ਸਨ ?"

ਦਾਨੋ ਬੋਲੀ, "ਮੈਂ ਦਸਦੀ ਆਂ ਕਿਸ ਨੇ ਫੇਰੇ ਲੀਤੇ ਸਨ ਤੇ ਨਾਲੇ ਦਸਦੀ ਆਂ ਛੋਟੇ ਪੁੱਤ ਦਾ ਨਾਂ ਜਿਸ ਖ਼ਾਤਰ ਸਾਰੇ ਭਾਈ ਗੰਡਾਸੇ ਚੁੱਕੀ ਫਿਰਦੇ ਨੇ ।"

ਉਸ ਨੇ ਜੀਵਾ ਨੰਦ ਪਾਂਡੇ ਨੂੰ ਇਸ਼ਾਰਾ ਕੀਤਾ ਤੇ ਆਖਿਆ, "ਪੰਡਿਤ ਜੀ, ਸਾਰੀ ਪੰਚਾਇਤ ਅੱਗੇ ਮੇਰੇ ਵਿਆਹ ਦੀ ਤਿੱਥ-ਤਾਰੀਖ਼ ਪੜ੍ਹ ਕੇ ਸੁਣਾ ਦਿਉ ।"

ਜੀਵਾ ਨੰਦ ਪਾਂਡੇ ਨੇ ਵੱਡੀ ਪੱਤਰੀ ਵਿਚੋਂ, ਜਿਸ ਉਤੇ ਸੁਆਸਤਿਕਾ ਦਾ ਪੀਲਾ ਨਿਸ਼ਾਨ ਸੀ, ਪੜ੍ਹ ਕੇ ਸੁਣਾਇਆ ਕਿ ਕੱਤਕ ਸੁਦੀ ਪੂਰਨਿਮਾ ਵਾਲੇ ਦਿਨ, ਅੱਜ ਤੋਂ ਛੇ ਸਾਲ ਪਹਿਲਾਂ ਦਾਨੋ ਦੇ ਵਿਆਹ ਦਾ ਸ਼ੁਭ ਕਾਰਜ ਪੰਡਿਤ ਬਾਲਕ ਰਾਮ ਸਪੁੱਤਰ ਹੇਤ ਰਾਮ ਨਾਲ ਹੋਇਆ ।

ਸਾਰੀ ਪੰਚਾਇਤ ਤੇ ਪੰਜੇ ਭਰਾ ਸੁੰਨ ਰਹਿ ਗਏ ।

ਦਾਨੋ ਨੇ ਆਪਣੇ ਪੁੱਤ ਦੇ ਸਿਰ ਉਤੇ ਹੱਥ ਰਖ ਕੇ ਆਖਿਆ, "ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤ ਇਹ ਐ । ਪਰ ਮੈਨੂੰ ਜਾਇਦਾਦ ਦੀ ਲੋੜ ਨਹੀਂ । ਮੈਂ ਤਾਂ ਬਸ ਇਹੋ ਚਾਹੁੰਦੀ ਆਂ ਕਿ ਇਹ ਘਰ ਪਹਿਲਾਂ ਵਾਂਗ ਵੱਸਿਆ ਰਹੇ । ਅੱਜ ਤੋਂ ਮੇਰੇ ਛੇ ਪੁੱਤ ਹਨ ।"

ਪੰਜਾਂ ਭਰਾਵਾਂ ਨੇ ਨੀਵੀਂ ਪਾ ਲਈ ।

## 26

# ਗਰਮ ਝੱਗ

ਸਰਦਾਰਨੀ ਸਤਵੰਤ ਕੌਰ ਕੋਲ ਰਾਇਲ ਹੇਅਰ ਕਟਿੰਗ ਸੈਲੂਨ ਦਾ ਨੌਕਰ ਆਇਆ ਤਾਂ ਉਸ ਦੇ ਹੱਥ ਵਿਚ ਮਾਇਆ ਲੱਗੀ ਬੰਨ੍ਹੀ ਬਨ੍ਹਾਈ ਪੱਗ ਸੀ ।

ਉਹ ਬੋਲਿਆ, "ਕਾਕਾ ਜੀ ਅੱਜ ਸਾਡੀ ਦੁਕਾਨ ਉਤੇ ਵਾਲ ਕਟਵਾਉਣ ਆਏ ਸਨ । ਇਹ ਪੱਗ ਉਥੇ ਛੱਡ ਗਏ ।"

ਸਰਦਾਰਨੀ ਦੇ ਕਾਲਜੇ ਵਿਚ ਮੁੱਕੀ ਵੱਜੀ । ਉਸ ਨੂੰ ਪਤਾ ਲਗ ਗਿਆ ਕਿ ਉਸ ਦੇ ਇਕਲੌਤੇ ਪੁੱਤ ਹਰਕਿਸ਼ਨ ਸਿੰਘ ਨੇ ਕੇਸ ਕਤਲ ਕਰਵਾ ਲਏ ਸਨ । ਉਸ ਨੇ ਮੂੰਹ ਫੇਰ ਲਿਆ ਤੇ ਅੰਦਰ ਚਲੀ ਗਈ ।

ਉਹ ਪੱਗ ਨੂੰ ਦੇਖਣਾ ਨਹੀਂ ਸੀ ਚਾਹੁੰਦੀ ।

ਕਈ ਸਾਲ ਪਹਿਲਾਂ ਜਦੋਂ ਉਹਦਾ ਭਰਾ, ਜੋ ਏਅਰ ਫ਼ੋਰਸ ਵਿਚ ਪਾਇਲਟ ਸੀ, ਕਸ਼ਮੀਰ ਦੀ ਜੰਗ ਵਿਚ ਮਾਰਿਆ ਗਿਆ, ਤਾਂ ਉਸ ਦੀ ਪੱਗ ਤੇ ਚੀਜ਼ਾਂ ਇਕ ਏਅਰ ਕਮਾਂਡਰ ਛੱਡ ਕੇ ਗਿਆ ਸੀ । ਉਸ ਦੀ ਮੌਤ ਦਾ ਸੁਨੇਹਾ । ਅੱਜ ਜਦੋਂ ਇਹ ਬੰਨ੍ਹੀ-ਬੰਨ੍ਹਾਈ ਪੱਗ ਆਈ ਤਾਂ ਉਸ ਨੂੰ ਜਾਪਿਆ ਜਿਵੇਂ ਉਸ ਦੇ ਪੁੱਤ ਦੀ ਲਾਸ਼ ਆ ਗਈ ਹੋਵੇ ।

ਹਰਕਿਸ਼ਨ ਸਿੰਘ ਦਾ ਕਈ ਵਾਰ ਆਪਣੀ ਮਾਂ ਨਾਲ ਝਗੜਾ ਹੋ ਚੁੱਕਾ ਸੀ । ਮਾਂ ਨੇ ਦ੍ਰਿੜ੍ਹ ਚਿਤਾਵਨੀ ਦਿੱਤੀ, "ਜੇ ਤੂੰ ਇਹ ਕਾਰਾ ਕੀਤਾ ਤਾਂ ਸਾਰੀ ਉਮਰ ਮੈਂ ਤੇਰੇ ਮੱਥੇ ਨਹੀਂ ਲਗਣਾ ।" ਸਰਦਾਰਨੀ ਨੇ ਬੜੇ ਲਾਡਾਂ ਨਾਲ ਹਰਕਿਸ਼ਨ ਨੂੰ ਪਾਲਿਆ । ਉਹ ਘੰਟਾ-ਘੰਟਾ ਬੈਠੀ ਉਸ ਦੇ ਵਾਲਾਂ ਵਿਚ ਤੇਲ ਝਸਦੀ ਤੇ ਪਿਆਰ ਨਾਲ ਵਾਹ ਕੇ ਜੂੜਾ ਕਰਦੀ । ਖ਼ੂਬਸੂਰਤ ਲੰਮੇ ਰੇਸ਼ਮੀ ਕੇਸ । ਉਸ ਨੂੰ ਪੱਗ ਬੰਨ੍ਹਣੀ ਵੀ ਸਰਦਾਰਨੀ ਨੇ ਹੀ ਸਿਖਾਈ ਸੀ । ਉਸ ਦਾ ਪਿਉ ਕਈ ਸਾਲ ਹੋਏ, ਕਾਫ਼ੀ ਪੈਸਾ ਤੇ ਜਾਇਦਾਦ ਪਿਛੇ ਛੱਡ ਕੇ ਪਰਲੋਕ ਸਿਧਾਰ ਗਿਆ ਸੀ । ਹੁਣ ਮਾਂ ਹੀ ਸਭ ਕਾਸੇ ਦੀ ਕਰਤਾ-

ਧਰਤਾ ਸੀ ਤੇ ਹਰਕਿਸ਼ਨ ਉਸ ਦੇ ਪਤੀ ਦੀ ਨਿਸ਼ਾਨੀ।

ਹਰਕਿਸ਼ਨ ਨੂੰ ਆਪਣੀ ਮਾਂ ਦੇ ਦ੍ਰਿੜ੍ਹ ਧਾਰਮਕ ਕ੍ਰੋਧ ਦਾ ਪਤਾ ਸੀ। ਕਈ ਸਾਲਾਂ ਤੋਂ ਉਹ ਪਗੜੀ ਤੇ ਕੇਸਾਂ ਬਾਰੇ ਸੋਚਦਾ ਰਿਹਾ ਸੀ। ਐਫ. ਏ. ਵਿਚ ਉਹ ਇਹ ਜੁਰਅੱਤ ਨਾ ਕਰ ਸਕਿਆ। ਪਰ ਜਦੋਂ ਉਸ ਨੇ ਮਨੋ-ਵਿਗਿਆਨ ਦਾ ਐਮ. ਏ. ਪਾਸ ਕਰ ਲਿਆ ਤਾਂ ਉਸ ਨੂੰ ਧਾਰਮਕ ਚਿੰਨ੍ਹ ਨਿਰਾ ਵਹਿਮ ਜਾਪੇ। ਉਹ ਦਲੀਲਾਂ ਦਿੰਦਾ ਕਿ ਨਿਰੀ ਸਿੱਖੀ ਕੇਸ, ਪੱਗੜੀ ਤੇ ਕੜੇ ਵਿਚ ਨਹੀਂ ਪਈ। ਜੇ ਮਨ ਵਿਚ ਗੁਰੂ ਵਸਦਾ ਹੈ ਤੇ ਉਸ ਦੀ ਸਿੱਖਿਆ ਉਤੇ ਅਮਲ ਕਰਦੇ ਹੋ ਤਾਂ ਤੁਸੀਂ ਸਿੱਖ ਹੋ। ਇਸ ਤੋਂ ਛੁੱਟ ਸਹਿਜਧਾਰੀ ਵੀ ਤਾਂ ਸਿੱਖ ਹੁੰਦੇ ਹਨ। ਕੈਨੇਡਾ ਵਿਚ ਬਹੁਤੇ ਸਿੱਖ ਹੈਟ ਪਾ ਕੇ ਗੁਰਦੁਆਰੇ ਜਾਂਦੇ ਹਨ। ਕੀ ਉਹ ਸਿੱਖ ਨਹੀਂ ?

ਉਸ ਨੂੰ ਆਪਣੇ ਧਾਰਮਕ ਵਹਿਮਾਂ ਉਤੇ ਖਿਝ ਆਉਣ ਲੱਗੀ। ਇਕ ਦਿਨ ਉਹ ਮਾਂ ਨਾਲ ਝਗੜ ਪਿਆ। ਮਾਂ ਬੋਲੀ, "ਤੈਨੂੰ ਪਤਾ ਨਹੀਂ ਕਿਸ ਪਿਆਰ ਨਾਲ ਮੈਂ ਤੇਰੇ ਕੇਸਾਂ ਨੂੰ ਪਾਲਿਆ। ਜਦੋਂ ਤੂੰ ਜੰਮਿਆ ਤਾਂ ਮੈਂ ਗੁਰਦੁਆਰਾ ਸੀਸ ਗੰਜ ਜਾ ਕੇ ਤੈਨੂੰ ਅੰਮ੍ਰਿਤ ਛਕਾਇਆ। ਇਸ ਵੰਸ਼ ਵਿਚ ਕਦੇ ਕਿਸੇ ਨੇ ਵਾਲ ਕਟਾਉਣ ਦਾ ਸੁਫ਼ਨਾ ਵੀ ਨਹੀਂ ਲਿਆ। ਸਿੱਖੀ ਦੀ ਰੀਤ ਨੂੰ ਭੰਗ ਕਰਨ ਨਾਲ ਤੂੰ ਆਪਣੀ ਮਾਂ ਦੀ ਹੱਤਿਆ ਕਰੇਂਗਾ।"

ਹਰਕਿਸ਼ਨ ਸਿੰਘ ਦੇ ਨੌਜਵਾਨ ਖ਼ੂਨ ਵਿਚ ਬਗ਼ਾਵਤ ਉਭਰੀ ਤੇ ਉਹ ਬੋਲਿਆ, "ਮੈਨੂੰ ਪਤਾ ਹੈ ਪਾਪਾ ਜੀ ਵੱਡੇ ਠੇਕੇਦਾਰ ਸਨ। ਉਨ੍ਹਾਂ ਨੇ ਗ਼ਰੀਬਾਂ ਦਾ ਖ਼ੂਨ ਨਿਚੋੜ ਕੇ ਰੁਪਿਆ ਇਕੱਠਾ ਕੀਤਾ। ਝੂਠੇ ਹਿਸਾਬ ਬਣਾ ਕੇ ਟੈਕਸ ਬਚਾਏ। ਉਹ ਸਿੱਖ ਸਨ ? ਮੇਰੇ ਹਿਸਾਬ ਨਾਲ ਉਹ ਮਲਿਕ ਭਾਗੋ ਸਨ।"

ਸਰਦਾਰਨੀ ਤੋਂ ਆਪਣੇ ਪਤੀ ਬਾਰੇ ਇਹ ਗੱਲ ਬਰਦਾਸ਼ਤ ਨਾ ਹੋਈ। ਤੜਪ ਕੇ ਬੋਲੀ, "ਉਸੇ ਦੀ ਕਮਾਈ ਨਾਲ ਹੀ ਤੂੰ ਐਮ. ਏ. ਕੀਤੀ। ਉਹ ਅੱਜ ਨਹੀਂ, ਤਾਂ ਤੂੰ ਮੈਨੂੰ ਦੁੱਖ ਦੇਂਦਾ ਹੈਂ।"

ਦੋਵੇਂ ਮਾਂ-ਪੁੱਤ ਚੁੱਪ ਹੋ ਗਏ।

ਹਰਕਿਸ਼ਨ ਨੇ ਇਸ ਪਿਛੋਂ ਅੰਧ-ਵਿਸ਼ਵਾਸੀ ਮਾਂ ਨਾਲ ਗੱਲ ਕਰਨੀ ਫ਼ਜ਼ੂਲ ਸਮਝੀ। ਕਈ ਰਾਤਾਂ ਉਹ ਸੋਚਦਾ ਰਿਹਾ।

ਇਕ ਦਿਨ ਉਹ ਨਿਸ਼ਚਾ ਧਾਰ ਕੇ ਰਾਇਲ ਹੇਅਰ ਕਟਿੰਗ ਸੈਲੂਨ ਗਿਆ। ਵੱਡੇ ਸ਼ੀਸ਼ੇ ਦੇ ਸਾਹਮਣੇ ਉੱਚੀ ਕੁਰਸੀ ਉਤੇ ਬੈਠ ਗਿਆ ਤੇ ਪੱਗ ਲਾਹ ਕੇ ਨਿੱਕੀ ਮੇਜ਼ ਉਤੇ ਰੱਖ ਦਿੱਤੀ। ਇਤਮੀਨਾਨ ਨਾਲ ਉਸ ਨੇ ਆਪਣਾ ਚਿਹਰਾ ਵੱਡੇ ਸ਼ੀਸ਼ੇ ਵਿਚ ਦੇਖਿਆ। ਜੂੜਾ ਖੋਲ੍ਹ ਕੇ ਉਸ ਨੇ ਆਪਣੇ ਲੰਮੇ ਰੇਸ਼ਮੀ ਵਾਲਾਂ ਨੂੰ ਪਿੱਛੇ ਸੁੱਟਿਆ। ਉਨ੍ਹਾਂ ਦੀ ਲਹਿਰਾਉਂਦੀ ਹੋਈ ਸਰਸਰਾਹਟ ਮਹਿਸੂਸ ਕੀਤੀ ਜਿਵੇਂ ਸੱਪ ਪਿੱਠ ਉਤੇ ਤਿਲ੍ਹਕ ਪਿਆ ਹੋਵੇ। ਬਾਰਬਰ ਨੇ ਪੁੱਛਿਆ, "ਵਾਲ ਕਟਵਾਉਗੇ ?"

"ਹਾਂ।"

ਉਹ ਮੋਮੀ ਕਿਤਾਬ ਚੁੱਕ ਲਿਆਇਆ, ਜਿਸ ਉਤੇ ਵਾਲਾਂ ਦੇ ਵੱਖ-ਵੱਖ ਫ਼ੈਸ਼ਨਾਂ ਦੀਆਂ ਤਸਵੀਰਾਂ ਸਨ।

ਉਸ ਆਖਿਆ, "ਲਓ ਦੇਖੋ। ਦੱਸੋ ਕਿਹੋ ਜਿਹੇ ?"



ਹਰਕਿਸ਼ਨ ਨੇ ਕਿਤਾਬ ਵਲ ਦੇਖਿਆ, ਪਰ ਕੋਈ ਦਿਲਚਸਪੀ ਨਾ ਲਈ। ਉਹ ਚਾਹੁੰਦਾ ਸੀ ਕਿ ਛੇਤੀ ਤੋਂ ਛੇਤੀ ਕੰਮ ਮੁੱਕੇ। ਉਸ ਦੇ ਅੰਦਰ ਉਬਲਦੀ ਬੇਚੈਨੀ ਸੀ।

ਬਾਰਬਰ ਨੇ ਕਿਤਾਬ ਪਰ੍ਹੇ ਰੱਖ ਦਿੱਤੀ ਤੇ ਕੈਂਚੀ ਨੂੰ ਚਮਕਾਇਆ।

ਹਰਕਿਸ਼ਨ ਸਿੰਘ ਨੇ ਵੱਡੇ ਸ਼ੀਸ਼ੇ ਵਿਚ ਦੁਬਾਰਾ ਆਪਣਾ ਚਿਹਰਾ ਦੇਖਿਆ। ਸੋਚਿਆ ਪੰਜਾਂ ਮਿੰਟਾਂ ਪਿਛੋਂ ਇਹ ਆਦਮੀ ਜੋ ਸ਼ੀਸ਼ੇ ਵਿਚ ਬੈਠਾ ਹੈ, ਮਰ ਜਾਏਗਾ। ਇਸ ਦੀ ਥਾਂ ਇਕ ਨਵਾਂ ਆਦਮੀ, ਨਵਾਂ ਚਿਹਰਾ ਉਭਰ ਆਏਗਾ। ਉਸ ਨੇ ਅੱਖਾਂ ਬੰਦ ਕਰ ਲਈਆਂ। ਉਹ ਆਪਣੇ-ਆਪ ਨੂੰ ਇਕੋ ਝਟਕੇ ਵਿਚ ਬਦਲਿਆ ਦੇਖਣਾ ਚਾਹੁੰਦਾ ਸੀ, ਹੌਲੀ-ਹੌਲੀ ਹਲਾਲ ਹੁੰਦੇ ਨਹੀਂ।

ਨਾਈ ਨੇ ਵਿਚਾਲਿਉਂ ਲੰਮੇ ਵਾਲਾਂ ਨੂੰ ਕੰਘੀ ਉਤੇ ਚੜ੍ਹਾਇਆ। ਹਰਕਿਸ਼ਨ ਸਿੰਘ ਨੂੰ 'ਕਰਿਚ' ਦੀ ਆਵਾਜ਼ ਆਈ। ਪਹਿਲੋਂ ਕੈਂਚੀ ਦੇ ਚੱਲਣ ਦੀ ਆਵਾਜ਼।

ਪੰਝੀ ਸਾਲ ਉਸ ਦੀ ਉਮਰ ਸੀ। ਕੈਂਚੀ ਲੱਗਣ ਜਾਂ ਵਾਲ ਕੱਟੇ ਜਾਣ ਦਾ ਕਦੇ ਅਹਿਸਾਸ ਹੀ ਨਹੀਂ ਸੀ ਹੋਇਆ। ਉਹ ਬੈਠਾ ਆਪਣੇ ਆਪ ਦਾ ਅਨੁਭਵ ਕਰ ਰਿਹਾ ਸੀ। ਵਹਿਮਾਂ ਤੋਂ ਮੁਕਤ ਤੇ ਮਨੋਵਿਗਿਆਨ ਦਾ ਐਮ. ਏ. ਕਰਨ ਦੇ ਬਾਵਜੂਦ ਉਸ ਨੂੰ ਇਹ ਤਜਰਬਾ ਓਪਰਾ ਤੇ ਘਿਨਾਉਣਾ ਲੱਗਿਆ। ਉਸ ਦਾ ਜੀਅ ਕੀਤਾ ਕਿ ਉਹ ਨੱਸ ਜਾਵੇ। ਪਰ ਉਹ ਉਸੇ ਤਰ੍ਹਾਂ ਅੱਖਾਂ ਮੀਟੀ ਬੈਠਾ ਰਿਹਾ।

ਫਿਰ 'ਕਰਿਚ-ਕਰਿਚ' ਹੋਈ। ਉਸ ਨੇ ਉਸੇ ਤਰ੍ਹਾਂ ਬੈਠਿਆਂ ਕਲਪਨਾ ਵਿਚ ਆਪਣੇ ਰੇਸ਼ਮੀ ਵਾਲਾਂ ਦੇ ਲੱਛੇ ਹੇਠਾਂ ਡਿੱਗਦੇ ਦੇਖੇ।

ਪੰਦਰਾਂ ਮਿੰਟ ਉਹ ਬੈਠਾ ਰਿਹਾ ਤੇ ਉਸ ਦੇ ਮਨ ਅੰਦਰ ਪੰਦਰਾਂ ਹਜ਼ਾਰ ਖ਼ਿਆਲ ਦੌੜੇ। ਹਜ਼ਾਰਾਂ ਕੀੜੀਆਂ ਵੱਖ-ਵੱਖ ਸਿੰਮਤਾਂ ਤੋਂ ਤੁਰਦੀਆਂ ਹੋਈਆਂ ਆ ਕੇ ਇਕ ਥਾਂ ਇਕੱਠੀਆਂ ਹੁੰਦੀਆਂ ਗਈਆਂ ਤੇ ਇਕ ਘੁੱਪਾ ਜਿਹਾ ਬਣ ਗਿਆ। ਕਾਲੇ ਤਿਲਾਂ ਦਾ ਪਿੰਨਾਂ ਇਕ ਦਮ ਉਧੜ ਗਿਆ ਤੇ ਖਿੰਡ ਗਿਆ।

"ਲਉ ਜਨਾਬ ਦੇਖੋ।" ਬਾਰਬਰ ਨੇ ਕਿਹਾ।

ਹਰਕਿਸ਼ਨ ਸਿੰਘ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਨੂੰ ਸ਼ੀਸ਼ੇ ਵਿਚ ਭਾਰੀ ਖਿੱਲਰੀ ਦਾੜ੍ਹੀ ਵਾਲਾ ਮੌਲਵੀ ਨਜ਼ਰ ਆਇਆ। ਬਹੁਤ ਭਿਆਨਕ ਤੇ ਕਰੂਪ।

ਬਾਰਬਰ ਨੇ ਹਰਕਿਸ਼ਨ ਸਿੰਘ ਦੀ ਗਰਦਨ ਨੂੰ ਕੁਰਸੀ ਦੇ ਪੁਸ਼ਤੇ ਉਤੇ ਟਿਕਾਇਆ ਤੇ ਆਪਣਾ ਕੰਮ ਜਾਰੀ ਰਖਿਆ। ਉਹ ਉਸ ਦੇ ਸਿਰ ਨੂੰ ਹਦਵਾਣੇ ਵਾਂਗ ਫੜ ਕੇ ਕਦੇ ਦਬਦਾ, ਘੁਮਾਉਂਦਾ, ਨੱਪਦਾ ਤੇ ਥਾਂ ਸਿਰ ਟਿਕਾਉਂਦਾ। ਹਰਕਿਸ਼ਨ ਨੇ ਗੱਲ੍ਹਾਂ ਉਤੇ ਠੰਢਾ ਲੋਹਾ ਮਹਿਸੂਸ ਕੀਤਾ ਤੇ ਫਿਰ ਮਸ਼ੀਨ ਚਲਣ ਦੀ ਆਵਾਜ਼। ਨਿੱਕੇ ਸੋਪ-ਕੱਪ ਵਿਚ ਬੁਰਸ਼ ਫੈਂਟਣ ਦੀ ਆਵਾਜ਼ ਤੇ ਚਿਹਰੇ ਉਤੇ ਗਰਮ ਝੱਗ। ਖੱਬੇ ਹੱਥ ਦੀਆਂ ਦੋ ਉਂਗਲਾਂ ਨਾਲ ਬਾਰਬਰ ਨੇ ਪੁੜਪੁੜੀ ਦਾ ਮਾਸ ਨੱਪਿਆ ਤੇ ਖਿੱਚਿਆ। ਉਸਤਰੇ ਦੀ ਧਾਰ ਕੰਨ ਦੇ ਬਰਾਬਰ ਮਹਿਸੂਸ ਕੀਤੀ ਜੋ ਵਾਲਾਂ ਨੂੰ ਗਰਮ ਝੱਗ ਸਮੇਤ ਸਾਫ਼ ਕਰਦੀ ਹੇਠਾਂ ਵਲ ਵਧੀ। ਇਕ ਅਜੀਬ ਮੁਲਾਇਮ ਝੁਣਝੁਣੀ। ਅਖ਼ੀਰ ਵਿਚ ਉਸ ਨੇ ਆਪਣੇ ਗਲ ਦੀ ਘੰਡੀ ਉਤੇ ਉਸਤਰੇ ਦੀ ਧਾਰ ਨੂੰ ਮਹਿਸੂਸ ਕੀਤਾ। ਪਲ ਦੀ ਪਲ ਉਸ ਦੇ ਮਨ ਵਿਚ ਕਸਾਈ ਦੀ ਛੁਰੀ ਕੂੰਦੀ ਤੇ ਇਕ ਧੜਕਾ। ਇਸ ਵੇਲੇ

ਉਸ ਦੀ ਗਰਦਨ ਉਸ ਦੇ ਹੱਥ ਵਿਚ ਸੀ । ਪਰ ਬਾਰਬਰ ਗਰਮ ਰੇਸ਼ਮੀ ਝੱਗ ਤੇ ਉਸਤਰੇ ਦੀ ਧਾਰ ਨਾਲ ਆਪਣਾ ਕੰਮ ਮੁਕਾਉਣ ਵਿਚ ਮਗਨ ਸੀ ।

ਤੌਲੀਏ ਨਾਲ ਹਰਕਿਸ਼ਨ ਸਿੰਘ ਦੇ ਮੂੰਹ ਨੂੰ ਝੱਸ ਕੇ ਪੂੰਝਿਆ ਤੇ ਬੋਲਿਆ, "ਲਉ ਜੀ ।"

ਹਰਕਿਸ਼ਨ ਸਿੰਘ ਨੇ ਅੱਖਾਂ ਖੋਲੀਆਂ ਤਾਂ ਵੱਡੇ ਸ਼ੀਸ਼ੇ ਵਿਚ ਉਸ ਨੂੰ ਸਫਾਚੱਟ ਨਰਮ ਗੱਲ੍ਹਾਂ ਵਾਲਾ ਇਕ ਓਪਰਾ ਚਿਹਰਾ ਨਜ਼ਰ ਆਇਆ । ਇਸ ਵਿਚ ਕੋਸੀ ਨਰਮੀ ਸੀ ਜੋ ਉਬਲੇ ਹੋਏ ਆਲੂ ਵਿਚ ਹੁੰਦੀ ਹੈ । ਉਸ ਨੇ ਆਦਤਨ ਮੁੱਛਾਂ ਉਤੇ ਹੱਥ ਫੇਰਿਆ ਤਾਂ ਬੁੱਲ੍ਹ ਉਸ ਨੂੰ ਕਿਸੇ ਪਰਾਏ ਬੰਦੇ ਦੇ ਲੱਗੇ । ਇਹ ਬੁੱਲ੍ਹ ਖਿੱਚੇ ਗਏ ਤੇ ਉਸ ਨੂੰ ਆਪਣੇ ਦੰਦ ਲੰਮੇ-ਲੰਮੇ ਜਾਪੇ ।

ਇਸ ਕੌੜੇ ਔਪਰੇਸ਼ਨ ਪਿਛੋਂ ਇਕ ਦਮ ਉਸ ਨੂੰ ਸ਼ਾਂਤੀ ਮਹਿਸੂਸ ਹੋਈ । ਉਸ ਨੇ ਪੈਸੇ ਚੁਕਾਏ, ਬਾਰਬਰ ਨੂੰ ਪੰਜ ਰੁਪਏ ਦੀ ਟਿੱਪ ਦਿੱਤੀ ਤੇ ਸੈਲੂਨ ਤੋਂ ਬਾਹਰ ਆ ਗਿਆ ।

ਆਥਣ ਦੀ ਨਿੱਘੀ ਧੁੱਪ ਕਨਾਟ ਪਲੇਸ ਦੀਆਂ ਬਿਲਡਿੰਗਾਂ ਤੇ ਪਾਰਕਾਂ ਉਤੇ ਪਸਰੀ ਹੋਈ ਸੀ । ਹਰਕਿਸ਼ਨ ਸਿੰਘ ਫੁਟਪਾਥ ਉਤੇ ਤੁਰਦਾ ਹੋਇਆ ਕੌਫ਼ੀ ਹਾਊਸ ਆਇਆ । ਦੋ ਘੰਟੇ ਪਹਿਲਾਂ ਉਹ ਆਪਣੇ ਦੋਸਤਾਂ ਕੋਲੋਂ ਉਠ ਕੇ ਗਿਆ ਸੀ । ਹੁਣ ਵੀ ਉਹ ਸਾਰੇ ਬੈਠੇ ਯੱਕੜਾਂ ਮਾਰ ਰਹੇ ਸਨ । ਉਹ ਆਪਣੇ ਮਿੱਤਰਾਂ ਦੀ ਢਾਣੀ ਵਿਚ ਇਕ ਖ਼ਾਲੀ ਕੁਰਸੀ ਉਤੇ ਬੈਠ ਗਿਆ । ਕੋਈ ਉਸ ਨੂੰ ਪਛਾਣ ਨਾ ਸਕਿਆ । ਉਸ ਨੇ ਸਾਰਿਆਂ ਵਲ ਛੁਪੀ ਮੁਸਕਰਾਹਟ ਨਾਲ ਤੱਕਿਆ ਤੇ ਖੜਾ ਹੋ ਕੇ ਬੋਲਿਆ, "ਦੋਸਤੋ, ਮੇਰਾ ਨਾਂ ਹਰਕਿਸ਼ਨ ਸਿੰਘ ਹੈ ਤੇ ਮੈਂ ਤੁਹਾਨੂੰ ਮਿਲ ਕੇ ਬੜਾ ਖ਼ੁਸ਼ ਹਾਂ !"

ਸਾਰੇ ਜਣੇ ਚੌਂਕੇ ਤੇ ਖ਼ੁਸ਼ੀ ਨਾਲ ਉਸ ਨੂੰ ਜੱਫ਼ੀਆਂ ਪਾ ਕੇ ਮਿਲੇ । ਤਾਜ਼ਾ ਕੌਫ਼ੀ ਦਾ ਆਰਡਰ ਦਿੱਤਾ ਗਿਆ ਤੇ ਫਿਰ ਦਿੱਲੀ ਦੇ ਸਾਹਿਤਕ ਤੇ ਰਾਜਸੀ ਮੰਡਲਾਂ ਬਾਰੇ ਗੱਪ-ਸ਼ੱਪ ਉੱਡਣ ਲੱਗੀ ।

ਕੌਫ਼ੀ ਪੀ ਕੇ ਹਰਕਿਸ਼ਨ ਸਿੰਘ ਘਰ ਪਰਤਿਆ । ਬੂਹੇ ਉਤੇ ਪਹੁੰਚ ਕੇ ਉਸ ਨੂੰ ਮਾਂ ਦਾ ਖ਼ਿਆਲ ਆਇਆ ਤੇ ਉਸ ਦੀ ਗੁੱਸੇ ਭਰੀ ਚਿਤਾਵਨੀ ਦਾ । ਮੇਰੀ ਸ਼ਕਲ ਦੇਖ ਕੇ ਮਾਂ ਪਤਾ ਨਹੀਂ ਕੀ ਕਰ ਬੈਠੇ । ਇਕ ਮਿੰਟ ਉਹ ਸੋਚਦਾ ਰਿਹਾ ਅੰਦਰ ਜਾਵੇ ਕਿ ਨਾ । ਉਹ ਫ਼ੌਰਨ ਹੀ ਆਪਣੀ ਮਾਂ ਨੂੰ ਇਹ ਧਜਕਾ ਨਹੀਂ ਸੀ ਦੇਣਾ ਚਾਹੁੰਦਾ । ਉਹ ਉਨ੍ਹੀਂ ਪੈਰੀਂ ਪਰਤ ਆਇਆ ਤੇ ਇਕ ਦੋਸਤ ਦੇ ਘਰ ਚਲਾ ਗਿਆ ।

ਦੋ ਮਹੀਨੇ ਉਹ ਇਸੇ ਦੋਸਤ ਕੋਲ ਰਿਹਾ ਤੇ ਘਰ ਨਾ ਮੁੜਿਆ ।

ਸਰਦਾਰਨੀ ਸਤਵੰਤ ਕੌਰ ਦੋ ਮਹੀਨੇ ਆਪਣੇ ਪੁੱਤ ਨੂੰ ਕੋਸਦੀ ਰਹੀ । ਰਿਸ਼ਤੇਦਾਰਾਂ ਤੇ ਵਾਕਿਫ਼ਾਂ ਵਿਚ ਇਹ ਗੱਲ ਫੈਲ ਗਈ ਕਿ ਉਸ ਦੇ ਪੁੱਤ ਨੇ ਖਾਨਦਾਨ ਦੀ ਮਿੱਟੀ ਪੁੱਟ ਦਿੱਤੀ । ਸਭਨਾਂ ਨੂੰ ਮਾਂ ਨਾਲ ਹਮਦਰਦੀ ਤੇ ਹਰਕਿਸ਼ਨ ਸਿੰਘ ਉਤੇ ਗੁੱਸਾ ਸੀ । ਇਹ ਗੁੱਸਾ ਹੌਲੀ-ਹੌਲੀ ਠੰਢਾ ਹੁੰਦਾ ਗਿਆ । ਰਿਸ਼ਤੇਦਾਰਾਂ ਨੇ ਪੰਜ-ਸੱਤ ਦਿਨ ਗੱਲਾਂ ਕੀਤੀਆਂ ਤੇ ਆਪਣੇ ਕੰਮਾਂ ਵਿਚ ਰੁਝ ਗਏ । ਪਰ ਮਾਂ ਦਾ ਕਾਲਜਾ ਧੁਖਦਾ ਰਿਹਾ । ਰਿਸ਼ਤੇਦਾਰ ਹਰਕਿਸ਼ਨ ਸਿੰਘ ਨੂੰ ਮਿਲਦੇ । ਉਸ ਨਾਲ ਮਾਂ ਦੇ ਦੁੱਖ ਦੀ ਗੱਲ ਕਰਦੇ ਤੇ ਉਸ ਨੂੰ ਘਰ ਆਉਣ ਲਈ ਆਖਦੇ । ਉਸ ਦੇ ਹਾਣੀ ਮਾਂ ਕੋਲ ਜਾ ਕੇ



ਆਖਦੇ ਕਿ ਹੁਣ ਜੋ ਹੋ ਗਿਆ ਸੋ ਹੋ ਗਿਆ, ਉਹ ਪੁੱਤ ਨੂੰ ਬੁਲਾ ਲਵੇ । ਰਿਸ਼ਤੇਦਾਰਾਂ ਨੇ ਵੀ ਆਖ਼ਿਰ ਇਹੋ ਸਲਾਹ ਦਿੱਤੀ । ਪੁੱਤ ਕਪੁੱਤ ਬਣ ਜਾਂਦਾ ਹੈ, ਪਰ ਮਾਂ, ਮਾਂ ਹੀ ਰਹਿੰਦੀ ਹੈ ।

ਆਖ਼ਿਰ ਇਕ ਦਿਨ ਹਰਕਿਸ਼ਨ ਸਿੰਘ ਦਾ ਦੋਸਤ ਉਸ ਨੂੰ ਵਾਪਸ ਘਰ ਲੈ ਆਇਆ । ਮਾਂ ਨੇ ਓਪਰੀ ਅੱਖ ਨਾਲ ਪੁੱਤ ਨੂੰ ਦੇਖਿਆ । ਉਸ ਤੋਂ ਜੱਫੀ ਨਾ ਪਾ ਹੋਈ, ਸਿਰਫ਼ ਅੱਖਾਂ ਵਿਚ ਹੰਝੂ ਡਲ੍ਹਕ ਪਏ । ਦੋਵੇਂ ਚੁੱਪ । ਹਰਕਿਸ਼ਨ ਆਪਣੇ ਕਮਰੇ ਵਿਚ ਚਲਾ ਗਿਆ । ਮਾਂ ਨੂੰ ਦੁੱਖ ਹੋਇਆ, ਪਰ ਪੁੱਤ ਦੇ ਘਰ ਮੁੜ ਆਉਣ ਦੀ ਸ਼ਾਂਤੀ ।

ਹਰਕਿਸ਼ਨ ਨੇ ਹੌਲੀ-ਹੌਲੀ ਮਾਂ ਨੂੰ ਮੋਹ ਲਿਆ । ਸਾਰੇ ਆਉਣ-ਜਾਣ ਲਗ ਪਏ । ਰਿਸ਼ਤੇਦਾਰਾਂ ਨੇ ਉਸ ਨੂੰ ਪਰਵਾਨ ਕਰ ਲਿਆ ।

ਘਰ ਵਿਚ ਚਾਚੇ-ਤਾਏ ਵਾਲਾਂ ਦੀ ਕੋਈ ਗੱਲ ਛੇੜਦੇ ਤਾਂ ਹਰਕਿਸ਼ਨ ਦਲੀਲਾਂ ਦੇਂਦਾ । ਧਾਰਮਕ ਵਹਿਮਾਂ ਉਤੇ ਚੋਟਾਂ ਕਰਦਾ । ਉਹ ਆਖਦਾ, "ਦੁਨੀਆਂ ਵਿਚ ਤਿੰਨ ਸੌ ਕਰੋੜ ਬੰਦਿਆਂ ਨੇ ਵਾਲ ਨਹੀਂ ਰੱਖੇ । ਕੀ ਉਹ ਬੇਵਕੂਫ਼ ਨੇ ? ਅਸੀਂ ਪੁਰਾਣੇ ਵਹਿਮਾਂ ਵਿਚ ਫਸੇ ਹੋਏ ਹਾਂ । ਗੁਰੂ ਸਾਹਿਬ ਨੇ 'ਪੰਜ ਕੱਕੇ' ਉਸ ਸਮੇਂ ਦੀ ਲੋੜ ਅਨੁਸਾਰ ਰਖੇ । ਅੱਜ ਇਕ ਬੰਦਾ ਡਰ ਜਾਂਦਾ ਹੈ ਚੂਹੇ ਤੋਂ, ਤੇ ਚੁੱਕੀ ਫਿਰਦਾ ਹੈ ਕਿਰਪਾਨ । ਜਿਸ ਬੰਦੇ ਕੋਲ ਪਸਤੌਲ ਹੈ ਉਥੇ ਕਿਰਪਾਨ ? ਸਾਡੇ ਵਿਚੋਂ ਅੱਜ ਕਿੰਨੇ ਕੁ ਲੋਕ ਗੁਰੂ ਸਾਹਿਬ ਦਾ ਬਖ਼ਸ਼ਿਆ ਕਛਹਿਰਾ ਪਾਉਂਦੇ ਹਨ ? ਬਾਜ਼ਾਰੋਂ ਜਾ ਕੇ ਸਵਾ ਰੁਪਏ ਦਾ ਅੰਡਰਵੀਅਰ ਖ਼ਰੀਦ ਲੈਂਦੇ ਹਨ । ਅੱਜ ਤੁਸੀਂ ਦਾੜ੍ਹੀ ਵਿਚ ਪਿੰਨਾਂ ਤੇ ਫ਼ਿਕਸੋ ਲਾਉਂਦੇ ਹੋ—ਕਿਥੇ ਲਿਖਿਆ ਹੈ ਇਹ ?"

ਧਾਰਮਕ ਵਹਿਮਾਂ ਨੂੰ ਉਹ ਸਾਇੰਸ ਤੇ ਮਨੋਵਿਗਿਆਨ ਦੀਆਂ ਘੋਰ ਦਲੀਲਾਂ ਦੇ ਕੇ ਭੰਡਦਾ ।

ਉਸ ਨੇ ਆਪਣੇ ਪਿਤਾ ਦਾ ਬਿਜ਼ਨਸ ਛੱਡ ਕੇ ਪਲਾਸਟਿਕ ਦੀਆਂ ਚੀਜ਼ਾਂ ਬਨਾਉਣ ਦੀ ਫੈਕਟਰੀ ਲਾ ਲਈ । ਜ਼ਹੀਨ ਤੇ ਸਮਝਦਾਰ ਹਰਕਿਸ਼ਨ ਸਿੰਘ ਦਾ ਕੰਮ ਚਲ ਨਿਕਲਿਆ । ਮਿਹਨਤ ਤੇ ਈਮਾਨਦਾਰੀ ਉਸ ਦੇ ਕੰਮ ਆਈ । ਉਸ ਦੀਆਂ ਚੀਜ਼ਾਂ ਦੀ ਸ਼ਲਾਘਾ ਤੇ ਮੰਗ ਵਧਦੀ ਗਈ । ਰਿਸ਼ਤੇਦਾਰਾਂ ਵਿਚ ਉਸ ਦਾ ਮਾਣ ਜ਼ਿਆਦਾ ਹੋ ਗਿਆ । ਉਹ ਕਈ ਕਲੱਬਾਂ ਤੇ ਸੰਸਥਾਵਾਂ ਦਾ ਮੈਂਬਰ ਸੀ ਤੇ ਇੱਜ਼ਤ ਨਾਲ ਦੇਖਿਆ ਜਾਂਦਾ ।

ਉਸ ਦੀ ਮਾਂ ਪੁੱਤ ਦੀ ਤਰੱਕੀ ਦੇਖ ਕੇ ਪੁਰਾਣੇ ਗ਼ਿਲੇ ਭੁੱਲ ਗਈ । ਪੁੱਤ ਨੂੰ ਚੰਗੇ ਥਾਂ ਵਿਆਹ ਕੇ ਦੋ ਸਾਲਾਂ ਪਿਛੋਂ ਉਹ ਚਲਾਣਾ ਕਰ ਗਈ । ਅੰਤਮ ਸੁਆਸਾਂ ਵੇਲੇ ਉਸ ਨੇ ਆਪਣੇ ਪੁੱਤ ਤੇ ਨੂੰਹ ਨੂੰ ਅਸੀਸ ਦਿੱਤੀ ।

ਹਰਕਿਸ਼ਨ ਸਿੰਘ ਨੇ ਮਾਂ ਦੇ ਭੋਗ ਉਤੇ ਸਾਰੀਆਂ ਰਹੁ-ਰੀਤਾਂ ਕੀਤੀਆਂ । ਜੱਦੀ ਮਕਾਨ ਵੇਚ ਕੇ ਉਸ ਕਰੋਲ ਬਾਗ਼ ਵਿਚ ਨਵਾਂ ਮਕਾਨ ਬਣਵਾ ਲਿਆ ਤੇ ਉਥੇ ਰਹਿਣ ਲੱਗਾ । ਆਜ਼ਾਦ ਖ਼ਿਆਲ ਤੇ ਨਵੀਂ ਪੀੜ੍ਹੀ ਦਾ ਸੂਝਵਾਨ ਪ੍ਰਤੀਨਿਧ ਉਹ ਹੁਣ ਵੀ ਸਭਿਆਚਾਰਕ ਤੇ ਸਾਹਿਤਕ ਸੰਮੇਲਨਾਂ ਵਿਚ ਦਿਲਚਸਪੀ ਰਖਦਾ । ਉਹ ਇਨ੍ਹਾਂ ਵਿਚ ਹਿੱਸਾ ਲੈਂਦਾ । ਖੱਬੇ-ਪੱਖੀ ਅੰਦੋਲਨ ਵਿਚ ਉਸ ਦੇ ਕਈ ਜਮਾਤੀ ਹੁਣ ਚੰਗੀ ਪੱਧਰ

ਦੇ ਲੀਡਰ ਸਨ। ਕੁਝ ਨੇ ਸਾਹਿਤ ਵਿਚ ਨਾਮ ਖੱਟਿਆ ਸੀ ਤੇ ਕੁਝ ਫ਼ਿਲਮਾਂ ਵਿਚ ਚਲੇ ਗਏ ਸਨ। ਉਸ ਦਾ ਸਭਿਆਚਾਰਕ ਦਾਇਰਾ ਵਿਸ਼ਾਲ ਸੀ।

ਸਵੇਰੇ ਚਾਹ ਦਾ ਪਿਆਲਾ ਪੀ ਕੇ ਉਹ ਸ਼ੀਸ਼ੇ ਮੂਹਰੇ ਬੈਠ ਕੇ ਸ਼ੇਵ ਕਰਦਾ। ਬੁਰਸ਼ ਨੂੰ ਗਰਮ ਪਾਣੀ ਵਿਚ ਭਿਉਂ ਕੇ ਗੱਲ੍ਹਾਂ ਉਤੇ ਰਗੜਦਾ ਜਿਸ ਨਾਲ ਸਖ਼ਤ ਵਾਲ ਨਰਮ ਹੋ ਜਾਂਦੇ। ਫਿਰ ਸ਼ੇਵਿੰਗ ਕਰੀਮ ਲਾ ਕੇ ਬੁਰਸ਼ ਨਾਲ ਝੱਗ ਉਠਾਉਂਦਾ। ਕੋਸੀ ਝੱਗ ਨਾਲ ਉਸ ਦਾ ਚਿਹਰਾ ਭਰ ਜਾਂਦਾ। ਉਹ ਕੰਨਾਂ ਕੋਲੋਂ ਮਾਸ ਖਿੱਚ ਕੇ ਸੇਫ਼ਟੀ ਰੇਜ਼ਰ ਜਮਾਉਂਦਾ ਤੇ ਪੰਜ ਮਿੰਟਾਂ ਵਿਚ ਚਿਹਰਾ ਸਾਫ਼ ਤੇ ਨਿਖਰਿਆ ਹੁੰਦਾ—ਸ਼ੇਵ ਕਰਦਿਆਂ ਉਹ ਸ਼ੀਸ਼ੇ ਵਿਚ ਤਰ੍ਹਾਂ-ਤਰ੍ਹਾਂ ਦੇ ਮੂੰਹ ਬਣਾਉਂਦਾ। ਕਈ ਵਾਰ ਉਹ ਆਪਣੇ ਪਹਿਲੇ ਦਿਨ ਦੇ ਤਜਰਬੇ ਉਤੇ ਹੱਸਦਾ। ਖਿਲਰੀ ਦਾੜ੍ਹੀ ਵਾਲੇ ਮੌਲਵੀ ਦੀ ਸ਼ਕਲ ਯਾਦ ਆਉਂਦੀ ਤਾਂ ਉਸ ਨੂੰ ਅੰਦਰੋਂ ਤਸੱਲੀ ਹੁੰਦੀ ਕਿ ਹੁਣ ਉਸ ਦੀ ਸ਼ਕਲ ਕਿਤਨੀ ਸੋਹਣੀ ਸੀ।

ਉਸ ਦੇ ਮਕਾਨ ਦੇ ਨੇੜੇ ਪਾਕਿਸਤਾਨ ਤੋਂ ਆਏ ਰਿਫ਼ਿਊਜੀ ਵਸਦੇ ਸਨ। ਇਨ੍ਹਾਂ ਵਿਚੋਂ ਕੁਝ ਝੰਗ ਤੇ ਮੀਆਂਵਾਲੀ ਦੇ ਟੱਬਰ ਸਨ। ਉਹ ਇਨ੍ਹਾਂ ਗ਼ਰੀਬ ਗੁਆਂਢੀਆਂ ਦੀ ਮਦਦ ਕਰਦਾ। ਕਿਸੇ ਨੂੰ ਨੌਕਰੀ ਦੀ ਲੋੜ ਹੁੰਦੀ, ਕਮੇਟੀ ਜਾਂ ਥਾਣੇ ਵਿਚ ਕੋਈ ਕੰਮ ਹੁੰਦਾ ਤਾਂ ਹਰਕਿਸ਼ਨ ਸਿੰਘ ਦਾ ਉਨ੍ਹਾਂ ਨੂੰ ਬੜਾ ਸਹਾਰਾ ਸੀ। ਉਸ ਨੂੰ ਸਾਰੇ ਸਤਿਕਾਰ ਤੇ ਪਿਆਰ ਨਾਲ "ਭਿਰਾ ਜੀ" ਆਖਦੇ।

ਐਤਵਾਰ ਦਾ ਦਿਨ ਸੀ। ਹਰਕਿਸ਼ਨ ਸਿੰਘ ਪਿਛਲੇ ਵਰਾਂਡੇ ਵਿਚ ਆਰਾਮ-ਕੁਰਸੀ ਉਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਗੁਆਂਢ ਦੀ ਇਕ ਬੁੱਢੀ ਨੇ ਅੰਦਰ ਵਿਹੜੇ ਵਿਚ ਆ ਕੇ ਆਵਾਜ਼ ਦਿੱਤੀ।

"ਵਤ ਲਾਲਾ ਕਿਸ਼ਨ ਲਾਲ ਘਰੇਂ ਹਾਈਂ ?"

ਹਰਕਿਸ਼ਨ ਸਿੰਘ ਅਖ਼ਬਾਰ ਪੜ੍ਹਦਾ ਚੌਂਕਿਆ। ਇਹ ਅਣਪੜ੍ਹ ਬੁੱਢੀ ਉਸ ਦੇ ਗੁਆਂਢੀ ਦੀ ਮਾਂ ਸੀ ਜੋ ਨਿੱਕੇ-ਮੋਟੇ ਕੰਮਾਂ ਲਈ ਬੜੇ ਲਾਡ ਨਾਲ ਇਨ੍ਹਾਂ ਦੇ ਘਰ ਆਉਂਦੀ ਸੀ। ਮਹੱਲੇ ਦੇ ਆਦਮੀਆਂ ਨੂੰ ਪਤਾ ਸੀ ਕਿ ਹਰਕਿਸ਼ਨ ਸਿੰਘ ਰੱਜੇ-ਪੁੱਜੇ ਸਰਦਾਰ ਖ਼ਾਨਦਾਨ ਵਿਚੋਂ ਸੀ। ਉਸ ਦਾ ਪੁਰਾਣਾ ਨੌਕਰ ਉਸ ਨੂੰ ਹੁਣ ਵੀ ਸਰਦਾਰ ਸਾਹਿਬ ਆਖ ਕੇ ਹੀ ਬੁਲਾਉਂਦਾ ਸੀ। ਚਿੱਠੀ-ਪੱਤਰੀ ਉਤੇ ਤੇ ਰਿਸ਼ਤੇਦਾਰਾਂ ਵਿਚ ਉਸ ਨੂੰ ਸਰਦਾਰ ਸਾਹਿਬ ਆਖਿਆ ਜਾਂਦਾ ਸੀ। ਉਸ ਦੀ ਬਾਂਹ ਉਤੇ ਵੀ ਹਰੇ ਅੱਖਰਾਂ ਵਿਚ ੧ਓਂ ਤੇ ਹਰਕਿਸ਼ਨ ਸਿੰਘ ਖੁਣਿਆ ਹੋਇਆ ਸੀ...।

ਵਿਹੜੇ ਵਿਚੋਂ ਬੁੱਢੀ ਗੁਆਂਢਣ ਦੀ ਆਵਾਜ਼ ਆਈ :

"ਵਤ ਲਾਲਾ ਕਿਸ਼ਨ ਲਾਲ ਘਰੇਂ ਹਾਈਂ ?

ਹਰਕਿਸ਼ਨ ਸਿੰਘ ਚੌਂਕਿਆ। ਉਸ ਨੇ ਅਖ਼ਬਾਰ ਇਕ ਪਾਸੇ ਸੁੱਟਿਆ ਤੇ ਅੰਦਰੋਂ ਗਰਜਦਾ ਹੋਇਆ ਬਾਹਰ ਆਇਆ, "ਨਿਕਲ ਜਾ ਹਰਾਮਜ਼ਾਦੀ ! ਤੈਨੂੰ ਮੈਂ ਲਾਲਾ ਲਗਦਾ ਹਾਂ ?"

ਬੁੱਢੀ ਸਕਤੇ ਵਿਚ ਆ ਗਈ। ਉਸ ਨੂੰ ਹਰਕਿਸ਼ਨ ਸਿੰਘ ਦੇ ਪਿਛੋਕੜ ਦਾ ਨਹੀਂ ਸੀ ਪਤਾ। ਉਸ ਨੇ ਆਪਣੇ ਵਲੋਂ ਬੜੀ ਉਦਾਰਤਾ ਨਾਲ ਉਸ ਦਾ ਵਧੇਰੇ ਸਤਿਕਾਰ ਕਰਨ ਲਈ "ਲਾਲਾ" ਆਖਿਆ ਸੀ।



ਹਰਕਿਸ਼ਨ ਸਿੰਘ ਨੂੰ "ਲਾਲਾ" ਸ਼ਬਦ ਡੰਗ ਵਾਂਗ ਵੱਜਿਆ। ਇਕ ਅਜੀਬ ਤਬਦੀਲੀ ਉਸ ਦੇ ਸਾਰੇ ਮਨ ਤੇ ਸਰੀਰ ਵਿਚ ਹੋਈ। ਇਕ ਸਨਸਨਾਉਂਦਾ ਰੋਹ, ਇਕ ਸੁੱਤੀ ਦੁਰਸੀਸ, ਇਕ ਫਿਟਲਾਅਨਤ੍ਰੀ ਉਸ ਦੇ ਵਜੂਦ ਵਿਚ ਦੌੜ ਗਈ। ਉਸ ਨੂੰ ਖ਼ੁਦ ਨਹੀਂ ਸੀ ਪਤਾ ਲਗ ਰਿਹਾ ਕਿ ਉਸ ਨੂੰ ਕੀ ਹੋ ਗਿਆ ਸੀ। ਉਸ ਦਾ ਜੀਅ ਕੀਤਾ ਕਿ ਅਖ਼ਬਾਰ ਫਾੜ ਦੇਵੇ, ਬੁੱਢੀ ਦਾ ਸਿਰ ਭੰਨ ਦੇਵੇ, ਬੂਹਾ ਤੋੜ ਦੇਵੇ। ਕਿਸੇ ਨੇ ਬਰੂਦ ਦੇ ਫ਼ਲੀਤੇ ਨੂੰ ਅੱਗ ਲਾ ਦਿੱਤੀ ਸੀ।

"ਨਿਕਲ ਜਾ ਇਥੋਂ ਦੱਲੀ ਕਿਸੇ ਥਾਂ ਦੀ। ਫਫੇਕੁਟਣੀਏ, ਤੈਨੂੰ ਮੈਂ ਲਾਲਾ ਦਿਸਦੈਂ ?"

ਬੁੱਢੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਨੇ ਅਜੇਹਾ ਕਿ ਜੁਰਮ ਕਰ ਦਿੱਤਾ ਸੀ ਜੋ ਹਰਕਿਸ਼ਨ ਇਤਨਾ ਭੜਕ ਉਠਿਆ ਸੀ। ਉਸ ਨੇ ਫੇਰ ਮੂੰਹ ਖੋਲ੍ਹਿਆ, "ਵੱਤ ਗੁੱਸੇ ਕਿਉਂ ਥੀਨੈਂ ਐ ਮੇਰੇ ਲਾਲ ?"

"ਬਕਵਾਸ ਨਾ ਕਰ ! ਤੈਨੂੰ ਮੈਂ ਲਾਲਾ ਦਿਸਦੈਂ ? ਜੇ ਦੁਬਾਰਾ ਭੌਂਕੀ ਤਾਂ ਜ਼ੁਬਾਨ ਖਿੱਚ ਲਾਂਗਾ। ਨਿਕਲ ਜਾ ਇਥੋਂ ! ਟੰਗਾਂ ਤੋੜ ਦਿਆਂਗਾ ਜੇ ਮੇਰੇ ਘਰ ਆਈ।"

ਬੁੱਢੀ ਉਸ ਨੂੰ ਗੁੱਸੇ ਵਿਚ ਦੇਖ ਕੇ ਸਹਿਮੀ ਹੋਈ ਪਰਤ ਗਈ।

ਪਰ ਹਰਕਿਸ਼ਨ ਸਿੰਘ ਅਖ਼ਬਾਰ ਨਾ ਪੜ੍ਹ ਸਕਿਆ। ਬੁੱਢੀ ਦਾ ਇਕੋ ਸ਼ਬਦ 'ਲਾਲਾ' ਇਉਂ ਸੀ ਜਿਵੇਂ ਉਸ ਦੀ ਖੋਪੜੀ ਵਿਚ ਕਿਸੇ ਨੇ ਦਗਦਾ ਹੋਇਆ ਅੰਗਿਆਰ ਰੱਖ ਦਿੱਤਾ ਹੋਵੇ। ਇਹ ਅੰਗਿਆਰ ਅੰਦਰੇ ਅੰਦਰ ਧਸਦਾ ਜਾ ਰਿਹਾ ਸੀ।

ਉਹ ਕਮਰੇ ਵਿਚ ਗਿਆ ਤੇ ਵੱਡੇ ਸ਼ੀਸ਼ੇ ਸਾਹਮਣੇ ਖੜਾ ਹੋ ਕੇ ਆਪਣਾ ਚਿਹਰਾ ਤੱਕਣ ਲੱਗਾ। ਸ਼ੀਸ਼ੇ ਵਿਚ ਖੜੇ ਆਦਮੀ ਨੂੰ ਘੂਰ ਰਿਹਾ ਸੀ—ਲਾਲਾ ਹਰਕਿਸ਼ਨ ਲਾਲ ਨੂੰ। ਦਸ ਸਾਲ ਉਹ ਲਗਾਤਾਰ ਆਪਣੀ ਸ਼ਕਲ ਸ਼ੀਸ਼ੇ ਵਿਚ ਤੱਕਦਾ ਰਿਹਾ ਤੇ ਇਸ ਦਾ ਆਦੀ ਹੋ ਗਿਆ ਸੀ। ਅੱਜ ਬੁੱਢੀ ਦੇ ਸ਼ਬਦਾਂ ਪਿਛੋਂ ਇਕਦਮ ਉਸ ਨੂੰ ਇਹ ਚਿਹਰਾ ਓਪਰਾ ਲਗਿਆ।

ਦਸ ਸਾਲ ਪਹਿਲਾਂ ਉਸ ਨੇ ਰਾਇਲ ਹੇਅਰ ਕਟਿੰਗ ਸੈਲੂਨ ਵਿਚ ਸਰਦਾਰ ਹਰਕਿਸ਼ਨ ਸਿੰਘ ਨੂੰ ਮਾਰ ਦਿੱਤਾ ਸੀ। ਦਸ ਸਾਲ ਤੀਕ ਉਹ ਲਾਲਾ ਹਰਕਿਸ਼ਨ ਲਾਲ ਦੇ ਰੂਪ ਵਿਚ ਆਪਣੇ ਆਪ ਨੂੰ ਧੋਖਾ ਦੇਂਦਾ ਰਿਹਾ ਸੀ। ਕੇਸ ਕਤਲ ਕਰਵਾਉਣ ਪਿਛੋਂ ਉਸ ਨੇ ਆਪਣੇ-ਆਪ ਨੂੰ ਆਪਣੀ ਕੌਮ ਦੇ ਵਿਰਸੇ ਨਾਲੋਂ ਤੋੜ ਲਿਆ ਸੀ। ਉਸ ਦੀ ਮਾਂ ਨੇ ਉਸ ਨੂੰ ਸਵੀਕਾਰ ਕਰ ਲਿਆ ਸੀ, ਬਰਾਦਰੀ ਨੇ, ਰਿਸ਼ਤੇਦਾਰਾਂ ਨੇ, ਦੋਸਤਾਂ ਨੇ—ਪਰ ਉਸ ਦੇ ਅੰਦਰ ਬੈਠੇ ਹਰਕਿਸ਼ਨ ਸਿੰਘ ਨੇ ਸ਼ਾਇਦ ਉਸ ਨੂੰ ਕਦੇ ਵੀ ਸਵੀਕਾਰ ਨਹੀਂ ਸੀ ਕੀਤਾ। ਉਹ ਆਪਣੀ ਕੌਮ ਨੂੰ ਪਹਿਲੀ ਨਿਡਰਤਾ ਨਾਲ ਭੰਡ ਨਹੀਂ ਸੀ ਸਕਦਾ। ਇਸ ਤੋਂ ਟੁੱਟ ਕੇ ਉਸ ਦੇ ਮਨ ਦੀਆਂ ਡੂੰਘਾਣਾਂ ਅੰਦਰ ਕੋਈ ਚੀਜ਼ ਮਰ ਗਈ ਸੀ। ਉਹ ਆਪਣੀ ਬਰਾਦਰੀ ਤੇ ਵਿਰਸੇ ਦੇ ਅੰਤਰੀਵ ਕੇਂਦਰ ਤੋਂ ਹਟ ਗਿਆ ਸੀ। ਸਵਾਲ ਚੰਗੇ ਸਿੱਖ ਜਾਂ ਮਾੜੇ ਸਿੱਖ ਦਾ ਨਹੀਂ ਸੀ। ਨਾ ਹੀ ਕਿਸੇ ਧਾਰਮਕ ਚਿੰਨ੍ਹਾਂ ਦਾ। ਇਹ ਸਵਾਲ ਸੀ ਜੀਵਨ ਦੀ ਸਮੁੱਚੀ ਸਾਂਝ ਤੇ ਧੜਕਣ ਦਾ। ਉਹ ਇਸ ਸਮੁੱਚੀ ਸਾਂਝ ਦੇ ਧਰੂ-ਬਿੰਦੂ ਨੂੰ ਨਹੀਂ ਸੀ ਪਹੁੰਚ ਸਕਦਾ। ਹਮੇਸ਼ਾ ਇਕ ਪਾਸੇ ਹੀ ਰਹਿ ਜਾਂਦਾ ਸੀ।

ਦਸ ਸਾਲਾਂ ਵਿਚ ਕਈ ਵਾਰ ਸਫ਼ਰ ਕਰਦਿਆਂ ਜਾਂ ਬਾਜ਼ਾਰ ਵਿਚ ਚੀਜ਼ਾਂ ਖ਼ਰੀਦਦਿਆਂ ਉਸ ਨੂੰ ਕਈਆਂ ਨੇ "ਬਾਬੂ" ਆਖ ਕੇ ਬੁਲਾਇਆ। ਉਹ ਇਸ ਗੱਲ ਨੂੰ ਇਹ ਸੋਚ ਕੇ ਟਾਲ ਦੇਂਦਾ ਕਿ ਜਦ ਮੇਰੇ ਸਿਰ ਉਤੇ ਪੱਗ ਨਹੀਂ ਤਾਂ ਹੋਰ ਮੈਨੂੰ ਇਹ ਕੀ ਆਖਣ। 'ਬਾਬੂ' ਸ਼ਬਦ ਉਸ ਨੂੰ ਰੜਕਦਾ ਪਰ ਜੀਵਨ ਦੇ ਪਰਵਾਹ ਵਿਚ ਉਹ ਇਸ ਨੂੰ ਨਾ ਗੌਲਦਾ। ਆਖ਼ਿਰ ਇਸ ਸ਼ਬਦ ਵਿਚ ਕੀ ਬੁਰਾਈ ਸੀ। ਇਹ ਇਤਨਾ ਹੀ ਇੱਜ਼ਤ ਵਾਲਾ ਸੀ ਜਿਤਨਾ ਮਿਸਟਰ ਜਾਂ ਸਰਦਾਰ।

ਪਰ ਅੱਜ ਬੁੱਢੀ ਦੇ 'ਲਾਲਾ' ਸ਼ਬਦ ਨੇ ਉਸ ਨੂੰ ਝੰਜੋੜ ਦਿੱਤਾ। ਉਪਚੇਤ ਵਿਚ ਸੁੱਤੀਆਂ ਰੜਕਾਂ ਉਭਰ ਆਈਆਂ। ਉਸ ਨੂੰ ਜਾਪਿਆ ਕਿ ਉਸ ਦਾ ਬੁੱਢਾ ਨੌਕਰ, ਗੁਆਂਢੀ, ਰਿਸ਼ਤੇਦਾਰ ਤੇ ਦੋਸਤ ਉਸ ਨੂੰ ਦਿਲੋਂ ਸ਼ਾਇਦ ਲਾਲਾ ਹਰਕਿਸ਼ਨ ਲਾਲ ਹੀ ਸਮਝਦੇ ਸਨ, ਪਰ ਉਪਰੋਂ ਪਾਖੰਡ ਕਰਦੇ ਹੋਏ ਉਸ ਨੂੰ ਸਰਦਾਰ ਆਖਦੇ ਸਨ। ਸਭ ਝੂਠ ਬੋਲਦੇ ਸਨ, ਸਿਰਫ਼ ਗੁਆਂਢਣ ਬੁੱਢੀ ਹੀ ਸੱਚ ਆਖ ਰਹੀ ਸੀ।

ਰਾਤ ਨੂੰ ਉਹ ਸੌਂ ਨਾ ਸਕਿਆ।

ਦੂਜੇ ਦਿਨ ਸਵੇਰੇ ਹੀ ਗੁਰਦੁਆਰਾ ਸੀਸ ਗੰਜ ਗਿਆ ਤੇ ਦੁਬਾਰਾ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ।

## 27
# ਕੜਾਕਾ ਸਿੰਘ

ਕੜਾਕਾ ਸਿੰਘ ਨੂੰ ਪਹਿਲੇ-ਪਹਿਲ ਸਿਰਫ਼ ਭੰਗ ਘੋਟਣ ਦਾ ਸ਼ੌਕ ਸੀ। ਨਿਹੰਗਾਂ ਦੇ ਡੇਰੇ ਵਿਚ ਟੱਲਾਂ ਵਾਲੇ ਘੋਟਣੇ ਨਾਲ ਉਹ ਚਾਰ-ਚਾਰ ਘੰਟੇ ਭੰਗ ਘੋਟਦਾ। ਵਿਚ ਬਦਾਮਾਂ ਦੀਆਂ ਗਿਰੀਆਂ, ਕੇਸਰ ਦੀਆਂ ਤੁਰੀਆਂ, ਧਨੀਏ ਦੀਆਂ ਪੱਤੀਆਂ ਤੇ ਖਰਬੂਜ਼ੇ ਦੇ ਬੀ ਤੇ ਲਾਚੀਆਂ ਵੀ ਰਗੜ ਛੱਡਦਾ। ਬਰੀਕ ਮਲਮਲ ਦੇ ਪੋਣੇ ਨਾਲ ਪੁਣਦਾ। ਨਿਹੰਗਾਂ ਦੇ ਟੋਲੇ ਨੂੰ ਪਿਆਉਣ ਲਗਿਆਂ ਜਦ ਕੋਈ ਸੂਰਮਾ ਉਸ ਨੂੰ ਅੰਮ੍ਰਿਤ ਦਾ ਘੁੱਟ ਛਕਣ ਲਈ ਆਖਦਾ ਤਾਂ ਉਹ ਕਹਿੰਦਾ, "ਨਹੀਂ ਨਿਹੰਗ ਸਿੰਘ ਜੀ, ਮੈਂ ਨਹੀਂ ਪੀਣਾ।"

"ਓਇ, ਅੰਮ੍ਰਿਤ ਨੂੰ ਨਨਾਂ ਫੇਰਦੈਂ! ਲੜੇਂਗਾ ਕਿਵੇਂ? ਦੋ ਘੁੱਟਾਂ ਪੀ ਕੇ ਦੇਖ, ਸੁਰਗਪੁਰੀ ਦੇ ਝੂਟੇ ਨਾ ਆ ਜਾਣ!"

ਦੋ ਘੁੱਟਾਂ, ਫਿਰ ਚਾਰ ਘੁੱਟਾਂ, ਛੇਕੜ ਬਾਟੇ ਦੇ ਬਾਟੇ ਚਾੜ੍ਹਨ ਲਗ ਗਿਆ। ਸੁੱਖਾ ਪੀ ਕੇ ਉਹ ਵੱਡਾ ਸਾਰਾ ਡਕਾਰ ਲੈਂਦਾ ਤੇ ਆਖਦਾ, "ਗੁਰੂ ਦਾ ਸਿੰਘ ਹੁਣ ਕੁਝ ਚਿਰ ਲਈ ਸੁਰਗਪੁਰੀ ਚੱਲਿਐ!"

ਉਹ ਪਤਲਾ ਸੁੱਕਿਆ ਜਿਹਾ ਤਾਂ ਸੀ, ਪਰ ਛੋਟੇ ਹੁੰਦਿਆਂ ਇਕ ਵਾਰੀ ਗੇਡੀਆਂ ਖੇਡਦੇ ਘੀਚਰ ਲੁਹਾਰ ਨੇ ਰੋਂਦ ਮਾਰੀ ਤਾਂ ਕੜਾਕਾ ਸਿੰਘ ਨੇ ਖਿੱਚ ਕੇ ਜੋ ਚੰਡ ਮਾਰੀ, ਪੰਜੇ ਉਂਗਲਾਂ ਖੜੇ ਗਈਆਂ। ਮੁੰਡੇ ਆਖਣ ਲੱਗੇ, "ਧੰਨੋ ਦੇ ਮੁੰਡੇ ਨੇ ਕੜਾਕੇ ਕੱਢ ਦਿੱਤੇ!"

ਇਸ ਪਿਛੋਂ ਉਸ ਦਾ ਨਾਂ ਕੜਾਕਾ ਸਿੰਘ ਪੈ ਗਿਆ।

ਕੜਾਕਾ ਸਿੰਘ ਦੇ ਬਾਪੂ ਨੂੰ ਮਰਿਆਂ ਚਿਰ ਹੋ ਗਿਆ ਸੀ। ਮਾਂ ਦੇ ਮਰਨ ਪਿਛੋਂ ਕੜਾਕਾ ਸਿੰਘ ਹੋਰ ਵੀ ਅਜ਼ਾਦ ਹੋ ਗਿਆ। ਜਿਹੜਾ ਘਸਿਆ-ਬੋਦਾ ਤਾਰ ਉਸ ਨੂੰ ਘਰ ਨਾਲ ਜੋੜੀ ਰਖਦਾ ਸੀ, ਉਹ ਵੀ ਟੁੱਟ ਗਿਆ। ਹੁਣ ਉਹ ਕਈ ਵਾਰ

ਗੁਰਦੁਆਰੇ ਹੀ ਸੌਂ ਜਾਂਦਾ।

ਕਦੇ-ਕਦੇ ਨਿਹੰਗਾਂ ਦਾ ਉਤਾਰਾ ਹੁੰਦਾ ਤਾਂ ਸਾਰੀ-ਸਾਰੀ ਰਾਤ ਕੂੰਡੇ ਵਿਚ ਟੱਲਾਂ ਵਾਲਾ ਘੋਟਣਾ ਖੜਕਦਾ।

ਇਕ ਦਿਨ ਗੁਰਦੁਆਰੇ ਨਿਹੰਗਾਂ ਦੀਆਂ ਫ਼ੌਜਾਂ ਆਈਆਂ। ਉਨ੍ਹਾਂ ਦੇ ਸਰਦਾਰ ਦੀ ਟੋਏ ਵਾਲੀ ਅੱਖ ਹੋਣ ਕਰਕੇ ਉਸ ਦਾ ਨਾਂ ਲੱਖ-ਨੇਤਰਾ ਸਿੰਘ ਸੀ। ਉਸ ਕੜਾਕਾ ਸਿੰਘ ਦੇ ਸੁੱਖੇ ਰਗੜਨ ਉਤੇ ਖ਼ੁਸ਼ ਹੋ ਕੇ ਉਸ ਨੂੰ ਮੁਰੀਦੀ ਦੇਗ ਛਕਾਈ ਤੇ ਪੀਲਾ ਦੁਮਾਲਾ ਤੇ ਸੀਸ-ਕੜਾ ਦੇ ਕੇ ਆਖਿਆ, "ਤੂੰ ਅੱਜ ਸਾਡਾ ਚਿੱਤ ਖ਼ੁਸ਼ ਕਰ ਦਿੱਤੈ। ਲੈ ਅੱਜ ਤੋਂ ਤੂੰ ਇਸ ਪਾਸੇ ਦਾ ਗਿਰਦੌਰ। ਤੈਨੂੰ ਰੋਕਣ ਆਲਾ ਕੋਈ ਨਹੀਂ। ਸਾਡੇ ਬਚਨ ਬਲਾਸ ਜਾਦ ਰੱਖੀਂ, ਵਾਹਗੁਰੂ ਭਲਾ ਕਰੂ।"

ਇਹ ਆਖ ਲੱਖ-ਨੇਤਰਾ ਸਿੰਘ ਨੇ ਗੱਜ ਕੇ ਜੈਕਾਰਾ ਛਡਿਆ। ਜਦੋਂ ਫ਼ੌਜਾਂ ਉਠ ਗਈਆਂ ਤਾਂ ਕੜਾਕਾ ਸਿੰਘ ਪੂਰੀ ਤਰ੍ਹਾਂ ਨਿਹੰਗ ਸਿੰਘ ਸੱਜ ਗਿਆ।

ਚਿੱਟੇ ਛਿੱਬਾਂ ਵਾਲੀ ਟੈਰ ਉਤੇ ਚੜ੍ਹਿਆ ਜਦ ਕੜਾਕਾ ਸਿੰਘ ਪਿੰਡ ਦੀ ਗਰਦੌਰੀ ਲਈ ਨਿਕਲਿਆ ਤਾਂ ਸਭਨਾਂ ਆਖਿਆ, "ਵਾਹ ਭਈ ਵਾਹ! ਨਹੀਂ ਰੀਸਾਂ ਕੜਾਕਾ ਸਿਓਂ ਦੀਆਂ!"

ਇਕ ਦਿਨ ਉਸ ਨੇਜ਼ਾ ਤਾਣ ਕੇ ਆਖਿਆ, "ਅਸੀਂ ਚੜ੍ਹਾਈ ਤੇ ਚੱਲੇ ਆਂ। ਦੱਖਣ 'ਚ ਤੁਰਕੜੇ ਆ ਪਏ ਨੇ, ਛੇਤੀ ਮੁੜਾਂਗੇ।" ਇਹ ਆਖ ਉਹ ਪਿੰਡੋਂ ਚਲਾ ਗਿਆ ਤੇ ਅੱਠ ਸਾਲ ਨਾ ਮੁੜਿਆ।

ਕਈਆਂ ਸਾਲਾਂ ਪਿਛੋਂ ਜਦੋਂ ਉਹ ਮੁੜਿਆ ਤਾਂ ਸੁੱਖਾ ਬਹੁਤਾ ਪੀਣ ਕਰਕੇ ਅੱਖਾਂ ਤੇ ਗੱਲ੍ਹਾਂ ਅੰਦਰ ਨੂੰ ਵੜੀਆਂ ਹੋਈਆਂ, ਦੁਮਾਲਾ, ਕਮਰਕੱਸਾ ਤੇ ਹੋਰ ਭੋਛਣ ਮੀਂਹਾਂ ਤੇ ਧੁੱਪਾਂ ਨਾਲ ਛੰਡੇ ਤੇ ਫਿੱਟੇ ਹੋਏ ਸਨ ਤੇ ਭੂਸਲੀ ਦਾੜ੍ਹੀ ਇਉਂ ਸੀ ਜਿਵੇਂ ਮੇਥੇ ਦੇ ਪੱਤਿਆਂ ਨੂੰ ਸੋਕਾ ਮਾਰ ਗਿਆ ਹੋਵੇ। ਉਸ ਦੀ ਟੈਰ ਵੀ ਕਿਤੇ ਰਾਹ ਵਿਚ ਹੀ ਮਰ ਗਈ ਸੀ। ਸ਼ਾਇਦ ਰਾਹ ਵਿਚ ਕਿਤੇ ਕਿਸੇ ਨਾਲ ਲੜ ਪਿਆ ਸੀ, ਕਿਉਂ ਜੁ ਉਸ ਦੀ ਖੱਬੀ ਅੱਖ ਹੇਠ ਡੂੰਘਾ ਵੈਂਗਣੀ ਖੋਭਾ ਸੀ ਜਿਵੇਂ ਕਿਸੇ ਕਾਤੀ ਮਾਰੀ ਹੋਵੇ। ਇਸ ਨਾਲ ਖੱਬੀ ਅੱਖ ਅੱਧ-ਮਿਚੀ ਜਿਹੀ ਰਹਿੰਦੀ ਸੀ, ਪਰ ਸੱਜੀ ਅੱਖ ਗੇਰੂ ਵਾਂਗ ਲਾਲ ਸੀ। ਗੁੱਸੇ ਵਿਚ ਇਹੋ ਅੱਖ ਅੰਗਾਰ ਵਾਂਗ ਮੱਘਣ ਲਗਦੀ ਤੇ ਉਸ ਦੀ ਸੂਰਤ ਅਜੀਬ ਭਿਅੰਕਰ ਰੂਪ ਧਾਰ ਲੈਂਦੀ। ਹੁਣ ਉਹ ਪਿੰਡ ਵਿਚ ਹੀ ਫਿਰਦਾ ਤੇ ਗੁਰਦੁਆਰੇ ਵਿਚ ਅੰਨ੍ਹੇ ਭਾਈ ਕੋਲ ਹੀ ਸੌਂ ਰਹਿੰਦਾ।

ਉਹ ਬੜੇ ਦਾਅਵੇ ਨਾਲ ਆਖਦਾ, "ਜਦ ਤੀਕ ਫ਼ੌਜਾਂ ਪਿੰਡ 'ਚ ਨੇ, ਕੋਈ ਅੱਖ ਪੱਟ ਕੇ ਨਹੀਂ ਦੇਖ ਸਕਦਾ। ਤੁਰਕੜਿਆਂ ਦੇ ਪਦੀੜ ਪਾ ਦਈਏ ਜੇ ਝਾਕ ਵੀ ਜਾਣ!" ਕਿਤੇ ਅੱਗ ਲਗ ਜਾਏ, ਚੋਰੀ ਹੋ ਜਾਏ, ਸੰਨ੍ਹ ਲਗ ਜਾਏ, ਕੜਾਕਾ ਸਿੰਘ ਢਾਲ-ਤਲਵਾਰ ਤੇ ਨੇਜ਼ਾ ਫੜ ਤਿਆਰ-ਬਰ-ਤਿਆਰ ਉਥੇ ਪੁੱਜ ਜਾਂਦਾ।

ਜਦੋਂ ਗੁਰਦੁਆਰੇ ਦਾ ਅੰਨ੍ਹਾਂ ਭਾਈ ਮਰ ਗਿਆ ਤਾਂ ਕੜਾਕਾ ਸਿੰਘ ਨੇ ਉਸ ਦੀ ਥਾਂ ਸਾਂਭ ਲਈ।

ਰੁੱਤਾਂ ਆਈਆਂ, ਤੇ ਚਲੀਆਂ ਗਈਆਂ। ਸਿਆਲ ਆਏ, ਲੰਘ ਗਏ। ਕੜਾਕਾ ਸਿੰਘ ਏਸੇ ਗੁਰਦੁਆਰੇ ਵਿਚ ਰਿਹਾ। ਨਵੇਂ ਜੁਆਕ ਜੁੱਲੇ ਉਸ ਨੂੰ ਸੁਖਮਨੀ ਸਾਹਿਬ



ਦਾ ਪਾਠ ਕਰਦੇ ਸੁਣਦਿਆਂ ਹੀ ਜੁਆਨ ਹੋਏ। ਉਹ ਵਿਆਹੇ ਪਰਨਾਏ ਗਏ, ਧੀਆਂ-ਪੁੱਤਾਂ ਵਾਲੇ ਹੋ ਗਏ—ਕੜਾਕਾ ਸਿੰਘ ਖੂਹ ਦੇ ਲਾਗੇ ਬੁੱਢੇ ਜੰਡ ਵਾਂਗ ਉਥੇ ਦਾ ਉਥੇ। ਜੋ ਕੁਝ ਚੜ੍ਹਾਵਾ ਚੜ੍ਹਦਾ, ਉਸ ਦਾ ਸੁੱਖਾ ਆ ਜਾਂਦਾ, ਫੀਮ ਆ ਜਾਂਦੀ, ਤੇ ਸੁੱਖੇ ਵਿਚ ਪੈਣ ਵਾਲੀਆਂ ਨਿਆਮਤਾਂ ਆ ਜਾਂਦੀਆਂ। ਜੇ ਫੁਲਕਾਰੀ, ਸਲਾਰੀ ਜਾਂ ਰੁਮਾਲੇ ਚੜ੍ਹਦੇ ਉਨ੍ਹਾਂ ਦਾ ਵੀ ਉਹ ਲੱਛੂ ਬਜਾਜ ਦੀ ਹੱਟੀ ਦੁਆਰਾ ਜਗਨੇ ਠੇਕੇਦਾਰ ਕੋਲੋਂ ਮਾਵਾ ਲੈ ਆਉਂਦਾ।

ਗੁਰਦੁਆਰੇ ਦੀਆਂ ਕੰਧਾਂ ਭੁਰ ਗਈਆਂ ਸਨ। ਕੜਾਕਾ ਸਿੰਘ ਦੇ ਦੰਦ ਕਿਰ ਗਏ ਸਨ। ਜਦ ਉਹ ਹੱਸਦਾ, ਉਸ ਦਾ ਬੋੜਾ ਮੂੰਹ ਖੁੱਤੀ ਵਾਂਗ ਖੁੱਲ੍ਹ ਜਾਂਦਾ। ਜੇ ਪਾਠ ਕਰਦਾ ਤਾਂ ਅਵਾਜ਼ ਇਉਂ ਹੁੰਦੀ ਜਿਉਂ ਅੱਧ-ਰਿੱਝੇ ਚੌਲ। ਉਹਦੇ ਮੂੰਹੋਂ ਸ਼ਬਦ ਤਾਂ ਪਹਿਲਾਂ ਵੀ ਸਾਫ ਸੁਣਾਈ ਨਹੀਂ ਸੁਣਦੇ, ਹੁਣ ਹੋਰ ਵੀ ਅਧੂਰੇ, ਮੱਧਮ ਬਿਨ-ਪਛਾਤੇ ਜਾਪਦੇ ਸਨ। ਬਸ ਉਸ ਦੀ ਰੂੰ-ਰੂੰ ਤੋਂ ਪਤਾ ਲਗਦਾ ਸੀ ਕਿ ਗੁਰਦੁਆਰੇ ਵਿਚ ਪਾਠ ਹੋ ਰਿਹਾ ਹੈ।

ਜਦੋਂ ਕੋਈ ਸ਼ਰਧਾਲੂ ਆਉਂਦਾ ਤਾਂ ਉਹ ਬਿੜਕ ਸੁਣ ਕੇ ਪੁੱਛਦਾ, "ਕੀ ਲਿਆਂਦੈ?"

ਸ਼ਰਧਾਲੂ ਆਖਦਾ, "ਨਿਹੰਗ ਸਿੰਘ ਜੀ, ਰੁਮਾਲਾ ਚਾੜ੍ਹਨ ਆਇਐਂ। ਅੱਜ ਮੇਰੀ ਨੌਕਰੀ ਲੱਗੀ ਐ। ਮੈਂ ਇਹ ਸੁੱਖ ਸੁਖੀ ਸੀ।"

"ਜਿਹੜਾ ਆਉਂਦੈ ਬਸ ਰੁਮਾਲਾ ਈ ਲਿਆਉਂਦੈ। ਮਲੰਗਾਂ ਦਾ ਪਿੰਡ ਐ। ਇਹ ਨਹੀਂ ਪਈ ਸਾਨੂੰ ਕੋਈ ਸਮੁੰਦਰ ਦੀ ਘੁੱਟ ਈ ਛਕਾ ਦੇਣ ਜਾਂ ਸੁਰਗਾਂ ਦੀ ਬੂਟੀ ਲੈ ਆਉਣ..."

ਆਏ ਦਿਨ ਪਿੰਡ ਵਿਚ ਕੋਈ ਨਾ ਕੋਈ ਵਾਰਦਾਤ ਹੋਈ ਰਹਿੰਦੀ। ਸ਼ਹਿਰਾਂ ਵਿਚ ਕੋਈ ਕੁੜੀ ਕਿਸੇ ਨਾਲ ਨਿਕਲ ਜਾਏ ਤਾਂ ਇਸ ਗੱਲ ਦੀ ਇਸ ਤੋਂ ਵਧ ਮਹੱਤਤਾ ਨਹੀਂ ਕਿ ਇਕ ਚਿੜੀ ਇਕ ਰੁੱਖ ਤੋਂ ਉਡ ਕੇ ਦੂਜੇ ਰੁੱਖ ਉਤੇ ਜਾ ਬੈਠੀ, ਪਰ ਪਿੰਡ ਵਿਚ ਕੁੜੀ ਦਾ ਨਿਕਲ ਜਾਣਾ ਏਸੇ ਤਰ੍ਹਾਂ ਹੈ ਜਿਵੇਂ ਕਿਰਸਾਨ ਦੇ ਖੇਤ ਨੂੰ ਟਿੱਡੇ ਚੱਟ ਜਾਣ ਜਾਂ ਸ਼ਾਹ ਦੀ ਪੇਟੀ ਵਿਚੋਂ ਥੈਲੀ ਉੱਡ ਜਾਏ।

ਜਦੋਂ ਇੰਦਰ ਸਿੰਘ ਜੱਟ ਦੀ ਕੁੜੀ ਰਤਨੀ ਨਾਈਆਂ ਦੇ ਮੁੰਡੇ ਨਾਲ ਨਿਕਲ ਗਈ ਤਾਂ ਸਾਰੇ ਪਿੰਡ ਵਿਚ ਇਹ ਖ਼ਬਰ ਅੱਗ ਵਾਂਗ ਫੈਲ ਗਈ। ਤਰਕਾਲੀਂ ਰਤਨੀ ਚੋਣੇ ਵਲ ਗਈ ਸੀ, ਬਸ ਫਿਰ ਨਾ ਮੁੜੀ। ਭੱਠੀ ਤਪਾਉਣ ਵਾਲੀ ਬੁੱਘੀ ਨੇ ਨਾਈਆਂ ਦੇ ਮੁੰਡੇ ਪਤੀਏ ਨੂੰ ਦੂਜੀ ਗਲੀ ਵਿਚ ਜਾਂਦੇ ਦੇਖਿਆ ਸੀ। ਪਤੀਏ ਤੇ ਰਤਨੀ ਦੇ ਇਸ਼ਕ-ਮੁਸ਼ਕ ਦੀ ਖ਼ਬਰ ਕੁਝ ਚਿਰ ਤੋਂ ਉਡਦੀ ਰਹੀ ਸੀ।

ਪਤੀਆ ਫ਼ੌਜ ਵਿਚ ਲੈਂਸ ਸੀ। ਮਹੀਨੇ ਦੀ ਛੁੱਟੀ ਮੁੜਿਆ ਸੀ। ਬਾਹਰ ਜਾ ਕੇ ਭਾਵੇਂ ਉਸ ਨੇ ਵਰਦੀ-ਪੇਟੀ ਕੱਸ ਲਈ ਸੀ ਪਰ ਪਿੰਡ ਵਿਚ ਉਹ ਨਾਈਆਂ ਦਾ ਮੁੰਡਾ ਹੀ ਅਖਵਾਉਂਦਾ ਸੀ। ਪਿੰਡ ਉਹ ਵਰਦੀ ਪਾ ਕੇ ਨਹੀਂ ਸੀ ਆਉਂਦਾ। ਸਾਰਾ ਸਾਲ ਪੇਟੀਆਂ ਕੱਸੀ, ਬੂਟ ਤੇ ਖ਼ਾਕੀ ਕਪੜੇ ਪਾ-ਪਾ ਉਹ ਅੱਕ ਜਾਂਦਾ, ਲੱਠੇ ਦੇ ਚਾਦਰੇ ਤੇ ਟੌਰੇ ਵਾਲੀ ਮੂੰਗੀਆ ਪੱਗ ਦੇ ਸੁਫ਼ਨੇ ਲੈਂਦਾ ਰਹਿੰਦਾ, ਜੋ ਪਿੰਡ ਆ ਕੇ ਹੀ ਪੂਰੇ ਹੁੰਦੇ। ਰਤਨੀ ਏਸੇ ਮੂੰਗੀਆ ਟੌਰੇ ਉਤੇ ਮਰ ਮੁੱਕੀ ਸੀ।

ਰਤਨੀ ਦੇ ਭਰਾ ਭੁੱਲਰ ਨੇ ਠਾਕਿਆ ਸੀ, "ਟਕੂਏ ਨਾਲ ਲੱਤਾਂ ਵੱਢ ਦਊਂ ਤੇ ਨੀਰੇ ਆਲੇ ਕੋਠੇ 'ਚ ਸੁੱਟ ਦਊਂ ਰਤਨੀਏਂ !" ਪਰ ਰਤਨੀ ਨੇ ਇਕ ਨਾ ਸੀ ਸੁਣੀ ।

ਤਰਕਾਲਾਂ ਹੋ ਗਈਆਂ, ਚੁਫੇਰੀਂ ਹਨੇਰਾ ਵਿਛ ਗਿਆ, ਪਰ ਰਤਨੀ ਘਰ ਨਾ ਮੁੜੀ ।

ਭੁੱਲਰ ਤੇ ਉਸ ਦਾ ਦੂਜਾ ਭਰਾ ਘਰ ਦੀ ਪਛਾੜੀ ਵਲਗਣ ਵਿਚ ਕਈ ਦਿਨਾਂ ਦੇ ਨੱਪੇ ਤੌੜੇ ਨੂੰ ਅੱਗ ਉਤੇ ਰਖੀ ਪਕਾ ਰਹੇ ਸਨ, ਤੇ ਗੁੜ ਤੇ ਸੱਕ ਦੀ ਹਵਾੜ ਸੁੰਘ ਕੇ ਜਾਂਚ ਰਹੇ ਸਨ ਸ਼ਰਾਬ ਤਿਆਰ ਹੋ ਗਈ ਕਿ ਨਹੀਂ । ਉਨ੍ਹਾਂ ਦੇ ਪਿਓ ਨੇ ਆ ਕੇ ਆਖਿਆ, "ਕੰਜਰੋ ! ਤੁਸੀਂ ਏਥੇ ਦਾਰੂ ਕੱਢਣ ਲੱਗੇ ਓ, ਨਾਈਆਂ ਦਾ ਮੁੰਡਾ ਥੋਡੀ ਭੈਣ ਨੂੰ ਕੱਢ ਕੇ ਲੈ ਗਿਐ !"

ਭੁੱਲਰ ਨੇ ਘੜੇ ਨੂੰ ਉਥੇ ਹੀ ਛੱਡ ਕੇ ਕਿੱਲੇ ਉਤੇ ਟੰਗਿਆ ਗੰਡਾਸਾ ਲਾਹ ਲਿਆ । ਦੋਹਾਂ ਭਰਾਵਾਂ ਨੇ ਛਵ੍ਹੀਆਂ ਤੇਜ਼ ਕਰ ਲਈਆਂ । ਚਾਚੇ-ਤਾਏ ਦੇ ਪੁੱਤਾਂ ਨੇ ਵੀ ਡਾਂਗਾਂ ਤੇ ਟਕੂਏ ਸਾਂਭ ਲਏ ਤੇ ਘੋੜੀਆਂ ਉਤੇ ਚੜ੍ਹ ਕੇ ਰਤਨੀ ਦੇ ਮਗਰ ਤੁਰ ਪਏ । ਪਿੰਡ ਨੂੰ ਤਿੰਨ ਪਾਸਿਓਂ ਪੱਕੀਆਂ ਸੜਕਾਂ ਲਗਦੀਆਂ ਸਨ । ਕਾਲੀ ਰਾਤ ਵਿਚ ਉਨ੍ਹਾਂ ਦੀਆਂ ਘੋੜੀਆਂ ਦੀਆਂ ਟੱਲੀਆਂ ਛਣਕਦੀਆਂ ਰਹੀਆਂ ਤੇ ਛਵ੍ਹੀਆਂ ਚਮਕਦੀਆਂ ਰਹੀਆਂ, ਪਰ ਉਹ ਦੋਵੇਂ ਕਿਤੇ ਨਾ ਮਿਲੇ ।

ਰਤਨੀ ਤੇ ਪਤੀਆ ਹਾਲੀਂ ਪਿੰਡੋਂ ਇਕ ਕੋਹ ਹੀ ਗਏ ਹੋਣਗੇ ਕਿ ਉਨ੍ਹਾਂ ਨੇ ਘੋੜੀਆਂ ਦੇ ਘੁੰਗਰੂਆਂ ਦੀ ਅਵਾਜ਼ ਸੁਣੀ ਤੇ ਲਿਸ਼ਕਦੀਆਂ ਛਵ੍ਹੀਆਂ ਦਾ ਝੌਲਾ ਪਿਆ । ਪਤੀਆ ਜੰਗ ਵਿਚ ਭਾਵੇਂ ਬੰਦੂਕ ਚੁੱਕ ਕੇ ਲੜ ਸਕਦਾ ਸੀ, ਪਰ ਪਿੰਡ ਦੇ ਜੁਆਨਾਂ ਦੀਆਂ ਛਵ੍ਹੀਆਂ ਅੱਗੇ ਉਸ ਦਾ ਸਾਰਾ ਹੌਂਸਲਾ ਟੁੱਟ ਗਿਆ । ਨਾਲ ਹੀ ਮੱਕੀ ਦਾ ਖੇਤ ਸੀ । ਦੋਵੇਂ ਇਸ ਵਿਚ ਵੜ ਗਏ ।

ਜਦੋਂ ਖਿੱਤੀਆਂ ਘੁੰਮ ਕੇ ਪੱਛਮ ਵਲ ਚਲੀਆਂ ਗਈਆਂ ਤੇ ਨੀਲੇ ਸਾਵੇ ਰੰਗ ਅਸਮਾਨ ਵਿਚ ਖੁਰਨ ਲੱਗੇ ਤਾਂ ਪਤੀਏ ਨੂੰ ਹੋਸ਼ ਆਈ । ਰਾਤ ਦੇ ਹਨੇਰੇ ਵਿਚ ਉਬਲਦਾ ਹੋਇਆ ਜੋਸ਼ ਮੱਠਾ ਪੈ ਗਿਆ, ਤੇ ਉਸ ਦੀਆਂ ਅੱਖਾਂ ਅੱਗੇ ਛਵ੍ਹੀਆਂ ਤੇ ਗੰਡਾਸੇ ਫਿਰਨ ਲੱਗੇ ।

ਮੂੰਹ-ਹਨੇਰੇ ਉਸ ਨੇ ਆਪਣੀ 'ਕਿਟ' ਸਾਂਭੀ ਤੇ ਰਤਨੀ ਨੂੰ ਉਸੇ ਤਰ੍ਹਾਂ ਸੁੱਤੀ ਛੱਡ ਕੇ ਬਠਿੰਡੇ ਦੇ ਸਟੇਸ਼ਨ ਵਲ ਹੋ ਗਿਆ । ਡੰਡੀ ਤੇ ਪਹੇ ਤੋਂ ਹਟ ਕੇ ਵਾਹਣਾਂ ਵਿਚੋਂ ਹੁੰਦਾ ਹੋਇਆ ਉਹ ਵੱਡੇ ਸਟੇਸ਼ਨ ਉਤੇ ਜਾ ਪੁੱਜਾ, ਜਿਥੇ ਸੱਤਾਂ ਸਿੰਮਤਾਂ ਤੋਂ ਗੱਡੀਆਂ ਪੈਂਦੀਆਂ ਸਨ ।

***** ***** *****

ਮੱਕੀ ਦੇ ਖੇਤ ਵਿਚ ਜਦੋਂ ਰਤਨੀਂ ਦੀ ਅੱਖ ਖੁੱਲ੍ਹੀ ਤਾਂ ਪਤੀਆ ਜਾ ਚੁੱਕਾ ਸੀ । ਸਿਰ ਉਤੇ ਤਾਰੇ ਚਮਕ ਰਹੇ ਸਨ । ਸਾਰੇ ਖੇਤ ਵਿਚ ਚੁੱਪ-ਚਾਂ ਸੀ । ਕਦੇ ਕੋਈ ਬੁੱਲਾ ਆਉਂਦਾ ਤਾਂ ਕੋਈ ਟਾਂਡਾ ਖੜਕ ਪੈਂਦਾ । ਡਰ ਨਾਲ ਰਤਨੀ ਦਹਿਲ ਗਈ ਸੀ ।

ਉਸ ਨੂੰ ਆਪਣੇ ਬਾਪੂ ਤੇ ਭਰਾਵਾਂ ਦੇ ਰੋਹ ਦਾ ਪਤਾ ਸੀ । ਉਨ੍ਹਾਂ ਉਸ ਨੂੰ ਵੱਢਣ ਵਿਚ ਢਿੱਲ ਨਹੀਂ ਲਾਉਣੀ । ਹੁਣ ਤਾਂ ਬਸ ਡੁੱਬ ਮਰਨ ਬਾਝੋਂ ਹੋਰ ਕੋਈ ਚਾਰਾ ਨਹੀਂ ਸੀ ਰਿਹਾ ।



ਨੰਗੇ ਪੈਰੀਂ ਤੁਰਦੀ ਉਹ ਗੁਰਦੁਆਰੇ ਦੇ ਖੂਹ ਉਤੇ ਆਈ । ਉਸ ਦੀਆਂ ਅੱਖਾਂ ਅੱਗੇ ਹਨੇਰਾ ਸੀ । ਉਸ ਦਾ ਕਾਲਜਾ ਧੜਕ ਰਿਹਾ ਸੀ । ਖੂਹ ਦੀ ਟੁੱਟੀ ਹੋਈ ਮਣ ਉਤੇ ਬੈਠ ਕੇ ਉਸ ਹੇਠਾਂ ਤੱਕਿਆ । ਉਸ ਨੂੰ ਕੁਝ ਨਜ਼ਰ ਨਾ ਆਇਆ—ਕਾਲਾ ਗੋਲ ਚੱਕਰ ਖਾਂਦਾ ਹੋਇਆ ਡੂੰਘਾ ਹਨੇਰਾ...ਉਸ ਦਾ ਸਿਰ ਵੀ ਚਕਰਾ ਰਿਹਾ ਸੀ ।

ਗੁਰਦੁਆਰੇ ਵਿਚੋਂ ਕੜਾਕਾ ਸਿੰਘ ਦਾ ਪਾਠ ਸੁਣਾਈ ਦੇ ਰਿਹਾ ਸੀ ।

ਰਤਨੀ ਨੂੰ ਹੌਂਸਲਾ ਹੋਇਆ । ਉਸ ਨੇ ਅੱਖਾਂ ਪੂੰਝੀਆਂ ਤੇ ਹੌਲੀ-ਹੌਲੀ ਤੁਰਦੀ ਗੁਰਦੁਆਰੇ ਦੇ ਬੂਹੇ ਕੋਲ ਆ ਖੜੀ ਹੋਈ ।

"ਕੌਣ ਐਂ ਤੂੰ ?" ਕੜਾਕਾ ਸਿੰਘ ਨੇ ਪਾਠ ਵਿਚੋਂ ਉਭਰ ਕੇ ਆਖਿਆ ।

"ਬੋਲਦਾ ਕਿਉਂ ਨਹੀਂ", ਉਹ ਫਿਰ ਕੜਕਿਆ ।

"ਮੈਂ ਆਂ...ਰਤਨੀ...ਬਾਬਾ ।" ਉਹ ਕੰਬਦੀ ਹੋਈ ਆਵਾਜ਼ ਵਿਚ ਕੂਈ ।

"ਪਰ੍ਹਾਂ ਈ ਬੈਠੀ ਰਹਿ !" ਉਸ ਦੀਆਂ ਰੋਡੀਆਂ ਭਵਾਂ ਤਣ ਗਈਆਂ, "ਤੁੜਵਾ ਆਈਂ ਐਂ ਮੋਰਚਾ ?" ਉਹ ਗੁੱਸੇ ਵਿਚ ਗਰਜਿਆ ।

ਰਤਨੀ ਖੜੀ ਡੁਸਕਣ ਲੱਗੀ ।

ਕੜਾਕਾ ਸਿੰਘ ਨੂੰ ਹੋਰ ਗੁੱਸਾ ਚੜ੍ਹ ਗਿਆ ।

"ਚਾਲਾ ਪਾ ਏਥੋਂ, ਬਾਮ੍ਹਣੀ (ਕੁੱਤੀ) !" ਉਹ ਬੋਲਿਆ, "ਤੜਕੇ-ਤੜਕੇ ਕੋਈ ਪ੍ਰੇਮ-ਪਟੋਲਾ ਲਿਆਊ, ਕੋਈ ਨਾਗਣੀ ਦਾ ਗੋਲਾ ਲਿਆਊ, ਕੋਈ ਸਲੋਤਰ ਸਿਆਂ ਦੇ ਖੜਕਣ ਦੜਕਣ ਦਾ ਸਮਿਆਨ ਕਰਾਊ—ਪਰ ਇਹ ਆ ਗਈ ਏ ਮੋਰਚਾ ਤੁੜਵਾ ਕੇ ! ਜਾ ਐਥੋਂ !" ਕੜਾਕਾ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਪ੍ਰੇਮ-ਪਟੋਲੇ ਨਾਲ ਕੱਜ ਦਿੱਤਾ ਤੇ ਗੁੱਸੇ ਵਿਚ ਲੜਖੜਾਉਂਦਾ ਬਾਹਰ ਆਇਆ ।

ਉਸ ਦੀ ਝਾੜ-ਪਛਾੜ ਸੁਣ ਕੇ ਰਤਨੀ ਨੇ ਤਰਲਾ ਕੀਤਾ, "ਸਿੰਘ ਜੀ ਮੈਨੂੰ ਬਚਾਓ । ਮੈਂ ਮਰ ਜੂੰਗੀ । ਉਹ ਮੈਨੂੰ ਵੱਢ ਸੁੱਟਣਗੇ ।"

"ਹਟ ਹਟ, ! ਬਾਮ੍ਹਣੀ !" ਕੜਾਕਾ ਸਿੰਘ ਗੁੱਸੇ ਨਾਲ ਕੰਬ ਕੇ ਬੋਲਿਆ, "ਤੈਨੂੰ ਸੋਧਣ ਨਾ ਤਾਂ ਹੋਰ ਕੀ ਕਰਨ ? ਜੀ ਤਾਂ ਮੇਰਾ ਈ ਕਰਦੈ ਕਿ ਤੇਰਾ ਕੀਰਤਨ ਸੋਲ੍ਹਾ ਪੜ੍ਹ ਦੇਮਾਂ । ਪਰ੍ਹਾਂ ਹਟ !" ਉਸ ਨੇ ਨੇਜ਼ਾ ਚੁੱਕ ਲਿਆ । "ਖ਼ਬਰਦਾਰ ਜੁ ਐਧਰ ਬੜੀ ਐਂ । ਚਲ ਖੁਰੀ ਕਰ ਜਾ !" ਉਹ ਨੇਜ਼ੇ ਦੀ ਵਿੱਥ ਤੇ ਖੜਾ ਸੀ ।

"ਨਿਹੰਗ ਸਿੰਘ ਜੀ ਮੈਨੂੰ ਬਚਾਓ ।" ਰਤਨੀ ਨੇ ਉਸ ਦੇ ਪੈਰ ਫੜ ਕੇ ਆਖਿਆ, "ਮੈਂ ਥੋਡੀ ਸ਼ਰਨ ਆਈ ਆਂ । ਬਚਾਉ ! ਮੈਂ ਤਰਲਾ ਕਰਦੀ ਆਂ..."

"ਸ਼ਰਨ...ਬਚਾਓ" ਦੇ ਸ਼ਬਦ ਸੁਣ ਕੜਾਕਾ ਸਿੰਘ ਨੇ ਆਪਣਾ ਨੇਜ਼ਾ ਖੂੰਜੇ ਵਿਚ ਟਿਕਾ ਦਿੱਤਾ । ਰਤਨੀ ਦੇ ਸ਼ਬਦਾਂ ਨੇ ਉਸ ਦਾ ਗੁੱਸਾ ਢਿੱਲਾ ਕਰ ਦਿੱਤਾ ਸੀ । ਉਸ ਨੇ ਸਾਰੀ ਉਮਰ ਜੰਗਾਂ ਲੜੀਆਂ ਸਨ, ਕਿਸੇ ਥਾਂ ਉਤੇ ਉਸ ਨੂੰ ਕੋਈ ਬੁਲਾਵੇ ਭਾਵੇਂ ਨਾ, ਉਸ ਦੇ ਕੰਨੀਂ ਭਿਣਕ ਪੈਣ ਦੀ ਲੋੜ ਹੈ, ਉਹ ਆਪੇ ਹੀ ਪਹੁੰਚ ਜਾਂਦਾ ਸੀ । ਪਰ ਇਸ ਤਰ੍ਹਾਂ ਨੀਵੇਂ ਹੋ ਕੇ, ਝੁਕ ਕੇ, ਆਤੁਰ ਹੋ ਕੇ ਕਦੇ ਉਸ ਨੂੰ ਕਿਸੇ ਨਹੀਂ ਸੀ ਦੁਹਾਈ ਪਾਈ । ਕਦੇ ਕਿਸੇ ਨੇ ਉਸ ਦੇ ਪੈਰ ਨਹੀਂ ਸਨ ਫੜੇ ।

ਉਸ ਦੇ ਪੈਰਾਂ ਉਤੇ ਰਤਨੀ ਦੀਆਂ ਅੱਖਾਂ ਵਿਚੋਂ ਦੋ ਗਰਮ-ਗਰਮ ਤੁਪਕੇ ਡਿੱਗੇ । ਰਤਨੀ ਨੇ ਅੱਖਾਂ ਉਪਰ ਚੁੱਕੀਆਂ ਤੇ ਆਖਿਆ, "ਮੈਨੂੰ ਬਚਾਊ !"

ਸੂਰਬੀਰਤਾ ਦੀ ਰੌ ਕੜਾਕਾ ਸਿੰਘ ਦੀਆਂ ਰਗਾਂ ਵਿਚ ਦੌੜਨ ਲੱਗੀ। ਉਸ ਦੀ ਖੋਦੀ ਦਾੜ੍ਹੀ ਹਿੱਲ ਰਹੀ ਸੀ ਤੇ ਉਸ ਦੀਆਂ ਭੂਰੀਆਂ ਹੋਈਆਂ ਮੁੱਛਾਂ ਫੜਕ ਰਹੀਆਂ ਸਨ। "ਚੰਗਾ ਬਹਿ ਜਾ ਐਥੇ! ਪਰ੍ਹੇ! ਆਪੇ ਆ ਕੇ ਲੈ ਜਾਣਗੇ ਤੈਨੂੰ—ਤੇਰਾ ਪਿਓ ਤੇ ਭਰਾ—"

"ਉਹ ਤਾਂ ਮੈਨੂੰ ਕੋਹ ਸੁੱਟਣਗੇ। ਮੈਂ ਉਨ੍ਹਾਂ ਕੋਲ ਨਹੀਂ ਜਾਣਾ...ਮੈਂ..."

"ਮਜਾਲ ਐ ਉਹ ਤੇਰਾ ਬਾਲ ਵੀ ਬਿੰਗਾ ਕਰ ਜਾਣ। ਤੂੰ ਸਾਡੀ ਛਤਰ-ਛਾਂ ਹੇਠ ਐਂ। ਮਜਾਲ ਐ ਉਨ੍ਹਾਂ ਮਲੰਗਾਂ ਦੀ! ਤੇ ਕੀ ਆਖਿਐ ਤੂੰ—? ਉਹ ਤੈਨੂੰ ਲੈ ਕੇ ਨਹੀਂ ਜਾਣਗੇ! ਦੇਖਦੈਂ ਕੌਣ ਨਹੀਂ ਤੈਨੂੰ ਲਜਾਂਦਾ! ਸਾਡੇ ਘੋੜੇ ਕਿਥੇ ਨੇ?" ਇਹ ਆਖ ਕੇ ਉਸ ਫਿਰ ਨੇਜ਼ਾ ਚੁੱਕ ਲਿਆ, ਤੇ ਆਪਣੀ ਜੁੱਤੀ ਟੋਲਣ ਲੱਗਾ।

ਜੁੱਤੀ ਪਾ ਕੇ, ਦੁਮਾਲੇ ਬੰਨ੍ਹ ਕੇ ਤੇ ਢਾਲ-ਤਲਵਾਰ ਤੇ ਖੰਡੇ ਨਾਲ ਲੈਸ ਹੋ ਕੇ ਉਸ ਆਖਿਆ, "ਤੂੰ ਗੁਰਦੁਆਰੇ ਅੰਦਰ ਬੈਠ! ਐਥੇ, ਜਿਥੇ ਅਸੀਂ ਬੈਠੇ ਸਾਂ—ਐਸ ਗੱਦੀ ਉਤੇ। ਤੈਨੂੰ ਹੱਥ ਲਾਉਣ ਆਲਾ ਕੌਣ ਜੰਮਿਐ। ਖ਼ਬਰਦਾਰ ਜੇ ਹਿੱਲੀ ਐਂ ਐਥੋਂ! ਸਿੰਘ ਚੜ੍ਹਾਈ ਤੇ ਚਲੇ ਨੇ। ਹੁਣੇ ਮੁੜਾਂਗੇ।" ਇਹ ਆਖ ਲੰਡੇ ਬੋਤੇ ਵਾਂਗ ਡਿੰਗੀਆਂ-ਡਿੰਗੀਆਂ ਪਲਾਂਘਾਂ ਭਰਦਾ ਉਹ ਪਿੰਡ ਨੂੰ ਹੋ ਪਿਆ।

ਗੁਹੀਰੇ ਲੰਘ ਕੇ ਉਹ ਬਾਵੇ ਦੀ ਧਰਮਸਾਲਾ ਲੰਘਿਆ, ਫੇਰ ਸਰਦਾਰਾਂ ਦੀ ਪੱਕੀ ਹਵੇਲੀ ਤੇ ਪੁੰਨੂੰ ਬਾਹਮਣ ਦੀ ਕੱਚੀ ਕੋਠੜੀ। ਗਲੀ ਮੁੜ ਕੇ ਅੱਗੇ ਇੰਦਰ ਸਿੰਘ ਦਾ ਵੱਡੇ ਤਖ਼ਤਿਆਂ ਵਾਲਾ ਬੂਹਾ ਸੀ, ਜਿਸ ਵਿਚੋਂ ਗੱਡਾ ਤੇ ਊਠ ਲੰਘ ਸਕਦੇ ਸਨ। ਇਸ ਵੱਡੇ ਬੂਹੇ ਉਤੇ ਪਿੱਤਲ ਦੇ ਕੋਕੇ ਤੇ ਵੱਡੇ-ਵੱਡੇ ਕਿੱਲ ਤੇ ਕੁੰਡੇ ਜੜੇ ਹੋਏ ਸਨ। ਕੜਾਕਾ ਸਿੰਘ ਨੇ ਕੁੰਡੀ ਉਤੇ ਨੇਜ਼ਾ ਮਾਰਿਆ ਤੇ ਹਾਕ ਲਾਈ, "ਓਏ ਉਠੋ! ਅੜਿੰਗ-ਬੜਿੰਗ ਹੋਏ ਪਏ ਓ—ਉਠੋ!"

ਅੰਦਰ ਵਿਹੜੇ ਵਿਚ ਇਕ ਊਠ ਅੜਾਣ ਲੱਗਾ, ਗਾਂ ਰੰਭੀ ਤੇ ਰੂੜੀਆਂ ਤੋਂ ਕੁੱਕੜ ਬਾਂਗਾਂ ਦੇਣ ਲੱਗੇ।

ਇੰਦਰ ਸਿੰਘ ਤੇ ਉਸ ਦੇ ਪੁੱਤ ਸਾਰੀ ਰਾਤ ਖੇਹ-ਖਰਾਬ ਤੇ ਵੀਰਾਨ ਹੁੰਦੇ ਗਾਲ੍ਹਾਂ ਕੱਢਦੇ ਤਿੰਨ ਵਜੇ ਮੁੜੇ ਸਨ। ਹੁਣ ਤੜਕੇ ਦੀ ਸੱਜਰੀ ਤੇ ਠੰਢੀ ਹਵਾ ਵਿਚ ਘਰ ਦੇ ਪਿਛਵਾੜੇ ਘੂਕ ਸੁੱਤੇ ਪਏ ਸਨ। ਰਤਨੀ ਦੀ ਬੁੱਢੀ ਮਾਂ ਜਾਗਦੀ ਸੀ। ਉਸ ਨੇ ਬੂਹੇ ਉਤੇ ਅਨਜਾਣੀ ਠਾ-ਠੱਕ ਸੁਣ ਕੇ ਇੰਦਰ ਸਿੰਘ ਨੂੰ ਜਗਾਇਆ। ਇੰਦਰ ਸਿੰਘ ਅੱਖਾਂ ਮਲਦਾ ਬਾਹਰ ਆਇਆ। ਖੜਕਾ-ਦੜਕਾ ਸੁਣ ਕੇ ਮੁੰਡੇ ਵੀ ਜਾਗ ਪਏ।

"ਤੁਸੀਂ ਐਥੇ ਲੰਮੀਆਂ ਤਾਣੀ ਪਏ ਓ", ਕੜਾਕਾ ਸਿੰਘ ਕੜਕ ਕੇ ਬੋਲਿਆ, "ਥੋਡੀ ਕੁੜੀ ਨੂੰ ਬੌਲਾ ਸਾਹਿਬ ਵਿਚੋਂ ਡਿੱਗੀ ਨੂੰ ਕੱਢਿਆ ਐ।"

"ਰਤਨੀ!" ਬੁੱਢੀ ਬੇਬੇ ਬੋਲੀ! ਹੁਣ ਕਿਥੇ ਐ ਲਹੂ ਪੀਣੀ?"

ਕੜਾਕਾ ਸਿੰਘ ਨੇ ਦੱਸਿਆ ਕਿ ਤਰਕਾਲੀਂ ਖੇਤ ਵਿਚੋਂ ਆਉਂਦੀ ਹੋਈ ਗੁਰਦੁਆਰੇ ਮੱਥਾ ਟੇਕਣ ਆਈ ਸੀ, ਸ਼ੈਤ ਉਹ ਉਥੇ ਨਹੀਂ ਸੀ। ਠੇਡਾ ਖਾ ਕੇ ਖੂਹ ਵਿਚ ਡਿੱਗ ਪਈ। ਭੌਣੀ ਦੀ ਲੱਜ ਹੇਠਾਂ ਲਮਕਦੀ ਸੀ। ਪਾਣੀ ਥੋੜ੍ਹਾ ਸੀ ਤੇ ਖੂਹ ਬਹੁਤਾ ਡੂੰਘਾ ਨਾ ਹੋਣ ਕਰਕੇ ਉਹ ਲੱਜ ਨਾਲ ਚੰਬੜ ਗਈ। ਰਾਤ ਨੂੰ ਉਸ ਦਾ ਰੌਲਾ ਸੁਣ ਕੇ ਉਸ ਨੂੰ ਅਸਾਂ ਬਾਹਰ ਕੱਢਿਆ।



"ਖੂਹ 'ਚ ਕਿਵੇਂ ਜਾ ਪਈ?" ਭੁੱਲਰ ਨੇ ਪੁੱਛਿਆ।

"ਜਿਵੇਂ ਕੁੜੀਆਂ ਜਾ ਪੈਂਦੀਆਂ ਨੇ। ਥੋਡੇ 'ਚੋਂ ਕਿਸੇ ਨੇ ਉਸ ਨੂੰ ਕੁਸ਼ ਆਖ ਦਿੱਤਾ ਹੋਊ।"

ਬੁੱਢੀ ਬੇਬੇ ਦਾ ਕਾਲਜਾ ਉੱਲਰ ਆਇਆ, "ਹੁਣ ਕਿਥੇ ਐ ਮੇਰੀ ਧੀ?"

"ਗੁਰਦੁਆਰੇ 'ਚ।"

"ਰਾਜ਼ੀ ਤਾਂ ਹੈ?"

"ਹਾਹੋ। ਪਹਿਲਾਂ ਤਾਂ ਅਸੀਂ ਸਮਝੇ ਪਈ ਚਲਾਣਾ ਕਰ ਗਈ। ਪਰ ਜਾਨ ਦੀ ਤਕੜੀ ਐ। ਵਾਹਿਗੁਰੂ ਨੇ ਰਖ ਲਈ।"

ਇੰਦਰ ਸਿੰਘ ਨੂੰ ਫ਼ਿਕਰ ਪਿਆ। ਉਹ ਐਵੇਂ ਖੇਤਾਂ-ਵਾਹਣਾਂ ਵਿਚ ਫਿਰਦੇ ਰਹੇ। ਕੱਸੀਆਂ ਨਾਲੇ ਹੰਘਾਲਦੇ ਰਹੇ—ਖੌਰੇ ਘਰੋਂ ਹੀ ਰੁੱਸ ਕੇ ਗਈ ਹੋਵੇ, ਕੀ ਪਤਾ?

ਉਸ ਨੇ ਛੋਟੇ ਮੁੰਡੇ ਨੂੰ ਪੁੱਛਿਆ, "ਓਏ ਕੰਜਰਾ ਤੂੰ ਤਾਂ ਉਸ ਨੂੰ ਕੁਸ਼ ਨਹੀਂ ਸੀ ਆਖਿਆ?"

"ਨਹੀਂ ਬਾਪੂ—ਮੈਂ ਉਸ ਨੂੰ ਕੀ ਸੋਟਾ ਮਾਰਨਾ ਸੀ। ਰੂੜੀ 'ਚੋਂ ਘੜਾ ਕੱਢ ਕੇ ਉਬਾਲ ਰਿਹਾ ਸੀ। ਮੈਨੂੰ ਆਖਣ ਲੱਗੀ, "ਹਵਾੜ ਆਉਂਦੀ ਐ, ਮੈਨੂੰ ਘੇਰ ਚੜ੍ਹਦੀ ਐ।" ਮੈਂ ਆਖਿਆ, "ਫੇਰ ਏਥੇ ਕਿਉਂ ਆਈ ਐਂ। ਕਿਤੇ ਹੋਰ ਜਾ ਕੇ ਮਰ! ਤੈਨੂੰ ਪਤਾ ਨਹੀਂ ਅਸੀਂ ਦਾਰੂ ਕੱਢਦੇ ਆਂ।" ਓਸ ਵੇਲੇ ਮੈਂ ਘੁੱਟ ਪੀਤੀ ਹੋਈ ਸੀ। ਸ਼ੈਤ ਇਕ ਅੱਧਾ ਬੋਲ ਉੱਚਾ ਬੋਲਿਆ ਗਿਆ ਹੋਵੇ।"

ਇੰਦਰ ਸਿੰਘ ਦੀ ਨੀਂਦ ਉੱਡ ਗਈ। ਬੁੱਢੀ ਦੀਆਂ ਅੱਖਾਂ ਸਿੰਮਣ ਲੱਗੀਆਂ। ਦੋਹਾਂ ਭਰਾਵਾਂ ਦਾ ਗੁੱਸਾ ਉਤਰਿਆ ਹੋਇਆ ਸੀ।

ਕੜਾਕਾ ਸਿੰਘ ਨੇ ਨੇਜ਼ਾ ਵਿਹੜੇ ਵਿਚ ਗੱਡ ਕੇ ਆਖਿਆ, "ਚੰਗਾ ਹੁਣ ਫਿਰ ਤੁਸੀਂ ਕੁੜੀ ਪੁਲਸ ਕੋਲੋਂ ਈ ਲਈਓ।"

"ਪੁਲਸ ਕੋਲੋਂ? ਕਿਉਂ ਬਾਬਾ ਜੀ?"

"ਖ਼ਬਰਦਾਰ, ਜੇ ਓਸ ਨੂੰ ਹੱਥ ਲਾਇਐ! ਠਾਣੇਦਾਰ ਨੂੰ ਆਪਾਂ ਜਾ ਕੇ ਫੜਾ ਕੇ ਆਮਾਂਗੇ। ਨਾਲੇ ਮਲੰਗਾਂ ਨੂੰ ਦੱਸੂੰ ਪਤਾ ਘਰ 'ਚ ਘੜੇ ਦੱਬਣ ਦਾ। ਮੈਨੂੰ ਵੀ ਮੁਸ਼ਕ ਆਉਂਦੀ ਐ। ਸਿਰ ਨੂੰ ਚੜ੍ਹ ਗਈ।"

ਬੇਬੇ ਬੋਲੀ, "ਨਿਹੰਗ ਸਿੰਘ ਜੀ, ਜਾਣ ਦਿਓ ਇਨ੍ਹਾਂ ਮੁੰਡਿਆਂ-ਖੁੰਡਿਆਂ ਦੀਆਂ ਗੱਲਾਂ। ਮੈਂ ਪੱਲਾ ਫੜ ਕੇ ਥੋਡੇ ਅੱਗੇ ਅਰਦਾਸ ਕਰਦੀ ਆਂ...ਮੈਂ ਚਲਦੀ ਆਂ ਕੁੜੀ ਲੈਣ।"

ਕੜਾਕਾ ਸਿੰਘ ਨੇ ਤਿੰਨਾਂ ਪਿਓ-ਪੁੱਤਰਾਂ ਦੀ ਉਹ ਲਾਹ-ਪਾਹ ਕੀਤੀ ਕਿ ਤਾਏ-ਚਾਚੇ ਵੀ ਜਾਗ ਪਏ। ਵਿਹੜੇ ਵਿਚ ਇਕੱਠ ਹੋ ਗਿਆ। ਗੁਆਂਢੀਆਂ ਨੇ ਵੀ ਮੁੰਡਿਆਂ ਨੂੰ ਉਨ੍ਹਾਂ ਦੇ ਸ਼ਰਾਬ ਕੱਢਣ ਤੇ ਪੀਣ ਉਤੇ ਫਿਟਕਾਰ ਪਾਈ ਤੇ ਰਾਏ ਦਿੱਤੀ, "ਗਲ ਵਿਚ ਪੱਲਾ ਪਾ ਕੇ ਬਾਬੇ ਨਾਲ ਗੁਰਦੁਆਰੇ ਜਾਓ, ਤੇ ਕੁੜੀ ਲੈ ਆਓ ਸੁੱਖ ਨਾਲ।"

ਆਖ਼ਰ ਫ਼ੈਸਲਾ ਇਹੋ ਹੋਇਆ। ਇੰਦਰ ਸਿੰਘ ਤੇ ਉਸ ਦੇ ਦੋਵੇਂ ਪੁੱਤ ਨੰਗੇ ਪੈਰੀਂ ਗੁਰਦੁਆਰੇ ਗਏ। ਅੰਦਰ ਸਿਰ ਨੀਵਾਂ ਕਰੀ ਗੁਰੂ ਗ੍ਰੰਥ ਸਾਹਿਬ ਅੱਗੇ ਰਤਨੀ ਬੈਠੀ ਸੀ।

ਇੰਦਰ ਸਿੰਘ ਨੇ ਦੋ ਰੁਮਾਲੇ ਤੇ ਇਕ ਫੁਲਕਾਰੀ ਭੇਟ ਕੀਤੀ ਤੇ ਗਲ ਵਿਚ ਸਾਫਾ ਪਾ ਕੇ ਅਰਦਾਸ ਕੀਤੀ।

ਭੁੱਲਰ ਨੇ ਖੇਸ ਦੀ ਬੁੱਕਲ ਵਿਚ ਫ਼ੀਮ ਦਾ ਪਿੰਨਾ ਲੁਕੋ ਰਖਿਆ ਸੀ। ਫ਼ੀਮ ਦਾ ਗੋਲਾ ਲੈ ਕੇ ਕੜਾਕਾ ਸਿੰਘ ਨੇ ਫੂਸ ਦੀ ਕੁੱਲੀ ਵਿਚ ਇਕ ਪਾਸੇ ਰਖ ਦਿੱਤਾ ਤੇ ਅਸ਼ੀਰਵਾਦ ਦੇ ਕੇ ਕੁੜੀ ਉਨ੍ਹਾਂ ਦੇ ਹਵਾਲੇ ਕੀਤੀ।

ਸੂਰਜ ਦੀਆਂ ਪਹਿਲੀਆਂ ਗੁਲਾਬੀ ਕਿਰਨਾਂ ਦਰਖ਼ਤਾਂ ਦੀਆਂ ਟੀਸੀਆਂ ਨੂੰ ਚੁੰਮ ਰਹੀਆਂ ਸਨ, ਤੀਵੀਆਂ ਖੂਹ ਤੋਂ ਪਾਣੀ ਭਰ ਕੇ ਮੁੜ ਰਹੀਆਂ ਸਨ, ਮਾਸ਼ਕੀ ਊਠਾਂ ਉਤੇ ਪਾਣੀ ਦੀਆਂ ਬੁਖਾਲ੍ਹਾਂ ਲੱਦੀ ਜਾ ਰਹੇ ਸਨ, ਜਦੋਂ ਇੰਦਰ ਸਿੰਘ ਤੇ ਉਸ ਦੇ ਪੁੱਤ ਰਤਨੀ ਨੂੰ ਲੈ ਕੇ ਮੁੜੇ।

ਦੂਰ ਟੁੱਟੇ ਹੋਏ ਗੁਰਦੁਆਰੇ ਵਿਚੋਂ ਕੜਾਕਾ ਸਿੰਘ ਦੀ ਪਾਟੀ ਹੋਈ ਅਵਾਜ਼ ਦਾ ਪਾਠ ਸੁਣਾਈ ਦੇ ਰਿਹਾ ਸੀ, ਤੇ ਇਸ ਵਿਚ ਹੁਣ ਫ਼ੀਮ ਦਾ ਨਸ਼ਾ ਸੀ।

## 28

# ਸੌ ਮੀਲ ਦੌੜ

ਸਾਨੂੰ ਪਤਾ ਨਹੀਂ ਸੀ ਲਗਦਾ ਕਿ ਇਕ ਦਿਨ ਵਿਚ ਹੀ ਸਾਰੇ ਪਿੰਡਾਂ ਨੂੰ ਕਿਵੇਂ ਖ਼ਬਰ ਕੀਤੀ ਜਾਏ ਜੁ ਕਲ੍ਹ ਤਰਕਾਲੀਂ ਜ਼ਿਲ੍ਹਾ ਕਿਸਾਨ ਕਮੇਟੀ ਦੀ ਮੀਟਿੰਗ ਹੈ। ਨਾ ਕੋਈ ਤਾਰ, ਨਾ ਟੈਲੀਫ਼ੋਨ, ਨਾ ਕੋਈ ਮੋਟਰ ਨਾ ਲਾਰੀ। ਨੇੜੇ-ਤੇੜੇ ਦੇ ਪਿੰਡਾਂ ਨੂੰ ਕੋਈ ਸੜਕ ਵੀ ਤੇ ਨਹੀਂ ਸੀ ਜਾਂਦੀ—ਬਸ ਚੁਫੇਰੀ ਰੋਹੀ, ਕੱਕਾ ਰੇਤਾ ਤੇ ਟਿੱਬੇ ਸਨ।

ਅਸੀਂ ਪਰੇਸ਼ਾਨ ਸਾਂ ਕਿ ਇਸ ਤੁਰਤ ਮੀਟਿੰਗ ਦੀ ਖ਼ਬਰ ਸਾਰੇ ਪਿੰਡਾਂ ਵਿਚ ਕਿਵੇਂ ਘੱਲੀ ਜਾਏ?

ਮੇਰੇ ਆਲੇ-ਦੁਆਲੇ ਸੰਘਣੀਆਂ ਖਰੁਵੀਆਂ ਦਾੜ੍ਹੀਆਂ ਵਾਲੇ ਜੱਟ ਰੰਗ-ਬਰੰਗੇ ਮੰਡਾਸੇ ਬੰਨ੍ਹੀ ਉੱਚੀ-ਉੱਚੀ ਗੱਲਾਂ ਕਰੀ ਜਾਂਦੇ ਸਨ। ਵੱਖ-ਵੱਖ ਰਾਵਾਂ ਦਾ ਰੌਲਾ ਸੀ।

ਅਚਾਨਕ ਇਕ ਆਵਾਜ਼ ਨੇ ਸਾਨੂੰ ਚੌਂਕਾ ਦਿੱਤਾ, "ਜੀ ਮੈਨੂੰ ਦਿਓ ਇਹ ਪਰਚੀਆਂ, ਮੈਂ ਫੜਾ ਆਉਨੈਂ ਮਿੰਟਾਂ 'ਚ।"

ਵੀਹਾਂ-ਬਾਈਆਂ ਸਾਲਾਂ ਦਾ ਇਕ ਮਸ-ਫੁਟਾ ਗੱਭਰੂ ਸਾਹਮਣੇ ਖੜਾ ਸੀ—ਗਲ ਧੁੱਪਾਂ ਤੇ ਮੀਹਾਂ ਨਾਲ ਝੰਮਿਆ ਹੋਇਆ ਝੱਗਾ ਤੇ ਤੇੜ ਟਾਕੀਆਂ ਵਾਲਾ ਗਾਜਰ-ਰੰਗਾ ਕਛਹਿਰਾ।

"ਤੂੰ ਕਿਹੜੇ ਪਿੰਡ ਫੜਾ ਆਵੇਂਗਾ?" ਮੈਂ ਪੁੱਛਿਆ।

"ਜੀ ਸਾਰੇ ਪਿੰਡਾਂ 'ਚ ਈ ਦੇ ਆਵਾਂਗਾ।"

"ਸਾਰੇ ਪਿੰਡਾਂ 'ਚ? ਤੈਨੂੰ ਪਤਾ ਏ ਸਾਡੀ ਮੀਟਿੰਗ ਕਲ੍ਹ ਤਰਕਾਲੀ ਐ?"

"ਹਾਂ, ਮੈਨੂੰ ਪਤਾ ਐ" ਉਸ ਆਖਿਆ। "ਰਾਤੋ ਰਾਤ ਮਾਰ ਆਊਂਗਾ ਗੇੜਾ, ਕਿਹੜਾ ਚਿਰ ਲਗਦੈ, ਮਸਾਂ ਦਸ-ਬਾਰਾਂ ਤਾਂ ਸਾਰੇ ਪਿੰਡ ਨੇ, ਸੱਠਾਂ ਕੋਹਾਂ ਤੋਂ ਉਤੇ ਵਾਟ ਤਾਂ ਨਹੀਂ ਹੋਣੀ।"

ਮੈਂ ਇਸ ਗੱਭਰੂ ਦੀ ਗੱਲ ਸੁਣ ਕੇ ਹੈਰਾਨ ਹੋਇਆ। ਇਹ ਮਸ਼ਕਰੀ ਤਾਂ ਨਹੀਂ ਕਰ ਰਿਹਾ ਮੇਰੇ ਨਾਲ?

ਮੈਂ ਉਸ ਵਲ ਫਿਰ ਤੱਕਿਆ । ਉਸ ਦੇ ਬੁੱਲ੍ਹ ਮੋਟੇ ਸਨ, ਸਿਆੜਾਂ ਵਰਗੇ ਤੇ ਉਨ੍ਹਾਂ ਬੁੱਲ੍ਹਾਂ ਉਤੇ ਸੁਰਮਈ ਰੰਗ ਦੀਆਂ ਮਸਾਂ ਫੁਟ ਰਹੀਆਂ ਸਨ ਜੋ ਉਸ ਦੀ ਦਾੜ੍ਹੀ ਦੀ ਨਿੱਕੀ-ਨਿੱਕੀ ਲੂੰ ਵਿਚ ਗੁਆਚ ਗਈਆਂ ਸਨ । ਘੋੜੇ ਦੀਆਂ ਅੱਖਾਂ ਵਰਗੀਆਂ ਤਿਰਛੀਆਂ ਅੱਖਾਂ ਤੇ, ਜੰਗਾਲੇ ਲੋਹੇ ਵਰਗਾ ਰੰਗ । ਪੱਟਾਂ ਉਤੇ ਮੋਰਨੀਆਂ ਖੁਣੀਆਂ ਹੋਈਆਂ । ਸੱਠਾਂ ਕੋਹਾਂ ਦੀ ਵਾਟ ਇਹ ਕੁਝ ਕੁ ਘੰਟਿਆਂ ਵਿਚ ਕਿਵੇਂ ਤੈਹ ਕਰ ਲਵੇਗਾ ? ਖੌਰੇ ਇਸ ਨੂੰ ਪਤਾ ਵੀ ਹੈ ਕਿ ਨਹੀਂ ਕਿ ਇਹ ਕੀ ਆਖ ਰਿਹਾ ਹੈ ?

ਇਤਨੇ ਵਿਚ ਬੁੱਢਾ ਇੰਦਰ ਸਿੰਘ ਬੋਲਿਆ, "ਇਹ ਤਾਂ ਆਪਣਾ ਬੂਟਾ ਸਿਹੁੰ ਐ, ਭਾਗੂ ਪਿੰਡ ਤੋਂ । ਤੁਹਾਨੂੰ ਨਹੀਂ ਪਤਾ ? ਸੌ ਮੀਲ ਦੌੜ ਲੈਂਦਾ ਐ ਇਹ ਤਾਂ ।"

"ਸੌ ਮੀਲ........!"

"ਹਾਂ, ਸੌ ਮੀਲ । ਦੌੜਦਾ ਕਾਹਦਾ ਏ ਬਸ ਹਵਾ ਨੂੰ ਫੱਕਦਾ ਏ ।"

ਮੈਨੂੰ ਬੜਾ ਚਰਜ ਲੱਗਾ ।

ਇੰਦਰ ਸਿੰਘ ਨੇ ਮੈਨੂੰ ਪੁੱਛਿਆ, "ਤੂੰ ਇਸ ਤੋਂ ਪਹਿਲਾਂ ਕਦੀ ਨਹੀਂ ਸੁਣਿਆ ਬੂਟਾ ਸਿਹੁੰ ਦਾ ਨਾਂ ?"

"ਨਾ, ਕਦੇ ਨਹੀਂ ।"

"ਲਓ, ਬੂਟਾ ਸਿਹੁੰ ਦੀ ਇਹ ਗੱਲ ਤਾਂ ਸਾਰੇ ਮਸ਼ਹੂਰ ਐ ।" ਇੰਦਰ ਸਿੰਘ ਨੇ ਆਖਣਾ ਸ਼ੁਰੂ ਕੀਤਾ, "ਇਹ ਮੇਰੇ ਪਿੰਡੋਂ ਐ, ਸੰਤੋ ਦਾ ਪੁੱਤ । ਇਸ ਦਾ ਪਿਉ ਚੰਬਾ ਬਿਸਵੇਦਾਰ ਦੇ ਖੇਤ ਦਾ ਰਾਖਾ ਸੀ । ਬੂਟਾ ਏਸੇ ਖੇਤ ਵਿਚ ਜੰਮਿਆ । ਖੇਤ ਦੀ ਨੁੱਕਰੇ ਫੂਸ ਦੀ ਇਕ ਨਿੱਕੀ ਜੇਹੀ ਝੁੱਗੀ ਵਿਚ ਹੀ ਸਾਰਾ ਟੱਬਰ ਰਹਿੰਦਾ ਸੀ । ਚੰਬਾ ਫ਼ਸਲ ਨੂੰ ਸੈਹਿਆਂ ਤੇ ਜੰਗਲੀ ਜਨੌਰਾਂ ਤੋਂ ਬਚਾਉਣ ਲਈ ਰਾਤ ਨੂੰ ਖੱਤੇ ਦੀ ਰਾਖੀ ਕਰਦਾ । ਪੋਹ ਦੀ ਇਕ ਰਾਤ ਨੂੰ ਜਦ ਕੱਕਰ ਜੰਮ ਰਿਹਾ ਸੀ, ਉਸ ਨੂੰ ਠੰਢ ਲਗ ਗਈ ਤੇ ਤਿੰਨ-ਚਾਰ ਦਿਨਾਂ ਦੇ ਤਾਪ ਚੜ੍ਹਨ ਪਿਛੋਂ ਉਹ ਮਰ ਗਿਆ.........। ਇਸ ਪਿਛੋਂ ਸੰਤੋ ਆਪਣੇ ਪੁੱਤ ਨਾਲ ਖੇਤ ਵਿਚ ਹੀ ਰਹੀ । ਉਸ ਓਡਾਂ ਤੋਂ ਇਕ ਨਿੱਕਾ ਜਿਹਾ ਕਤੂਰਾ ਲੈ ਕੇ ਪਾਲ ਲਿਆ । ਥੋੜ੍ਹੇ ਦਿਨਾਂ ਵਿਚ ਹੀ ਇਹ ਕਤੂਰਾ ਵਡੇ ਮੂੰਹ ਵਾਲਾ ਤਕੜਾ ਡੱਬੂ ਕੁੱਤਾ ਨਿਕਲ ਆਇਆ । ਬੂਟਾ ਡੱਬੂ ਨਾਲ ਖੇਡ-ਖੇਡ ਕੇ ਹੀ ਵੱਡਾ ਹੋਇਆ । ਉਹ ਡੱਬੂ ਦੀ ਪੂਛ ਮਰੋੜਦਾ, ਡੱਬੂ ਲੋਟਣੀ ਖਾਂਦਾ ਹੋਇਆ ਚਿਆਊਂ-ਚਿਆਊਂ ਕਰਦਾ ਮਸਤੀ ਵਿਚ ਆ ਕੇ ਛਾਲਾਂ ਮਾਰਦਾ, ਘਚਾਉਣੀਆਂ ਦੇਂਦਾ, ਭੌਂਕਦਾ ਤੇ ਬੂਟੇ ਨਾਲ ਵੱਡੇ ਭਰਾ ਵਾਂਗ ਖੇਡਦਾ । ਦੂਰੋਂ ਗਿੱਦੜ ਨੂੰ ਦੇਖ ਕੇ ਡੱਬੂ ਦੌੜਦਾ ਤੇ ਮਗਰੇ ਬੂਟਾ । ਕੁਝ ਚਿਰ ਪਿਛੋਂ ਬੂਟੇ ਨੂੰ ਇਤਨੀ ਤੱਕ ਹੋ ਗਈ ਕਿ ਉਹ ਸਹੇ ਮਗਰ ਦੌੜ ਕੇ ਉਸ ਨੂੰ ਝਾੜੀਆਂ ਤੇ ਮਲ੍ਹਿਆਂ ਵਿਚੋਂ ਕੱਢ ਲੈਂਦਾ, ਉਸ ਨੂੰ ਘੇਰ ਲੈਂਦਾ, ਛਡ ਦੇਂਦਾ ਤੇ ਫਿਰ ਫੜ ਲੈਂਦਾ । ਉਸ ਦੀ ਬਾਲ ਅਵਸਥਾ ਸੈਹਿਆਂ, ਗਿੱਦੜਾਂ ਤੇ ਜੰਗਲੀ ਜਨੌਰਾਂ ਮਗਰ ਨੱਸ-ਨੱਸ ਕੇ ਲੰਘੀ । ਉਹ ਬਿਸਵੇਦਾਰ ਦੇ ਵਛੇਰਿਆਂ ਤੇ ਬਤਾਰੂਆਂ ਮਗਰ ਦੌੜਦਾ ਤੇ ਉਨ੍ਹਾਂ ਤੋਂ ਵੀ ਅੱਗੇ ਨਿਕਲ ਜਾਂਦਾ । ਘੋੜਿਆਂ ਤੇ ਊਠਾਂ ਮਗਰ ਦੌੜਦਾ-ਦੌੜਦਾ ਬੂਟਾ ਜੁਆਨ ਹੋਇਆ । ਸੈਹਾ ਵੱਧ ਤੋਂ ਵੱਧ ਚਾਰ ਕੋਹ ਦੌੜ ਸਕਦਾ ਐ, ਗਿੱਦੜ ਅੱਠ ਕੋਹ, ਘੋੜਾ ਚਾਲ੍ਹੀ ਕੋਹ ਤੇ ਤਿੱਖੀ ਤੋਂ ਤਿੱਖੀ ਊਠਣੀ ਪੰਜਾਹ ਕੋਹ ਤੋਂ ਵਧ ਨਹੀਂ ਟੱਪਦੀ । ਪਰ ਬੂਟਾ ਸੌ ਮੀਲ ਦੌੜ ਸਕਦਾ ਐ, ਇਕੋ ਸਾਹ ।"



"ਕਿੰਨੇ ਚਿਰ ਵਿਚ ?"

"ਬਸ ਬਾਰਾਂ ਘੰਟਿਆਂ 'ਚ" ਉਸ ਆਖਿਆ, "ਊਠ ਤੇ ਘੋੜਾ ਇਸ ਤੋਂ ਤਿੱਖੇ ਭਾਵੇਂ ਦੌੜ ਲੈਣ, ਪਰ ਬੂਟੇ ਵਾਂਗ ਇਕੋ ਸਾਹ ਸੌ ਮੀਲ ਨਹੀਂ ਦੌੜ ਸਕਦੇ ।"

ਮੈਂ ਬੂਟੇ ਵਲ ਫਿਰ ਗਹੁ ਨਾਲ ਤੱਕਿਆ । ਇਸ ਅਜੀਬ ਇਨਸਾਨ ਵਲ, ਜਿਸ ਦੀਆਂ ਅੱਖਾਂ ਘੋੜੇ ਵਰਗੀਆਂ ਸਨ ਤੇ ਜਿਸ ਦੇ ਮੂੰਹ ਉਤੇ ਜਨੌਰਾਂ ਵਰਗੀ ਅੱਲ੍ਹੜ ਖੁਸ਼ੀ ਦਾ ਝੌਲਾ ਸੀ । ਉਸ ਦੇ ਸਿਆੜਾਂ ਵਰਗੇ ਬੁਲ੍ਹ ਲਿਸ਼ਕ ਰਹੇ ਸਨ । ਉਸ ਦੇ ਪੱਟਾਂ ਦੀਆਂ ਮੱਛੀਆਂ ਤੇ ਪਿੰਜਣੀਆਂ ਵਿਚਕਾਰ ਉਸ ਦੇ ਢਾਲ ਵਰਗੇ ਗੋਡੇ ਜੜੇ ਹੋਏ ਸਨ । ਉਸ ਦੇ ਢਾਲ ਵਰਗੇ ਇਹ ਗੋਡੇ ਮੈਨੂੰ ਬੜੇ ਅਜੀਬ-ਅਜੀਬ ਲੱਗੇ ।

ਇੰਦਰ ਸਿੰਘ ਨੇ ਮੈਨੂੰ ਸੋਚੀਂ ਪਏ ਨੂੰ ਤੱਕ ਕੇ ਆਖਿਆ, "ਜੇ ਤੁਹਾਨੂੰ ਮੇਰੀ ਗੱਲ ਉਤੇ ਇਤਬਾਰ ਨਹੀਂ ਤਾਂ ਭਾਵੇਂ ਪਰਤਿਆ ਲਉ । ਤੁਸੀਂ ਇਹ ਸਾਰੀਆਂ ਪਰਚੀਆਂ ਏਸ ਨੂੰ ਫੜਾਓ, ਕਲ੍ਹ ਤੀਕ ਸਾਰੇ ਪਿੰਡਾਂ ਵਿਚ ਵੰਡ ਆਊ ।"

ਉਸ ਸਾਰੀਆਂ ਚਿੱਠੀਆਂ ਬੂਟੇ ਨੂੰ ਫੜਾਈਆਂ ਤੇ ਸਾਰੇ ਪਿੰਡਾਂ ਦੇ ਨਾਂ-ਪਤੇ ਤੇ ਥੌਹ-ਟਿਕਾਣੇ ਦਸ ਕੇ ਉਸ ਨੂੰ ਆਖਿਆ, "ਬੂਟਿਆ, ਇਹ ਪਰਚੀਆਂ ਸਾਰੇ ਪਿੰਡੀਂ ਵੰਡ ਆਵੀਂ । ਜਾ ਮੇਰਾ ਬੱਗਾ ਸ਼ੇਰ, ਖੁਰੀ ਕਰ ਜਾ ।"

ਦੂਜੇ ਦਿਨ ਬਾਰਾਂ ਦੇ ਬਾਰਾਂ ਪਿੰਡਾਂ ਦੇ ਸਕੱਤਰ ਤਰਕਾਲੀਂ ਐਨ ਵੇਲੇ ਸਿਰ ਮੀਟਿੰਗ ਲਈ ਪੁੱਜ ਗਏ । ਮੈਂ ਸਭਨਾਂ ਨੂੰ ਵਾਰੀ-ਵਾਰੀ ਪੁਛਿਆ, "ਤੁਹਾਡੇ ਕੋਲ ਸੱਦਾ ਲੈ ਕੇ ਕੌਣ ਗਿਆ ਸੀ ?"

ਸਭਨਾਂ ਨੇ ਇਕੋ ਉੱਤਰ ਦਿੱਤਾ, "ਬੂਟਾ ਸਿਹੁੰ ।"

ਮੀਟਿੰਗ ਪਿਛੋਂ ਮੈਂ ਬੂਟੇ ਨੂੰ ਮਿਲਿਆ । ਲਾਲ ਚੰਦ ਵਕੀਲ ਜਿਸ ਨੇ ਮੁਜ਼ਾਰਿਆਂ ਦੇ ਕਈ ਮੁਕੱਦਮੇ ਬਗ਼ੈਰ ਫ਼ੀਸ ਲੜੇ ਸਨ, ਹੈਡਮਾਸਟਰ ਨੱਥੂ ਰਾਮ ਜੋ ਆਪਣੇ ਜ਼ਮਾਨੇ ਵਿਚ ਕ੍ਰਿਕਟ ਦਾ ਬਹੁਤ ਚੰਗਾ ਖਿਲਾੜੀ ਸੀ, ਅਜਮੇਰ ਸਿੰਘ ਰੀਟਾਇਰਡ ਜੱਜ ਤੇ ਕਸਬੇ ਦੇ ਤਿੰਨ-ਚਾਰ ਹੋਰ ਮੋਹਤਬਿਰ ਆਦਮੀ ਇਕੱਠੇ ਹੋ ਗਏ ਤੇ ਬੂਟਾ ਸਿਹੁੰ ਨਾਲ ਗੱਲਾਂ ਕਰਨ ਲਗੇ । ਅਸੀਂ ਉਸ ਦੀ ਫੁਰਤੀ ਤੇ ਸ਼ਕਤੀ ਉਤੇ ਹੈਰਾਨ ਖੜੇ ਸਾਂ ਤੇ ਸਾਨੂੰ ਇਸ ਗੱਲ ਦਾ ਦੁਖ ਹੋ ਰਿਹਾ ਸੀ ਕਿ ਇਤਨੇ ਅਚੰਭੇ ਭਰੇ ਤੇ ਵਿਚਿੱਤਰ ਦੌੜਨ ਵਾਲੇ ਨੂੰ ਉਸ ਦੇ ਪਿੰਡ ਤੋਂ ਬਾਹਰ ਕੋਈ ਨਹੀਂ ਸੀ ਜਾਣਦਾ ।

ਬੁੱਢੇ ਹੈਡਮਾਸਟਰ ਨੇ ਹੌਕਾ ਭਰ ਕੇ ਆਖਿਆ, "ਦੁਨੀਆਂ ਵਿਚ ਸਭ ਤੋਂ ਲੰਬੀ ਦੌੜ ਅਜਕਲ੍ਹ ਵੱਧ ਤੋਂ ਵੱਧ ਪੱਚੀ ਮੀਲ ਹੈ ਤੇ ਏਥੇ ਸਾਡੇ ਕੋਲ ਬੂਟਾ ਖੜਾ ਹੈ, ਜੋ ਸੌ ਮੀਲ ਦੌੜ ਲੈਂਦਾ ਹੈ ।"

ਜੱਜ ਨੇ ਆਖਿਆ "ਜੇ ਬੂਟੇ ਨੂੰ ਕਿਤੇ ਲੰਡਨ ਜਾਣ ਦਾ ਮੌਕਾ ਮਿਲੇ ਤਾਂ ਇਸ ਦਾ ਨਿੱਕਾ ਜਿਹਾ ਪਿੰਡ ਦੁਨੀਆਂ ਦੇ ਨਕਸ਼ੇ ਉਤੇ ਲਿਸ਼ਕਣ ਲਗ ਪਏ ।"

ਲਾਲ ਚੰਦ ਵਕੀਲ ਨੇ ਆਖਿਆ, "ਸਾਡੇ ਦੇਸ਼ ਵਿਚ ਬੜੇ-ਬੜੇ ਤਾਰੂ, ਦੌੜਨ ਵਾਲੇ, ਘੁਲਣ ਵਾਲੇ ਤੇ ਸ਼ਿਕਾਰ ਖੇਡਣ ਵਾਲੇ ਬਹਾਦਰ ਪਏ ਹਨ, ਪਰ ਸਭੇ ਅਨਪੜ੍ਹ ਤੇ ਗਰੀਬ ਹੋਣ ਕਰ ਕੇ ਏਥੇ ਹੀ ਰਹਿ ਜਾਂਦੇ ਹਨ ।"

ਜੱਜ ਨੇ ਸੋਚ ਕੇ ਆਖਿਆ, "ਜੇ ਬੂਟਾ ਸੌ ਮੀਲ ਦੌੜ ਸਕਦਾ ਹੈ ਤਾਂ ਦੁਨੀਆਂ ਭਰ ਦੀ ਸ਼ੁਹਰਤ ਹਾਸਲ ਕਰਨ ਤੋਂ ਇਸ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ ।"

ਇਕ ਬੁੱਢੇ ਹਵਾਲਦਾਰ ਨੇ ਆਖਿਆ, "ਮਹਾਰਾਜਾ ਪਟਿਆਲਾ ਕ੍ਰਿਕਟ ਤੇ ਖੇਡਾਂ ਦੇ ਬਹੁਤ ਸ਼ੁਕੀਨ ਹਨ। ਉਨ੍ਹਾਂ ਦੀ ਫ਼ੌਜ ਵਿਚ ਮਮੂਲੀ-ਮਮੂਲੀ ਆਦਮੀ ਜੋ ਰਤਾ ਚੰਗੇ ਖਿਲਾੜੀ ਸਨ, ਹੁਣ ਕਪਤਾਨ ਤੇ ਮੇਜਰ ਬਣੇ ਬੈਠੇ ਹਨ। ਜੇ ਅਸੀਂ ਕਿਸੇ ਤਰ੍ਹਾਂ ਬੂਟਾ ਸਿਹੁੰ ਦੀ ਗੱਲ ਉਨ੍ਹਾਂ ਦੀ ਕੰਨੀਂ ਪਹੁੰਚਾ ਦੇਈਏ ਤਾਂ ਉਹ ਜ਼ਰੂਰੀ ਬੂਟਾ ਸਿਹੁੰ ਨੂੰ ਵਲੈਤ ਘੱਲ ਦੇਣ।"

ਇਕ ਚਲਾਕ ਅਰਜ਼ੀ-ਨਵੀਸ ਬੋਲਿਆ, "ਕਿਸੇ ਨੇ ਵੇਖਿਆ ਵੀ ਐ ਬੂਟੇ ਨੂੰ ਸੌ ਮੀਲ ਦੌੜਦਿਆਂ ਕਿ ਸਭੇ ਸੁਣੀ-ਸੁਣਾਈ ਉਤੇ ਸਲਾਹਾਂ ਪਕਾਈ ਜਾਂਦੇ ਹੋ ?"

ਇਕ ਗੰਜੇ ਬਾਣੀਏ ਨੇ ਬੂਟੇ ਵਲ ਗਹੁ ਨਾਲ ਵੇਖਿਆ ਤੇ ਸਿਰ ਹਿਲਾ ਕੇ ਆਖਿਆ, "ਜੱਟਾਂ ਨੂੰ ਥਾਂ ਤੇ ਵਿੱਥ ਦਾ ਹਿਸਾਬ ਰਤਾ ਘਟ ਹੀ ਆਉਂਦਾ ਹੈ। ਜੇ ਇਹ ਪੱਚੀ-ਤੀਹ ਮੀਲ ਦੌੜ ਲਵੇ ਤਾਂ ਜੱਟਾਂ ਨੇ ਤਾਂ ਏਸੇ ਨੂੰ ਸੌ ਕੋਹ ਦੱਸਣਾ ਏ।"

ਹੈਡਮਾਸਟਰ ਨੇ ਸਿਆਣਪ ਨਾਲ ਸਲਾਹ ਦਿੱਤੀ, "ਜੇ ਤੁਸੀਂ ਇਸੇ ਦੁਬਧਾ ਵਿਚ ਪਏ ਹੋ ਤਾਂ ਕਿਉਂ ਨਾ ਪਹਿਲਾਂ ਏਥੇ ਹੀ ਏਸ ਦੀ ਦੌੜ ਕਰਾ ਦਈਏ। ਏਸ ਨਾਲ ਸ਼ੈਤ ਕੁਝ ਰੁਪਈਆ ਵੀ ਇਕੱਠਾ ਹੋ ਜਾਏ। ਵੱਡੀ ਚਰਾਂਦ ਦਾ ਘੇਰਾ ਪੂਰੇ ਚਾਰ ਸੌ ਚਾਲੀ ਗਜ਼ ਹੈ। ਜੇ ਬੂਟਾ ਸਿਹੁੰ ਇਸ ਦੇ ਚਾਰ ਸੌ ਚੱਕਰ ਕੱਢ ਲਵੇ ਤਾਂ ਸੌ ਮੀਲ ਹੋ ਜਾਵੇਗਾ। ਨਾਲੇ ਅਸੀਂ ਸਾਰੇ ਤੱਕ ਵੀ ਸਕਾਂਗੇ। ਇਸ ਪਿਛੋਂ ਫਿਰ ਉਸ ਦੀ ਅੱਗੇ ਤਰੱਕੀ ਬਾਰੇ ਵੀ ਸੋਚ ਸਕਦੇ ਹਾਂ।"

ਇਹ ਰਾਏ ਸਭਨਾਂ ਨੂੰ ਪਸੰਦ ਆਈ।

ਮੈਂ ਬੂਟੇ ਨੂੰ ਵੱਡੀ ਚਰਾਂਦ ਵਿਚ ਦੌੜਨ ਬਾਰੇ ਪੁੱਛਿਆ। ਉਸ ਆਪਣੀਆਂ ਅੱਖਾਂ ਝਪਕੀਆਂ ਤੇ ਸਿਰਫ ਇਹੋ ਆਖਿਆ, "ਜਿਵੇਂ ਆਖੋ।"

ਮਾੜੂ ਚੂੜ੍ਹੇ ਨੇ ਸਾਰੇ ਪਿੰਡ ਵਿਚ ਡੌਂਡੀ ਪਿੱਟੀ ਤੇ ਆਖਿਆ, "ਐਤਵਾਰ ਨੂੰ ਸਵੇਰੇ ਸਤ ਵਜੇ ਬੂਟਾ ਸਿਹੁੰ ਦੀ ਸੌ ਮੀਲ ਦੌੜ ਹੋਵੇਗੀ। ਪਿੰਡ ਦੇ ਸਾਰੇ ਲੋਕ ਵੱਡੀ ਚਰਾਂਦ ਵਿਚ ਇਹ ਦੌੜ ਵੇਖਣ ਲਈ ਆਉਣ—ਡਮ! ਡਮ! ਡਮ!"

ਐਤਵਾਰ ਨੂੰ ਤੜਕੇ ਹੀ ਵੱਡੀ ਚਰਾਂਦ ਵਿਚ ਬੂਟਾ ਸਿਹੁੰ ਦੀ ਦੌੜ ਵੇਖਣ ਲਈ ਤਹਿਸੀਲ ਦੇ ਚਪੜਾਸੀ ਨੇ ਕਲੀ ਧੂੜ ਕੇ ਦੌੜਨ ਵਾਲੀ ਥਾਂ ਨਿਸ਼ਾਨ ਲਾ ਦਿੱਤੇ। ਚੁੰਗੀ ਦਾ ਦਾਰੋਗਾ ਇਕ ਪਾਸੇ ਬੂਟਾ ਸਿਹੁੰ ਦੇ ਚੱਕਰ ਗਿਣਨ ਉਤੇ ਬੈਠਾ ਸੀ। ਬੂਟੇ ਦੇ ਤੇੜ ਕਛਹਿਰਾ ਤੇ ਘਸਮੈਲੇ ਰੰਗ ਦਾ ਝੱਗਾ ਸੀ। ਸਿਰ ਉਤੇ ਲੰਬੇ ਕਾਲੇ ਵਾਲਾਂ ਦਾ ਜੂੜਾ ਕਰ ਕੇ ਇਸ ਦੁਆਲੇ ਉਸ ਕੇਸਰੀ ਰੁਮਾਲ ਵਲ੍ਹੇਟਿਆ ਹੋਇਆ ਸੀ।

ਸੱਤ ਵਜੇ ਹੈਡਮਾਸਟਰ ਨੱਥੂ ਰਾਮ ਨੇ ਜੋ ਰੈਫ਼ਰੀ ਬਣਿਆ ਖੜਾ ਸੀ, ਸੀਟੀ ਵਜਾਈ ਤੇ ਬੂਟੇ ਨੇ ਦੌੜਨਾ ਸ਼ੁਰੂ ਕੀਤਾ।

ਲੋਕ ਅੱਠ ਵਜੇ ਤੀਕ ਆਉਂਦੇ ਰਹੇ। ਨੱਥੂ ਰਾਮ ਹੈਡਮਾਸਟਰ ਬੈਠਾ ਬੂਟੇ ਨੂੰ ਦੌੜਦੇ ਤੱਕਦਾ ਰਿਹਾ। ਬੂਟਾ ਇਕੋ ਸਾਹ ਇਕੋ ਰਫ਼ਤਾਰ ਨਾਲ ਮੂੰਹ ਮੀਚੀ ਮਸ਼ੀਨ ਵਾਂਗ ਚਰਾਂਦ ਦੇ ਆਲੇ-ਦੁਆਲੇ ਦੌੜ ਰਿਹਾ ਸੀ। ਤੀਵੀਆਂ ਘੱਗਰੀਆਂ ਫੜਕਾਉਂਦੀਆਂ ਹੋਈਆਂ ਆਈਆਂ ਤੇ ਚਰਾਂਦ ਦੀ ਵੱਟ ਉਤੇ ਬੈਠ ਗਈਆਂ। ਉਹ ਸੰਗ-ਸਿਆਪੇ, ਵਿਆਹ-ਸ਼ਾਦੀਆਂ ਤੇ ਸਾਕ-ਸ਼ਰੀਕਿਆਂ ਦੀਆਂ ਚੁਗ਼ਲੀਆਂ ਵੀ ਕਰਦੀਆਂ ਰਹੀਆਂ ਤੇ ਬੂਟਾ ਸਿੰਘ ਨੂੰ ਲਾਟੂ ਵਾਂਗ ਘੁੰਮਦਾ ਵੀ ਤੱਕਦੀਆਂ ਰਹੀਆਂ।



ਦੁਪਹਿਰੇ ਬੂਟੇ ਨੇ ਅੱਧੇ ਘੰਟੇ ਲਈ ਸਾਹ ਲੀਤਾ। ਉਸ ਸੇਰ ਦੁੱਧ ਪੀਤਾ, ਆਪਣਾ ਝੱਗਾ ਤੇ ਕਛਹਿਰਾ ਜੋ ਮੁੜ੍ਹਕੇ ਨਾਲ ਭਿੱਜ ਕੇ ਉਸ ਦੇ ਸਰੀਰ ਨਾਲ ਚੰਬੜ ਗਏ ਸਨ, ਬਦਲੇ, ਵਾਲਾਂ ਨੂੰ ਕੰਘਾ ਕਰ ਕੇ ਮੁੜ ਜੂੜਾ ਕੀਤਾ ਤੇ ਰੁਮਾਲ ਵਲ੍ਹੇਟ ਕੇ ਫਿਰ ਦੌੜਨ ਲੱਗਾ।

ਤਰਕਾਲਾਂ ਤੀਕ ਉਹ ਏਸੇ ਤਰ੍ਹਾਂ ਦੌੜਦਾ ਰਿਹਾ। ਸਾਢੇ ਛੇ ਵਜੇ ਨੀਯਤ ਵੇਲੇ ਤੋਂ ਅੱਧਾ ਘੰਟਾ ਪਹਿਲਾਂ ਹੀ, ਉਸ ਚਰਾਂਦ ਦੇ ਚਾਰ ਸੌ ਗੇੜੇ ਪੂਰੇ ਕਰ ਦਿੱਤੇ। ਉਸ ਵੇਲੇ ਸੂਰਜ ਡੁਬ ਰਿਹਾ ਸੀ। ਸੂਰਜ ਦੀ ਨਿਘਰਦੀ ਲਾਲੀ ਵਿਚ ਬੂਟੇ ਦੇ ਖਿਲਰੇ ਵਾਲਾਂ ਦੀਆਂ ਜਟੂਰੀਆਂ ਸੂਹੇ ਖੰਭਾਂ ਵਾਂਗ ਜਾਪਦੀਆਂ ਸਨ। ਉਸ ਦੀ ਛਾਤੀ ਧੌਂਕਨੀ ਵਾਂਗ ਚਲ ਰਹੀ ਸੀ ਤੇ ਉਸ ਦੇ ਕੈਂਹ ਵਰਗੇ ਸਰੀਰ ਉਤੇ ਮੁੜ੍ਹਕੇ ਦੀਆਂ ਤਤ੍ਰੀਰੀਆਂ ਵਗ ਰਹੀਆਂ ਸਨ।

ਜਦ ਉਸ ਦੌੜ ਖ਼ਤਮ ਕੀਤੀ ਤਾਂ ਲੋਕਾਂ ਨੇ ਨਾਅਰਿਆਂ ਨਾਲ ਉਸ ਦਾ ਸਵਾਗਤ ਕੀਤਾ ਤੇ ਉਸ ਨੂੰ ਮੋਢਿਆਂ ਉਤੇ ਚੁੱਕ ਕੇ ਸਾਰੇ ਪਿੰਡ ਵਿਚ ਉਸ ਦਾ ਜਲੂਸ ਕੱਢਿਆ। ਬੂਟੇ ਨੇ ਸਭ ਲੋਕਾਂ ਅੱਗੇ ਮੱਥਾ ਨਿਵਾ ਕੇ ਆਖਿਆ, "ਇਹ ਸਭ ਵਾਹਿਗੁਰੂ ਦੀ ਕਿਰਪਾ ਐ। ਉਸੇ ਦੀ ਮਿਹਰ ਮੇਰੀਆਂ ਹੱਡੀਆਂ 'ਚੋਂ ਦੌੜਦੀ ਐ। ਏਸੇ ਕਰ ਕੇ ਮੈਂ ਸੌ ਮੀਲ ਦੌੜ ਸਕਿਐਂ। ਜੇ ਕਿਤੇ ਇਕ ਵਾਰੀ ਮੈਨੂੰ ਕੋਈ ਲੰਡਨ ਭੇਜ ਦੇਵੇ ਤਾਂ ਦੌੜ ਵਾਲੀ ਤਾਂ ਕੇਰਾਂ ਠਿੱਪੀ ਲਾ ਆਵਾਂ।"

ਅਸੀਂ ਬੂਟੇ ਦੀ ਖ਼ਬਰ ਉਰਦੂ ਤੇ ਪੰਜਾਬੀ ਦੇ ਅਖ਼ਬਾਰਾਂ ਵਿਚ ਘੱਲ ਦਿੱਤੀ ਤੇ ਮਹਾਰਾਜਾ ਪਟਿਆਲੇ ਨਾਲ ਉਸ ਦੀ ਮੁਲਾਕਾਤ ਕਰਾਉਣ ਦੇ ਹੀਲੇ ਸੋਚਣ ਲੱਗੇ।

ਤੀਜੇ ਦਿਨ ਪਿੰਡੋਂ ਬੂਟੇ ਦੀ ਮਾਂ ਆ ਗਈ। ਉਹ ਸੱਠਾਂ ਵਰ੍ਹਿਆਂ ਦੀ ਤਗੜੀ ਚੌੜੀ ਚੱਘੀ ਜੱਟੀ ਸੀ। ਉਸ ਦੇ ਬੁਲ੍ਹ ਬੂਟੇ ਦੇ ਬੁਲ੍ਹਾਂ ਵਰਗੇ ਰਤਾ ਮੋਟੇ ਸਨ ਤੇ ਅੱਖਾਂ ਅੱਗੇ ਗਿਜ-ਗਿਜ ਕਰਦੀ ਇਕ ਝਿੱਲੀ ਜੇਹੀ ਹਿੱਲ ਰਹੀ ਸੀ। ਉਹ ਬੂਟੇ ਨੂੰ ਲੈਣ ਆਈ ਸੀ। ਅਸੀਂ ਉਸ ਨੂੰ ਇਸ ਗੱਲ ਦਾ ਬੜਾ ਯਕੀਨ ਦਿਵਾਇਆ ਕਿ ਉਹ ਬੜੀ ਭਾਗਾਂ ਵਾਲੀ ਹੈ ਤੇ ਬੂਟਾ ਛੇਤੀ ਹੀ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਜਾਏਗਾ। ਪਰ ਉਸ ਨੂੰ ਸਾਡੀਆਂ ਗੱਲਾਂ ਉਤੇ ਯਕੀਨ ਨਾ ਆਇਆ। ਉਸ ਆਖਿਆ, "ਮੈਂ ਹੁਣ ਬੁੱਢੇ ਵਾਰੇ ਖੇਤ ਦੀ ਰਾਖੀ ਕਿਵੇਂ ਕਰਾਂ, ਗਿੱਦੜਾਂ ਤੇ ਸਹਿਆਂ ਨੂੰ ਮੈਥੋਂ ਨਹੀਂ ਹਟਾ ਹੁੰਦਾ। ਡੱਬੂ, ਚਿਰ ਹੋਇਆ, ਮਰ ਗਿਆ। ਬਸ ਮੇਰੇ ਕੋਲ ਮੇਰੇ ਪੁੱਤ ਬਾਝੋਂ ਹੋਰ ਕੋਈ ਨਹੀਂ। ਮੈਂ ਬੂਟੇ ਬਿਨਾਂ ਨਹੀਂ ਰਹਿ ਸਕਦੀ। ਮੈਂ ਜ਼ਰੂਰ ਉਸ ਨੂੰ ਆਪਣੇ ਨਾਲ ਲੈ ਕੇ ਜਾਊਂਗੀ।"

ਅਸੀਂ ਉਸ ਨੂੰ ਆਖਿਆ, "ਬੇਬੇ, ਧੰਨ ਭਾਗ ਤੇਰੀ ਕੁੱਖ ਦੇ ਜਿਸ ਬੂਟੇ ਜੇਹਾ ਪੁੱਤ ਜੰਮਿਆ। ਬੂਟਾ ਤਾਂ ਦੁਨੀਆਂ ਵਿਚ ਤੇਰੇ ਨਾਂ ਦੀ ਧੁੰਮ ਪਾ ਦੇਵੇਗਾ। ਤੂੰ ਉਸ ਨੂੰ ਪਿੰਡ ਵਿਚ ਇਕ ਝੁੱਗੀ ਵਿਚ ਲੁਕੋਈ ਬੈਠੀ ਏਂ। ਉਸ ਦੀ ਥਾਂ ਪਿੰਡ ਨਹੀਂ, ਸਗੋਂ ਸ਼ਹਿਰ ਹੈ। ਦੁਨੀਆਂ ਨੂੰ ਛੇਕੜ ਉਸ ਦਾ ਪਤਾ ਲਗਣਾ ਚਾਹੀਦਾ ਹੈ। ਤੇਰੀ ਕੁੱਛੜ ਬੈਠਾ ਰਿਹਾ ਤਾਂ ਕਿਸੇ ਨੂੰ ਕੀ ਪਤਾ ਲਗੇਗਾ ਕਿ ਇਤਨਾ ਸੂਰਬੀਰ ਤੇ ਬਹਾਦਰ ਦੌੜਨ ਵਾਲਾ ਐ ਤੇਰਾ ਪੁੱਤ। ਤੂੰ ਨਾ ਐਵੇਂ ਰੱਟਾ ਪਾ ਕੇ ਉਸ ਨੂੰ ਨਾਲ ਲੈ ਜਾਵੀਂ। ਐਵੇਂ ਮੂਰਖਪੁਣਾ ਨਾ ਕਰ। ਬੂਟੇ ਨੂੰ ਸਾਡੇ ਕੋਲ ਛੱਡ ਜਾ।"

ਉਸ ਨੇ ਸਾਡੀਆਂ ਗੱਲਾਂ ਸੁਣੀਆਂ ਅਨਸੁਣੀਆਂ ਕਰ ਕੇ ਆਖਿਆ, "ਮੈਂ ਆਪਣੇ

ਪੁੱਤ ਬਾਝੋਂ ਨਹੀਂ ਰਹਿ ਸਕਦੀ। ਮੈਨੂੰ ਨਹੀਂ ਲੋੜ ਹੋਰਾਂ ਚੀਜ਼ਾਂ ਦੀ। ਸੁਖ ਨਾਲ ਮੇਰਾ ਬੱਗਾ ਸ਼ੇਰ ਜਿਉਂਦਾ ਰਹੇ। ਮੈਂ ਤਾਂ ਇਸ ਨੂੰ ਆਪਣੇ ਨਾਲ ਲੈ ਕੇ ਜਾਊਂਗੀ।"

ਪਰ ਜਦੋਂ ਜੱਜ ਨੇ ਉਸ ਨੂੰ ਸਮਝਾਇਆ ਕਿ ਮਹਾਰਾਜਾ ਪਟਿਆਲਾ ਨਾਲ ਬੂਟੇ ਦੀ ਮੁਲਾਕਾਤ ਦਾ ਪ੍ਰਬੰਧ ਹੋ ਰਿਹਾ ਹੈ ਤੇ ਬੂਟਾ ਸਚ-ਮੁਚ ਹੀ ਦੁਨੀਆਂ ਵਿਚ ਨਾਂ ਖੱਟੇਗਾ ਤਾਂ ਬੁੱਢੀ ਬੂਟੇ ਨੂੰ ਪਿਛੇ ਛੱਡ ਜਾਣ ਉਤੇ ਰਾਜ਼ੀ ਹੋ ਗਈ।

ਬੂਟੇ ਨੇ ਆਖਿਆ, "ਬੇਬੇ, ਤੂੰ ਸੰਸਾ ਨਾ ਲਾ। ਛੇਤੀ ਈ ਮੈਂ ਸਮੁੰਦਰ ਪਾਰ ਜਾਊਂਗਾ ਤੇ ਲੰਡਨ 'ਚ ਜਾ ਕੇ ਸੌ ਮੀਲ ਦੌੜੂੰਗਾ, ਫਿਰ ਸਾਰੀ ਦੁਨੀਆਂ ਤੇਰੇ ਪੁੱਤ ਨੂੰ ਮੰਨੂੰਗੀ। ਫਿਰ ਆਪਣੇ ਕੋਲ ਰੁਪਈਏ ਹੀ ਰੁਪਈਏ ਹੋ ਜਾਣਗੇ। ਤੂੰ ਫਿਕਰ ਨਾ ਕਰ, ਤੇਰੇ ਵਾਲੇ ਸਾਰੇ ਦੁਖ ਤੋੜ ਦਿਊਂਗਾ। ਇਕ ਵਾਰੀ ਤੂੰ ਮੈਨੂੰ ਲੰਡਨ ਜਾ ਲੈਣ ਦੇ।"

ਦੂਜੇ ਦਿਨ ਉਹ ਆਪਣੇ ਪੁੱਤ ਨੂੰ ਛੱਡ ਕੇ ਪਿੰਡ ਚਲੀ ਗਈ।

ਅਸੀਂ ਬੂਟੇ ਲਈ ਥੋੜ੍ਹੇ ਜੇਹੇ ਪੈਸੇ ਇਕੱਠੇ ਕੀਤੇ ਤਾਂ ਜੋ ਉਹ ਕੁਝ ਦਿਨ ਸਾਡੇ ਕੋਲ ਰਹਿ ਕੇ ਪਟਿਆਲੇ ਜਾਣ-ਆਉਣ ਦਾ ਪ੍ਰਬੰਧ ਕਰ ਸਕੇ। ਉਹ ਕੁਝ ਦਿਨ ਜੱਜ ਦੇ ਘਰ ਰਿਹਾ। ਜੱਜ ਦਾ ਬੰਗਲਾ ਆਬਾਦੀ ਤੋਂ ਬਾਹਰ ਬਾਜਰੇ ਦੇ ਖੇਤਾਂ ਦੀ ਜੂਹ ਨਾਲ ਲਗਦਾ ਸੀ। ਜੱਜ ਤੇ ਉਸ ਦੇ ਮਿੱਤਰ ਦੁਪਹਿਰਾਂ ਪਿਛੋਂ ਅੰਦਰ ਕਮਰੇ ਵਿਚ ਬੈਠ ਕੇ ਤਾਸ਼ ਖੇਡਦੇ ਤੇ ਬੂਟਾ ਬਾਹਰ ਬਰਾਂਡੇ ਵਿਚ ਆਪਣੇ ਖ਼ਿਆਲਾਂ ਵਿਚ ਡੁੱਬਿਆ ਇਕੱਲਾ ਹੀ ਬੈਠਾ ਰਹਿੰਦਾ। ਅਸੀਂ ਦੋ ਚਿੱਠੀਆਂ ਘੱਲੀਆਂ ਸਨ, ਇਕ ਪਟਿਆਲੇ ਵਿਚ ਖੇਡਾਂ ਦੇ ਵੱਡੇ ਅਫ਼ਸਰ ਨੂੰ ਤੇ ਦੂਜੀ ਮਹਾਰਾਜਾ ਨੂੰ। ਇਨ੍ਹਾਂ ਚਿੱਠੀਆਂ ਦੀ ਉਡੀਕ ਵਿਚ ਬੈਠੇ ਅਸੀਂ ਬੂਟੇ ਲਈ ਹੋਰ ਕੋਈ ਪ੍ਰੋਗਰਾਮ ਨਹੀਂ ਸਾਂ ਬਣਾ ਸਕਦੇ।

ਸਵੇਰੇ-ਸਵੇਰੇ ਬੂਟਾ ਲੰਮੀਆਂ-ਲੰਮੀਆਂ ਤੇ ਤਿਰਛੀਆਂ ਉਲਾਂਘਾਂ ਭਰਦਾ ਹੋਇਆ ਡਾਕਖਾਨੇ ਜਾ ਕੇ ਜੱਜ ਦੀ ਚਿੱਠੀ-ਪੱਤਰੀ ਲੈ ਕੇ ਆਉਂਦਾ। ਫਿਰ ਦੁਪਹਿਰਾ ਢਲਣ ਉਤੇ ਮੰਡੀ ਵਲ ਉਡ ਲੈਂਦਾ ਤੇ ਤਾਸ਼ ਖੇਡਦੇ ਹੋਏ ਜੱਜ ਤੇ ਉਸ ਦੇ ਮਿੱਤਰਾਂ ਲਈ ਪਾਨ, ਬਰਫ਼, ਨਿੰਬੂ, ਸ਼ਕੰਜਵੀ ਆਦਿ ਲੈ ਆਉਂਦਾ। ਲੋਕਾਂ ਦੀ ਭੀੜ ਜੋ ਬੂਟੇ ਨੂੰ ਤੱਕਣ ਲਈ ਜੱਜ ਦੇ ਬੰਗਲੇ ਆਉਂਦੀ ਸੀ, ਜਿਵੇਂ ਉਹ ਕੋਈ ਅਨੋਖਾ ਵਚਿੱਤ੍ਰ ਜੀਵ ਹੋਵੇ, ਘਟਦੀ ਗਈ। ਹੌਲੀ-ਹੌਲੀ ਬੂਟੇ ਦੇ ਆਲੇ-ਦੁਆਲੇ ਅਦਭੁਤ ਤੇ ਚਰਜਾਂ-ਭਰੀ ਛੋਹ ਦਾ ਬੂਰ ਉੱਡ ਗਿਆ ਤੇ ਉਹ ਉਸ ਨੜੇ ਵਾਂਗ ਖ਼ਾਲੀ-ਖ਼ਾਲੀ ਰਹਿ ਗਿਆ ਜਿਸ ਦੁਆਲੇ ਰੂੰ ਦੀ ਇਕ ਤੰਦ ਵੀ ਨਾ ਹੋਵੇ।

ਤਿੰਨ ਹਫ਼ਤੇ ਲੰਘ ਗਏ। ਬੂਟੇ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਈ ਸਾਲ ਲੰਘ ਗਏ ਹੋਣ।

ਇਕ ਦਿਨ ਉਸ ਨੇ ਮੈਨੂੰ ਆਖਿਆ, "ਮੈਂ ਇਕ ਸਰਦਾਰ ਨੂੰ ਜਾਣਦਾ ਹਾਂ ਜੋ ਅਜਕਲ੍ਹ ਫ਼ਰੀਦਕੋਟ ਰਹਿੰਦਾ ਹੈ। ਕਿਸੇ ਵੇਲੇ ਉਹ ਮਹਾਰਾਜਾ ਪਟਿਆਲੇ ਦਾ ਡਿਉਢੀ-ਅਫ਼ਸਰ ਹੁੰਦਾ ਸੀ। ਉਸ ਦੀ ਮਹਾਰਾਜਾ ਤੀਕ ਬਹੁਤ ਪਹੁੰਚ ਐ। ਜੇ ਮੈਂ ਉਸ ਕੋਲ ਜਾਵਾਂ ਤਾਂ ਉਹ ਮੈਨੂੰ ਜ਼ਰੂਰ ਮਹਾਰਾਜਾ ਸਾਹਿਬ ਨਾਲ ਮਿਲਾ ਦੇਵੇਗਾ। ਫੇਰ ਸ਼ੈਤ ਕੋਈ ਰਾਹ ਖੁਲ੍ਹ ਜਾਵੇ।"

ਇਕ ਹਫ਼ਤੇ ਪਿਛੋਂ ਬੂਟਾ ਫ਼ਰੀਦਕੋਟ ਉਸ ਆਦਮੀ ਨੂੰ ਮਿਲਣ ਲਈ ਚਲਾ ਗਿਆ।

ਇਸ ਪਿਛੋਂ ਮੈਨੂੰ ਪਤਾ ਲੱਗਾ ਕਿ ਬੂਟਾ ਪਟਿਆਲੇ ਗਿਆ ਹੈ। ਕਈ ਲੋਕਾਂ



ਦੀਆਂ ਚਿੱਠੀਆਂ ਲੈ ਕੇ ਤੇ ਕਈਆਂ ਨੂੰ ਮਿਲਦੇ-ਮਿਲਾਉਂਦੇ ਛੇਕੜ ਉਹ ਮਹਾਰਾਜਾ ਸਾਹਿਬ ਦੇ ਏ. ਡੀ. ਕਾਂਗ ਤੀਕ ਪੁੱਜ ਗਿਆ ਜਿਸ ਨੇ ਬੂਟੇ ਦੀ ਮਹਾਰਾਜਾ ਸਾਹਿਬ ਨਾਲ ਛੇਤੀ ਤੋਂ ਛੇਤੀ ਮੁਲਾਕਾਤ ਕਰਾਉਣ ਦਾ ਵਾਇਦਾ ਕੀਤਾ।

ਇਸ ਪਿਛੋਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ। ਮੈਂ ਲਾਹੌਰ ਆਪਣੇ ਕੰਮ ਵਿਚ ਰੁੱਝਾ ਹੋਇਆ ਸਾਂ ਇਸ ਲਈ ਬਹੁਤ ਚਿਰ ਪਿੰਡ ਨਾ ਆ ਸਕਿਆ। ਫਿਰ ਫ਼ਸਾਦ ਫੁਟ ਪਏ, ਦੇਸ ਦੀ ਵੰਡ ਹੋ ਗਈ ਤੇ ਮੈਂ ਦਿੱਲੀ ਆ ਗਿਆ। ਇਸ ਪਿਛੋਂ ਮੈਨੂੰ ਬੂਟਾ ਸਿੰਘ ਦੀ ਬਹੁਤ ਚਿਰ ਤੀਕ ਕੋਈ ਖ਼ਬਰ ਨਾ ਮਿਲੀ।

1948 ਦੀ ਗੱਲ ਹੈ। ਸਰਦਾਰ ਪਟੇਲ ਰਿਆਸਤਾਂ ਦੇ ਮਹਾਰਾਜਿਆਂ ਨੂੰ ਭਾਰਤ ਦੇ ਯੂਨੀਅਨ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੂੰ ਪ੍ਰੇਰਨ ਲਈ ਦੇਸ ਦਾ ਦੌਰਾ ਕਰ ਰਹੇ ਸਨ। ਮੈਂ ਉਸ ਦਿਨ ਪਟਿਆਲੇ ਸਾਂ। ਬਹੁਤ ਵੱਡਾ ਜਲੂਸ ਸੀ। ਸਰਦਾਰ ਪਟੇਲ ਤੇ ਮਹਾਰਾਜਾ ਚਾਂਦੀ ਦੀ ਬੱਘੀ ਵਿਚ ਨਾਲ-ਨਾਲ ਬੈਠੇ ਸਨ। ਬਜ਼ਾਰਾਂ, ਗਲੀਆਂ ਵਿਚ ਲੋਕ ਝੰਡੀਆਂ ਲਈ ਸਰਦਾਰ ਪਟੇਲ ਦੇ ਸੁਆਗਤ ਲਈ ਖੜੇ ਸਨ। ਬਾਰੀਆਂ-ਖਿੜਕੀਆਂ ਤੇ ਛੱਤਾਂ ਉਤੇ ਆਦਮੀ-ਤੀਵੀਆਂ ਜੁੜੇ ਖੜੇ ਸਨ। ਭੀੜ ਵਿਚ ਇਕ ਥਾਂ ਮੈਂ ਬੂਟਾ ਸਿੰਘ ਨੂੰ ਵੀ ਖੜੇ ਤੱਕਿਆ ਜੋ ਚਾਂਦੀ ਦੀ ਬੱਘੀ ਨੂੰ ਹੌਲੀ-ਹੌਲੀ ਤੁਰਦੇ ਤੱਕ ਰਿਹਾ ਸੀ, ਜਿਸ ਨੂੰ ਛੇ ਦੁਧੀਆ ਘੋੜੇ ਖਿੱਚ ਰਹੇ ਸਨ ਤੇ ਜਿਸ ਦੇ ਅੱਗੇ-ਅੱਗੇ ਲਿਸ਼-ਲਿਸ਼ ਕਰਦੀਆਂ ਜ਼ਰਕ-ਬਰਕ ਵਰਦੀਆਂ ਪਾਈ ਫ਼ੌਜੀ ਬੈਂਡ ਜਾ ਰਿਹਾ ਸੀ।

ਜਦ ਸਰਦਾਰ ਪਟੇਲ ਦੀ ਸਵਾਰੀ ਲੰਘੀ ਤਾਂ ਮੈਂ ਬੂਟੇ ਨੂੰ ਮਿਲਿਆ ਤੇ ਉਸ ਨੂੰ ਪੁੱਛਿਆ ਜੁ ਉਸ ਦੀ ਮਹਾਰਾਜਾ ਨਾਲ ਮੁਲਾਕਾਤ ਦਾ ਕੀ ਸਿੱਟਾ ਨਿਕਲਿਆ?

ਉਸ ਉੱਤਰ ਦਿਤਾ, "ਹੁਣ ਤਾਂ ਸਰਦਾਰ ਪਟੇਲ ਦਿੱਲੀ ਤੋਂ ਆਏ ਹੋਏ ਹਨ। ਮਹਾਰਾਜਾ ਤੇ ਬਾਕੀ ਸਾਰੇ ਅਹਿਲਕਾਰ ਰੁੱਝੇ ਹੋਏ ਹਨ। ਜਦ ਮਹਾਰਾਜਾ ਸਾਹਿਬ ਨੂੰ ਵਿਹਲ ਲੱਗੀ ਤਾਂ ਉਹ ਮੈਨੂੰ ਮਿਲ ਸਕਣਗੇ।"

ਮੈਂ ਦਿੱਲੀ ਮੁੜ ਆਇਆ। ਇਸ ਪਿਛੋਂ ਦੋ ਸਾਲ ਤੀਕ ਮੈਂ ਬੂਟੇ ਨੂੰ ਨਾ ਮਿਲ ਸਕਿਆ। ਪਰ ਕਦੇ-ਕਦੇ ਮੈਨੂੰ ਉਸ ਬਾਰੇ ਉਡਦੀ-ਉਡਦੀ ਖ਼ਬਰ ਜ਼ਰੂਰ ਮਿਲ ਜਾਂਦੀ। ਉਸ ਨੂੰ ਪਟਿਆਲੇ ਬਹੁਤ ਚਿਰ ਉਡੀਕਣਾ ਪਿਆ। ਹਰ ਵੇਲੇ ਕੋਈ ਨਾ ਕੋਈ ਜ਼ਰੂਰੀ ਕੰਮ ਮਹਾਰਾਜਾ ਸਾਹਿਬ ਨੂੰ ਘੇਰੀ ਰਖਦਾ। ਮਹਾਰਾਜਾ ਦੇ ਏ. ਡੀ. ਕਾਂਗ ਨੇ ਬੂਟੇ ਨੂੰ ਆਖਿਆ ਕਿ ਇਸ ਤਰ੍ਹਾਂ ਘੜੀ-ਮੁੜੀ ਪਿੰਡੋਂ ਆਉਣ-ਜਾਣ ਨਾਲ ਵਕਤ ਤੇ ਰੁਪਈਏ ਪੈਸੇ ਦੇ ਫਾਲਤੂ ਖਰਚ ਨਾਲੋਂ ਤਾਂ ਇਹੋਂ ਚੰਗਾ ਹੈ ਕਿ ਉਹ ਪਟਿਆਲੇ ਕੋਈ ਨਿੱਕੀ-ਮੋਟੀ ਨੌਕਰੀ ਕਰ ਲਏ। ਪਹਿਲੀ ਫ਼ੁਰਸਤ ਵਿਚ ਉਸ ਦੀ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਕਰਵਾ ਦਿੱਤੀ ਜਾਵੇਗੀ। ਤੇ ਫਿਰ ਉਹ ਕੌਮਾਂਤਰੀ ਦੇਸਾਂ ਦੀਆਂ ਖੇਡਾਂ ਤੇ ਦੌੜਾਂ ਵਿਚ ਘੱਲ ਦਿੱਤਾ ਜਾਏਗਾ।

ਇਹ ਗੱਲ ਬੂਟੇ ਨੂੰ ਜਚ ਗਈ ਤੇ ਉਹ ਮੋਤੀ ਮਹੱਲ ਸਰਕਾਰ ਦੇ ਲੱਸੀ-ਖਾਨੇ ਵਿਚ ਦਰਬਾਨ ਦੇ ਤੌਰ ਤੇ ਨੌਕਰ ਹੋ ਗਿਆ। ਉਸ ਦੀ ਤਨਖ਼ਾਹ ਤਾਂ ਉਸ ਦਾ ਇਕ ਤਰ੍ਹਾਂ ਦਾ ਵਜ਼ੀਫ਼ਾ ਹੀ ਸੀ ਕਿਉਂ ਜੁ ਸਾਰਾ ਦਿਨ ਬਸ ਇਕ ਸਟੂਲ ਤੇ ਬੈਠੇ ਰਹਿਣ, ਲੰਮੇ ਪਏ ਰਹਿਣ ਤੇ ਬਾਗ਼ ਵਿਚ ਘੁੰਮਣ-ਫਿਰਨ ਤੋਂ ਛੁਟ ਉਸ ਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ।

ਇਕ ਵਾਰੀ ਉਸ ਦੀ ਮਾਂ ਉਸ ਨੂੰ ਮੁੜ ਪਿੰਡ ਆਪਣੇ ਨਾਲ ਲੈ ਜਾਣ ਲਈ ਆਈ। ਪਰ ਬੂਟਾ ਜੋ ਨਿਤ ਦੀ ਉਡੀਕ ਤੇ ਸਰਕਾਰੀ ਕੰਮਾਂ ਵਿਚ ਢਿੱਲ ਤੋਂ ਹੁਣ ਚੰਗੀ ਤਰ੍ਹਾਂ ਜਾਣੂ ਹੋ ਗਿਆ ਸੀ, ਆਪਣੀ ਮਾਂ ਨੂੰ ਸਾਰੀਆਂ ਗੱਲਾਂ ਸਮਝਾ ਕੇ ਆਖਣ ਲੱਗਾ, "ਬੇਬੇ, ਇਕ ਵਾਰੀ ਮੈਂ ਲੰਡਨ ਹੋ ਆਵਾਂ ਫਿਰ ਤੇਰੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਦਿਊਂਗਾ। ਫਿਰ ਸਾਨੂੰ ਕਿਸੇ ਗੱਲ ਦੀ ਤੋੜ ਨਹੀਂ ਰਹਿਣੀ। ਬਸ ਹੁਣ ਤਾਂ ਦਿਨਾਂ ਦੀ ਹੀ ਗੱਲ ਐ। ਰਤਾ ਕੁ ਸਬਰ ਦਾ ਘੁੱਟ ਭਰ।"

ਇਹ ਆਖ ਕੇ ਉਸ ਬੁੱਢੀ ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਦੀ ਤਨਖ਼ਾਹ ਦਿੱਤੀ ਜੋ ਬੁੱਢੀ ਨੇ ਆਪਣੀ ਸਲਾਰੀ ਦੇ ਲੜ ਬੰਨ੍ਹ ਲਈ ਤੇ ਪਿੰਡ ਮੁੜ ਗਈ।

ਬੂਟਾ ਆਪਣੀ ਨੌਕਰੀ ਉਤੇ ਜੰਮਿਆ ਰਿਹਾ। ਕਈ ਵਾਰ ਉਹ ਬੈਠਾ-ਬੈਠਾ ਅੱਕ ਜਾਂਦਾ ਤਾਂ ਬਜ਼ਾਰ ਜਾਂ ਨੇੜੇ ਦੀ ਮੰਡੀ ਦਾ ਚੱਕਰ ਲਾਉਣ ਲਈ ਟਿਭ ਜਾਂਦਾ ਤੇ ਕਈ-ਕਈ ਘੰਟੇ ਘੁੰਮਣ-ਫਿਰਨ ਪਿਛੋਂ ਮੁੜਦਾ। ਇਕ ਦਿਨ ਉਹ ਡੰਗਰਾਂ ਦੀ ਮੰਡੀ ਵਿਚ ਜਾ ਵੜਿਆ ਤੇ ਤਰਕਾਲੀਂ ਮੁੜਿਆ। ਸਾਰਾ ਦਿਨ ਡਿਊਟੀ ਤੋਂ ਗ਼ੈਰਹਾਜ਼ਰ ਰਹਿਣ ਕਰਕੇ ਲੱਸੀ-ਖਾਨੇ ਦੇ ਅਫ਼ਸਰ ਤੀਕ ਉਸ ਦੀ ਸ਼ਿਕਾਇਤ ਪੁੱਜੀ ਤੇ ਇਸ ਪਿਛੋਂ ਉਚੇ ਅਫ਼ਸਰਾਂ ਤੀਕ ਵੀ ਗੱਲ ਪਹੁੰਚ ਗਈ। ਬੂਟੇ ਦੀ ਪੇਸ਼ੀ ਹੋਈ। ਉਸ ਨੂੰ ਬਹੁਤ ਝਿੜਕਿਆ ਗਿਆ ਤੇ ਇਸ ਝਾੜ-ਝੰਬ ਪਿਛੋਂ ਉਸ ਨੂੰ ਮੁਆਫ਼ ਕਰ ਦਿੱਤਾ ਗਿਆ ਕਿ ਜੇ ਅੱਗੇ ਤੋਂ ਬਗ਼ੈਰ ਦੱਸੇ ਆਪਣੀ ਡਿਊਟੀ ਛੱਡ ਕੇ ਕਿਤੇ ਗਿਆ ਤਾਂ ਉਸ ਨੂੰ ਨੌਕਰੀ ਤੋਂ ਜਵਾਬ ਮਿਲ ਜਾਏਗਾ। ਜੇ ਇਸ ਤਰ੍ਹਾਂ ਉਹ ਨੌਕਰੀ ਤੋਂ ਕੱਢ ਦਿੱਤਾ ਗਿਆ ਤਾਂ ਉਸ ਦੇ ਨਾਂ ਨੂੰ ਟਿੱਕਾ ਲਗ ਜਾਏਗਾ ਤੇ ਉਸ ਨੂੰ ਕਦੀ ਵੀ ਕੌਮਾਂਤਰੀ ਦੇਸਾਂ ਦੀਆਂ ਦੌੜਾਂ ਦੇ ਮੁਕਾਬਲੇ ਵਿਚ ਨਹੀਂ ਘੱਲਿਆ ਜਾਏਗਾ।

ਇਸ ਵਾਕੇ ਨਾਲ ਬੂਟਾ ਸਹਿਮ ਗਿਆ। ਇਸ ਪਿਛੋਂ ਉਹ ਡਿਊਟੀ ਉਤੇ ਚੇਤੰਨ ਤੇ ਹੁਸ਼ਿਆਰੀ ਨਾਲ ਹਾਜ਼ਰ ਰਹਿਣ ਲੱਗਾ।

ਇਕ ਸਾਲ ਪਿਛੋਂ ਮੈਨੂੰ ਇਕ ਮੁਕੱਦਮੇ ਵਿਚ ਗੁਆਹੀ ਦੇਣ ਲਈ ਪਟਿਆਲੇ ਜਾਣਾ ਪਿਆ। ਸਾਰਾ ਦਿਨ ਕਚਹਿਰੀ ਭੁਗਤ ਕੇ ਥੱਕਿਆ-ਹੁੱਟਿਆ ਮੈਂ ਕਿਸੇ ਤਾਂਗੇ ਜਾਂ ਰਿਕਸ਼ਾ ਦੀ ਉਡੀਕ ਵਿਚ ਖੜਾ ਸਾਂ। ਕੁਝ ਚਿਰ ਪਿਛੋਂ ਮੈਂ ਦੂਰੋਂ ਹੌਲੀ-ਹੌਲੀ ਇਕ ਸਾਈਕਲ ਰਿਕਸ਼ਾ ਆਉਂਦੀ ਤੱਕੀ। ਉਸ ਦੇ ਨਾਲ-ਨਾਲ ਇਕ ਬੁੱਢੀ ਸੋਟੀ ਟੇਕਦੀ ਤੁਰੀ ਆ ਰਹੀ ਸੀ। ਜਦ ਰਿਕਸ਼ਾ ਨੇੜੇ ਆਈ ਤਾਂ ਮੈਂ ਇਸ ਵਿਚ ਬੈਠੇ ਬੂਟਾ ਸਿੰਘ ਨੂੰ ਪਛਾਣ ਲਿਆ। ਉਹ ਨਵੀਂ ਖ਼ਾਕੀ ਨਿੱਕਰ ਤੇ ਪੈਰੀਂ ਲਿਸ਼ਕਦੇ ਹੋਏ ਕਾਲੇ ਬੂਟ ਪਾਈ ਤੇ ਸਿਰ ਉਤੇ ਮੂੰਗੀਆ ਰੰਗ ਦੀ ਪੱਗ ਬੰਨ੍ਹੀ ਬੈਠਾ ਸੀ। ਉਸ ਨੇ ਮੈਨੂੰ ਵੇਖ ਕੇ ਫ਼ਤਹਿ ਬੁਲਾਈ। ਰਿਕਸ਼ਾ ਖੜੋ ਗਈ।

"ਸੁਣਾ ਬਈ ਬੂਟਾ ਸਿਆਂ, ਕਿਹੋ ਜੇਹਾ ਹਾਲ ਐ ਤੇਰਾ?" ਮੈਂ ਪੁਛਿਆ।

"ਬਸ ਜੀ, ਵਾਹਿਗੁਰੂ ਦੀ ਕਿਰਪਾ ਐ। ਥੋਡੀ ਮਿਹਰਬਾਨੀ ਐ—ਠੀਕ ਆਂ। ਮਹਾਰਾਜਾ ਸਾਹਿਬ ਹੁਣ ਕੁਝ ਦਿਨਾਂ ਲਈ ਗਰਮੀ ਕਰਕੇ ਚੈਲ ਗਏ ਹੋਏ ਨੇ। ਜਦ ਮੁੜੇ ਤਾਂ ਉਨ੍ਹਾਂ ਨਾਲ ਮੇਰੀ ਮੁਲਾਕਾਤ ਹੋ ਜਾਊ। ਮੇਰਾ ਨਾਂ ਸਭਨਾਂ ਤੋਂ ਉਪਰ ਐ, ਬਸ ਪਹਿਲਾ ਨਾਂ ਮੇਰਾ ਈ ਐ........ਮੈਨੂੰ ਪਤਾ ਲੱਗਿਆ ਐ ਕਿ ਅੱਸੂ 'ਚ ਦੌੜਨ ਵਾਲਿਆਂ ਦੀ ਇਕ ਟੀਮ ਲੰਡਨ ਜਾ ਰਹੀ ਐ। ਪੱਕੀ ਆਸ ਹੈ, ਮਹਾਰਾਜਾ ਸਾਹਿਬ ਮੈਨੂੰ ਜ਼ਰੂਰ ਚੁਣ ਲੈਣਗੇ ਤੇ ਭੇਜ ਦੇਣਗੇ।" ਮੈਂ ਉਸ ਵਲ ਤੱਕਿਆ ਤੇ ਉਸ ਨੂੰ ਪੁੱਛਿਆ ਕਿ ਉਹ ਰਿਕਸ਼ਾ ਵਿਚ ਕਿਉਂ ਬੈਠਾ ਹੈ?



ਬੁੱਢੀ ਨੇ ਵੱਡਾ ਹੌਕਾ ਭਰਿਆ ਤੇ ਆਖਣ ਲੱਗੀ, "ਵੇ ਪੁੱਤਰਾ! ਮੇਰਾ ਬੂਟਾ ਤਾਂ ਸੁਖ ਨਾਲ ਉਡਾਰੂ ਪੰਛੀ ਸੀ। ਉਸ ਨੂੰ ਇਨ੍ਹਾਂ ਜਾਏ-ਖਾਣੀਆਂ ਨੌਕਰੀਆਂ ਦਾ ਕੀ ਪਤਾ ਸੀ। ਬਸ ਏਥੇ ਉਸ ਨੂੰ ਲੱਕੜ ਦੇ ਟੂਲ ਤੇ ਬੰਨ੍ਹ ਕੇ ਬਿਠਾਲ ਦਿੱਤਾ। ਏਸ ਦੀਆਂ ਲੱਤਾਂ 'ਚ ਤਾਂ ਬਿਜਲੀ ਸੀ ਬਿਜਲੀ! ਬਸ ਏਸ ਤਰ੍ਹਾਂ ਬੈਠੇ-ਬੈਠੇ ਇਸ ਦੇ ਪੱਟਾਂ ਤੇ ਪਿੰਜਣੀਆਂ ਦਾ ਲਹੂ ਗੋਡਿਆਂ 'ਚ ਕੱਠਾ ਹੋ ਗਿਆ ਐ। ਦੇਖੀਂ ਰਤਾ ਏਸ ਦੇ ਗੋਡੇ ਕਿਵੇਂ ਸੁੱਜੇ ਪਏ ਨੇ। ਹਾਏ ਨੀ ਅੰਮੜੀਏ।"

ਇਹ ਆਖ ਕੇ ਬੁੱਢੀ ਨੇ ਆਪਣੀਆਂ ਛਾਤੀਆਂ ਉਤੇ ਜ਼ੋਰ-ਜ਼ੋਰ ਦੀ ਮੁੱਕੀਆਂ ਮਾਰੀਆਂ। ਉਸ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਡਿਗਣ ਲੱਗੇ ਤੇ ਉਸ ਨੇ ਆਖਿਆ, "ਹਾਏ ਨੀ! ਹੁਣ ਮੈਂ ਇਸ ਨੂੰ ਹਸਤਪਤਾਲ ਲੈ ਜਾਨੀ ਆਂ। ਉਥੇ ਡਾਕਦਾਰ ਏਸ ਨੂੰ ਸੂਏ ਲਾਊਗਾ।"

ਮੈਂ ਬੂਟੇ ਵਲ ਤੱਕਿਆ। ਉਸ ਦੇ ਢਾਲ ਵਰਗੇ ਗੋਡੇ ਹੁਣ ਪਾਥੀਆਂ ਵਾਂਗ ਫੁੱਲੇ ਫੁੱਲੇ ਸਨ। ਉਸ ਨੂੰ ਇਸ ਤਰ੍ਹਾਂ ਰਿਕਸ਼ਾ ਵਿਚ ਇਕ ਅਪਾਹਜ ਵਾਂਗ ਬੈਠਿਆਂ ਦੇਖ ਕੇ ਮੇਰੇ ਕਾਲਜੇ ਵਿਚ ਇਕ ਚੀਸ ਜੇਹੀ ਉਠੀ।

ਉਸ ਨੇ ਮੇਰੇ ਵਲ ਆਪਣੀਆਂ ਜਨੌਰਾਂ ਵਰਗੀਆਂ ਅੱਖਾਂ ਨਾਲ ਤੱਕਿਆ ਜਿਨ੍ਹਾਂ ਵਿਚ ਗੇਰੂ-ਰੰਗੇ ਡੋਰੇ ਫੁਟਕੀਆਂ ਵਾਂਗ ਤਰ ਰਹੇ ਸਨ। ਚਾਨਚੱਕ ਉਨ੍ਹਾਂ ਵਿਚ ਆਸ਼ਾ ਦੀ ਇਕ ਕਿਰਣ ਮਘ ਉਠੀ ਤੇ ਉਸ ਦੇ ਬੁੱਲ੍ਹ ਸੱਜਰੀ ਵਾਹੀ ਸਿਆੜ ਵਾਂਗ ਖੁੱਲੇ ਗਏ ਤੇ ਉਸ ਆਖਿਆ, "ਡਾਕਟਰ ਬਿਜਲੀ ਦੇ ਸੂਇਆਂ ਨਾਲ ਮੇਰਾ ਇਲਾਜ ਕਰ ਰਿਹਾ ਐ। ਅੱਠ-ਦਸ ਦਿਨਾਂ ਵਿਚ ਮੈਂ ਰਾਜੀ-ਬਾਜੀ ਹੋ ਜਾਵਾਂਗਾ ਤੇ ਫਿਰ ਪਹਿਲਾਂ ਵਾਂਗ ਦੌੜਨ ਲੱਗਾਂਗਾ। ਇਸ ਪਿਛੋਂ ਜੀ ਮੈਂ ਲੰਡਨ ਜਾਊਂਗਾ ਤੇ ਸੌ ਮੀਲ ਦੌੜ ਦੌੜੂੰਗਾ........"

ਮੈਂ ਉਸ ਵਲ ਤੱਕਿਆ। ਉਸ ਦਾ ਮੂੰਹ ਆਸ਼ਾ ਦੀ ਕਿਰਨ ਨਾਲ ਚਮਕ ਰਿਹਾ ਸੀ, ਉਹ ਆਸ਼ਾ ਜੋ ਮ੍ਰਿਗਤ੍ਰਿਸ਼ਨਾ ਵਾਂਗ ਉਸ ਨੂੰ ਜੀਵਨ ਦੇ ਇਕ ਮਾਰੂਥਲ ਤੋਂ ਦੂਜੇ ਥਲ ਤੀਕ ਭਟਕਾਉਂਦੀ ਹੋਈ ਲਈ ਫਿਰਦੀ ਸੀ। ਛੇਕੜ ਹੁਣ ਉਹ ਇਕ ਥੱਕੇ-ਟੁੱਟੇ ਹਿਰਨ ਵਾਂਗ ਡਿਗ ਪਿਆ ਸੀ ਪਰ ਜਿਸ ਨੂੰ ਹੁਣ ਵੀ ਦੁਮੇਲ ਉਤੇ ਲਿਸ਼ਕਦੇ ਪਾਣੀ ਦਾ ਝੌਲਾ ਭਰਮਾਉਂਦਾ ਸੀ।

ਰਿਕਸ਼ਾ ਹੌਲੀ-ਹੌਲੀ ਤੁਰਦੀ ਹੋਈ ਚਲੀ ਗਈ। ਮੈਂ ਉਦੋਂ ਤੀਕ ਉਥੇ ਖੜਾ ਮਾਂ-ਪੁੱਤ ਨੂੰ ਵੇਖਦਾ ਰਿਹਾ ਜਦ ਤੀਕ ਉਹ ਦੋਵੇਂ ਦੂਰ ਸੜਕ ਦੇ ਮੋੜ ਤੋਂ ਭੌਂ ਕੇ ਮੇਰੀਆਂ ਅੱਖਾਂ ਤੋਂ ਉਹਲੇ ਨਾ ਹੋ ਗਏ।

## 29

# ਬੁੱਢੀ ਦੀ ਪੀਪੀ

ਗੱਡੀ ਵਿਚ ਬਹੁਤੀ ਭੀੜ ਨਹੀਂ ਸੀ। ਲੰਬੇ ਸਾਰੇ ਡੱਬੇ ਵਿਚ ਮਸਾਂ ਅੱਠ ਕੁੜੀਆਂ, ਸਾਡੀ ਅਧਿਆਪਕਾ ਜੋ ਸਾਨੂੰ ਮੋਗੇ ਵਿਚ ਨਵਾਂ ਖੁੱਲ੍ਹਿਆ ਸਕੂਲ ਵਿਖਾਉਣ ਲਈ ਲਿਜਾ ਰਹੀ ਸੀ ਤੇ ਅੱਠ-ਦਸ ਹੋਰ ਮੁਸਾਫ਼ਿਰ ਸਨ।

ਮਾਰਚ ਦਾ ਮਹੀਨਾ ਸੀ, ਜੱਟ ਵਾਹੀਆਂ ਵਿਚ ਜੁਟੇ ਹੋਏ ਸਨ। ਜਦ ਗੱਡੀ ਚੱਲੀ ਤਾਂ ਬਾਹਰ ਖਿੜਕੀ ਵਿਚੋਂ ਪੱਕੀ ਹੋਈ ਫ਼ਸਲ ਦੀਆਂ ਸੁਨਹਿਰੀ ਬੱਲੀਆਂ ਨੂੰ ਤੱਕ ਕੇ ਅਸੀਂ ਆਪਣੇ ਸੀਨੇ ਅੰਦਰ ਇਕ ਅਜੀਬ ਤਰ੍ਹਾਂ ਦੀ ਵਿਸ਼ਾਲਤਾ ਤੇ ਖੁੱਲ੍ਹ ਜੇਹੀ ਮਹਿਸੂਸ ਕੀਤੀ। ਗੱਡੀ ਦੇ ਤੇਜ਼ ਤੁਰਨ ਨਾਲ ਸਾਡੀਆਂ ਖੜੋਤੀਆਂ ਸੋਚਾਂ ਵੀ ਤੁਰਨ ਲਗੀਆਂ।

ਸਾਰੀਆਂ ਕੁੜੀਆਂ ਵਿਚੋਂ ਪਰਭਾ ਬਹੁਤ ਇੱਲਤੀ ਸੀ। ਉਸ ਨੂੰ ਮਗਜ਼ ਭੰਨ-ਭੰਨ ਗੱਲਾਂ ਆਉਂਦੀਆਂ ਸਨ, ਫ਼ਿਕਰੇ ਸੁਝਦੇ ਸਨ ਤੇ ਸ਼ਰਾਰਤਾਂ ਫੁਰਦੀਆਂ ਸਨ। ਹਰ ਪਾਰਟੀ, ਹਰ ਬਹਿਸ, ਹਰ ਮੇਲਾ ਤਮਾਸ਼ਾ ਉਸ ਦੇ ਬਗ਼ੈਰ ਅਧੂਰਾ-ਅਧੂਰਾ ਜਾਪਦਾ। ਪਰ ਇਸ ਵੇਲੇ ਉਹ ਆਪਣੇ ਵੱਡੇ ਬਟਣਾਂ ਵਾਲੇ ਸਾਵੇ ਊਨੀ ਕੋਟ ਦੀਆਂ ਜੇਬਾਂ ਵਿਚ ਹੱਥ ਪਾਈ ਤੇ ਲਾਲ ਰੇਸ਼ਮੀ ਚੁੰਨੀ ਲਈ ਚੁਪ-ਚੁਪੀਤੀ ਬੈਠੀ ਸੀ। ਕੁਝ ਚਿਰ ਉਹ ਏਸੇ ਤਰ੍ਹਾਂ ਬੈਠੀ ਰਹੀ ਪਰ ਖੇਤਾਂ ਵਿਚੋਂ ਉਡਦੀ ਹੋਈ ਸੱਜਰੀ ਹਵਾ ਨੇ ਉਸ ਨੂੰ ਬਿਹਬਲ ਕਰ ਦਿੱਤਾ ਤੇ ਉਸ ਦੀਆਂ ਅੱਖਾਂ ਵਿਚ ਕਿਸੇ ਮਸਖ਼ਰੀ ਦੀਆਂ ਮਹਿਤਾਬੀਆਂ ਜਗਣ ਲਗੀਆਂ।

ਗੱਡੀ ਨਿੱਕੇ-ਨਿੱਕੇ ਸਟੇਸ਼ਨਾਂ ਉਤੇ ਖੜੋਂਦੀ ਤੇ ਇਕ ਮਿੰਟ ਪਿਛੋਂ ਫਿਰ ਸੀਟੀ ਮਾਰ ਕੇ ਤੁਰ ਪੈਂਦੀ। ਉਸ ਦਿਨ ਇੰਜਨ ਵਿਚ ਕੁਝ ਖ਼ਰਾਬੀ ਸੀ। ਹਰ ਵਾਰ ਉਹ ਹੁਝਕਾ ਮਾਰ ਕੇ ਤੁਰਦਾ, ਜਿਸ ਨਾਲ ਗੱਡੀ ਵਿਚ ਬੈਠੀਆਂ ਬੁੱਢੀਆਂ ਦੇ ਫੱਟਿਆਂ ਉਤੇ



ਰਖੀਆਂ ਹਾਂਡੀਆਂ, ਪੀਪੀਆਂ ਤੇ ਪੋਟਲੀਆਂ ਜ਼ੋਰ-ਜ਼ੋਰ ਦੀ ਹਿਲਦੀਆਂ ਤੇ ਅਸੀਂ ਸਾਰੀਆਂ ਕੁੜੀਆਂ ਉੱਚੀ-ਉੱਚੀ ਹੱਸਦੀਆਂ।

ਪਰਭਾ ਦੀ ਨਜ਼ਰ ਪੀਪੀਆਂ ਤੇ ਪੋਟਲੀਆਂ ਉਤੇ ਸੀ।

ਉਸ ਹਾਉਕਾ ਭਰ ਕੇ ਆਖਿਆ "ਹਾਏ! ਬੜੀ ਭੁੱਖ ਲੱਗੀ ਏ......ਕੁਝ ਖਾਣ ਨੂੰ ਜੀਅ ਕਰਦਾ ਏ.......ਸ਼ੋਭਾ, ਤੂੰ ਘਰੋਂ ਕੁਝ ਨਹੀਂ ਲੈ ਕੇ ਆਈ?"

"ਨਹੀਂ।"

"ਇਹ ਟਰੰਕ ਤੇਰਾ ਏ, ਬਿਮਲਾ?"

"ਹਾਂ, ਪਰ ਇਸ ਵਿਚ ਤਾਂ ਕਿਤਾਬਾਂ ਨੇ।"

ਕਿਤਾਬਾਂ ਦਾ ਨਾਂ ਸੁਣ ਕੇ ਪਰਭਾ ਨੇ ਨੱਕ ਸੰਗੋੜ ਲਿਆ।

ਟਰੰਕ ਦੇ ਨੇੜੇ ਹੀ ਮਿੱਟੀ ਦੀ ਇਕ ਨਿੱਕੀ ਜਿਹੀ ਬਲ੍ਹਣੀ ਪਈ ਸੀ ਜਿਸ ਦੀ ਗਰਦਨ ਉਤੇ ਪੋਣਾ ਬੰਨ੍ਹਿਆ ਹੋਇਆ ਸੀ। ਪਰਭਾ ਨੇ ਪੁੱਛਿਆ, "ਇਹ ਬਲ੍ਹਣੀ ਕਿਸ ਦੀ ਐ?........ਤੇਰੀ ਐ ਪੰਮੀ?"

"ਨਹੀਂ।"

"ਤੇਰੀ ਐ ਬੰਤੀ?"

"ਨਹੀਂ।"

"ਫਿਰ ਕਿਸ ਦੀ ਐ?"

ਨੇੜੇ ਬੈਠੀ ਇਕ ਮੁਟਿਆਰ ਨੇ ਆਖਿਆ, "ਮੇਰੀ ਐ। ਇਸ ਵਿਚ ਗਲਗਲ ਦਾ ਅਚਾਰ ਏ।"

ਪਰਭਾ ਫਿਰ ਚੁੱਪ ਹੋ ਗਈ।

ਪਰਭਾ ਦੇ ਨੇੜੇ ਹੀ ਸੀਟ ਦੇ ਹੇਠਾਂ ਇਕ ਪੀਪੀ ਪਈ ਸੀ, ਜਿਸ ਦਾ ਢਕਣਾ ਲੱਕੜ ਦਾ ਸੀ ਤੇ ਜਿਸ ਦੀ ਨਿੱਕੀ ਜੇਹੀ ਕੁੰਡੀ ਵਿਚ ਦਾਤਨ ਅੜਾ ਕੇ ਇਸ ਨੂੰ ਬੰਦ ਕੀਤਾ ਹੋਇਆ ਸੀ। ਢਕਣੇ ਉਤੇ ਬਹੁਤ ਥਿੰਧਿਆਈ ਸੀ। ਇਸ ਵਿਚ ਜ਼ਰੂਰ ਘਰ ਦੀਆਂ ਬਣੀਆਂ ਪਿੰਨੀਆਂ ਹੋਣਗੀਆਂ। ਪਰਭਾ ਨੇ ਪੀਪੀ ਤੇ ਠੋਲ੍ਹਾ ਮਾਰ ਕੇ ਪੁੱਛਿਆ, "ਇਹ ਪੀਪੀ ਕਿਸ ਦੀ ਐ?"

ਠੋਲ੍ਹਾ ਵੱਜਣ ਸਾਰ ਨੇੜੇ ਬੈਠੀ ਬੁੱਢੀ ਤ੍ਰਬਕ ਪਈ, ਜਿਵੇਂ ਪਰਭਾ ਨੇ ਪੀਪੀ ਉਤੇ ਨਹੀਂ ਸਗੋਂ ਉਸ ਦੇ ਸਿਰ ਉਤੇ ਠੋਲ੍ਹਾ ਮਾਰਿਆ ਹੋਵੇ। ਆਖਣ ਲੱਗੀ, "ਕੀ ਐ ਕੁੜੀਏ? ਪੀਪੀ ਮੇਰੀ ਐ।"

"ਤੇਰੀ ਐ ਬੇਬੇ?" ਪਰਭਾ ਨੇ ਪੁੱਛਿਆ।

"ਹਾਂ।" ਇਹ ਆਖ ਕੇ ਬੁੱਢੀ ਨੇ ਪੀਪੀ ਆਪਣੇ ਨੇੜੇ ਸਰਕਾ ਲਈ ਤੇ ਉਸ ਉਤੇ ਕੂਹਣੀ ਟੇਕ ਕੇ ਬੈਠ ਗਈ।

ਬੁੱਢੀ ਦੀ ਉਮਰ ਸੱਤਰਾਂ ਵਰ੍ਹਿਆਂ ਦੀ ਹੋਵੇਗੀ। ਉਹ ਉਚੇ ਲੰਮੇ ਕਦ-ਕਾਠ ਦੀ ਜੱਟੀ ਸੀ। ਉਸ ਦੇ ਮੋਢੇ ਚੌੜੇ ਚੁੱਘੇ ਹੋਣ ਤੇ ਵੀ ਰਤਾ ਕੁ ਅੱਗੇ ਨੂੰ ਮੁੜੇ ਹੋਏ ਸਨ ਜਿਸ ਕਰ ਕੇ ਉਸ ਦੀ ਪਿੱਠ ਵਿਚ ਇਕ ਨਿੱਕਾ ਬੇ-ਮਲੂਮਾ ਜੇਹਾ ਕੁੱਬ ਨਿਕਲਿਆ ਜਾਪਦਾ ਸੀ। ਉਸ ਨੇ ਸਿਰ ਉਤੇ ਸਲਾਰੀ ਲੀਤੀ ਹੋਈ ਸੀ ਜਿਸ ਨਾਲ ਉਸ ਦਾ ਸਿਰ ਮੱਥੇ ਤੀਕ ਕੱਜਿਆ ਹੋਇਆ ਸੀ। ਉਸ ਦੀ ਚੂਹੇ-ਰੰਗੀ ਕਮੀਜ਼ ਦਾ ਗਲਮਾਂ ਤੇ

ਬਾਹਵਾਂ ਮਰਦਾਵੀਆਂ ਸਨ। ਕਮੀਜ਼ ਦੀਆਂ ਢੱਕਣਿਆਂ ਵਾਲੀਆਂ ਦੋ ਜੇਬਾਂ, ਜਿਨ੍ਹਾਂ ਵਿਚ ਪਤਾ ਨਹੀਂ ਕੀ ਕੁਝ ਭਰਿਆ ਸੀ, ਬਹੁਤ ਫੁੱਲੀਆਂ ਹੋਈਆਂ ਸਨ। ਉਸ ਦੀਆਂ ਗੱਲ੍ਹਾਂ ਵਿਚ ਲੀਕਾਂ ਤੇ ਝੁਰੜੀਆਂ ਦਾ ਜਾਲ ਸੀ ਪਰ ਉਸ ਲੰਮੀ ਮੁੜੀ ਹੋਈ ਨੱਕ ਉਤੇ ਕੋਈ ਝੁਰੜੀ ਨਹੀਂ ਸੀ, ਸਗੋਂ ਨੱਕ ਦੇ ਥਾਂਸੇ ਉਤੋਂ ਮਾਸ ਝੜ ਗਿਆ ਸੀ ਜਿਸ ਕਰ ਕੇ ਇਹ ਕਿਸੇ ਪੰਛੀ ਦੀ ਚੁੰਝ ਵਾਂਗ ਜਾਪਦੀ ਸੀ।

ਪਰਭਾ ਨੇ ਬੁੱਢੀ ਵਲ ਤੱਕਿਆ। ਬੁੱਢੀ ਨੇ ਆਪਣੀ ਚੁੰਝ ਨੂੰ ਘੁਮਾਇਆ ਜਿਵੇਂ ਉਸ ਠੂੰਗ ਮਾਰਨੀ ਹੋਵੇ।

ਸ਼ੀਲਾ ਨੇ ਪਰਭਾ ਨੂੰ ਪੋਲੇ ਜਿਹਾ ਆਖਿਆ, "ਮੇਰੇ ਖ਼ਿਆਲ ਵਿਚ ਇਸ ਪੀਪੀ ਵਿਚ ਜ਼ਰੂਰ ਪਿੰਨੀਆਂ ਹਨ—ਘਰ ਦੇ ਘਿਓ ਦੀਆਂ।"

"ਤੂੰ ਟੋਹ ਤਾਂ ਸਹੀ।"

"ਤੂੰ ਟੋਹ।"

ਸ਼ੀਲਾ ਆਪਣੀ ਥਾਂ ਤੋਂ ਰਤਾ ਕੁ ਹਿੱਲ ਕੇ ਬੁੱਢੀ ਦੇ ਨੇੜੇ ਹੋ ਗਈ। ਬੁੱਢੀ ਨੇ ਸ਼ੀਲਾ ਤੇ ਪਰਭਾ ਦੀ ਘੁਸਰ-ਮੁਸਰ ਸੁਣ ਲਈ ਸੀ। ਉਹ ਖਿਝੀ ਹੋਈ ਗਿਦੜੀ ਵਾਂਗ ਝਈ ਲੈ ਕੇ ਪਈ ਤੇ ਆਖਣ ਲੱਗੀ, "ਛਡ ਕੁੜੀਏ ਮੇਰੀ ਪੀਪੀ........ਦੇਵਾਂ ਰਕਾਨ ਨੂੰ ਪਿੰਨੀਆਂ, ਛਡ ਐਵੇਂ ਫੋਲਾ-ਫੋਲੀ ਕਰਨ ਲੱਗੀ ਏਂ। ਤੁਸੀਂ ਐਨੇ ਸੁਹਣੇ-ਸੁਹਣੇ ਕਪੜੇ ਪਾਈ ਬੈਠੀਆਂ ਓ, ਆਪਣੇ ਨਾਲ ਰੋਟੀ-ਟੁੱਕ ਬੰਨ੍ਹ ਕੇ ਨਹੀਂ ਲਿਆਈਆਂ? ਜਦੋਂ ਬੰਦਾ ਘਰੋਂ ਤੁਰੇ ਤਾਂ ਲੜ ਟੁੱਕ ਤਾਂ ਬੰਨ੍ਹ ਲਵੇ.......ਹੁਣ ਬਿੱਲੀਆਂ ਵਾਂਗ ਝਾਕਦੀਆਂ ਓ!" ਇਹ ਆਖ ਕੇ ਉਸ ਨੇ ਪੀਪੀ ਨੂੰ ਆਪਣੀ ਸਲਾਰੀ ਦੇ ਪੱਲੇ ਹੇਠ ਕੱਜ ਲਿਆ।

ਬੁੱਢੀ ਦੀ ਕੰਜੂਸੀ ਤੇ ਕਮੀਨਗੀ ਉਤੇ ਸਾਨੂੰ ਬੜਾ ਗੁੱਸਾ ਆਇਆ। ਸਾਨੂੰ ਇੰਜ ਲਗਿਆ ਜਿਵੇਂ ਉਸ ਨੇ ਸਾਡਾ ਹੱਕ ਖੋਹ ਲਿਆ ਹੁੰਦਾ ਹੈ। ਇਸ ਦੀ ਪੀਪੀ ਵਿਚ ਜ਼ਰੂਰ ਪਿੰਨੀਆਂ ਹੋਣਗੀਆਂ, ਸ਼ਾਇਦ ਮੱਠੀਆਂ ਹੋਣ......ਖੌਰੇ ਇਸ ਦੀ ਨੂੰਹ ਨੇ ਇਸ ਨੂੰ ਮੋਠ ਪਾ ਕੇ ਪਰਾਉਂਠੇ ਪਕਾ ਕੇ ਦਿੱਤੇ ਹੋਣ.......

ਗੱਡੀ ਦੇ ਖੜਕੇ ਤੇ ਰੌਲੇ ਵਿਚ ਸਾਨੂੰ ਇਹ ਪਤਾ ਹੀ ਨਾ ਲਗਿਆ ਕਿ ਕਦ ਟੀਟੀ ਆ ਗਿਆ।

ਟੀਟੀ ਨੇ ਮੇਰਾ ਟਿਕਟ ਵੇਖ ਕੇ ਅਧਿਆਪਕਾ ਦਾ ਟਿਕਟ ਪੁੱਛਿਆ। ਇਸ ਪਿਛੋਂ ਉਸ ਸਾਰੀਆਂ ਕੁੜੀਆਂ ਵਲ ਝਾਤ ਸੁੱਟੀ ਤੇ ਬਾਕੀ ਦੀਆਂ ਤੀਵੀਆਂ ਵਲ ਇਕ ਤਿੱਖੀ ਨਿਗਾਹ ਸੁਟ ਕੇ ਤੇ ਉਨ੍ਹਾਂ ਨੂੰ ਟੋਹ ਕੇ ਬੁੱਢੀ ਕੋਲ ਆ ਗਿਆ ਤੇ ਪੁੱਛਣ ਲੱਗਾ, "ਮਾਈ ਟਿਕਟ?"

ਬੁੱਢੀ ਦਾ ਰੰਗ ਹਲਦੀ ਵਾਂਗ ਹੋ ਗਿਆ। ਉਸ ਆਖਿਆ, "ਭਾਈ ਮੈਂ ਤਾਂ ਛੇਤੀ ਵਿਚ ਗੱਡੀ ਚੜ੍ਹ ਗਈ—ਟਿਕਟ ਲੈ ਹੀ ਨਾ ਹੋਇਆ!"

ਉਸ ਆਖਿਆ: "ਜੇ ਟਿਕਟ ਨਹੀਂ ਸੀ ਲੈ ਹੋਇਆ ਤਾਂ ਗੱਡੀ ਕਿਵੇਂ ਚੜ੍ਹ ਗਈ?"

ਸਾਰੀਆਂ ਕੁੜੀਆਂ ਬੁੱਢੀ ਵਲ ਤੱਕਣ ਲੱਗੀਆਂ—ਬੇਈਮਾਨ, ਕਮੀਨੀ, ਕੰਜੂਸ!

ਟੀਟੀ ਨੇ ਆਪਣੀ ਜੇਬ ਵਿਚੋਂ ਕਿਤਾਬ ਕੱਢੀ ਤੇ ਪੁੱਛਣ ਲੱਗਾ:



"ਕਿਥੋਂ ਚੜ੍ਹੀ ਐਂ ਮਾਈ?"

ਬੁੱਢੀ ਨੇ ਆਖਿਆ, "ਏਥੋਂ ਹੀ ਬਸ।"

"ਕਿਥੇ ਜਾਏਂਗੀ?"

"ਏਥੇ ਈ, ਬਸ।"

ਟੀਟੀ ਨੇ ਘੂਰ ਕੇ ਪੁੱਛਿਆ, "ਕੀ ਆਖਦੀ ਐਂ? ਮੈਂ ਆਖਿਆ ਤੂੰ ਕਿਥੋਂ ਬੈਠੀ ਐਂ ਗੱਡੀ ਵਿਚ?"

ਬੁੱਢੀ ਨੇ ਆਖਿਆ, "ਮੈਂ ਤਾਂ ਪਿਛਲੇ ਟੀਸ਼ਨ ਤੋਂ ਈ ਚੜ੍ਹੀ ਆਂ—ਤੇਰਾ ਭਲਾ ਹੋਵੇ, ਮੈਂ ਭੁਲ ਗਈ.......ਛੇਤੀ ਸੀ ਮੈਨੂੰ......."

ਟੀਟੀ ਨੇ ਟੋਕ ਕੇ ਪੁੱਛਿਆ, "ਤੂੰ ਜਾਣਾ ਕਿਥੇ ਐ?"

"ਅਗਲੇ ਟੀਸ਼ਨ।"

ਟੀਟੀ ਬੁੱਢੀ ਦੀਆਂ ਗੱਲਾਂ ਸੁਣ ਕੇ ਆਪਣੇ ਕਾਗਜ਼ ਫੋਲਣ ਲੱਗਾ।

ਬੁੱਢੀ ਇਕ ਮੁਜਰਮ ਬਣੀ ਬੈਠੀ ਰਹੀ। ਉਸ ਨੇ ਰਿਹਾਈ ਲਈ ਰਹਿਮ ਮੰਗਦੀਆਂ ਨਜ਼ਰਾਂ ਨਾਲ ਤੱਕਿਆ।

ਟੀਟੀ ਆਪਣੇ ਕਾਗ਼ਜ਼ ਫੋਲਦਾ ਹੋਇਆ ਬੋਲਿਆ, "ਜੇ ਟਿਕਟ ਨਹੀਂ ਲੀਤਾ ਤਾਂ ਕਰਾਇਆ ਕੱਢ।"

"ਕਰਾਇਆ!" ਬੁੱਢੀ ਦੀਆਂ ਪੋਲੀਆਂ ਨਾਸਾਂ ਫਰਕੀਆਂ।

"ਹਾਂ ਕਰਾਇਆ।" ਟੀਟੀ ਨੇ ਸਖ਼ਤ ਲਹਿਜੇ ਵਿਚ ਆਖਿਆ, "ਗੱਡੀ ਤੇ ਚੜ੍ਹਨ ਲਗਿਆਂ ਨਹੀਂ ਸੀ ਸੋਚਿਆ। ਸਰਕਾਰ ਨੇ ਗੱਡੀ ਏਸ ਲਈ ਨਹੀਂ ਬਣਾਈ ਕਿ ਜੋ ਮਲੰਗ ਜੁੱਲੀ ਚੱਕ ਆਏ ਗੱਡੀ ਵਿਚ ਬੈਠ ਜਾਏ—ਕਰਾਇਆ ਢਿੱਲਾ ਕਰ।"

ਬੁੱਢੀ ਫਿਰ ਚੁੱਪ ਹੋ ਗਈ।

ਟੀਟੀ ਨੂੰ ਗੁੱਸਾ ਚੜ੍ਹ ਗਿਆ। ਉਸ ਕੜਕ ਕੇ ਆਖਿਆ: "ਬੁੱਢੀਏ! ਸੁਣਦਾ ਨਹੀਂ ਤੈਨੂੰ? ਮੈਂ ਤਾਂ ਤੇਰੇ ਕੰਨਾਂ ਦਾ ਪੂਰਾ-ਪੂਰਾ ਇਲਾਜ ਕਰ ਦੇਵਾਂਗਾ-ਸੁਣਦੀ ਨਹੀਂ? ਮੈਂ ਆਖਿਆ ਕਰਾਇਆ ਕੱਢ।"

"ਕਰਾਇਆ?" ਬੁੱਢੀ ਦੇ ਬੁੱਲ੍ਹ ਫਰਕੇ।

"ਹਾਂ ਕਰਾਇਆ, ਕੱਢ ਡੂਢ ਰੁਪਈਆ।"

"ਡੂਢ ਰੁਪਈਆ?"

"ਹਾਂ ਹਾਂ ਡੂਢ ਰੁਪਈਆ!"

"ਪਰ ਮੈਂ ਤਾਂ ਪਿਛਲੇ ਟੀਸ਼ਨ ਤੋਂ ਈ.......!"

"ਤੂੰ ਭਾਵੇਂ ਪਿਛਲੇ ਸਟੇਸ਼ਨ ਤੋਂ ਬੈਠੀ ਹੋਵੇਂ ਭਾਵੇਂ ਧੁਰੋਂ, ਕਰਾਇਆ ਤੈਨੂੰ ਉਸੇ ਸਟੇਸ਼ਨ ਤੋਂ ਦੇਣਾ ਪਵੇਗਾ ਜਿਥੋਂ ਗੱਡੀ ਚਲਦੀ ਹੈ। ਸਮਝੀ? ਫ਼ੀਰੋਜ਼ਪੁਰ ਤੋਂ ਲੈ ਕੇ ਇਥੋਂ ਤਕ ਦਾ ਕਰਾਇਆ ਹੈ ਬਾਰਾਂ ਆਨੇ—ਦੂਣਾ ਜਰਮਾਨਾ ਲੱਗੇਗਾ, ਕੱਢ ਡੂਢ ਰੁਪਿਆ—ਛੇਤੀ ਕਰ, ਅਗਲੇ ਸਟੇਸ਼ਨ ਤੇ ਉਤਰ ਜਾਈਂ।"

ਬੁੱਢੀ ਦਾ ਠੂਠੀ ਵਰਗਾ ਮੂੰਹ ਖੁੱਲ੍ਹ ਗਿਆ। ਉਸ ਤਰਲਾ ਕਰ ਕੇ ਆਖਿਆ, "ਵੇ ਵੀਰਾ! ਮੇਰੇ ਤਾਂ ਤੇੜ ਦੇ ਲੀੜੇ ਵੇਚ ਕੇ ਵੀ ਡੂਢ ਰੁਪਈਆ ਨਹੀਂ ਵੱਟਿਆ ਜਾਣਾ, ਮੈਂ ਤਾਂ ਪਿਛਲੇ ਟੀਸ਼ਨ ਤੋਂ ਬੈਠੀ ਆਂ, ਅਗਲੇ ਟੀਸ਼ਨ ਉਤਰ ਜਾਵਾਂਗੀ।

ਮੈਨੂੰ ਬੁੱਢੀ-ਠੇਰੀ ਨੂੰ ਕੀ ਪਤਾ ਥੋੜੇ ਕਨੂੰਨਾਂ ਦਾ ।"

ਟੀਟੀ ਦੇ ਨਿੱਕੇ-ਨਿੱਕੇ ਦੰਦ ਮੁੱਛਾਂ ਹੇਠੋਂ ਚਮਕਣ ਲੱਗੇ । ਉਸ ਆਖਿਆ, "ਤੂੰ ਤਾਂ ਭੋਲੀ ਐਂ ਮਾਈ । ਕਾਨੂੰਨ ਕਾਨੂੰਨ ਹੈ, ਮੇਰੇ ਲਈ ਵੀ ਤੇ ਤੇਰੇ ਲਈ ਵੀ । ਕਾਨੂੰਨ ਆਖਦਾ ਹੈ ਕਿ ਮੈਂ ਤੇਰੇ ਕੋਲੋਂ ਡੂਢ ਰੁਪਿਆ ਲਵਾਂ, ਤੇ ਕਾਨੂੰਨ ਇਹ ਵੀ ਆਖਦਾ ਹੈ ਕਿ ਤੈਨੂੰ ਡੂਢ ਰੁਪਿਆ ਦੇਣਾ ਪਵੇਗਾ । ਇਸ ਕਾਨੂੰਨ ਨੂੰ ਨਾ ਮੈਂ ਬਦਲ ਸਕਦਾ ਹਾਂ ਨਾ ਤੂੰ । ਏਸ ਕਰਕੇ ਬਹੁਤਾ ਰੱਫੜ ਨਾ ਪਾ । ਮੇਰੇ ਕੋਲ ਵਿਹਲ ਨਹੀਂ, ਛੇਤੀ ਕਰ ।"

ਉਹ ਆਪਣੇ ਆਪ ਨੂੰ ਇਕ ਅਨਜਾਣੇ ਖ਼ਤਰੇ ਵਿਚ ਘਿਰੀ ਵੇਖ ਕੇ ਬੱਕਰੀ ਵਾਂਗ ਮਿਆਂਕੀ :

"ਪੁੱਤਾ ਮੇਰੇ ਕੋਲ ਪੈਸੇ ਕਿਥੋਂ ? ਜੇ ਪੈਸੇ ਹੁੰਦੇ ਤਾਂ ਮੈਂ ਇਹ ਲੀਰਾਂ-ਪਤੀਰਾਂ ਕਿਉਂ ਪਾਉਂਦੀ । ਮੇਰੇ ਕੋਲ ਤਾਂ ਫ਼ੀਮ ਖਾਣ ਜੋਗੇ ਪੈਸੇ ਵੀ ਨਹੀਂ, ਮੈਂ ਭੁੱਲੀ ਪੁੱਤਾ, ਮੈਨੂੰ ਮਾਫ਼ੀ ਦੇਹ ।"

ਟੀਟੀ ਨੇ ਕੜਕ ਕੇ ਆਖਿਆ, "ਮਾਫ਼ੀ-ਸ਼ਾਫ਼ੀ ਕੁਝ ਨਹੀਂ, ਐਵੇਂ ਮੇਰਾ ਵਕਤ ਖਰਾਬ ਨਾ ਕਰ ਲਿਆ ਪੈਸੇ, ਨਹੀਂ ਤੇ ਪੁਲਸ ਦੇ ਹਵਾਲੇ ਕਰ ਦਿਆਂਗਾ ।"

ਪੁਲਿਸ ਦਾ ਨਾਂ ਸੁਣਦਿਆਂ ਹੀ ਬੁੱਢੀ ਦਾ ਤ੍ਰਾਹ ਨਿਕਲ ਗਿਆ ।

ਉਸ ਦੁਹਾਈ ਦੇ ਕੇ ਆਖਿਆ, "ਵੇ ਪੁੱਤਾ ਮੈਨੂੰ ਮਾਫ਼ੀ ਦੇਹ ! ਮੈਂ ਤੇਰੇ ਪੈਰ ਫੜਦੀ ਆਂ—ਮੈਂ ਭੁੱਲ ਗਈ—ਅਗਲੇ ਟੇਸ਼ਨ ਜ਼ਰੂਰ ਉਤਰ ਜਾਵਾਂਗੀ—ਮੈਂ ਤਾਂ ਪਿਛਲੇ ਟੀਸ਼ਨ ਤੋਂ ਈ ਚੜ੍ਹੀ ਆਂ—ਵੇ ਪੁੱਤਾ ਮੈਂ ਭੁੱਲ ਗਈ......"

ਬੁੱਢੀ ਨੇ ਟੀਟੀ ਵਲ ਤੱਕਿਆ । ਇਸ ਤੱਕਣੀ ਵਿਚ ਪਰੇਸ਼ਾਨੀ ਸੀ, ਜਨੌਰਾਂ ਵਰਗਾ ਬੇਸਮਝ ਤਰਲਾ ਸੀ । ਸਾਰੀਆਂ ਕੁੜੀਆਂ ਸਾਹਮਣੇ ਉਸ ਦੀ ਗ਼ੁਰਬਤ ਦੀ ਗੁਦੜੀ ਦੀਆਂ ਸਾਰੀਆਂ ਜੇਬਾਂ ਟੋਹੀਆਂ ਗਈਆਂ । ਉਸ ਫੇਰ ਤਰਲੇ ਕਰਨੇ ਸ਼ੁਰੂ ਕੀਤੇ । ਟੀਟੀ ਉਸ ਵਲੋਂ ਤਵੱਜੋ ਹਟਾ ਕੇ ਕੁੜੀਆਂ ਵਲ ਪਰਤਿਆ । ਬੁੱਢੀ ਉਸੇ ਤਰ੍ਹਾਂ ਬੁਸ-ਬੁਸ ਕਰਦੀ ਰਹੀ । ਉਸ ਦੀਆਂ ਮਿੰਨਤਾਂ ਤੇ ਉਸ ਦੇ ਤਰਲਿਆਂ ਨੇ ਉਸ ਦਾ ਸਾਰਾ ਗ਼ਰੂਰ ਮਿੱਟੀ ਵਿਚ ਰੋਲ ਦਿੱਤਾ । ਸਾਨੂੰ ਵੀ ਉਸ ਉਤੇ ਤਰਸ ਆਉਣ ਲੱਗਾ ।

ਇਹ ਟੀਟੀ ਉਸ ਨੂੰ ਕਿਉਂ ਨਹੀਂ ਛੱਡ ਦੇਂਦਾ ? ਕਿਵੇਂ ਤਰਲੇ ਕਰਦੀ ਐ ਵਿਚਾਰੀ ।

ਟੀਟੀ ਨੇ ਬਾਕੀ ਮੁਸਾਫ਼ਰਾਂ ਦੇ ਟਿਕਟ ਤੱਕੇ, ਅਖ਼ੀਰ ਵਿਚ ਉਸ ਕੁੜੀਆਂ ਦੇ ਟਿਕਟ ਵੇਖਣੇ ਸ਼ੁਰੂ ਕੀਤੇ । ਜਦ ਪਰਭਾ ਦੀ ਵਾਰੀ ਆਈ ਤਾਂ ਉਸ ਹੌਲੇ ਜਿਹੇ ਮੂੰਹ ਬਣਾ ਕੇ ਆਖਿਆ "ਮੈਂ ਤਾਂ ਟਿਕਟ ਲੈਣਾ ਭੁੱਲ ਗਈ ?"

ਟੀਟੀ ਨੇ ਪਰਭਾ ਨੂੰ ਸਿਰ ਤੋਂ ਪੈਰ ਤੀਕ ਤੱਕਿਆ, ਉਸ ਦੇ ਸਾਵੇ ਓਵਰ ਕੋਟ ਤੇ ਉਸ ਦੀ ਸੁਰਖ਼ ਰੇਸ਼ਮੀ ਚੁੰਨੀ ਤੇ ਫਿਰ ਉਸ ਦੀਆਂ ਵਧੀਆ ਸੈਂਡਲਾਂ ਵਲ । ਉਸ ਨੂੰ ਯਕੀਨ ਨਾ ਆਇਆ ਕਿ ਇਸ ਕੁੜੀ ਪਾਸ ਟਿਕਟ ਨਹੀਂ । ਉਸ ਫਿਰ ਪੁੱਛਿਆ :

"ਕੀ ਤੁਹਾਡੇ ਪਾਸ ਟਿਕਟ ਨਹੀਂ ?"

ਪਰਭਾ ਨੇ ਆਖਿਆ "ਨਹੀਂ ।"

ਟੀਟੀ ਨੂੰ ਇਕ ਮਿੰਟ ਲਈ ਕੋਈ ਗੱਲ ਨਾ ਸੁੱਝੀ । ਫਿਰ ਉਸ ਆਖਿਆ :

"ਚੰਗਾ ਕਰਾਇਆ ਕੱਢੋ ।"



ਪਰਭਾ ਨੇ ਆਖਿਆ, "ਕਰਾਇਆ ਵੀ ਹੈ ਨਹੀਂ ।"

"ਕਰਾਇਆ ਵੀ ਹੈ ਨਹੀਂ ?"

"ਨਹੀਂ । ਮੈਨੂੰ ਵੀ ਪੁਲਸ ਪਾਸ ਫੜਾ ਦਿਓ । ਮੇਰੇ ਕੋਲ ਕਰਾਇਆ ਹੈ ਨਹੀਂ ?"

ਪਰਭਾ ਦੇ ਭਰੋਸੇ ਭਰੇ ਉੱਤਰ ਤੋਂ ਤੇ ਉਸ ਦੀਆਂ ਹੱਸਦੀਆਂ ਅੱਖਾਂ ਵੇਖ ਕੇ ਟੀਟੀ ਨੂੰ ਯਕੀਨ ਹੋ ਗਿਆ ਕਿ ਇਸ ਕੁੜੀ ਪਾਸ ਟਿਕਟ ਹੈ ਪਰ ਇਹ ਉਸ ਨਾਲ ਠੱਠਾ ਕਰ ਰਹੀ ਹੈ । ਉਸ ਨੇ ਉਸ ਨਾਲ ਬਹੁਤੇ ਸਵਾਲ-ਜਵਾਬ ਕਰਨੇ ਮੁਨਾਸਬ ਨਾ ਸਮਝੇ । ਉਹ ਮੁੜ ਬੁੱਢੀ ਦੁਆਲੇ ਹੋ ਗਿਆ ਤੇ ਉਸ ਨੂੰ ਆਖਣ ਲੱਗਾ :

"ਬੁੱਢੀਏ ਛੇਤੀ ਕਰ । ਸਟੇਸ਼ਨ ਨੇੜੇ ਆ ਰਿਹਾ ਹੈ, ਪੈਸੇ ਕੱਢ ।"

ਬੁੱਢੀ ਪੱਥਰ ਬਣੀ ਬੈਠੀ ਰਹੀ ।

"ਸੁਣਦੀ ਐਂ ਕਿ ਨਹੀਂ ?" ਟੀਟੀ ਗੱਜਿਆ । ਬੁੱਢੀ ਨੇ ਕੰਨ ਚੁੱਕੇ ।

ਟੀਟੀ ਗੁੱਸੇ ਵਿਚ ਬੁੜਬੁੜਾਉਂਦਾ ਹੋਇਆ ਆਖਣ ਲੱਗਾ :

"ਤੇਰੇ ਵਰਗੀਆਂ ਦਾ ਇਲਾਜ ਤਾਂ ਪੁਲਸ ਐ । ਠਹਿਰ ਜਾ, ਅਗਲੇ ਸਟੇਸ਼ਨ ਉਤੇ ਪੁਲਸ ਬੁਲਾ ਕੇ ਤੇਰੇ ਵਾਲਾ ਤਾਂ ਮੱਕੂ ਬੰਨ੍ਹਣਾ ਐ ਮੈਂ ।"

ਅਸੀਂ ਸਭਨਾਂ ਨੇ ਟੀਟੀ ਨੂੰ ਆਖਿਆ "ਚਲੋ ਮੁਆਫ਼ ਕਰੋ, ਵਿਚਾਰੀ ਭੁੱਲ ਗਈ ਏ, ਬੁੱਢੀ ਏ, ਇਸ ਕੋਲ ਪੈਸੇ ਕਿਥੇ ? ਛੱਡ ਦਿਉ ਇਸ ਨੂੰ, ਤੁਹਾਨੂੰ ਅਸੀਸਾਂ ਦੇਵੇਗੀ ।"

ਅਸੀਸਾਂ ਦਾ ਨਾਂ ਸੁਣਦਿਆਂ ਹੀ ਬੁੱਢੀ ਦਾ ਗਲੇਡੂ ਭਰ ਗਿਆ ਤੇ ਉਹ ਟੀਟੀ ਨੂੰ ਅਸੀਸਾਂ ਦੇਣ ਲਗ ਪਈ । ਟੀਟੀ ਜ਼ਰਾ ਵੀ ਨਾ ਮੰਨਿਆ । ਉਸ ਖਿਝ ਕੇ ਆਖਿਆ :

"ਮੈਂ ਇਹ ਸਾਰੇ ਪਖੰਡ ਵੇਖੇ ਹੋਏ ਨੇ । ਇਸ ਬੁੱਢੀ ਤੋਂ ਮੈਂ ਕਰਾਇਆ ਵਸੂਲ ਕਰ ਕੇ ਰਹਾਂਗਾ—ਸਵੇਰ ਦਾ ਮੈਂ ਇਕ ਵੀ ਮੁਸਾਫਰ ਨਹੀਂ ਫੜਿਆ, ਸਿਰਫ ਦੋ ਅੰਨ੍ਹੇ ਮੰਗਤੇ ਟੱਕਰੇ ਸਨ । ਉਨ੍ਹਾਂ ਦੇ ਠੂਠਿਆਂ ਵਿਚੋਂ ਤਿੰਨ ਪੈਸੇ ਨਿਕਲੇ, ਮੈਂ ਉਨ੍ਹਾਂ ਨੂੰ ਗੱਡੀ ਤੋਂ ਲਾਹ ਦਿੱਤਾ । ਜੇ ਮੈਂ ਇਸ ਤਰ੍ਹਾਂ ਹਰ ਇਕ ਉਤੇ ਤਰਸ ਖਾ ਕੇ ਛੱਡ ਦੇਵਾਂ ਤਾਂ ਮੈਨੂੰ ਤਾਂ ਸਰਕਾਰੋਂ ਨੌਕਰੀ ਵਲੋਂ ਜਵਾਬ ਈ ਸਮਝੋ । ਬੁੱਢੀਏ ! ਅਗਲੇ ਸਟੇਸ਼ਨ ਉਤੇ ਤੈਨੂੰ ਪੁਲਸ ਦੇ ਹਵਾਲੇ ਨਾ ਕੀਤਾ ਤਾਂ ਤੂੰ ਵੀ ਕੀ ਯਾਦ ਕਰੇਂਗੀ !"

ਇਹ ਆਖ ਕੇ ਟੀਟੀ ਚਲਦੀ ਗੱਡੀ ਵਿਚੋਂ ਹੀ ਦੂਜੇ ਡੱਬੇ ਵਿਚ ਚਲਾ ਗਿਆ ।

ਟੀਟੀ ਦੇ ਚਲੇ ਜਾਣ ਪਿਛੋਂ ਬੁੱਢੀ ਨੇ ਫਿਰ ਸਭਨਾਂ ਵਲ ਤੱਕਿਆ । ਉਹ ਬੜੀ ਥੱਕੀ-ਹੁੱਟੀ ਜਾਪਦੀ ਸੀ ਤੇ ਉਸ ਦੀਆਂ ਬੇ-ਵੱਸ ਅੱਖਾਂ ਵਿਚ ਸੱਖਣਾਪਨ, ਮਾਯੂਸੀ ਤੇ ਆਉਣ ਵਾਲੀ ਬਿਪਤਾ ਦਾ ਝੌਲਾ ਸੀ ।

ਸਾਨੂੰ ਉਸ ਨਾਲ ਇਕ ਤਰ੍ਹਾਂ ਦੀ ਹਮਦਰਦੀ ਜਿਹੀ ਹੋ ਗਈ । ਪਰਭਾ ਨੇ ਆਖਿਆ, "ਬੇਬੇ, ਇਹ ਟੀਟੀ ਵੀ ਬੜੇ ਈ ਅਜੀਬ ਹੁੰਦੇ ਨੇ । ਜਦੋਂ ਮੈਂ ਆਖਿਆ ਮੇਰੇ ਕੋਲ ਟਿਕਟ ਨਹੀਂ, ਤਾਂ ਉਸ ਮੈਨੂੰ ਕੁਝ ਵੀ ਨਾ ਆਖਿਆ । ਤੂੰ ਮਿੰਨਤਾਂ-ਤਰਲੇ ਕਰ ਰਹੀ ਸੈਂ, ਉਸ ਤੋਂ ਮੁਆਫ਼ੀਆਂ ਮੰਗ ਰਹੀ ਸੈਂ ਤੇ ਉਹ ਪੁਲਸ ਨੂੰ ਫੜਾਉਣ ਨੂੰ ਫਿਰਦਾ ਸੀ । ਤੇਰੇ ਮੇਰੇ ਵਿਚ ਭਲਾ ਕੀ ਫ਼ਰਕ ਹੈ ? ਬਸ ਇਹੋ ਨਾ ਕਿ ਤੂੰ ਪਾਟੀ ਹੋਈ ਸਲਾਰੀ ਪਾਈ ਹੋਈ ਏ ਤੇ ਮੈਂ ਓਵਰ ਕੋਟ । ਬਸ ਇਸੇ ਓਵਰ ਕੋਟ ਦਾ ਫ਼ਰਕ ਐ । ਜੋ ਓਵਰ ਕੋਟ ਪਾਈ ਫਿਰਦੇ ਨੇ, ਉਨ੍ਹਾਂ ਨੂੰ ਇਹ ਟੀਟੀ ਕੁਝ ਨਹੀਂ

ਆਖਦੇ। ਅਗਲੇ ਸਟੇਸ਼ਨ ਉਤੇ ਤੈਨੂੰ ਫੜਨ ਲਈ ਇਹ ਟੀਟੀ ਜਦ ਆਇਆ ਤਾਂ ਤੂੰ ਕੀ ਕਰੇਂਗੀ?"

ਪਰਭਾ ਦੀਆਂ ਗੱਲਾਂ ਸੁਣ ਕੇ ਬੁੱਢੀ ਪੰਘਰ ਗਈ। ਉਹ ਮਸਾਂ ਇਹੋ ਆਖ ਸਕੀ :

"ਕੀ ਕਰਨਾ ਏ ਧੀਏ। ਪਤਾ ਨਹੀਂ ਚਲਦਾ ਕੀ ਕਰਾਂ—ਆਪਣੇ ਦੁਹਤੇ ਕੋਲੋਂ ਆਈ ਆਂ। ਉਹ ਮਰਦਸੇ ਪੜ੍ਹਦਾ ਐ, ਉਸ ਨੂੰ ਮਿਲਣ ਗਈ ਸਾਂ—ਮੇਰੇ ਕੋਲ ਕੀ ਐ ਏਸ ਟੀਟੀ ਨੂੰ ਦੇਣ ਲਈ, ਚੰਮ ਐ ਉਹ ਭਾਵੇਂ ਲਾਹ ਲਵੇ।"

ਪਰਭਾ ਨੇ ਆਖਿਆ, "ਮੈਂ ਤੈਨੂੰ ਦੱਸਾਂ ਤੂੰ ਇਉਂ ਕਰ—ਮੇਰਾ ਕੋਟ ਪਾ ਲੈ। ਜੇ ਤੂੰ ਕੋਟ ਪਾ ਲਵੇਂਗੀ ਤਾਂ ਤੈਨੂੰ ਕਿਸੇ ਨੇ ਟਿਕਟ ਲਈ ਨਹੀਂ ਪੁੱਛਣਾ।"

ਉਸ ਦੀਆਂ ਗੱਲਾਂ ਸੁਣ ਕੇ ਬੁੱਢੀ ਦਾ ਮਨ ਭਰ ਆਇਆ।

ਪਰਭਾ ਨੇ ਫਿਰ ਆਖਿਆ, "ਬੇਬੇ, ਤੂੰ ਮੇਰਾ ਕੋਟ ਪਾ ਲੈ, ਮੈਂ ਤੈਨੂੰ ਠੀਕ ਆਖ ਰਹੀ ਆਂ—ਲੈ!" ਉਸ ਕੋਟ ਲਾਹ ਕੇ ਬੁੱਢੀ ਨੂੰ ਦੇਂਦਿਆਂ ਆਖਿਆ।

ਬੁੱਢੀ ਨੂੰ ਪਰਭਾ ਦੀਆਂ ਗੱਲਾਂ ਉਤੇ ਯਕੀਨ ਹੀ ਨਹੀਂ ਸੀ ਆਉਂਦਾ ਕਿ ਉਹ ਸੱਚ-ਮੁੱਚ ਉਸ ਨੂੰ ਆਪਣਾ ਕੋਟ ਦੇ ਦੇਵੇਗੀ।

ਪਰਭਾ ਨੇ ਫਿਰ ਆਖਿਆ, "ਬੇਬੇ ਮੈਂ ਸੱਚ ਆਖ ਰਹੀ ਆਂ, ਤੂੰ ਮੇਰਾ ਕੋਟ ਲੈ ਲੈ ਤੇ ਮੇਰੀ ਚੁੰਨੀ ਵੀ। ਆਪਣੀ ਸਲਾਰੀ ਮੈਨੂੰ ਦੇ ਦੇਹ—ਸੱਚ।"

ਸਾਰੀਆਂ ਕੁੜੀਆਂ ਨੇ ਆਖਿਆ, "ਹਾਂ ਬੇਬੇ, ਪਰਭਾ ਠੀਕ ਹੀ ਆਖ ਰਹੀ ਐ। ਤੂੰ ਇਸ ਦਾ ਕੋਟ ਲੈ ਲੈ। ਇਸ ਤਰ੍ਹਾਂ ਤੂੰ ਟੀਟੀ ਦੇ ਪੰਜੇ 'ਚੋਂ ਬਚ ਨਿਕਲੇਂਗੀ।"

ਬੁੱਢੀ ਨੇ ਸਭਨਾਂ ਕੁੜੀਆਂ ਵਲ ਸਹਿਮੀ ਹੋਈ ਗੁਟਾਰ ਵਾਂਗ ਤੱਕਿਆ ਤੇ ਉਨ੍ਹਾਂ ਦੇ ਮਨ ਦਾ ਭਾਵ ਜਾਚਣ ਲੱਗੀ, ਕੀ ਇਹ ਕੁੜੀਆਂ ਸੱਚ ਆਖ ਰਹੀਆਂ ਹਨ?

ਏਸੇ ਦੁਬਧਾ ਵਿਚ ਕੁੜੀਆਂ ਨੇ ਬੁੱਢੀ ਨੂੰ ਖੜਾ ਕਰ ਲਿਆ। "ਲੈ ਬੇਬੇ, ਕੋਟ ਪਾ ਲੈ—ਬਾਹਵਾਂ ਕੱਢ!"

ਬੁੱਢੀ ਨੇ ਦੋਵੇਂ ਹੱਥ ਉਤਾਂਹ ਚੁੱਕੇ, ਕੁੜੀਆਂ ਨੇ ਉਸ ਨੂੰ ਕੋਟ ਪੁਆ ਦਿੱਤਾ।

ਥੋੜ੍ਹੇ ਚਿਰ ਪਿਛੋਂ ਪਰਭਾ ਨੇ ਆਖਿਆ, "ਬੇਬੇ, ਤੇਰੇ ਸਿਰ ਦਾ ਇਹ ਲੀੜਾ ਬਹੁਤ ਪੁਰਾਣਾ ਹੈ, ਇਹ ਮੈਨੂੰ ਦੇ ਦੇਹ ਤੇ ਮੇਰੀ ਚੁੰਨੀ ਲੈ ਲੈ।"

ਉਸ ਨੇ ਬੁੱਢੀ ਦੀ ਸਲਾਰੀ ਲੈ ਲਈ ਤੇ ਉਸ ਨੂੰ ਚੁੰਨੀ ਦੇ ਦਿੱਤੀ। ਲਾਲ ਚੁੰਨੀ ਬੁੱਢੀ ਦੇ ਮੱਥੇ ਤੋਂ ਹੇਠਾਂ ਤੀਕ ਤਿੱਖੀ ਚੁੰਝ ਵਾਂਗ ਲਮਕ ਰਹੀ ਸੀ। ਸਾਵਾ ਕੋਟ ਤੇ ਲਾਲ ਚੁੰਨੀ ਪਾ ਕੇ ਉਹ ਇਕ ਵੱਡੀ ਤੋਤੀ ਵਾਂਗ ਜਾਪਣ ਲੱਗੀ।

ਪਰਭਾ ਨੇ ਆਖਿਆ, "ਬੇਬੇ ਹੁਣ ਤੈਨੂੰ ਕਿਸੇ ਨੇ ਨਹੀਂ ਪਛਾਣਨਾ, ਪਰ ਇਹ ਪੀਪੀ ਆਪਣੇ ਕੋਲ ਨਾ ਰੱਖ। ਇਸ ਨਾਲ ਟੀਟੀ ਤੈਨੂੰ ਸਿਆਣ ਲਵੇਗਾ। ਇਹ ਪੀਪੀ ਮੈਨੂੰ ਦੇ ਦੇਹ, ਮੈਂ ਇਸ ਨੂੰ ਆਪਣੇ ਕੋਲ ਰਖ ਲਵਾਂਗੀ।"

ਪਰ ਬੁੱਢੀ ਨੇ ਪੀਪੀ ਨੂੰ ਘੁਟ ਕੇ ਫੜ ਲਿਆ ਤੇ ਆਖਣ ਲੱਗੀ, "ਨਹੀਂ, ਪੀਪੀ ਤਾਂ ਮੈਂ ਨਹੀਂ ਦੇਵਾਂਗੀ।"

ਸਾਡੇ ਬਹੁਤ ਜ਼ੋਰ ਲਾਉਣ ਉਤੇ ਵੀ ਉਸ ਪੀਪੀ ਨਾ ਛੱਡੀ।

ਪਰਭਾ ਨੇ ਬੁੱਢੀ ਨੂੰ ਕੁੜੀਆਂ ਦੇ ਵਿਚਕਾਰ ਬਿਠਾ ਕੇ ਉਸ ਦਾ ਮੂੰਹ ਦੂਜੇ ਪਾਸੇ ਕਰ ਦਿੱਤਾ ਤੇ ਆਪ ਬੂਹੇ ਕੋਲ ਬੈਠ ਗਈ।



ਅਗਲਾ ਸਟੇਸ਼ਨ ਆਇਆ। ਗੱਡੀ ਰੁਕੀ। ਟੀਟੀ ਫਿਰ ਦਾਖ਼ਲ ਹੋਇਆ। ਉਸ ਸਾਰੇ ਮੁਸਾਫਰਾਂ ਵਲ ਝਾਤ ਸੁੱਟੀ। ਉਸ ਨੂੰ ਬੁੱਢੀ ਕਿਤੇ ਨਜ਼ਰ ਨਾ ਆਈ। ਬੁੱਢੀ ਕਿਧਰ ਨੱਸ ਗਈ?

ਉਸ ਨੇ ਫਿਰ ਸਭਨਾਂ ਮੁਸਾਫ਼ਰਾਂ ਵਲ ਗਹੁ ਨਾਲ ਤੱਕਿਆ। ਬੂਹੇ ਕੋਲ ਉਸ ਨੂੰ ਪਰਭਾ ਬੈਠੀ ਨਜ਼ਰ ਆਈ। ਇਸ ਪਿਛੋਂ ਉਹ ਹੌਲੀ-ਹੌਲੀ ਤੁਰਦਾ ਹੋਇਆ ਬੁੱਢੀ ਕੋਲ ਆ ਕੇ ਖੜੋ ਗਿਆ ਜੋ ਸਾਵੇ ਕੋਟ ਤੇ ਲਾਲ ਚੁੰਨੀ ਵਿਚ ਪੂਰੀ ਤਰ੍ਹਾਂ ਕੱਜੀ ਹੋਈ ਆਪਣੇ ਖੰਭ ਸਮੇਟੀ ਬੈਠੀ ਸੀ। ਟੀਟੀ ਨੇ ਉਸ ਦੇ ਮੋਢੇ ਨੂੰ ਹਲੂਣ ਕੇ ਆਖਿਆ, "ਬੁੱਢੀਏ!"

ਬੁੱਢੀ ਨੇ ਗਰਦਨ ਫੇਰੀ ਤੇ ਸਿਰ ਚੁੱਕਿਆ।

ਟੀਟੀ ਸਾਹਮਣੇ ਖੜ੍ਹਾ ਸੀ।

ਟੀਟੀ ਨੂੰ ਵੇਖ ਕੇ ਉਸ ਦਾ ਸਾਹ ਸੁੱਕ ਗਿਆ ਤੇ ਉਸ ਦੇ ਮੂੰਹ ਵਿਚੋਂ ਕੋਈ ਬੋਲ ਨਾ ਨਿਕਲਿਆ।

ਟੀਟੀ ਫਿਰ ਗੱਜਿਆ, "ਟਿਕਟ ਕਿਥੇ ਐ ਤੇਰਾ?"

ਪਰਭਾ ਦੌੜਕੇ ਬੁੱਢੀ ਕੋਲ ਗਈ ਤੇ ਆਖਣ ਲੱਗੀ, "ਬੇਬੇ, ਤੂੰ ਆਖ ਦੇ ਕਿ ਟਿਕਟ ਹੈ—ਜੇਬ ਵਿਚ ਹੱਥ ਪਾ ਤੇਰੀ ਜੇਬ ਵਿਚ ਟਿਕਟ ਹੈ!"

ਪਰ ਬੁੱਢੀ ਦੇ ਹੱਥ ਸ਼ਿਥਲ ਸਨ। ਉਹ ਜੇਬ ਵਿਚ ਹੱਥ ਨਾ ਪਾ ਸਕੀ, ਨਾ ਹੀ ਉਸ ਨੂੰ ਇਸ ਗੱਲ ਦੀ ਚੰਗੀ ਤਰ੍ਹਾਂ ਸਮਝ ਆਈ, ਜੁ ਟਿਕਟ ਜੇਬ ਵਿਚ ਕਿਥੋਂ ਆ ਗਿਆ।

ਬੁੱਢੀ ਦੀ ਇਸ ਹਰਕਤ ਉਤੇ ਟੀਟੀ ਨੂੰ ਪਤਾ ਨਹੀਂ ਕਿਉਂ ਗੁੱਸਾ ਆ ਗਿਆ। ਉਸ ਬੁੱਢੀ ਨੂੰ ਮੋਢਿਆਂ ਉਤੋਂ ਝੰਜੋੜ ਕੇ ਆਖਿਆ, "ਇਕ ਚੋਰੀ ਕਰਦੀ ਐਂ ਦੂਜੇ ਲੁਕਦੀ ਐਂ। ਚਲ ਉਠ!"

ਇਹ ਆਖ ਕੇ ਉਸ ਨੇ ਬੁੱਢੀ ਨੂੰ ਜ਼ੋਰ ਦੀ ਘਸੀਟਿਆ ਤੇ ਘਸੀਟਦਾ ਹੋਇਆ ਬੂਹੇ ਤੀਕ ਲੈ ਗਿਆ। ਬੁੱਢੀ ਦੀ ਸਾਰੀ ਸੁੱਥਣ ਗੱਡੀ ਦੇ ਫ਼ਰਸ਼ ਨਾਲ ਝਰੜੀ ਗਈ ਤੇ ਕੋਟ ਉਤੇ ਵੀ ਇਕ ਦੋ ਥਾਵਾਂ ਉਤੇ ਵੱਡੇ-ਵੱਡੇ ਧੱਬੇ ਪੈ ਗਏ।

ਪਰਭਾ ਨੇ ਫਿਰ ਕੂਕ ਕੇ ਆਖਿਆ, "ਟਿਕਟ ਤੇਰੀ ਜੇਬ ਵਿਚ ਐ, ਬੇਬੇ!"

ਬੁੱਢੀ ਸੈਲ-ਪੱਥਰ ਬਣੀ ਤੱਕਦੀ ਰਹੀ। ਉਸ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਟੀਟੀ ਨੇ ਫਿਰ ਆਖਿਆ, "ਚਲ ਉਤਰ ਏਥੇ ਹੀ—ਏਸੇ ਜਗ੍ਹਾ।"

ਇਤਨੇ ਵਿਚ ਗੱਡੀ ਤੁਰ ਪਈ। ਉਹ ਬੁੱਢੀ ਨੂੰ ਧੱਕੇ ਮਾਰ ਕੇ ਹੇਠਾਂ ਉਤਾਰਨ ਦਾ ਜਤਨ ਕਰਦਾ ਸੀ ਪਰ ਬੁੱਢੀ ਬੂਹੇ ਦੇ ਹੈਂਡਲ ਨਾਲ ਚਿੱਚੜੀ ਵਾਂਗ ਚੰਬੜ ਗਈ। ਸਾਰੀਆਂ ਕੁੜੀਆਂ ਉੱਚੀ-ਉੱਚੀ ਟੀਟੀ ਨੂੰ ਬੋਲਣ ਲਗੀਆਂ :

"ਵੇ ਭਾਈ ਟੀਟੀ! ਕਿਉਂ ਵਿਚਾਰੀ ਬੁੱਢੀ ਨੂੰ ਤੰਗ ਕਰਦਾ ਐਂ, ਤੇਰੀ ਮਾਵਾਂ ਵਰਗੀ ਐ ਵਿਚਾਰੀ। ਐਵੇਂ ਉਸ ਨੂੰ ਹੇਠਾਂ ਸੁੱਟਣ ਲੱਗਾ ਏਂ—ਮਰ ਜਾਊਗੀ ਵਿਚਾਰੀ, ਛੱਡ ਦੇਹ ਏਸ ਨੂੰ.......ਛੱਡ ਦੇਹ......."

ਗੱਡੀ ਤੇਜ਼ ਹੋ ਗਈ। ਇਸ ਧੂ-ਘਸੀਟ ਵਿਚ ਬੁੱਢੀ ਦੇ ਹੱਥ ਛਿੱਲੇ ਗਏ ਤੇ

ਉਸ ਦੇ ਗੁੱਟਾਂ ਦਾ ਮਾਸ ਉੱਚੜ ਗਿਆ। ਇਹ ਵੇਖ ਕੇ ਅਧਿਆਪਕਾ ਨੇ ਵੀ ਆਖਿਆ, 'ਬਾਬੂ ਸਾਹਿਬ, ਛੱਡ ਦਿਉ ਇਸ ਨੂੰ।"

ਕੁੜੀਆਂ ਦੀ ਬੂ-ਦੁਹਾਈ ਤੇ ਅਧਿਆਪਕਾ ਦੀ ਸਿਫਾਰਸ਼ ਉਤੇ ਟੀਟੀ ਨੇ ਆਖਿਆ, "ਚੰਗਾ—ਇਸ ਨੂੰ ਇਸ ਗੱਲ ਉਤੇ ਛਡਦਾ ਹਾਂ ਕਿ ਅਗਲੇ ਸਟੇਸ਼ਨ ਉਤੇ ਇਹ ਫੌਰਨ ਉਤਰ ਜਾਏ।"

ਬੁੱਢੀ ਨੇ ਆਖਿਆ, "ਰੱਬ ਤੇਰਾ ਭਲਾ ਕਰੇ—ਮੈਂ ਉਤਰ ਜਾਵਾਂਗੀ।"

ਇਹ ਆਖ ਕੇ ਉਹ ਹੌਲੀ-ਹੌਲੀ ਰੋਣ ਲੱਗੀ। ਉਸ ਦੀਆਂ ਪੀਲੀਆਂ ਅੱਖਾਂ ਵਿਚੋਂ ਨਿੱਕੇ-ਨਿੱਕੇ ਹੰਝੂ ਕਿਰਨ ਲਗੇ ਜੋ ਉਸ ਦੀਆਂ ਗੱਲ੍ਹਾਂ ਦੀਆਂ ਵੱਟਾਂ ਵਿਚੋਂ ਦੀ ਹੁੰਦੇ ਹੋਏ ਸਾਵੇ ਕੋਟ ਦੇ ਕਾਲਰ ਉਤੇ ਡਿੱਗ ਰਹੇ ਸਨ।

ਟੀਟੀ ਉਸ ਨੂੰ ਅਗਲੇ ਸਟੇਸ਼ਨ ਉਤੇ ਉਤਰਨ ਦਾ ਹੁਕਮ ਦੇ ਕੇ ਚਲਾ ਗਿਆ।

ਥੋੜ੍ਹੇ ਚਿਰ ਪਿਛੋਂ ਬੁੱਢੀ ਚੁੱਪ ਹੋ ਗਈ। ਉਸ ਨੇ ਸਾਰੀਆਂ ਕੁੜੀਆਂ ਵਲ ਸ਼ੁਕਰ ਭਰੀਆਂ ਅੱਖਾਂ ਨਾਲ ਤੱਕਿਆ।

ਅਗਲਾ ਸਟੇਸ਼ਨ ਆਇਆ ਤਾਂ ਇਕ ਪਤਲਾ ਲੰਬਾ ਟੀਟੀ ਜਿਸ ਸਿਰ ਉਤੇ ਚਿੱਟਾ ਟੋਪ ਲੀਤਾ ਹੋਇਆ ਸੀ, ਡੱਬੇ ਅੰਦਰ ਆਇਆ।

ਬੁੱਢੀ ਉਸੇ ਤਰ੍ਹਾਂ ਆਪਣੀ ਥਾਂ ਉਤੇ ਬੈਠੀ ਰਹੀ।

ਟੀਟੀ ਨੇ ਇਕ ਜੱਟ ਨੂੰ ਟਿਕਟ ਪੁੱਛਿਆ ਤੇ ਫਿਰ ਸਿੱਧਾ ਬੁੱਢੀ ਕੋਲ ਆ ਗਿਆ।

"ਤੇਰੀ ਟਿਕਟ ਕਿਥੇ ਐ ਮਾਈ?"

ਬੁੱਢੀ ਵੱਡੇ ਕੋਟ ਦੇ ਘੇਰੇ ਨੂੰ ਸਮੇਟਣ ਲੱਗੀ ਫਿਰ ਉਸ ਆਪਣੀ ਲਾਲ ਚੁੰਝ ਉਪਰ ਚੁੱਕ ਕੇ ਆਖਿਆ, "ਹੈ ਨਹੀਂ।"

"ਕਿਉਂ ਨਹੀਂ?"

"ਵੀਰਾ ਮੈਂ ਛੇਤੀ-ਛੇਤੀ ਗੱਡੀ ਚੜ੍ਹੀ ਤੇ ਟਿਕਟ ਲੈਣਾ ਭੁੱਲ ਗਈ।"

"ਹੂੰ"। ਟੀਟੀ ਆਪਣੇ ਮਨ ਅੰਦਰ ਹੀ ਹੱਸਿਆ, ਜਿਵੇਂ ਉਹ ਬੁੱਢੀ ਦੀ ਸਾਰੀ ਕਥਾ ਜਾਣਦਾ ਹੋਵੇ। "ਹੂੰ" ਉਸ ਫਿਰ ਆਖਿਆ "ਕਿਥੋਂ ਚੜ੍ਹੀ ਸੈਂ?"

"ਪਿਛਲੇ ਟੀਸ਼ਨ ਤੋਂ।"

"ਕਿਥੇ ਉਤਰਨਾ ਏ?"

"ਅਗਲੇ ਟੀਸ਼ਨ।"

"ਹੂੰ" ਟੀਟੀ ਨੇ ਆਖਿਆ, "ਜੇ ਟਿਕਟ ਨਹੀਂ ਹੈ ਤਾਂ ਕਰਾਇਆ ਕੱਢ।"

ਬੁੱਢੀ ਨੇ ਸਾਡੇ ਵਲ ਤੱਕਿਆ ਤੇ ਫਿਰ ਟੀਟੀ ਨੂੰ ਆਖਣ ਲੱਗੀ, "ਵੀਰਾ ਮੈਂ ਤਾਂ ਆਪਣੀਆਂ ਧੀਆਂ ਨਾਲ ਹਾਂ—ਇਨ੍ਹਾਂ ਦੇ ਸਕੂਲ ਵਿਚ ਰੋਟੀਆਂ ਪਕਾਉਣ ਤੇ ਨੌਕਰ ਹਾਂ—ਆਪਣੀਆਂ ਧੀਆਂ ਦਾ ਕੰਮ ਕਰਨ ਜਾ ਰਹੀ ਆਂ।"

"ਅੱਛਾ, ਅੱਛਾ—ਸੁਣ ਲਿਆ।" ਟੀਟੀ ਨੇ ਉਸ ਦੀ ਗੱਲ ਟੁੱਕ ਕੇ ਆਖਿਆ, "ਹੁਣ ਸਟੇਸ਼ਨ ਆ ਗਿਆ ਹੈ—ਉਤਰ ਜਾ, ਉਤਰ ਵੀ।"

ਬੁੱਢੀ ਨੇ ਘੁੰਡ ਚੁੱਕ ਕੇ ਪੁੱਛਿਆ, "ਕਿਹੜਾ ਟੀਸ਼ਨ ਐ?"

"ਘੱਲ ਕਲਾਂ"



"ਘੱਲ ਕਲਾਂ?"

"ਹਾਂ ਹਾਂ, ਉਤਰ ਛੇਤੀ ਕਰ, ਗੱਡੀ ਚੱਲਣ ਵਾਲੀ ਹੈ, ਨਹੀਂ ਤਾਂ ਧੂ ਕੇ ਉਤਾਰੂੰਗਾ।"

ਬੁੱਢੀ ਨੇ ਆਖਿਆ "ਹਾੜ੍ਹੇ ਵੀ ਜੀਉਣੇ ਜੋਗਿਆ.......ਮੈਂ ਤਾਂ ਅਗਲੇ ਟੀਸ਼ਨ ਜਾਣਾ ਐ ਮੋਗੇ। ਮੋਗੇ ਉਤਰਨਾ ਐ ਮੈਂ ਤਾਂ।"

ਸਾਰੀਆਂ ਕੁੜੀਆਂ ਆਖਣ ਲੱਗੀਆਂ, "ਬਾਬੂ ਜੀ ਇਸ ਨੂੰ ਬੈਠੀ ਰਹਿਣ ਦਿਉ, ਮੋਗੇ ਅਸੀਂ ਇਸ ਨੂੰ ਆਪਣੇ ਨਾਲ ਉਤਾਰ ਲਵਾਂਗੀਆਂ।"

ਟੀਟੀ ਸਾਡੀਆਂ ਸਾਰੀਆਂ ਦੀ ਮਿੰਨਤ ਉਤੇ ਰਤਾ ਢਿੱਲਾ ਪੈ ਗਿਆ। ਉਸ ਆਖਿਆ:

"ਚੰਗਾ ਬੁੱਢੀਏ, ਮੋਗੇ ਜ਼ਰੂਰ ਉਤਰ ਜਾਈਂ, ਨਹੀਂ ਤਾਂ ਤੈਨੂੰ ਪੁਲਸ ਫੜ ਲਊਗੀ।"

"ਹਾਂ ਜੀ, ਮੋਗੇ ਮੈਂ ਆਪਣੀਆਂ ਧੀਆਂ ਨਾਲ ਉਤਰ ਜਾਊਂਗੀ। ਜਿਥੇ ਮੇਰੀਆਂ ਧੀਆਂ ਉਤਰਨਗੀਆਂ, ਉਨ੍ਹਾਂ ਨਾਲ ਹੀ ਮੈਂ—"

ਟੀਟੀ ਚਲਾ ਗਿਆ।

ਬੁੱਢੀ ਨੇ ਪਰਭਾ ਦਾ ਬਹੁਤ ਹੀ ਧੰਨਵਾਦ ਕੀਤਾ। ਅਗਲਾ ਸਟੇਸ਼ਨ ਮੋਗਾ ਸੀ। ਅਸੀਂ ਉਥੇ ਉਤਰਨਾ ਸੀ। ਅਸੀਂ ਸਮਾਨ ਠੀਕ ਕਰ ਕੇ ਰਖ ਲਿਆ। ਬੁੱਢੀ ਨੇ ਚੁੰਨੀ ਤੇ ਕੋਟ ਉਤਾਰ ਕੇ ਪਰਭਾ ਨੂੰ ਦੇ ਦਿੱਤੇ ਤੇ ਮੁੜ ਸਲਾਰੀ ਲੈ ਲਈ ਤੇ ਪਰਭਾ ਨੂੰ ਆਖਣ ਲੱਗੀ:

"ਲੈ ਧੀਏ, ਅੱਜ ਤੂੰ ਮੇਰੀ ਪੱਤ ਰੱਖੀ ਏ, ਤੂੰ ਮੇਰੀ ਸਕੀ ਧੀ ਏਂ, ਮੈਂ ਵੀ ਮੋਗੇ ਜਾਣਾ ਏ।"

ਇਹ ਆਖ ਕੇ ਉਸ ਨੇ ਪਰਭਾ ਨੂੰ ਹਿੱਕ ਨਾਲ ਲਾ ਲਿਆ। ਉਹ ਸਭਨਾਂ ਕੁੜੀਆਂ ਨੂੰ ਪਿਆਰ ਤੇ ਸ਼ੁਕਰ ਨਾਲ ਤੱਕਣ ਲੱਗੀ। ਉਸ ਦੀਆਂ ਵੱਡੀਆਂ ਥੈਲੀਆਂ ਵਰਗੀਆਂ ਜੇਬਾਂ ਇੰਜ ਲਗਦੀਆਂ ਸਨ ਜਿਵੇਂ ਮਮਤਾ ਨਾਲ ਭਰੀਆਂ ਮਾਂ ਦੀਆਂ ਛਾਤੀਆਂ ਹੋਣ, ਜਿਨ੍ਹਾਂ ਵਿਚ ਚਿਰਾਂ ਪਿਛੋਂ ਮੁੜ ਪਿਆਰ ਦਾ ਹੜ੍ਹ ਵਗ ਤੁਰਿਆ ਹੋਵੇ। ਉਹ ਆਖਣ ਲੱਗੀ:

"ਸ਼ੁਕਰੈ ਧੀਏ, ਤੂੰ ਮੈਨੂੰ ਬਚਾ ਲਿਆ—ਮੈਂ ਵੀ ਮੋਗੇ ਦੀ ਆਂ.......ਪਰ—ਇਕ ਗੱਲ ਕਰੀਂ ਰਾਣੀਏ, ਕਿਸੇ ਨੂੰ ਆਖੀਂ ਨਾ ਪਈ ਮੈਂ ਟਿਕਟ ਬਾਝੋਂ ਗੱਡੀ ਚੜ੍ਹ ਬੈਠੀ ਸਾਂ—ਮੋਗੇ ਵਿਚ ਤਾਂ ਮੇਰੀ ਮਿੱਟੀ ਪੱਟੀ ਜਾਊ।"

ਇਸ ਪਿਛੋਂ ਉਸ ਨੇ ਮੋਗੇ ਵਿਚ ਆਪਣੀ ਗਲੀ-ਮਹੱਲੇ ਤੇ ਘਰ ਦਾ ਸਾਰਾ ਪਤਾ ਦਿੱਤਾ ਤੇ ਸਾਨੂੰ ਸਾਰੀਆਂ ਨੂੰ ਜ਼ੋਰ ਨਾਲ ਆਉਣ ਲਈ ਆਖਿਆ। ਪਰਭਾ ਨੂੰ ਤਾਂ ਉਹ ਵਾਰ-ਵਾਰ ਘੁਟਦੀ ਸੀ ਤੇ ਆਖਦੀ ਸੀ, "ਤੂੰ ਤਾਂ ਸਾਵੀਂ ਮੇਰੀ ਧੀ ਵਰਗੀ ਐਂ। ਧੀਏ, ਜ਼ਰੂਰ ਆਈਂ। ਪਰ ਹਾੜ੍ਹੇ—" ਇਹ ਆਖ ਕੇ ਬੁੱਢੀ ਨੇ ਹੱਥ ਜੋੜੇ, "ਹਾੜ੍ਹੇ, ਕਿਸੇ ਕੋਲ ਕਹਿ ਨਾ ਬੈਠੀਂ ਪਈ ਮੈਂ ਬਿਨਾ ਟਿਕਟੋਂ ਸਾਂ। ਸੌ ਗੱਲਾਂ ਵਿਚੋਂ ਗੱਲ ਨਿਕਲ ਆਉਂਦੀ ਏ। ਕਿਤੇ ਸਹਿ ਸੁਭਾ ਈ ਆਖ ਦੇਵੇਂ—ਮੇਰੀਆਂ ਨੂੰਹਾਂ ਤੇ ਸ਼ਰੀਕ ਤਾਂ ਮੇਰਾ ਚੂੰਡਾ ਪੱਟ ਦੇਣਗੇ.....ਮੋਗੇ ਸਾਡੀ ਬੜੀ ਇੱਜ਼ਤ ਐ......ਸਾਡੀਆਂ ਸਾਰੀਆਂ

ਸਾਕ-ਸਕੀਰੀਆਂ ਉਥੇ ਹੀ ਹਨ । ਮੈਂ ਤਾਂ ਧੀਏ ਕਿਸੇ ਨੂੰ ਮੂੰਹ ਦਿਖਾਉਣ ਜੋਗੀ ਨਹੀਂ ਰਹਿਣਾ । ਬਸ, ਰੱਬ ਤੇਰਾ ਭਲਾ ਕਰੇ—ਆਵੇਂਗੀ ਨਾ ? ਜ਼ਰੂਰ ਆਈਂ !"

ਪਰਭਾ ਨੇ ਆਖਿਆ, "ਬੇਬੇ ਅਸੀਂ ਮੋਗੇ ਦੋ ਦਿਨ ਰਹਿਣਾ ਏ, ਨਵਾਂ ਸਕੂਲ ਵੇਖਣ ਚੱਲੀਆਂ ਆਂ । ਜੇ ਵਿਹਲ ਮਿਲੀ ਤਾਂ ਜ਼ਰੂਰ ਆਵਾਂਗੀ ।"

"ਨਾਲ ਆਪਣੀਆਂ ਸਹੇਲੀਆਂ ਨੂੰ ਵੀ ਲੈ ਕੇ ਆਵੀਂ ।"

ਪਰਭਾ ਨੇ ਆਖਿਆ, "ਹਾਂ, ਆਵਾਂਗੀ ।"

"ਆਪਣੀ ਮਾਂ ਨੂੰ ਭੁੱਲੀਂ ਨਾ ।"

"ਨਹੀਂ ਬੇਬੇ ਮੈਂ ਤੈਨੂੰ ਕੀਕਰ ਭੁੱਲ ਸਕਦੀ ਹਾਂ ।"

ਇਸ ਪਿਛੋਂ ਪਰਭਾ ਨੇ ਆਪਣੀ ਨੋਟ ਬੁਕ ਵਿਚ ਬੁੱਢੀ ਦਾ ਪੂਰਾ ਪਤਾ ਲਿਖ ਲਿਆ, ਉਸ ਦਾ ਨਾਂ, ਉਸ ਦੇ ਪੁੱਤਾਂ ਦਾ ਨਾਂ ਤੇ ਮਹੱਲੇ ਤੇ ਗਲੀ ਦਾ ਨਾਂ ।

ਗੱਡੀ ਹੌਲੀ ਹੋ ਗਈ । ਮੋਗੇ ਦਾ ਸਟੇਸ਼ਨ ਆ ਰਿਹਾ ਸੀ ।

ਜਦ ਗੱਡੀ ਰੁਕੀ ਤਾਂ ਸਾਰੀਆਂ ਕੁੜੀਆਂ ਛੜੱਪੇ ਲਾ-ਲਾ ਕੇ ਉਤਰੀਆਂ । ਬੁੱਢੀ ਉਤਰਨ ਲੱਗੀ ਤਾਂ ਪਰਭਾ ਨੇ ਆਖਿਆ, "ਬੇਬੇ ਪੀਪੀ ਮੈਨੂੰ ਫੜਾ ਦੇ ਤੇ ਰਤਾ ਸੰਭਲ ਕੇ ਉਤਰੀਂ ।"

ਬੁੱਢੀ ਨੇ ਪਰਭਾ ਵਲ ਉਦਾਰਤਾ ਨਾਲ ਤੱਕਿਆ ਤੇ ਆਖਣ ਲੱਗੀ, "ਨਹੀਂ ਧੀਏ, ਕੋਈ ਗੱਲ ਨਹੀਂ—ਮੈਂ ਉਤਰ ਜਾਵਾਂਗੀ ਸਣੇ ਪੀਪੀ.........ਇਸ 'ਚ ਕਿਹੜਾ ਬੋਝ ਏ ।"

"ਨਹੀਂ ਬੇਬੇ, ਲਿਆ—ਫੜਾਈਂ ਖਾਂ ਆਪਣੀ ਧੀ ਨੂੰ ਪੀਪੀ ।"

ਇਹ ਆਖ ਕੇ ਪਰਭਾ ਨੇ ਮੱਲੋ-ਜ਼ੋਰੀ ਪੀਪੀ ਫੜ ਲਈ ਤੇ ਪਲੇਟ-ਫਾਰਮ ਉਤੇ ਉਤਰ ਗਈ । ਸਾਡੇ ਨਾਲ ਹੀ ਬੁੱਢੀ ਵੀ ਗੱਡੀ ਤੋਂ ਉਤਰ ਕੇ ਸਾਡੇ ਨੇੜੇ ਖੜੀ ਹੋ ਗਈ । ਪਲੇਟ-ਫਾਰਮ ਉਤੇ ਕਾਫ਼ੀ ਭੀੜ ਸੀ । ਟਿਕਟ ਬਾਬੂ ਨੇ ਬਾਹਰ ਜਾਣ ਦੇ ਸਾਰੇ ਰਸਤੇ ਬੰਦ ਕਰਕੇ ਇਕ ਨਿੱਕਾ ਜੇਹਾ ਰਸਤਾ ਖੋਲ੍ਹ ਰਖਿਆ ਸੀ ਤੇ ਇਸ ਭੀੜੇ ਨਾਕੇ ਉਤੇ ਆਪ ਖੜਾ ਬਾਹਰ ਜਾਣ ਵਾਲੇ ਲੋਕਾਂ ਦੇ ਟਿਕਟ ਫੜ ਰਿਹਾ ਸੀ । ਅਸੀਂ ਸਾਰੀਆਂ ਕੁੜੀਆਂ ਇਕ ਪਾਸੇ ਸਭ ਤੋਂ ਪਿਛੇ ਖੜੀਆਂ ਹੋ ਗਈਆਂ ਤਾਂ ਜੁ ਕਾਹਲੇ ਮੁਸਾਫ਼ਿਰ ਪਹਿਲਾਂ ਲੰਘ ਜਾਣ ਤੇ ਅਸੀਂ ਇਨ੍ਹਾਂ ਪਿਛੋਂ ਆਰਾਮ ਨਾਲ ਲੰਘੀਏ । ਅਧਿਆਪਕਾ ਸਾਨੂੰ ਇਕ ਪਾਲ ਵਿਚ ਖੜੀਆਂ ਹੋਣ ਲਈ ਆਖ ਰਹੀ ਸੀ, "ਹੌਲੀ-ਹੌਲੀ ਨਿਕਲੋ, ਹੌਲੀ-ਹੌਲੀ, ਕੋਈ ਕਾਹਲੀ ਨਹੀਂ ਕੁੜੀਓ !"

ਥੋੜ੍ਹੇ ਚਿਰ ਪਿਛੋਂ ਜਦ ਭੀੜ ਹਟੀ ਤਾਂ ਅਸੀਂ ਤੱਕਿਆ ਬੁੱਢੀ ਹੈ ਨਹੀਂ ਸੀ । ਅਸੀਂ ਸੱਭੇ ਹੈਰਾਨ ਹੋਈਆਂ, ਉਹ ਕਿਧਰ ਚਲੀ ਗਈ ? ਸ਼ਾਇਦ ਉਹ ਕਾਹਲੀ ਨਾਲ ਭੀੜ ਵਿਚੋਂ ਨਿਕਲ ਕੇ ਬਾਹਰ ਚਲੀ ਗਈ ਸੀ । ਵਿਚਾਰੀ ਸਾਨੂੰ ਟੋਲਦੀ ਹੋਵੇਗੀ । ਉਹ ਤਾਂ ਪੀਪੀ ਦਾ ਵਸਾਹ ਵੀ ਨਹੀਂ ਸੀ ਖਾਂਦੀ ।

ਅਸੀਂ ਪਲੇਟ-ਫਾਰਮ ਉਤੇ ਖੜੀਆਂ ਰਹੀਆਂ । ਇੰਜਨ ਨੇ ਸੀਟੀ ਮਾਰੀ, ਭਾਫ਼ ਦੇ ਬਦਲ ਛੱਡੇ ਤੇ ਗੱਡੀ ਹੌਲੀ-ਹੌਲੀ ਟੁਰਨ ਲੱਗੀ ।

ਉਸੇ ਵੇਲੇ ਪਰਭਾ ਨੇ ਉੱਚੀ ਦੇਣੀ ਕੁੜੀਆਂ ਨੂੰ ਆਖਿਆ, "ਔਹ ਵੇਖੋ ! ਔਹ ਵੇਖੋ !"



ਉਸ ਚਲਦੀ ਗੱਡੀ ਵਲ ਇਸ਼ਾਰਾ ਕੀਤਾ ਤੇ ਅਸੀਂ ਵੇਖਿਆ ਕਿ ਬੁੱਢੀ ਮਾਈ ਚਲਦੀ ਗੱਡੀ ਦੇ ਇਕ ਡੱਬੇ ਵਿਚ ਚੜ੍ਹ ਰਹੀ ਸੀ ।

ਸਾਡਾ ਸਭਨਾਂ ਦਾ ਮੂੰਹ ਖੁੱਲ੍ਹਿਆ ਰਹਿ ਗਿਆ । ਕੇਡੀ ਝੂਠੀ ਨਿਕਲੀ ਇਹ ਬੁੱਢੀ ।

ਪਿੰਮੀ ਨੇ ਆਖਿਆ, "ਪਰਭਾ, ਰਤਾ ਵੇਖੀਂ ਖਾਂ, ਕੀ ਐ ਏਸ ਪੀਪੀ ਵਿਚ, ਜਿਸ ਨੂੰ ਇਹ ਕੰਜੂਸ ਬੁੱਢੀ ਇਤਨਾ ਸਾਂਭ-ਸਾਂਭ ਰਖਦੀ ਸੀ ।"

ਪਰਭਾ ਨੇ ਪਹਿਲਾਂ ਤਾਂ ਪੀਪੀ ਨੂੰ ਹਿਲਾਇਆ । ਬਹੁਤ ਹਲਕੀ-ਫੁਲਕੀ ਸੀ ਇਹ ਪੀਪੀ, ਫਿਰ ਉਸ ਨੇ ਨਿੱਕੀ ਜੇਹੀ ਕੁੰਡੀ ਵਿਚੋਂ ਫਸੀ ਹੋਈ ਦਾਤਨ ਕੱਢ ਕੇ ਇਸ ਦਾ ਢਕਣਾ ਖੋਲ੍ਹਿਆ ।

ਸਾਰੀਆਂ ਕੁੜੀਆਂ ਪੀਪੀ ਉਤੇ ਉਲਰ ਆਈਆਂ ।

ਪੀਪੀ ਵਿਚੋਂ ਇਕ ਪਾਟਾ ਹੋਇਆ ਝੱਗਾ ਨਿਕਲਿਆ, ਇਕ ਨਿੱਕਾ ਜਿਹਾ ਪੋਣਾ ਜਿਸ ਦੇ ਲੜ ਚੂਰੀ ਬੰਨ੍ਹੀ ਹੋਈ ਸੀ, ਤੇ ਇਕ ਚਿੱਠੀ ਜਿਸ ਉਤੇ ਬਹੁਤ ਸਾਰੀਆਂ ਸਰਕਾਰੀ ਮੁਹਰਾਂ ਠੱਪੀਆਂ ਹੋਈਆਂ ਸਨ । ਚਿੱਠੀ ਨੂੰ ਖੋਲ੍ਹ ਕੇ ਅਸੀਂ ਪੜ੍ਹਿਆ, ਲੁਧਿਆਣਾ ਸੈਂਟਰਲ ਜੇਲ੍ਹ ਤੋਂ ਬੁੱਢੀ ਦੇ ਪੁੱਤ ਨੇ ਉਸ ਨੂੰ ਚਿੱਠੀ ਲਿਖੀ ਸੀ :

"ਮੇਰੀ ਬੇਬੇ ਕੋ ਫਤਹ ਪਹੁੰਚੇ !

ਬੇਬੇ ! ਮੇਰੀ ਸਜ਼ਾ ਘਟਾਨੇ ਕੀ ਅਰਜ਼ੀ ਨਾ-ਮਨਜ਼ੂਰ ਹੋ ਗਈ ਹੈ । ਪਰ ਤੂੰ ਘਾਬਰੀਂ ਨਾ । ਸਰਕਾਰ ਕੇ ਘਰ ਭਾਵੇਂ ਹਨੇਰ ਐ ਪਰ ਵਾਹਗੁਰੂ ਕੇ ਘਰ ਮੇਰੀ ਜ਼ਰੂਰ ਕੋਈ ਸੁਣੇਗਾ.......ਮੈਨੂੰ ਮਹੀਨੇ ਮੇਂ ਇਕ ਬਾਰ ਤੈਨੂੰ ਮਿਲਨੇ ਕੀ ਇਜਾਜ਼ਤ ਮਿਲੀ ਹੈ । ਤੂੰ ਸੋਮਵਾਰ ਕੋ ਆ ਕਰ ਮਿਲ ਜਾਵੀਂ, ਮੈਂ ਤੇਰੀ ਵਾਟ ਉਡੀਕਾਂਗਾ......ਬੁੱਘੇ ਸ਼ਾਹ ਨੇ ਜੋ ਸਾਡੀ ਬੂਰੀ ਕੁੜਕ ਕਰ ਲਈ ਹੈ.......ਉਸ ਕੁੱਤੇ ਕੇ ਹੱਡ ਨੂੰ ਆ ਕੇ ਸਿੱਧਾ ਕਰਾਂਗਾ । ਇਨ੍ਹਾਂ ਕਰਯਾੜਾਂ ਦੀ ਮਾਂ ਦੀ (ਏਥੇ ਸੈਂਸਰ ਨੇ ਚਿੱਠੀ ਉਤੇ ਕਾਲਾ ਠੱਪਾ ਮਾਰ ਕੇ ਅੱਖਰਾਂ ਨੂੰ ਮੇਟ ਦਿੱਤਾ ਸੀ) ਕੋਈ ਘਾਬਰੀਂ ਨਾ ਬੇਬੇ । ਤੇਰਾ ਪੁੱਤ ਠੀਕ ਐ........ਜਿਊਣਾ ਸਿੰਘ ।"

ਚਿੱਠੀ ਪਰਭਾ ਦੇ ਹੱਥ ਵਿਚ ਫੜੀ ਰਹਿ ਗਈ । ਸਭ ਕੁੜੀਆਂ ਦਾ ਹਾਸਾ-ਖੇੜਾ ਉਡ ਗਿਆ, ਤੇ ਚਿਰ ਤੀਕ ਅਸੀਂ ਸਾਰੀਆਂ ਜਣੀਆਂ ਚੁਪ-ਚਾਪ ਖੜੀਆਂ ਦੂਰ ਜਾਂਦੀ ਗੱਡੀ ਦਾ ਧੂੰਆਂ ਦੇਖਦੀਆਂ ਰਹੀਆਂ ।

## 30

# ਪੁੰਨੀ ਦੀ ਬੋਲੀ

ਮੇਰੀ ਮਾਂ ਦਾ ਨਾਂ ਪੁੰਨੀ ਹੈ ।

ਪਤਾ ਨਹੀਂ ਨਾਨੀ ਠਾਕਰੀ ਨੇ ਮੇਰੀ ਮਾਂ ਦਾ ਨਾਂ ਪੁੰਨੀ ਕਿਉਂ ਰਖਿਆ ਸੀ—ਖੌਰੇ ਇਸ ਲਈ ਕਿ ਉਹ ਪੁੰਨਿਆਂ ਦੇ ਦਿਨ ਜੰਮੀ ਸੀ—ਪਤਾ ਨਹੀਂ ਕਿਸ ਕਰਕੇ । ਪਰ ਜਦੋਂ ਵੀ ਮੈਂ ਨਾਨਕੇ ਜਾਂਦਾ, ਨਾਨੀ ਸਾਰਾ ਵਾਤ ਖੋਲ੍ਹ ਕੇ ਉੱਚੀ-ਉੱਚੀ ਮਾਂ ਨੂੰ ਹਾਕਾਂ ਮਾਰਦੀ—"ਨੀ ਪੁੰਨੀਏਂ ! ਨੀ ਹਨੇਰੇ ਘਰ ਦੀਏ ! ਨੀ ਮੱਸਿਆ ਰਾਣੀਏਂ—ਬੋਲ ਤਾਂ ਪੈ ।"

ਪੁੰਨਿਆਂ ਤੇ ਮੱਸਿਆ ਵਿਚ ਮੈਨੂੰ ਕੁਝ ਫਰਕ ਨਾ ਜਾਪਦਾ ।

ਮੇਰੀ ਮਾਂ ਨੇ ਆਪਣਾ ਬੋਲ-ਪਟਾਰਾ ਨਾਨੀ ਤੋਂ ਹੀ ਲਿਆ ਸੀ । ਨਿੱਕੇ ਹੁੰਦੇ ਜਦ ਉਹ ਮੈਨੂੰ ਗਾਲ੍ਹਾਂ ਕਢਦੀ ਤੇ ਉੱਚੀ-ਉੱਚੀ ਹਾਕਾਂ ਮਾਰ ਕੇ ਬੁਲਾਉਂਦੀ ਤਾਂ ਮੈਨੂੰ ਬਹੁਤ ਬੁਰੀ ਲਗਦੀ । ਉਸ ਦੇ ਹੱਥ ਗੋਹੇ ਜਾਂ ਸੁਆਹ ਨਾਲ ਲਿਬੜੇ ਹੁੰਦੇ ਜਾਂ ਗੁਤਾਵੇ ਨਾਲ ਭਰੇ ਹੁੰਦੇ । ਉਸ ਦੀ ਕੁਸੈਲੀ ਖਰ੍ਹਵੀ ਬੋਲੀ ਵਿਚੋਂ ਗੁਤਾਵੇ ਦੀ ਬੋ ਆਉਂਦੀ ਸੀ ।

ਕਈ ਵਾਰੀ ਉਹ ਕਾਲੀ ਸੂਫ਼ ਦੀ ਘੱਗਰੀ ਪਾ ਕੇ ਸਕੂਲ ਆ ਜਾਂਦੀ ਤੇ ਮਾਸਟਰ ਦੌਲਤ ਰਾਮ ਕੋਲੋਂ ਮੇਰੀ ਪੜ੍ਹਾਈ ਬਾਰੇ ਪੁੱਛਣ ਲਗਦੀ । ਉਹ ਪੁੱਛ-ਗਿੱਛ ਕਰਕੇ ਘੱਗਰੀ ਫੜਕਾਉਂਦੀ ਚਲੀ ਜਾਂਦੀ ਤਾਂ ਸਾਰੇ ਮੁੰਡੇ ਮੇਰੀ ਖਿੱਲੀ ਉਡਾਉਂਦੇ ।

ਜਦੋਂ ਮੈਂ ਸਕੂਲ ਵਿਚ ਪੜ੍ਹਦਾ ਸਾਂ ਤਾਂ ਉਰਦੂ ਵਿਚ ਨਿੱਕੀਆਂ-ਨਿੱਕੀਆਂ ਕਹਾਣੀਆਂ ਲਿਖਿਆ ਕਰਦਾ ਸਾਂ । ਕਾਲਜ ਵਿਚ ਜਾ ਕੇ ਜਿਥੇ ਮੈਂ ਬਹੁਤ ਸਾਰੀਆਂ ਕਹਾਣੀਆਂ ਉਰਦੂ ਵਿਚ ਲਿਖੀਆਂ ਉਥੇ ਮਹਾਂ-ਕਵੀ ਟੈਗੋਰ ਦੇ ਆਧਾਰ ਤੇ ਅੰਗਰੇਜ਼ੀ ਵਿਚ ਵੀ ਨਜ਼ਮਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ । ਕਾਲਜ ਮੈਗਜ਼ੀਨ ਵਿਚ ਮੇਰੀਆਂ



ਬਹੁਤ ਸਾਰੀਆਂ ਅੰਗਰੇਜ਼ੀ ਨਜ਼ਮਾਂ ਛਪੀਆਂ । ਕਵਿਤਾ ਦਾ ਇਹ ਜੋਸ਼ ਇਤਨਾ ਪਰਬਲ ਸੀ ਕਿ ਇਕ ਸਾਲ ਵਿਚ ਈ ਮੈਂ ਪਿਆਰ, ਉਦਾਸ ਸ਼ਾਮ, ਨੱਪੀ ਹੋਈ ਇੱਛਾ, ਅਨਪੂਰੀਆਂ ਸੱਧਰਾਂ ਤੇ ਆਸਾਂ, ਰਾਤ, ਮੀਂਹ, ਨੀਂਦਰ, ਭੁੱਲਿਆ ਰਾਹੀ ਤੇ ਉਡੀਕ ਅਤੇ ਹੋਰ ਅਜਿਹੇ ਵਿਸ਼ਿਆਂ ਉਤੇ ਢਾਈ ਸੌ ਤੋਂ ਉਤੇ ਨਜ਼ਮਾਂ ਲਿਖ ਮਾਰੀਆਂ । ਬੜੀ ਮਿਹਨਤ ਨਾਲ ਮੈਂ ਇਹਨਾਂ ਨੂੰ ਟਾਈਪ ਕਰਵਾ ਕੇ ਖਰੜਾ ਤਿਆਰ ਕੀਤਾ । ਇਹਨਾਂ ਕਵਿਤਾਵਾਂ ਨੂੰ ਮੈਂ ਟੈਗੋਰ ਦੀਆਂ ਕਵਿਤਾਵਾਂ ਨਾਲ ਮੇਲਦਾ ਤੇ ਆਪਨੀ ਕਾਮਯਾਬ ਕਲਪਨਾ ਉਤੇ ਪ੍ਰਸੰਨ ਹੁੰਦਾ । 1934 ਵਿਚ ਜਦ ਟੈਗੋਰ ਲਾਹੌਰ ਆਏ ਤਾਂ ਮੈਂ ਆਪਨੀਆਂ ਕਵਿਤਾਵਾਂ ਦਾ ਇਹ ਪਲੰਦਾ ਚੁੱਕ ਕੇ ਮਹਾਂਕਵੀ ਕੋਲ ਲੈ ਗਿਆ ਤਾਂ ਜੁ ਉਹ ਇਨ੍ਹਾਂ ਦਾ ਮੁਖ-ਬੰਦ ਲਿਖ ਦੇਣ ਤੇ ਮੈਨੂੰ ਇਨ੍ਹਾਂ ਦੇ ਛਪਵਾਉਣ ਵਿਚ ਕੋਈ ਔਖ ਨਾ ਹੋਵੇ ।

ਉਹਨਾਂ ਅੱਗੇ ਆਦਰ ਨਾਲ ਸਿਰ ਨਿਵਾ ਕੇ ਮੈਂ ਆਖਿਆ, "ਮੈਂ ਕਵਿਤਾ ਤੇ ਕਹਾਣੀਆਂ ਲਿਖਦਾ ਹਾਂ ।"

ਮੈਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਏ । ਉਹਨਾਂ ਬੜੀ ਉਦਾਰਤਾ ਨਾਲ ਪੁੱਛਿਆ, "ਮੇਰੇ ਬੱਚੇ ! ਕਿਹੜੀ ਬੋਲੀ ਵਿਚ ਲਿਖਦਾ ਹੁੰਦਾ ਐਂ ਤੂੰ ?"

ਮੈਂ ਬੜੇ ਫ਼ਖ਼ਰ ਨਾਲ ਉਤਰ ਦਿੱਤਾ, "ਅੰਗਰੇਜ਼ੀ ਵਿਚ ।"

ਉਹਨਾਂ ਆਪਨੀਆਂ ਚਮਕਦਾਰ ਅੱਖਾਂ ਨੂੰ ਝਪਕ ਕੇ ਪੁੱਛਿਆ, "ਕਿਹੜੀ ਬੋਲੀ ਵਿਚ ?"

"ਅੰਗਰੇਜ਼ੀ ਵਿਚ," ਮੈਂ ਉਸੇ ਤਰ੍ਹਾਂ ਬੇਬਾਕੀ ਨਾਲ ਆਖਿਆ ।

"ਤੇਰੀ ਬੋਲੀ ਕਿਹੜੀ ਐ ?"

ਮੈਂ ਉੱਤਰ ਦਿੱਤਾ, "ਮੈਂ ਉਰਦੂ ਬੋਲਦਾ ਹਾਂ ਤੇ ਅੰਗਰੇਜ਼ੀ ਵੀ........"

ਉਹਨਾਂ ਗੱਲ ਟੁੱਕ ਕੇ ਆਖਿਆ, "ਤੇਰੀ ਮਾਤਰੀ ਬੋਲੀ ਕਿਹੜੀ ਐ ?"

"ਉਰਦ—ਹਿੰਦੀ ਵੀ—"

ਉਨ੍ਹਾਂ ਉਤਾਵਲੇ ਹੋ ਕੇ ਆਖਿਆ, "ਮੇਰੇ ਬੱਚੇ, ਤੇਰੀ ਮਾਂ ਕਿਹੜੀ ਬੋਲੀ ਬੋਲਦੀ ਐ ?"

ਮੈਂ ਆਖਿਆ, "ਪੰਜਾਬੀ" ।

ਉਨ੍ਹਾਂ ਆਖਿਆ, "ਤਾਂ ਫਿਰ ਤੂੰ ਪੰਜਾਬੀ ਵਿਚ ਲਿਖਿਆ ਕਰ । ਤੇ ਜੇ ਤੂੰ ਆਪਨੀ ਮਾਂ ਕੋਲੋਂ ਪੰਜਾਬੀ ਬੋਲਣੀ ਨਹੀਂ ਸਿੱਖੀ ਤਾਂ ਆਪਨੇ ਪਿੰਡ ਮੁੜ ਜਾ ਤੇ ਉਸ ਤੋਂ ਬੋਲਣਾ ਸਿੱਖ । ਫਿਰ ਉਸੇ ਬੋਲੀ ਵਿਚ ਲਿਖ ।"

ਉਸ ਵੇਲੇ ਮੈਨੂੰ ਟੈਗੋਰ ਦਾ ਇਹ ਮਸ਼ਵਰਾ ਚੰਗਾ ਨਾ ਲੱਗਾ । ਮੈਂ ਤਾਂ ਉਨ੍ਹੀਂ ਦਿਨੀਂ ਲੰਡਨ ਜਾ ਕੇ ਅੰਗਰੇਜ਼ੀ ਬੋਲੀ ਸਿੱਖਣ ਤੇ ਉਸ ਵਿਚ ਸਾਹਿਤ ਪੈਦਾ ਕਰਨ ਦੇ ਸੁਫਨੇ ਲੈਂਦਾ ਸਾਂ । ਮਹਾਂਕਵੀ ਦੀ ਇਹ ਸਲਾਹ, ਕਿ ਮੈਂ ਮੁੜ ਪਿੰਡ ਦਿਆਂ ਖੋਲਿਆਂ ਤੇ ਝੁੱਗੀਆਂ ਨੂੰ ਫੋਲਾਂ ਤੇ ਉਥੇ ਰਹਿ ਕੇ ਪੰਜਾਬੀ ਵਿਚ ਲਿਖਾਂ, ਮੈਨੂੰ ਉੱਕੀ ਨਾ ਜਚੀ । ਮੈਂ ਆਪਨੀ ਉਸੇ ਧੁਨ ਵਿਚ ਅੰਗਰੇਜ਼ੀ ਵਿਚ ਕਵਿਤਾਵਾਂ ਲਿਖਦਾ ਰਿਹਾ.....

ਇਸ ਪਿਛੋਂ ਮੈਂ ਐਮ. ਏ. ਪਾਸ ਕੀਤਾ । ਦੂਜੇ ਦੇਸਾਂ ਦਾ ਸਾਹਿੱਤ ਪੜ੍ਹਿਆ । ਦੁਨੀਆਂ ਦੇ ਉਚੇ ਲੇਖਕਾਂ ਦੀਆਂ ਰਚਨਾਵਾਂ ਨੂੰ ਵਾਰ-ਵਾਰ ਪੜ੍ਹਿਆ ਤਾਂ ਮੈਨੂੰ ਪਤਾ ਲੱਗਾ ਕਿ ਹਰ ਲੇਖਕ ਨੇ ਆਪਨੇ ਲੋਕਾਂ ਦਾ ਜੀਵਨ ਆਪਨੀ ਬੋਲੀ ਵਿਚ ਲਿਖਿਆ ਹੈ ।

ਕਿਸੇ ਦੂਜੀ ਭਾਸ਼ਾ ਵਿਚ ਅਸੀਂ ਆਪਣੇ ਮਨ ਦੇ ਪਰਭਾਵ ਤੇ ਆਪਣੇ ਲੋਕਾਂ ਦੇ ਜੀਵਨ ਨੂੰ ਉਤਨੇ ਸਿਦਕ ਤੇ ਉਤਨੀ ਡੂੰਘਾਈ ਨਾਲ ਨਹੀਂ ਚਿਤਰ ਸਕਦੇ ਜਿਤਨਾ ਆਪਣੀ ਬੋਲੀ ਵਿਚ। ਇਹ ਗੱਲ ਮੇਰੇ ਮਨ ਵਿਚ ਖੁਭ ਗਈ। ਮੈਨੂੰ ਮਹਾਂਕਵੀ ਟੈਗੋਰ ਦੀ ਗੱਲ ਦੀ ਸੱਚਾਈ ਦਾ ਗਿਆਨ ਹੋਇਆ। ਮੈਂ ਲਾਹੌਰ ਛੱਡ ਕੇ 1940 ਵਿਚ ਮੁੜ ਆਪਣੇ ਪਿੰਡ ਆ ਗਿਆ ਤੇ ਉਥੇ ਰਹਿਣ ਲੱਗਾ। ਮੈਂ ਪੰਜਾਬੀ ਬੋਲੀ ਕਿਤਾਬਾਂ—ਪੋਥੀਆਂ ਵਿਚੋਂ ਨਹੀਂ, ਆਪਣੀ ਮਾਂ ਕੋਲੋਂ ਸਿੱਖੀ ਹੈ।

ਸਾਡੇ ਘਰ ਦੇ ਇਕ ਪਾਸੇ ਸ਼ੇਰ ਜੰਗ ਤੇ ਭਾਂਗਰੀ ਮਰਾਸੀ ਰਹਿੰਦੇ ਸਨ ਜਿਨ੍ਹਾਂ ਦੇ ਕੁੱਕੜ ਤੜਕੇ ਹੀ ਉਚੀ-ਉਚੀ ਬਾਂਗਾਂ ਦੇਣ ਲਗਦੇ। ਇਕ ਪਾਸੇ ਕਾਕੂ ਲੋਹਾਰ ਦਾ ਘਰ ਸੀ ਜਿਸ ਦੀ ਭੱਠੀ ਤੜਕੇ ਹੀ ਮਘ ਪੈਂਦੀ ਤੇ ਅਸੀਂ ਉਸ ਨੂੰ ਲਾਲ-ਲਾਲ ਦਗਦੇ ਲੋਹੇ ਨੂੰ ਕੁੱਟਦਿਆਂ ਸੁਣਦੇ। ਇਕ ਪਾਸੇ ਜੱਟਾਂ ਦੇ ਘਰ ਸ਼ਨ ਜਿਥੇ ਮੂੰਹ-ਝਾਖਰੇ ਹੀ ਡੰਗਰਾਂ ਨੂੰ ਛੇੜਨ, ਧਾਰ ਚੋਣ ਤੇ ਦੁੱਧ ਰਿੜਕਣ ਦਾ ਰੌਲਾ ਸੁਣਨ ਲਗਦਾ। ਮੇਰੀ ਮਾਂ ਚੱਕੀ ਝੋ ਲੈਂਦੀ ਤੇ ਆਪਣੀ ਘੱਗੀ ਆਵਾਜ਼ ਵਿਚ ਗਾਉਣ ਲਗਦੀ। ਇਸ ਮਿਲੇ-ਜੁਲੇ ਰੌਲੇ ਵਿਚ ਮੇਰੀ ਜ਼ਿੰਦਗੀ ਦੀ ਸਵੇਰ ਚੜ੍ਹੀ। ਇਸ ਦੇ ਪਹੁ-ਫੁਟਾਲੇ ਵਿਚ ਇਨ੍ਹਾਂ ਜੱਟਾਂ, ਮਰਾਸੀਆਂ, ਜੁਲਾਹਿਆਂ ਤੇ ਲੋਹਾਰਾਂ ਦੇ ਘਰਾਂ ਵਿਚੋਂ ਉਠਦੇ ਧੂੰਏਂ, ਧਾਰ ਚੋਣ ਦੇ ਸੰਗੀਤ, ਲੋਹਾ ਕੁੱਟਣ ਦੀ ਖੜਕਾਰ ਤੇ ਕੁੱਕੜਾਂ ਦੀਆਂ ਬਾਂਗਾਂ ਸ਼ਾਮਲ ਸਨ........

ਕਈ ਵਾਰ ਤਰਕਾਲੀਂ ਘੁੱਦਾ ਜੱਟ ਦਾਰੂ ਪੀ ਕੇ ਰੌਲਾ ਪਾਉਂਦਾ ਹੋਇਆ ਜਦ ਸਾਡੀ ਗਲੀ ਵਿਚੋਂ ਦੀ ਲੰਘਦਾ ਤਾਂ ਮੇਰੀ ਮਾਂ ਬੂਹੇ ਉਤੇ ਖੜੋ ਕੇ ਮੈਨੂੰ ਹਾਕਾਂ ਮਾਰਦੀ, "ਵੇ ਅਣ-ਹੋਇਆ ਵਾੜ-ਵਗੋਇਆ, ਆ ਜਾ ਘਰ! ਵੇ ਨੀਲੇ ਪੈਰਾਂ ਵਾਲਿਆ ਮੁੜ ਆ ਖੁੱਡੇ ਵਿਚ! ਵੇ ਬੋਦਲਾ! ਆ ਜਾ ਨਹੀਂ ਤਾਂ ਗਿੱਟੇ ਝਾੜ ਦੇਵਾਂਗੀ।"

ਮੈਂ ਖੁੱਤੀ ਉਤੇ ਰੀਠੇ ਖੇਡਦਾ ਹੋਇਆ ਇਹ ਹਾਕਾਂ ਸੁਣ ਕੇ ਰੀਠਿਆਂ ਦੀ ਲੱਪ ਜੇਬ ਵਿਚ ਪਾ ਕੇ ਦੌੜ ਪੈਂਦਾ। ਉਹ ਮੇਰੀ ਚੰਡਾਈ ਕਰਦੀ, ਟੋਟਣੇ ਵਿਚ ਤਕੜੇ ਕਰਾਰੇ ਲੱਪੜ ਜੜਦੀ ਤੇ ਧੂਹ ਕੇ ਅੰਦਰ ਲੈ ਜਾਂਦੀ ਹੋਈ ਆਖਦੀ, "ਆਹ ਘੁੱਦਾ ਜਾਂਦਾ ਏ ਦਾਰੂ ਪੀਈ। ਡੁੱਬ ਜਾਣਿਆ! ਉਹ ਵੀ ਨਿੱਕਾ ਹੁੰਦਾ ਰੀਠੇ ਮਾਰਦਾ ਸੀ। ਛਡ ਦੇ ਇਹ ਰੀਠਿਆਂ ਦਾ ਖਹਿੜਾ, ਨਹੀਂ ਵੱਡਾ ਹੋ ਕੇ ਤੂੰ ਵੀ ਦਾਰੂ ਤੇ ਸੁਲਫ਼ੇ ਚਾੜ੍ਹੇਂਗਾ। ਬੈਲੀਆ!"

ਮੈਂ ਮਲਕੜੇ ਕੰਨ ਦਬ ਕੇ ਵਿਹੜੇ ਵਿਚ ਆ ਬੈਠਦਾ। ਉਹ ਫਿਰ ਕੜਕਦੀ, "ਵੇ ਹੁਣ ਰੋਟੀ ਝੁਲਸ ਲੈ, ਤੇ ਖਾ ਕੇ ਸੌਂ ਜਾ। ਵੇ ਕੀ ਵੇਖਦੈਂ ਡੇਲੇ ਕਢੀਂ? ਜਾ ਮੰਜੀ ਉਤੇ ਮਰ ਜਾ, ਨਹੀਂ ਤਾਂ ਅੱਖਾਂ ਵਿਚ ਤੋੜ ਦੇ ਦੂੰਗੀ। ਜਾ!"

ਮੈਂ ਰੋਟੀ ਖਾ ਕੇ, ਰੀਠਿਆਂ ਨੂੰ ਕਿਸੇ ਖੁੱਡ ਜਾਂ ਗੁਝਾਲੇ ਵਿਚ ਰਖ ਕੇ ਚੁੱਪ ਕਰਕੇ ਮੰਜੀ ਉਤੇ ਗੁੱਛਾ-ਮੁੱਛਾ ਹੋ ਜਾਂਦਾ।

ਕਈ ਵਾਰ ਚੁੱਲ੍ਹੇ ਉਤੇ ਪਤੀਲੀ ਵਿਚ ਕੜਛੀ ਫੇਰਦੀ ਹੋਈ ਇਕ ਦਮ ਉਹ ਉਠ ਖੜੋਂਦੀ ਤੇ ਡਿਉਢੀ ਵਿਚ ਬੂਹੇ ਉਤੇ ਆ ਕੇ ਛੋਟੀ ਭੈਣ ਨੂੰ ਹਾਕਾਂ ਮਾਰਦੀ ਹੋਈ ਕੂਕਦੀ, "ਨੀ ਘੋੜੀਏ! ਕਿਥੇ ਚੜ੍ਹ ਗਈ ਐਂ? ਨੀ ਲੂਤੀਏ! ਨੀ ਹਵਾਈਏ! ਕਿਧਰ ਉੱਡ ਗਈ ਐਂ? ਖੌਰੇ ਕਿਧਰ ਗ਼ਰਕ ਹੋ ਗਈ........ਫੁਲਝੜੀ ਵਾਂਗ ਬਲਦੀ



ਫਿਰਦੀ ਐ—ਖੌਰੇ ਕਾਹਦਾ ਹਾਸਾ ਚੜ੍ਹਿਆ ਹੋਇਆ ਐ—ਨੀ ਬੈਤਲੇ! ਨੀ ਕੋਤਲੇ! ਆ ਜਾ ਨਹੀਂ ਤਾਂ ਚੁਆਤੀ ਮਾਰ ਕੇ ਸਾਰੇ ਖੰਭ ਝਾੜ ਦੇਵਾਂਗੀ।"

ਮੇਰੀ ਨਿੱਕੀ ਭੈਣ ਇਹ ਹਾਕਾਂ ਸੁਣ ਕੇ ਗੁਆਂਢ ਦੇ ਘਰੋਂ ਛੜੱਪੇ ਲਾਉਂਦੀ ਹੋਈ ਆਉਂਦੀ। ਮਾਂ ਖਿੱਝ ਕੇ ਆਖਦੀ, "ਇਸ ਚੁਆਤੀ ਨਾਲ ਚਟਾਕ ਪਾ ਦੂੰਗੀ ਮੱਥੇ 'ਚ—ਬੈਠ ਏਥੇ।"

ਪਰ ਕਈ ਵਾਰ ਜਦ ਮੈਂ ਸਕੂਲੋਂ ਆਉਣ ਸਾਰ ਮਾਂ ਨਾਲ ਕੰਮ ਕਰਾਉਣ ਲਗਦਾ ਤੇ ਤਰਕਾਲੀਂ ਉਸ ਨਾਲ ਖੂਹ ਤੋਂ ਪਾਣੀ ਦੀ ਟੋਕਣੀ ਭਰ ਕੇ ਲਿਆਉਂਦਾ ਤਾਂ ਉਹ ਮੇਰੇ ਵਾਰੇ-ਵਾਰੇ ਜਾਂਦੀ ਤੇ ਆਖਦੀ, "ਲੈ ਮੇਰੀ ਡੱਡ! ਹੁਣ ਰੋਟੀ ਖਾ ਲੈ। ਮੇਰਾ ਘੁੱਲਾ ਬਿੱਲਾ! ਕੀ ਖਾਏਂਗਾ? ਟਿੱਕੀ–? ਲੈ ਤੇਰੇ ਲਈ ਨਿੱਕੀ ਜਹੀ ਘਰਾਟੀ ਲਾਹ ਦੇਨੀ ਆਂ—ਚੰਗਾ ਚੋਭਿਆਂ ਵਾਲੀ ਗੁੱਲੀ ਸਹੀ—ਲੈ ਮੇਰੀ ਡੱਡ! ਇਕ ਭੂੱਸਰੀ ਬਣਾ ਦੇਨੀ ਆਂ।"

ਰੋਟੀ ਖੁਆ ਕੇ ਜਦ ਉਹ ਗਲੀ ਦੀਆਂ ਤੀਵੀਆਂ ਨਾਲ ਰਲ ਕੇ ਚਰਖਾ ਕੱਤਦੀ ਤਾਂ ਗੀਤ ਗਾ ਕੇ ਮੈਨੂੰ ਭਰੂੰਗੜੇ ਉਤੇ ਆਪਣੇ ਕੋਲ ਹੀ ਸੁਆ ਲੈਂਦੀ। ਜਦ ਉਹ ਗਾਉਂਦੀ ਤਾਂ ਮੈਂ ਅੱਖਾਂ ਖੋਲ੍ਹ ਕੇ ਉਸ ਦੇ ਮੂੰਹ ਵਲ ਤੱਕਦਾ। ਰਾਤ ਦੇ ਕੂਲੇ ਹਨੇਰੇ ਵਿਚ ਉਸ ਦੇ ਮੂੰਹ ਵਿਚੋਂ ਗੀਤ ਦੀ ਪਤਲੀ ਬਰੀਕ ਲਿਲਕ ਨਿਕਲਦੀ ਜਿਵੇਂ ਪੂਣੀ ਵਿਚੋਂ ਤੰਦ ਨਿਕਲਦੀ ਸੀ। ਤੇ ਇਹ ਗੀਤ ਹੌਲੀ-ਹੌਲੀ ਮੇਰੇ ਇਰਦ-ਗ਼ਿਰਦ ਸੁਫ਼ਨਿਆਂ ਦਾ ਜਾਲ ਬੁਣ ਦੇਂਦਾ। ਉਹ ਗਾਉਂਦੀ :

"ਵਣਜਾਰਿਆ ਵੇ—  
ਮੈਨੂੰ ਅੰਬਰ ਦਾ ਲਹਿੰਗਾ ਸੁਵਾ ਦੇ।  
ਵਣਜਾਰਿਆ ਵੇ—  
ਮੈਨੂੰ ਧਰਤੀ ਦੀ ਲੋਂਣ ਲਵਾ ਦੇ।"

ਤੇ ਮੈਂ ਇਨ੍ਹਾਂ ਗੀਤਾਂ ਦੀ ਝੋਲੀ ਵਿਚ ਸੌਂ ਜਾਂਦਾ।

ਮੇਰੀ ਮਾਂ ਸ਼ਬਦ-ਭੰਡਾਰ ਦਾ ਵੱਡਾ ਦਗਦਾ ਸੋਮਾ ਸੀ, ਕਰੜੇ ਤੇ ਨਰਮ ਸੁਭਾਅ ਦਾ ਮਿਲਵਾਂ-ਜੁਲਵਾਂ ਅਨੋਖਾ ਮਰੱਕਬ। 'ਬੇਬੇ' ਨਾਟਕ ਵਿਚ ਬਹੁਤਾ ਕਰਕੇ ਮੈਂ ਆਪਣੀ ਮਾਂ ਨੂੰ ਚਿਤਰਿਆ ਹੈ। ਮਾਂ ਦੀ ਜ਼ਬਾਨ ਵਿਚ ਅਜਿਹੀ ਟਕਸਾਲ ਸੀ ਜੋ ਹਰ ਵਕਤ ਸ਼ਬਦ-ਜੁੱਟਾਂ ਦੇ ਨਵੇਂ-ਨਵੇਂ ਚਮਕਦੇ-ਖਣਕਦੇ ਸਿੱਕੇ ਘੜਦੀ ਰਹਿੰਦੀ ਸੀ। ਮਾਂ ਨੇ ਕਦੀ ਸਾਧਾਰਨ ਬੋਲੀ ਵਿਚ ਨਹੀਂ ਸੀ ਬੁਲਾਇਆ। ਜੇ ਹਾਕ ਮਾਰਨੀ ਹੁੰਦੀ ਤਾਂ ਪੇਂਡੂ ਤੀਵੀਂ ਦੇ ਉਸ ਵੇਗ ਨਾਲ, ਉਸ ਪਿਆਰ ਨਾਲ, ਉਸ ਨਫ਼ਰਤ ਨਾਲ, ਉਸ ਛਲਕਦੇ-ਡੁੱਲ੍ਹਦੇ ਆਪ-ਮੁਹਾਰੇ ਅੰਦਾਜ਼ ਨਾਲ ਹਾਕ ਮਾਰਦੀ ਜਿਸ ਵਿਚ ਕੋਈ ਰੋਕ, ਸੰਕੋਚ ਜਾਂ ਭਰਮ ਨਹੀਂ ਹੁੰਦਾ। ਜੇ ਮੈਂ ਕੋਠੇ ਦੀਆਂ ਪੌੜੀਆਂ ਤੋਂ ਉਤਰਦਾ ਹੋਇਆ ਕੋਈ ਗੀਤ ਜਾਂ ਟੱਪਾ ਗੁਣਗੁਣਾ ਉਠਦਾ, ਤਾਂ ਉਹ ਚੀਖ਼ ਕੇ ਆਖਦੀ, "ਮਰਾਸੀ ਦੀ ਉਲਾਦੇ! ਚੁੱਪ ਕਰ ਜਾ, ਨਹੀਂ ਤਾਂ ਸਾਹ ਪੀ ਜਾਵਾਂਗੀ।"

ਜੇ ਵੱਡੀ ਭੈਣ ਵਿਹੜੇ ਵਿਚ ਬੈਠੀ ਹੱਸਦੀ, ਤਾਂ ਡਿਉਢੀ ਵਿਚ ਚਰਖਾ ਕੱਤਦੀ ਹੋਈ ਮਾਂ ਕੂਕਦੀ, "ਘੋੜੀਏ! ਕਿਉਂ ਹਿਣਕਦੀ ਏਂ?"

ਮੈਨੂੰ ਬਾਹਰ ਗਲੀ ਵਿਚ ਰੀਠੇ ਖੇਡਦੇ ਹੋਏ ਨੂੰ ਇਸ ਤਰ੍ਹਾਂ ਹਾਕਾਂ ਮਾਰਦੀ,

"ਬੱਕਰਿਆ ! ਮੁੜ ਆ । ਘੋੜਿਆ ! ਸੰਢਿਆ ! ਖਰੂਦੀਆ ! ਪੱਟੂਆ ! ਬੋਤਿਆ ! ਮੁੜ ਆ ਬੈਲੀਆ !"

ਉਹ ਆਮ ਚਿੱਥੀਆਂ-ਚਘਲੀਆਂ ਗਾਲ੍ਹਾਂ ਨਹੀਂ ਸੀ ਕੱਢਦੀ । ਉਸ ਦੀ ਗਾਲ੍ਹ ਵਿਚ ਇਕ ਅਜੀਬ ਸਨਸਨੀ, ਇਕ ਥੱਰਾਹਟ, ਇਕ ਕਾਂਬਾ ਹੁੰਦਾ । ਕਈ ਵਾਰ ਜਦ ਉਹ ਬੇ-ਹੱਦ ਗੁੱਸੇ 'ਚ ਹੁੰਦੀ ਤਾਂ ਉਸ ਦੀਆਂ ਅੱਖਾਂ ਭਖ ਉਠਦੀਆਂ, ਉਨ੍ਹਾਂ ਵਿਚੋਂ ਸਾਵੀਆਂ ਤੇ ਕਿਰਮਚੀ ਚਿਣਗਾਂ ਉਠਦੀਆਂ ਤੇ ਉਹ ਆਖਦੀ, "ਬੇ ਬਲੰਤ ਬੰਦਿਆ ! ਅੱਧੀ ਰਾਤ ਡੰਗ ਜਾਏ ਤੈਨੂੰ ਕਾਲਾ ਨਾਗ ਬੇ ਬਲੰਤਿਆ ! ਤੇਰਾ ਕਾਲਜਾ ਕੱਢ ਕੇ ਉਹ ਸਾਹਮਣੇ ਕਿੱਲੇ ਉਤੇ ਸੁਕਣਾ ਪਾ ਦੇਵਾਂ, ਬੇ ਬਲੰਤਿਆ !" ਤੇ ਕਿੱਲੇ ਉਤੇ ਜਿਥੇ ਮੇਰਾ ਪਾਟਾ ਹੋਇਆ ਝੱਗਾ ਲਟਕਦਾ ਹੁੰਦਾ, ਮੈਨੂੰ ਆਪਣਾ ਕਾਲਜਾ ਵੀ ਲਟਕਦਾ ਨਜ਼ਰ ਆਉਂਦਾ ।

ਜਦ ਕਦੀ ਮੈਂ ਮਾਂ ਦੀਆਂ ਗਾਲ੍ਹਾਂ ਤੋਂ ਤੰਗ ਆ ਕੇ ਬਾਪੂ ਕੋਲ ਸ਼ਕਾਇਤ ਲਾਉਂਦਾ ਤਾਂ ਮਾਂ ਮੇਰੇ ਵਲ ਝਈ ਲੈ ਕੇ ਆਖਦੀ, "ਡੁਬ ਜਾਣਾ ਕਿਵੇਂ ਕੁਫ਼ਰ ਤੋਲਦਾ ਐ । ਮੈਂ ਤੈਨੂੰ ਕਦੋਂ ਗਾਲ੍ਹਾਂ ਕੱਢੀਆਂ ਸਨ ਵੇ ਟੁੱਟ-ਪੈਣਿਆਂ । ਦੱਸ ਤੈਨੂੰ ਕਦੋਂ ਸੇਲਾ ਮਾਰਿਆ ਸੀ । ਦੱਸ ਵੀ । ਹੁਣ ਕੀ ਮੂੰਹ ਵਿਚ ਇੱਟ ਅੜ ਗਈ । ਕਦ ਤੈਨੂੰ ਗਾਲ੍ਹਾਂ ਕੱਢੀਆਂ ਸਨ, ਬੇੜੀ ਬਹਿ ਜੇ ਤੇਰੀ........."

ਜਦ ਉਹ ਪਿਆਰ ਨਾਲ ਬੁਲਾਉਂਦੀ ਤਾਂ ਉਸ ਦੇ ਇਕ ਸ਼ਬਦ ਨਾਲ ਈ ਅਸੀਂ ਸਾਰੇ ਭੈਣ-ਭਰਾ ਮੋਮ ਹੋ ਜਾਂਦੇ । ਇਕ ਸ਼ਬਦ ਵਿਚ ਹੀ ਉਹ, ਪਤਾ ਨਹੀਂ ਜਜ਼ਬਿਆਂ ਦਾ ਕੀ ਨਿਚੋੜ ਭਰ ਦੇਂਦੀ ਕਿ ਉਨ੍ਹਾਂ ਵਿਚੋਂ ਕੱਚੇ ਦੁੱਧ ਦੀ ਖੁਸ਼ਬੋ ਆਉਣ ਲਗਦੀ । ਸਾਦੇ ਤੋਂ ਸਾਦੇ ਸ਼ਬਦ ਨੂੰ ਵੀ ਉਹ ਆਪਣੀ ਜਾਦੂ-ਛੋਹ ਨਾਲ ਲੈਂਦੀ ਤੇ ਉਸ ਵਿਚੋਂ ਸ਼ਹਿਦ ਚੋਣ ਲਗਦਾ—"ਬਲੰਤ ! ਮੇਰਾ ਸੋਨਾ ! ਮੇਰਾ ਚੰਨ ! ਮੇਰੀ ਡੱਡ ! ਮੇਰੀ ਪੱਠ, ਮੇਰਾ ਭਾਲੂ, ਮੇਰਾ ਬੱਗਾ ਸ਼ੇਰ......." ਪਤਾ ਨਹੀਂ ਕਿਥੋਂ-ਕਿਥੋਂ ਉਹ ਸ਼ਬਦ ਲੈ ਆਉਂਦੀ ।

ਉਸ ਦਾ ਜੀਵਨ ਦਾ ਮੁਤਾਲਿਆ ਬਹੁਤ ਡੂੰਘਾ ਸੀ । ਭਾਵੇਂ ਉਹ ਰੋਟੀ ਪਕਾਉਣ ਦੀਆਂ ਗੱਲਾਂ ਕਰਦੀ, ਭਾਵੇਂ ਮੱਝਾਂ ਚੋਣ ਦੀਆਂ, ਭਾਵੇਂ ਟੋਬੇ ਵਿਚ ਤਰਨ ਦੀਆਂ ਗੱਲਾਂ ਕਰਦੀ ਤੇ ਭਾਵੇਂ ਚੂਹੇ ਬਿੱਲੀ ਦੀਆਂ—ਉਸ ਦੇ ਸ਼ਬਦ-ਚਿਤ੍ਰ ਬੜੇ ਵਿਸ਼ਾਲ ਹੁੰਦੇ । ਬਿੱਲੀ ਦੀਆਂ ਗੱਲਾਂ ਕਰਦੇ ਹੋਏ ਕਈ ਵਾਰੀ ਉਹ ਅਜੇਹੀਆਂ ਤਫ਼ਸੀਲਾਂ ਦੇਂਦੀ :

"ਇਸ ਪਿਛੋਂ ਅਸੀਂ ਬਿੱਲੀ ਪਾਲ ਲਈ, ਪੁੱਤ । ਮੈਂ ਉਸ ਦੀਆਂ ਨੌਂਹਦਰਾਂ ਨੂੰ ਹੱਥ ਵਿਚ ਫੜ ਕੇ ਟੋਂਹਦੀ, ਉਸ ਦੇ ਪੈਰਾਂ ਦੀਆਂ ਨਿੱਕੀਆਂ-ਨਿੱਕੀਆਂ ਗੱਦੀਆਂ ਵਿਚੋਂ ਪੰਜੇ ਆਪੂੰ ਹੀ ਨਿਕਲ ਆਉਂਦੇ ਤੇ ਆਪੂੰ ਹੀ ਅੰਦਰ ਵੜ ਜਾਂਦੇ.......ਧੁੱਪੇ ਕਈ ਵਾਰੀ ਮੈਂ ਉਸ ਦੀ ਪਸ਼ਮ ਨੂੰ ਪਲੋਸਦੀ, ਉਹ ਆਕੜਾਂ ਭੰਨਦੀ ਤੇ ਆਪਣੀ ਜੱਤ ਨੂੰ ਕੰਡਿਆ ਲੈਂਦੀ ਤੇ ਮੇਰੇ ਪੈਰਾਂ ਉਤੇ ਲੋਟਣੀ-ਪੋਟਣੀ ਮਾਰੀ ਪਈ ਰਹਿੰਦੀ......ਬਾਬਾ ਈਦੂ ਉਸ ਨੂੰ ਲੱਖ ਛਛਕੋਰਦਾ, ਪਰ੍ਹਾਂ ਹਟਾਉਂਦਾ, ਸ਼ਿਤ-ਸ਼ਿਤ ਕਰਦਾ ਕਈ ਵਾਰੀ ਸੋਟੀ ਨਾਲ ਡਰਾਉਂਦਾ, ਪਰ ਬਿੱਲੀ ਉਥੋਂ ਹਿੱਲਦੀ ਈ ਨਾ । ਜੇ ਬਿੱਲੀ ਕਿਸੇ ਘਰ ਗਿੱਝ ਜਾਏ ਤਾਂ ਉਥੋਂ ਮਰ ਕੇ ਈ ਨਿਕਲਦੀ ਐ । ਕਈ ਵਾਰੀ ਉਹ ਆਪਣੇ ਬਲੂੰਗੜੇ ਨੂੰ ਮੂੰਹ ਵਿਚ ਲੈ ਹਾਰੇ ਕੋਲ ਬੈਠ ਜਾਂਦੀ.......ਬਲੂੰਗੜੇ ਦੀਆਂ ਅੱਖਾਂ ਬੰਦ ਹੁੰਦੀਆਂ, ਉਹ ਸਮੋਸੇ



ਵਾਂਗ ਉਸ ਨੂੰ ਮੂੰਹ ਵਿਚ ਸਾਂਭੀ ਇਧਰ-ਉਧਰ ਫਿਰਦੀ ਰਹਿੰਦੀ......ਰਾਤ ਨੂੰ ਬਿੱਲੀ ਦੀਆਂ ਅੱਖਾਂ ਹਰੀਆਂ ਨੀਲੀਆਂ ਬੱਤੀਆਂ ਵਾਂਗ ਜਗਦੀਆਂ.......ਇਕ ਵਾਰ ਕਿਸੇ ਮੁੰਡੇ ਨੇ ਉਸ ਦੇ ਬਲੂੰਗੜੇ ਨੂੰ ਛੇੜ ਦਿੱਤਾ, ਬਿੱਲੀ ਨੇ ਚੰਡੀ ਦਾ ਰੂਪ ਧਾਰ ਲਿਆ, ਆਹ ਖਿੱਚ ਕੇ ਪੰਜਾ ਮਾਰਿਆ ਜੁ ਉਸ ਮੁੰਡੇ ਦਾ ਮੂੰਹ ਬਲੂੰਦਰ ਦਿਤਾ........ਇਕ ਵਾਰੀ ਇਕ ਆਦਮੀ ਨੇ ਬਿੱਲੀ ਨੂੰ ਕੋਠੇ ਵਿਚ ਤਾੜ ਕੇ ਮਾਰਨਾ ਚਾਹਿਆ, ਘਿਰੀ ਹੋਈ ਬਿੱਲੀ ਨੇ ਅੱਗਾ ਵੇਖਿਆ ਨਾ ਪਿੱਛਾ, ਉਸ ਆਦਮੀ ਦੀਆਂ ਅੱਖਾਂ ਉਤੇ ਝੱਪਟਾ ਮਾਰਿਆ ਤੇ ਉਸ ਦੇ ਡੇਲੇ ਕੱਢ ਕੇ ਲੈ ਗਈ........"

ਇਸ ਤਰ੍ਹਾਂ ਬਿੱਲੀ ਜ਼ਾਤ ਦੀਆਂ ਅਖੌਤੀਆਂ, ਆਦਤਾਂ, ਬਿੱਲੀ ਦੀਆਂ ਨਸਲਾਂ, ਬਲੂੰਗੜੇ ਦਾ ਪਿਆਰ—ਸਭ ਕੁਝ ਉਸ ਦੇ ਸਾਦਾ ਜਿਹੇ ਬਿਆਨ ਵਿਚ ਆ ਜਾਂਦਾ ।

ਉਸ ਦੀ ਗੱਲ-ਕੱਥ ਵਿਚ ਕਿਸੇ ਹੋਰ ਬੋਲੀ ਦੀ ਕੋਈ ਪਾਹ ਨਹੀਂ ਸੀ ਹੁੰਦੀ । ਉਹ ਸ਼ਬਦਾਂ ਨੂੰ ਲੋੜ ਅਨੁਸਾਰ ਆਪ ਹੀ ਘੜ ਲੈਂਦੀ । ਫ਼ਾਰਸੀ ਦੇ ਸ਼ਬਦ ਵੀ ਪੰਜਾਬੀ ਦੀ ਰੈਣੀ ਵਿਚ ਢਲ ਕੇ ਆਪਣਾ ਰੂਪ ਧਾਰ ਲੈਂਦੇ । ਜਦ ਸੋਭੇ ਤਰਖਾਣ ਦੀ ਦੂਜੀ ਵਹੁਟੀ ਵੀ ਮਰ ਗਈ ਤਾਂ ਉਹ ਅਫ਼ਸੋਸ ਕਰਨ ਗਈ, "ਸੋਭਿਆ ! ਬੜਾ ਗਜ਼ਬ ਹੋਇਆ । ਹਨੇਰ ਸਾਈਂ ਦਾ, ਕੀ ਗੱਲ ਹੋ ਗਈ ? ਬਸ ਦਿਨਾਂ ਵਿਚ ਈ ਔਂਡ-ਪੌਂਡ ਹੋ ਗਈ । ਹਾਲੇ ਪਰਸੋਂ ਈ ਤਾਂ ਉਹ ਵਿਹੜੇ ਵਿਚ ਬੈਠੀ ਪੂਣੀਆਂ ਕੱਤਦੀ ਸੀ, ਚਾਨ-ਚੱਕੀ ਕੀ ਹੋਇਆ, ਵਿਚਾਰੀ ਦੀ ਛੋਹੀ ਪੂਣੀ ਅਧ-ਵਚਾਲੇ ਰਹਿ ਗਈ—ਰੱਬ ਨੇ ਧੱਕਾ ਈ ਕੀਤਾ ਤੇਰੇ ਨਾਲ ਤਾਂ........"

ਚੰਨੋ ਭਟਿਆਰਨ ਦੇ ਆਰਥਕ ਸੰਕਟ ਦਾ ਚਰਚਾ ਉਹ ਇਸ ਜ਼ਬਾਨ ਵਿਚ ਕਰਦੀ, "ਬੜੀ ਦਿੱਕਦਾਰੀ ਹੋ ਗਈ ਏ ਵਿਚਾਰੀ ਚੰਨੋ ਨੂੰ—ਤਿੰਨ-ਤਿੰਨ ਡੰਗ ਤਵਾ ਨਹੀਂ ਚੜ੍ਹਦਾ ।"

ਗੁਆਂਢਣ ਦੀ ਖ਼ੈਰ-ਸੁਖ ਪੁੱਛਣ ਲੱਗਿਆਂ ਉਹ ਆਖਦੀ, "ਕਿਉਂ ਨੀ ਭਾਨ ਦੀ ਮਾਂ, ਕੋਈ ਬਰੰਜਗੀ ਐ ਮੇਰੇ ਨਾਲ । ਮੈਂ ਤੈਨੂੰ ਹਾਕ ਮਾਰੀ, ਤੂੰ ਨਾ ਹੂੰ, ਨਾ ਹਾਂ । ਬੜੇ ਮਸੋਸ ਦੀ ਗੱਲ ਏ ।"

ਇਕ ਦਿਨ ਮੇਰਾ ਵੱਡਾ ਭਰਾ ਸਿਨੇਮਾ ਵੇਖਣ ਗਿਆ । ਮੈਂ ਵੀ ਰੱਟਾ ਪਾ ਕੇ ਬੈਠ ਗਿਆ ਕਿ ਮੈਂ ਵੀ ਬਾਈਸਕੋਪ ਵੇਖਣ ਜ਼ਰੂਰ ਜਾਵਾਂਗਾ । ਮਾਂ ਮੈਨੂੰ ਸਿਨੇਮਾ ਜਾਣ ਤੋਂ ਰੋਕਦੀ ਸੀ ਤੇ ਮੈਂ ਜ਼ਿਦ ਫੜੀ ਬੈਠਾ ਰਿਹਾ । ਪਹਿਲਾਂ ਤਾਂ ਉਹ ਮੇਰੀ ਰੂੰ-ਰੂੰ ਸੁਣਦੀ ਰਹੀ, ਫਿਰ ਉਸ ਨੂੰ ਗੁੱਸਾ ਆਇਆ ਤੇ ਹੱਥ ਚੁਕ ਕੇ ਕੜਕ ਕੇ ਉਸ ਆਖਿਆ, "ਵਖਾਵਾਂ ਤੈਨੂੰ ਤੂਰ ਦਾ ਜਲਵਾ ?"

ਲਵੇਰਿਆਂ ਦੀਆਂ ਗੱਲਾਂ ਕਰਦੀ ਹੋਈ ਉਹ ਅਜਿਹੀਆਂ ਤਫ਼ਸੀਲਾਂ ਦੇਂਦੀ :

'ਪੁੱਤ ਉਸ ਦਿਨ ਆਪਣੀ ਗਾਂ ਪਤਾ ਨਹੀਂ ਖੇਤੋਂ ਕੀ ਸੁਆਹ-ਖੇਹ ਚਰ ਆਈ—ਬਸ ਆਉਣ ਸਾਰ ਖੁਰਲੀ ਉਤੇ ਢਹਿ ਪਈ । ਉਠ ਈ ਨਾ ਹੋਵੇ—ਅੜਾਵੇ, ਤੇ ਰੰਭੇ, ਉਸਲਵੱਟੇ ਲਵੇ । ਫਿਰ ਮੈਂ ਪ੍ਰਤਾਪੇ ਗੁੱਬੀ ਨੂੰ ਸਦ ਭੇਜਿਆ । ਪਸੂ ਨੂੰ ਕਿਹੋ ਜਿਹੀ ਬੀਮਾਰੀ ਹੋਵੇ, ਉਹ ਤਾਂ ਬਸ ਨਾੜ ਨੂੰ ਫੜ ਲੈਂਦਾ ਐ, ਤੇ ਫਿਰ ਅਜਿਹੀ ਫੱਕੀ ਦੇਂਦਾ ਐ ਪਈ ਦੋ ਦਿਨਾਂ ਵਿਚ ਈ ਜਨੌਰ ਓਹ ਜਾ—ਤੇ ਓਹ ਜਾ । ਪਰਤਾਪੇ ਨੇ ਆਪਣੀ ਗਾਂ ਦੀਆਂ ਖਾਖਾਂ ਪਾੜ ਕੇ ਪਹਿਲਾਂ ਤਾਂ ਨਾਲ ਨਾਲ ਲੂਣ ਦਿੱਤਾ, ਫਿਰ ਤੇਲ ਤੇ ਫਿਰ

ਪੀਲੀ-ਪੀਲੀ ਕੋਈ ਚੀਜ਼। ਦੂਜੇ ਦਿਨ ਈ ਗਾਂ ਉਠ ਕੇ ਵੱਛੇ ਨਾਲ ਖੇਡਣ ਲਗ ਪਈ, ਨਾ ਦੁੱਧ ਵਿਚ ਫ਼ਰਕ ਨਾ ਲੇਵੇ ਵਿਚ।"

ਕੁਤਬੀ ਜੁਲਾਹੇ ਦੀ ਨਵੀਂ ਸੂਈ ਮੱਝ ਦੀਆਂ ਗੱਲਾਂ ਕਰਦਿਆਂ ਉਹ ਆਖਦੀ :

"ਕੁਤਬੀ ਦੀ ਬੂਰੀ ਤਾਂ ਹਥਨੀ ਵਰਗੀ ਸੀ—ਲੇਵਾ ਧਰਤੀ ਨਾਲ ਲਗਦਾ ਹੋਇਆ, ਸਿੰਙਾਂ ਦੇ ਕੁੰਡਲ 'ਚੋਂ ਪੈਸਾ ਕਿਹੜਾ ਨਿਕਲਦਾ ਸੀ। ਪਰ ਜਦ ਜ਼ੋਰ ਪਈ ਤਾਂ ਟਹਿਲ-ਸੇਵਾ ਠੀਕ ਨਾ ਹੋਈ। ਕੱਟਾ ਵੀ ਠੀਕ ਤਰ੍ਹਾਂ ਨਹੀਂ ਸੀ ਚੁੰਘਦਾ—ਦੋ-ਤਿੰਨ ਦਿਨ ਤਾਂ ਉਹ ਢੁੱਡਾਂ ਮਾਰ ਕੇ ਪਸਮਾ ਵੀ ਨਾ ਸਕਿਆ। ਥਣਾਂ ਤੀਕ ਮੂੰਹ ਮਸਾਂ ਈ ਜਾਂਦਾ ਸੀ ਸੁਖ ਨਾਲ ਤਿੰਨ ਟੰਗਾ ਐ, ਉਸ ਤੋਂ ਤੇ ਖਲੋ ਈ ਮਸਾਂ ਈ ਹੁੰਦਾ ਐ—ਲੇਵਾ ਬੜਾ ਤਕੜਾ ਸੀ, ਚੜ੍ਹ ਗਈ—ਹੁਣ ਕੱਟੇ ਨੂੰ ਮੋਕ ਲੱਗੀ ਹੋਈ ਐ, ਤੇ ਮੱਝ ਵੀ ਦੁਧ ਤੋਂ ਨੱਸੀ ਫਿਰਦੀ ਐ।"

ਟੋਬਿਆਂ, ਤਲਾਵਾਂ, ਖੇਤਾਂ, ਫਸਲਾਂ, ਜਨੌਰਾਂ, ਸੱਪ-ਸਲੂਤੀਆਂ, ਵਿਆਹ ਤੇ ਸਿਆਪੇ, ਪਿਆਰ ਤੇ ਨਫ਼ਰਤ, ਵਾੜੇ ਵੱਗਾਂ ਤੇ ਰੁੱਤਾਂ ਤੇ ਪੱਖਾਂ ਦਾ ਉਸ ਨੂੰ ਡੂੰਘਾ ਗਿਆਨ ਸੀ।

ਦੋ ਸਾਲ ਹੋਏ ਜਦ ਮੈਂ ਦੁਨੀਆਂ ਭਰ ਦੇ ਨੌਜੁਆਨਾਂ ਦੇ ਉਤਸਵ ਵਿਚ ਸ਼ਾਮਲ ਹੋਣ ਲਈ ਬਰਲਨ ਜਾਣ ਦੀ ਤਿਆਰੀ ਕਰ ਰਿਹਾ ਸਾਂ ਤਾਂ ਮਾਂ ਨੇ ਆਪਣਾ ਪੁਰਾਣਾ ਚਮੜੇ ਦਾ ਪਟਿਆਰ ਖੋਲ੍ਹਿਆ ਤੇ ਫੁਲਕਾਰੀ ਨੂੰ ਫੋਲਣ ਲੱਗੀ। ਉਹ ਮੈਨੂੰ ਆਪਣੇ ਵਲੋਂ ਬਰਲਨ ਵਿਚ ਇਕੱਠੀਆਂ ਹੋਈਆਂ ਕੁੜੀਆਂ ਲਈ ਫੁਲਕਾਰੀ ਦੀ ਸੁਗਾਤ ਦੇ ਰਹੀ ਸੀ। ਫੁਲਕਾਰੀਆਂ ਨੂੰ ਫੋਲਦੀ ਹੋਈ ਮੈਨੂੰ ਪੁੱਛਣ ਲੱਗੀ—"ਪੁੱਤ ਫੁਲਕਾਰੀ ਲਵੇਂਗਾ ਕਿ ਹਲਵਾਨ ? ਮੈਂ ਤੇਰੇ ਲਈ ਚਾਂਦੀ ਚਿੱਟੀਆਂ ਬੂਟੀਆਂ ਦਾ ਹਲਵਾਨ ਸਾਂਭ ਕੇ ਰਖਿਆ ਹੈ—ਲੈ ਇਹ ਵੇਖ ਨਿੱਕੀਆਂ ਕੰਘੀਆਂ ਦੀ ਫੁਲਕਾਰੀ—ਤੇ ਇਹ ਵੱਡਾ ਬਾਗ—"

ਪਹਿਲਾਂ ਉਸ ਮੈਨੂੰ ਕਈ ਰੰਗਾਂ ਦੇ ਹਲਵਾਨ ਵਖਾਏ—ਤੂਲੀ, ਲਾਖੀ, ਮਜੀਠੀ। ਇਸ ਪਿਛੋਂ ਫੁਲਕਾਰੀ ਦੀਆਂ ਕਿਸਮਾਂ ਗਿਣਵਾਈਆਂ—ਚੋਬ, ਚੈਂਚੀ, ਸਰੂ, ਬਾਗ। ਫਿਰ ਬਾਗ ਦੀਆਂ ਕਿਸਮਾਂ ਗਿਣਵਾਈਆਂ—ਗੁਲ-ਖੇਰੀਂ, ਗੁੱਟਾਂ ਵਾਲਾ, ਜਹਾਜ਼ੀ, ਡੱਬੇ ਮੇਲਵੀਂ, ਲਹਿਰੀਆ, ਮਕੜੀ-ਜਾਲ, ਸ਼ੀਸ਼ਿਆਂ ਦਾ ਬਾਗ, ਦਿੱਲੀ ਦਰਵਾਜ਼ਾ ਬਾਗ, ਦਰਸ਼ਨੀ ਡਿਓਡੀ ਬਾਗ ਤੇ ਪਤਾ ਨਹੀਂ ਕਿਤਨੀਆਂ ਹੋਰ ਕਿਸਮਾਂ।

ਪੰਜਾਬੀ ਦੇ ਅੱਧਿਆਂ ਨਾਲੋਂ ਵਧ ਸ਼ਬਦ ਮੈਂ ਆਪਣੀ ਮਾਂ ਦੀਆਂ ਗਾਲ੍ਹਾਂ ਤੋਂ ਸਿੱਖੇ ਹਨ ਕਿਉਂ ਜੁ ਮੇਰੀ ਮਾਂ ਗਾਲ੍ਹਾਂ ਵਿਚ ਜਹਾਨ ਭਰ ਦੀਆਂ ਉਪਮਾਵਾਂ ਤੇ ਅਲੰਕਾਰ ਭਰ ਦੇਂਦੀ ਸੀ।

ਮਾਂ ਸਦਾ ਆਖਦੀ, "ਪੁੱਤਰਾ !, ਮਾਂ ਦੀਆਂ ਗਾਲ੍ਹਾਂ ਉਤੇ ਰਿੰਜ ਨਾ ਕਰਿਆ ਕਰ। ਮਾਂ ਦੀਆਂ ਗਾਲ੍ਹਾਂ ਤਾਂ ਘਿਓ ਦੀਆਂ ਨਾਲਾਂ ਹੁੰਦੀਆਂ ਹਨ।"

## 31

# ਸ਼ਤਾਬਦੀ ਟਿਕਟ

ਰੇਲਵੇ ਸ਼ਤਾਬਦੀ ਦੇ ਟਿਕਟਾਂ ਦਾ ਜ਼ੋਰ ਹੋਣ ਕਰਕੇ ਗੱਡੀ ਖਚਾ-ਖਚ ਭਰੀ ਹੋਈ ਸੀ। ਲੋਕਾਂ ਦੇ ਗੁੱਛੇ ਦੇ ਗੁੱਛੇ ਹੈਂਡਲਾਂ ਤੇ ਫ਼ੁਟ-ਬੋਰਡਾਂ ਨਾਲ ਚੰਬੜੇ ਹੋਏ ਸਨ ਜਿਵੇਂ ਗੁੜ ਦੀ ਭੇਲੀ ਨਾਲ ਮੱਖੀਆਂ ਚੰਬੜੀਆਂ ਹੁੰਦੀਆਂ ਸਨ।

ਗਾਰਡ ਨੇ ਸੀਟੀ ਮਾਰੀ, ਇੰਜਨ ਨੇ ਭਾਫ ਛੱਡੀ ਤੇ ਗੱਡੀ ਦੇ ਪਹੀਆਂ ਵਿਚ ਜੰਮਿਆ ਹੋਇਆ ਰਾਗ ਜਾਗ ਪਿਆ।

ਗੱਡੀ ਕੂਕਾਂ ਮਾਰਦੀ ਤੇ ਧੂੜ ਉਡਾਉਂਦੀ ਹੋਈ ਨੱਸੀ ਜਾ ਰਹੀ ਸੀ। ਬਾਰੀਆਂ ਤੇ ਫੱਟੇ ਹਿੱਲਣ ਤੇ ਖੜਕਣ ਲੱਗੇ। ਘੜੇ, ਭਾਂਡੇ, ਬੋਰੀਆਂ, ਬਿਸਤਰੇ, ਨਵਾਰ ਦੇ ਪਿੰਨੇ, ਪੋਟਲ੍ਹੀਆਂ, ਹੁੱਕੇ, ਤੀਵੀਆਂ, ਆਦਮੀ ਵੀ ਹਿੱਲਣ ਤੇ ਇਕ ਦੂਜੇ ਵਿਚ ਵੱਜਣ ਲਗੇ। ਮਾਸਟਰ ਰਲਾ ਰਾਮ ਨੂੰ ਵੀ ਭੀੜ ਵਿਚ ਧੱਕੇ ਵੱਜੇ ਤੇ ਉਸ ਦਾ ਸਿਰ ਵੀ ਇਕ ਪਹਿਲਵਾਨ ਦੇ ਹਦਵਾਣੇ ਵਰਗੇ ਵੱਡੇ ਗੋਲ ਸਿਰ ਨਾਲ ਜਾ ਵੱਜਿਆ।

ਭੀੜ ਦੀ ਖੋਹਾ-ਖਿੰਝੀ ਵਿਚ ਰਲਾ ਰਾਮ ਦੀ ਕਮੀਜ਼ ਦੀ ਪੂਰੀ ਬਾਂਹ ਉਡ ਗਈ ਸੀ। ਉਸ ਦੇ ਚਿਹਰੇ ਉਤੇ ਦੋ ਦਿਨਾਂ ਦੀ ਅਧ-ਚਿੱਟੀ ਸੂਲਾਂ ਵਰਗੀ ਤਿੱਖੀ ਦਾੜ੍ਹੀ ਉੱਗੀ ਹੋਈ ਸੀ। ਉਸ ਦੇ ਗੰਜੇ ਸਿਰ ਉਤੋਂ ਜੋ ਕਮਾਏ ਹੋਏ ਚੰਮ ਵਾਂਗ ਕੂਲਾ ਤੇ ਪੀਲਾ ਸੀ, ਮੁੜ੍ਹਕੇ ਦੀਆਂ ਕਣੀਆਂ ਤਿਲ੍ਹਕ ਰਹੀਆਂ ਸਨ ਤੇ ਉਸ ਦੀ ਮੋਟੇ ਸ਼ੀਸ਼ਿਆਂ ਵਾਲੀ ਐਨਕ ਉਸ ਦੇ ਨੱਕ ਤੋਂ ਜਿਥੇ ਇਕ ਵੱਡਾ ਬੈਂਗਣੀ ਦਾਗ ਪਿਆ ਸੀ, ਖਿਸਕ ਗਈ ਸੀ। ਭੀੜ ਵਿਚ ਦਰੜਿਆ ਹੋਇਆ ਉਹ ਹੌਲੀ-ਹੌਲੀ ਬੁਰੜਾ ਰਿਹਾ ਸੀ..."ਉਹ.......ਮੈਨੂੰ ਥਾਂ ਦਿਓ........ਮੇਰੀਆਂ ਹੱਡੀਆਂ ! ਰਤਾਂ ਕੁ ਥਾਂ ਦਿਓ—ਮੇਰੀਆਂ ਹੱਡੀਆਂ—! ਊਂਹ !"

ਡੱਬਾ ਅੰਦਰੋਂ ਭੱਠ ਵਾਂਗ ਤਪ ਰਿਹਾ ਸੀ। ਬਹੁਤ ਗਰਮੀ ਸੀ-ਪੀਲੀ ਜ਼ਰਦ

ਗਰਮੀ ਜਿਸ 'ਚੋਂ ਗੰਧਕ ਤੇ ਤੇਜ਼ਾਬ ਦਾ ਧੂੰ ਉਠ ਰਿਹਾ ਸੀ।

ਲੋਕ ਖੰਘਦੇ ਸਨ, ਉਬਾਸੀਆਂ ਲੈਂਦੇ ਸਨ ਤੇ ਦਾਣੇ ਚਬਦੇ ਹੋਏ ਜਨੌਰਾਂ ਵਾਂਗ ਮਗਜਾਲੀ ਮਾਰਦੇ ਸਨ। ਉਨ੍ਹਾਂ ਦੀਆਂ ਕੱਛਾਂ ਦੀ ਬੋ, ਪਰਸੀਨੇ ਤੇ ਭੈੜੇ ਦੰਦਾਂ ਦੀ ਹਵਾੜ ਇਉਂ ਸੀ ਜਿਵੇਂ ਭੇਡਾਂ-ਬਕਰੀਆਂ ਦੇ ਵਾੜੇ ਦੀ ਬਾਸ ਹੁੰਦੀ ਹੈ—ਖੱਟੀ-ਖੱਟੀ ਬੋ, ਮੀਂਗਣਾਂ ਤੇ ਗਿੱਲੀ ਜੱਤ ਦੀ ਬੋ। ਏਸ ਪੰਘਰੀ ਹੋਈ ਬੋ ਤੇ ਗਿਜ-ਗਿਜੀ ਗਰਮੀ ਵਿਚ ਸਭ ਲੋਕ ਇਕ ਦੂਜੇ ਨਾਲ ਚਿਪ ਗਏ ਸਨ। ਜੇ ਕੋਈ ਮੁਸਾਫਰ ਇਕੋ ਥਾਂ ਖੜੋਤਾ-ਖੜੋਤਾ ਥਕ ਜਾਂਦਾ ਤੇ ਉਸ ਨੂੰ ਆਪਣਾ ਕੋਈ ਅੰਗ-ਬਾਂਹ ਹਿਲਾਉਣਾ ਹੁੰਦਾ ਤਾਂ ਦਸ ਮੁਸਾਫਰਾਂ ਨੂੰ ਆਪਣੇ ਗੋਡੇ, ਵੱਖੀਆਂ, ਸਿਰ, ਮੋਢੇ ਤੇ ਅਰਕਾਂ ਨਵੇਂ ਸਿਰਿਉਂ ਇਕ ਦੂਜੇ ਨਾਲ ਮੇਲਣੀਆਂ ਪੈਂਦੀਆਂ।

ਰਲਾ ਰਾਮ ਫੇਰ ਬੁਰੜਾਇਆ, "ਮੇਰੀ ਲੱਤ ਸੌਂ ਗਈ......ਉਹ.....ਰਤਾ ਕੁ ਪਾਸਾ ਮਾਰਿਓ........ਮੇਰੀਆਂ ਹੱਡੀਆਂ........ਊ-ਊ!"

ਕਿਸੇ ਨੇ ਉਸ ਦੀ ਗੱਲ ਨਾ ਸੁਣੀ। ਲੋਕਾਂ ਦੇ ਰੌਲੇ, ਪਹੀਆਂ ਦੀ ਖੜ-ਖੜ ਤੇ ਭਾਫ ਦੇ ਘੁਰਾੜਿਆਂ ਨੇ ਰਲਾ ਰਾਮ ਦੀ ਆਵਾਜ਼ ਨੂੰ ਦੱਬ ਲਿਆ।

ਮਾਸਟਰ ਰਲਾ ਰਾਮ ਸਾਰੀ ਉਮਰ ਇਕ ਪਿੰਡ ਵਿਚ ਮੁੰਡਿਆਂ ਨੂੰ ਜੁਗਰਾਫ਼ੀਆ ਪੜ੍ਹਾਉਂਦਾ ਰਿਹਾ ਸੀ। ਤੀਹ ਵਰ੍ਹੇ ਹੋਏ ਉਸ ਨੇ ਬਾਰਾਂ ਰੁਪਈਏ ਮਹੀਨੇ ਉਤੇ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ। ਜਦ ਉਸ ਦੀ ਤਨਖਾਹ ਹੌਲੀ-ਹੌਲੀ ਤਰੱਕੀ ਕਰਦੇ ਹੋਏ ਚਾਲ੍ਹੀ ਰੁਪਿਆਂ ਤੀਕ ਪੁੱਜ ਗਈ ਤਾਂ ਅੱਗੇ ਤਰੱਕੀ ਠੱਪੀ ਗਈ। ਸਿਰਫ ਅਠਵੀਂ ਪਾਸ ਹੋਣ ਕਰ ਕੇ ਵਿਦਿਅਕ ਮਹਿਕਮੇ ਦੇ ਨਿਯਮ ਅਨੁਸਾਰ ਉਸ ਨੂੰ ਇਸ ਤੋਂ ਵਧ ਤਨਖਾਹ ਨਹੀਂ ਸੀ ਮਿਲ ਸਕਦੀ। ਪਿਛਲੇ ਪੰਦਰਾਂ ਵਰ੍ਹਿਆਂ ਤੋਂ ਉਸ ਦੀ ਤਨਖਾਹ ਬਸ ਚਾਲ੍ਹੀ ਰੁਪੀਏ ਹੀ ਰਹੀ ਸੀ। ਜੰਗ ਛਿੜਨ ਤੋਂ ਪਹਿਲਾਂ ਏਸੇ ਤਨਖ਼ਾਹ ਵਿਚ ਉਸ ਨੇ ਆਪਣੀਆਂ ਦੋ ਧੀਆਂ ਦਾ ਵਿਆਹ ਕੀਤਾ ਤੇ ਆਪਣੇ ਪੁੱਤ ਨੂੰ ਦਸਵੀਂ ਪਾਸ ਕਰਾ ਕੇ ਨੇੜੇ ਹੀ ਇਕ ਡਾਕਖ਼ਾਨੇ ਵਿਚ ਨੌਕਰੀ ਲੱਭ ਦਿੱਤੀ ਸੀ।

ਪਰ ਜਦ ਲਾਮ ਲੱਗੀ ਤਾਂ ਉਸ ਦਾ ਗੁਜ਼ਾਰਾ ਹੋਣਾ ਔਖਾ ਹੋ ਗਿਆ। ਭਾਵੇਂ ਉਸ ਦੀ ਤਨਖ਼ਾਹ ਵਿਚ ਮਹਿੰਗਾਈ ਭੱਤਾ ਅਠਾਰਾਂ ਰੁਪਏ ਹੋਰ ਵਧ ਗਿਆ ਸੀ ਪਰ ਚੀਜ਼ਾਂ ਦੇ ਭਾਅ ਚੌਗਣੇ ਹੋ ਗਏ ਸਨ। ਜੰਗ ਨਾਲ ਭੁੱਖ ਤੇ ਕਾਲ ਵੀ ਆਏ। ਕਿਸੇ ਵੇਲੇ ਰਲਾ ਰਾਮ ਦਾ ਪਿੰਡ ਵਿਚ ਬੜਾ ਦਬਦਬਾ ਸੀ, ਬੜਾ ਮਾਨ-ਤਾਨ ਸੀ। ਜੰਗ ਤੇ ਮਹਿੰਗਾਈ ਨੇ ਸਮਾਜ ਦੇ ਢਾਂਚੇ ਤੇ ਲੋਕਾਂ ਦੇ ਵਿਹਾਰ ਤੇ ਆਪਸ ਵਿਚਦੇ ਮੂੰਹ-ਮੁਲਾਹਜ਼ੇ ਦੇ ਤੁਅੱਲਕਾਤ ਉਤੇ ਭਰਵੀਂ ਸੱਟ ਮਾਰੀ। ਲੋਕਾਂ ਵਿਚ ਵਧੇਰੇ ਕਾਰੋਬਾਰੀ ਰੁਚੀ ਪਸਰ ਜਾਣ ਕਰ ਕੇ ਪਿੰਡ ਦੇ ਲੋਕਾਂ ਦੀ ਉਹ ਉਦਾਰਤਾ ਤੇ ਬੇਲਾਗ ਸੇਵਾ ਜਿਸ ਉਤੇ ਮਾਸਟਰ ਰਲਾ ਰਾਮ ਸਦਾ ਫ਼ਖ਼ਰ ਕਰਿਆ ਕਰਦਾ ਸੀ, ਜਾਂਦੀ ਰਹੀ ਸੀ ਤੇ ਹੁਣ ਉਹ ਖ਼ਾਲੀ ਨੜੇ ਵਾਂਗ ਰਹਿ ਗਿਆ ਸੀ ਜਿਸ ਦੇ ਦੁਆਲੇ ਸੂਤ ਦੀ ਕੋਈ ਤੰਦ-ਤਾਣ ਨਾ ਹੋਵੇ।

ਉਸ ਨੇ ਡਾਢੇ ਔਖੇ ਦਿਨ ਦੇਖੇ। ਜਿਉਂ-ਜਿਉਂ ਸਾਲ ਲੰਘਦੇ ਗਏ, ਉਸ ਦੀ ਆਰਥਕ ਹਾਲਤ ਨਿਘਰਦੀ ਗਈ, ਫਿਰ ਵੀ ਇਸ ਨਾਲ ਉਸ ਦੇ ਜੀਵਨ ਉਤਸਾਹ ਵਿਚ ਕੋਈ ਫ਼ਰਕ ਨਾ ਆਇਆ। ਉਹ ਮੁੰਡਿਆਂ ਨੂੰ ਜੁਗਰਾਫੀਆ ਉਸੇ ਚਾਅ ਤੇ ਜੋਸ਼



ਨਾਲ ਪੜ੍ਹਾਉਂਦਾ। ਆਪਣੀ ਮੁੜੀ-ਤੁੜੀ ਖੂੰਡੀ ਨਾਲ ਉਹ ਕੰਧ ਉਤੇ ਲਮਕਦੇ ਨਕਸ਼ੇ ਨੂੰ ਛੋਂਹਦਾ ਤੇ ਇਸ ਉਤੇ ਉਲੀਕੀਆਂ ਨਿੱਕੀਆਂ-ਨਿੱਕੀਆਂ ਵੰਨ-ਸੁਵੰਨੀ ਦੀਆਂ ਲੀਕਾਂ ਦੇ ਅਰਥ ਦਸਦਾ। ਕੋਹ ਹਮਾਲੀਆ ਤੇ ਕੋਹ ਸੁਲੇਮਾਨ ਦਾ ਮੁਕਾਬਲਾ ਕਰਦਾ.......ਇਹ ਤਰਾਈ ਦਾ ਇਲਾਕਾ ਹੈ........ਏਥੋਂ ਦਰਿਆ ਨਿਕਲਦਾ ਹੈ......ਇਹ ਪਹਾੜੀਆਂ ਦਾ ਇਲਾਕਾ ਹੈ.......ਤੇ ਫਿਰ ਡੈਲਟਾ ਬਣਾ ਕੇ ਸਮੁੰਦਰ ਵਿਚ ਡਿਗ ਪੈਂਦਾ ਹੈ.......। ਰਲਾ ਰਾਮ ਨੇ ਪੰਜਾਬ ਦੇ ਦੋ ਦਰਿਆ ਵੇਖੇ ਸਨ, ਸਤਲੁਜ ਤੇ ਬਿਆਸ ਪਰ ਉਸ ਨੇ ਪਹਾੜ ਤੇ ਸਮੁੰਦਰ ਕਦੀ ਨਹੀਂ ਸੀ ਵੇਖਿਆ। ਦਰਿਆ ਕਿਥੋਂ ਨਿਕਲਦਾ ਹੈ?........ ਕਿਥੇ ਜਾਂਦਾ ਹੈ?........ਇਸ ਦਾ ਗਿਆਨ ਉਸ ਨੂੰ ਇਤਨਾ ਹੀ ਸੀ ਜਿਤਨਾ ਕੰਧ ਉਤੇ ਲਮਕਦਾ ਹੋਇਆ ਨਕਸ਼ਾ ਦਸ ਸਕਦਾ ਸੀ, ਇਸ ਤੋਂ ਵਧ ਉਹ ਨਹੀਂ ਸੀ ਜਾਣਦਾ।

ਕਈ ਵਾਰੀ ਜਦ ਉਹ ਮੁੰਡਿਆਂ ਨੂੰ ਧਰਤੀ ਦੀ ਮਹਾਨਤਾ ਉਤੇ ਭਾਸ਼ਨ ਦੇਂਦਾ ਤਾਂ ਉਸੇ ਦੀਆਂ ਅੱਖਾਂ ਇਕ ਆਤਮਕ ਖ਼ੁਸ਼ੀ ਨਾਲ ਦਗਣ ਲਗਦੀਆਂ। ਉਹ ਬੜੀ ਜੋਸ਼-ਭਰੀ ਆਵਾਜ਼ ਵਿਚ ਆਖਦਾ—

"ਇਹ ਧਰਤੀ ਕੁਦਰਤ ਨੇ ਕਿਤਨੀ ਸੁਹਣੀ ਬਣਾਈ ਹੈ! ਏਸ ਦੇ ਦਰਿਆ, ਪਹਾੜ, ਸਮੁੰਦਰ ਸਭ ਸਾਡੇ ਲਈ ਹਨ। ਮਨੁੱਖ ਹੌਲੀ-ਹੌਲੀ ਕੁਦਰਤ ਦੀਆਂ ਇਨ੍ਹਾਂ ਤਾਕਤਾਂ ਨੂੰ ਜਿੱਤ ਰਿਹਾ ਹੈ ਤੇ ਆਪਣੇ ਵੱਸ ਵਿਚ ਕਰ ਰਿਹਾ ਹੈ।"

ਉਹ ਜ਼ੋਰ ਦੀ ਖੰਘੂਰਾ ਮਾਰਦਾ ਤੇ ਫਿਰ ਆਖਦਾ, "ਮੇਰੇ ਬੱਚਿਓ! ਸਾਡਾ ਦੇਸ਼ ਬਹੁਤ ਸੁੰਦਰ ਹੈ। ਤੁਹਾਨੂੰ ਇਸ ਦੀ ਸੈਰ ਕਰਨੀ ਚਾਹੀਦੀ ਹੈ—ਰਾਸਕੁਮਾਰੀ ਤੋਂ ਲੈ ਕੇ ਕਸ਼ਮੀਰ ਤੀਕ, ਇਸ ਦੇ ਪਹਾੜ, ਨਦੀਆਂ-ਨਾਲੇ, ਜੰਗਲ-ਬੇਲੇ ਬਹੁਤ ਵਚਿੱਤ੍ਰ ਹਨ। ਏਸ ਦੇ ਮੰਦਰ, ਕਲਾ-ਭਵਨ, ਤੀਰਥ, ਸਮੁੰਦਰ ਦੇ ਕੰਢੇ ਤੇ ਬਰਫ਼ਾਂ ਨਾਲ ਢੱਕੀਆਂ ਪਹਾੜਾਂ ਦੀਆਂ ਟੀਸੀਆਂ ਬਹੁਤ ਅਦਭੁਤ ਹਨ। ਧਰਤੀ ਸਾਡੀ ਮਾਂ ਹੈ। ਜੋ ਆਪਣੀ ਮਾਂ ਨੂੰ ਨਹੀਂ ਪਛਾਣਦਾ, ਉਹ ਕਦੀ ਤਰੱਕੀ ਨਹੀਂ ਕਰ ਸਕਦਾ।"

ਹਰ ਸਾਲ ਮਾਸਟਰ ਰਲਾ ਰਾਮ ਮੁੰਡਿਆਂ ਨੂੰ ਇਹ ਸਬਕ ਪੜ੍ਹਾਉਂਦਾ, ਉਸੇ ਤਰ੍ਹਾਂ ਖੂੰਡੀ ਨਾਲ ਨਕਸ਼ੇ ਉਤੇ ਖਿੱਚੀਆਂ ਹੋਈਆਂ ਲੀਕਾਂ ਨੂੰ ਛੋਂਹਦਾ ਤੇ ਧਰਤੀ ਦੇ ਉਚੇ ਨੀਵੇਂ ਥਾਂ, ਪਹਾੜ, ਦਰਿਆ, ਸਮੁੰਦਰ ਤੇ ਝੀਲਾਂ ਵਿਖਾਉਂਦਾ, ਉਸ ਦੇ ਸ਼ਾਗਿਰਦ ਮੂੰਹ ਅੱਡੀ ਇਸ ਚਰਜ-ਭਰੇ ਨਕਸ਼ੇ ਵਲ ਤੱਕਦੇ ਜਿਸ ਅੰਦਰ ਜਹਾਨ ਭਰ ਦੀਆਂ ਥਾਵਾਂ ਲੁਕੀਆਂ ਪਈਆਂ ਹੁੰਦੀਆਂ ਹਨ। ਮਾਸਟਰ ਰਲਾ ਰਾਮ ਇਕ ਮਲਾਹ ਵਾਂਗ ਹਰ ਸਾਲ ਵਿਦਿਆਰਥੀਆਂ ਦਾ ਪੂਰ ਬੇੜੀ ਵਿਚ ਬਿਠਾ ਕੇ ਇਸ ਕੰਢੇ ਤੋਂ ਦੂਜੇ ਕੰਢੇ ਲੈ ਜਾਂਦਾ ਤੇ ਮੁੜ ਪਰਤ ਆਉਂਦਾ। ਉਸ ਦੇ ਵਿਦਿਆਰਥੀ ਇਸ ਨਦੀ ਨੂੰ ਪਾਰ ਕਰ ਕੇ ਪਾਰਲੇ ਕੰਢੇ ਉਤੇ ਚਲੇ ਜਾਂਦੇ ਤੇ ਕਾਲਜ ਵਿਚ ਦਾਖ਼ਲ ਹੋ ਕੇ ਤੇ ਡਿਗਰੀ ਪਾਸ ਕਰ ਕੇ ਆਪਣੇ-ਆਪਣੇ ਕੰਮਾਂ ਵਿਚ ਰੁੱਝ ਜਾਂਦੇ। ਕਈ ਵੱਡੇ ਸਰਕਾਰੀ ਅਫ਼ਸਰ ਲਗ ਗਏ ਸਨ ਤੇ ਕਈਆਂ ਨੇ ਉਚੀਆਂ ਪਦਵੀਆਂ ਤੇ ਅਹੁਦਿਆਂ ਨੂੰ ਸੰਭਾਲ ਲੀਤਾ ਸੀ। ਪਰ ਮਾਸਟਰ ਰਲਾ ਰਾਮ ਜਿਥੇ ਸੀ, ਉਥੇ ਹੀ ਰਿਹਾ। ਕਈ ਵਾਰ ਮਾਸਟਰ ਰਲਾ ਰਾਮ ਦਾ ਦਿਲ ਪਿੰਡੋਂ ਦੂਰ ਜਾਣ ਲਈ ਤੇ ਪ੍ਰਸਿਧ ਥਾਵਾਂ ਵੇਖਣ ਲਈ ਲੋਚਦਾ। ਨੜੀ ਮੂੰਹ ਵਿਚ ਲੈ ਕੇ ਉਹ ਹੁੱਕੇ ਦਾ ਲੰਮਾ ਸਾਰਾ ਘੁੱਟ ਭਰਦਾ ਤੇ ਆਖਦਾ, "ਅਗਲੇ ਸਾਲ ਈਸ਼ਵਰ ਸੁਖ ਰਖੇ, ਮੈਂ ਜ਼ਰੂਰ ਕਿਸੇ ਪਹਾੜ ਉਤੇ ਜਾਵਾਂਗਾ.......ਬਦਰੀ

ਨਾਥ........ਜਾਂ ਕਿਦਾਰ ਨਾਥ.......ਕਿਤਨੇ ਸੁੰਦਰ ਪਹਾੜ ਹਨ ਇਹ ।"

ਕਈ ਵਾਰ ਉਹ ਦਿੱਲੀ ਜਾ ਕੇ ਪ੍ਰਸਿਧ ਇਤਿਹਾਸਕ ਥਾਵਾਂ ਦੇਖਣ ਤੇ ਫਿਰ ਬੰਬਈ ਜਾ ਕੇ ਸਮੁੰਦਰ ਤੱਕਣ ਦੇ ਪਰੋਗਰਾਮ ਵੀ ਬਣਾਉਂਦਾ ।

ਉਸ ਨੇ ਕਦੀ ਸਮੁੰਦਰ ਨਹੀਂ ਸੀ ਤੱਕਿਆ । ਸਮੁੰਦਰ ਬਾਰੇ ਉਸ ਨੂੰ ਸਭ ਗੱਲਾਂ ਦਾ ਕਿਤਾਬੀ ਗਿਆਨ ਸੀ । ਕਈ ਵਾਰ ਉਹ ਆਪਣੇ ਮਨ ਵਿਚ ਹੀ ਪਹਾੜ ਤੇ ਸਮੁੰਦਰ ਦਾ ਮੁਕਾਬਲਾ ਕਰਦਾ—"ਪਹਾੜ ਅਹਿਲ ਹੈ, ਪਰ ਸਮੁੰਦਰ ਹਿਲਦਾ ਹੈ, ਗਰਜਦਾ ਹੈ ਤੇ ਝੱਗਾਂ ਸਿੱਟਦਾ ਹੈ । ਪਹਾੜ ਠੋਸ ਤੇ ਬੇਜਾਨ ਹੈ, ਪਰ ਸਮੁੰਦਰ ਵਿਚ ਜੀਵਨ ਦਾ ਸਾਹ ਹੈ । ਸਮੁੰਦਰ ਦੀ ਆਪਣੀ ਹੀ ਦੁਨੀਆਂ ਹੈ, ਇਸ ਧਰਤੀ ਨਾਲੋਂ ਵੀ ਵੱਡੀ ਦੁਨੀਆਂ । ਉਸ ਵਿਚ ਵਸਦੇ ਜੀਵਾਂ-ਜੰਤੂਆਂ ਦਾ ਸੰਸਾਰ ਵਧੇਰੇ ਵਚਿੱਤ੍ਰ ਤੇ ਨਿਰਾਲਾ ਹੈ । ਇਸ ਵਿਚ ਘੋਗੇ, ਸਿੱਪੀਆਂ, ਮੋਤੀ, ਮੂੰਗੇ ਤੇ ਅਨੇਕਾਂ ਕਿਸਮਾਂ ਦੀਆਂ ਮੱਛੀਆਂ ਤੇ ਅਨਗਿਣਤ ਭਾਂਤ ਦੀ ਜੀਵਨ-ਲੀਲ੍ਹਾ ਹੈ । ਇਸ ਦੇ ਕੰਢਿਆਂ ਦੀ ਹਵਾ ਫੇਫੜਿਆਂ ਲਈ ਬਹੁਤ ਚੰਗੀ ਹੁੰਦੀ ਹੈ, ਪਾਣੀ ਦਾ ਤਟ ਸਾਨੂੰ ਜੀਵਨ ਦੇ ਮੁਢ ਤੇ ਕੁਦਰਤ ਦੇ ਦਿਲ ਦੇ ਰਾਜ਼ ਦੇ ਨੇੜੇ ਲੈ ਕੇ ਜਾਂਦਾ ਹੈ । ਏਸੇ ਕਰ ਕੇ ਸਾਡੇ ਰਿਸ਼ੀ-ਮੁਨੀ ਪਾਣੀ ਦੇ ਕੰਢੇ ਆਸ਼ਰਮ ਬਣਾਉਂਦੇ ਸਨ । ਜਦ ਮੈਂ ਰੀਟਾਇਰ ਹੋਇਆ ਤਾਂ ਮੈਂ ਵੀ ਪਾਣੀ ਦੇ ਕੰਢੇ ਹੀ ਆਪਣੀ ਝੁੱਗੀ ਪਾਵਾਂਗਾ, ਭਾਵੇਂ ਦਰਿਆ ਦੇ ਕੰਢੇ, ਭਾਵੇਂ ਝੀਲ ਦੇ, ਭਾਵੇਂ ਸਮੁੰਦਰ ਦੇ ਤੇ ਭਾਵੇਂ ਟੋਭੇ ਦੇ ।"

ਉਹ ਆਪਣੇ ਮਨ ਵਿਚ ਅਜੇਹੀਆਂ ਲੰਮੀਆਂ-ਚੌੜੀਆਂ ਦਲੀਲਾਂ ਮਿਥਦਾ ਤੇ ਪਿੰਡ ਦੇ ਲੋਕਾਂ ਨਾਲ ਸਲਾਹਾਂ ਪਕਾਉਂਦਾ, ਪਰ ਹਰ ਸਾਲ ਉਸ ਦੀਆਂ ਗਰਮੀਆਂ ਦੀਆਂ ਛੁੱਟੀਆਂ ਏਸੇ ਤਰ੍ਹਾਂ ਬੋਹੜ ਦੇ ਹੇਠਾਂ ਬੈਠ ਕੇ ਹੁੱਕਾ ਪੀਂਦਿਆਂ ਤੇ ਅਖ਼ਬਾਰ ਪੜ੍ਹਦਿਆਂ ਹੀ ਕੱਟੀਆਂ ਜਾਂਦੀਆਂ । ਇਸ ਪਿਛੋਂ ਸਕੂਲ ਖੁੱਲ੍ਹ ਜਾਂਦੇ ਤੇ ਉਹ ਮੁੜ ਜੁਗਰਾਫੀਏ ਦੇ ਸੁਆਲ ਸਮਝਾਉਣ ਵਿਚ ਰੁੱਝ ਜਾਂਦਾ ।

ਹੁਣ ਦੋ ਸਾਲ ਤੋਂ ਮਾਸਟਰ ਰਲਾ ਰਾਮ ਵੀਹ ਰੁਪਈਏ ਮਹੀਨਾ ਪਿਨਸ਼ਨ ਉਤੇ ਰੀਟਾਇਰ ਹੋ ਗਿਆ ਸੀ ।

ਹੁਣ ਉਸ ਨੂੰ ਕਬੀਲਦਾਰੀ ਦਾ ਕੋਈ ਰੇੜਕਾ ਨਹੀਂ ਸੀ, ਚਿਰ ਹੋਇਆ, ਉਸ ਦੀ ਪਤਨੀ ਦਾ ਦਿਹਾਂਤ ਹੋ ਚੁੱਕਾ ਸੀ, ਦੋਵੇਂ ਕੁੜੀਆਂ ਵਿਆਹੀਆਂ-ਪਰਨਾਈਆਂ ਗਈਆਂ ਸਨ ਤੇ ਮੁੰਡਾ ਡਾਕਖਾਨੇ ਵਿਚ ਨੌਕਰ ਸੀ । ਹੁਣ ਉਸ ਦਾ ਕਈ ਵਾਰੀ ਜੀਅ ਕਰਦਾ ਕਿ ਕਿਤੇ ਬਾਹਰ ਘੁੰਮਣ-ਫਿਰਨ ਜਾਵੇ ਪਰ ਕਦੀ ਇਤਨੇ ਪੈਸੇ ਨਹੀਂ ਸਨ ਹੋਏ ਜੁ ਦੇਸ ਯਾਤਰਾ ਦੀ ਇਹ ਸੱਧਰ ਪੂਰੀ ਕਰ ਸਕੇ । ਹੁਣ ਉਸ ਨੂੰ ਵਿਹਲ ਸੀ, ਪਰ ਕੋਲ ਪੈਸੇ ਨਹੀਂ ਸਨ ।

ਇਕ ਦਿਨ ਅਚਾਨਕ ਉਸ ਨੇ ਅਖ਼ਬਾਰ ਵਿਚ ਪੜ੍ਹਿਆ ਕਿ ਰੇਲਵੇ ਨੇ ਸ਼ਤਾਬਦੀ ਟਿਕਟ ਜਾਰੀ ਕੀਤੇ ਹਨ ਜਿਨ੍ਹਾਂ ਨਾਲ ਤੀਹ ਰੁਪਈਏ ਖਰਚ ਕੇ ਪੰਦਰਾਂ ਦਿਨ ਲਈ, ਬੰਦਾ ਦੇਸ ਦੇ ਇਕ ਵੱਡੇ ਭਾਗ ਵਿਚ ਜਿਥੇ ਮਰਜ਼ੀ ਘੁੰਮ ਆਵੇ । ਗੌਰਮਿੰਟ ਨੇ ਇਸ ਦੀ ਸਾਰੇ ਅਖ਼ਬਾਰਾਂ ਵਿਚ ਬਹੁਤ ਚੰਗੀ ਤਰ੍ਹਾਂ ਡੌਂਡੀ ਪਿੱਟੀ । ਵੱਡੀਆਂ-ਵੱਡੀਆਂ ਸੁਰਖ਼ੀਆਂ ਵਿਚ ਅਜੇਹੇ ਇਸ਼ਤਿਹਾਰ ਛਾਪੇ—

"ਤੀਹ ਰੁਪਏ ਖ਼ਰਚ ਕੇ ਸ਼ਤਾਬਦੀ ਟਿਕਟ ਖਰੀਦੋ ਤੇ ਦੇਸ਼ ਦੀ ਸੈਰ ਕਰੋ ।"



ਰਲਾ ਰਾਮ ਨੇ ਓਸੇ ਵੇਲੇ ਸ਼ਤਾਬਦੀ ਟਿਕਟ ਦੀ ਸਾਰੀ ਵਾਕਫ਼ੀ ਮੰਗਵਾਈ । ਉਸ ਨੇ ਨਕਸ਼ੇ ਉਤੇ ਉਨ੍ਹਾਂ ਸਭਨਾਂ ਥਾਵਾਂ ਉਤੇ ਨਿਸ਼ਾਨ ਲਾਏ ਜਿਨ੍ਹਾਂ ਨੂੰ ਉਹ ਇਕ ਟਿਕਟ ਵਿਚ ਵੇਖ ਸਕਦਾ ਸੀ । ਸਮੁੰਦਰ ਵੇਖਣ ਦੀ ਚਿਰਾਂ ਤੋਂ ਦੱਬੀ ਹੋਈ ਰੀਝ ਮੁੜ ਉਸ ਦੇ ਮਨ ਵਿਚ ਜਾਗ ਉਠੀ । ਸਾਰਾ ਹਿਸਾਬ ਜੋੜ ਕੇ ਉਸ ਨੇ ਬੰਬਈ ਵਾਲੇ ਪਾਸੇ ਦਾ ਸ਼ਤਾਬਦੀ ਟਿਕਟ ਲੈਣ ਦਾ ਫ਼ੈਸਲਾ ਕੀਤਾ, ਤੇ ਆਪਣੇ ਮਨ ਵਿਚ ਇਸ ਤਰ੍ਹਾਂ ਪਰੋਗਰਾਮ ਬਣਾਇਆ :-

"ਸਭ ਤੋਂ ਪਹਿਲਾਂ ਬੰਬਈ ਜਾਵਾਂਗਾ—ਉਥੇ ਸਮੁੰਦਰ ਦੇ ਦਰਸ਼ਨ ਕਰਾਂਗਾ—ਕੰਢੇ ਉਤੇ ਖੜੋ ਕੇ ਦੂਰ ਤੀਕ ਵਿਛੇ ਨੀਲੇ ਪਾਣੀ ਨੂੰ ਤੱਕਾਂਗਾ, ਅਥਾਹ ਅਮੁੱਕ, ਦਿਸ-ਹੱਦੇ ਤੀਕ ਫੈਲੇ ਨੀਲੇ ਪਾਣੀ ਨੂੰ—ਕਿਤਨਾ ਸੁੰਦਰ ਦ੍ਰਿਸ਼ ਹੋਵੇਗਾ ! ਮੁੜਦਾ ਹੋਇਆ ਇਤਿਹਾਸਕ ਥਾਵਾਂ, ਤਾਜ ਮਹੱਲ ਤੇ ਮੰਦਰਾਂ ਦੀ ਯਾਤਰਾ ਵੀ ਕਰਾਂਗਾ ।"

ਇਹ ਸੋਚ ਕੇ ਉਸ ਨੇ ਸ਼ਤਾਬਦੀ ਟਿਕਟ ਖ਼ਰੀਦ ਲਿਆ ਤੇ ਪੰਜਾਬ ਮੇਲ ਵਿਚ ਚੜ੍ਹ ਬੈਠਾ ।

ਉਸ ਨੂੰ ਸੁਫ਼ਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਆਇਆ ਜੁ ਗੱਡੀ ਵਿਚ ਇਤਨੀ ਭੀੜ ਹੋਵੇਗੀ । ਸਾਰੀ ਉਮਰ ਪਿੰਡ ਵਿਚ ਰਹਿਣ ਕਰ ਕੇ ਉਹ ਬੜਾ ਸੁਸਤ ਤੇ ਧੀਮੀ ਰਫ਼ਤਾਰ ਦਾ ਆਦੀ ਸੀ । ਉਹ ਬਹੁਤੇ ਰੌਲੇ-ਰੱਪੇ ਤੇ ਸ਼ੋਰ-ਸ਼ਰਾਬੇ ਤੇ ਇਕੱਠ ਤੋਂ ਦੂਰ ਹੀ ਰਹਿਣਾ ਪਸੰਦ ਕਰਦਾ ਸੀ । ਹੁਣ ਜਦ ਉਸ ਨੂੰ ਭੀੜ-ਭੜੱਕੇ ਵਿਚ ਖੜਾ ਹੋਣਾ ਪਿਆ ਤਾਂ ਉਸ ਦਾ ਸਾਹ ਘੁੱਟਿਆ ਜਾਣ ਲੱਗਾ ।

ਉਸ ਨੇ ਭਮੱਤਰੇ ਹੋਏ ਆਪਣੇ ਆਲ-ਦੁਆਲੇ ਤੱਕਿਆ । ਲੋਕ ਇਕੋ ਸਾਹ ਗੱਲਾਂ ਕਰ ਰਹੇ ਸਨ, ਇਕ ਦੂਜੇ ਉਤੇ ਖਿਝ ਰਹੇ ਸਨ ਤੇ ਇਕ ਦੂਜੇ ਨਾਲ ਖਹਿਬੜ ਰਹੇ ਸਨ । ਇਹ ਸਭ ਲੋਕ ਕਿੱਧਰ ਜਾ ਰਹੇ ਸਨ ? ਉਸ ਨੇ ਸਭਨਾਂ ਉਤੇ ਇਕ ਝਾਤ ਸੁੱਟੀ—ਕੋਈ ਰੁਪਏ ਉਗਰਾਹੁਣ ਜਾ ਰਿਹਾ ਸੀ, ਕੋਈ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ, ਕੋਈ ਤੀਰਥ ਯਾਤਰਾ ਕਰਨ, ਕੋਈ ਕਿਸੇ ਕੰਮ ਤੇ ਕੋਈ ਕਿਸੇ ਕੰਮ—ਪਰ ਹਰ ਇਕ ਦੇ ਦਿਲ ਵਿਚ ਇਕੋ ਖ਼ਿਆਲ ਕੰਮ ਕਰ ਰਿਹਾ ਸੀ—ਇਨ੍ਹਾਂ ਤਰੀਹਾਂ ਰੁਪਈਆਂ ਦੇ ਟਿਕਟ ਨਾਲ ਜਿਤਨੀ ਧਰਤੀ ਉਤੇ ਘੁੰਮਿਆ ਜਾ ਸਕਦਾ ਹੈ, ਘੁੰਮ ਲਈਏ, ਇਸ ਟਿਕਟ ਵਿਚੋਂ ਜਿਤਨਾ ਸਫ਼ਰ ਨਚੋੜਿਆ ਜਾ ਸਕਦਾ ਹੈ, ਨਚੋੜ ਲਈਏ । ਪਰ ਟਿਕਟਾਂ ਵਿਚੋਂ ਸਫ਼ਰ ਨਚੋੜਨ ਦੀ ਥਾਂ ਟਿਕਟ ਮੁਸਾਫ਼ਰਾਂ ਨੂੰ ਨਚੋੜ ਰਹੇ ਸਨ । ਇਕ ਆਦਮੀ ਦਾ ਬਟੂਆ ਗੁਆਚ ਗਿਆ ਸੀ, ਇਕ ਦੀ ਜੇਬ ਕੱਟੀ ਗਈ ਸੀ, ਇਕ ਤੀਵੀਂ ਦੀ ਚੁੰਨੀ ਲੀਰਾਂ-ਲੀਰਾਂ ਹੋ ਗਈ ਸੀ, ਇਕ ਮੋਟੇ ਬਾਣੀਏ ਦੀ ਸੁਰਾਹੀ ਦੀ ਗਰਦਨੀ ਟੁਟ ਗਈ ਸੀ ਤੇ ਉਹ ਬੈਠਾ ਗੌਰਮਿੰਟ ਨੂੰ ਪੁਣ ਰਿਹਾ ਸੀ ।

ਇਕ ਬੁੱਢਾ ਤੀਰਥ ਯਾਤਰਾ ਦੇ ਮਹਾਤਮ ਗਿਣਾ ਰਿਹਾ ਸੀ । ਉਹ ਗੱਡੀ ਦੇ ਸਫ਼ਰ ਦਾ, ਜੀਵਨ ਦੇ ਸਫ਼ਰ ਨਾਲ ਮੁਕਾਬਲਾ ਕਰ ਰਿਹਾ ਸੀ, "ਬਸ ਜੀ ਦੋ ਘੜੀ ਦਾ ਮੇਲਾ ਏ, ਕਿਹੜਾ ਗੱਡੀ ਵਿਚ ਈ ਬੈਠੇ ਰਹਿਣਾ ਏ—ਬਸ ਏਸੇ ਤਰ੍ਹਾਂ ਰਲ-ਮਿਲ ਕੇ ਕੱਟ ਲਓ ।"

"ਠੀਕ ਐ ਜੀ, ਇਹ ਸੰਸਾਰ ਵੀ ਗੱਡੀ ਦਾ ਰੂਪ ਐ । ਏਥੇ ਕਿਹੜਾ ਕਿਸੇ ਬੈਠੇ ਰਹਿਣਾ ਏ । ਬਸ ਬਿੰਦ-ਝਟ ਦੀ ਖੇਡ ਐ ।"

ਕਰਮ, ਆਵਾਗਵਨ ਦਾ ਚੱਕਰ, ਸੰਸਾਰ ਦਾ ਮਾਇਆ ਰੂਪੀ ਜਾਲ, ਯੋਗ, ਖਟ-ਸ਼ਾਸਤਰ, ਗੂੜ੍ਹ ਗਿਆਨ—ਸਭ ਵਿਸ਼ਿਆਂ ਉਤੇ ਬਹਿਸਾਂ ਹੋ ਰਹੀਆਂ ਸਨ। ਕਬੀਰ ਦੇ ਦੋਹਿਆਂ ਤੇ ਸੂਰਦਾਸ ਦੇ ਪਦਾਂ ਦੇ ਉਦਾਹਰਨੇ ਦੇ ਕੇ ਇਹ ਸਾਬਤ ਕੀਤਾ ਜਾ ਰਿਹਾ ਸੀ ਕਿ ਜੀਵਨ ਵੀ ਰੇਲ ਗੱਡੀ ਦੇ ਸਫਰ ਵਾਂਗ ਹੀ ਹੈ। ਫਿਰ ਕਿਉਂ ਲੜਦੇ ਓ ਥਾਂ ਲਈ ? ਬਸ ਦੋ-ਚਾਰ ਘੜੀ ਦੀ ਗੱਲ ਹੈ—ਫਿਰ ਸਭ ਯਾਤਰੀ ਉਤਰ ਜਾਣਗੇ ਤੇ ਗੱਡੀ ਖ਼ਾਲੀ ਹੋ ਜਾਵੇਗੀ। ਫਿਰ ਇਹ ਲੜਾਈ ਝਗੜਾ ਕਿਉਂ ? ਇਹ ਤੂੰ-ਤੂੰ ਮੈਂ-ਮੈਂ ਕਿਉਂ ? ਦੋ-ਚਾਰ ਘੜੀ ਦਾ ਮੇਲਾ ਹੈ, ਏਸੇ ਤਰ੍ਹਾਂ ਮਿਲ-ਮਿਲਾ ਕੇ ਕੱਟ ਲਓ।"

ਰਲਾ ਰਾਮ ਨੇ ਵੀ ਵੱਡੀ ਆਹ ਭਰੀ, "ਠੀਕ ਐ ਰਤਾ ਕੁ ਥਾਂ ਲਈ ਕਿਉਂ ਲੜਨਾ ਤੇ ਕਲਪਨਾ ? ਕਿਹੜਾ ਸਦਾ ਲਈ ਏਥੇ ਈ ਬੈਠੇ ਰਹਿਣਾ ਐ, ਦੋ-ਚਾਰ ਘੜੀ ਹੋਰ ਔਖੇ ਹੋ ਲਓ—ਫਿਰ ਠੰਢੀ ਹਵਾ, ਖੁੱਲ੍ਹਾ ਵਾਯੂਮੰਡਲ ਤੇ ਸਮੁੰਦਰ ਦੀਆਂ ਲਹਿਰਾਂ......"

ਉਸ ਨੇ ਆਪਣੇ ਮਨ ਦੇ ਅੰਦਰ ਆਪਣਾ ਪ੍ਰੋਗਰਾਮ ਮੁੜ ਦੁਹਰਾਇਆ।

"ਬੰਬਈ ਵਿਚ ਸਭ ਥਾਵਾਂ ਵੇਖਾਂਗਾ। ਸਮੁੰਦਰ ਦੇ ਕੰਢੇ ਰਜ ਕੇ ਸੈਰ ਕਰਾਂਗਾ........ਸਮੁੰਦਰ ਦੀ ਹਵਾ ਸੇਹਤ ਲਈ ਬੜੀ ਚੰਗੀ ਹੈ......ਤੇ ਫੇਫੜਿਆਂ ਲਈ ਤਾਂ ਬਹੁਤ ਹੀ ਮੁਫ਼ੀਦ ਹੁੰਦੀ ਹੈ......."

ਯਕਦਮ ਉਸ ਦੇ ਫੇਫੜਿਆਂ ਵਿਚ ਕੋਈ ਤੇਜ਼ ਕਾਤੀ ਜਿਹੀ ਖੁਭ ਗਈ ਤੇ ਉਸ ਦਾ ਸਾਹ ਘੁੱਟਿਆ ਗਿਆ। ਗੱਡੀ ਇਕ ਤਿੱਖਾ ਮੋੜ ਕੱਟ ਰਹੀ ਸੀ ਤੇ ਇਕ ਪਾਸੇ ਨੂੰ ਝੂਲ ਗਈ ਸੀ। ਇਕ ਆਦਮੀ ਨੇ ਜੋ ਰਲਾ ਰਾਮ ਦੇ ਨੇੜੇ ਖੜਾ ਸੀ, ਆਪਣੀ ਕੂਹਣੀ ਰਲਾ ਰਾਮ ਦੀਆਂ ਪਸਲੀਆਂ ਵਿਚ ਗੱਡ ਦਿਤੀ ਸੀ। ਰਲਾ ਰਾਮ ਤੜਫਿਆ ਤੇ ਉੱਚੀ ਦੇਣੀ ਮਿਆਂਕਿਆ, "ਉ........ਉ.........ਬੌੜ੍ਹੀਂ।"

ਇਕ ਕਰਾਰੀ ਅਵਾਜ਼ ਉੱਚੀ ਦੇਣੀ ਗੂੰਜੀ—"ਭਰਾਵੋ ! ਚਾਰ ਘੜੀਆਂ ਦਾ ਮੇਲਾ ਹੈ, ਕਿਉਂ ਥਾਂ ਲਈ ਲੜ-ਲੜ ਮਰਦੇ ਹੋ ?"

ਰਲਾ ਰਾਮ ਹੂੰਗਰ ਮਾਰਦਾ ਰਿਹਾ। ਗੱਡੀ ਉਸੇ ਤਰ੍ਹਾਂ ਦੌੜਦੀ ਰਹੀ। ਬਹੁਤ ਚਿਰ ਪਿਛੋਂ ਪਤਾ ਨਹੀਂ ਕਦੋਂ, ਗੱਡੀ ਇਕ ਹੁਝਕੇ ਨਾਲ ਖੜੋ ਗਈ।

ਉਸ ਨੇ ਆਪਣੀਆਂ ਅੱਖਾਂ ਝਪਕੀਆਂ ਜੋ ਗੇਰੂ ਵਾਂਗ ਲਾਲ ਸਨ ਤੇ ਪੁੱਛਿਆ, "ਕਿਹੜਾ ਸਟੇਸ਼ਨ ਐ ?"

"ਝਾਂਸੀ ਦਾ।"

ਉਸ ਨੂੰ ਝਾਂਸੀ ਦੀ ਰਾਣੀ, ਝਾਂਸੀ ਦਾ ਇਤਿਹਾਸ ਤੇ ਨਾਲ ਹੀ ਝਾਂਸੀ ਦੀ ਰਾਣੀ ਦੀ ਬਹਾਦਰੀ ਦੇ ਸਭ ਕਿੱਸੇ ਚੇਤੇ ਆ ਗਏ ਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਦੀ ਸਾਰੀ ਕਹਾਣੀ ਅੱਖਾਂ ਅੱਗੇ ਫਿਰ ਗਈ। ਆਜ਼ਾਦੀ ! ਝਾਂਸੀ ! ਏਸੇ ਆਜ਼ਾਦੀ ਦਾ ਪਹਿਲਾ ਨਾਅਰਾ ਸੀ। ਝਾਂਸੀ ਦਾ ਸਟੇਸ਼ਨ ਨਿਕਲ ਗਿਆ, ਆਜ਼ਾਦੀ ਦਾ ਨਾਅਰਾ ਵੀ ਪਿਛੇ ਰਹਿ ਗਿਆ।

ਹਰ ਸਟੇਸ਼ਨ ਉਤੇ ਥੋੜ੍ਹੇ ਜਿਹੇ ਮੁਸਾਫ਼ਰ ਲੱਥਦੇ ਪਰ ਉਨ੍ਹਾਂ ਦੀ ਥਾਂ ਮੱਲਣ ਲਈ ਸੈਂਕੜੇ ਲੋਕ ਹੱਲਾ ਬੋਲ ਦੇਂਦੇ। ਉਹ ਭੁੱਖੀਆਂ ਅੱਖਾਂ ਨਾਲ ਗੱਡੀ ਉਤੇ ਝਪਟਦੇ। ਉਨ੍ਹਾਂ ਦੇ ਮੂੰਹ ਤਪੇ ਹੋਏ ਤਾਂਬੇ ਵਾਂਗ ਗੁੱਸੇ ਨਾਲ ਦਗਦੇ ਹੁੰਦੇ, ਗੱਡੀ ਕੂਕ ਮਾਰ ਕੇ



ਹੌਲੀ-ਹੌਲੀ ਤੁਰਨ ਲਗਦੀ। ਮੁਸਾਫਰ ਸਿਰਾਂ ਉਤੇ ਗੰਢੜੀਆਂ ਤੇ ਟਰੰਕ ਚੁੱਕੀ ਕੁਝ ਦੂਰ ਤੀਕ ਗੱਡੀ ਦੇ ਨਾਲ-ਨਾਲ ਦੌੜਦੇ ਪਰ ਫਿਰ ਹਫ ਜਾਂਦੇ ਤੇ ਫਿਰ ਪਿਛੇ ਰਹਿ ਜਾਂਦੇ। ਕੁਝ ਲੋਕ ਚਲਦੀ ਗੱਡੀ ਨਾਲ ਚੰਬੜ ਜਾਂਦੇ ਪਰ ਜਿਵੇਂ ਤੇਜ਼ ਘੁੰਮਦੀ ਖ਼ਰਾਦ ਉਤੇ ਫਾਲਤੂ ਛਿਲਤਰਾਂ ਲੱਥ ਕੇ ਡਿਗ ਪੈਂਦੀਆਂ ਹਨ, ਏਸੇ ਤਰ੍ਹਾਂ ਫਾਲਤੂ ਮੁਸਾਫਰ ਪਲੇਟ-ਫ਼ਾਰਮ ਉਤੇ ਡਿਗ ਪੈਂਦੇ। ਮੁਸਾਫਰਾਂ ਦੀ ਗਿਣਤੀ ਉਤਨੀ ਹੀ ਰਹਿੰਦੀ। ਮਾਦਾ ਠੋਸ ਹਕੀਕਤ ਹੈ, ਨਾ ਇਹ ਘਟਦਾ ਹੈ, ਨਾ ਇਹ ਵਧਦਾ ਹੈ—ਇਹ ਕੁਦਰਤ ਦਾ ਕਾਨੂੰਨ ਹੈ। ਇਹੋ ਕਾਨੂੰਨ ਗੱਡੀ ਦਾ ਸੀ। ਮੁਸਾਫਰਾਂ ਦੀ ਗਿਣਤੀ ਨਾ ਘਟਦੀ ਸੀ ਨਾ ਵਧਦੀ ਸੀ।

ਲੋਕਾਂ ਚਰਰ-ਚਰਰ ਲਾ ਰਖੀ ਸੀ। ਵੱਖ-ਵੱਖ ਆਵਾਜ਼ਾਂ ਵੱਖ-ਵੱਖ ਰਾਵਾਂ ਦੇ ਰਹੀਆਂ ਸਨ। ਪਤਾ ਨਹੀਂ ਇਹ ਲੋਕ ਇਤਨਾ ਕਿਉਂ ਬੋਲਦੇ ਸਨ।

ਇਕ ਝੁਰੜੇ ਮੂੰਹ ਵਾਲੀ ਬੁੱਢੀ ਪੁੱਛ ਰਹੀ ਸੀ, "ਇਹ ਸ਼ਤਾਬੀ ਟਿਕਟ ਕਾਹਦਾ ਹੈ ?"

"ਸ਼ਤਾਬੀ ਨਹੀਂ ਸ਼ਤਾਬਦੀ।"

"ਸ਼ਤਾਬਦੀ।"

"ਹਾਂ ਸ਼ਤਾਬਦੀ।"

"ਸ਼ਤਾਬਦੀ—ਸੌ ਸਾਲ ਦਾ ਟਿਕਟ। ਹੁਣ ਗੱਡੀ ਚਲੀ ਨੂੰ ਸੌ ਸਾਲ ਹੋ ਗਏ ਹਨ। ਇਸ ਖੁਸ਼ੀ ਵਿਚ ਸਰਕਾਰ ਨੇ ਲੋਕਾਂ ਨੂੰ ਇਹ ਟਿਕਟ ਵੰਡੇ ਹਨ।"

ਇਕ ਬੁੱਢਾ ਆਖ ਰਿਹਾ ਸੀ, "ਜੋ ਕੋਈ ਸ਼ਤਾਬਦੀ ਟਿਕਟ ਉਤੇ ਸਫਰ ਕਰਦਾ ਹੈ, ਸੌ ਸਾਲ ਜਿਊਂਦਾ ਹੈ।"

ਇਕ ਮੋਟਾ ਬਾਣੀਆਂ ਹਿਸਾਬ ਲਾ ਕੇ ਲੋਕਾਂ ਨੂੰ ਦਸ ਰਿਹਾ ਸੀ, "ਜੀ ਗੌਰਮਿੰਟ ਨੇ ਤਾਂ ਲੁੱਟ ਪਾ ਰਖੀ ਐ—ਜੇ ਮੈਨੂੰ ਪਤਾ ਹੁੰਦਾ ਕਿ ਇਤਨੀ ਭੀੜ ਹੈ ਤਾਂ ਮੈਂ ਤਾਂ ਕਦੀ ਟਿਕਟ ਨਾ ਲੈਂਦਾ—ਮੈਂ ਤਾਂ ਸੁਣਿਆਂ ਐ ਇਨ੍ਹਾਂ ਟਿਕਟਾਂ ਨਾਲ ਰੇਲਵਾਈ ਨੇ ਤੀਹ ਲੱਖ ਨਫਾ ਖੱਟਿਆ ਹੈ।"

"ਟਿਕਟਾਂ ਤੇ ਭਲਾ ਸਰਕਾਰ ਦਾ ਕੋਈ ਮੁੱਲ ਲਗਦੈ ? ਮਿੰਟਾਂ ਵਿਚ ਭਾਵੇਂ ਲੱਖਾਂ ਛਾਪ ਲਵੇ। ਬੱਸ ਟਿਕਟਾਂ ਛਾਪੀਆਂ ਤੇ ਰੁਪਏ ਖਰੇ ਕਰ ਲਏ। ਭਲਾ ਗੱਡੀਆਂ ਹੋਰ ਕਿਉਂ ਨਾ ਚਲਾਈਆਂ ?"

ਇਕ ਬਜ਼ੁਰਗ ਸਿੱਖ ਬੋਲਿਆ, "ਹੋਰ ਗੱਡੀਆਂ ਸਰਕਾਰ ਕਿਉਂ ਚਲਾਏ ਜਦੋਂ ਇਕੋ ਗੱਡੀ ਨਾਲ ਕੰਮ ਸਰੀ ਜਾਂਦਾ ਹੈ। ਜੀ ਇਹ ਗੱਡੀ ਗੁਰੂ ਦਾ ਲੰਗਰ ਐ—ਜਿੰਨੇ ਲੋਕ ਆ ਜਾਣ ਉਤਨੇ ਹੀ ਵਰਤ ਜਾਣਗੇ.......ਕੋਈ ਭੁੱਖਾ ਨਹੀਂ ਰਹਿੰਦਾ। ਵੇਖ ਲਓ—ਭਾਵੇਂ ਇਸ ਡੱਬੇ ਉਤੇ ਲਿਖਿਆ ਹੋਇਆ ਐ ਸਿਰਫ਼ ਚਾਲ੍ਹੀ ਮੁਸਾਫਰਾਂ ਲਈ—ਪਰ ਅਸੀਂ ਵਾਹਗੁਰੂ ਦੀ ਕਿਰਪਾ ਨਾਲ ਢਾਈ ਸੌ ਤੋਂ ਉਤੇ ਬੈਠੇ ਆਂ........"

ਇਕ ਜੱਟ ਬੋਲਿਆ, "ਇਹ ਟਿਕਟਾਂ ਬੜੀਆਂ ਸਸਤੀਆਂ ਹਨ—ਤੇ ਹੂਟੇ ਮੁਖ਼ਤ ਦੇ।"

ਗੱਡੀ ਦੋ ਘੰਟਿਆਂ ਤੋਂ ਨੱਸੀ ਜਾ ਰਹੀ ਸੀ। ਦਰਖ਼ਤ, ਘਰ, ਝੁੱਗੀਆਂ, ਖੇਤ ਤੇ ਸਟੇਸ਼ਨ ਨਿੱਕੇ-ਨਿੱਕੇ ਪਰਛਾਵਿਆਂ ਵਾਂਗ ਉਡ ਰਹੇ ਸਨ। ਗੱਡੀ ਰੁਕਨ ਵਿਚ ਹੀ ਨਹੀਂ ਸੀ ਆਉਂਦੀ। ਰਲਾ ਰਾਮ ਦੇ ਬੁੱਲ੍ਹ ਸੁੱਕਦੇ ਜਾ ਰਹੇ ਸਨ। ਉਹ ਵਾਰ-ਵਾਰ ਆਖਦਾ ਸੀ, "ਪਾਣੀ !"

ਛੇਕੜ ਸਟੇਸ਼ਨ ਆਇਆ ਤੇ ਗੱਡੀ ਖੜੀ ਹੋਈ। ਲੋਕਾਂ ਵਿਚ ਭਾਜੜ ਪੈ ਗਈ। ਇੰਜਨ ਪਾਣੀ ਪੀ ਰਿਹਾ ਸੀ। ਛਾਬੜੀਆਂ ਵਾਲੇ ਉੱਚੀ-ਉੱਚੀ ਹੋਕੇ ਲਾ ਰਹੇ ਸਨ :

"ਆਲੂ ਛੋਲੇ, ਪਾਪੜ !"

"ਮੂੰਗਫਲੀ ਸਿਗਰਟ !"

"ਗਰਮ-ਗਰਮ ਪੂੜੀਆਂ !"

ਇਸ ਚੀਕ-ਚਿਹਾੜੇ ਵਿਚ ਕਿਤੇ "ਪਾਣੀ ! ਠੰਡਾ ਪਾਣੀ !" ਦੀ ਹਾਕ ਵੀ ਸੁਣਾਈ ਦੇ ਰਹੀ ਸੀ।

ਇਕ ਪਾਣੀ ਵਾਲਾ ਡੋਲ ਤੇ ਗੜਵੀ ਫੜੀ ਪਲੇਟ-ਫ਼ਾਰਮ ਉਤੇ ਲੋਕਾਂ ਨੂੰ ਪਾਣੀ ਪਿਲਾਉਂਦਾ ਦੌੜਦਾ ਫਿਰਦਾ ਸੀ। ਜੋ ਲੋਕ ਖਿੜਕੀਆਂ ਕੋਲ ਬੈਠੇ ਸਨ ਉਹ ਆਪਣੀਆਂ ਬੂਥੀਆਂ ਬਾਹਰ ਕੱਢੀ ਓਕ ਨਾਲ ਪਾਣੀ ਪੀ ਰਹੇ ਸਨ। ਪਾਣੀ ਦੀ ਧਾਰ ਉਨ੍ਹਾਂ ਦੇ ਨੱਕ ਤੇ ਡਿਗਦੀ ਤੇ ਫਿਰ ਬੁੱਲਾਂ ਉਤੇ ਛਲ੍ਹਕ ਪੈਂਦੀ, ਕੁਝ ਪਾਣੀ ਠੋਡੀ ਉਤੇ ਡੁੱਲ੍ਹਦਾ ਤੇ ਕੁਝ ਛਿੱਟੇ ਕਪੜਿਆਂ ਉਤੇ ਪੈਂਦੇ, ਅੱਧਾ ਪਾਣੀ ਉਨ੍ਹਾਂ ਦੇ ਸੰਘ ਹੇਠ ਜਾਂਦਾ ਤੇ ਅੱਧਾ ਜ਼ਮੀਨ ਉਤੇ ਡੁੱਲ੍ਹ ਜਾਂਦਾ। ਪਾਣੀ ਵਾਲਾ ਛੇਤੀ ਦੇਣੀ ਗੜਵੀ ਮੁਧਿਆ ਕੇ ਦੂਜੀ ਖਿੜਕੀ ਵਲ ਅੱਗੇ ਦੌੜ ਪੈਂਦਾ, "ਠੰਡਾ ਜਲ।"

ਰਲਾ ਰਾਮ ਦੇ ਸੰਘ ਵਿਚ ਕੰਡੇ ਜਿਹੇ ਚੁਭ ਰਹੇ ਸਨ। "ਪਾਣੀ......ਪਾਣੀ !" ਉਸ ਨੇ ਤਰਲੇ ਨਾਲ ਆਖਿਆ।

ਇੰਜਨ ਨੇ ਸੀਟੀ ਮਾਰੀ ਤੇ ਗੱਡੀ ਫਿਰ ਤੁਰ ਪਈ।

"ਪਾਣੀ ! ਉਫ਼......ਫ......!"

ਰਲਾ ਰਾਮ ਭੀੜ ਵਿਚ ਫਸਿਆ ਹੋਇਆ ਪਾਣੀ ਮੰਗਦਾ ਰਿਹਾ। ਬਹੁਤ ਜਤਨ ਕਰਨ ਉਤੇ ਵੀ ਉਹ ਆਪਣੀ ਥਾਂ ਤੋਂ ਨਾ ਹਿੱਲ ਸਕਿਆ।

ਖਿੜਕੀ ਵਿਚੋਂ ਉਸ ਨੂੰ ਨੀਲੇ ਅਸਮਾਨ ਦੀ ਇਕ ਟਾਕੀ ਗੱਡੀ ਦੇ ਨਾਲ-ਨਾਲ ਨੱਸਦੀ ਦਿਖਾਈ ਦੇ ਰਹੀ ਸੀ। ਕਿਤੇ-ਕਿਤੇ ਕੋਈ ਝਾੜ ਜਾਂ ਟਹਿਣੀ ਫਰ ਦੇਣੀ ਉਸ ਦੇ ਕੋਲ ਦੀ ਨਿਕਲ ਜਾਂਦੀ, ਕੋਈ ਝੌਲਾ ਜਿਹਾ ਉਸ ਦੇ ਅੱਗੇ ਦੀ ਘੁੰਮ ਜਾਂਦਾ ਤੇ ਫਿਰ ਨੀਲਾ ਅਸਮਾਨ ਨਾਲ-ਨਾਲ ਦੌੜਨ ਲਗਦਾ।

ਉਸ ਨੇ ਲੋਕਾਂ ਵਲ ਤੱਕਿਆ। ਉਹ ਗੱਲਾਂ ਕਰ ਰਹੇ ਸਨ, ਪਰ ਉਹ ਉਨ੍ਹਾਂ ਦੀਆਂ ਗੱਲਾਂ ਨਹੀਂ ਸੀ ਸੁਣ ਰਿਹਾ। ਉਨ੍ਹਾਂ ਦੀਆਂ ਆਵਾਜ਼ਾਂ ਕਿਤੋਂ ਦੂਰ ਪਾਰਲੇ ਕੰਢੇ ਤੋਂ ਆਉਂਦੀਆਂ ਜਾਪੀਆਂ।

ਕੋਈ ਆਖ ਰਿਹਾ ਸੀ, "ਪੈਂਡਾ ਤਾਂ ਮੁੱਕ ਹੀ ਜਾਂਦਾ ਹੈ, ਭਾਵੇਂ ਔਖਾ ਭਾਵੇਂ ਸੌਖਾ।"

"ਵੱਡੀ ਤੋਂ ਵੱਡੀ ਮੰਜ਼ਲ ਕੱਟੀ ਜਾਂਦੀ ਹੈ।"

"ਸਾਡਾ ਪੈਂਡਾ ਵੀ ਛੇਤੀ ਹੀ ਮੁੱਕ ਜਾਏਗਾ।"

ਰਲਾ ਰਾਮ ਨੂੰ ਨਹੀਂ ਪਤਾ ਲੱਗਾ ਦਿਨ ਕਦੋਂ ਰਾਤ ਦੀਆਂ ਡੂੰਘਾਣਾਂ ਵਿਚ ਲੱਥ ਗਿਆ। ਹੌਲੀ-ਹੌਲੀ ਬਿਨ-ਮਲੂਮੇ, ਦਿਨ ਦੀ ਰੋਸ਼ਨੀ ਫਿੱਕੀ ਪੈ ਗਈ ਤੇ ਕਾਲਾ ਹਨੇਰਾ ਧਰਤੀ ਉਤੇ ਵਿਛ ਗਿਆ। ਗੱਡੀ ਵਿਚ ਧੁੰਦਲੀਆਂ ਕੰਬਦੀਆਂ ਹੋਈਆਂ ਬੱਤੀਆਂ ਬਲ ਉਠੀਆਂ। ਬੱਤੀ ਰਲਾ ਰਾਮ ਦੇ ਐਨ ਸਿਰ ਉਤੇ ਸੀ, ਇਸ ਵਿਚੋਂ ਚਾਨਣੇ ਦੀ



ਥਾਂ ਸੇਕ ਬਹੁਤਾ ਆਉਂਦਾ ਸੀ। ਇਸ ਦੇ ਗਿਰਦ ਕੀੜੇ, ਪਤੰਗੇ ਤੇ ਵੱਡੇ-ਵੱਡੇ ਖੰਭਾਂ ਵਾਲੇ ਭਮੱਕੜ ਚੱਕਰ ਲਾ ਰਹੇ ਸਨ। ਰਲਾ ਰਾਮ ਹੈਰਾਨ ਸੀ, ਇਹ ਭਮੱਕੜ ਕਿਥੋਂ ਆ ਗਏ ? ਬਾਹਰ ਰਾਤ ਗੂੜ੍ਹੀ ਨੀਲੀ ਸੀ, ਖਿੜਕੀ ਵਿਚੋਂ ਇਕ ਅੱਧਾ ਤਾਰਾ ਘੜੀ-ਮੁੜੀ ਟਿਮਕਦਾ ਦਿਖਾਈ ਦੇਂਦਾ। ਨੀਂਦਰ ਨਾਲ ਉਸ ਦੀਆਂ ਅੱਖਾਂ ਮਿਚੀਆਂ ਜਾ ਰਹੀਆਂ ਸਨ। ਹੌਲੀ-ਹੌਲੀ ਉਸ ਦਾ ਸਿਰ ਭਾਰੀ ਹੋ ਗਿਆ ਤੇ ਉੱਲਰ ਕੇ ਉਸ ਦੀ ਛਾਤੀ ਉਤੇ ਡਿਗ ਪਿਆ ਤੇ ਉਹ ਸੌਂ ਗਿਆ ਤੇ ਸੁਫਨੇ ਤੱਕਣ ਲੱਗਾ........

ਇਕ ਵਾਰ ਫਿਰ ਉਹ ਮੁੰਡਿਆਂ ਨੂੰ ਜੁਗਰਾਫ਼ੀਆ ਪੜ੍ਹਾ ਰਿਹਾ ਸੀ ਤੇ ਕੋਹ ਹਮਾਲੀਆ ਤੇ ਕੋਹ ਸੁਲੇਮਾਨ ਦਾ ਮੁਕਾਬਲਾ ਕਰ ਰਿਹਾ ਸੀ......ਉਸ ਨੇ ਪਹਾੜਾਂ ਵਿਚੋਂ ਫੁਟਦੇ ਦਰਿਆਵਾਂ ਦੀ ਕਲ-ਕਲ ਸੁਣੀ ਜੋ ਮੈਦਾਨਾਂ ਵਿਚਦੀ ਵਗਦੇ ਹੋਏ ਦੂਰ ਸਮੁੰਦਰ ਵਿਚ ਜਾ ਡਿਗ ਰਹੇ ਸਨ.......ਉਸ ਨੇ ਆਪਣੀ ਖੂੰਡੀ ਨੂੰ ਜ਼ੋਰ ਦੀ ਹਵਾ ਵਿਚ ਘੁਮਾਇਆ ਤੇ ਮੇਜ਼ ਉਤੇ ਮਾਰੀ-ਕੜਾਖ ! ਖਾਮੋਸ਼ !........

ਇਕ ਜੱਟ ਦੀ ਗੰਢੜੀ ਫੱਟੇ ਤੋਂ ਹੇਠਾਂ ਫਰਸ਼ ਉਤੇ ਧੜੰਮ ਦੇਣੀ ਡਿਗ ਪਈ ਸੀ ਜਿਸ ਨੇ ਰਲਾ ਰਾਮ ਨੂੰ ਝੰਜੋੜ ਕੇ ਜਗਾ ਦਿੱਤਾ।

ਸੁਫਨਿਆਂ ਨਾਲ ਲੱਦੀਆਂ ਹੋਈਆਂ ਗੱਡੀਆਂ ਆਉਂਦੀਆਂ ਤੇ ਇਕ ਦੂਜੇ ਨਾਲ ਭਿੜ ਜਾਂਦੀਆਂ, ਜ਼ੋਰ ਦਾ ਧਮਾਕਾ ਹੁੰਦਾ ਤੇ ਰਲਾ ਰਾਮ ਦੀ ਜਾਗ ਖੁੱਲ੍ਹ ਜਾਂਦੀ........

ਬਾਹਰ ਰਾਤ ਦਾ ਹਨੇਰਾ ਕੰਬ ਰਿਹਾ ਸੀ ਤੇ ਹਿੱਲ ਰਿਹਾ ਸੀ ਜਿਵੇਂ ਰਿੱਛ ਦੀ ਜੱਤ ਹੁੰਦੀ ਹੈ.......ਤਾਰੇ ਇਕ ਦਮ ਆਤਸ਼-ਬਾਜ਼ੀ ਦੇ ਪਟਾਖਿਆਂ ਵਾਂਗ ਚਲੇ.......ਤੇ ਰੰਗ-ਬਰੰਗੇ ਟਿਮਕਣਿਆਂ ਵਾਂਗ ਖਿੰਡ ਗਏ ਤੇ ਘੁੰਮਣ ਲੱਗੇ ਜਿਵੇਂ ਚਾਂਦੀ ਦੇ ਰੁਪਈਏ ਘੁੰਮਦੇ ਹਨ.......ਉਸ ਨੇ ਇਨ੍ਹਾਂ ਰੁਪਈਆਂ ਦੀ ਛਣਕਾਰ ਸੁਣੀ......ਇਹ ਰੁਪਈਏ ਗੋਲ-ਗੋਲ ਚਿੱਟ-ਚਿੱਟੇ ਟਊਇਆਂ ਵਾਂਗ ਘੁੰਮਣ ਲੱਗੇ, ਤੇਜ਼ ਤੇਜ਼.......ਜਿਵੇਂ ਗੱਡੀ ਦੇ ਪਹੀਏ ਘੁੰਮਦੇ ਹਨ ਤੇ ਉਹ ਇਨ੍ਹਾਂ ਟਊਇਆਂ ਉਤੇ ਸਵਾਰ ਹੋ ਗਿਆ........

ਸਟੇਸ਼ਨ ਰਾਤ ਦੇ ਹਨੇਰੇ ਵਿਚ ਚਾਮ-ਚੜਿੱਕਾਂ ਵਾਂਗ ਉਡਦੇ ਹੋਏ ਕੋਲ ਦੀ ਲੰਘ ਜਾਂਦੇ। ਕਈ ਘੰਟੇ ਬੀਤ ਗਏ। ਰਲਾ ਰਾਮ ਏਸੇ ਤਰ੍ਹਾਂ ਖੜਾ ਊਂਘਦਾ ਰਿਹਾ, ਨਾ ਸੌਂਦਾ ਨਾ ਜਾਗਦਾ। ਇਸ ਤਰ੍ਹਾਂ ਉਂਘਲਾਂਦੇ ਹੋਏ ਜਦ ਉਸ ਦਾ ਸਿਰ ਇਕ ਪਾਸੇ ਨੂੰ ਝੂਟਾ ਖਾਂਦਾ ਤਾਂ ਉਸ ਨੂੰ ਇੰਜ ਜਾਪਦਾ ਜਿਵੇਂ ਉਸ ਨੇ ਅੱਧੀ ਦੁਨੀਆਂ ਦਾ ਚੱਕਰ ਕੱਟ ਲੀਤਾ ਹੁੰਦਾ ਹੈ........ਪਤਾ ਨਹੀਂ, ਉਹ ਕਿਤਨਾ ਚਿਰ ਇਸੇ ਤਰ੍ਹਾਂ ਖੜਾ ਰਿਹਾ।

ਇਕ ਬੱਚਾ ਰੋ ਰਿਹਾ ਸੀ। ਉਸ ਦੀ ਚਾਂ-ਚਾਂ ਰਲਾ ਰਾਮ ਦੀ ਨੀਂਦਰ ਵਿਚ ਤਿੱਖੀ ਮੇਖ ਵਾਂਗ ਖੁਭ ਗਈ। ਰਲਾ ਰਾਮ ਅਭੜਵਾਹਾ ਉਠਿਆ।

ਮੋਟਾ ਬਾਣੀਆਂ ਘੁਰਾੜੇ ਮਾਰ ਰਿਹਾ ਸੀ, ਇਕ ਬੁੱਢਾ ਖੰਘ ਰਿਹਾ ਸੀ। ਇਕ ਬੱਚਾ ਰੋ ਰਿਹਾ ਸੀ। ਰਲਾ ਰਾਮ ਨੇ ਫਿਰ ਆਪਣੀਆਂ ਸੁੱਜੀਆਂ ਹੋਈਆਂ ਅੱਖਾਂ ਖੋਲ੍ਹੀਆਂ। ਉਨ੍ਹਾਂ ਵਿਚ ਨੀਂਦ ਰੜਕ ਰਹੀ ਸੀ। ਮੱਧਮ ਬੱਤੀਆਂ ਦੀ ਬੀਮਾਰ ਰੋਸ਼ਨੀ ਵਿਚ ਲੋਕਾਂ ਦੇ ਬਿੰਦੇ ਚਿਹਰੇ ਜਿਨ੍ਹਾਂ ਉਤੇ ਰਸੌਂਤੀ ਪਰਛਾਵੇਂ ਕੰਬ ਰਹੇ ਸਨ, ਹੋਰ ਵੀ ਖੌਫ਼ਨਾਕ ਜਾਪਣ ਲੱਗੇ। ਸਫ਼ਰ ਮੁੱਕਣ ਵਿਚ ਹੀ ਨਹੀਂ ਸੀ ਆਉਂਦਾ। ਉਸ ਨੇ ਆਪਣੀਆਂ ਅੱਖਾਂ ਝਪਕੀਆਂ ਜੋ ਇਸ ਵੇਲੇ ਪੀਲੂਆਂ ਵਾਂਗ ਲਾਲ ਸਨ। ਇਹ ਸਫ਼ਰ ਕਿਉਂ ਨਹੀਂ ਮੁੱਕਦਾ ? ਗੱਡੀ ਕਿਉਂ ਨਹੀਂ ਖੜੋਂਦੀ ? ਕੋਈ ਜੰਕਸ਼ਨ ਕਿਉਂ ਨਹੀਂ

ਆਉਂਦਾ ? ਕੀ ਇਹ ਕਦੀ ਵੀ ਨਹੀਂ ਖੜੋਵੇਗੀ ? ਕੀ ਇਹ ਸਦਾ ਏਸੇ ਤਰ੍ਹਾਂ ਨੱਸਦੀ ਤੁਰੀ ਜਾਵੇਗੀ ? ਕੂਕਾਂ ਮਾਰਦੀ........ਹਵਾ ਨੂੰ ਫੱਕਦੀ ਹੋਈ........ਉਸ ਨੂੰ ਇਉਂ ਜਾਪਣ ਲੱਗਿਆ ਜਿਵੇਂ ਸੌ ਸਾਲ ਹੋ ਗਏ ਹੋਣ........ਸ਼ਾਇਦ ਇਸ ਤੋਂ ਵੀ ਪਹਿਲਾਂ ਉਹ ਗੱਡੀ ਵਿਚ ਚੜ੍ਹਿਆ ਸੀ........ਉਸ ਨੂੰ ਇਉਂ ਭਾਸਿਆ ਜਿਵੇਂ ਉਹ ਇਸੇ ਤਰ੍ਹਾਂ ਉਥੇ ਹੀ ਖੜਾ ਬੁੱਢਾ ਹੋ ਗਿਆ ਹੋਵੇ.......ਤੇ ਉਸ ਦੇ ਲੰਬੀ ਚਿੱਟੀ ਦਾੜ੍ਹੀ ਉੱਗ ਆਈ ਹੋਵੇ।

ਜਦ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਵੇਖਿਆ ਕਿ ਦਿਨ ਚੜ੍ਹ ਆਇਆ ਸੀ। ਸੂਰਜ ਦੀਆਂ ਪੀਲੀਆਂ ਕਿਰਨਾਂ ਖਿੜਕੀ ਵਿਚੋਂ ਅੰਦਰ ਆ ਰਹੀਆਂ ਸਨ। ਲੋਕ ਰਾਤ ਦੇ ਉਨੀਂਦਰੇ ਬੈਠੇ ਸਨ। ਉਨ੍ਹਾਂ ਦੇ ਮੂੰਹ ਅਨ-ਧੋਤੇ ਤੇ ਵਾਲ ਖਿਲਰੇ ਹੋਏ ਸਨ ਤੇ ਝਿਮਣੀਆਂ ਉਤੇ ਕੋਲਿਆਂ ਦੀ ਗਿੱਡ ਸੀ ਤੇ ਲਾਲ-ਲਾਲ ਪਾਟੀਆਂ ਹੋਈਆਂ ਅੱਖਾਂ ਵਿਚੋਂ ਪਾਣੀ ਚੋ ਰਿਹਾ ਸੀ।

ਗੱਡੀ ਰਾਤ ਦੀ ਕਾਲੀ ਸੁਰੰਗ ਵਿਚੋਂ ਨਿਕਲ ਕੇ ਸਵੇਰ ਦੀ ਗੁਲਾਬੀ ਧੁੰਦ ਦੀ ਵਾਦੀ ਵਿਚ ਆ ਗਈ ਸੀ। ਧਰਤੀ ਦਾ ਰੰਗ ਵੀ ਬਦਲ ਗਿਆ ਸੀ। ਕਰੜੀ ਭੂਰੀ ਜ਼ਮੀਨ ਦੀ ਥਾਂ ਗੁਦੇਲੇ ਵਰਗੀ ਨਰਮ ਕਾਲੀ ਭੋਂ ਆ ਗਈ ਸੀ, ਜਿਸ ਉਤੇ ਥਾਂ-ਥਾਂ ਸ਼ਰਬਤੀ ਰੰਗ ਦੇ ਫੁੱਲਾਂ ਨਾਲ ਲੱਦੇ ਹੋਏ ਢੱਕ ਦੇ ਦਰਖਤ ਤੇ ਨਿੱਕੇ-ਨਿੱਕੇ ਬੂਟੇ ਉੱਗੇ ਨਜ਼ਰ ਆਉਂਦੇ ਸਨ। ਡੱਬਾ ਹੁਣ ਤੀਕ ਗਰਮ ਸੀ। ਮੁਸਾਫਰਾਂ ਵਿਚੋਂ ਰਾਤ ਦੀ ਬਾਸੀ ਹਵਾੜ ਤੇ ਖੱਟੀ-ਖੱਟੀ ਹੁੰਮਸ ਆ ਰਹੀ ਸੀ—ਡੱਕੀ ਹੋਈ ਮੁਸ਼ਕ ਜਿਸ ਵਿਚੋਂ ਸਿੱਲ੍ਹਾ ਤ੍ਰੁੱਕਿਆ ਹੋਇਆ ਧੂੰਆਂ ਉਠ ਰਿਹਾ ਸੀ। ਬਾਹਰ ਜ਼ਮੀਨ, ਦਰੱਖ਼ਤ, ਖੇਤ ਤੇ ਝਾੜੀਆਂ ਘੁੰਮ ਰਹੀਆਂ ਸਨ। ਰਲਾ ਰਾਮ ਦਾ ਸਿਰ ਵੀ ਘੁੰਮ ਰਿਹਾ ਸੀ।

ਗੱਡੀ ਇਗਤਪੁਰੀ ਦੇ ਸਟੇਸ਼ਨ ਉਤੇ ਖੜੀ ਹੋਈ, ਏਥੇ ਕੋਲੇ ਦਾ ਇੰਜਨ ਬਦਲ ਕੇ ਬਿਜਲੀ ਦਾ ਇੰਜਨ ਲਗਣਾ ਸੀ ਜਿਸ ਕਰ ਕੇ ਏਥੇ ਗੱਡੀ ਚੋਖਾ ਚਿਰ ਖੜੀ ਹੋਈ। ਕੁਝ ਲੋਕ ਖਿੜਕੀਆਂ ਵਿਚੋਂ ਦੀ ਕੁੱਦ ਕੇ ਮੂੰਹ-ਹੱਥ ਧੋਣ ਲਈ ਪਲੇਟਫਾਰਮ ਉਤੇ ਨਲ੍ਹਕੇ ਦੇ ਦੁਆਲੇ ਇਕੱਠੇ ਹੋ ਗਏ, ਉਨ੍ਹਾਂ ਨੇ ਜ਼ੋਰ-ਜ਼ੋਰ ਦੀ ਨੱਕ ਸੁਣਕਿਆ, ਗਰਾਰੇ ਕੀਤੇ, ਦੰਦਾਂ ਨੂੰ ਉਂਗਲ ਮਲ-ਮਲ ਕੇ ਛੇਤੀ-ਛੇਤੀ ਰਗੜਿਆ ਤੇ ਮੁੜ ਆਪਣੀਆਂ ਥਾਵਾਂ ਉਤੇ ਆ ਗਏ। ਰਲਾ ਰਾਮ ਦੀਆਂ ਅੱਖਾਂ ਵਿਚ ਨੀਂਦ ਰੜਕ ਰਹੀ ਸੀ ਤੇ ਉਹ ਗੇਰੂ ਵਾਂਗ ਲਾਲ ਸਨ। ਫਿਰ ਉਸ ਦੀ ਅੱਖ ਲਗ ਗਈ। ਜਦ ਗੱਡੀ ਤੁਰੀ ਤੇ ਝਟਕਾ ਵੱਜਿਆ ਤਾਂ ਉਹ ਫਿਰ ਜਾਗ ਪਿਆ।

ਗੱਡੀ ਫ਼ਰਾਟੇ ਭਰਦੀ ਉੱਡੀ ਜਾ ਰਹੀ ਸੀ, ਭਿੱਜੀ-ਭਿੱਜੀ ਹਵਾ ਦੇ ਬੁੱਲੇ ਆਉਣ ਲੱਗੇ, ਪੁਲਾੜ ਵਿਚ ਲੂਣੀ ਹਵਾ ਦੀ ਕੰਬਣੀ ਜਿਹੀ ਛਿੜੀ ਹੋਈ ਸੀ। ਰਲਾ ਰਾਮ ਦੀਆਂ ਨਾਸਾਂ ਨੂੰ ਗਿੱਲੀ ਹਵਾ ਨੇ ਛਛਕੇਰਿਆ ਤੇ ਉਸ ਨੇ ਜ਼ੋਰ-ਜ਼ੋਰ ਦੀ ਤਿੰਨ ਨਿੱਛਾਂ ਮਾਰੀਆਂ। ਉਚੇ-ਉਚੇ ਨਾਰੀਅਲ ਦੇ ਦਰਖ਼ਤ ਕੋਲੋਂ ਦੀ. ਲੰਘ ਜਾਂਦੇ, ਦੂਰ ਫਾਸਲੇ ਉਤੇ ਨੀਵੀਆਂ ਪਹਾੜੀਆਂ ਦਿਸਣ ਲੱਗੀਆਂ। ਇਕ ਚੱਟਾਨ ਦੀ ਟੀਸੀ ਉਪਰ ਉਠੀ ਹੋਈ ਉਂਗਲ ਵਾਂਗ ਅਸਮਾਨ ਵਲ ਇਸ਼ਾਰਾ ਕਰ ਰਹੀ ਸੀ। ਗੋਲ-ਗੋਲ ਪਹਾੜੀਆਂ ਦੂਰੋਂ ਧੁੱਪ ਵਿਚ ਮੂਧੀਆਂ ਪਈਆਂ ਵੱਡੀਆਂ-ਵੱਡੀਆਂ ਸੁਨਹਿਰੀ ਟੋਕਰੀਆਂ ਜਾਪਦੀਆਂ ਸਨ।

ਗੱਡੀ ਹੁਣ ਖਾੜੀ ਪਾਰ ਕਰ ਰਹੀ ਸੀ। ਬੰਬਈ ਨੇੜੇ ਆ ਰਹੀ ਸੀ।

ਨਿੱਕੀਆਂ-ਨਿੱਕੀਆਂ ਝੰਗੀਆਂ, ਨਾਰੀਅਲ ਦੇ ਦਰਖਤ ਤੇ ਲੂਣ ਦੇ ਚਿੱਟੇ-ਚਿੱਟੇ



ਕਿਆਰੇ ਲੰਘ ਰਹੇ ਸਨ। ਸੜੇ-ਗਲੇ ਪੱਤਿਆਂ ਦੀ ਬੋ, ਲੂਣੀ ਹਵਾ ਦੀ ਫ਼ਾਂਟ........ ਸਮੁੰਦਰ ਦੀ ਭਿੱਜੀ ਗਿੱਲੀ-ਗਿੱਲੀ ਖਾਰੀ ਸੁਗੰਧ ਜਿਸ ਦੇ ਕੰਢੇ ਤ੍ਰੁੱਕੇ ਹੋਏ ਸਨ, ਸੁੱਕਣੀਆਂ ਪਈਆਂ ਮੱਛੀਆਂ ਦੀ ਸੜ੍ਹਾਂਦ, ਫ਼ੈਕਟਰੀਆਂ ਦੀ ਤੇਜ਼ ਜਲਣ ਦੀ ਪੈਦਾ ਹੋਈ ਗੈਸ, ਉੱਚੀਆਂ-ਉੱਚੀਆਂ ਚਿਮਨੀਆਂ ਦੀਆਂ ਬੂਥੀਆਂ ਵਿਚੋਂ ਬਲ ਖਾਂਦਾ ਕਾਲਾ ਧੂੰਆਂ........ਸਭ ਚੀਜ਼ਾਂ ਬੰਬਈ ਆਉਣ ਦਾ ਐਲਾਨ ਕਰ ਰਹੀਆਂ ਸਨ।

ਬਹੁਤ ਸਾਰੀਆਂ ਲਾਈਨਾਂ ਦਾ ਜਾਲ ਵਿਛਿਆ ਹੋਇਆ ਸੀ। ਗੱਡੀ ਇਨ੍ਹਾਂ ਉਤੋਂ ਦੀ ਖਰੜ-ਖਰੜ ਕਰਦੀ ਨਵੀਆਂ ਲਾਈਨਾਂ ਨੂੰ ਹੜੱਪ ਕਰਦੀ ਤੇ ਕਾਂਟਿਆਂ ਉਤੋਂ ਦੀ ਉਛਲਦੀ ਹੋਈ ਜਾ ਰਹੀ ਸੀ, ਬੰਬਈ ਆ ਰਹੀ ਸੀ।

ਪਹੀਆਂ ਦੇ ਲਗਾਤਾਰ ਖੜਾਕ ਤੇ ਰੌਲੇ ਨਾਲ ਰਲਾ ਰਾਮ ਦੇ ਖਿਆਲ ਖਿੰਡ ਗਏ। ਉਸ ਨੇ ਉਨ੍ਹਾਂ ਨੂੰ ਇਕ ਥਾਂ ਇਕੱਠਾ ਕਰ ਕੇ ਸੋਚਣਾ ਚਾਹਿਆ ਪਰ ਉਹ ਉਨ੍ਹਾਂ ਨੂੰ ਸਮੇਟ ਨਹੀਂ ਸੀ ਸਕਦਾ........

ਉਸ ਦੇ ਮਨ ਵਿਚ ਕੋਈ ਗੱਲ ਨਹੀਂ ਸੀ ਆ ਰਹੀ। ਉਸ ਦੇ ਗੋਡਿਆਂ ਵਿਚ ਚੀਸਾਂ ਵੱਜ ਰਹੀਆਂ ਸਨ ਤੇ ਉਸ ਦੀਆਂ ਅੱਖਾਂ ਅੱਗੇ ਚਿਣਗਾਂ ਉਡ ਰਹੀਆਂ ਸਨ। ਉਸ ਨੂੰ ਆਪਣੇ ਮੋਢਿਆਂ ਉਤੇ ਅੱਗ ਦੀ ਇਕ ਬਰੀਕ ਜਹੀ ਜੀਭ ਫਿਰਦੀ ਮਹਿਸੂਸ ਹੋਈ ਜੋ ਉਸ ਦੀ ਰੀੜ੍ਹ ਦੀ ਹੱਡੀ ਤੋਂ ਹੁੰਦੀ ਹੋਈ ਉਸ ਦੀਆਂ ਖੁੱਚਾਂ ਨੂੰ ਚੱਟਣ ਲੱਗੀ.......ਉਸ ਨੇ ਆਪਣੀ ਸੱਜੀ ਲੱਤ ਚੁੱਕੀ ਤੇ ਉਸ ਦੀ ਥਾਂ ਖੱਬੀ ਟੰਗ ਰਖ ਲਈ। ਉਸ ਦਾ ਮੂੰਹ ਸੁੱਕ ਗਿਆ ਸੀ ਤੇ ਉਸ ਦੀ ਜੀਭ ਉਸ ਦੇ ਮੂੰਹ ਵਿਚ ਮਰੀ ਹੋਈ ਕਿਰਲੀ ਵਾਂਗ ਫੁੱਲੀ ਪਈ ਸੀ।

ਇਕ ਦਮ ਉਸ ਦੇ ਢਿੱਡ ਵਿਚ ਜ਼ੋਰ ਦਾ ਸੂਲ ਉਠਿਆ ਜਿਵੇਂ ਕਿਸੇ ਨੇ ਖੁੰਢੇ ਦੰਦਿਆਂ ਵਾਲੀ ਦਾਤਰੀ ਉਸ ਦੀਆਂ ਆਂਦਰਾਂ ਵਿਚ ਖਭੋ ਕੇ ਮਰੋੜ ਦਿੱਤੀ ਹੋਵੇ। ਉਸ ਦੇ ਜੀਅ ਵਿਚ ਆਈ ਕਿ ਲੋਕਾਂ ਦੀ ਭੀੜ ਨੂੰ ਚੀਰ ਕੇ ਨਿਕਲ ਜਾਏ ਤੇ ਗੱਡੀ ਤੋਂ ਬਾਹਰ ਛਾਲ ਮਾਰ ਦੇਵੇ। ਉਸ ਨੇ ਸਾਰਾ ਜ਼ੋਰ ਲਾ ਕੇ ਆਪਣੀਆਂ ਅਰਕਾਂ ਤੇ ਮੋਢਿਆਂ ਨਾਲ ਭੀੜ ਦੇ ਜੰਮੇ ਹੋਏ ਖਲੇਪੜ ਨੂੰ ਹਿਲਾਉਣ ਦਾ ਜਤਨ ਕੀਤਾ ਪਰ ਭੀੜ ਇਕ ਵੱਡੀ ਚੱਟਾਨ ਵਾਂਗ ਅਹਿਲ ਸੀ।

ਰਲਾ ਰਾਮ ਦਾ ਸਾਹ ਫੁੱਲ ਗਿਆ, ਉਸ ਨੂੰ ਜ਼ੋਰ ਦਾ ਉੱਥੂ ਆਇਆ ਤੇ ਉਸ ਦੀਆਂ ਪੁੜਪੁੜੀਆਂ ਤੇ ਟਿੰਡ ਖੂਨ ਦੇ ਤੇਜ਼ ਦੌਰੇ ਨਾਲ ਸੂਹੀ ਭਾਅ ਮਾਰਨ ਲੱਗੇ। ਥੱਕਿਆ-ਹੁੱਟਿਆ, ਹਾਰਿਆ ਤੇ ਗੁਆਚਿਆ ਹੋਇਆ, ਉਹ ਭੀੜ ਵਿਚ ਫੇਹਿਆ ਗਿਆ, ਉਸ ਦੇ ਪੈਰ ਉਖੜ ਗਏ ਤੇ ਉਹ ਲੋਕਾਂ ਵਿਚਕਾਰ ਬੇ-ਸਹਾਰਾ ਲਮਕਣ ਲੱਗਾ। ਜਦ ਗੱਡੀ ਇਕ ਪਾਸੇ ਨੂੰ ਝੂਲਦੀ ਤਾਂ ਉਹ ਵੀ ਸਰਕੜੇ ਵਾਂਗ ਉਸੇ ਪਾਸੇ ਨੂੰ ਹਿਲਦਾ ਤੇ ਝੂਲਦਾ। ਕਿਸੇ ਨੇ ਉਸ ਦੀਆਂ ਨਸਾਂ ਉਤੇ ਮਿੱਠੀ ਨੀਂਦ ਦਾ ਟੂਣ੍ਹਾ ਜਿਹਾ ਧੂੜ ਦਿੱਤਾ ਸੀ। ਉਹ ਕਿਸੇ ਗੁਫ਼ਾ ਵਿਚ ਹੇਠਾਂ ਹੀ ਹੇਠਾਂ ਨਿਘਰਦਾ ਜਾ ਰਿਹਾ ਸੀ।

"ਬੰਬਈ ਆ ਰਹੀ ਹੈ!"

"ਹੁਣ ਗੱਡੀ ਬੰਬਈ ਖੜੋਵੇਗੀ!"

"ਬੰਬਈ—ਬਸ ਹੁਣ ਆਈ ਸਮਝੋ!"

ਲੋਕਾਂ ਵਿਚ ਇਕ ਨਵੇਂ ਸਿਰਿਓਂ ਜੋਸ਼ ਦੀ ਇਕ ਲਹਿਰ ਜਿਹੀ ਫਿਰ ਗਈ,

ਸਭੇ ਆਪਣੇ-ਆਪਣੇ ਬਿਸਤਰੇ ਤੇ ਬੁਕਚੇ ਸਾਂਭਣ ਲੱਗੇ, ਹਫੜਾ-ਦਫੜੀ ਮਚ ਗਈ ਜਿਵੇਂ ਕਿਸੇ ਖਿਆਲ ਉਤੇ ਇੱਟ ਮਾਰ ਦਿੱਤੀ ਹੁੰਦੀ ਹੈ। ਬੰਬਈ ਆ ਰਹੀ ਸੀ ! ਰਲਾ ਰਾਮ ਦੀਆਂ ਪੁੜਪੁੜੀਆਂ ਪਟੱਕ-ਪਟੱਕ ਵੱਜਣ ਲੱਗੀਆਂ.......ਛੇਤੀ ਹੀ ਉਹ ਬੰਬਈ ਦੇ ਬਾਜ਼ਾਰਾਂ ਦੀ ਸੈਰ ਕਰੇਗਾ ਤੇ ਇਸ ਲੰਮੇ ਚੌੜੇ ਤੇ ਉਚੇ ਸ਼ਹਿਰ ਨੂੰ ਤੱਕੇਗਾ.......ਨੱਥੂ ਨਾਈ ਨੇ ਉਸ ਨੂੰ ਇਥੋਂ ਪੱਕਾ ਅੰਗ੍ਰੇਜ਼ੀ ਉਸਤਰਾ ਲਿਆਉਣ ਲਈ ਆਖਿਆ ਸੀ, ਉਹ ਜ਼ਰੂਰ ਖਰੀਦੇਗਾ.......ਘੋਗਿਆਂ, ਮੂੰਗਿਆਂ ਤੇ ਸਿੱਪੀਆਂ ਤੇ ਸਮੁੰਦਰ-ਝੱਗ ਦੀਆਂ ਸੁਗਾਤਾਂ ਵੀ ਆਪਣੇ ਨਾਲ ਪਿੰਡ ਖੜੇਗਾ ਤੇ ਸ਼ਿਵ ਜੀ ਦੇ ਮੰਦਰ ਦੇ ਪੁਜਾਰੀ ਲਈ ਵੱਡਾ ਸੰਖ ਤਾਂ ਜ਼ਰੂਰ ਹੀ ਲੈ ਕੇ ਜਾਵੇਗਾ.......ਇਕ ਵਾਰੀ ਉਸ ਨੇ ਬਿਸ਼ਨੇ ਜੋਤਸ਼ੀ ਨੂੰ ਆਪਣਾ ਹੱਥ ਦਿਖਾਇਆ ਸੀ.......ਬਿਸ਼ਨੇ ਇਸ ਦੇ ਹੱਥ ਦੀਆਂ ਰੇਖਾਂ ਦੇਖ ਕੇ ਆਖਿਆ ਸੀ, "ਮਾਸਟਰ ਜੀ, ਤੇਰੇ ਕਰਮਾਂ ਮੇਂ ਸਮੁੰਦਰ ਯਾਤਰਾ ਲਿਖੀ ਹੋਈ ਹੈ।"

ਗੱਡੀ ਦੀ ਰਫ਼ਤਾਰ ਧੀਮੀ ਹੋ ਗਈ। ਇੰਜਨ ਨੇ ਜ਼ੋਰ ਦੀ ਗਰਲ-ਗਰਲ ਕੀਤੀ ਤੇ ਫਿਰ ਇਕ-ਦੋ ਹਿਚਕੀਆਂ ਲੈ ਕੇ ਖੜ੍ਹੋ ਗਿਆ।

"ਬੰਬਈ ਆ ਗਈ। ਤਿਆਰ ਹੋ ਜਾਓ।"

"ਬੰਬਈ ਆ ਗਈ। ਉਤਰੋ!"

ਸਾਰਿਆਂ ਨੂੰ ਭਾਜੜ ਪੈ ਗਈ। ਲੋਕ ਗੰਢੜੀਆਂ ਤੇ ਬਿਸਤਰੇ ਤੇ ਟਰੰਕ ਘਸੀਟਦੇ ਹੋਏ ਖਿੜਕੀਆਂ ਵਿਚੋਂ ਦੀ ਕੁੱਦਣ ਲੱਗੇ। ਇਕ ਦੂਜੇ ਨਾਲ ਖਹਿੰਦੇ, ਇਕ ਦੂਜੇ ਨੂੰ ਦਰੜਦੇ, ਮਿੱਧਦੇ ਤੇ ਧੱਕੇ ਦੇਂਦੇ ਹੋਏ ਲੋਕ ਬਾਹਰ ਨਿਕਲ ਰਹੇ ਸਨ।

ਰਲਾ ਰਾਮ ਹੋਰ ਜ਼ਿਆਦਾ ਨਹੀਂ ਸੀ ਖੜ੍ਹਾ ਰਹਿ ਸਕਦਾ। ਜਦੋਂ ਰਤਾ ਛੀੜ ਹੋਈ ਤਾਂ ਉਹ ਨੇੜੇ ਦੇ ਫੱਟੇ ਉਤੇ ਸਾਹ ਲੈਣ ਲਈ ਬੈਠ ਗਿਆ। "ਮੈਨੂੰ ਕਿਹੜੀ ਛੇਤੀ ਹੈ, ਪਹਿਲਾਂ ਕਾਹਲੀਆਂ ਸੁਆਰੀਆਂ ਨੂੰ ਨਿਕਲ ਜਾਣ ਦੇਵਾਂ" ਉਸ ਨੇ ਸੋਚਿਆ ! ਕੁਲੀਆਂ ਦੀਆਂ ਹਾਕਾਂ, ਤੀਵੀਆਂ ਦੀ ਕੈਂ-ਕੈਂ, ਮੁਸਾਫਰਾਂ ਦੀ ਚਰਰ-ਚਰਰ, ਮੋਟਰਾਂ ਦੀ ਪੌਮ-ਪੌਮ, ਬੱਘੀਆਂ ਦੀ ਟੰਨ-ਟੰਨ ਤੇ ਸ਼ਹਿਰ ਦੀਆਂ ਅਨੇਕਾਂ ਕੰਨ ਪਾੜਣ ਵਾਲੀਆਂ ਅਵਾਜ਼ਾਂ ਦਾ ਰੌਲਾ—ਸਭ ਵੱਡੀ ਛੱਲ ਵਾਂਗ ਉਪਰ ਨੂੰ ਉਠਿਆ।

ਰਲਾ ਰਾਮ ਨੇ ਖਿੜਕੀ ਦੇ ਬਾਹਰ ਤੱਕਿਆ, ਨੀਲਾ ਅਸਮਾਨ ਹੱਸ ਰਿਹਾ ਸੀ। ਹੌਲੀ-ਹੌਲੀ ਅਸਮਾਨ ਦਾ ਇਹ ਟੁਕੜਾ ਵਧਣ ਲੱਗਾ.......ਵਧਦੇ-ਵਧਦੇ ਇਹ ਠਾਠਾਂ ਮਾਰਦਾ ਨੀਲਾ ਸਮੁੰਦਰ ਬਣ ਗਿਆ.......ਏਸ ਸਮੁੰਦਰ ਦਾ ਛਾਲਾਂ ਮਾਰਦਾ ਹੋਇਆ ਪਾਣੀ.......ਉੱਚੀਆਂ-ਉੱਚੀਆਂ ਕਾਂਗਾਂ, ਝੱਗੋ-ਝੱਗ ਲਹਿਰਾਂ ਦਾ ਹੜ੍ਹ ਖਿੜਕੀ ਵਿਚੋਂ ਦੀ ਅੰਦਰ ਫੁਟ ਵਗਿਆ......ਨੀਲੇ ਪਾਣੀ ਦੀਆਂ ਲਹਿਰਾਂ ਉਸ ਦੇ ਸਿਰ ਉਤੋਂ ਫਿਰ ਗਈਆਂ ਤੇ ਉਸ ਨੇ ਮਹਿਸੂਸ ਕੀਤਾ ਜਿਵੇਂ ਉਸ ਦੇ ਬੁੱਲ੍ਹਾਂ ਨੂੰ ਲੂਣੀਆਂ ਲਹਿਰਾਂ ਲੱਕ ਰਹੀਆਂ ਹੋਣ.......

ਮੁਸਾਫ਼ਿਰ ਇਕ-ਇਕ ਕਰ ਕੇ ਉਤਰ ਗਏ। ਗੱਡੀ ਖ਼ਾਲੀ ਹੋ ਗਈ। ਕੁਝ ਚਿਰ ਪਿਛੋਂ ਰੇਲਵੇ ਦਾ ਇਕ ਆਦਮੀ ਖ਼ਾਲੀ ਡੱਬਿਆਂ ਦੀ ਪੜਤਾਲ ਕਰਦਾ ਹੋਇਆ ਇਸ ਡੱਬੇ ਵਿਚ ਆਇਆ। ਉਸ ਨੇ ਰਲਾ ਰਾਮ ਨੂੰ ਜੋ ਇਕ ਫੱਟੇ ਉਤੇ ਪਿਆ ਸੀ, ਹਲੂਣ ਕੇ ਆਖਿਆ, "ਉਠੋ ! ਬੰਬਈ ਆ ਗਿਆ।"

ਪਰ ਰਲਾ ਰਾਮ ਨੇ ਕੋਈ ਉੱਤਰ ਨਾ ਦਿਤਾ।

## 32

# ਖੇਮਾਂ ਸੁਨਿਆਰਾ

ਖੇਮਾਂ ਸੁਨਿਆਰਾ ਸਾਡੇ ਪਿੰਡ ਦਾ ਸਭ ਤੋਂ ਬੁੱਢਾ ਸੁਨਿਆਰਾ ਹੈ। ਲੰਮੀਆਂ ਢਿਲਕੀਆਂ ਹੋਈਆਂ ਧੌਲੀਆਂ ਮੁੱਛਾਂ, ਉਲਝੀ ਹੋਈ ਦਾੜ੍ਹੀ, ਮਣਕਿਆਂ ਵਰਗੀਆਂ ਗੋਲ-ਗੋਲ ਅੱਖਾਂ, ਕੰਨਾਂ ਵਿਚ ਸੋਨੇ ਦੀਆਂ ਨੱਤੀਆਂ, ਚੌੜਾ ਲਕੀਰਿਆ ਹੋਇਆ ਮੱਥਾ ਤੇ ਉਸ ਉਤੇ ਖੁੱਥੀ ਦਾਖੀ ਪੱਗ।

ਮੈਂ ਤੀਜੀ ਜਮਾਤ ਵਿਚ ਪੜ੍ਹਦਾ ਸਾਂ। ਸਕੂਲੋਂ ਆਉਂਦਾ ਹੋਇਆ ਜਦ ਮੈਂ ਗਲੀ ਵਿਚੋਂ ਲੰਘਦਾ ਤਾਂ ਖੇਮੇਂ ਨੂੰ ਵੇਖਦਾ ਜੋ ਭੁਖਾਰੇ ਅੱਗੇ ਬੈਠਾ, ਸੱਜੇ ਹੱਥ ਸੰਨ੍ਹੀਂ ਨਾਲ ਸੋਨੇ ਦੀ ਡਲੀ ਫੜੀ ਪਿੱਤਲ ਦੀ ਲੰਮੀ ਨਾਲ ਮੂੰਹ ਵਿਚ ਲਈ, ਗੱਲ੍ਹਾਂ ਫੁਲਾਈ, ਅੱਖਾਂ ਅੱਡੀ ਇਕੋ ਸਾਹ ਫੂਕਾਂ ਮਾਰ ਰਿਹਾ ਹੁੰਦਾ। ਮੈਂ ਕਈ ਵਾਰੀ ਹੈਰਾਨ ਹੁੰਦਾ ਕੀ ਅੱਗ ਵਿਚ ਸੋਨਾ ਗੁਆਚ ਨਹੀਂ ਜਾਂਦਾ ? ਪਤਾ ਨਹੀਂ ਉਹ ਕੀਕਰ ਕੱਢ ਲੈਂਦਾ ਸੀ, ਲਾਲ ਕੋਲਿਆਂ ਵਿਚੋਂ ਸੋਨੇ ਦੀ ਲਾਲ ਡਲੀ ?

ਫੇਰ ਉਹ ਅਹਿਰਨ ਤੇ ਹਥੌੜੀ ਨਾਲ ਨਿੱਕੀਆਂ-ਨਿੱਕੀਆਂ ਸੱਟਾਂ ਲਾ ਕੇ ਟੂਮਾਂ ਘੜਦਾ। ਸੱਗੀ ਵਿਚ ਲਾਖ ਢਾਲ ਕੇ ਪਾਉਂਦਾ ਤੇ ਨਿੱਕੇ ਜਿਹੇ ਤੇਜ਼ ਸੂਏ ਨਾਲ ਸੱਗੀ ਉਤੇ ਤਰ੍ਹਾਂ-ਤਰ੍ਹਾਂ ਦੇ ਫੁੱਲ ਤੇ ਚਿੱਤਰ ਕਢਦਾ। ਸਾਰੇ ਪਿੰਡ ਦੀਆਂ ਤੀਵੀਆਂ ਉਸੇ ਕੋਲੋਂ ਗਹਿਣੇ ਘੜਵਾਉਂਦੀਆਂ ਸਨ : ਸੱਗੀ, ਫੁਲੀਆਂ, ਹੱਸ, ਗਿੜਕੜੇ, ਪੰਜੇਬਾਂ, ਬਾਂਕਾਂ, ਪਰੀ-ਬੰਦ, ਚੂੜਾ, ਨੱਥ, ਸਹਾਰਾ, ਜ਼ੰਜੀਰੀ, ਚੌਂਕ ਫੁੱਲ—ਸਭਨਾਂ ਕਿਸਮਾਂ ਦੇ ਨਵੇਂ-ਨਵੇਂ ਗਹਿਣੇ।

ਉਹਦੀ ਦੁਕਾਨ ਅੱਗੇ ਥੜ੍ਹੇ ਉਤੇ ਕਾਕੂ ਕੇ ਸੰਤਾ ਬੈਠੇ ਸ਼ਤਰੰਜ ਖੇਡਦੇ ਰਹਿੰਦੇ। ਸੰਤੇ ਨੂੰ ਅਖ਼ਬਾਰ ਪੜ੍ਹਨ ਕਰ ਕੇ ਬੜੀ ਵਾਕਫ਼ੀ ਸੀ। ਜਦ ਨੰਬਰਦਾਰ, ਕਾਨੂੰਗੋ, ਸੰਤਾ ਤੇ ਸਕੂਲ ਦਾ ਮਾਸਟਰ ਧਨੀ ਰਾਮ ਸਭੇ 'ਕੱਠੇ ਹੁੰਦੇ ਤਾਂ ਮੁਲਕ ਦੇ ਵੱਡੇ ਮਸਲਿਆਂ

ਉਤੇ ਵੀ ਵਿਚਾਰ ਹੁੰਦੇ, ਤੇ ਬਹਿਸਾਂ ਹੁੰਦੀਆਂ । ਖੇਮਾਂ ਵੀ ਭੁਖਾਰੇ ਤੋਂ ਹਟ ਕੇ ਗੱਲਾਂ ਸੁਣਨ ਲਗ ਪੈਂਦਾ ਤੇ ਕਿਤੇ ਕੋਈ ਟਾਵੀਂ ਗੱਲ ਕਰ ਦੇਂਦਾ । ਉਸ ਵੇਲੇ ਮੈਨੂੰ ਉਹਨਾਂ ਦੀਆਂ ਗੱਲਾਂ ਉੱਕਾ ਈ ਨਾ ਸਮਝ ਆਉਂਦੀਆਂ ।

ਦਸਵੀਂ ਪਾਸ ਕਰ ਕੇ ਮੈਂ ਕਾਲਜ ਗਿਆ, ਐਫ. ਏ. ਤੇ ਫੇਰ ਬੀ. ਏ. । ਹੁਣ ਜਦ ਮੈਂ ਕਾਲਜੋਂ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਆਉਂਦਾ ਤਾਂ ਸਾਰੇ ਲੋਕ ਬੜੇ ਚਾਅ ਨਾਲ ਮੇਰਾ ਸੁਆਗਤ ਕਰਦੇ । ਲਾਹੌਰ ਤੇ ਦੂਰ-ਦੂਰ ਦੇ ਮੁਲਕਾਂ ਤੇ ਪਿੰਡਾਂ ਦੀਆਂ ਗੱਲਾਂ ਪੁੱਛਦੇ । ਖੇਮੇਂ ਦੇ ਥੜ੍ਹੇ ਤੇ ਸ਼ਤਰੰਜ ਖੇਡਦੇ ਸਾਰੇ ਲੋਕ ਮੇਰੇ ਦੁਆਲੇ ਹੋ ਜਾਂਦੇ, ਇਕ ਮਹਿਫਲ ਜੇਹੀ ਲਗ ਜਾਂਦੀ, ਤੇ ਫੇਰ ਹਰ ਤਰ੍ਹਾਂ ਦੀਆਂ ਗੱਲਾਂ ਛਿੜ ਪੈਂਦੀਆਂ ।

ਬੀ. ਏ. ਪਾਸ ਕਰਨ ਪਿਛੋਂ ਮੈਂ ਪਿੰਡ ਆਇਆ । ਗਲੀ ਵਿਚ ਦੀ ਲੰਘਦੇ ਖੇਮੇਂ ਸੁਨਿਆਰ ਨੇ ਹਾਕ ਮਾਰ ਕੇ ਆਖਿਆ, "ਬਲੰਤ ਕਦੋਂ ਆਇਆਂ ਲਾਹੌਰੋਂ ?"

"ਰਾਤੀਂ ਬਾਬਾ ।"

"ਹਲਾ, ਬੈਠ ਜਾ ।"

ਮੈਂ ਮੂੜ੍ਹਾ ਖਿੱਚ ਕੇ ਬੈਠ ਗਿਆ ।

"ਕੋਈ ਖਬਰ ਸੁਣਾ ।"

"ਬਾਬਾ ਖਬਰ ਕਾਹਦੀ, ਕੋਈ ਖ਼ਬਰ ਨਹੀਂ ।"

"ਓਏ ਲਾਹੌਰ ਤਾਂ ਖਬਰਾਂ ਦਾ ਘਰ ਐ, ਨਿੱਤ ਨਵੀਆਂ ਖਬਰਾਂ । ਤੂੰ ਓਥੋਂ ਆਇਆ ਐਂ, ਕੋਈ ਖਬਰ ਨਹੀਂ ?"

"ਨਾ ਬਾਬਾ, ਕੋਈ ਨਹੀਂ ।"

ਮੈਂ ਅੰਗਰੇਜ਼ੀ ਦੇ ਐਮ. ਏ. ਵਿਚ ਦਾਖਲ ਹੋਣ ਦੀ ਸੋਚ ਰਿਹਾ ਸਾਂ । ਐਮ. ਏ. ਪਾਸ ਕਰ ਕੇ ਵਲਾਇਤ ਜਾਵਾਂਗਾ, ਲੰਡਨ, ਆਕਸਫੋਰਡ, ਪੈਰਸ, ਫੇਰ ਵਾਪਸ ਆ ਕੇ ਅੰਗਰੇਜ਼ੀ ਦਾ ਪ੍ਰੋਫੈਸਰ ਬਣਾਂਗਾ.......ਮੁੰਡਿਆਂ ਨੂੰ ਸ਼ੈਕਸਪੀਅਰ ਤੇ ਸ਼ੈਲੇ ਪੜ੍ਹਾਇਆ ਕਰਾਂਗਾ.......ਗਰਮੀਆਂ ਵਿਚ ਤਿੰਨ ਮਹੀਨੇ ਪਹਾੜ 'ਤੇ । ਕਿਹੋ ਜਿਹੀ ਸ਼ਾਨਦਾਰ ਜ਼ਿੰਦਗੀ ਹੋਵੇਗੀ ! ਮੇਰੇ ਵੱਡੇ ਭਰਾ ਨੇ ਕਈ ਵਾਰ ਸੱਥ ਵਿਚ ਖਲੋ ਕੇ ਆਖਿਆ ਸੀ, "ਐਮ. ਏ. ਪਾਸ ਕਰਵਾਉਣ ਪਿਛੋਂ ਅਸਾਂ ਬਲਵੰਤ ਨੂੰ ਇਕ ਵਾਰ ਤਾਂ ਵਲੈਤ ਘੱਲ ਛੱਡਣਾ ਐ, ਸ਼ਾਨ ਕਰ ਦੇਣੀ ਐ !"

ਖੇਮੇਂ ਬਾਬੇ ਨੇ ਅੱਖਾਂ ਤੋਂ ਐਨਕ ਜੋ ਮੈਲੇ ਧਾਗੇ ਨਾਲ ਕੰਨਾਂ ਦੁਆਲੇ ਅਟਕਾਈ ਸੀ, ਲਾਹ ਕੇ ਆਖਿਆ, "ਓਏ ਸੁਣਿਆ ਐ, ਤੂੰ ਬਲੈਤ ਜਾਏਂਗਾ ?"

"ਹਾਂ ਬਾਬਾ, ਐਮ. ਏ. ਪਾਸ ਕਰਨ ਪਿਛੋਂ ।"

"ਓਏ ਬਲੈਤ ਕੀ ਧਰਿਆ ਪਿਆ ਹੈ ? ਮੈਂ ਦੱਸਾਂ ਤੈਨੂੰ, ਆਪਣੇ ਪਿੰਡ ਵਰਗਾ ਕੋਈ ਪਿੰਡ ਨਹੀਂ । ਪੜ੍ਹੇ-ਲਿਖੇ ਇਸ ਗੱਲ ਤੇ ਧਿਆਨ ਨਹੀਂ ਦੇਂਦੇ, ਪਰ ਅੰਗਰੇਜ਼ ਤਾਂ ਆਪਣੇ ਦੇਸ ਤੇ ਮਰਦਾ ਐ । ਮੈਨੂੰ ਦੱਸ ਭਲਾ, ਆਪਣੇ ਖੱਤੇ ਵਰਗੀ ਕਣਕ ਹੈ ਕਿਤੇ ? ਆਪਣੇ ਪਿੰਡ ਵਰਗੀ ਬੋਲੀ ਹੈ ਕਿਤੇ ? ਆਪਣੇ ਘਰ ਵਰਗਾ ਸੁਖ ਹੈ ਕਿਤੇ ?"

ਐਨੇ ਵਿਚ ਰਾਮਾਂ, ਕਾਕੂ, ਸੰਤਾ ਤੇ ਮਾਸਟਰ ਧਨੀ ਰਾਮ ਇਕੱਠੇ ਹੋ ਗਏ ।



ਗੱਲਾਂ ਛਿੜ ਪਈਆਂ—ਗਾਂਧੀ ਤੇ ਕਾਂਗਰਸ ਦੀਆਂ ਗੱਲਾਂ, ਅੰਗਰੇਜ਼ਾਂ ਦੀਆਂ ਗੱਲਾਂ, ਮੰਦਾ, ਭੁੱਖ, ਅਮਰੀਕਾ, ਅਫਰੀਕਾ ਤੇ ਸਾਰੇ ਜਹਾਨ ਦੀਆਂ ਗੱਲਾਂ । ਕੁਝ ਦਿਨ ਪਿੰਡ ਰਹਿ ਕੇ ਮੈਂ ਫੇਰ ਲਾਹੌਰ ਚਲਿਆ ਗਿਆ ।

ਉਸ ਪਿਛੋਂ ਮੈਂ ਐਮ. ਏ. ਅੰਗਰੇਜ਼ੀ ਸਾਹਿਤ ਪਾਸ ਕੀਤਾ । ਐਮ. ਏ. ਪਿਛੋਂ ਦੋ ਸਾਲ ਕਿਸੇ ਚੰਗੀ ਨੌਕਰੀ ਦੀ ਤਲਾਸ਼ ਵਿਚ ਦਿੱਲੀ ਤੇ ਬੰਬਈ ਦੀਆਂ ਗਲੀਆਂ ਰੋਲੀਆਂ ਤੇ ਮੁੜ ਲਾਹੌਰ ਆ ਗਿਆ । ਐਨੇ ਵਿਚ ਜੰਗ ਛਿੜ ਗਈ । ਹਜ਼ਾਰਾਂ ਲੱਖਾਂ ਲੋਕ ਕੰਮ ਤੇ ਲੱਗ ਗਏ । ਮੈਂ ਇਕ-ਦੋ ਦਫਤਰਾਂ ਵਿਚ ਕੰਮ ਕੀਤਾ, ਪਰ ਕਿਸੇ ਨਾ ਕਿਸੇ ਤਰ੍ਹਾਂ ਟਿਕਾਅ ਨਾ ਹੋਇਆ । ਫੇਰ ਰੂਸ ਤੇ ਜਰਮਨ ਵਿਚ ਜੰਗ ਛਿੜ ਗਈ । ਉਨ੍ਹੀਂ ਦਿਨੀਂ ਕਾਂਗਰਸ-ਆਜ਼ਾਦੀ ਦੀ ਲਹਿਰ ਬੜੇ ਜ਼ੋਰਾਂ ਤੇ ਸੀ । 9 ਅਗਸਤ 1942 ਪਿਛੋਂ ਬਹੁਤ ਸਾਰੇ ਲੋਕ ਕੈਦ ਹੋ ਗਏ । ਮਾਰ-ਧਾੜ, ਉਲਟ-ਪੁਲਟ, ਨਾਹਰੇ ਲੱਗੇ, ਗੋਲੀ ਚੱਲੀ, ਜੇਲ੍ਹਾਂ ਟੁੱਟੀਆਂ । ਸਾਰੇ ਮੁਲਕ ਵਿਚ ਉਪਰਥੱਲੀ ਦਾ ਰੌਲਾ ਸੀ । ਦਫਤਰ ਬੰਦ, ਕਾਲਜ ਬੰਦ, ਸਕੂਲ ਬੰਦ । ਮੈਂ ਮੁੜ ਪਿੰਡ ਆ ਗਿਆ ।

ਪਿੰਡ ਦੇ ਲਾਗੇ ਵਗਦੀ ਨਹਿਰ ਤੇ ਪਹੁੰਚ ਕੇ ਮੈਨੂੰ ਸਦਾ ਇਕ ਝੁੰਝਣੀ ਭਰਿਆ ਅਹਿਸਾਸ ਹੁੰਦਾ ਹੈ । ਬਸ ਹੁਣ ਪਿੰਡ ਆ ਗਿਆ, ਅੱਗੇ ਨੱਥੂ ਦੀ ਆਟੇ ਵਾਲੀ ਮਸ਼ੀਨ ਆਏਗੀ, ਫੇਰ ਸ਼ਿਵਾਲਾ ਜਿਸ ਦਾ ਉੱਚਾ ਕਲਸ ਚਮਕਦਾ ਹੈ, ਫੇਰ ਕੁੱਬੀ ਜੰਡੀ, ਨਿਹਾਲੇ ਦੇ ਖੇਤ, ਤਰਖਾਣਾਂ ਦਾ ਘਰ ਜਿਸ ਅੱਗੇ ਇਕ ਬਹੁਤ ਪੁਰਾਣਾ ਗੱਡਾ ਪਿਆ ਹੁੰਦਾ ਹੈ ਜਿਸ ਦਾ ਇਕ ਪਹੀਆ ਲੱਥਾ ਹੁੰਦਾ ਹੈ.......ਫੇਰ ਖੇਮੇਂ ਸੁਨਿਆਰ ਦੀ ਹੱਟ ਜਿਥੇ ਉਹ ਭੁਖਾਰੇ ਅੱਗੇ ਹਮੇਸ਼ ਓਕਰ ਹੀ ਬੈਠਾ ਫੂਕਾਂ ਮਾਰ ਰਿਹਾ ਹੁੰਦਾ ਹੈ, ਅੱਗੇ ਮੋੜ ਤੇ ਖੁੰਢ ਪਿਆ ਹੁੰਦਾ ਹੈ ਤੇ ਅੱਗੇ ਸਾਡਾ ਘਰ ।

ਤਰਕਾਲੀਂ ਮੈਂ ਸੱਥ ਵਿਚ ਪੁੱਜਾ ਤਾਂ ਸਾਰੇ ਜਣੇ ਮੰਜੀਆਂ ਤੇ ਖੁੰਡਾਂ ਉਤੇ ਬੈਠੇ ਗੱਲਾਂ ਕਰ ਰਹੇ ਸਨ । ਸਣ ਵੱਟਦੇ, ਹੁੱਕਾ ਪੀਂਦੇ, ਉਹ ਉੱਚੀ-ਉੱਚੀ ਗੱਲਾਂ ਕਰਦੇ ਸਨ.......ਸਾਰੇ ਮੁਲਕ ਵਿਚ ਤਰਥੱਲੀ ਮੱਚੀ ਹੋਈ ਹੈ.......ਜਰਮਨ ਰੂਸ ਤੇ ਹਮਲਾ ਕਰ ਕੇ ਹੁਣ ਕਾਬਲ ਕੰਧਾਰ ਤੀਕ ਆ ਗਿਆ ਹੈ.......ਏਧਰ ਜਪਾਨ ਸਿੰਘਾਪੁਰ ਤੇ ਬਰਮਾ ਲੰਘ ਕੇ ਕਲਕੱਤੇ ਤੀਕ ਪੁੱਜ ਗਿਆ ਹੈ........

ਸੰਤਾ ਆਖਣ ਲੱਗਾ, "ਇਹ ਜਰਮਨ ਬੜਾ ਤਕੜਾ ਐ । ਦਿਨਾਂ ਵਿਚ ਈ ਸਾਰੇ ਰੂਸ ਨੂੰ ਲੈ ਲਿਆ । ਬਸ ਹੁਣ ਹਿੰਦੁਸਤਾਨ ਤੀਕ ਵੀ ਪਹੁੰਚਿਆ ਈ ਪਹੁੰਚਿਆ— ਬੱਲੇ ਬੱਲੇ ! ਬੜਾ ਸ਼ੇਰ ਐ, ਬਸ ਦਿਨਾਂ ਦੀ ਗੱਲ ਐ, ਆਇਆ ਸਮਝੋ ।"

ਮੈਂ ਆਖਿਆ "ਨਹੀਂ ਤਾਇਆ, ਹਿੰਦੁਸਤਾਨ ਨੂੰ ਕੁਝ ਨਹੀਂ ਹੋਣ ਲੱਗਾ । ਹਾਲੇ ਤਾਂ ਜਰਮਨ ਮਾਸਕੋ ਵਿਚ ਈ ਉਲਝਿਆ ਪਿਆ ਐ ।"

ਸੰਤੇ ਨੇ ਹੁੱਕੇ ਦੀ ਘੁੱਟ ਭਰੀ ਤੇ ਆਖਿਆ, "ਹਿਟਲਰ ਰੂਸ ਨੂੰ ਕੀ ਸਮਝਦਾ ਐ, ਦਬੱਲੀ ਤੁਰਿਆ ਜਾਂਦਾ ਐ, ਸਾਰਿਆਂ ਦੇ ਪੱਥੇ ਪਏ ਹੋਏ ਨੇ ।"

ਕਾਕੂ ਬੋਲਿਆ, "ਓਏ ਰੂਸ ਨੂੰ ਐਵੇਂ ਨਾ ਜਾਣੋ, ਹੁਣ ਪਛਾਂਹ ਹਟੀ ਜਾਂਦਾ ਐ । ਪਰ ਜਦ ਰੂਸੀਆਂ ਨੇ ਹੱਲਾ ਬੋਲਿਆ ਤਾਂ ਸਭਨਾਂ ਦੇ ਪਦੀੜ ਪੈ ਜਾਣੀ ਐ । ਮੈਂ ਫੌਜ ਵਿਚ ਰਿਹਾ ਹਾਂ । ਪਿਛਾਂਹ ਹਟਦੀ ਫੌਜ ਦਾ ਦਿਲ ਟਿਕਾਣਾ ਬੜਾ ਮੁਸ਼ਕਲ ਐ । ਰੂਸੀ ਪਿਛਾਂਹ ਹਟਦੇ ਹੋਏ ਵੀ ਲੜਦੇ ਨੇ । ਇਹ ਤਾਂ ਸ਼ਤਰੰਜ ਵਰਗੀ ਚਾਲ ਐ ।

ਪਰ ਜਦ ਉਹ ਅਗਾਂਹ ਵਧੇ ਤਾਂ ਫੇਰ ਦੇਹ ਕਿਸ਼ਤ ਤੇ ਕਿਸ਼ਤ, ਦਿਨਾਂ ਵਿਚ ਈ ਮਾਤ ਕਰ ਦੇਣਗੇ।"

ਇਸ ਤੇ ਲੰਮੀ ਬਹਿਸ ਛਿੜ ਗਈ। ਉਸ ਪਿਛੋਂ ਕਾਂਗਰਸ, ਲੀਗ, ਗਾਂਧੀ, ਨਹਿਰੂ, ਜਿਨਾਹ, ਬਰਮਾ, ਚੀਨ ਸਭਨਾਂ ਤੇ ਰਾਏਜ਼ਨੀ ਹੋਈ।

ਖੇਮਾਂ ਬੈਠਾ ਗੌਹ ਨਾਲ ਗੱਲਾਂ ਸੁਣਦਾ ਰਿਹਾ। ਛੇਕੜ ਉਸ ਪੁੱਛਿਆ, "ਕਿਉਂ ਬਲੰਤ, ਗਾਂਧੀ ਬਾਬਾ ਤਾਂ ਹਾਲ ਤੀਕ ਜੇਲ੍ਹ ਵਿਚ ਈ ਐ, ਪੰਜਾਬ ਦਾ ਵੀ ਕੁਝ ਬਣ ਜਾਊ?"

ਮੈਂ ਆਖਿਆ, "ਕਿਉਂ, ਪੰਜਾਬ ਨੂੰ ਕੀ ਹੁੰਦਾ ਐ? ਤੇਰੀ ਗੱਲ ਅਵੱਲੀ ਹੁੰਦਾ ਐ, ਬਾਬਾ।"

ਫੇਰ ਕੁਝ ਚਿਰ ਹੋਰ ਗੱਲਾਂ ਹੋਈਆਂ। ਮਾਸਟਰ ਧਨੀ ਰਾਮ ਨੇ ਪੂਰੇ ਵਿਸ਼ਵਾਸ ਨਾਲ ਆਖਿਆ, "ਅੰਗਰੇਜ਼ ਏਥੋਂ ਕਦੇ ਨਹੀਂ ਜਾਂਦਾ, ਭਾਵੇਂ ਲੋਗ ਲੱਖ ਪਏ ਕੈਦ ਹੋਣ।"

ਆਲਾ ਜੱਟ ਗੱਜਿਆ "ਇਹ ਤਾਂ ਜੁਤ ਦੇ ਯਾਰ ਨੇ। ਪਰ ਸਾਡੇ ਕਾਂਗਰਸੀਏ ਤਾਂ ਕੀੜੀ ਮਾਰਨ ਤੋਂ ਵੀ ਡਰਦੇ ਨੇ, ਬਸ ਹੱਥ ਬੰਨ੍ਹੀ ਖਲੋ ਜਾਓ, ਏਕਰ ਵੀ ਕੋਈ ਮੰਨਿਆ ਐ।"

ਬੂਟਾ ਬੋਲਿਆ, "ਤੂੰ ਵੇਖ ਲਵੀਂ, ਇਨ੍ਹਾਂ ਕਾਂਗਰਸੀਆਂ ਨੇ ਏਕਰ ਈ ਹੱਥ ਬੰਨ੍ਹ-ਬੰਨ੍ਹ ਅੰਗਰੇਜ਼ ਤੋਂ ਰਾਜ ਖੋਹ ਲੈਣਾ ਐ।"

ਨੱਥੂ ਪਨਸਾਰੀ ਕੂਇਆ, "ਓਏ ਅੰਗਰੇਜ਼ ਬੜਾ ਖਚਰਾ ਐ। ਉਹ ਜੇ ਗਿਆ ਵੀ ਤਾਂ ਕੋਈ ਅਜੇਹਾ ਹੀਲਾ ਕਰ ਕੇ ਜਾਊ ਜੋ ਉਸ ਦੀ ਥਾਂ ਬਣੀ ਰਹੇ। ਗੋਰੀ ਚਮੜੀ ਦਾ ਕਦੀ ਇਤਬਾਰ ਨਾ ਕਰੀਏ।"

ਧਨੀ ਰਾਮ ਨੇ ਫੇਰ ਆਖਿਆ, "ਅੰਗਰੇਜ਼ ਦੇ ਕਿੱਲੇ ਬੜੇ ਡੂੰਘੇ ਗੱਡੇ ਹੋਏ ਨੇ।"

ਪਰ ਖੇਮੇਂ ਨੇ ਉਸ ਨੂੰ ਟੋਕ ਕੇ ਆਖਿਆ, "ਓਏ ਪਾਦਸ਼ਾਹੀਆਂ ਪਲਟਣ ਲੱਗੇ ਚਿਰ ਨਹੀਂ ਲਗਦਾ। ਬਸ ਦਿਨਾਂ ਵਿਚ ਈ ਉੱਡ ਜਾਂਦੀਆਂ ਨੇ। ਏਥੇ ਬੜੇ-ਬੜੇ ਮੁਗਲਾਂ ਦੀਆਂ ਪਾਦਸ਼ਾਹੀਆਂ ਨਾ ਰਹੀਆਂ, ਅੰਗਰੇਜ਼ ਕਿਹਦਾ ਬੱਚਾ ਐ। ਪਰ ਮੈਂ ਸੋਚਦਾ ਆਂ ਜੇ ਅੰਗਰੇਜ਼ ਚਲਿਆ ਗਿਆ ਤਾਂ ਪੰਜਾਬ ਦਾ ਕੀ ਬਣੂ?"

ਮੈਂ ਆਖਿਆ, "ਬਾਬਾ, ਤੂੰ ਤਾਂ ਕਮਲਾ ਐਂ। ਭਲਾ ਅੰਗਰੇਜ਼ ਕਿਤੇ ਪੰਜਾਬ ਨੂੰ ਚੁੱਕ ਕੇ ਲੈ ਜਾਊ? ਕੀ ਹੋ ਜੂ, ਪੰਜਾਬ ਨੂੰ? ਤੈਨੂੰ ਐਵੇਂ ਫਿਕਰ ਲਗਿਆ ਰਹਿੰਦਾ ਐ।"

ਖੇਮਾਂ ਚੁੱਪ ਹੋ ਗਿਆ। ਫੇਰ ਉਸ ਵੱਡਾ ਸਾਰਾ ਹੌਕਾ ਭਰਿਆ ਤੇ ਆਖਿਆ, "ਜਿੰਨੀਆਂ ਪਾਤਸ਼ਾਹੀਆਂ ਦਾ ਉਲਟ-ਫੇਰ ਹੋਇਆ ਸਭਨਾਂ ਵੇਲੇ ਪੰਜਾਬ ਦੀ ਸ਼ਾਮਤ ਆਈ। ਜਿੰਨੇ ਹੱਲੇ ਹੋਏ, ਸਾਰੇ ਪੰਜਾਬ ਰਾਹੀਂ। ਬਸ ਏਥੇ ਹੀ ਲਹੂ ਡੁੱਲ੍ਹਿਆ। ਅਹਿਮਦ-ਸ਼ਾਹ ਤੇ ਨਾਦਰ-ਸ਼ਾਹ ਏਸੇ ਰਾਹੇ ਆਏ। ਮੇਰੀ ਨਾਨੀ ਸੁਣਾਉਂਦੀ ਸੀ ਕਿੱਸੇ......ਕੀਕਰ ਏਥੇ ਅਫਰਾ-ਤਫਰੀ ਮੱਚੀ।"

ਮੈਂ ਉਸ ਨੂੰ ਸਮਝਾਇਆ "ਉਹ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਸਨ। ਓਸ ਵੇਲੇ ਸਭਨਾਂ ਏਸੇ ਰਾਹੋਂ ਆਉਣਾ ਸੀ ਕਿਉਂ ਜੋ ਹਿੰਦੁਸਤਾਨ ਨੂੰ ਆਉਣ ਦਾ ਰਸਤਾ



ਸ਼ਮਾਲੀ ਦੱਰਿਆਂ 'ਚੋਂ ਸੀ। ਪਰ ਹੁਣ ਤਾਂ ਚਾਰੇ ਰਾਹ ਮੋਕਲੇ, ਲੋਕ ਭਾਵੇਂ ਸਮੁੰਦਰ ਰਾਹੀਂ ਜਾਣ, ਭਾਵੇਂ ਹਵਾਈ ਜਹਾਜ਼ ਰਾਹੀਂ। ਸਗੋਂ ਸਾਰੇ ਕਰਾਚੀ ਜਾਂ ਬੰਬਈ ਰਾਹੀਂ ਆਉਂਦੇ ਨੇ। ਅੰਗਰੇਜ਼ ਭਲਾ ਕੋਈ ਪੰਜਾਬ ਰਾਹੀਂ ਆਇਆ ਸੀ?"

ਉਸ ਆਖਿਆ, "ਆਇਆ ਭਾਵੇਂ ਨਹੀਂ ਸੀ ਪਰ ਜਾਵੇਗਾ ਉਹ ਵੀ ਪੰਜਾਬ ਰਾਹੀਂ।"

ਅਸੀਂ ਸਾਰੇ ਜਣੇ ਹੱਸ ਪਏ।

ਮਾਸਟਰ ਧਨੀ ਰਾਮ ਖਿੱਝ ਕੇ ਆਖਣ ਲੱਗਾ, "ਪੰਜਾਬ ਰਾਹੀਂ ਕੀ ਉਸ ਕਾਬਲ-ਕੰਧਾਰ ਵਲ ਜਾਣਾ ਐ? ਅੱਵਲ ਤਾਂ ਉਹ ਜਾਂਦਾ ਈ ਨਹੀਂ, ਤੇ ਜੇ ਗਿਆ ਵੀ ਤਾਂ ਬੰਬਈ ਜਾਂ ਕਲਕੱਤੇ ਵੱਲੋਂ ਜਾਵੇਗਾ।"

ਪਰ ਖੇਮੇਂ ਨੂੰ ਕੋਈ ਨਾ ਸਮਝਾ ਸਕਿਆ। ਉਹ ਆਪਣੀ ਗੱਲ ਤੇ ਅੜਿਆ ਰਿਹਾ, ਇਕ ਬੇ-ਦਲੀਲੀ ਪੇਂਡੂ ਅੜੀ ਜਿਸ ਵਿਚ ਕੋਈ ਮੰਤਵ ਨਹੀਂ ਸੀ।

ਦਿਨ ਲੰਘਦੇ ਗਏ। ਗਾਂਧੀ ਜੀ ਕੈਦ ਹੋਏ, ਫੇਰ ਬਾਹਰ ਆ ਗਏ। ਜੰਗ ਖ਼ਤਮ ਹੋ ਗਈ। ਜਰਮਨ ਤੇ ਜਾਪਾਨ ਹਾਰ ਗਏ, ਰੂਸ ਤੇ ਅੰਗਰੇਜ਼ ਜਿੱਤ ਗਏ। ਏਧਰ ਸਾਰੇ ਮੁਲਕ ਵਿਚ ਫੇਰ ਹਲ-ਚਲ, ਆਜ਼ਾਦੀ ਲਈ ਨਾਹਰੇ, ਹੜਤਾਲਾਂ, ਕੈਦਾਂ, ਡਰਾਵੇ, ਧਮਕੀਆਂ। ਮੁਸਲਿਮ ਲੀਗ ਇਕ ਗੱਲ ਨਹੀਂ ਮੰਨਦੀ, ਕਾਂਗਰਸ ਦੂਜੀ ਗੱਲ ਨਹੀਂ ਮੰਨਦੀ, ਅੰਗਰੇਜ਼ ਤੀਜੀ ਗੱਲ ਨਹੀਂ ਮੰਨਦਾ—ਤੇ ਲੋਗ ਇਨ੍ਹਾਂ ਤਿੰਨਾਂ ਦੀ ਗੱਲ ਨਹੀਂ ਮੰਨਦੇ। ਬਹਿਸਾਂ, ਤਕਰੀਰਾਂ, ਕਾਨਫਰੰਸਾਂ, ਅਖ਼ਬਾਰਾਂ, ਨਿੱਤ ਨਵੀਆਂ ਸੁਰਖ਼ੀਆਂ।

ਛੇਕੜ ਕਾਂਗਰਸ, ਲੀਗ ਤੇ ਅੰਗਰੇਜ਼ ਨੇ ਹਿੰਦੁਸਤਾਨ ਦੀ ਵੰਡ ਦਾ ਸੌਦਾ ਕਰ ਲਿਆ ਅਤੇ ਪੰਜਾਬ ਨੂੰ ਅੱਧ-ਵਿਚਕਾਰੋਂ ਟੁੱਕਣ ਦਾ ਫੈਸਲਾ ਹੋ ਗਿਆ......ਸਿਰ ਅਲਗ, ਧੜ ਅਲਗ। ਵਿਚਕਾਰੋਂ ਲੀਕ ਮਾਰ ਕੇ ਉਸ ਨੂੰ ਵੱਖ-ਵੱਖ ਧਿਰਾਂ ਵਿਚ ਵੰਡ ਦਿੱਤਾ। ਲੋਕ ਉਹੀ ਬੋਲੀ ਬੋਲਦੇ ਹਨ, ਉਹੀ ਕਣਕ ਖਾਂਦੇ ਹਨ, ਉਹੀ ਹਵਾਵਾਂ ਫੱਕਦੇ ਹਨ, ਉਹੀ ਗੀਤ ਤੇ ਬੋਲੀਆਂ ਗਾਉਂਦੇ ਹਨ ਪਰ ਹਿੰਦੂ-ਮੁਸਲਿਮ ਦਾ ਨਾਹਰਾ ਲਾ ਕੇ ਉਨ੍ਹਾਂ ਨੂੰ ਵੱਖ-ਵੱਖ ਧਿਰਾਂ ਵਿਚ ਵੰਡ ਦਿੱਤਾ।

ਮੈਂ ਉਸ ਵੇਲੇ ਲਾਹੌਰ ਸਾਂ। ਗਰਮੀਆਂ ਦਾ ਜ਼ੋਰ ਸੀ ਤੇ ਫਸਾਦਾਂ ਦਾ ਵੀ ਜ਼ੋਰ ਸੀ। ਫੇਰ ਜਦ ਆਜ਼ਾਦੀ ਦਾ ਦਿਨ ਨੇੜੇ ਆਇਆ, ਇਕ ਅਜੀਬ ਭਭੂਕਾ ਜਿਹਾ ਉਠਿਆ। ਪਤਾ ਨਹੀਂ ਕੀ ਸੀ ਉਹ—ਸ਼ਾਇਦ ਅੰਗਰੇਜ਼ ਦਾ ਭੂਤ, ਜੋ ਦਿੱਲੀਓਂ ਨੱਸ ਕੇ ਪੰਜਾਬ ਆ ਵੜਿਆ ਸੀ। ਇਕ ਸਿਰੇ ਤੋਂ ਦੂਜੇ ਸਿਰੇ ਤੀਕ ਵਿਕਰਾਲ ਰੂਪ ਵਿਚ ਖਰੂਦ ਪੁੱਟਦਾ, ਧਰਤੀ ਉਛਾਲਦਾ, ਰੱਤ ਡੋਲ੍ਹਦਾ, ਤੇ ਲਹੂ ਗੱਡੁਚੀਆਂ ਲੋਥਾਂ ਨੂੰ ਚੀਰਦਾ-ਪਾੜਦਾ ਉਹ ਨੱਸ ਰਿਹਾ ਸੀ। ਅੱਗ, ਚਾਕੂ, ਛੁਰੀਆਂ, ਕਿਰਪਾਨਾਂ, ਛਵ੍ਹੀਆਂ, ਗੰਡਾਸੇ...... ਤੇ ਬੰਦੂਕਾਂ ਦੀਆਂ ਗੋਲੀਆਂ। ਹਾ-ਹਾਕਾਰ!! ਅਫਰਾ-ਤਫਰੀ ਵਿਚ ਮੈਂ ਵੀ ਬਾਕੀ ਲੋਕਾਂ ਵਾਂਗ ਲਾਹੌਰੋਂ ਨੱਸਿਆ—ਸ਼ੈਲੀ ਤੇ ਸ਼ੈਕਸਪੀਅਰ ਦੇ ਗਰੰਥ ਤੇ ਚਾਹ ਤੇ ਕਾਫ਼ੀ ਦੇ ਪਿਆਲੇ ਤੇ ਕੁਝ ਲਿਖਤਾਂ ਤੇ ਪਾਰਕਰ ਪੈਨ ਪਿਛੇ ਛਡ ਕੇ, ਨੱਸਦੇ ਵਕਤ ਇਹ ਸਭ ਕੁਝ ਸਾਂਭਣ ਦੀ ਕਿਸ ਨੂੰ ਵਿਹਲ ਸੀ?

ਲਾਹੌਰੋਂ ਨੱਸ ਕੇ ਕਸੂਰ ਆਇਆ। ਉਥੋਂ ਚਰ੍ਹੀਆਂ ਵਿਚ ਲੁਕਦਾ ਛਿਪਦਾ, ਖੇਤੀ-ਖੇਤੀ, ਚਿੱਕੜ ਤੇ ਗਾਰੇ ਨਾਲ ਲਿੱਬੜਿਆ ਮੈਂ ਸਤਲੁਜ ਦੇ ਪੱਤਣ ਤੇ ਪੁੱਜਾ। ਮੇਰੇ

ਜੁੱਤੇ ਕਿਤੇ ਗਾਰ ਵਿਚ ਫਸ ਕੇ ਲੱਥ ਗਏ ਸਨ, ਦਾੜ੍ਹੀ ਉੱਗ ਆਈ ਸੀ। ਭੁੱਖ ਨਾਲ ਬੁਰਾ ਹਾਲ ਸੀ। ਫੇਰ ਰਫਿਊਜੀ ਕੈਂਪ, ਰਫਿਊਜੀ ਗੱਡੀ—ਤੇ ਛੇਕੜ ਲਹਿੰਦਾ-ਵਹਿੰਦਾ ਜਦ ਮੈਂ ਆਪਣੇ ਪਿੰਡ ਪੁੱਜਾ ਤਾਂ ਸਾਹ ਵਿਚ ਸਾਹ ਆਇਆ।

ਉਹੀ ਨਹਿਰ, ਉਹੀ ਸ਼ਿਵਾਲਾ, ਨੱਥੂ ਦੀ ਆਟੇ ਵਾਲੀ ਮਸ਼ੀਨ ਤੇ ਫੇਰ ਸਕੂਲ ਤੇ ਫੇਰ ਖੇਮੇਂ ਸੁਨਿਆਰੇ ਦੀ ਹੱਟੀ। ਉਹ ਹੁਣ ਵੀ ਉਸੇ ਤਰ੍ਹਾਂ ਭੁਖਾਰੇ ਅੱਗੇ ਬੈਠਾ ਗੱਲ੍ਹਾਂ ਫੁਲਾਈ ਫੂਕਾਂ ਮਾਰ ਰਿਹਾ ਸੀ। ਮੈਨੂੰ ਏਕਰ ਆਉਂਦਾ ਵੇਖ ਕੇ ਉਹ ਝਟ ਦੌੜਦਾ ਹੋਇਆ ਬਾਹਰ ਆਇਆ, "ਬਲੰਤ! ਬਲੰਤ! ਤੂੰ ਆ ਗਿਆ ਐਂ?" ਉਸ ਦੀਆਂ ਅੱਖਾਂ ਵਿਚ ਅੱਥਰੂ ਸਨ।

"ਹਾਂ, ਬਾਬਾ।"

ਉਸ ਮੈਨੂੰ ਆਪਣੀ ਹਿੱਕ ਨਾਲ ਲਾ ਲਿਆ, "ਮੈਂ ਜਾਣਦਾ ਸਾਂ, ਮੈਨੂੰ ਪਤਾ ਸੀ ਕਿ ਏਕਰ ਹੋਣਾ ਐ—ਪੰਜਾਬ ਨਾਲ ਏਕਰਾਂ ਈ ਹੋਣਾ ਐ। ਇਸ ਪਿੰਡ ਦੇ ਸਭੇ ਮੁਸਲਮਾਨ—ਕੁਝ ਮਾਰੇ ਗਏ, ਕੁਝ ਨੱਸ ਗਏ, ਕੁਝ ਮੱਚ ਗਏ, ਕੁਝ ਭੁੰਨੇ ਗਏ। ਨਿੱਕੇ-ਨਿੱਕੇ ਬਾਲਾਂ ਨੂੰ, ਅੱਲ੍ਹੜ ਮੁੰਡਿਆਂ ਤੇ ਕੁੜੀਆਂ ਨੂੰ ਤੱਤੇ ਛੁਰਿਆਂ ਨਾਲ ਕੋਹਿਆ। ਸਾਰਾ ਪਿੰਡ ਲੋਥਾਂ ਨਾਲ ਭਰਿਆ ਹੋਇਆ ਸੀ। ਸਾਰੇ ਪਿੰਡ ਦੀ ਹਵਾ ਬਦਲੀ ਹੋਈ ਸੀ—ਕਾਲੀ ਡਰਾਉਣੀ ਹਵਾ। ਹਰ ਆਦਮੀ ਦਾ ਚਿਹਰਾ ਕਿਸੇ ਪਰੇਤ ਵਰਗਾ ਸੀ। ਉਸ ਦਿਨ ਅੰਗਰੇਜ਼ ਦਾ ਭੂਤ ਏਧਰ ਦੀ ਲੰਘਿਆ ਸੀ......"

ਮੈਂ ਕਾਹਲੀ ਨਾਲ ਪੁੱਛਿਆ, "ਗਫੂਰੇ ਤੇ ਅਲੀ ਦਾ ਕੀ ਹਾਲ ਐ? ਕਿਥੇ ਨੇ ਉਹ ਦੋਵੇਂ? ਬਚ ਗਏ ਸਨ ਕੀ ਉਹ?"

"ਦੋਵੇਂ ਮਾਰੇ ਗਏ, ਉਨ੍ਹਾਂ ਦੀ ਮਾਂ ਏਸ ਚੌਂਕ ਵਿਚ ਵੱਢੀ ਗਈ। ਅਸਾਂ ਸਭਨਾਂ ਮਿਲ ਕੇ ਗਫੂਰੇ ਨੂੰ ਮਸਾਂ ਬਚਾਇਆ, ਮਸਾਂ। ਰਾਤੋ-ਰਾਤ ਮੈਂ ਉਸ ਨੂੰ ਖੇਤਾਂ ਤੋਂ ਪਰ੍ਹਾਂ ਆਪ ਛੱਡ ਕੇ ਆਇਆ ਸਾਂ, ਚੋਰੀਉਂ। ਉਸ ਦੀ ਮਾਂ ਮਰ ਗਈ, ਉਸ ਦੀ ਵਹੁਟੀ ਮਰ ਗਈ, ਬਸ ਉਹ ਇਕੱਲਾ ਈ—ਮਸਾਂ ਏਥੋਂ ਗਿਆ।"

ਇਹ ਆਖਦੇ-ਆਖਦੇ ਖੇਮੇਂ ਦਾ ਗਲੇਡੂ ਭਰ ਆਇਆ।

## 33

# ਉਂਗਲਾਂ

ਹਾੜ ਦਾ ਮਹੀਨਾ ਸੀ। ਇਕ ਦਿਨ ਤੜਕੇ ਹੀ ਲੱਸੀ ਪੀ ਕੇ ਮੈਂ ਆਪਣੇ ਘਰ ਦੇ ਬਾਹਰ ਥੜ੍ਹੇ ਉਤੇ ਖਲੋਤਾ ਸੀ ਕਿ ਦੂਰੋਂ ਇਕ ਨੌਜਵਾਨ ਨੂੰ ਹੱਥ ਵਿਚ ਬੈਗ ਤੇ ਛਤਰੀ ਫੜੀ ਏਧਰ-ਓਧਰ ਝਾਕਦੇ ਟੁਰਿਆ ਆਉਂਦਾ ਦੇਖਿਆ। ਮੇਰੇ ਕੋਲ ਆ ਕੇ ਉਹ ਖਲੋ ਗਿਆ। ਇਕ ਮਿੰਟ ਉਹ ਇਸੇ ਤਰ੍ਹਾਂ ਖਲੋਤਾ ਰਿਹਾ ਤੇ ਨੀਝ ਲਾ ਕੇ ਮੇਰੇ ਵਲ ਤੱਕਦਾ ਰਿਹਾ।

ਉਸ ਨੇ ਇਕ ਵੱਡੀ ਪੱਗ ਬੰਨ੍ਹੀ ਹੋਈ ਸੀ, ਜਿਸ ਦਾ ਉਤਲਾ ਲੜ ਪੈਂਡੇ ਦੀ ਮਿੱਟੀ ਨਾਲ ਧੂੜਿਆ ਹੋਇਆ ਸੀ। ਦਾੜ੍ਹੀ ਦੇ ਵਾਲ ਵੀ ਖਿੱਲਰੇ ਤੇ ਬੇ-ਤਰਤੀਬੇ ਸਨ। ਪਰ ਉਸ ਦੀਆਂ ਅੱਖਾਂ ਵਿਚਲੀ ਲਿਸ਼ਕ ਤੇ ਉਸ ਦੇ ਸਿਆਣੂ ਬੁੱਲ੍ਹਾਂ ਦੀ ਨਿਹੋਰ ਵੇਖ ਕੇ ਮੈਂ ਉਸ ਵਲ ਝਾਕਣ ਲੱਗਾ। ਕਿਤੇ ਵੇਖਿਆ ਹੈ ਇਸ ਨੂੰ, ਕਿਥੇ? ਮੈਂ ਆਪਣੇ ਮਨ ਤੇ ਭਾਰ ਪਾ ਕੇ ਸੋਚਣ ਲੱਗਾ।

ਉਸ ਬੈਗ ਦੂਜੇ ਹੱਥ ਵਿਚ ਸਾਂਭਦੇ ਹੋਏ ਪੁੱਛਿਆ, "ਕਿਉਂ ਜੀ—ਬਲਵੰਤ ਦਾ ਘਰ......"

ਬੋਲਣ ਸਾਰ ਮੈਂ ਝਟ ਉਸ ਦੀ ਆਵਾਜ਼ ਪਛਾਣ ਲਈ—ਪੰਦਰਾਂ ਵਰ੍ਹਿਆਂ ਪਿਛੋਂ ਛੁਟਪੁਣੇ ਦੇ ਹਾਣੀ ਬਸ਼ੇਸ਼ਰ ਦੀ ਆਵਾਜ਼ ਨੂੰ ਤੇ ਝਟ ਅੱਗੇ ਵਧ ਕੇ ਮੈਂ ਉਸ ਨੂੰ ਜੱਫੀ ਪਾ ਲਈ।

"ਬਲਵੰਤ!" ਆਖ ਉਸ ਦੇ ਹੱਥੋਂ ਬੈਗ ਭੋਂ ਤੇ ਡਿਗ ਪਿਆ ਤੇ ਉਸ ਨੇ ਮੈਨੂੰ ਘੁੱਟ ਕੇ ਗਲਵੱਕੜੀ ਪਾ ਲਈ।

ਪੁਛ-ਪਛਾਓ ਕਰਨ ਪਿਛੋਂ ਉਸ ਦੱਸਿਆ ਕਿ ਉਸ ਦਾ ਕੈਂਪ ਇਥੋਂ ਅੱਠ ਮੀਲ ਸੀ। ਨਾਨਕਿਆਂ ਦੀ ਧਰਤੀ ਵੇਖਣ ਨੂੰ ਉਸ ਦਾ ਜੀਅ ਕਾਹਲਾ ਪੈ ਗਿਆ ਤੇ ਉਹ

ਰਹਿ ਨਾ ਸਕਿਆ। ਕੰਮ ਦੇ ਰੁਝੇਵੇਂ ਵਿਚ ਐਨਾ ਚਿਰ ਹੋ ਗਿਆ ਸੀ, ਨਾਨੀ ਦੇ ਐਨੇ ਸੁਨੇਹੇ ਗਏ, ਪਰ ਕਦੀ ਵੀ ਤਾਂ ਉਹ ਮੁੜ ਨਾ ਸੀ ਬਹੁੜਿਆ।

ਮੈਂ ਉਦੋਂ ਅੱਠਵੀਂ ਜਮਾਤ ਵਿਚ ਪੜ੍ਹਦਾ ਹੁੰਦਾ ਸਾਂ ਜਦ ਬਸ਼ੇਸ਼ਰ ਪਹਿਲਾਂ-ਪਹਿਲਾਂ ਇਥੇ ਆਇਆ। ਚਿਰਾਂ ਦੀ ਗੱਲ ਹੈ ਹੁਣ ਤੇ ਇਸ ਗਲੀ ਦਾ ਮੂੰਹ-ਮੱਥਾ ਹੀ ਬਦਲਿਆ ਲਗਦਾ ਹੈ। ਉਦੋਂ ਬਸ਼ੇਸ਼ਰ ਦੀ ਨਾਨੀ ਦਾ ਘਰ ਸਾਡੇ ਘਰ ਦੇ ਨਾਲ ਲਗਦਾ ਸੀ ਨਿੱਕਾ ਜਿਹਾ ਰੁਲਿਆ-ਖੁਲਿਆ ਘਰ।

ਉਹ ਫ਼ਰੀਦਕੋਟ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ। ਗਰਮੀਆਂ ਦੀਆਂ ਛੁੱਟੀਆਂ ਕਟਣ ਉਹ ਨਾਨੀ ਕੋਲ ਆਇਆ। ਪਹਿਲੇ ਦਿਨ ਹੀ ਮੈਨੂੰ ਇਹ ਮੁੰਡਾ ਬਹੁਤ ਚੰਗਾ ਲਗਿਆ—ਉਸ ਦਾ ਖੁੱਲ੍ਹਾ-ਡੁੱਲ੍ਹਾ ਸੁਭਾਅ, ਉਸ ਦੀ ਹਾਸੀ, ਉਸ ਦੀਆਂ ਗੱਲਾਂ ਤੇ ਦੂਜੇ ਦਿਨ ਹੀ ਅਸੀਂ ਗੂੜ੍ਹੇ ਮਿੱਤਰ ਬਣ ਗਏ।

ਅਸੀਂ ਇਕੱਠੇ ਬੇਰ ਖਾਣ ਜਾਂਦੇ, ਆਥਣ ਨੂੰ ਖੇਤਾਂ ਵਿਚੋਂ ਚਰ੍ਹੀਆਂ ਦੇ ਪਤਲੇ ਨਰਮ ਟਾਂਡੇ ਚੂਸਦੇ ਆਉਂਦੇ ਤੇ ਰਾਤ ਨੂੰ ਵਿਹੜੇ ਵਿਚ ਕੱਠੇ ਬੈਠੇ ਬਹੁਤ ਚਿਰ ਗੱਲਾਂ ਕਰਦੇ ਰਹਿੰਦੇ। ਉਹ ਸਾਡੇ ਪਿੰਡ ਸਿਰਫ਼ ਡੂਢ ਮਹੀਨਾ ਹੀ ਰਿਹਾ, ਪਰ ਰੱਜ ਕੇ ਭਰਿਆ ਤੇ ਨੱਕੋ-ਨੱਕ ਸੀ ਉਹ ਡੂਢ ਮਹੀਨਾ! ਅਸੀਂ ਐਨੇ ਇੱਕ-ਮਿੱਕ ਹੋ ਗਏ ਕਿ ਜ਼ਿੰਦਗੀ ਦੇ ਵੱਡੇ-ਵੱਡੇ ਸਾਥ ਨਿਭਾਉਣ ਦੇ ਬਚਨ ਕੀਤੇ। ਮੁੰਡ-ਪੁਣੇ ਦੇ ਨਵੇਂ ਪੁੰਗਰਦੇ ਪਿਆਰ ਵਿਚ ਸਾਡੇ ਸਾਰੇ ਬਚਨ ਨਿਸਰੇ ਹੋਏ ਸਨ। ਅਸੀਂ ਇਕ ਦੂਜੇ ਦੇ ਐਨੇ ਜਾਣੂ, ਐਨੇ ਨੇੜੇ ਤੇ ਐਨੇ ਕੋਲ ਸਾਂ।

ਕੁਝ ਚਿਰ ਸਾਡੇ ਵਿਚ ਚਿੱਠੀ-ਚਪਾਠੀ ਹੋਈ, ਪਰ ਫੇਰ ਬਸ ਹੋ ਗਈ। ਮੈਂ ਦਸਵੀਂ ਪਿਛੋਂ ਕਾਲਜ ਵਿਚ ਦਾਖ਼ਲ ਹੋ ਗਿਆ, ਲਾਹੌਰ ਚਲਾ ਗਿਆ, ਫਿਰ ਦਿੱਲੀ, ਬੰਬਈ ਤੇ ਕਈ ਥਾਂ ਨੌਕਰੀ ਕੀਤੀ। ਨਿੱਤ ਦੇ ਰੁਝੇਵੇਂ ਵਿਚ ਮੈਨੂੰ ਬਸ਼ੇਸ਼ਰ ਉੱਕਾ ਭੁੱਲ ਗਿਆ ਸੀ। ਰੇਡੀਓ ਦੀ ਨੌਕਰੀ ਛਡ ਕੇ ਮੈਂ ਪਿੰਡ ਆ ਗਿਆ ਸਾਂ ਤੇ ਏਥੇ ਹੀ ਰਹਿਣ ਲੱਗਾ ਸਾਂ। ਹੁਣ ਭੁੱਲ ਕੇ ਵੀ ਮੈਨੂੰ ਕਦੀ ਬਸ਼ੇਸ਼ਰ ਚੇਤੇ ਨਾ ਸੀ ਆਇਆ। ਅੱਜ ਉਸ ਦੇ ਅਚਾਨਕ ਆਉਣ ਨਾਲ ਸਾਰੀਆਂ ਪਿਛਲੀਆਂ ਗੱਲਾਂ ਮਨ ਅੱਗੇ ਆ ਗਈਆਂ ਸਾਰੇ ਹਾਸੇ, ਸਾਰੇ ਹਾਣੀ, ਸਭੇ ਖੇਡਾਂ—ਤੇ ਅਸੀਂ ਬਹੁਤ ਚਿਰ ਤੀਕਰ ਗੱਲਾਂ ਕਰਦੇ ਰਹੇ।

ਉਸ ਦੀ ਨਾਨੀ ਮਰ ਚੁੱਕੀ ਸੀ ਤੇ ਮਾਮਾ ਹੁਣ ਮੰਡੀ ਵਿਚ ਬਜ਼ਾਜ਼ੀ ਦੀ ਹੱਟੀ ਕਰਦਾ ਸੀ। ਪਾਣੀ-ਧਾਣੀ ਪੀਣ ਪਿਛੋਂ ਮੈਂ ਉਸ ਨੂੰ ਉਹਦੇ ਮਾਮੇ ਦੇ ਘਰ ਛਡ ਆਇਆ। ਉਹ ਮੈਨੂੰ ਆਉਣ ਨਹੀਂ ਸੀ ਦੇਂਦਾ। ਖੇਤਾਂ ਦੀ ਸੈਰ ਕਰਨ ਲਈ ਉਸ ਮੁੜ ਮੈਨੂੰ ਆਥਣ ਨੂੰ ਆਉਣ ਲਈ ਆਖਿਆ।

ਹਾਲੇ ਸੂਰਜ ਡੁੱਬਾ ਨਹੀਂ ਸੀ, ਜਦੋਂ ਅਸੀਂ ਦੋਵੇਂ ਖੇਤਾਂ ਦੀ ਸੈਰ ਨੂੰ ਨਿਕਲ ਗਏ।

ਪਿੰਡ ਦੀ ਜੂਹ ਕੋਲ ਖਲੋਤੇ ਉਸ ਆਖਿਆ, "ਸਾਰਾ ਕੁਝ ਹੀ ਬਦਲ ਗਿਆ ਏ ਏਥੋਂ ਦਾ। ਪਹਿਲਾਂ ਇਥੇ ਬਾਜਰੇ ਦੇ ਕਿਆਰੇ ਸਨ ਜਿਨ੍ਹਾਂ ਦੇ ਲੰਮੇ-ਲੰਮੇ ਸਿੱਟਿਆਂ ਦੀ ਥਾਂ ਹੁਣ ਇਨ੍ਹਾਂ ਅਨਘੜ ਘਰਾਂ ਨੇ ਮੱਲ ਲਈ ਐ। ਇਥੇ ਖਾਲ ਵਗਦਾ ਸੀ, ਤੇ ਇਥੇ ਛੋਟੇ-ਛੋਟੇ ਝਾੜ-ਮਲ੍ਹੇ ਸਨ, ਪਤਾ ਨਹੀਂ ਸਭ ਕਿਧਰ ਗਏ, ਜਿਵੇਂ ਇਥੇ ਕਦੀ



ਕੁਝ ਉਗਿਆ ਹੀ ਨਹੀਂ ਹੁੰਦਾ। ਬਸ ਇਕ ਬੋੜ੍ਹ ਰਹਿ ਗਿਆ ਏ, ਬੋੜ੍ਹ ਜਿਸ ਦੀਆਂ ਉਤਾਂਹ ਉਭਰੀਆਂ ਜੜ੍ਹਾਂ ਤੇ ਲਮਕਦੀਆਂ ਦਾੜ੍ਹਾਂ ਹੇਠ ਅਸੀਂ ਲੁਕਣ-ਮੀਟੀ ਖੇਡਿਆ ਕਰਦੇ ਸਾਂ—."

"ਹਾਂ—" ਮੈਂ ਪੋਲਾ ਜਿਹਾ ਆਖਿਆ।

ਹੌਲੀ-ਹੌਲੀ ਟੁਰਦੇ ਅਸੀਂ ਬੋੜ੍ਹ ਲੰਘ ਆਏ, ਅੱਗੇ ਇਕ ਵੱਡੀ ਸਾਰੀ ਚਰਾਂਦ ਸ਼ੁਰੂ ਹੋ ਜਾਂਦੀ ਸੀ।

ਹਾਲੀ ਚਾਰਾ-ਤੱਥਾ ਲੈ ਕੇ ਗੱਡਿਆਂ ਨੂੰ ਹੱਕਦੇ ਘਰੀਂ ਪਰਤ ਪਏ ਸਨ। ਦੋ ਮੋਟੇ ਘਸਮੈਲੇ ਬੱਦਲਾਂ ਨੇ ਪੱਛਮ ਦੇ ਚਾਨਣੇ ਨੂੰ ਪਾਟੇ ਹੋਏ ਲੀੜੇ ਵਾਂਗ ਕੱਜਿਆ ਹੋਇਆ ਸੀ। ਦੱਖਣ ਵਲੋਂ ਹਵਾ ਦਾ ਰੁਮਕਾ ਕਦੇ ਕਦੇ ਟੁਰ ਵਗਦਾ।

ਇਕ ਮਿੰਟ ਉਹ ਉਥੇ ਖਲੋਤਾ ਰਿਹਾ। ਫੇਰ ਮੇਰੇ ਵਲ ਤੱਕ ਕੇ ਆਖਣ ਲੱਗਾ, "ਏਥੇ ਆ ਕੇ ਆਪਾਂ ਖੇਡਿਆ ਕਰਦੇ ਸਾਂ ਨਾ, ਇਥੇ? ਯਾਦ ਏ ਤੈਨੂੰ, ਕਦੀ-ਕਦੀ ਆਪਾਂ ਫੜਨ-ਫੜਨ ਖੇਡਿਆ ਕਰਦੇ ਸਾਂ।"

"ਹਾਂ!" ਮੈਂ ਆਖਿਆ।

ਉਸ ਦਾ ਮੂੰਹ ਚਿਰਾਂ ਦੇ ਚੇਤੇ ਨਾਲ ਫੈਲਰਿਆ ਹੋਇਆ ਜਾਪਦਾ ਸੀ।

ਇਕ ਦਮ ਉਹ ਬਾਹਵਾਂ ਖਲਾਰ ਕੇ ਚਰਾਂਦ ਵਿਚ ਦੌੜਨ ਲਗ ਪਿਆ। ਮੈਂ ਉਸੇ ਥਾਂ ਉਤੇ ਖਲੋਤਾ ਉਸ ਨੂੰ ਤੱਕਦਾ ਰਿਹਾ।

ਉਹ ਚਰਾਂਦ ਦੇ ਪਰਲੇ ਬੰਨੇ ਤੀਕਰ ਨੱਸਦਾ ਹੋਇਆ ਗਿਆ ਤੇ ਪੂਰਬ ਵਲ ਮੂੰਹ ਕਰ ਕੇ ਖਲੋ ਗਿਆ। ਉਸ ਦਾ ਮੂੰਹ ਅੱਡਿਆ ਹੋਇਆ ਸੀ, ਤੇ ਉਹ ਇੰਜ ਖੜਾ ਸੀ ਜਿਵੇਂ ਕਿਸੇ ਕੀਲ ਦਿੱਤਾ ਹੋਵੇ।

ਉਸ ਦਾ ਇਕ ਥਾਂ ਉਤੇ ਇਸ ਤਰ੍ਹਾਂ ਜੰਮ ਕੇ ਖਲੋਣਾ, ਇਸ ਤਰ੍ਹਾਂ ਬਾਹਵਾਂ ਅੱਡ ਕੇ ਝਾਕਣਾ ਮੈਨੂੰ ਕੁਝ ਅਵੱਲਾ ਜਾਪਿਆ। ਮੈਂ ਖੜਾ ਸੋਚਦਾ ਰਿਹਾ। ਫੇਰ ਉਸ ਇਕ ਤਰਾਰਾ ਭਰਿਆ ਤੇ ਪਰਲੇ ਪਾਸੇ ਉੱਗੀਆਂ ਚਰ੍ਹੀਆਂ ਦੀ ਵੱਟ ਨੂੰ ਛੋਂਹਦਾ ਇਕ ਚੱਕਰ ਵਿਚ ਦੌੜਦਾ ਹੋਇਆ ਮੇਰੇ ਕੋਲ ਆ ਅੱਪੜਿਆ।

ਉਸ ਨੂੰ ਸਾਹ ਚੜ੍ਹਿਆ ਹੋਇਆ ਸੀ, ਤੇ ਉਸ ਦੀਆਂ ਗੱਲ੍ਹਾਂ ਮਘ ਰਹੀਆਂ ਸਨ।

"ਕੀ ਹੋਇਆ ਏ ਤੈਨੂੰ ਬਸ਼ੇਸ਼ਰਾ?" ਮੈਂ ਪੁੱਛਿਆ।

ਉਸ ਹਫ਼ਦੇ ਹੋਏ ਆਪਣਾ ਹੱਥ ਮੇਰੇ ਮੋਢੇ ਉਤੇ ਰਖ ਦਿੱਤਾ ਤੇ ਸਾਹ ਲੈਣ ਲਈ ਖਲੋ ਗਿਆ।

"ਬੜਾ ਹੌਂਕਦਾ ਐਂ, ਬੈਠ ਜਾਈਏ ਕੀ?"

"ਹਾਂ" ਉਸ ਆਖਿਆ, ਤੇ ਅਸੀਂ ਦੋਵੇਂ ਵੱਟ ਉਤੇ ਬੈਠ ਗਏ।

"ਕੀ ਗੱਲ ਐ?" ਮੈਂ ਫਿਰ ਪੁੱਛਿਆ।

ਉਹ ਸਾਹਮਣੇ ਦੁਮੇਲ ਉਤੇ ਪੂਰਬ ਦੀ ਉੱਲਰਦੀ ਆਉਂਦੀ ਕਲੱਤਣ ਵੱਟੀ ਲਾਲੀ ਤੱਕਦਾ ਰਿਹਾ। ਉਸ ਦੀਆਂ ਅੱਖਾਂ ਕੁਝ ਚੌੜੀਆਂ ਤੇ ਖਿੰਡੀਆਂ ਹੋਈਆਂ ਸਨ।

"ਐਨਾ ਸਾਹੋ-ਸਾਹ ਹੋਇਆ ਏਂ, ਖ਼ੈਰ ਤਾਂ ਹੈ?"

"ਹਾਂ" ਉਸ ਇਕ ਵੱਡਾ ਸਾਰਾ ਸਾਹ ਖਿੱਚ ਕੇ ਆਖਿਆ, "ਖ਼ੈਰ ਹੈ।"

ਉਸ ਮੇਰਾ ਮੋਢਾ ਫੜ ਲਿਆ ਤੇ ਜਿਵੇਂ ਛੁਟ-ਪਣੇ ਵਿਚ ਹਲੂਣਿਆ ਕਰਦਾ

ਸੀ, ਉਸੇ ਤਰ੍ਹਾਂ ਮੇਰੇ ਮੋਰਾਂ ਨੂੰ ਕਲੋਲਦੇ ਹੋਏ ਆਖਣ ਲੱਗਾ :

"ਤੈਨੂੰ ਪਤਾ ਏ ਬਲਵੰਤ ਆਪਾਂ ਇਥੇ ਤ੍ਰਕਾਲੀਂ ਗੁੱਲੀ-ਡੰਡਾ ਤੇ ਡੰਡਾ-ਡੁੱਕ ਖੇਡਣ ਆਇਆ ਕਰਦੇ ਸਾਂ। ਬਾਜਰੇ ਦੇ ਇਨ੍ਹਾਂ ਖੇਤਾਂ ਕੋਲ ਜਿਥੇ ਨਾਲਾ ਵਗਦਾ ਹੁੰਦਾ ਸੀ, ਆਪਾਂ ਖੁੱਤੀ ਪੁਟ ਕੇ ਸਾਰਾ-ਸਾਰਾ ਦਿਨ ਖੇਡਦੇ ਰਹਿੰਦੇ ਸਾਂ। ਤੂੰ ਚਰ੍ਹੀਆਂ ਵਿਚ ਵੜ ਜਾਂਦਾ, ਮੈਂ ਬਾਜਰੇ ਦੇ ਸੰਘਣੇ ਬੂਟਿਆਂ ਵਿਚ ਲੁਕ ਜਾਂਦਾ, ਆਪਾਂ ਇਕ ਦੂਜੇ ਨੂੰ ਹਾਕਾਂ ਮਾਰਦੇ ਤੇ ਫਿਰ ਥੱਕੇ ਹਾਰੇ-ਆਲੇ ਦੀ ਝੁੱਗੀ 'ਚੋਂ ਪਾਣੀ ਪੀਂਦੇ।

ਜਿਹੜਾ ਸਾਡੇ 'ਚੋਂ ਹਾਰਦਾ ਉਹ ਸਭ ਤੋਂ ਛੇਕੜ ਪਾਣੀ ਪੀਂਦਾ। ਸਾਰੇ ਜਣੇ ਆਪਣੇ ਆਪਣੇ ਬੁੱਕ ਬੁੱਲ੍ਹਾਂ ਨਾਲ ਲਾ ਕੇ ਪੱਬਾਂ ਪਰਨੇ ਬੈਠ ਜਾਂਦੇ ਤੇ ਆਲੇ ਦੀ ਧੀ ਬਚਨੀ ਵਾਰੋ ਵਾਰ ਸਭਨਾਂ ਨੂੰ ਵੱਡੇ ਗੜਵੇ 'ਚੋਂ ਪਾਣੀ ਪਿਲਾਉਂਦੀ।

ਹੁਣ ਉਹ ਖੇਤ ਹੀ ਉਡ ਗਏ ਨੇ, ਉਹ ਹਾਣੀ, ਆਲੇ ਦੀ ਝੁੱਗੀ ਤੇ ਉਸ ਦਾ ਕੁੱਤਾ, ਜਿਹੜਾ ਕਈ ਵਾਰ ਸਾਨੂੰ ਭੌਂਕਦਾ।

ਬਚਨੀ ਪਾਣੀ ਪਿਲਾਉਣ ਲੱਗੇ ਬੜਾ ਹੱਸਦੀ, ਬੜੇ ਚਾਓ ਨਾਲ ਓਹ ਮਿੱਟੀ ਦੇ ਗੜਵੇ ਨੂੰ ਓਜਦੀ। ਇਕ ਵਾਰ ਮੈਂ ਸਭ ਤੋਂ ਫਾਡੀ ਸੀ, ਜਦ ਪਾਣੀ ਪੀਣ ਦੀ ਮੇਰੀ ਵਾਰੀ ਆਈ ਤਾਂ ਉਸ ਗੜਵੇ ਨੂੰ ਸਾਰਾ ਹੀ ਮੇਰੇ ਬੁੱਕ ਉਤੇ ਮੂਧਿਆ ਦਿੱਤਾ ਤੇ ਫੇਰ ਹੱਸ ਪਈ।

ਬੜੀ ਚੰਗੀ ਲਗਦੀ ਸੀ ਮੈਨੂੰ ਉਹ ਕੁੜੀ, ਤੇ ਉਸ ਦਾ ਹਾਸਾ।

ਇਕ ਦਿਨ, ਮੈਨੂੰ ਚੰਗੀ ਤਰ੍ਹਾਂ ਯਾਦ ਏ ਉਹ ਦਿਨ—ਤੂੰ ਆਪਣੇ ਚਾਚੇ ਨਾਲ ਲਾਗਲੇ ਪਿੰਡ ਗਿਆ ਹੋਇਆ ਸੀ। ਸਾਰੇ ਹਾਣੀਆਂ ਤੋਂ ਨਿਖੜਿਆ, ਮੈਂ ਹਵਾ ਫੱਕਣ ਲਈ ਇਕੱਲਾ ਹੀ ਖੇਤਾਂ ਵਿਚ ਨਿਕਲ ਆਇਆ।

ਮੀਂਹ ਵਰ੍ਹਣ ਪਿਛੋਂ ਧਰਤੀ ਗਿੱਲੀ ਤੇ ਪੋਲੀ ਸੀ। ਵੱਟਾਂ ਉਤੇ ਬੀਰ-ਬਹੁਟੀਆਂ ਟੁਰੀਆਂ ਫਿਰਦੀਆਂ ਸਨ ਤੇ ਘਾਹ-ਕੱਜੇ ਰਾਹਾਂ ਉਤੇ ਗੰਡੋਏ ਸੇਵੀਆਂ ਵਾਂਗ ਪਏ ਸਨ, ਲੰਮ-ਸਲੰਮੇ।

ਮੈਂ ਬੋਚ-ਬੋਚ ਪੈਰ ਧਰਦਾ ਖੇਤ ਦੀ ਵੱਟੋ-ਵੱਟ ਟੁਰਿਆ ਜਾਂਦਾ ਸਾਂ। ਇਹ ਚਰਾਂਦ ਹਰੇ ਘਾਹ ਦੇ ਲੋੜ੍ਹਿਆਂ ਵਿਚ ਛਲਕਦੀ ਪਈ ਸੀ, ਦੂਰੋਂ ਮੈਂ ਵੇਖਿਆ, ਵੱਟ ਦੀ ਇਕ ਖੂਟ ਉਤੇ ਬਚਨੀ ਆਪਣੀ ਨਿੱਕੀ ਪੱਠ ਨੂੰ ਖੁਆਣ ਲਈ ਚਰੀ ਦਾ ਇਕ ਭਰਾ ਸਾਂਭੀ ਖੜੀ ਸੀ। ਉਸ ਨੂੰ ਵੇਖਣ ਸਾਰ ਮੈਂ ਲੰਮੀਆਂ-ਲੰਮੀਆਂ ਉਲਾਂਘਾਂ ਭਰਦਾ ਉਸ ਵਲ ਨੱਸ ਪਿਆ। ਉਹ ਉਸੇ ਤਰ੍ਹਾਂ ਖਲੋਤੀ ਰਹੀ।

ਮੈਂ ਉਸ ਕੋਲ ਪੁੱਜਾ ਤਾਂ ਮੈਨੂੰ ਸਾਹ ਚੜ੍ਹਿਆ ਹੋਇਆ ਸੀ।

"ਬੜਾ ਨੱਸ ਕੇ ਆਇਆਂ ਏਂ ?" ਉਸ ਰਤਾ ਹੱਸ ਕੇ ਆਖਿਆ।

"ਹਾਂ, ਤੈਨੂੰ ਵੇਖ ਕੇ।"

"ਹੱਛਾ !" ਉਹ ਫੇਰ ਨੀਵੀਂ ਆਵਾਜ਼ ਵਿਚ ਕੂਈ, "ਮੈਂ ਐਨੀ ਚੰਗੀ ਹਾਂ ?"

"ਹਾਂ" ਮੈਂ ਤੇਜ਼ ਵਗਦੇ ਸਾਹ ਨਾਲ ਆਖਿਆ। ਚਰ੍ਹੀਆਂ ਵਰਗੀ ਮਿੱਠੀ ਤੇ ਸੱਜਰੀ ਸੁਗੰਧ ਸੀ ਉਸ ਦੇ ਨਾਲ ਖਹਿੰਦੀ ਹਵਾ ਵਿਚ।

"ਲਿਆ, ਮੈਂ ਇਹ ਭਰਾ ਚੁਕ ਲਵਾਂ, ਉਸ ਵੱਟ ਤੀਕਰ ਛੱਡ ਆਵਾਂਗਾ ਤੈਨੂੰ ਮੈਂ।"



"ਨਹੀਂ, ਮੈਂ ਆਪ ਚੁੱਕ ਲਵਾਂਗੀ।"

"ਨਹੀਂ", ਤੇ ਮੈਂ ਉਸ ਦੇ ਹੱਥੋਂ ਭਰਾ ਖੋਹ ਕੇ ਆਪਣੀ ਕੱਛ ਵਿਚ ਬੋਚ ਲਿਆ।

ਹੌਲੀ-ਹੌਲੀ ਟੁਰਦੇ ਅਸੀਂ ਗੱਲਾਂ ਕਰਦੇ ਉਸ ਵੱਟ ਵਲ ਟੁਰ ਪਏ। ਉਸ ਬੜੀਆਂ ਚੰਗੀਆਂ ਚੰਗੀਆਂ ਗੱਲਾਂ ਕੀਤੀਆਂ।

ਬਾਜਰੇ ਦੇ ਸੰਘਣੇ ਖੇਤਾਂ ਦੇ ਸਿੱਟੇ ਟਿਕੇ ਖੜੇ ਸਨ। ਸੂਰਜ ਪੱਛਮ ਵਿਚ ਕਿਤੇ ਲੱਥ ਗਿਆ ਸੀ ਤੇ ਕੁੱਬੀ ਕਿੱਕਰ ਦੇ ਪਛਾੜੀ ਹਨੇਰਾ ਖੋਹਾਂ-ਖੁੱਡਾਂ ਉਤੇ ਪੱਬ ਧਰਦਾ ਟੁਰਿਆ ਆਉਂਦਾ ਸੀ।

"ਲਿਆ ਹੁਣ ਭਰਾ ਮੈਨੂੰ ਫੜਾ ਦੇ" ਉਸ ਆਖਿਆ।

"ਨਹੀਂ, ਮੈਂ ਲਈ ਚੱਲਾਂਗਾ।"

ਉਹ ਖਲੋ ਗਈ, "ਹੱਛਾ !"

ਮੈਂ ਵੀ ਖਲੋ ਗਿਆ।

ਵੱਟ ਉਤੇ ਅਸੀਂ ਕੁਝ ਚਿਰ ਖਲੋਤੇ ਰਹੇ।

ਉਸ ਫਿਰ ਹੱਥ ਵਧਾ ਕੇ ਮੇਰੀ ਕੱਛੋਂ ਭਰਾ ਖੋਹਣ ਦਾ ਜਤਨ ਕੀਤਾ। ਮੈਂ ਆਪਣੇ ਸੱਜੇ ਹੱਥ ਵਿਚ ਉਸ ਦੀਆਂ ਉਂਗਲਾਂ ਫੜ ਲਈਆਂ ਪਤਲੀਆਂ ਲੰਮੀਆਂ ਉਂਗਲਾਂ, ਤੇ ਭਰਾ ਉਸ ਦੇ ਖੱਬੇ ਹੱਥ ਵਿਚ ਸਾਂਭ ਦਿੱਤਾ।

ਇਕ ਮਿੰਟ ਮੈਂ ਉਸ ਦੀਆਂ ਉਂਗਲਾਂ ਆਪਣੇ ਹੱਥ ਵਿਚ ਥੰਮ੍ਹੀ ਖਲੋਤਾ ਰਿਹਾ। ਫੇਰ ਉਸ ਨਰਮ ਮਰੋੜ ਨਾਲ ਮੇਰਾ ਗੁੱਟ ਘੁੱਟਿਆ।

"ਕਲ੍ਹ ਗੁੱਲੀ ਡੰਡਾ ਖੇਡਣ ਆਵੇਂਗਾ ਤੂੰ ?"

"ਨਾ।"

"ਕਿਉਂ ?"

"ਮੈਂ ਚਲਿਆ ਜਾਣਾ ਏ।"

"ਐਡੀ ਛੇਤੀ ?"

"ਹਾਂ।"

"ਇਕ ਦਿਨ ਹੋਰ ਠਹਿਰ ਜਾ।"

"ਨਹੀਂ—ਅੱਗੇ ਈ ਮੈਂ ਇਥੇ ਪੰਜ ਦਿਨ ਵਾਧੂ ਰਹਿ ਚੁੱਕਾ ਹਾਂ।"

"ਜਿਥੇ ਪੰਜ ਦਿਨ ਰਿਹਾ ਏਂ, ਇਕ ਦਿਨ ਹੋਰ ਸਹੀ।"

ਮੈਂ ਚੁੱਪ ਹੋ ਗਿਆ।

ਇਕ ਮਿੰਟ ਪਿਛੋਂ ਮੈਂ ਬੋਲਿਆ, "ਪਰ ਮੈਂ ਬਾਪੂ ਨੂੰ ਖ਼ਤ ਲਿਖ ਚੁੱਕਾ ਹਾਂ, ਹੁਣ ਤਾਂ ਜਾਣਾ ਹੀ ਹੋਵੇਗਾ।"

"ਫੇਰ ਕਦ ਆਵੇਂਗਾ ਤੂੰ ?"

"ਅਗਲੇ ਸਾਲ।"

"ਹਾਏ—ਐਡਾ ਚਿਰ ?"

"ਪਹਿਲਾਂ ਕਿਵੇਂ ਆ ਸਕਦਾ ਹਾਂ ?"

"ਚੰਗਾ, ਛੇਤੀ ਫੇਰਾ ਮਾਰੀਂ—ਜ਼ਰੂਰ। ਮੈਨੂੰ ਤੇਰੀ ਖੇਡ ਬਹੁਤ ਚੰਗੀ ਲਗਦੀ ਏ।"

ਉਸ ਫੇਰ ਆਪਣੀਆਂ ਮੱਖਣ ਵਰਗੀਆਂ ਨਰਮ ਉਂਗਲਾਂ ਵਿਚ ਮੇਰਾ ਹੱਥ ਦੱਬਿਆ। ਕੂਲੀ ਪੰਘਰੀ ਹੋਈ ਛੋਹ ਨਾਲ ਮੇਰਾ ਸਾਰਾ ਹੱਥ ਕੰਬ ਉਠਿਆ।

ਉਹ ਕਾਹਲੇ-ਕਾਹਲੇ ਪੈਰ ਰਖਦੀ ਉਥੋਂ ਚਲੀ ਗਈ, ਮੇਰੇ ਹੱਥਾਂ ਉਤੇ ਆਪਣੀਆਂ ਉਂਗਲਾਂ ਦੇ ਨਸ਼ਾਨ ਛਡ ਕੇ।

ਮੈਂ ਉਥੇ ਹੀ ਖਲੋਤਾ ਰਿਹਾ, ਹੌਲੀ-ਹੌਲੀ ਉਹਦੇ ਪੈਰਾਂ ਦੀ ਵਿੜਕ ਹਨੇਰੇ ਵਿਚ ਗੁਆਚ ਗਈ।

ਖੇਤ ਵਿਚ ਬੇਅੰਤ ਸਿੱਟੇ ਖਲੋਤੇ ਸਨ, ਬਚਨੀ ਦੀਆਂ ਕੰਬਦੀਆਂ ਉਂਗਲਾਂ ਵਾਂਗ।

ਵੱਟੋ-ਵੱਟ ਮੈਂ ਵਾਪਸ ਪਰਤਿਆ। ਹਵਾ ਵਿਚ ਉਸ ਦੇ ਮੋਢਿਆਂ ਨਾਲ ਛੋਹਿਆ ਹੋਇਆ ਉਹੀ ਸੱਜਰਾ ਸਾਹ ਸੀ, ਤੇ ਮੇਰੀ ਤਲੀ ਉਤੇ ਉਸ ਦੀਆਂ ਉਂਗਲਾਂ ਦੀ ਛੋਹ।

ਸਾਰੀ ਰਾਤ ਮੈਂ ਅਜੀਬ ਕਿਸਮ ਦੇ ਸੁਤ-ਅਨੀਂਦਰੇ ਵਿਚ ਪਿਆ ਰਿਹਾ। ਮੰਜੀ ਉਤੇ ਮੇਰੇ ਹੱਥ ਰਾਤ ਦੀ ਵਗਦੀ ਦਖਣੀ 'ਵਾ ਦੇ ਕੂਲੇ ਪੋਟੇ ਮਹਿਸੂਸਦੇ ਰਹੇ, ਨਰਮ, ਪਤਲੇ ਤੇ ਧੁੰਦ ਭਰੇ.......ਤੇ ਵੱਟ ਉਤੇ ਖਲੋਤੇ ਬਾਜਰੇ ਦੇ ਸਿੱਟੇ ਸਾਰੀ ਰਾਤ ਮੇਰੇ ਹੱਥਾਂ ਉਤੇ ਹਵਾਈ ਲੀਕਾਂ ਧੂੰਹਦੇ ਰਹੇ—ਨਰਮ ਲੀਕਾਂ—ਜਿਵੇਂ ਤਾਰਿਆਂ ਦੀ ਠੰਡ ਘੁਲ ਕੇ ਮੇਰੇ ਹੱਥ ਉਤੇ ਡੁਲ੍ਹ ਗਈ ਹੋਵੇ, ਇਕ ਛੋਹ ਜਿਹੜੀ ਛੋਹ ਸੀ ਵੀ ਤੇ ਨਹੀਂ ਵੀ।

ਫਿਰ ਉਸ ਇਕ ਲੰਮਾ ਸਾਹ ਖਿੱਚਿਆ, ਪੰਦਰਾਂ ਵਰ੍ਹੇ ਹੋ ਗਏ ਹਨ ਇਸ ਗੱਲ ਨੂੰ, ਮੈਂ ਨਹੀਂ ਭੁੱਲ ਸਕਿਆ ਉਸ ਦੀਆਂ ਉਂਗਲਾਂ ਦੀ ਛੋਹ।

ਅੱਜ ਇਸ ਚਰਾਂਦ ਵਿਚ ਆ ਕੇ ਮੈਂ ਆਪਮੁਹਾਰਾ ਉਸ ਦਿਨ ਵਾਂਗ ਦੌੜ ਪਿਆ—ਉਸ ਦਿਨ ਵਾਂਗ ਮੈਨੂੰ ਅੱਜ ਨਾ ਹਵਾ ਵਿਚ ਸੱਜਰਾਪਨ ਜਾਪਿਆ ਤੇ ਨਾ ਆਪਣੇ ਹੱਥਾਂ ਉਤੇ ਉਸ ਦੀਆਂ ਫਲੀਆਂ ਵਰਗੀਆਂ ਉਂਗਲਾਂ ਦੀ ਛੋਹ।"

ਇਹ ਆਖ ਉਹ ਚੁੱਪ ਹੋ ਗਿਆ।

ਸੂਰਜ ਪੱਛਮ ਵਿਚ ਨਿਘਰ ਚੁੱਕਾ ਸੀ। ਸਾਰੇ ਖੇਤ ਉਤੇ ਫਿੱਕੇ ਬੇ-ਸਵਾਦ ਪੀਲੇ ਸਲੇਟੀ ਰੰਗ ਦੀ ਛਾਂ ਸੀ ਜਦੋਂ ਅਸੀਂ ਦੋਵੇਂ ਘਰ ਵਾਪਸ ਮੁੜੇ।

# 34

## ਛੱਲੇ

ਜੈ ਰਾਜ ਦੀ ਮੇਜ਼ ਉਤੇ ਨਿੱਕਾ ਜਿਹਾ ਦੀਵਾ ਬਲਦਾ ਸੀ। ਖੱਬੇ ਪਾਸੇ ਤਾਕੀ ਖੁੱਲ੍ਹੀ ਸੀ ਤੇ ਬਾਹਰ ਭਿੱਜੀ ਹੋਈ ਨੀਲੀ ਰਾਤ ਦਿਸਦੀ ਸੀ। ਕਈ ਸਤਰਾਂ ਉਸ ਦੇ ਮਨ ਵਿਚ ਘੁੰਮ ਰਹੀਆਂ ਸਨ, ਪਰ ਉਸ ਦਾ ਮਨ ਕਿਤੇ ਵੀ ਨਹੀਂ ਸੀ ਟਿਕਦਾ। ਉਸ ਫੇਰ ਕਲਮ ਚੁੱਕੀ ਤੇ ਮੇਜ਼ ਉਤੇ ਤੜਕੇ ਦੇ ਪਏ ਬਾਸੀ ਫੁੱਲ ਸੁੰਘੇ ਤੇ ਲਿਖਣ ਲਗ ਪਿਆ।

ਦੋ ਸਤਰਾਂ ਲਿਖ ਕੇ ਹੀ ਉਹ ਫੇਰ ਖਲੋ ਗਿਆ। ਉਹ ਪ੍ਰੀਤ ਦੇ ਫ਼ਲਸਫ਼ੇ ਉਤੇ ਕੁਝ ਲਿਖ ਰਿਹਾ ਸੀ :

"ਪ੍ਰੀਤ ਆਦਮੀ ਦੇ ਮਨ ਨੂੰ ਇਕਾਗਰ ਕਰ ਦੇਂਦੀ ਏ ਤੇ ਮਨ ਦੀ ਗਰਦ ਝਾੜ ਕੇ ਖ਼ਿਆਲਾਂ ਦੇ ਸ਼ੀਸ਼ੇ ਨੂੰ........"

ਅੱਗੇ ਕੀ ?

ਪ੍ਰੀਤ ਉਤੇ ਉਸ ਕਈ ਕਹਾਣੀਆਂ ਤੇ ਮਜ਼ਮੂਨ ਲਿਖੇ ਸਨ। ਉਸ ਦੇ ਲੇਖ ਸਦਾ ਇਕ ਸੁਨੇਹੇ ਨਾਲ ਭਰਪੂਰ ਹੁੰਦੇ। ਉਸ ਦੀ ਹਰ ਸਤਰ ਵਿਚ ਇਕ ਲਿਸ਼ਕ ਸੀ, ਇਕ ਮਧੁਰਤਾ, ਜਿਸ ਵਿਚ ਉਸ ਦੀ ਆਪਣੀ ਸ਼ਖ਼ਸੀਅਤ ਢਲ ਕੇ ਸਮੋ ਗਈ ਸੀ। ਪਿਆਰ ਜਿਹੜਾ ਦੂਜੇ ਲਿਖਾਰੀਆਂ ਵਿਚ ਵੇਗ ਦਾ ਹੜ੍ਹ ਬਣਿਆ ਰਹਿੰਦਾ, ਉਸ ਦੀਆਂ ਲਿਖਤਾਂ ਵਿਚ ਇਕ ਸੁਅੱਛ ਨਦੀ ਵਾਂਗ ਵਗਦਾ ਸੀ।

ਸਾਰੀ ਉਮਰ ਦੇ ਤਜਰਬਿਆਂ ਪਿਛੋਂ ਹੁਣ ਉਮਰ ਦੇ ਅਖ਼ੀਰਲੇ ਪੱਖ ਵਿਚ ਆ ਕੇ ਉਹ ਇਕ ਅਟੱਲ ਨਿਸਚੇ-ਬੱਧੇ ਵਿਸ਼ਵਾਸ ਉਤੇ ਪੁੱਜ ਗਿਆ ਸੀ, ਤੇ ਉਸ ਦੀ ਕਲਮ ਵਿਚ ਸਰਲਤਾ ਆ ਗਈ ਸੀ—ਇਕ ਅਜੀਬ ਕਿਸਮ ਦਾ ਤੇਜ ਜਿਸ ਨਾਲ ਲੋਕ ਖਿੱਚੇ-ਖਿੱਚੇ ਗਏ ਸਨ।

ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਆਪ-ਬੀਤੀਆਂ ਸਨ । ਜ਼ਿੰਦਗੀ ਦੇ ਪਹਿਲੇ ਪੱਖ ਵਿਚ ਉਹ ਬਹੁਤ ਕੁੜੀਆਂ ਨੂੰ ਮਿਲਿਆ ਸੀ । ਹਰ ਕੁੜੀ ਉਸ ਦੇ ਮਨ ਉਤੇ ਇਕ ਨਿੱਕੀ ਜਿਹੀ ਝਰੀਟ ਛਡ ਜਾਂਦੀ । ਇਕ ਛੋਟੀ ਜਿਹੀ ਛਿਲਤ ਜਿਹੜੀ ਉਹ ਕਹਾਣੀ ਲਿਖ ਕੇ ਬਾਹਰ ਕਢਦਾ । ਉਸ ਦੀ ਹਰ ਕਹਾਣੀ ਪਿਛੇ ਇਕ ਕੁੜੀ ਸੀ ।

ਐਨਕ ਲਾਹ ਕੇ ਉਸ ਕੂਲੀ ਠੰਡੀ ਹਵਾ ਦਾ ਘੁੱਟ ਭਰਿਆ, ਅੱਖਾਂ ਨੂੰ ਟਕੋਰਿਆ ਤੇ ਆਪਣੇ ਮਨ ਦੇ ਸੱਖਣੇ-ਪਨ ਉਤੇ ਝਾਕਣ ਲੱਗਾ ।

ਪਿਛਲੇ ਕਈ ਦਿਨਾਂ ਤੋਂ ਉਹ ਬੇਹਦ ਫਿੱਕਾ-ਫਿੱਕਾ ਤੇ ਉਦਾਸ ਸੀ । ਬੇਸ਼ਕ ਉਹ ਜ਼ਿੰਦਗੀ ਵਿਚ ਬੜਾ ਬਾਕਾਇਦਾ ਸੀ, ਬੜਾ ਨਿਯਮ ਅਨੁਸਾਰ, ਬੜਾ ਚੇਤਨ, ਪਰ ਅੱਜ ਉਸ ਦੇ ਮਨ ਵਿਚ ਇਕ ਅਜੀਬ ਖੋਹ ਜਿਹੀ ਝੁਰਦੀ ਸੀ । ਪਰਸੋਂ ਉਸ ਦਾ ਜਨਮਦਿਨ ਮਨਾਇਆ ਗਿਆ ਸੀ—ਤਰਵਿੰਜਵੀਂ ਸਾਲਗ੍ਰਿਹ । ਉਹ ਸਾਰਾ ਦਿਨ ਬਹੁਤ ਖ਼ੁਸ਼ ਰਿਹਾ ਸੀ । ਉਸ ਦੇ ਸਾਰੇ ਮੁੰਡੇ-ਕੁੜੀਆਂ ਨੇ ਵਾਰੀ-ਵਾਰੀ ਆ ਕੇ ਉਸ ਨੂੰ ਸ਼ੁਭ-ਇੱਛਾਵਾਂ ਦਿੱਤੀਆਂ ਸਨ । ਪਰ ਆਥਣ ਨੂੰ ਜਦ ਉਸ ਦੀ ਵੱਡੀ ਧੀ ਦੀ ਸਹੇਲੀ ਲਤਾ ਨੇ ਆ ਕੇ ਉਸ ਨੂੰ ਆਦਰ ਨਾਲ ਵਧਾਈ ਦਿੱਤੀ ਤਾਂ ਇਕ ਦਮ ਉਹ ਗੰਭੀਰ ਹੋ ਗਿਆ ਤੇ ਥੋੜ੍ਹਾ ਜਿਹਾ ਉਦਾਸ ।

ਲਤਾ ਚਾਰ ਸਾਲ ਪਿਛੋਂ ਉਦੇ ਸ਼ੰਕਰ ਦੇ ਕਲਚਰ ਸੈਂਟਰ ਤੋਂ ਵਾਪਸ ਆਈ ਸੀ । ਉਹ ਜੈ ਰਾਜ ਦੀਆਂ ਕਹਾਣੀਆਂ ਨੂੰ ਬਹੁਤ ਪਿਆਰ ਕਰਦੀ ਸੀ । ਕਈ ਵਾਰ ਉਹ ਆ ਕੇ ਜੈ ਰਾਜ ਕੋਲ ਬੈਠ ਜਾਂਦੀ ਤੇ ਚਿਰ ਤੀਕ ਉਸ ਦੀਆਂ ਲਿਖਤਾਂ ਦੀਆਂ ਗੱਲਾਂ ਕਰਦੀ ਰਹਿੰਦੀ, ਉਸ ਦੇ ਮਜ਼ਮੂਨਾਂ ਦੀਆਂ ਜਿਨ੍ਹਾਂ ਉਸ ਨੂੰ ਜੀਵਨ ਵਿਚ ਉਤਸ਼ਾਹ ਦਿੱਤਾ । ਥੋੜ੍ਹੇ ਦਿਨਾਂ ਵਿਚ ਹੀ ਉਹ ਉਸ ਦੀ ਵੱਡੀ ਧੀ ਨਲਨੀ ਦੀ ਪੱਕੀ ਸਹੇਲੀ ਬਣ ਗਈ । ਲਤਾ ਤੇ ਨਲਨੀ ਦੋਹਾਂ ਵਿਚ ਬਹੁਤ ਪਿਆਰ ਤੇ ਸਾਂਝ ਵਧ ਗਈ ਸੀ । ਦੋਵੇਂ ਇਕੱਠੀਆਂ ਸੈਰ ਨੂੰ ਜਾਂਦੀਆਂ, ਇਕੱਠੀਆਂ ਰੋਟੀ ਖਾਂਦੀਆਂ ਤੇ ਕਈ ਵਾਰ ਇਕੱਠੀਆਂ ਹੀ ਸੌਂ ਜਾਂਦੀਆਂ ।

ਜਦ ਕਦੀ ਲਤਾ ਜੈ ਰਾਜ ਕੋਲ ਆ ਬਹਿੰਦੀ ਤੇ ਨਾਚ ਤੇ ਸੰਗੀਤ ਦੀਆਂ ਗੱਲਾਂ ਕਰਦੀ ਤਾਂ ਉਸ ਨੂੰ ਇੰਜ ਮਹਿਸੂਸ ਹੁੰਦਾ, ਜਿਵੇਂ ਉਹ ਅਜੀਬ ਸੁਪਨਿਆਂ ਭਰੀ ਝਣਕਾਰ ਦੀਆਂ ਵੱਡੀਆਂ-ਵੱਡੀਆਂ ਘੁੱਟਾਂ ਭਰ ਰਿਹਾ ਹੋਵੇ ।

ਕੁਝ ਦਿਨ ਹੋਏ, ਇਕ ਨਿੱਕੇ ਜਿਹੇ ਉਤਸਵ ਉਤੇ ਲਤਾ ਸਭਨਾਂ ਦੇ ਕਹਿਣ-ਸੁਣਨ ਤੇ ਨੱਚੀ ਵੀ ਸੀ । ਰਾਤ ਨੂੰ ਬਾਹਰ ਘਾਹ ਉਤੇ, ਜਿਥੇ ਖੂੰਜੇ ਵਿਚ ਇਕੋ ਦੀਵਾ ਬਲਦਾ ਸੀ, ਉਹ ਨੱਚੀ ਸੀ । ਰਾਤ ਦੇ ਫਿੱਕੇ ਹਨੇਰੇ ਵਿਚ ਉਸ ਦੇ ਨਕਸ਼ ਬੜੇ ਫੈਲਰੇ ਹੋਏ ਤੇ ਗਵਾਚੇ-ਗਵਾਚੇ ਸਨ ਤੇ ਉਸ ਦੇ ਸਿਰ ਦੇ ਵਾਲ ਅਨਗਿਣਤ ਕੁੰਡਲਾਂ ਛੱਲਿਆਂ ਵਿਚ ਉਲਝ ਗਏ ਸਨ ।

ਜੈ ਰਾਜ ਨੇ ਇਕ ਲੰਮਾ ਸਾਹ ਖਿੱਚਿਆ ਤੇ ਐਨਕ ਤੇ ਕਲਮ ਮੇਜ਼ ਉਤੇ ਰਖ ਦਿੱਤੇ । ਤਾਕੀ ਵਿਚੋਂ ਬਾਹਰ ਝਾਕਿਆ । ਉਸ ਦੀ ਕੋਠੀ ਨਾਲ ਲਗਦੇ ਖੇਤ ਫਸਲ ਕਟ ਚੁਕਣ ਪਿਛੋਂ ਰੋਡੇ ਪਏ ਸਨ । ਪਰਲੇ ਪਾਸੇ ਨਹਿਰ ਦੇ ਕੰਢੇ ਤੋਂ ਕਦੇ-ਕਦੇ ਗਿੱਦੜ ਚਿਆਂਕ ਉਠਦਾ ।



ਉਸ ਆਪਣੇ ਮੂੰਹ ਉਤੇ ਹੱਥ ਫੇਰਿਆ ਤੇ ਆਪਣੀਆਂ ਗੱਲ੍ਹਾਂ ਨੂੰ ਟੋਹਿਆ ਜਿਨ੍ਹਾਂ ਦਾ ਮਾਸ ਚੀਘਾਂ ਵਿਚ ਕੁਮਲਾ ਗਿਆ ਸੀ ।

ਉਹ ਸਦਾ ਉੱਚ ਪਿਆਰ ਦਾ ਹਾਮੀ ਰਿਹਾ ਸੀ, ਦੈਵੀ ਪਿਆਰ ਕਾਮ ਦੀ ਵਾਸ਼ਨਾ ਤੋਂ ਪਰ੍ਹਾਂ ਹੁੰਦਾ ਹੈ—ਇਕ ਸਦੀਵੀ ਨਰਮ ਜਜ਼ਬਾ ਜਿਹੜਾ ਸਾਡੇ ਮਨ ਨੂੰ ਇਕਾਗਰ ਕਰ ਦਿੰਦਾ ਹੈ । ਕਦੀ ਕਿਸੇ ਪਿਆਰ ਨੇ ਉਸ ਦਾ ਮਨ ਐਨਾ ਨਹੀਂ ਸੀ ਝੰਜੋੜਿਆ ਕਿ ਉਸ ਦਾ ਮਨ ਨਿਖੜਿਆ ਤੇ ਖਿੰਡਿਆ-ਖਿੰਡਿਆ ਜਾਪੇ । ਹੁਣ ਤੀਕਰ ਪਿਆਰ ਸਦਾ ਉਸ ਦੀ ਉਪਜਾਊ-ਸ਼ਕਤੀ ਦਾ ਵਾਲੀ ਬਣਿਆ ਰਿਹਾ । ਪਰ ਲਤਾ ਨਾਲ ਉਸ ਨੂੰ ਇਕ ਦਮ ਇਹ ਕਿਹੋ ਜਿਹਾ ਪਿਆਰ ਹੋ ਗਿਆ ਸੀ ? ਕਿਹੋ ਜਿਹਾ ?

ਉਸ ਦਾ ਮਨ ਏਡਾ ਪਾਟਿਆ-ਪਾਟਿਆ ਕਿਉਂ ਸੀ ? ਜਿਵੇਂ ਉਸ ਦੇ ਸਰੀਰ 'ਚੋਂ ਸਾਰੀ ਸ਼ਕਤੀ ਉੱਡ ਗਈ ਹੋਵੇ ।

ਉਹ ਸੋਚਣ ਲੱਗਾ.......ਵਾਕਈ ਉਹ ਲਤਾ ਨੂੰ ਪਿਆਰ ਕਰਨ ਲਗ ਪਿਆ ਸੀ.......ਜਵਾਨੀ ਦੇ ਪਿਆਰ ਨਾਲੋਂ ਕਿਤੇ ਵਧੇਰੇ ਪਿਆਰ । ਜਵਾਨੀ ਦੇ ਪਿਆਰ ਵਿਚ ਧੂਹ ਹੁੰਦੀ ਏ......ਤੇਜ਼ ਵਗਦੇ ਇਕ ਪਹਾੜੀ ਨਾਲੇ ਵਾਂਗ ਜੋ ਹਰ ਚੀਜ਼ ਨੂੰ ਨਾਲ ਰੋੜ੍ਹ ਲੈ ਜਾਂਦਾ ਹੈ, ਪਰ ਬੁਢਾਪੇ ਦਾ ਪਿਆਰ ਸਮੁੰਦਰ ਵਾਂਗ ਹੁੰਦਾ ਹੈ.....ਗੰਭੀਰ, ਖ਼ਾਮੋਸ਼, ਅਡੋਲ ਤੇ ਜਿਹੜੀ ਚੀਜ਼ ਡਿਗਦੀ ਹੈ, ਉਥੋਂ ਦੀ ਉਥੇ ਹੋ ਰਹਿੰਦੀ ਹੈ । ਇਕ ਬਹੁਤ ਦਿਲ-ਡੋਬੂ ਉਦਾਸੀ ਨੇ ਉਸ ਦੇ ਮਨ ਨੂੰ ਘੇਰ ਲਿਆ ਤੇ ਉਹ ਇਸ ਪਿਆਰ ਤੇ ਸੋਚਣ ਲੱਗਾ, ਇਸ ਨਿਰਾਸ਼ਾ-ਭਰੇ ਉੱਤਰ-ਹੀਨ ਪਿਆਰ ਉਤੇ ਜੋ ਮਨ ਵਿਚ ਸਾਰੀਆਂ ਖ਼ਾਹਸ਼ਾਂ ਨੂੰ ਇਕ ਸੱਧਰ ਬਣਾ ਕੇ ਤੜਫਾ ਛਡਦਾ ਹੈ.....ਇਕ ਬੇਬਸ ਜਿਹਾ ਗੁੱਸਾ, ਜਿਵੇਂ ਕੋਈ ਖ਼ਲਾਅ ਨਾਲ ਝਗੜ ਰਿਹਾ ਹੋਵੇ ।

ਬਾਹਰ ਨੀਲੀ ਰਾਤ ਵਿਚ ਉਸ ਨੂੰ ਇੰਜ ਜਾਪਿਆ ਜਿਵੇਂ ਅਫ਼ੀਮ ਘੁਲੀ ਹੋਵੇ ਤੇ ਲਤਾ ਦੇ ਵਾਲਾਂ ਦੇ ਛੱਲੇ ਉਸ ਵਿਚ ਉਲਝ ਗਏ ਹੋਣ । ਉਸ ਕਈ ਵਾਰ ਅੱਖੀਆਂ ਝਮਕੀਆਂ । ਹਨੇਰੇ ਉਤੇ ਉਸ ਨੂੰ ਸੰਗੀਤ ਦੇ ਛੱਲੇ ਉਡਦੇ ਦਿਸੇ ।

ਉਸ ਕਲਮ ਚੁੱਕੀ ਤੇ ਆਪਣੀਆਂ ਪਹਿਲੀਆਂ ਲਿਖੀਆਂ ਸਤਰਾਂ ਨੂੰ ਪੰਦਰਵੀਂ ਵਾਰ ਫਿਰ ਪੜ੍ਹਿਆ ।

ਉਸ ਨੂੰ ਇਸ ਵਾਰ ਇਹ ਫ਼ਿਕਰੇ ਬਹੁਤ ਹੀ ਅਰਥ-ਹੀਨ ਜਾਪੇ ਤੇ ਉਸ ਨੇ ਉਨ੍ਹਾਂ ਨੂੰ ਕੱਟ ਦਿੱਤਾ ।

ਉਹ ਤਰਵੰਜਾ ਸਾਲਾਂ ਦਾ ਹੋ ਗਿਆ ਸੀ । ਜਵਾਨੀ ਦੀ ਧੁੱਪ ਸਦਾ ਲਈ ਉਮਰ ਦੇ ਪਰਛਾਵੇਂ ਵਿਚ ਢਲ ਗਈ ਸੀ । ਸਦਾ ਲਈ ਹੁਣ ਕਦੀ ਉਹ ਸੰਘਣੀਆਂ ਚਰ੍ਹੀਆਂ ਵਿਚ ਧੁੱਪ-ਭਰੇ ਹਾਸੇ ਨਾ ਹੱਸ ਸਕੇਗਾ । ਵਕਤ ਦੀਆਂ ਨਜ਼ਰ ਨਾ ਆਉਣ ਵਾਲੀਆਂ ਉਂਗਲਾਂ ਹੌਲੀ-ਹੌਲੀ, ਪੋਲੇ-ਪੋਲੇ ਉਸ ਦੇ ਮੂੰਹ ਉਤੇ ਲੀਕਾਂ ਤੇ ਚੀਂਘਾਂ ਵਾਹੁੰਦੀਆਂ ਰਹੀਆਂ ਸਨ ।

ਉਹ ਜ਼ੋਰ ਦੀ ਖੰਘਿਆ ਜਿਸ ਦੀ ਅਚਾਨਕ ਫੂਕ ਨਾਲ ਦੀਵੇ ਦੀ ਲੋਅ ਥਿੜਕੀ ਤੇ ਕਮਰੇ ਦਾ ਚਾਨਣਾ ਕੰਬ ਉਠਿਆ ।

ਬਾਹਰ ਕਿਸੇ ਵੇਲੇ ਜ਼ਰਾ-ਜ਼ਰਾ ਹਵਾ ਟੁਰ ਵਗਦੀ ਜਿਸ ਨਾਲ ਤੂਤਾਂ ਦੇ ਪੱਤੇ ਸਰਸਰਾ ਉਠਦੇ ।

ਉਸ ਆਪਣੀਆਂ ਅਰਕਾਂ ਮੇਜ਼ ਉਤੇ ਟੇਕ ਲਈਆਂ। ਲਤਾ ਲਈ ਉਸ ਦਾ ਪਿਆਰ ਕਿੰਨਾ ਵਿਅਰਥ ਸੀ....ਕਿੰਨਾ ਫੋਕਾ ਤੇ ਖੋਖਲਾ ਜਿਹਾ ਸੀ ਉਸ ਦਾ ਪਿਆਰ! ਇਸ ਵਿਚ ਅੰਤ ਦਾ ਵੇਗ ਸੀ ਪਰ ਬਗ਼ੈਰ ਅਭਿਮਾਨ ਤੇ ਵਿਸ਼ਵਾਸ ਦੇ। ਜ਼ਿੰਦਗੀ ਦੇ ਨਾਟਕ ਦੇ ਸਾਰੇ ਪਾਤਰ ਇਕ-ਇਕ ਕਰ ਕੇ ਉਸ ਦੇ ਮਨ ਅੱਗੇ ਆਏ।

ਲਤਾ ਦੀ ਸ਼ਕਲ ਫ਼ਲੋਰਾ ਨਾਲ ਕਿੰਨੀ ਮਿਲਦੀ ਸੀ.......ਫ਼ਲੋਰਾ ਜਿਸ ਨੂੰ ਅੱਜ ਤੋਂ ਪੰਝੀ ਵਰ੍ਹੇ ਪਹਿਲਾਂ ਜਦ ਉਹ ਵਲਾਇਤ ਵਿਚ ਵਿਦਿਆ ਲੈਣ ਲਈ ਗਿਆ ਸੀ, ਇਕ ਹੋਟਲ ਵਿਚ ਮਿਲਿਆ ਸੀ। ਫ਼ਲੋਰਾ ਇਕ ਖਿਡੌਣਿਆਂ ਦੀ ਦੁਕਾਨ ਤੇ ਨੌਕਰ ਸੀ। ਇਸ ਕੁੜੀ ਲਈ ਉਸ ਦਾ ਦੈਵੀ ਪਿਆਰ ਅਮੁੱਕ ਸੀ। ਫ਼ਲੋਰਾ ਉਸ ਦੀਆਂ ਗੱਲਾਂ ਤੇ ਮੋਹਤ ਸੀ। ਉਸ ਕਦੀ ਕਿਸੇ ਵਿਚ ਐਨਾ ਜ਼ਬਤ ਤੇ ਐਨੀ ਨਿਮਰਤਾ ਨਹੀਂ ਸੀ ਵੇਖੀ। ਆਮ ਮਰਦ ਲਾਉਬਾਲੇ ਜਿਹੇ ਹੁੰਦੇ ਹਨ। ਜੈ ਰਾਜ ਇਨ੍ਹਾਂ ਸਭਨਾਂ ਤੋਂ ਵੱਖ ਸੀ। ਹਰ ਹਫ਼ਤੇ ਉਹ ਦੋਵੇਂ ਮਿਲਦੇ। ਇਕੱਠੇ ਸੈਰ ਕਰਨ ਜਾਂਦੇ। ਇਕੱਠੇ ਕੋਈ ਆਰਟ ਗੈਲਰੀ ਵੇਖਣ ਜਾਂ ਸੰਗੀਤ ਸੁਣਨ ਜਾਂਦੇ ਤੇ ਕਈ ਵਾਰ ਰਾਤ ਦੀ ਰੋਟੀ ਵੀ ਇਕੱਠੇ ਖਾਂਦੇ।

ਇਕ ਰਾਤ ਉਹ ਦੋਵੇਂ ਸਿਨੇਮਾ ਵੇਖ ਕੇ ਚਿਰ ਨਾਲ ਵਾਪਸ ਆਏ। ਹੋਟਲ ਦੀ ਨੁੱਕਰੇ ਉਹ ਦੋ ਕੁਰਸੀਆਂ ਤੇ ਬੈਠੇ ਗੱਲਾਂ ਕਰਦੇ ਰਹੇ ਤੇ ਰੋਟੀ ਖਾਂਦੇ ਰਹੇ।

ਫ਼ਲੋਰਾ ਨੇ ਇਕ ਆਮਲੇਟ ਖਾਧਾ, ਡਬਲ-ਰੋਟੀ ਦੇ ਤਿੰਨ ਟੋਸਟ ਚਿੱਥੇ ਤੇ ਫੇਰ ਕਾਹਵਾ ਪੀ ਕੇ ਸਿਗਰੇਟ ਪੀਣ ਲੱਗੀ।

ਜੈ ਰਾਜ ਵਲ ਹੌਲੀ ਹੌਲੀ ਧੂੰਏਂ ਦੀ ਫੂਕ ਛਡਦਿਆਂ ਉਸ ਪੁੱਛਿਆ "ਤੂੰ ਸਿਗਰੇਟ ਨਹੀਂ ਪੀਂਦਾ?......ਕਿਉਂ?"

"ਮੈਨੂੰ ਚੰਗੀ ਨਹੀਂ ਲਗਦੀ।"

"ਕਦੀ ਅਜ਼ਮਾਇਆ ਹੈ ਸਿਗਰੇਟ ਨੂੰ?" ਉਸ ਮੁਸਕਰਾ ਕੇ ਆਖਿਆ।

"ਨਹੀਂ, ਪਰ ਹਰ ਚੀਜ਼ ਨੂੰ ਅਜ਼ਮਾਉਣ ਦੀ ਲੋੜ ਥੋੜ੍ਹਾ ਹੀ ਹੁੰਦੀ ਏ, ਬੁਰੀ ਚੀਜ਼ ਅਸੀਂ ਦੂਸਰਿਆਂ ਵਿਚ ਅਸਰ ਕਰਦੀ ਵੇਖ ਕੇ ਛਡ ਸਕਦੇ ਹਾਂ।"

"ਤਾਂ ਕੀ ਸਿਗਰੇਟ ਬੁਰੀ ਚੀਜ਼ ਏ?"

"ਕਿਸੇ ਹੱਦ ਤਕ।"

"ਤਾਂ ਫੇਰ ਸਿਗਰੇਟ.......ਬੁਝਾ ਦੇਵਾਂ?"

"ਨਹੀਂ, ਮੈਂ ਕਿਸੇ ਨੂੰ ਨਹੀਂ ਰੋਕਦਾ। ਹਾਂ ਮੈਨੂੰ ਆਪ ਪੀਣਾ ਚੰਗਾ ਨਹੀਂ ਲਗਦਾ। ਤੁਸੀਂ ਇਸ ਦੇ ਆਦੀ ਓ। ਗੱਲਾਂ ਕਰਨ ਵਿਚ ਸ਼ਾਇਦ ਤੁਹਾਨੂੰ ਸਹੂਲਤ ਦਿੰਦਾ ਹੋਵੇ। ਤੁਸੀਂ ਪੀਂਦੇ ਰਹੋ।"

ਫੇਰ ਉਹ ਚਿਰ ਤੀਕਰ ਗੱਲਾਂ ਕਰਦੇ ਰਹੇ। ਵਲਾਇਤ ਤੇ ਹਿੰਦੁਸਤਾਨ ਦੀ ਜ਼ਿੰਦਗੀ, ਆਜ਼ਾਦੀ ਤੇ ਗ਼ੁਲਾਮੀ, ਫ਼ਰਜ਼ ਤੇ ਸੰਕੋਚ, ਆਰਥਕ ਤੇ ਪ੍ਰਮਾਰਥਕ ਗੁੰਝਲਾਂ, ਕਰੀਬ-ਕਰੀਬ ਹਰ ਮਸਲੇ ਉਤੇ ਬੋਲੇ।

ਫ਼ਲੋਰਾ ਸਿਗਰੇਟ ਦਾ ਧੂੰਆਂ ਛਡਦੀ ਜਿਹੜਾ ਨੀਲੇ ਛੱਲਿਆਂ ਵਿਚ ਹੌਲੀ-ਹੌਲੀ ਉਪਰ ਉਠਦਾ। ਉਸ ਦੇ ਮੂੰਹ ਦਵਾਲੇ ਨੀਲੇ ਕਾਲੇ ਛੱਲੇ ਫੈਲਰ ਜਾਂਦੇ......ਵਾਲਾਂ ਵਰਗੇ ਨੀਲੇ ਧੂੰਏਂ ਦੇ ਇਹ ਛੱਲੇ! ਜੈ ਰਾਜ ਉਸ ਦੇ ਸਾਹਮਣੇ ਬੈਠਾ ਚਿਰ ਤੀਕਰ ਉਸ



ਦੀਆਂ ਗੱਲਾਂ ਸੁਣਦਾ ਰਿਹਾ। ਘੁਲੇ ਹੋਏ ਧੂੰਏਂ ਦੇ ਕੁੰਡਲਾਂ ਵਿਚੋਂ ਫ਼ਲੋਰਾ ਦਾ ਮੂੰਹ ਮੱਥਾ ਬਹੁਤ ਖਿੰਡਿਆ-ਖਿੰਡਿਆ ਨਜ਼ਰ ਆਉਂਦਾ ਸੀ। ਉਹ ਮਿਚੀਆਂ ਹੋਈਆਂ ਅੱਖਾਂ ਨਾਲ ਜਿਨ੍ਹਾਂ ਦੀ ਤੱਕਣੀ ਟੁੱਟੀ ਹੋਈ ਸੀ, ਉਸ ਵਲ ਝਾਕਦਾ ਰਿਹਾ।

ਸਫ਼ੈਦ ਉਂਗਲ ਵਰਗੀ ਸਿਗਰੇਟ ਜਿਸ ਦਾ ਸਿਰਾ ਲਾਲ ਨਗ ਵਾਂਗ ਦਗਦਾ ਸੀ, ਫਿੱਕੇ ਹਨੇਰੇ ਨੂੰ ਨਿੱਕੀਆਂ ਸੂਹੀਆਂ ਕਿਰਣਾਂ ਨਾਲ ਪਰ੍ਹੇ ਧੱਕਦਾ ਸੀ। ਧੂੰਏਂ ਦੇ ਬੇ-ਸ਼ੁਮਾਰ ਛੱਲੇ ਜਿਹੜੇ ਫ਼ਲੋਰਾ ਦੇ ਸਲ੍ਹਾਬੇ ਬੁੱਲਾਂ ਵਿਚੋਂ ਨਿਕਲ ਰਹੇ ਸਨ, ਜੈ ਰਾਜ ਨੂੰ ਬਹੁਤ ਸਵਾਦ ਲਗੇ। ਉਸ ਦਾ ਜੀਅ ਕੀਤਾ, ਉਨ੍ਹਾਂ ਸਭਨਾਂ ਨੂੰ ਇਕੱਠੇ ਕਰ ਕੇ ਉਨ੍ਹਾਂ ਦਾ ਘੁੱਟ ਭਰ ਲਏ।

ਜਦ ਉਹ ਵੱਖ ਹੋਏ ਤਾਂ ਉਸ ਮਹਿਸੂਸ ਕੀਤਾ ਕਿ ਜਿਵੇਂ ਉਸ ਦੇ ਦਿਮਾਗ ਦੀਆਂ ਨਸਾਂ ਵਿਚ ਸਿਗਰੇਟ ਦਾ ਧੂੰਆਂ ਪਸਰ ਗਿਆ ਹੋਵੇ। ਉਸ ਨੇ ਕਦੀ ਸਿਗਰੇਟ ਨਹੀਂ ਸੀ ਪੀਤਾ, ਪਰ ਇਕ ਦਬੀ ਹੋਈ ਖ਼ਾਹਸ਼ ਉਸ ਦੇ ਗਲ ਵਿਚ ਘੁੰਡੀ ਬਣ ਕੇ ਅਟਕ ਗਈ ਸੀ। ਉਸ ਜ਼ੋਰ ਦੀ ਥੁਕਿਆ, ਪਰ ਇਹ ਘੁੰਡੀ ਕੁਸੈਲੇ ਸੁਆਦ ਵਾਂਗ ਉਸ ਦੇ ਤਾਲੂ ਨਾਲ ਚੰਬੜੀ ਰਹੀ। ਉਸ ਦਾ ਜੀਅ ਕੀਤਾ ਕਿ ਜ਼ੋਰ-ਜ਼ੋਰ ਦੀ ਸਿਗਰੇਟ ਦੇ ਸੂਟੇ ਖਿੱਚੇ ਜਿਸ ਨਾਲ ਇਹ ਕਸਕ ਸੰਘ ਤੋਂ ਥੱਲੇ ਲੱਥ ਜਾਵੇ।

ਕਿਸੇ ਜਤਨ ਨਾਲ ਵੀ ਹੁਣ ਉਹ ਉਸ ਅਲ੍ਹੜ ਜਵਾਨੀ ਨੂੰ ਵਾਪਸ ਨਹੀਂ ਸੀ ਬੁਲਾ ਸਕਦਾ। ਕਦੀ ਵੀ ਉਹ ਉਸ ਤਰ੍ਹਾਂ ਫੇਰ ਅਲਗਰਜ਼ੀ ਨਾਲ ਕਿਸੇ ਦੇ ਪਿਆਰ ਨੂੰ ਨਹੀਂ ਸੀ ਟੋਹ ਸਕਦਾ।

ਮੇਜ਼ ਉਤੇ ਨਿੱਕੀ ਘੜੀ ਹੌਲੀ-ਹੌਲੀ ਵਕਤ ਕੁਤਰ ਰਹੀ ਸੀ। ਅੱਧੀ ਰਾਤ ਕਦੇ ਦੀ ਲੰਘ ਚੁੱਕੀ ਸੀ। ਉਸ ਨੂੰ ਯਾਦ ਆਇਆ ਕਿ ਇਸ ਤਰ੍ਹਾਂ ਆਪਣੇ ਪੜ੍ਹਨ ਵਾਲੇ ਕਮਰੇ ਵਿਚ ਬੈਠਾ ਡਾਕਟਰ ਫਾਸਟ ਜਦ ਕੁਝ ਅਜੇਹੀਆਂ ਸੋਚਾਂ ਸੋਚ ਰਿਹਾ ਸੀ ਤਾਂ ਯਮਰਾਜ ਆ ਕੇ ਉਸ ਨੂੰ ਇਸ ਸ਼ਰਤ ਤੇ ਜ਼ਿੰਦਗੀ ਦਾ ਹੁਸਨ ਤੇ ਤਾਕਤ ਦੇ ਗਿਆ ਸੀ ਕਿ ਮਰਨ ਲਗੇ ਡਾਕਟਰ ਫ਼ਾਸਟ ਜਾਨ ਯਮਰਾਜ ਦੇ ਹਵਾਲੇ ਕਰੇ।

ਜੈ ਰਾਜ ਨੇ ਬਾਹਰ ਅਮੁੱਕ ਹਨੇਰੇ ਵਲ ਝਾਕਿਆ। ਕਾਸ਼! ਕੋਈ ਯਮ-ਰਾਜ ਆ ਜਾਂਦਾ, ਜਿਸ ਨਾਲ ਉਹ ਵੀ ਕੁਝ ਸਾਲਾਂ ਦੀ ਜਵਾਨੀ ਤੇ ਨੂਰ ਬਦਲੇ ਆਪਣੀ ਬਾਕੀ ਉਮਰ ਵੇਚ ਸੁੱਟਣ ਦਾ ਫ਼ੈਸਲਾ ਕਰ ਸਕਦਾ, ਪਰ ਅਜਿਹੀ ਕੋਈ ਗੱਲ ਵੀ ਮੁਮਕਿਨ ਨਹੀਂ ਸੀ। ਬਾਹਰ ਅਚਾਨਕ ਇਕ ਚਾਮ-ਚੜਿੱਕ ਉੱਡੀ ਜਿਵੇਂ ਕੋਈ ਕਾਲਾ ਪੱਤਾ ਟੁੱਟਿਆ ਹੋਵੇ, ਤੇ ਉਹ ਕੰਬ ਉਠਿਆ।

ਪਰਸੋਂ ਉਸ ਦੇ ਜਨਮ ਦਿਨ ਉਤੇ ਰਾਤ ਨੂੰ ਲਤਾ ਨੇ ਖਾਣਾ ਉਨ੍ਹਾਂ ਦੇ ਘਰ ਹੀ ਖਾਧਾ ਸੀ। ਮੇਜ਼ ਉਤੇ ਬੈਠੀ ਦੇ ਉਸ ਦੇ ਭੂਰੇ ਵਾਲ ਤੇਜ਼ ਰੌਸ਼ਨੀ ਵਿਚ ਸੁਨਹਿਰੇ ਛੱਲੇ ਜਾਪਦੇ ਸਨ। ਕੰਨਾਂ ਉਤੋਂ ਵੱਡੇ-ਵੱਡੇ ਦੋ ਕੁੰਡਲ ਗਲ ਤੀਕਰ ਤਿਲ੍ਹਕ ਆਏ ਸਨ। ਰੋਟੀ ਖਾ ਹਟਣ ਪਿਛੋਂ ਜਦ ਉਹ ਲਤਾ ਨੂੰ ਬਾਹਰ ਕੋਠੀ ਦੇ ਫਾਟਕ ਤੀਕਰ ਛਡਣ ਗਿਆ ਤਾਂ ਲਤਾ ਨੇ ਆਖਿਆ, "ਤੁਹਾਡੀ ਨਵੀਂ ਕਹਾਣੀ 'ਪਿਆਰ ਦੀ ਪਛਾਣ' ਬਹੁਤ ਸੁੰਦਰ ਹੈ।" ਜੈ ਰਾਜ ਦਾ ਦਿਲ ਥੋੜ੍ਹਾ ਜਿਹਾ ਠਿਠਕ ਗਿਆ। ਉਹ ਫਾਟਕ ਤੇ ਵਿਦਾ ਹੋਣ ਲੱਗੇ ਇਕ ਮਿੰਟ ਰੁਕੀ। ਉਸ ਦੀਆਂ ਵੱਡੀਆਂ ਅੱਖਾਂ ਬਹੁਤ ਨਰਮ ਸਨ ਤੇ ਤਾਂਬੇ ਦੀ ਝਲਕ ਵਾਲੇ ਵਾਲ ਹਨੇਰੇ ਵਿਚ ਵਟ ਗਏ ਸਨ।

ਉਹ ਕੁਝ ਚਿਰ ਚੁੱਪ ਰਿਹਾ। ਉਸ ਦੀ ਆਵਾਜ਼ ਗਵਾਚ ਜਿਹੀ ਗਈ ਸੀ। ਉਸ ਆਪਣੇ ਬੋਲਾਂ ਨੂੰ ਦਿਲ ਦੇ ਪਤਾਲ ਤੋਂ ਟੋਹ ਕੇ ਆਖਿਆ, "ਅੱਛਾ ਤੈਨੂੰ ਉਸ ਵਿਚ ਕੀ ਚੰਗਾ ਲਗਿਆ ਏ ?"

"ਤੁਹਾਡਾ ਪਿਆਰ ਬਾਰੇ ਖ਼ਿਆਲ ਕਿ ਪਿਆਰ ਇਕ ਸ਼ਕਤੀ ਹੈ, ਜਿਸ ਨਾਲ ਅਸੀਂ ਮਨ ਨੂੰ ਇਕਾਗਰ ਕਰ ਕੇ ਦੁਨੀਆਂ ਦੇ ਮਹਾਨ ਕੰਮ ਕਰ ਸਕਦੇ ਹਾਂ।"

"ਹਾਂ।" ਉਸ ਮਰੀ ਹੋਈ ਆਵਾਜ਼ ਵਿਚ ਆਖਿਆ।

ਇਤਨੇ ਵਿਚ ਨਲਨੀ ਆ ਗਈ। ਲਤਾ ਤੇ ਨਲਨੀ ਗੱਲਾਂ ਕਰਦੀਆਂ ਚਲੀਆਂ ਗਈਆਂ। ਜੈ ਰਾਜ ਬਹੁਤ ਚਿਰ ਤੀਕਰ ਘਾਹ ਉਤੇ ਕੋਠੀ ਅੱਗੇ ਟਹਿਲਦਾ ਰਿਹਾ।

ਅੱਜ ਜਦ ਹੁਣ ਉਹ ਪ੍ਰੀਤ ਬਾਰੇ ਕੁਝ ਲਿਖਣ ਲੱਗਾ ਤਾਂ ਬਾਰ-ਬਾਰ ਧੂੰਏਂ ਦੇ ਛੱਲੇ ਅੱਖਰਾਂ ਵਿਚ ਘੁੰਮਦੇ ਹੋਏ ਗਵਾਚ ਜਾਂਦੇ। ਉਸ ਅੱਖਾਂ ਉਤੇ ਹੱਥ ਫੇਰਿਆ। ਤਾਕੀ ਤੋਂ ਬਾਹਰ ਰਾਤ ਇਕ ਨੱਚਣ ਵਾਲੀ ਵਾਂਗ ਕਾਲਾ ਲਹਿੰਗਾ ਪਾਈ ਖੜੀ ਸੀ ਤੇ ਤਾਰਿਆਂ ਦੇ ਘੁੰਗਰੂ ਹੌਲੀ-ਹੌਲੀ ਵੱਜ ਰਹੇ ਸਨ। ਉਸ ਨੂੰ ਰਾਤ ਵਿਚ ਹਰ ਚੀਜ਼ ਬਹੁਤੀ ਫੈਲਰੀ-ਫੈਲਰੀ ਜਾਪੀ, ਜਿਵੇਂ ਹਰ ਚੀਜ਼ ਉਤੇ ਹਨੇਰੇ ਨੇ ਟੂਣਾ ਕਰ ਦਿੱਤਾ ਹੋਵੇ, ਜਿਵੇਂ ਰਾਤ ਦੀ ਵਿਸ਼ਾਲਤਾ ਨੇ ਇਕ ਅਮੁੱਕ ਕਲੱਤਣ ਨਾਲ ਸਭ ਚੀਜ਼ਾਂ ਨੂੰ ਛੋਹ ਦਿੱਤਾ ਹੋਵੇ।

ਪਤਾ ਨਹੀਂ ਇਸ ਤਰ੍ਹਾਂ ਉਹ ਕਦ ਤੀਕਰ ਬੈਠਾ ਰਿਹਾ। ਜਦ ਉਸ ਲਿਖਣ ਲਈ ਕਲਮ ਚੁੱਕੀ ਤਾਂ ਪੂਰਬ ਵਿਚ ਪੋਹ ਪਾਟ ਚੁੱਕੀ ਸੀ, ਹਵਾ ਭਿੱਜੀ-ਭਿੱਜੀ ਤੇ ਕੂਲੀ ਸੀ, ਤੇ ਪੁਲਾੜ ਵਿਚ ਇਕ ਮੋਤੀਆ ਚਾਨਣਾ ਖਿੰਡਿਆ ਹੋਇਆ ਸੀ।

ਉਸ ਅੰਗੜਾਈ ਲੀਤੀ, ਦੀਵੇ ਨੂੰ ਫੂਕ ਮਾਰੀ ਤੇ ਭਾਰੀ-ਭਾਰੀ ਕਦਮਾਂ ਨਾਲ ਬਾਹਰ ਨਿਕਲ ਗਿਆ।

## 35

# ਟਿੱਡਾ ਸਾਈਂ

ਜਦ ਇਕ ਸ਼ਾਮ ਜਮਾਲੇ ਡਾਕੀਏ ਨੇ ਆ ਕੇ ਐਲਾਨ ਕੀਤਾ : "ਓਏ ਤੁਸੀਂ ਵੀ ਲਈ ਫਿਰਦੇ ਓ ਹੁੱਕੇ। ਸਾਡੇ ਦੇਸੀ ਹੁੱਕੇ ਨਾਲੋਂ ਕਿਤੇ ਵਧੀਆ ਹੁੱਕਾ ਘੜਿਆ ਏ ਅੰਗ੍ਰੇਜ਼ ਨੇ। ਭਾਵੇਂ ਇਸ ਨੂੰ ਜੇਬ 'ਚ ਪਾਈ ਫਿਰੋ, ਭਾਵੇਂ ਡੱਬੀ 'ਚ ਬੰਦ ਕਰ ਕੇ ਲਈ ਫਿਰੋ, ਕਮਾਲ ਦਾ ਐ ਇਹ ਹੁੱਕਾ।"

ਤਾਂ ਸਭ ਹੈਰਾਨ ਰਹਿ ਗਏ।

ਇਹ ਗੱਲ ਉਸ ਟਿੱਡੇ ਸਾਈਂ ਦੇ ਤਕੀਏ ਵਿਚ ਬੈਠਿਆਂ ਆਖੀ ਸੀ।

ਟਿੱਡੇ ਸਾਈਂ ਦਾ ਤਕੀਆ ਸਾਰੇ ਪਿੰਡ ਵਿਚ ਮਸ਼ਹੂਰ ਸੀ। ਰੱਬ ਦੇ ਦਰਬਾਰ ਵਾਂਗ ਦਿਨ ਰਾਤ ਇਹ ਖੁੱਲ੍ਹਾ ਰਹਿੰਦਾ ਸੀ। ਟਿੱਡੇ ਸਾਈਂ ਦੀ ਉਮਰ ਦਾ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ। ਚਿਰਾਂ ਤੋਂ ਲੋਕ ਉਸ ਨੂੰ ਏਸੇ ਤਰ੍ਹਾਂ ਦੇਖਦੇ ਆਏ ਸਨ। ਧੌਲੀ ਦਾੜ੍ਹੀ, ਗੰਜੀ ਪੀਲੀ ਟਿੰਡ, ਕੁਕੜੀ ਦੇ ਆਂਡੇ ਵਾਂਗ ਚਿੱਟੀਆਂ ਅੱਖਾਂ, ਗੱਲ ਵਿਚ ਨੀਲੇ ਹਰੇ ਮਣਕਿਆਂ ਤੇ ਰੁਦਰਾਂ ਦੀ ਮਾਲਾ ਤੇ ਲੰਬੀ ਸਾਵੀ ਅਲਫ਼ੀ। ਨੇਤਰ-ਹੀਣ ਹੋਣ ਦੇ ਬਾਵਜੂਦ ਉਸ ਨੂੰ ਪਿੰਡ ਦੇ ਰਾਹਾਂ-ਪੈਹਿਆਂ ਦੀ ਪੂਰੀ ਵਾਕਫ਼ੀ ਸੀ। ਆਖਦੇ ਹਨ ਕਿ ਜਦ ਸਾਡੀ ਕੋਈ ਇਕ ਹਿਸ ਮਰ ਜਾਏ ਤਾਂ ਕੋਈ ਹੋਰ ਦੂਜੀ ਜੰਮ ਉਠਦੀ ਹੈ। ਟਿੱਡੇ ਸਾਈਂ ਦੀਆਂ ਅੱਖਾਂ ਨਹੀਂ ਸਨ ਪਰ ਸ਼ਾਇਦ ਉਸ ਵਿਚ ਇਕ ਤਰ੍ਹਾਂ ਦੀ "ਦਿਬਯ-ਦ੍ਰਿਸ਼ਟੀ" ਜਾਗ ਪਈ ਸੀ। ਉਹ ਕਦੀ ਰਾਹ ਨਹੀਂ ਸੀ ਭੁੱਲਿਆ। ਕਦੀ-ਕਦੀ ਉਹ ਪਿੰਡ ਦੀਆਂ ਗਲੀਆਂ ਵਿਚ ਫੇਰਾ ਪਾਉਣ ਆਉਂਦਾ—ਹੱਥ ਵਿਚ ਕਾਲਾ ਡੰਡਾ, ਗਲ ਵਿਚ ਮਣਕੇ ਤੇ ਵੱਡੀ ਸਾਵੀ ਅਲਫ਼ੀ। ਸਾਵੇ ਟਿੱਡੇ ਵਾਂਗ ਉਹ ਨਿੱਕੀਆਂ-ਨਿੱਕੀਆਂ ਪਲਾਂਘਾਂ ਭਰਦਾ, ਉਛਲਦਾ ਹੋਇਆ ਤੁਰਦਾ ਸੀ। ਸ਼ਾਇਦ ਏਸੇ ਕਰ ਕੇ ਉਸ ਦਾ ਨਾਂ ਟਿੱਡਾ ਸਾਈਂ ਪੈ ਗਿਆ ਸੀ। ਹਰ ਇਕ ਨੇ ਉਸ ਨੂੰ ਏਸ ਸਾਵੇ ਲਿਬਾਸ ਵਿਚ ਹੀ ਤੱਕਿਆ ਸੀ। ਪੁੱਛਣ ਉਤੇ ਉਹ ਆਖਿਆ ਕਰਦਾ, "ਪੀਰਾਂ-ਸਾਈਆਂ ਦਾ

ਰੰਗ ਸਾਵਾ ਈ ਹੁੰਦਾ ਐ।"

ਜੇ ਕੋਈ ਉਸ ਦੀ ਉਮਰ ਪੁੱਛਦਾ ਤਾਂ ਉਹ ਆਖਦਾ, "ਤੀਵੀਆਂ ਤੇ ਸਾਈਆਂ ਦੀ ਉਮਰ ਨਹੀਂ ਪੁੱਛੀਦੀ।" ਲੋਕ ਕਿਆਸ ਲਾਉਂਦੇ : ਸ਼ਾਇਦ ਸੱਤਰ ਸਾਲ ਦਾ ਹੈ......ਪਤਾ ਨਹੀਂ ਸੌ ਸਾਲ ਦਾ ਹੈ........ਖੌਰੇ ਸੌ ਤੋਂ ਵੀ ਵਧ ਹੋਵੇ। ਪਿਛਲੇ ਤੀਹਾਂ ਸਾਲਾਂ ਤੋਂ ਲੋਕ ਉਸ ਨੂੰ ਏਸੇ ਤਰ੍ਹਾਂ ਦਾ ਵੇਖ ਰਹੇ ਸਨ। ਜਦ ਇਸ ਤਕੀਏ ਦੀ ਗੱਦੀ ਦੂਲੇ ਸਾਈਂ ਨੇ ਛੱਡੀ ਸੀ ਤਾਂ ਮਰਨ ਲੱਗਿਆਂ ਉਸ ਟਿੱਡੇ ਨੂੰ ਕਸੂਰ ਤੋਂ ਬੁਲਾ ਲਿਆ। ਟਿੱਡਾ ਆਇਆ—ਮਰਨ ਲੱਗਿਆ ਦੂਲਾ ਸਾਈਂ ਆਪਣੀ ਅਲਫ਼ੀ ਵੀ ਟਿੱਡੇ ਨੂੰ ਦੇ ਗਿਆ।

ਟਿੱਡੇ ਸਾਈਂ ਦੇ ਤਕੀਏ ਵਿਚ ਉਸ ਦੇ ਚੇਲੇ-ਚਾਟਿਆਂ ਤੇ ਮਿਲਣ-ਗਿਲਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ। ਉਸ ਕੋਲ ਦੋ ਹੀ ਚੀਜ਼ਾਂ ਸਨ : ਜਾਂ ਸੁਆਹ ਦੀ ਚੂੰਢੀ ਤੇ ਜਾਂ ਹੁੱਕਾ। ਸੁਆਹ ਦੀ ਚੂੰਢੀ ਤੀਵੀਆਂ ਲੈ ਜਾਂਦੀਆਂ ਤੇ ਹੁੱਕਾ ਪਿੰਡ ਦੇ ਲੋਕ ਪੀਣ ਆ ਜਾਂਦੇ।

ਜਦ ਜਮਾਲੇ ਡਾਕੀਏ ਨੇ ਆ ਕੇ ਅੰਗਰੇਜ਼ੀ ਹੁੱਕੇ ਦੀ ਕਰਾਮਾਤ ਦੀ ਗੱਲ ਸੁਣਾਈ ਤਾਂ ਉਸ ਵੇਲੇ ਲੋਕ ਤਕੀਏ ਵਿਚ ਬੈਠੇ ਹੁੱਕਾ ਪੀ ਰਹੇ ਸਨ, ਟਿੱਡੇ ਸਾਈਂ ਦਾ ਵੱਡਾ ਹੁੱਕਾ ਜਿਸ ਵਿਚ ਅੱਧ ਸੇਰ ਤਮਾਕੂ ਦਾ ਪੱਤਾ ਪੈਂਦਾ ਸੀ, ਸਵਾ ਗਜ਼ ਉੱਚਾ, ਜ਼ਰੀ ਨਾਲ ਮੜ੍ਹਿਆ ਹੋਇਆ ਦੂਹਰਾ ਲਾਲ ਨੇਚਾ, ਦੋ ਹੱਥ ਲੰਮੀ ਨੜੀ, ਪਿੱਤਲ ਦੀ ਲਿਸ਼ਕਦੀ ਹੋਈ ਵੱਡੀ ਕਲਸੀ ਜਿਸ ਵਿਚ ਲੱਤਾਂ ਜੋੜੀ ਵਰਦੀ ਕੱਸੇ ਸਿਪਾਹੀ ਵਾਂਗ ਹੁੱਕਾ ਖੜ੍ਹਾ ਰਹਿੰਦਾ। ਚਿਲਮ ਵੀ ਖੀਵਾ ਘੁਮਿਆਰ ਖਾਸ ਹੀ ਤਿਆਰ ਕਰਦਾ, ਜੋ ਦੋ ਪਾਥੀਆਂ ਦੀ ਕਿਰੀ ਹੋਈ ਅੱਗ ਸਾਂਭ ਲਵੇ ਤੇ ਫਿਰ ਉਤੇ ਲੋਹੇ ਦੀ ਜਾਲੀਦਾਰ ਟੋਪੀ ਤੇ ਨਾਲ ਲਮਕਦੀ ਚਿਮਟੀ। ਹੁੱਕਾ ਸਾਰਾ ਦਿਨ ਗਰਮ ਰਹਿੰਦਾ, ਟਿੱਡੇ ਸਾਈਂ ਦੇ ਚੇਲੇ-ਚਾਟੇ ਧੂਣੀ ਧੁਖਾਈ ਰਖਦੇ। ਵੱਖ-ਵੱਖ ਚੇਲਿਆਂ ਨੂੰ ਹੁੱਕੇ ਦੇ ਵੱਖ-ਵੱਖ ਕੰਮ ਵੰਡੇ ਹੋਏ ਸਨ। ਕੋਈ ਤਮਾਕੂ ਕੁੱਟਣ ਤੇ ਮਸਲਣ ਉਤੇ, ਕੋਈ ਪਾਥੀਆਂ ਧੂਣ ਤੇ ਅੱਗ ਟਿਕਾਉਣ ਲਈ, ਤੇ ਕੋਈ ਪਿੱਤਲ ਦੇ ਪੇਂਦੇ ਨੂੰ ਲਿਸ਼ਕਾਉਣ ਲਈ।

ਜਮਾਲੇ ਦੀ ਅੰਗ੍ਰੇਜ਼ੀ ਹੁੱਕੇ ਵਾਲੀ ਗੱਲ ਸੁਣ ਕੇ ਟਿੱਡੇ ਸਾਈਂ ਦੇ ਮੂੰਹ ਵਿਚੋਂ ਨੜੀ ਲਮਕ ਪਈ। "ਹੈਂ! ਇਹ ਕਿਹੋ ਜਿਹਾ ਹੋਇਆ ਅੰਗ੍ਰੇਜ਼ਾਂ ਦਾ ਹੁੱਕਾ?" ਉਸ ਨੂੰ ਗੰਗੂ ਦੀ ਹੁਕੜੀ, ਮਸੱਦੀ ਮਲ ਦੀ ਕਲੀ, ਰਾਮਧਨ ਸਾਈਸ ਦੀ ਗੁੜਗੁੜੀ, ਕੱਲੂ ਦਾ ਨਾਰੀਅਲ, ਸ਼ਾਹ ਜੀ ਦਾ ਹੁੱਕਾ, ਮੌਲਾਨਾ ਤਾਜਦੀਨ ਦਾ ਸਟਿੱਕ-ਪੇਚਵਾਂ, ਸਭ ਦਾ ਪਤਾ ਸੀ। ਪਰ ਇਹ ਵਲੈਤੀ ਹੁੱਕਾ—? ਜਦ ਤਕੀਏ ਵਿਚੋਂ ਸਭ ਲੋਕ ਚਲੇ ਗਏ ਤਾਂ ਟਿੱਡੇ ਸਾਈਂ ਨੇ ਜਮਾਲੇ ਤੋਂ ਪੁੱਛਿਆ, "ਕਿਉਂ ਬਈ ਜਮਾਲ ਦੀਨਾ, ਇਹ ਅੰਗਰੇਜ਼ਾਂ ਦਾ ਹੁੱਕਾ ਕਿਹੋ ਜਿਹਾ ਹੁੰਦਾ ਐ? ਰਤਾ ਖੋਲ੍ਹ ਕੇ ਤਾਂ ਦੱਸ।"

ਜਮਾਲੇ ਨੇ ਆਖਿਆ, "ਬਸ ਹਾਫਜ਼ ਜੀ, ਕੀ ਪੁੱਛਦੇ ਓ। ਇਕ ਘੁੱਟ ਖਿਚੋ-ਸੁਰਗ ਦੇ ਝੂਟੇ ਨੇ। ਨਾ ਇਸ ਨੂੰ ਪਾਥੀ ਦੀ ਲੋੜ ਏ, ਨਾ ਪਾਣੀ ਦੀ।"

"ਕਿਹੋ ਜੇਹਾ ਹੁੰਦਾ ਏ ਇਹ ਹੁੱਕਾ?" ਟਿੱਡੇ ਸਾਈਂ ਦੀ ਉਤਸੁਕਤਾ ਵਧ ਗਈ।

ਇਸ ਤੋਂ ਪਹਿਲਾਂ ਕਿ ਜਮਾਲਾ ਕੋਈ ਜੁਆਬ ਦੇਵੇ, ਟਿੱਡੇ ਸਾਈਂ ਨੇ ਆਪਣੇ



ਹੁੱਕੇ ਨੂੰ ਪਰ੍ਹਾਂ ਕਰਦੇ ਹੋਏ ਆਖਿਆ, "ਬਈ ਮੇਰਾ ਹੁੱਕਾ ਤਾਂ ਹੁਣ ਬਦਲਨ ਜੋਗਾ ਹੋ ਗਿਆ ਏ, ਸੌ ਰੋਗ ਨੇ ਇਸ ਨੂੰ। ਨੜੀ ਵੀ ਤਿੜਕ ਗਈ ਏ, ਚਿਲਮ ਵੀ ਠੀਕਰਾ ਹੋਈ ਪਈ ਏ। ਮੈਨੂੰ ਦੱਸ ਖਾਂ, ਇਹ ਅੰਗਰੇਜ਼ੀ ਹੁੱਕਾ ਕਿੰਨੇ ਕੁ 'ਚ ਆ ਜਾਂਦਾ ਏ।"

"ਬਸ ਜੀ ਇਕ ਪੈਸੇ ਵਿਚ।"

"ਇਕ ਪੈਸੇ 'ਚ?"

"ਹੋਰ ਕੀ!"

"ਬੱਲੇ-ਬੱਲੇ ਓਏ ਅੰਗਰੇਜ਼ਾ।" ਉਸ ਖ਼ਿਆਲੀ ਅੰਗਰੇਜ਼ ਨੂੰ ਆਪਣੇ ਸਾਹਮਣੇ ਖਲਿਆਰ ਕੇ ਥਾਪੜੀ ਦੇਂਦਿਆਂ ਆਖਿਆ, "ਨਹੀਂ ਤੇਰੀਆਂ ਰੀਸਾਂ! ਚੰਗਾ ਬਈ ਜਮਾਲ ਦੀਨਾ ਜੇ ਇਸ ਵਾਰ ਸ਼ਹਿਰ ਜਾਵੇਂ ਤਾਂ ਮੇਰੇ ਲਈ ਇਕ ਅੰਗਰੇਜ਼ੀ ਹੁੱਕਾ ਲਈ ਆਵੀਂ।"

"ਚੰਗਾ ਜੀ", ਜਮਾਲੇ ਨੇ ਉੱਤਰ ਦਿੱਤਾ।

ਇਕ ਹਫ਼ਤੇ ਪਿਛੋਂ ਜਮਾਲਾ ਸ਼ਹਿਰ ਗਿਆ ਤੇ ਟਿੱਡੇ ਸਾਈਂ ਲਈ ਸਿਗਰਟ ਲੈ ਆਇਆ।

ਜਦ ਸਿਗਰਟ ਲੈ ਕੇ ਉਹ ਤਕੀਏ ਵਿਚ ਗਿਆ ਤਾਂ ਉਸ ਵੇਲੇ ਟਿੱਡਾ ਸਾਈਂ ਵਜ਼ੂ ਕਰ ਕੇ ਨਮਾਜ਼ ਪੜ੍ਹਨ ਦੀਆਂ ਤਿਆਰੀਆਂ ਕਰ ਰਿਹਾ ਸੀ। ਪੈਰਾਂ ਦੀ ਵਿੜਕ ਪਛਾਣ ਕੇ ਪੁੱਛਿਆ, "ਕੌਣ ਏਂ, ਜਮਾਲ ਦੀਨ?"

"ਹਾਂ ਜੀ।"

"ਲੈ ਆਇਆਂ ਏਂ ਸਾਡਾ ਹੁੱਕਾ?"

"ਹਾਂ ਜੀ।"

ਖੁਸ਼ੀ ਦੇ ਮਾਰੇ ਟਿੱਡਾ ਸਾਈਂ ਨਮਾਜ਼ ਪੜ੍ਹਨੀ ਭੁੱਲ ਗਿਆ। ਮਸੱਲੇ ਉਤੇ ਬੈਠੇ ਹੋਏ ਹੀ ਪੁੱਛਿਆ, "ਲੈ ਬਈ, ਲਿਆ ਰਤਾ, ਦਿਖਾਈਂ ਖਾਂ ਇਹ ਅੰਗਰੇਜ਼ੀ ਹੁੱਕਾ, ਸਾਈਂ ਤੇਰਾ ਭਲਾ ਕਰੇ!"

ਜਮਾਲੇ ਨੇ ਆਖਿਆ, "ਤੁਸੀਂ ਖੁਸ਼ ਹੋ ਜਾਉਗੇ ਇਸ ਨੂੰ ਪੀ ਕੇ।"

"ਓਏ ਫੱਤਿਆ!" ਟਿੱਡੇ ਸਾਈਂ ਨੇ ਆਪਣੇ ਚੇਲੇ ਨੂੰ ਹਾਕ ਮਾਰ ਕੇ ਆਖਿਆ, "ਸਾਡਾ ਉਹ ਪਹਿਲਾ ਹੁੱਕਾ ਬਾਹਰ ਸੁੱਟ ਦੇ। ਅੱਜ ਤੋਂ ਅਸੀਂ ਅੰਗਰੇਜ਼ੀ ਹੁੱਕਾ ਈ ਪੀਆ ਕਰਾਂਗੇ.......।"

"ਕਿਉਂ ਬਈ ਜਮਾਲ ਦੀਨਾ?" ਟਿੱਡੇ ਸਾਈਂ ਨੇ ਫਿਰ ਆਪਣੀਆਂ ਨੇਤਰ-ਹੀਨ ਅੱਖਾਂ ਨੂੰ ਝਮਕ ਕੇ ਪੁੱਛਿਆ, "ਇਸ ਵਿਚ ਪਾਨੀ-ਸ਼ਾਨੀ ਪਾਨ ਦੀ ਲੋੜ ਨਹੀਂ?"

"ਨਾ, ਨਾ! ਇਹ ਕੰਮ ਨਾ ਕਰਨਾ ਹਾਫਜ਼ ਜੀ! ਪਾਣੀ ਦਾ ਤੁਪਕਾ ਸੁੱਟੋ ਤਾਂ ਇਹ ਵਿਗੜ ਜਾਂਦਾ ਏ।"

"ਹੱਛਾ, ਲਿਆ ਫੜਾ ਫੇਰ।" ਇਹ ਆਖ ਕੇ ਟਿੱਡੇ ਸਾਈਂ ਨੇ ਆਪਣਾ ਹੱਥ ਅੱਗੇ ਕਰ ਦਿੱਤਾ।

"ਲਓ!"

"ਲਿਆ ਫੜਾ!"

ਜਮਾਲੇ ਨੇ ਟਿੱਡੇ ਸਾਈਂ ਦੀ ਤਲੀ ਉਤੇ ਸਿਗਰਟ ਰਖ ਦਿੱਤਾ।

"ਫੜਾ ਵੀ," ਸਾਈਂ ਕਾਹਲਾ ਪੈ ਕੇ ਬੋਲਿਆ, "ਤੂੰ ਤਾਂ ਤਰਸਾਈ ਜਾਨਾ ਏਂ !"

"ਹਾਫਜ਼ ਜੀ ਤੁਹਾਡੀ ਤਲੀ ਉਤੇ ਰਖ ਦਿੱਤਾ ਏ," ਜਮਾਲਾ ਬੋਲਿਆ।

"ਕਿਥੇ ?"

"ਇਹੋ।"

"ਇਹੋ, ਇਹ ਸਲਾਈ ਜੇਹੀ ?"

"ਜੀ ਹਾਂ ! ਇਹੋ ਏ ਵਲੈਤੀ ਹੁੱਕਾ।"

"ਓਏ ਇਹ ਤਾਂ ਹੌਲਾ ਫੁੱਲ ਏ !" ਸਾਈਂ ਬੋਲਿਆ।

"ਜੀ ਅੰਗ੍ਰੇਜ਼ਾਂ ਦੀ ਹਰ ਚੀਜ਼ ਈ ਹੋਲੀ ਫੁੱਲ ਹੁੰਦੀ ਏ। ਸਾਡੇ ਦੇਸੀ ਢੱਗਿਆਂ ਵਾਂਗ ਨਹੀਂ। ਉਨ੍ਹਾਂ ਦੀਆਂ ਮੇਮਾਂ ਵੇਖੀਆਂ ਨੇ ਕਦੀ ?"

"ਨਾ।"

"ਬਸ ਜੀ ਕੀ ਪੁੱਛਦੇ ਓ, ਹਾਫਜ਼ ਜੀ, ਪਤਲੀਆਂ-ਪਤੰਗ ! ਤੁਰਦੀਆਂ ਨੇ ਜਾਣੋ ਹਵਾ 'ਚ ਉਡਦੀਆਂ ਨੇ। ਜੇ ਇਕ ਵਾਰ ਵੇਖ ਲਓ, ਤਾਂ ਅੱਖਾਂ ਖੁੱਲ੍ਹ ਜਾਣ।"

ਟਿੱਡੇ ਸਾਈਂ ਦੀਆਂ ਅੱਖਾਂ ਖੁੱਲ੍ਹ ਗਈਆਂ। ਨੇਤਰ-ਹੀਨ ਪੁਤਲੀਆਂ ਕੰਬੀਆਂ। ਉਸ ਛੇਤੀ-ਛੇਤੀ ਸਿਗਰਟ ਨੂੰ ਪਲੋਸਣਾ ਸ਼ੁਰੂ ਕੀਤਾ ਤੇ ਸਿਗਰਟ ਉਤੇ ਹੱਥ ਫੇਰਦੇ ਹੋਏ ਹੁਕਮ ਦਿੱਤਾ, "ਓਏ ਫੱਤਿਆ। ਮੇਰਾ ਦੇਸੀ ਹੁੱਕਾ ਸੁਟ ਦੇ। ਅੱਜ ਤੋਂ ਮੈਂ......"

ਇਕ ਦਮ ਉਸ ਪੁੱਛਿਆ, "ਬਈ ਇਸ ਨੂੰ ਪੀਵੀਦਾ ਕਿਸ ਤਰ੍ਹਾਂ ਏ ?"

"ਮੈਂ ਦੱਸਦਾ ਹਾਂ ਤੁਹਾਨੂੰ" ਜਮਾਲਾ ਬੋਲਿਆ, "ਇਸ ਦਾ ਇਹ ਸਿਰਾ ਮੂੰਹ ਵਿਚ ਲੈ ਲਉ। ਮੈਂ ਦੂਜੇ ਸਿਰੇ ਤੋਂ ਦੀਵਾ-ਸਲਾਈ ਲਾਉਂਦਾ ਆਂ। ਤੁਸੀਂ ਸੂਟਾ ਖਿੱਚਣਾ।"

"ਬੱਲੇ ਓਏ ਤੇਰੇ ਦੂਲਿਆ ! ਕੀ ਕਹਿਣੇ ਨੇ ਅੰਗ੍ਰੇਜ਼ ਦੇ।" ਉਸ ਨੇ ਸਿਗਰਟ ਮੂੰਹ ਵਿਚ ਲੈ ਲਿਆ। ਜਮਾਲੇ ਨੇ ਟਿੱਡੇ ਸਾਈਂ ਦੀ ਦਾੜ੍ਹੀ ਬਚਾ ਕੇ ਦੀਆ-ਸਲਾਈ ਦਿਖਾਈ। ਟਿੱਡੇ ਸਾਈਂ ਨੇ ਥੋੜ੍ਹੇ ਚਿਰ ਪਿਛੋਂ ਜ਼ੋਰ ਦੀ ਸੂਟਾ ਲਾਇਆ, ਕੁਝ ਜਮਾਲੇ ਦੀਆਂ ਉਂਗਲਾਂ ਕੰਬਣ ਕਰ ਕੇ ਤੇ ਕੁਝ ਟਿੱਡੇ ਸਾਈਂ ਦੇ ਅਨਾੜੀ ਹੋਣ ਕਰ ਕੇ ਸਿਗਰਟ ਨੂੰ ਅੱਗ ਨਾ ਲਗ ਸਕੀ। ਉਹ ਜਮਾਲੇ ਦੀਆਂ ਗੱਲਾਂ ਤੇ ਅੰਗਰੇਜ਼ ਦੀ ਕਾਬਲੀਅਤ ਤੋਂ ਇਤਨਾ ਪ੍ਰਭਾਵਤ ਸੀ ਤੇ ਅਨੋਖੇ ਹੁੱਕੇ ਦੀ ਦਰਯਾਫ਼ਤ ਉਤੇ ਇਤਨਾ ਕਾਹਲਾ ਤੇ ਬਿਹਬਲ ਸੀ ਕਿ ਉਸ ਜ਼ੋਰ-ਜ਼ੋਰ ਦੀ ਕਸ਼ ਲੈਣੇ ਸ਼ੁਰੂ ਕਰ ਦਿੱਤੇ ਤੇ ਖ਼ੁਸ਼ੀ ਨਾਲ ਝੂਮ ਕੇ ਆਖਿਆ, "ਓ-ਬਈ ! ਮਜ਼ਾ ਈ ਆ ਗਿਆ। ਕੀ ਕਹਿਣੇ ਨੇ ਅੰਗਰੇਜ਼ ਦੇ, ਸਾਈਂ ਤੇਰਾ ਭਲਾ ਕਰੇ, ਇਕ-ਇਕ ਸੂਟੇ 'ਚ ਸਮੁੰਦਰ ਦੀਆਂ ਘੁੱਟਾਂ ਤੁਰੀਆਂ ਆਉਂਦੀਆਂ ਨੇ।"

ਜਮਾਲੇ ਨੇ ਆਖਿਆ, "ਹਾਫਜ਼ ਜੀ ! ਹਾਲੇ ਤਾਂ ਅੱਗ ਈ ਨਹੀਂ ਲੱਗੀ, ਤੁਸੀਂ ਰਤਾ ਟਿਕ ਕੇ ਬੈਠੋ। ਮੈਂ ਮੁੜ ਦੀਆ-ਸਲਾਈ ਬਾਲ ਕੇ ਸਿਗਰਟ ਦਾ ਸਿਰਾ ਧੁਖਾਂਦਾ ਹਾਂ। ਫਿਰ ਤੁਸੀਂ ਸੂਟਾ ਲਾਇਓ। ਹਾਲੇ ਤਾਂ ਕੁਝ ਵੀ ਨਹੀਂ ਹੋਇਆ।"

ਟਿੱਡਾ ਸਾਈਂ ਉਛਲ ਕੇ ਬੋਲਿਆ, "ਓਏ ਹਾਲੇ ਅੱਗ ਈ ਨਹੀਂ ਲੱਗੀ, ਫਿਰ ਵੀ ਐਨਾ ਸੁਆਦ ਆ ਰਿਹਾ ਏ। ਜੇ ਕਿਤੇ ਅੱਗ ਲਗ ਗਈ ਤਾਂ ਫੇਰ ਕੀ ਕਹਿਣੇ !



ਵਾਹ ਬਈ ਅੰਗਰੇਜ਼ਾ ! ਕਮਾਲ ਏ ! ਕਮਾਲ ਏ ! ਏਸ ਸ਼ੇਰ ਦੀ ਬੱਚੀ ਸਿਗਰਟ ਅੱਗੇ ਸੌਹਰਾ ਹੁੱਕਾ ਕੀ ਕਰੂ।"

ਜਮਾਲੇ ਨੇ ਦੀਆ-ਸਲਾਈ ਬਾਲੀ। ਟਿੱਡਾ ਸਾਈਂ ਕਾਹਲਾ-ਕਾਹਲਾ ਸੂਟੇ ਲੈਣ ਲੱਗਾ।

ਉਸ ਨੂੰ ਖੰਘ ਛਿੜ ਗਈ, ਹਾਥੂ ਆ ਗਿਆ। ਪਰ ਉਹ ਇਕੋ ਸਾਹ ਜੋਸ਼ ਤੇ ਖ਼ੁਸ਼ੀ ਨਾਲ ਸੂਟੇ ਲਾ ਰਿਹਾ ਸੀ, "ਵਾਹ ਬਈ ਵਾਹ-ਵਾਹ !"

ਜਦ ਅੱਧੀ ਤੋਂ ਵਧ ਸਿਗਰਟ ਫੂਕੀ ਗਈ ਤੇ ਨਿੱਕਾ ਜਿਹਾ ਟੋਟਾ ਰਹਿ ਗਿਆ ਤੇ ਉਸ ਦੀ ਦਾੜ੍ਹੀ ਤੇ ਮੁੱਛਾਂ ਨੂੰ ਖ਼ਤਰਾ ਪਿਆ ਤਾਂ ਜਮਾਲੇ ਨੇ ਚੀਖ਼ ਕੇ ਆਖਿਆ, "ਬਸ ! ਹੋਰ ਨਾ ਪੀਉ ! ਬਸ।"

"ਕਿਉਂ ?"

"ਬਸ, ਹੁਣ ਇਹ......"

"ਹਾਲੇ ਤਾਂ ਮੈਂ ਸ਼ੁਰੂ ਈ ਕੀਤਾ ਏ। ਹੁਣੇ ਤਾਂ ਸੁਆਦ ਆਉਣ ਲੱਗਿਆ ਏ। ਕਿਉਂ ? ਤੂੰ ਪੀਣਾ ਏ ਕੀ ? ਲੈ ਲੈ ਤੂੰ ਵੀ ਇਕ ਘੁੱਟ।"

"ਨਹੀਂ ਹਾਫਜ਼ ਜੀ, ਹੁੱਕਾ ਖ਼ਤਮ ਹੋ ਗਿਆ।"

"ਕੀ ਹੋ ਗਿਆ ?"

"ਹੁੱਕਾ ਖ਼ਤਮ !" ਜਮਾਲਾ ਬੋਲਿਆ।

"ਹੁੱਕਾ ਕਿਵੇਂ ਖ਼ਤਮ ਹੋ ਗਿਆ ?" ਟਿੱਡੇ ਸਾਈਂ ਨੇ ਆਂਡੇ ਵਰਗੀਆਂ ਚਿੱਟੀਆਂ ਪੁਤਲੀਆਂ ਘੁਮਾਂਦੇ ਹੋਏ ਪੁੱਛਿਆ।

"ਬਸ ਜੀ, ਇਸ ਵਿਚ ਇਤਨਾ ਈ ਦਮ ਸੀ।"

"ਹੈਂ ?" ਟਿੱਡੇ ਸਾਈਂ ਦੀਆਂ ਅੱਖਾਂ ਪਾਟ ਗਈਆਂ।

"ਹਾਂ ਜੀ।" ਜਮਾਲਾ ਬੋਲਿਆ, "ਇਸ ਨੂੰ ਛੇਤੀ ਦੇਣੇ ਸੁੱਟ ਦਿਉ, ਨਹੀਂ ਤਾਂ ਤੁਹਾਡੀ ਦਾੜ੍ਹੀ ਦੀ ਖ਼ੈਰ ਨਹੀਂ।"

"ਦਾੜ੍ਹੀ ਦੀ ਖ਼ੈਰ ਨਹੀਂ" ਸੁਣ ਕੇ ਟਿੱਡੇ ਸਾਈਂ ਨੇ ਝਟ ਸਿਗਰਟ ਦਾ ਟੋਟਾ ਸੁੱਟ ਦਿੱਤਾ ਤੇ ਦਾੜ੍ਹੀ ਉਤੇ ਹੱਥ ਫੇਰਦਿਆਂ ਆਖਿਆ, "ਇਨ੍ਹਾਂ ਅੱਲਾ ਮਾਰਿਆਂ ਅੰਗਰੇਜ਼ਾਂ ਦੀ ਹਰ ਇਕ ਗੱਲ ਵਿਚ ਚਲਾਕੀ ਹੁੰਦੀ ਏ। ਦੋ ਸੂਟੇ ਲਾਏ ਤੇ ਹੁੱਕਾ ਮੁੱਕ ਗਿਆ। ਤੇ ਸਾਡਾ ਹੁੱਕਾ ਪਿਛਲੇ ਵੀਹਾਂ ਸਾਲਾਂ ਤੋਂ ਤੁਰਿਆ ਆਉਂਦਾ ਏ।"

ਓਏ ਫੱਤਿਆ, ਉਹਨਾਂ ਹਾਕ ਮਾਰੀ, "ਜਾ ਆਪਣਾ ਦੇਸੀ ਹੁੱਕਾ ਚੁੱਕ ਲਿਆ। ਸਾਈਂ ਦੀ ਮਾਰ ਇਨ੍ਹਾਂ ਅੰਗਰੇਜ਼ਾਂ ਨੂੰ।"

ਟਿਡੇ ਸਾਈਂ ਨੇ ਮੁੜ ਆਪਣਾ ਹੁੱਕਾ ਸਾਂਭ ਲਿਆ। ਹੁੱਕੇ ਦਾ ਕਸ਼ ਖਿੱਚਦਿਆਂ ਉਸ ਆਖਿਆ, "ਇਹ ਤਾਂ ਮੁਸ਼ਕੀ ਘੋੜਾ ਏ, ਕਿਵੇਂ ਗੱਲਾਂ ਕਰਦੈ। ਵਾਹ ! ਵਾਹ ! ਕੀ ਆਖਣੈ ! ਹੁੱਕੇ ਨੂੰ ਚਾਹੇ ਸਾਰਾ ਤਕੀਆ ਪੀਏ। ਇਸ ਵਿਚ ਸਾਈਂ ਦੀ ਬਰਕਤ ਐ, ਪਰ ਸਿਗਰਟ। ਹੂੰਹ !"

ਇਹ ਆਖ ਕੇ ਟਿੱਡੇ ਸਾਈਂ ਨੇ ਹੁੱਕੇ ਦੀ ਨੜੀ ਜਮਾਲੇ ਵਲ ਘੁਮਾ ਦਿੱਤੀ।

## 36

# ਪਾਣੀ ਦਾ ਤੁਪਕਾ

ਮਣਸਾ ਸਿੰਘ ਚਪੜਾਸੀ, ਆਪਣੀ ਝੁੱਗੀ ਦੇ ਥੜ੍ਹੇ ਉਤੇ ਬੈਠਾ ਆਪਣੀ ਭਰਵੀਂ ਧੌਲੀ ਦਾੜ੍ਹੀ ਨੂੰ ਖੁਰਕ ਰਿਹਾ ਸੀ ਤੇ ਸੋਚ ਰਿਹਾ ਸੀ ।

ਸਾਰੀ ਜ਼ਿੰਦਗੀ ਵਿਚ ਬਹੁਤ ਘਟ ਮੌਕੇ ਆਏ ਸਨ ਜਦ ਉਸ ਨੂੰ ਇਸ ਤਰ੍ਹਾਂ ਗੂੜ੍ਹ ਵਿਚਾਰ ਨਾਲ ਸੋਚਣਾ ਪਿਆ ਹੋਵੇ—ਮਸਾਂ ਤਿੰਨ ਮੌਕੇ, ਇਕ ਓਦੋਂ ਜਦ ਉਸ ਚੌਥੀ ਜਮਾਤ ਦਾ ਇਮਤਿਹਾਨ ਦੇਣਾ ਸੀ ਤੇ ਹਿਸਾਬ ਦੇ ਪਰਚੇ ਵਿਚ ਉਸ ਨੂੰ ਹੂੰਟੇ ਦਾ ਪਹਾੜਾ ਭੁੱਲ ਗਿਆ ਸੀ, ਦੂਜੀ ਵਾਰ ਜਦ ਉਸ ਦੀ ਵਹੁਟੀ ਮਰੀ ਸੀ, ਤੀਜੀ ਵਾਰ ਜਦ ਉਸ ਨੂੰ ਅਦਾਲਤ ਵਿਚ ਗਵਾਹੀ ਭੁਗਤਣੀ ਪਈ ਸੀ ਤੇ ਉਸ ਤੋਂ ਪਿਛੋਂ ਅੱਜ ।

ਉਸ ਦੇ ਦਿਮਾਗ ਦੇ ਦੰਦਿਆਂ ਵਿਚ ਪੰਡਤ ਨਹਿਰੂ ਦੀ ਗੱਲ ਪੂਰੀ ਤਰ੍ਹਾਂ ਨਹੀਂ ਸੀ ਫਸ ਰਹੀ ।

"ਸ਼ਾਂਤ ਸਾਗਰ ਵਿਚ ਬੰਬ ਫਟਣ ਨਾਲ ਪਾਣੀ ਨੂੰ ਅੱਗ ਲੱਗ ਗਈ....."

ਭਲਾ ਇਹ ਕੀਕਰ ਹੋ ਸਕਦਾ ਹੈ ? ਪਾਣੀ ਨੂੰ ਅੱਗ ਕੀਕਰ ਲੱਗ ਸਕਦੀ ਹੈ ।

ਦਫ਼ਤਰੋਂ ਆ ਕੇ ਅੱਜ ਮਣਸਾ ਸਿੰਘ ਕਿਤੇ ਨਹੀਂ ਸੀ ਗਿਆ । ਨਾ ਉਹ ਮੁਨਸ਼ੀ ਤੋਤਾ ਰਾਮ ਨਾਲ ਚੌਪੜ ਖੇਡਣ ਗਿਆ, ਨਾ ਜਮਾਂਦਾਰ ਨੱਥਾ ਸਿੰਘ ਕੋਲ ਗੱਪ-ਸ਼ੱਪ ਮਾਰਨ, ਤੇ ਨਾ ਹੀ ਜਮਨਾ ਦੇ ਕੰਢੇ ਸੈਰ ਕਰਨ ।

ਥੜ੍ਹੇ ਉਤੇ ਬੈਠਾ ਉਹ ਸੋਚ ਰਿਹਾ ਸੀ : "ਸਮੁੰਦਰ ਨੂੰ ਅੱਗ ਲਗ ਗਈ !" ਕੀ ਪੰਡਤ ਨਹਿਰੂ ਦੇ ਇਹ ਸ਼ਬਦ ਠੀਕ ਸਨ ?

ਮਣਸਾ ਸਿੰਘ ਨੂੰ ਵੱਡੇ ਕੇਂਦਰੀ ਦਫ਼ਤਰ ਵਿਚ ਕੰਮ ਕਰਦਿਆਂ ਪੱਚੀਆਂ ਵਰ੍ਹਿਆਂ ਤੋਂ ਉਤੇ ਹੋ ਗਏ ਸਨ । ਉਸ ਦਾ ਬਾਪੂ ਝੰਡਾ ਸਿੰਘ ਤੇ ਉਸ ਦਾ ਦਾਦਾ ਖੰਡਾ ਸਿੰਘ



ਵੀ ਦੋਵੇਂ ਚਪੜਾਸੀ ਰਹੇ ਸਨ । ਝੰਡਾ ਸਿੰਘ ਕਰਨਲ ਟਾਮਸਨ ਕੋਲ, ਜਿਸ ਨੂੰ ਉਹ "ਟਾਮਸਨ ਸਾਹਿਬ" ਆਖਿਆ ਕਰਦਾ, ਅਰਦਲੀ ਸੀ । ਮਣਸਾ ਸਿੰਘ ਵੀ "ਫਾਮਟਨ ਸਾਹਿਬ" ਪਾਸ ਹੀ ਬਾਰਾਂ ਰੁਪਈਆਂ ਉਤੇ ਅਰਦਲੀ ਭਰਤੀ ਹੋਇਆ ਸੀ ।

ਟਾਮਸਨ ਸਾਹਿਬ ਨੂੰ ਸ਼ਿਕਾਰ ਦਾ ਸ਼ੌਕ ਸੀ । ਮਣਸਾ ਸਿੰਘ ਨੇ ਵੀ ਤੋੜੇ ਵਾਲੀ ਬੰਦੂਕ ਰੱਖੀ ਹੋਈ ਸੀ । ਘਣੇ ਜੰਗਲਾਂ ਵਿਚ ਕਈ ਵਾਰੀ ਉਹ ਸਾਹਿਬ ਨਾਲ ਸ਼ਿਕਾਰ ਖੇਡਣ ਗਿਆ ਸੀ । ਜਿਥੇ ਕਈ ਵਾਰੀ ਸਾਹਿਬ ਦਾ ਨਿਸ਼ਾਨਾ ਉੱਕ ਗਿਆ ਸੀ ਤੇ ਉਹ ਸ਼ੇਰ ਦੀ ਬੜ੍ਹਕ ਸੁਣ ਕੇ ਮਚਾਨ ਉਤੇ ਬੈਠਾ ਹਨੇਰੇ ਵਿਚ ਹੀ ਕੰਬਦਾ ਰਿਹਾ ਸੀ, ਮਣਸਾ ਸਿੰਘ ਨੇ ਦੋ ਵਾਰੀ ਸ਼ੇਰ ਨੂੰ ਮਾਰ ਲਿਆ ਸੀ ।

ਸਾਹਿਬ ਕਈ ਵਾਰ ਉਸ ਨੂੰ ਆਖਦਾ, "ਵੈਲ, ਮਣਸਾ ਸਿੰਘ, ਤੁਮ ਬਹਾਦਰ ਮੈਨ ਹੈ । ਸੀਖ ਮੈਨ ਬਹੁਤ ਬਹਾਦਰ ਹੋਤਾ ਹੈ !"

ਬਹਾਦਰੀ ਤੇ ਹੱਲਾ-ਸ਼ੇਰੀ ਦੇ ਇਹੋ ਸ਼ਬਦ ਮਣਸਾ ਸਿੰਘ ਲਈ ਤਮਗ਼ੇ ਸਨ ਜਿਨ੍ਹਾਂ ਨੂੰ ਉਹ ਆਪਣੀ ਯਾਦ ਦੀ ਫੱਟੀ ਉਤੇ ਲਟਕਾਈ ਫਿਰਦਾ ਸੀ ।

ਉਮਰ ਦੇ ਪਹਿਲੇ ਪੱਖ ਅਰਦਲੀ ਭਰਤੀ ਹੋ ਕੇ ਉਸ ਨੇ ਬਸਰੇ ਤੇ ਬਗਦਾਦ ਦੀਆਂ ਜੰਗਾਂ ਵੇਖੀਆਂ ਸਨ । ਟਾਮਸਨ ਸਾਹਿਬ ਪਿਛੋਂ ਜਾਨਸਨ ਸਾਹਿਬ, ਫਿਰ ਪੋਲਾਰਡ ਸਾਹਿਬ ਤੇ ਫਿਰ ਕਰਨਲ ਦਿਲਾਵਰ ਸਿੰਘ ਪਾਸ—ਤੇ ਫਿਰ ਉਹ ਕਈ ਹੋਰ ਸਾਹਿਬਾਂ, ਮੇਜਰਾਂ ਤੇ ਕਰਨੈਲਾਂ ਕੋਲ ਰਿਹਾ ।

ਛੇਕੜ ਉਹ ਵੱਡੇ ਕੇਂਦਰੀ ਦਫ਼ਤਰ ਵਿਚ ਚਪੜਾਸੀ ਲਗ ਗਿਆ । ਵਧੀਆ ਲਾਲ ਵਰਦੀ, ਜ਼ਰੀ ਵਾਲਾ ਸਾਫ਼ਾ, ਗੋਟੇ ਵਾਲਾ ਸੁਰਖ਼ ਕਮਰ-ਕੱਸਾ, ਚੰਗੇ ਚੀਕਦੇ ਬੂਟ ਤੇ ਲਿਸ਼ਕਦੀ ਹੋਈ ਚਪੜਾਸ, ਮਣਸਾ ਸਿੰਘ ਨੂੰ ਹੋਰ ਕੀ ਚਾਹੀਦਾ ਸੀ ।

ਏਸੇ ਪੀਲੀ ਤੇ ਲਾਲ ਚਪੜਾਸ ਵਿਚ ਹੀ ਉਹ ਬੁੱਢਾ ਹੋ ਗਿਆ ਸੀ । ਉਸ ਨੂੰ ਇਹ ਪਤਾ ਵੀ ਨਹੀਂ ਸੀ ਲੱਗਿਆ ਕਿ ਕਦ ਬੁਢਾਪਾ ਉਸ ਦੀਆਂ ਪੁੜਪੁੜੀਆਂ ਉਤੇ ਉਤਰ ਕੇ ਉਸ ਦੇ ਸਿਰ ਉਤੇ ਛਾ ਗਿਆ ਤੇ ਫਿਰ ਹੌਲੀ-ਹੌਲੀ ਲਰਜ਼ਦਾ ਹੋਇਆ ਉਸ ਦੇ ਸਾਰੇ ਹੱਡਾਂ ਵਿਚ ਰਚ ਗਿਆ । ਉਸ ਦੀ ਵਹੁਟੀ ਮਰੀ ਨੂੰ ਬਾਰਾਂ ਵਰ੍ਹੇ ਹੋ ਗਏ ਸਨ । ਪਹਿਲੇ ਤਿੰਨ ਸਾਲ ਤਾਂ ਉਸ ਨੇ ਮੋਟੇ ਘਣੇ ਧੌਲਿਆਂ ਨੂੰ ਵਸਮਾ ਲਾ ਕੇ ਕਿਸੇ ਅਧੇੜ ਉਮਰ ਵਿਧਵਾ ਉਤੇ ਚਾਦਰ ਪਾ ਲੈਣ ਦੇ ਜਤਨ ਕੀਤੇ, ਪਰ ਫਿਰ ਜਦ ਕਿਤੇ ਵੀ ਗੱਲ ਨਾ ਬਣੀ ਤਾਂ ਹਰ ਹਫਤੇ ਵਾਲਾਂ ਨੂੰ ਕਾਲਾ ਕਰਨ ਦੀ ਬਿਪਤਾ ਤੋਂ ਮੁਕਤ ਹੋਣ ਲਈ ਛੇਕੜ ਉਸ ਨੇ ਇਹ ਸਿਆਪਾ ਹੀ ਛਡ ਦਿੱਤਾ । ਦੋ ਸਾਲਾਂ ਵਿਚ ਹੀ ਸਾਰੇ ਵਾਲ ਚਿੱਟੇ ਹੋ ਗਏ.....ਜਿਵੇਂ ਵਾਲਾਂ ਨੂੰ ਮਣਸਾ ਸਿੰਘ ਦੇ ਧੋਖੇ ਦੇਣ ਉਤੇ ਖਿਝ ਆ ਗਈ ਹੋਵੇ ਤੇ ਉਹਨਾਂ ਸਫ਼ੇਦੀ ਵਲ ਦਾ ਪੈਂਡਾ ਸਗੋਂ ਵੱਡੀਆਂ-ਵੱਡੀਆਂ ਪਲਾਂਘਾਂ ਨਾਲ ਤੈਅ ਕਰ ਲਿਆ ਹੋਵੇ ।

ਦੂਜੀ ਜੰਗ ਛਿੜੀ । ਜਾਪਾਨ ਤੇ ਜਰਮਨ ਦੋਹਾਂ ਰਲ ਕੇ ਦੁਨੀਆਂ ਉਤੇ ਹੱਲਾ ਬੋਲ ਦਿਤਾ । ਲੋਕਾਂ ਦੀਆਂ ਤੁਰਤ ਤਰੱਕੀਆਂ ਹੋਈਆਂ । ਕੀ ਬੁੱਢੇ, ਕੀ ਜੁਆਨ ਸਭ ਨੂੰ ਫੌਜ ਵਿਚ ਚੰਗੀ ਵਰਦੀ, ਚੰਗਾ ਖਾਣਾ ਤੇ ਚੋਖੀ ਤਨਖ਼ਾਹ ਉਤੇ ਭਰਤੀ ਕਰ ਲੀਤਾ ਗਿਆ । ਮਣਸਾ ਸਿੰਘ ਫਿਰ ਬਰਮਾ ਦੇ ਮਹਾਜ਼ ਤੇ ਚਲਾ ਗਿਆ ।

ਉਮਰ ਦੇ ਪਹਿਲੇ ਤੇ ਛੇਕੜਲੇ ਪੱਖ ਵਿਚ ਉਸ ਨੇ ਜੰਗਾਂ ਵੇਖੀਆਂ ਸਨ, ਬੰਬਾਂ

ਨੂੰ ਫਟਦਿਆਂ, ਫ਼ੌਜਾਂ ਨੂੰ ਲੜਦਿਆਂ, ਸ਼ਹਿਰਾਂ ਨੂੰ ਸੜਦਿਆਂ, ਟੈਂਕ, ਗੋਲੇ, ਬਾਰੂਦ—ਸਭਨਾਂ ਵਿਚ ਉਹ ਰਿਹਾ ਸੀ ।

ਜੰਗ ਮੁਕੀ, ਉਹ ਫਿਰ ਆਪਣੀ ਥਾਂ ਉਤੇ ਆ ਗਿਆ । ਇਸ ਪਿਛੋਂ ਫਸਾਦ ਫੁੱਟੇ, ਮੁਲਕ ਦੀ ਵੰਡ ਹੋਈ । ਫ਼ਸਾਦਾਂ ਦਾ ਝੱਖੜ ਖ਼ਤਮ ਹੋਇਆ । ਦਿੱਲੀ ਵਿਚ ਬਹੁਤ ਸਾਰੇ ਰਫਿਊਜੀ ਆ ਕੇ ਵਸ ਗਏ ਸਨ । ਮਨਸਾ ਸਿੰਘ ਦੇ ਪਿੰਡੋਂ ਵੀ ਜੋ ਪਾਕਿਸਤਾਨ ਵਿਚ ਜ਼ਿਲਾ ਸ਼ੇਖੂਪੁਰਾ ਵਿਚ ਸੀ, ਉਸ ਦੇ ਬਹੁਤ ਸਾਰੇ ਸਾਕ-ਸਬੰਧੀ ਤੇ ਬੇਲੀ ਦਿੱਲੀ ਜਮਨਾ ਦੇ ਕੰਢੇ ਜਿਥੇ ਰਫਿਊਜੀਆਂ ਲਈ ਕੱਚੀਆਂ ਕੁੱਲੀਆਂ ਤੇ ਕੋਠੇ ਪਾ ਦਿੱਤੇ ਗਏ ਸਨ, ਆ ਕੇ ਰਹਿਣ ਲੱਗੇ ਸਨ । ਮਨਸਾ ਸਿੰਘ ਨੂੰ ਆਪਣੇ ਸਾਕ-ਸਬੰਧੀਆਂ ਦੀ ਇਤਨੀ ਖਿੱਚ ਆਈ ਜੁ ਉਹ ਵੀ ਇਹਨਾਂ ਕੋਲ ਈ ਇਕ ਝੁੱਗੀ ਵਿਚ ਜਿਸ ਦਾ ਕਰਾਇਆ ਤਿੰਨ ਰੁਪਈਏ ਮਹੀਨਾ ਸੀ, ਆ ਕੇ ਰਹਿਣ ਲੱਗਾ ਸੀ । ਉਹ ਮੁਨਸ਼ੀ ਤੋਤਾ ਰਾਮ ਤੇ ਜਮਾਂਦਾਰ ਨੱਥਾ ਸਿੰਘ ਨਾਲ ਬਹੁਤ ਹੀ ਘੁਲ-ਮਿਲ ਗਿਆ ਸੀ । ਅਕਸਰ ਆਪਣਾ ਵਿਹਲਾ ਵਕਤ ਉਹ ਇਹਨਾਂ ਨਾਲ ਹੀ ਬਿਤਾਉਂਦਾ ।

ਪਰ ਅੱਜ ਉਸ ਦਾ ਕਿਤੇ ਜਾਣ ਨੂੰ ਜੀਅ ਨਹੀਂ ਸੀ ਕਰਦਾ । ਇਹ ਖ਼ਿਆਲ ਉਸ ਦੀਆਂ ਸੋਚਾਂ ਨੂੰ ਵਾਰ-ਵਾਰ ਕੁਤਰ ਰਿਹਾ ਸੀ......."ਪਾਣੀ ਨੂੰ ਵੀ ਅੱਗ ਲਗ ਸਕਦੀ ਹੈ ।"

ਦਫ਼ਤਰ ਵਿਚ ਸਾਹਿਬਾਂ ਨੂੰ ਪਾਣੀ ਤੇ ਚਾਹ ਪਿਲਾਉਂਦੇ ਹੋਏ ਕਈ ਵਾਰ ਉਹ ਕਈ ਬਹੁਤ ਗਹਿਰੀਆਂ ਤੇ ਗੁੰਝਲਦਾਰ ਸਕੀਮਾਂ ਉਤੇ ਬਹਿਸ ਨੂੰ ਸੁਣਦਾ । ਬਹੁਤੀਆਂ ਗੱਲਾਂ ਅੰਗਰੇਜ਼ੀ ਵਿਚ ਹੀ ਹੁੰਦੀਆਂ, ਕੁਝ ਚਿਰ ਤੋਂ ਕਦੇ-ਕਦੇ ਗੂੜ੍ਹ ਹਿੰਦੀ ਵਿਚ ਵੀ ਹੁੰਦੀਆਂ ਜਿਸ ਕਰ ਕੇ ਟਾਵਾਂ-ਟਾਵਾਂ ਸ਼ਬਦ ਹੀ ਮਨਸਾ ਸਿੰਘ ਦੀ ਸਮਝ ਦੇ ਠੂਠੇ ਵਿਚ ਕਿਰਦਾ । ਏਸੇ ਕਰ ਕੇ ਉਹ ਇਹਨਾਂ ਬਹਿਸਾਂ, ਦਲੀਲਾਂ ਤੇ ਸਕੀਮਾਂ ਤੋਂ ਬੇ-ਧਿਆਨਾ ਹੋ ਗਿਆ ਸੀ ।

ਲੀਡਰਾਂ ਦੀਆਂ ਤਕਰੀਰਾਂ ਵੀ ਉਹ ਬਹੁਤ ਹੀ ਘਟ ਸੁਣਦਾ । ਸਿਰਫ਼ ਪੰਡਤ ਨਹਿਰੂ ਦੇ ਸ਼ਬਦਾਂ ਨੂੰ ਉਹ ਸ਼ਰਧਾ ਨਾਲ ਸੁਣਦਾ । ਪੰਡਤ ਜੀ ਦੀਆਂ ਤਕਰੀਰਾਂ ਵਿਚ ਵੀ ਕਈ ਵਾਰੀ ਖ਼ਿਆਲਾਂ ਦੀਆਂ ਇਤਨੀਆਂ ਘੁੰਮਣ-ਘੇਰੀਆਂ ਹੁੰਦੀਆਂ ਸਨ, ਤੇ ਇਤਿਹਾਸ ਤੇ ਭਵਿੱਖ ਦੇ ਇਤਨੇ ਵੇਰਵੇ ਹੁੰਦੇ ਸਨ ਕਿ ਮਨਸਾ ਸਿੰਘ ਉਨ੍ਹਾਂ ਨੂੰ ਘਟ ਹੀ ਗ੍ਰਹਿਣ ਕਰ ਸਕਦਾ ਸੀ । ਉਹ ਜੱਟ ਸੀ ਤੇ ਜਟਕੀ ਗੱਲ ਹੀ ਸਮਝ ਸਕਦਾ ਸੀ । ਪਿਛਲੇ ਤੀਹ ਵਰ੍ਹਿਆਂ ਤੋਂ "ਪਾਣੀ ਲਾਓ.......ਯਿਹ ਫਾਈਲ ਉਸ ਕਮਰੇ ਮੇਂ ਛੋੜ ਆਓ.......ਜਾਓ......ਆਓ" ਇਸ ਕਿਸਮ ਦੇ ਆਰਡਰ ਸੁਣਦੇ-ਸੁਣਦੇ ਉਸ ਦੀ ਬੁੱਧੀ ਜੋ ਬਚਪਨ ਵਿਚ ਬਹੁਤ ਤਿੱਖੀ ਤੇ ਸੂਝ ਵਾਲੀ ਸੀ ਖੁੰਢੀ ਹੋ ਗਈ ਸੀ । ਦਫ਼ਤਰ ਵਿਚ ਰਹਿੰਦੇ-ਰਹਿੰਦੇ ਜੋ ਗੱਲਾਂ, ਬਹਿਸਾਂ, ਦਲੀਲਾਂ ਤੇ ਸਕੀਮਾਂ ਦਾ ਭੂਲ-ਭੁਲਈਆਂ ਸੀ, ਉਹ ਇਸ ਸਿੱਟੇ ਤੇ ਆ ਪੁੱਜਾ ਸੀ ਕਿ ਗੱਲ ਸਿੱਧੀ ਤੇ ਸਰਲ ਹੀ ਕਰਨੀ ਚਾਹੀਦੀ ਹੈ ।

ਪੰਡਤ ਨਹਿਰੂ ਦੀ ਅੱਜ ਦੀ ਤਕਰੀਰ ਦੀਆਂ ਕਈ ਗੱਲਾਂ ਜੋ ਸਰਲ ਤੇ ਸਿੱਧੀਆਂ ਸਨ, ਮਨਸਾ ਸਿੰਘ ਦੀ ਸੂਝ ਵਿਚ ਪੂਰੀ ਤਰ੍ਹਾਂ ਖੁਭ ਗਈਆਂ ਸਨ ਤੇ ਉਸ ਨੂੰ ਪਰੇਸ਼ਾਨ ਕਰ ਰਹੀਆਂ ਸਨ ।



ਪੰਡਤ ਜੀ ਨੇ ਆਖਿਆ ਸੀ, "ਅਮਰੀਕਾ ਨੇ ਸ਼ਾਂਤ ਸਾਗਰ ਵਿਚ ਜੋ ਹਾਈਡਰੋਜਨ ਬੰਬ ਦਾ ਤਜਰਬਾ ਕੀਤਾ ਹੈ, ਉਸ ਦੇ ਫਟਣ ਨਾਲ ਬਿਕਨੀ ਦਾ ਇਕ ਟਾਪੂ ਪਾਣੀ ਵਿਚ ਹੀ ਗੁਆਚ ਗਿਆ ਹੈ, ਤੇ ਇਤਨਾ ਜ਼ਹਿਰੀਲਾ ਧੂੰਆਂ ਉਡਿਆ ਹੈ ਕਿ ਅਕਾਸ਼ ਤੇ ਧਰਤੀ ਭਰ ਗਏ ਹਨ.....ਬੰਬ ਫਟਣ ਨਾਲ ਮੀਲਾਂ ਤੀਕ ਅੱਗ ਲਗ ਗਈ ਤੇ ਮੱਛੀਆਂ ਮਰ ਗਈਆਂ ਤੇ ਕਈ ਮਛੇਰਿਆਂ ਦੇ ਸਰੀਰ ਫੱਟੜ ਹੋ ਗਏ....... ਹਾਈਡਰੋਜਨ ਬੰਬ ਤੋਂ ਸਾਰੀ ਦੁਨੀਆਂ ਨੂੰ ਖ਼ਤਰਾ ਹੈ........ਇਕ ਵੱਡਾ ਹਾਈਡਰੋਜਨ ਬੰਬ ਸਾਰੀ ਦੁਨੀਆਂ ਨੂੰ ਤਬਾਹ ਕਰ ਸਕਦਾ ਹੈ......ਏਸ ਵੇਲੇ ਇਨਸਾਨ ਨੂੰ ਹਾਈਡਰੋਜਨ ਬੰਬ ਤੋਂ ਬਚਾਉਣ ਲਈ ਸਾਰੇ ਮੁਲਕਾਂ ਨੂੰ ਇਕੱਠੇ ਬੈਠ ਕੇ ਵਿਚਾਰ ਕਰਨਾ ਚਾਹੀਦਾ ਹੈ ਤੇ ਅੱਗੋਂ ਤੋਂ ਕਿਸੇ ਵੀ ਦੇਸ ਨੂੰ ਹਾਈਡਰੋਜਨ ਬੰਬ ਦੇ ਤਜਰਬੇ ਕਰਨੋਂ ਵਰਜਣਾ ਚਾਹੀਦਾ ਹੈ ।"

ਮਨਸਾ ਸਿੰਘ ਨੇ ਪੰਡਤ ਜੀ ਦੀ ਤਕਰੀਰ ਵਿਚ ਕੋਈ ਪੰਦਰਾਂ ਵਾਰੀ ਹਾਈਡਰੋਜਨ ਦਾ ਸ਼ਬਦ ਸੁਣਿਆ । ਉਸ ਨੇ ਇਕ ਰਾਹ ਜਾਂਦੇ ਬਾਬੂ ਤੋਂ ਹਾਈਡਰੋਜਨ ਦਾ ਅਰਥ ਪੁੱਛਿਆ ਤਾਂ ਉਸ ਨੂੰ ਪਤਾ ਲੱਗਾ ਕਿ ਹਾਈਡਰੋਜਨ ਉਹ ਹਵਾ ਹੈ ਜੋ ਪਾਣੀ ਵਿਚੋਂ ਉਗਦੀ ਹੈ ਏਸੇ ਨਾਲ ਸਮੁੰਦਰ ਵਿਚ ਅੱਗ ਲਗ ਗਈ.......

ਉਸ ਨੇ ਐਨਕਾਂ ਵਾਲੇ ਇਕ ਵਕੀਲ ਤੋਂ ਇਹ ਗੱਲ ਪੁੱਛੀ, ਖੱਦਰ ਦੀ ਟੋਪੀ ਵਾਲੇ ਇਕ ਮੋਟੇ ਲਾਲੇ ਤੋਂ ਪੁੱਛਿਆ, ਇਕ ਫ਼ੌਜੀ ਤੋਂ ਪੁੱਛਿਆ, ਇਕ ਦੁਕਾਨਦਾਰ ਤੋਂ ਪੁੱਛਿਆ, ਇਕ ਵਿਦਿਆਰਥੀ ਤੋਂ ਪੁੱਛਿਆ—ਸਭ ਨੇ ਜੋ ਉੱਤਰ ਦਿੱਤੇ ਸਨ, ਉਹ ਕੁਝ ਇਸ ਤਰ੍ਹਾਂ ਦੇ ਸਨ :

"ਹਾਈਡਰੋਜਨ ਬੰਬ ਸੈਂਕੜੇ-ਹਜ਼ਾਰਾਂ ਮੀਲਾਂ ਤੀਕ ਮਾਰ ਕਰ ਸਕਦਾ ਹੈ । ਇਸ ਦੀ ਹਵਾ ਜਿਥੇ-ਜਿਥੇ ਪਹੁੰਚ ਜਾਏ ਉਸ ਦੇ ਜ਼ਹਿਰ ਨਾਲ ਜੀਵ ਜੰਤੂ, ਆਦਮੀ, ਮੱਛੀਆਂ, ਪੰਛੀ ਸਭ ਮਰ ਜਾਂਦੇ ਹਨ ।

"ਇਸ ਦੀ ਸੁਆਹ ਉਡ ਕੇ ਅਕਾਸ਼ ਵਿਚ ਫੈਲ ਜਾਂਦੀ ਹੈ ਤੇ ਮਨੁੱਖ ਦੇ ਸਰੀਰ ਉਤੇ ਇਸ ਤਰ੍ਹਾਂ ਅਸਰ ਕਰਦੀ ਹੈ ਕਿ ਉਸ ਨੂੰ ਕੋੜ੍ਹ ਫੁੱਟ ਨਿਕਲਦਾ ਹੈ, ਗਰਭਵਤੀਆਂ ਦੇ ਗਰਭ ਡਿਗ ਪੈਂਦੇ ਹਨ ਤੇ ਕਈਆਂ ਉਤੇ ਅਜਿਹਾ ਅਸਰ ਹੁੰਦਾ ਹੈ ਕਿ ਉਹਨਾਂ ਦੀ ਸੰਤਾਨ ਚੰਗੀ ਸਿਹਤ-ਮੰਦ ਹੋਣ ਦੀ ਥਾਂ, ਦਿਉਆਂ ਤੇ ਰਾਕਸ਼ਾਂ ਵਰਗੀ ਵੀ ਹੋ ਸਕਦੀ ਹੈ । ਇਹ ਵੀ ਹੋ ਸਕਦਾ ਹੈ ਕਿ ਉਹਨਾਂ ਦੇ ਤਿੰਨ ਸਿਰ ਹੋਣ, ਚਾਰ ਅੱਖਾਂ ਹੋਣ, ਤੇ ਹੱਥ ਮੋਢਿਆਂ ਦੀ ਥਾਂ ਢਿੱਡ ਵਿਚੋਂ ਉੱਗੇ ਹੋਣ......

"ਜੇ ਇਸ ਤਰ੍ਹਾਂ ਹਾਈਡਰੋਜਨ ਬੰਬ ਦੇ ਤਜਰਬੇ ਹੁੰਦੇ ਰਹੇ ਤਾਂ ਪਰਲੋ ਆ ਜਾਏਗੀ ਤੇ ਸਭ ਲੋਕ ਮਰ ਜਾਣਗੇ ।"

ਮਨਸਾ ਸਿੰਘ ਨੇ ਚਕ੍ਰਿਤ ਹੋ ਕੇ ਪੁੱਛਿਆ :

"ਸਭ ਮਰ ਜਾਣਗੇ ?"

"ਹਾਂ, ਸਭ ।"

"ਤੇ ਜੇ ਲੋਕ ਪੱਥਰ ਦੇ ਬੰਗਲਿਆਂ ਵਿਚ ਲੁਕ ਜਾਣ, ਜਾਂ ਗੁਫਾਵਾਂ ਵਿਚ ਛਿਪ ਜਾਣ, ਜਾਂ ਪਹਾੜ ਦੀ ਟੀਸੀ ਉਤੇ ਚੜ੍ਹ ਜਾਣ ਕੀ ਉਹ ਵੀ ਮਰ ਜਾਣਗੇ ?"

"ਹਾਂ, ਉਹ ਵੀ ।"

"ਅੰਗਰੇਜ਼ ਵੀ ਮਰ ਜਾਏਗਾ ?"

"ਹਾਂ, ਅੰਗਰੇਜ਼ ਵੀ ।"

ਮਨਸਾ ਸਿੰਘ ਨੇ ਆਖਿਆ "ਨਹੀਂ, ਅੰਗਰੇਜ਼ ਨਹੀਂ ਮਰ ਸਕਦਾ, ਉਹ ਤਾਂ ਸਾਂਢੇ ਵਰਗਾ ਹੈ......ਸਾਂਢੇ ਨੂੰ ਪੁੱਠਾ ਕਰ ਕੇ ਜੇ ਤਵੇ ਉਤੇ ਤਲ ਵੀ ਦਿਓ, ਤਾਂ ਵੀ ਠੰਢਾ ਹੋਣ ਤੇ ਫਿਰ ਤੁਰਨ ਲਗਦਾ ਹੈ ।"

ਪਤਲੇ ਰਾਹ ਜਾਂਦੇ ਬਾਬੂ ਨੇ ਆਖਿਆ, "ਹਾਈਡਰੋਜਨ ਬੰਬ ਅੱਗੇ ਕੀ ਸਾਂਢੇ ਤੇ ਕੀ ਚੂਹੇ-ਬਿੱਲੇ, ਸਭ ਭਸਮ ਹੋ ਜਾਣਗੇ ।" ਮਨਸਾ ਸਿੰਘ ਨੇ ਫਿਰ ਪੁੱਛਿਆ, "ਤਾਂ ਜੀ ਇਹ ਹਾਈਡਰੋਜਨ ਬੰਬ ਕੀ ਬਲਾ ਐ ?"

"ਹਾਈਡਰੋਜਨ ਬੰਬ ਉਹ ਬਲਾ ਹੈ ਜਿਸ ਨਾਲ ਪਾਣੀ ਨੂੰ ਵੀ ਅੱਗ ਲਗ ਜਾਂਦੀ ਹੈ ।"

ਇਹ ਗੱਲ ਮਨਸਾ ਸਿੰਘ ਮੰਨਣ ਨੂੰ ਤਿਆਰ ਨਹੀਂ ਸੀ ।

"ਕੀ ਪਾਣੀ ਨੂੰ ਅੱਗ ਲੱਗ ਸਕਦੀ ਹੈ ?" ਉਸ ਨੇ ਆਪਣੇ ਸਾਰੇ ਜੀਵਨ ਉਤੇ ਝਾਤ ਸੁੱਟੀ.......ਆਪਣੇ ਖ਼ਿਆਲਾਂ ਨੂੰ ਟੋਹਿਆ, ਪੁਰਾਣੀਆਂ ਯਾਦਾਂ, ਗੁੱਝੇ-ਗੁਆਚੇ ਤਜਰਬਿਆਂ, ਅਖੌਤੀਆਂ, ਕਹਾਣੀਆਂ ਨੂੰ ਆਪਣੇ ਜ਼ਿਹਨ ਵਿਚੋਂ ਕੁਰੇਦਿਆ ਜਿਵੇਂ ਕੋਈ ਕੱਖਾਂ ਦੇ ਵੱਡੇ ਢੇਰ ਵਿਚੋਂ ਗੁਆਚੀ ਹੋਈ ਸੂਈ ਟੋਲਦਾ ਹੈ......

ਉਸ ਨੂੰ ਆਪਣੇ ਸਕੂਲ ਦੇ ਦਿਹਾੜੇ ਯਾਦ ਆਏ.......ਜਦ ਉਹ ਬਹੁਤ ਛੋਟਾ ਸੀ ਤੇ ਦੂਜੀ ਜਮਾਤ ਵਿਚ ਪੜ੍ਹਦਾ ਸੀ ਤਾਂ ਉਸ ਨੇ ਇਕ ਕਹਾਣੀ ਪੜ੍ਹੀ ਸੀ......ਇਹ ਕਹਾਣੀ ਉਸ ਨੂੰ ਹੁਣ ਚੰਗੀ ਤਰ੍ਹਾਂ ਯਾਦ ਆ ਗਈ ।

ਇਕ ਦਰਿਆ ਦੇ ਕੰਢੇ ਤਿੰਨ ਬੇਵਕੂਫ਼ ਬੈਠੇ ਮੱਛੀਆਂ ਫੜ ਰਹੇ ਸਨ । ਇਕ ਨੇ ਬਹੁਤ ਸੋਚ ਸੋਚ ਕੇ ਪੁੱਛਿਆ, "ਭਲਾ ਜੇ ਦਰਿਆ ਨੂੰ ਅੱਗ ਲੱਗ ਜਾਏ ਤਾਂ ਮੱਛੀਆਂ ਕਿਧਰ ਜਾਣ ?"

ਦੂਜੇ ਨੇ ਝਟ ਉਤਰ ਦਿੱਤਾ, "ਦਰਖ਼ਤਾਂ ਉਤੇ ਚੜ੍ਹ ਜਾਣ ।"

ਤੀਜੇ ਨੇ ਆਖਿਆ, "ਫਿੱਟੇ ਮੂੰਹ ! ਓਏ ਇਹ ਵੀ ਕੋਈ ਗਾਂਵਾਂ-ਮੱਝਾਂ ਹਨ ਜੋ ਨੱਸ ਕੇ ਦਰਖ਼ਤਾਂ ਉਤੇ ਚੜ੍ਹ ਜਾਣਗੀਆਂ ।"

ਉਸ ਵੇਲੇ ਇਸ ਹਾਸੋ-ਹੀਣੀ ਕਹਾਣੀ ਉਤੇ ਉਸ ਨੂੰ ਉੱਕਾ ਹਾਸਾ ਨਾ ਆਇਆ । ਇਸ ਕਹਾਣੀ ਨੂੰ ਉਹ ਚੌਥੀ ਜਮਾਤ ਪਾਸ ਕਰਨ ਪਿਛੋਂ ਸਮਝ ਸਕਿਆ ਸੀ, ਫਿਰ ਉਹ ਆਪਣੀ ਬੇਵਕੂਫ਼ੀ ਉਤੇ ਹੱਸਿਆ ਸੀ । ਉਹ ਸਚ-ਮੁਚ ਤਿੰਨੇ ਮੂਰਖ ਸਨ, "ਭਲਾ ਦਰਿਆ ਨੂੰ ਵੀ ਕਦੇ ਅੱਗ ਲਗ ਸਕਦੀ ਹੈ ?"

ਮਨਸਾ ਸਿੰਘ ਪੜ੍ਹਨ ਵਿਚ ਹੁਸ਼ਿਆਰ ਸੀ ਪਰ ਹਿਸਾਬ ਵਿਚ ਬਹੁਤ ਕਮਜ਼ੋਰ ਸੀ । ਇਕ ਜੱਟ ਨੂੰ ਹਿਸਾਬ ਤੋਂ ਆਮ ਕਰ ਕੇ ਡਰ ਹੀ ਲਗਦਾ ਹੈ । ਮਨਸਾ ਸਿੰਘ ਵੀ ਹਿਸਾਬ ਵਿਚ ਮਸਾਂ ਹੀ ਪਾਸ ਹੁੰਦਾ ਸੀ ।

ਪੰਜਵੀਂ ਪਾਸ ਕਰਨ ਪਿਛੋਂ ਜਦ ਉਹ ਛੇਵੀਂ ਵਿਚ ਚੜ੍ਹਿਆ ਤਾਂ ਸਾਇੰਸ ਪੱਲੇ ਪੈ ਗਈ । ਸਾਇੰਸ ਦੀ ਤਾਂ ਉਸ ਨੂੰ ਉੱਕੀ ਸਮਝ ਨਾ ਪੈਂਦੀ । ਸਾਇੰਸ ਦਾ ਪਹਿਲਾ ਸਬਕ, "ਪਾਣੀ ਵਗਦਾ ਹੈ ਤੇ ਹੇਠਾਂ ਵਲ ਵਗਦਾ ਹੈ", ਉਸ ਨੂੰ ਸਮਝ ਨਾ ਪਿਆ । ਭਲਾ ਇਸ ਅਸੂਲ ਨੂੰ ਕੌਣ ਨਹੀਂ ਜਾਣਦਾ ?......ਇਹ ਗੱਲ ਵੀ ਕੋਈ ਯਾਦ ਕਰਨ



ਵਾਲੀ ਗੱਲ ਹੈ ? ਇਸ ਦੇ ਲਿਖਣ ਦਾ ਕੀ ਲਾਭ ?.....ਇਸ ਪਿਛੋਂ ਸਾਇੰਸ ਦੀਆਂ ਕਈ ਹੋਰ ਊਟ-ਪਟਾਂਗ ਗੱਲਾਂ ਉਸ ਨੂੰ ਰਟਣੀਆਂ ਪਈਆਂ ਜੋ ਹੁਣ ਉਹ ਸਭ ਵਿਸਰ ਚੁੱਕਾ ਸੀ......ਇਨ੍ਹਾਂ ਵਿਸਰੀਆਂ ਗੱਲਾਂ ਦੀ ਤਾਣੀ ਵਿਚੋਂ ਇਕ ਗੁਆਚੀ ਤੰਦ ਉਸ ਦੇ ਮਨ ਵਿਚ ਲਰਜ਼ਣ ਲਗੀ.....ਚਿਰ ਹੋਇਆ ਉਸ ਨੇ ਪੜ੍ਹਿਆ ਸੀ ਕਿ ਪਾਣੀ ਦੋ ਗੈਸਾਂ ਦੇ ਮਿਲਣ ਨਾਲ ਬਣਦਾ ਹੈ, ਆਕਸੀਜਨ ਤੇ ਹਾਈਡਰੋਜਨ ਤੇ ਕਈ ਦਿਨਾਂ ਤੀਕ ਉਹ ਏਸੇ ਅਚੰਭੇ ਵਿਚ ਗੁਆਚਿਆ ਰਿਹਾ ਸੀ, ਭਲਾ ਦੋ ਗੈਸਾਂ, ਯਾਨੀ ਹਵਾਵਾਂ ਦੇ ਮਿਲਣ ਨਾਲ ਪਾਣੀ ਕਿਵੇਂ ਬਣ ਜਾਂਦਾ ਹੈ । ਹਵਾ ਉਸ ਦੇ ਹਿਸਾਬ ਨਾਲ ਨਾ ਵੇਖੀ ਜਾ ਸਕਦੀ ਹੈ ਨਾ ਤੋਲੀ ਜਾ ਸਕਦੀ ਹੈ, ਪਾਣੀ ਤਾਂ ਉੱਕਾ ਨਿਗਰ ਹੈ ਤੇ ਹਵਾ ਤਾਂ ਹਵਾ ਹੈ, ਫੂਕ ਮਾਰਨ ਤੋਂ ਉਡ ਜਾਣ ਵਾਲੀ ਸ਼ੈਅ ਫਿਰ ਇਸ ਵਿਚੋਂ ਪਾਣੀ ਕਿਵੇਂ ਨੁੱਚੜ ਆਉਂਦਾ ਹੈ ।

ਇਕ ਦਿਨ ਅਧਿਆਪਕ ਨੇ ਇਹ ਵੀ ਦਸਿਆ ਕਿ ਪਾਣੀ ਦੇ ਇਕ ਤੁਪਕੇ ਨੂੰ ਜੇ ਤੋੜੀਏ ਤਾਂ ਦੋ ਹਵਾਵਾਂ ਨਿਕਲ ਆਉਂਦੀਆਂ ਹਨ, ਆਕਸੀਜਨ ਤੇ ਹਾਈਡਰੋਜਨ ।

ਮਨਸਾ ਸਿੰਘ ਦੇ ਦਿਮਾਗ਼ ਵਿਚ ਆਕਸੀਜਨ ਤੇ ਹਾਈਡਰੋਜਨ ਭਿੜ ਗਈਆਂ ਤੇ ਕੁਝ ਇਸ ਤਰ੍ਹਾਂ ਇਕ ਦੂਜੀ ਵਿਚ ਖ਼ਲਤ-ਮਲਤ ਹੋ ਗਈਆਂ ਕਿ ਉਹ ਦੋਹਾਂ ਗੈਸਾਂ ਨੂੰ ਇਕ ਦੂਜੀ ਤੋਂ ਨਿਖੇੜ ਨਹੀਂ ਸੀ ਸਕਦਾ । ਦੋਹਾਂ ਦੇ ਨਾਂ ਇਕੋ ਜਿਹੇ ਸਨ । ਉਹ ਅਕਸਰ ਆਕਸੀਜਨ ਨੂੰ "ਆਕਸ ਡੂਜਨ" ਤੇ ਹਾਈਡਰੋਜਨ ਨੂੰ "ਹਾਈ ਸੀਜਨ" ਆਖ ਦਿਆ ਕਰਦਾ, ਦੋਵੇਂ ਹਵਾਵਾਂ ਜੋ ਹੋਈਆਂ ।

ਇਕ ਦਿਨ ਸਾਇੰਸ ਦੇ ਅਧਿਆਪਕ ਨੇ ਏਸ ਗ਼ਲਤੀ ਉਤੇ ਮਨਸਾ ਸਿੰਘ ਨੂੰ ਮੋਟੇ ਕਾਲੇ ਡੰਡੇ ਨਾਲ ਖ਼ੂਬ ਖੁੱਲਿਆ, ਖ਼ੂਬ ਹੀ ਚੰਡਾਈ ਕੀਤੀ । ਮਨਸਾ ਸਿੰਘ ਸਾਇੰਸ ਤੋਂ ਇਤਨਾ ਡਰਿਆ ਕਿ ਉਹ ਬਸਤਾ ਚੁੱਕ ਕੇ ਘਰ ਵਲ ਨੱਸਿਆ, ਸਾਇੰਸ ਦੀਆਂ ਕਿਤਾਬਾਂ ਨੂੰ ਰਸਤੇ ਦੇ ਟੋਭੇ ਵਿਚ ਹੀ ਸੁੱਟ ਦਿੱਤਾ ਤੇ ਘਰ ਆ ਗਿਆ । ਇਸ ਪਿਛੋਂ ਉਹ ਕਦੀ ਸਕੂਲ ਨਾ ਗਿਆ ।

ਪਰ ਇਸ ਮਾਰ-ਕੁਟਾਈ ਦਾ ਇਕ ਅਸਰ ਹੋਇਆ, ਉਸ ਦੇ ਜ਼ਿਹਨ ਵਿਚ ਇਹ ਗੱਲ ਪੂਰੀ ਤਰ੍ਹਾਂ ਖੁਭ ਗਈ ਕਿ ਪਾਣੀ ਵਿਚੋਂ ਹੀ ਹਾਈਡਰੋਜਨ ਗੈਸ ਨਿਕਲਦੀ ਹੈ । ਸਥੂਲ ਚਿਤਰ ਵਿਚ ਏਸ ਗੱਲ ਨੂੰ ਉਹ ਇਉਂ ਸੋਚਦਾ : ਜਿਵੇਂ ਮੱਕੀ ਨੂੰ ਛੱਲੀਆਂ ਲਗਦੀਆਂ ਹਨ ਏਸੇ ਤਰ੍ਹਾਂ ਪਾਣੀ ਦੇ ਤੁਪਕੇ ਨੂੰ ਵੀ ਜੇ ਬੀਜਿਆ ਜਾਏ ਤਾਂ ਇਸ ਵਿਚੋਂ ਵੀ ਇਕ ਪੌਦਾ ਉਗੇਗਾ, ਤੇ ਮਨ ਹੀ ਮਨ ਵਿਚ ਉਹ ਇਸ ਪੌਦੇ ਦੀ ਸ਼ਾਖ ਉਤੇ ਆਕਸੀਜਨ ਤੇ ਹਾਈਡਰੋਜਨ ਦੀਆਂ ਦੋ ਛੱਲੀਆਂ ਲਮਕਦੀਆਂ ਸਾਫ਼ ਤਰ੍ਹਾਂ ਵੇਖ ਸਕਦਾ ਸੀ । ਸਾਇੰਸ ਦੇ ਇਸ ਕਵੱਲੇ ਅਸੂਲ ਨੂੰ ਵੇਖ ਕੇ ਹੀ ਉਹ ਕਈ ਵਾਰ ਇਹ ਤੁਕ ਗਾਇਆ ਕਰਦਾ :

ਵੇਖੋ ਸਾਇੰਸ ਦੇ ਖੇਲ
ਪੜ੍ਹੇ ਫ਼ਾਰਸੀ, ਵੇਚੇ ਤੇਲ

ਪਰ ਉਹ ਸ਼ੁਕਰ ਕਰਦਾ ਸੀ ਕਿ ਉਹ ਸਾਇੰਸ ਨਹੀਂ ਸੀ ਪੜ੍ਹਿਆ, ਨਹੀਂ ਤਾਂ ਉਸ ਨੂੰ ਵੀ ਸ਼ਾਇਦ ਲੂਣ ਤੇਲ ਵੇਚਣ ਲਈ ਕੋਈ ਹੱਟੀ ਪਾਉਣੀ ਪੈਂਦੀ ।

ਉਸ ਦੇ ਪਿਉ ਝੰਡਾ ਸਿੰਘ ਦੀ ਨਵੀਂ-ਨਵੀਂ ਪਿਨਸ਼ਨ ਹੋਈ ਸੀ। ਉਹ ਮਨਸਾ ਸਿੰਘ ਨੂੰ 'ਟਾਮਟਨ' ਸਾਹਿਬ ਪਾਸ ਲੈ ਗਿਆ। ਉਸੇ ਦਿਨ ਮਨਸਾ ਸਿੰਘ ਸਾਹਿਬ ਦਾ ਅਰਦਲੀ ਭਰਤੀ ਹੋ ਗਿਆ।

ਇਸ ਪਿਛੋਂ ਸਾਰੀ ਉਮਰ ਉਸ ਦਾ ਸਾਇੰਸ ਨਾਲ ਵਾਹ ਨਾ ਪਿਆ। ਪਰ ਅੱਜ......

ਅੱਜ ਉਹ ਥੜ੍ਹੇ ਉਤੇ ਬੈਠਾ ਜਿਥੇ ਬੈਠ ਕੇ ਕਦੀ-ਕਦੀ ਉਹ ਤੋੜੇ ਵਾਲੀ ਬੰਦੂਕ ਦੀ ਨਾਲੀ ਸਾਫ਼ ਕਰਿਆ ਕਰਦਾ, ਜਾਂ ਚਪੜਾਸ ਦੇ ਬਿੱਲੇ ਨੂੰ ਨਿੰਬੂ ਦੇ ਛਿੱਲੜ ਨਾਲ ਲਿਸ਼ਕਾਇਆ ਕਰਦਾ, ਜਾਂ ਕਦੀ-ਕਦੀ ਡੱਬੀਆਂ ਵਾਲੇ ਖੇਸ ਦੇ ਬੂੰਬਲ ਵੱਟਿਆ ਕਰਦਾ—ਅੱਜ ਉਹ ਬੈਠਾ ਖੇਸ ਦੇ ਬੂੰਬਲ ਨਹੀਂ ਸਗੋਂ ਖ਼ਿਆਲਾਂ ਦੇ ਬੂੰਬਲ ਵੱਟ ਰਿਹਾ ਸੀ। ਪਰ ਸਾਰੇ ਖ਼ਿਆਲ ਇਤਨੇ ਖਿੰਡੇ-ਖਿੰਡੇ ਸਨ ਕਿ ਇਕਸਾਰ ਹੋ ਕੇ ਉਸ ਦੀ ਮਰੋੜੀ ਵਿਚ ਨਹੀਂ ਸਨ ਆ ਰਹੇ।

ਏਸੇ ਤਰ੍ਹਾਂ ਬੈਠੇ-ਬੈਠੇ ਤਰਕਾਲਾਂ ਸੰਘਣੀਆਂ ਹੋ ਗਈਆਂ। ਸ਼ਿਵਜੀ ਦੇ ਮੰਦਰ ਦਾ ਟੱਲ ਖੜਕਿਆ ਤੇ ਸੰਧਿਆ ਦੀ ਪ੍ਰਾਰਥਨਾ ਲਈ ਪੁਜਾਰੀ ਦਾ ਸੰਖ ਗੱਜਿਆ ਜਿਵੇਂ ਭੁੱਖਾ ਸ਼ੇਰ ਗਜਦਾ ਹੈ।

ਮਨਸਾ ਸਿੰਘ ਨੂੰ ਵੀ ਭੁੱਖ ਲਗ ਰਹੀ ਸੀ।

ਉਹ ਉਠਿਆ ਤੇ ਉਸ ਨੇ ਚੁੱਲ੍ਹਾ ਬਾਲਿਆ। ਜਦ ਦੀ ਉਸ ਦੀ ਵਹੁਟੀ ਮਰੀ ਸੀ, ਉਹ ਆਪ ਹੀ ਰੋਟੀਆਂ ਪਕਾਇਆ ਕਰਦਾ ਸੀ। ਰੋਟੀ ਖਾ ਹਟਣ ਪਿਛੋਂ ਉਹ ਅੰਦਰ ਝੁੱਗੀ ਵਿਚ ਆ ਕੇ ਮੰਜੀ ਉਤੇ ਜਾ ਲੇਟਿਆ।

ਵਾਰ-ਵਾਰ ਇਹ ਸੁਆਲ ਉਸ ਦੇ ਮਨ ਨੂੰ ਟੁੰਬ ਰਿਹਾ ਸੀ, "ਕੀ ਪਾਣੀ ਨੂੰ ਅੱਗ ਲਗ ਸਕਦੀ ਹੈ ?"

ਪਾਣੀ ਤਾਂ ਅੱਗ ਨੂੰ ਬੁਝਾਉਂਦਾ ਹੈ। ਉਸ ਨੇ ਆਪ ਕਈ ਵਾਰ ਦਿੱਲੀ ਵਿਚ ਉਚੀਆਂ-ਉਚੀਆਂ ਇਮਾਰਤਾਂ ਨੂੰ ਅੱਗ ਲੱਗੀ ਵੇਖੀ ਸੀ ਜਿਸ ਨੂੰ ਫ਼ਾਇਰ-ਬਰਗੇਡ ਦੇ ਇੰਜਣ ਪਾਣੀ ਦੇ ਫੁਹਾਰਿਆਂ ਨਾਲ ਬੁਝਾ ਰਹੇ ਸਨ। ਉਹ ਖ਼ੁਦ ਰੋਜ਼ ਰੋਟੀ ਪਕਾ ਚੁੱਕਣ ਪਿਛੋਂ ਚੁੱਲ੍ਹੇ ਦੀ ਅੱਗ ਨੂੰ ਪਾਣੀ ਨਾਲ ਹੀ ਬੁਝਾਉਂਦਾ ਸੀ।

ਜੇ ਪਾਣੀ ਨੂੰ ਅੱਗ ਲਗ ਸਕਦੀ ਹੈ ਤਾਂ......ਫਿਰ ਬਰਫ਼ ਨਾਲ ਰੋਟੀਆਂ ਪੱਕਣੀਆਂ ਚਾਹੀਦੀਆਂ ਹਨ, ਜ਼ਹਿਰ ਖਾਣ ਨਾਲ ਆਰਾਮ ਆ ਜਾਣਾ ਚਾਹੀਦਾ ਹੈ !...... ਦੁੱਧ ਪੀਣ ਨਾਲ ਮਰ ਜਾਣਾ ਚਾਹੀਦਾ ਹੈ.........

ਇਹ ਕਿਹੋ ਜਿਹੀ ਸਾਇੰਸ ਹੈ ਜਿਸ ਨੇ ਜ਼ਿੰਦਗੀ ਦੀ ਨਿਉਂ ਨੂੰ ਹੀ ਉਖਾੜ ਦਿੱਤਾ, ਸੈਂਕੜੇ ਹਜ਼ਾਰਾਂ ਸਾਲਾਂ ਦੇ ਅਜ਼ਮਾਏ ਹੋਏ ਅਸੂਲਾਂ ਨੂੰ ਹੀ ਵੰਗਾਰ ਦਿਤਾ......

ਪਾਣੀ ਦੀ ਕੁੱਖੋਂ ਜੰਮੀ ਹੋਈ ਹਾਈਡਰੋਜਨ ਕੀ ਹੁਣ ਪਾਣੀ ਨੂੰ ਹੀ ਸਾੜੇਗੀ ?..... ਕੀ ਡਾਲ ਉਤੇ ਉਗਿਆ ਫੁੱਲ ਬੂਟੇ ਨੂੰ ਹੀ ਖਾ ਜਾਏਗਾ ?......ਮਾਂ ਦੇ ਢਿਡੋਂ ਜਾਇਆ ਬਾਲ ਕੀ ਮਾਂ ਨੂੰ ਹੀ ਨਿਘਾਰ ਲਏਗਾ ?......ਇਹ ਕੀਕਰ ਹੋ ਸਕਦਾ ਹੈ......?

ਪੰਡਤ ਜੀ ਦੀ ਤਕਰੀਰ ਦੇ ਸ਼ਬਦ ਫਿਰ ਉਸ ਦੇ ਦਿਮਾਗ ਵਿਚ ਗੂੰਜਣ ਲੱਗੇ : "ਹਾਈਡਰੋਜਨ ਬੰਬ ਤੋਂ ਸਾਰੀ ਦੁਨੀਆਂ ਨੂੰ ਖ਼ਤਰਾ ਹੈ।"

ਸਾਰੀ ਦਿੱਲੀ ਵਿਚ ਇਕ ਸਹਿਮ ਜਿਹਾ ਸੀ। ਜਲਸੇ, ਨਾਅਰੇ, ਤਕਰੀਰਾਂ



ਰੇਡੀਓ ਉਤੇ ਭਾਸ਼ਨ ਤੇ ਅਖ਼ਬਾਰਾਂ ਵਿਚ ਨਵੀਆਂ ਤਗੜੀਆਂ ਸੁਰਖ਼ੀਆਂ, ਹਾਈਡਰੋਜਨ ਬੰਬ ਦਾ ਖ਼ਤਰਾ। ਇਸ ਨਾਲ ਸਾਰੀ ਦਿੱਲੀ ਦੀ ਫ਼ਿਜ਼ਾ ਵਿਚ ਇਨਸਾਨ ਦੇ ਲਹੂ ਦੀ ਪਿਆਸ ਦਾ ਇਕ ਹਵਾਈ ਜਾਲ ਜਿਹਾ ਤਣ ਗਿਆ ਸੀ ਜੋ ਨਜ਼ਰ ਨਹੀਂ ਸੀ ਆਉਂਦਾ, ਪਰ ਜਿਸ ਵਿਚ ਘਿਰਿਆ ਫਸਿਆ ਹੋਇਆ ਹਰ ਸ਼ਖ਼ਸ ਔਖਾ ਸਾਹ ਲੈ ਰਿਹਾ ਸੀ।

ਏਸੇ ਸਹਿਮ ਤੇ ਵਸਵਸੇ ਹੇਠ ਦੱਬਿਆ ਹੋਇਆ ਉਹ ਸੌਣ ਦਾ ਜਤਨ ਕਰਨ ਲੱਗਾ, ਪਰ ਨੀਂਦ ਨਹੀਂ ਸੀ ਆ ਰਹੀ। ਕਈ ਵਾਰ ਦਲੀਲਾਂ ਦੇ ਕੇ ਉਹ ਮਨ ਤਗੜਾ ਕਰਦਾ, ਪਰ ਕਿਸੇ ਨਾ ਕਿਸੇ ਪਾਸਿਉਂ ਹਾਈਡਰੋਜਨ ਬੰਬ ਦਾ ਖ਼ਿਆਲ ਮਲਕੜੇ ਜੇਹੇ ਆ ਉਸ ਦੇ ਅਗੇ ਖੜਾ ਹੋ ਜਾਂਦਾ ਉਸ ਦੀ ਯਾਦ ਦੇ ਜ਼ਖ਼ਮ ਉਤੇ ਦਿਨ ਨੂੰ ਸੁਣੀਆਂ ਸਾਰੀਆਂ ਗੱਲਾਂ ਮੱਖੀਆਂ ਵਾਂਗ ਭਿਣਭਿਣਾ ਰਹੀਆਂ ਸਨ ਤੇ ਇਕ ਅਜੀਬ ਘੂੰ-ਘੂੰ ਦੀ ਆਵਾਜ਼ ਜਿਹੀ ਉਸ ਨੂੰ ਆ ਰਹੀ ਸੀ......

ਏਸ ਘੂੰ-ਘੂੰ ਵਿਚ ਉਹ ਸੌਂ ਗਿਆ। ਉਸ ਨੇ ਬਹੁਤ ਸਾਰੇ ਸੁਫ਼ਨੇ ਤੱਕੇ ਜਿਨ੍ਹਾਂ ਦਾ ਨਾ ਕੋਈ ਸਿਰ ਸੀ ਨਾ ਪੈਰ......ਟੁੱਟੇ-ਭੱਜੇ ਸੁਫ਼ਨੇ, ਵਿੰਗ ਤੜਿੰਗੇ ਸੁਫ਼ਨੇ......

ਉਸ ਦੇਖਿਆ ਕਿ ਤਿੰਨ ਬੇਵਕੂਫ਼ ਮੱਛੀਆਂ ਦਰਿਆ ਦੇ ਕੰਢੇ ਬੈਠੀਆਂ ਗਾਵਾਂ-ਮੱਝਾਂ ਨੂੰ ਫੜ ਰਹੀਆਂ ਹਨ......ਪਾਣੀ ਰੁੱਖਾਂ ਉਤੇ ਚੜ੍ਹ ਰਿਹਾ ਹੈ......ਤੇ ਇਸ ਵਿਚੋਂ ਆਦਮੀ ਨਿਕਲ ਰਹੇ ਹਨ ਜਿਨ੍ਹਾਂ ਦੇ ਮੱਝਾਂ ਵਾਂਗ ਮੱਥੇ ਉਤੇ ਸਿੰਗ ਉੱਗੇ ਹੋਏ ਹਨ......

ਉਸ ਦੇ ਸਕੂਲ ਵਿਚ ਸਾਇੰਸ ਮਾਸਟਰ ਉਸ ਨੂੰ ਫੇਰ ਪੜ੍ਹਾ ਰਿਹਾ ਸੀ......ਪਾਣੀ ਦੇ ਇਕ ਤੁਪਕੇ ਵਿਚੋਂ ਆਕਸੀਜਨ ਤੇ ਹਾਈਡਰੋਜਨ ਨਿਕਲਦੀਆਂ ਹਨ......ਪਾਣੀ ਦਾ ਇਹ ਤੁਪਕਾ ਉਸ ਦੇ ਸਾਹਮਣੇ ਰਬੜ ਦੇ ਭੁਕਾਨੇ ਵਾਂਗ ਫੈਲਣ ਲੱਗਾ......ਫੈਲ ਕੇ ਇਹ ਵੱਡਾ ਹੁੰਦਾ ਗਿਆ ਤੇ ਏਨਾ ਵੱਡਾ ਹੋ ਗਿਆ ਕਿ ਸਾਰੀ ਦਿੱਲੀ ਇਸ ਦੇ ਅੰਦਰ ਵੜ ਗਈ—ਫਿਰ ਇਹ ਹੋਰ ਵੀ ਵੱਡਾ ਹੋ ਗਿਆ, ਫੈਲ ਗਿਆ ਤੇ ਆਖ਼ਰ ਫਟ ਗਿਆ। ਤੇ ਇਸ ਵਿਚੋਂ ਅੱਗ ਦਾ ਦਰਿਆ ਵਗ ਤੁਰਿਆ। ਇਸ ਅੱਗ ਦਾ ਰੰਗ ਹਰਾ ਸੀ......ਫਿਰ ਇਹ ਨੀਲਾ ਹੋ ਗਿਆ......

ਉਸ ਨੂੰ ਇਉਂ ਜਾਪਿਆ ਜਿਵੇਂ ਜਮਨਾ ਦਾ ਨੀਲਾ ਪਾਣੀ ਚੜ੍ਹ ਆਇਆ ਹੋਵੇ......ਲਹਿਰਾਂ, ਛੱਲਾਂ, ਕਾਂਗਾਂ......ਨੀਲੀਆਂ ਘੁੰਮਣ-ਘੇਰੀਆਂ......ਤੇ ਫਿਰ ਕਿਸੇ ਸ਼ੈਤਾਨ ਨੇ ਦੀਆ-ਸਲਾਈ ਜਲਾਈ ਤੇ ਪਾਣੀ ਉਤੇ ਸੁੱਟ ਦਿੱਤੀ......ਪਾਣੀ ਸੜਨ ਲੱਗਾ, ਉਬਲਣ ਲੱਗਾ ਜਿਵੇਂ ਨੀਲਾ ਦੁੱਧ ਉਬਲਦਾ ਹੈ ਕੇ ਅੱਗ ਦੀਆਂ ਚਾਦਰਾਂ ਉਡਣ ਲਗੀਆਂ, ਫਟਣ ਲੱਗੀਆਂ ਤੇ ਇਹ ਅੱਗ ਸਾਰੇ ਫੈਲ ਤੇ ਉਸ ਦੀ ਕੁੱਲੀ ਨੂੰ ਵੀ ਆ ਲੱਗੀ......ਅੱਗ ਦੀਆਂ ਜੀਭਾਂ ਲੰਮੀਆਂ-ਲੰਮੀਆਂ ਲਾਟਾਂ, ਉਚੇ-ਉਚੇ ਲੰਬੂ ਉਠਣ ਲੱਗੇ......ਫਿਰ ਜ਼ੋਰ ਦੀ ਇਕ ਉੱਚਾ ਧਮਾਕਾ ਹੋਇਆ ਤੇ ਉਸ ਦੀ ਕੁੱਲੀ ਰਬੜ ਦੇ ਭੁਕਾਨੇ ਵਾਂਗ ਫਟ ਗਈ।

ਮਨਸਾ ਸਿੰਘ ਚੀਕ ਮਾਰ ਕੇ ਉਠਿਆ।

ਇਕ ਪਾਸੇ ਆਲੇ ਵਿਚ ਨਿੱਕਾ ਜਿਹਾ ਦੀਵਾ ਬਲ ਰਿਹਾ ਸੀ ਜਿਸ ਦੀ ਲੋਅ ਸੱਪ ਦੀ ਜੀਭ ਵਾਂਗ ਮਿਹਲਦੀ ਸੀ। ਯਕਦਮ ਦੀਵਾ ਬੁਝ ਗਿਆ।

ਦੀਵਾ ਬੁਝਣ ਉਤੇ ਹਨੇਰਾ ਵਿਛ ਗਿਆ। ਜੋਤ ਦੀਆਂ ਇਹ ਸੁਨਹਿਰੀ ਕਿਰਨਾਂ

ਜਿਨ੍ਹਾਂ ਨੇ ਉਸ ਦੀ ਕੁੱਲੀ ਨੂੰ ਚਾਨਣਾ ਬਖਸ਼ਿਆ ਸੀ, ਇਕਦਮ ਕਿਧਰ ਚਲੀਆਂ ਗਈਆਂ—ਇਕ ਦਮ, ਭੱਕ ਦੇਣੀ ? ਇਹ ਰੋਸ਼ਨੀ ਕਿਧਰ ਉਡ ਗਈ ? ਏਸੇ ਤਰ੍ਹਾਂ ਇਨਸਾਨ ਮਰ ਜਾਂਦਾ ਹੈ। ਭੱਕ ਦੇਣੀ ਬੈਠੇ-ਬੈਠੇ ਇਕ ਦਿਨ ਉਸ ਦੇ ਪ੍ਰਾਣ ਨਿਕਲ ਜਾਣਗੇ, ਅੱਖ ਦੇ ਝਮਕਣ ਵਿਚ। ਹਾਈਡਰੋਜਨ ਬੰਬ ਦੇ ਫਟਣ ਨਾਲ ਤਾਂ ਸਾਰੀ ਦੁਨੀਆਂ ਫੌਰੇ ਵਿਚ ਈ ਉਡੱ ਜਾਏਗੀ, ਸੁਆਹ ਹੋ ਜਾਏਗੀ।

ਹਨੇਰੇ ਤੇ ਖ਼ਿਆਲਾਂ ਦੇ ਘੁਸਮੁਸੇ ਵਿਚ ਉਹ ਗੁਆਚ ਜਿਹਾ ਗਿਆ।

ਇਕ ਦਮ ਠੰਡੀ ਸੂਈ ਜਿਹੀ ਉਸ ਦੇ ਹੱਥ ਉਤੇ ਚੁਭੀ ਤੇ ਉਹ ਤ੍ਰਭਕ ਪਿਆ। ਡਰ ਨਾਲ ਉਸ ਦਾ ਕਾਲਜਾ ਧਕ ਧਕ ਕਰਨ ਲੱਗਾ। ਇਹ ਕੀ ਸੀ ?.......ਇਹ ਸੂਈ.......ਇਹ ਠੰਢੀ ਸੀਤ ਤਿੱਖੀ ਛੋਹ.......

ਉਹ ਹਨੇਰੇ ਵਿਚ ਅੱਖਾਂ ਪਾੜ ਕੇ ਤੱਕਣ ਲੱਗਾ। ਝੁੱਗੀ ਹਿਲ ਰਹੀ ਸੀ, ਜਿਵੇਂ ਤੂਫ਼ਾਨ ਵਿਚ ਟੰਗਿਆ ਪਿੰਜਰਾ ਹਿਲਦਾ ਹੈ। ਕੀ ਇਹ ਭੁਚਾਲ ਏ ? ਕੀ ਇਹ ਜੀਵਨ ਦਾ ਅੰਤ ਹੈ ਬਸ ? ਸ਼ਾਇਦ......ਸ਼ਾਇਦ ਏਸੇ ਨੂੰ ਲੋਕ ਪਰਲੋ ਆਖਦੇ ਹਨ।

ਉਸ ਦੇ ਮੱਥੇ ਉਤੇ ਪਰਸੀਨੇ ਦੀਆਂ ਕਣੀਆਂ ਫੁਟ ਪਈਆਂ। ਇਕ ਦਹਿਲ ਨੇ ਉਸ ਉਤੇ ਗ਼ਲਬਾ ਪਾ ਲਿਆ, ਤੇ ਇਕ ਠੰਡੀ ਸੀਤ ਝੁਣਝੁਣੀ ਉਸ ਦੀ ਕੰਡ ਉਤੋਂ ਦੀ ਦੌੜ ਗਈ ਤੇ ਸਾਰੇ ਸਰੀਰ ਵਿਚ ਇਕ ਝਰਨਾਹਟ ਜਿਹੀ ਫਿਰ ਗਈ।

ਉਸ ਨੇ ਬਹੁਤ ਸਾਰੀਆਂ ਅਵਾਜ਼ਾਂ ਦਾ ਰੌਲਾ ਸੁਣਿਆ ਜੋ ਇਕ ਦੂਜੇ ਉਤੇ ਚੜ੍ਹਦਾ ਹੋਇਆ ਉਸ ਵਲ ਵਧਦਾ ਆ ਰਿਹਾ ਸੀ, ਅਵਾਜ਼ਾਂ ਦਾ ਝੱਖੜ, ਹਾਕਾਂ ਦਾ ਵਾ-ਵਰੋਲਾ। ਫਿਰ ਇਕ ਭਾਜੜ ਜੇਹੀ ਮੱਚ ਗਈ, ਜਿਵੇਂ ਹਨੇਰੀ ਵਿਚ ਤੂੜੀ ਉਡਦੀ ਹੈ, ਏਸੇ ਤਰ੍ਹਾਂ ਆਵਾਜ਼ਾਂ ਦੀਆਂ ਸੈਂਕੜੇ ਨਿੱਕੀਆਂ-ਨਿੱਕੀਆਂ ਕਾਤਰਾਂ ਤੇ ਛਿਲਤਰਾਂ ਉਡਣ ਲੱਗੀਆਂ ਤੇ ਉਸ ਨੂੰ ਵੱਜਣ ਲੱਗੀਆਂ।

ਇਹ ਕੀ ਸੀ ?

ਉਸ ਦਾ ਤਾਲੂਆ ਜਲ ਰਿਹਾ ਸੀ ਤੇ ਉਸ ਦੀਆਂ ਅੱਖਾਂ ਅੱਗੇ ਚਿਣਗਾਂ ਉਡ ਰਹੀਆਂ ਸਨ।

ਉਹ ਸਾਵਧਾਨ ਹੋ ਕੇ ਮੰਜੀ ਉਤੇ ਬੈਠ ਗਿਆ ਤੇ ਹਨੇਰੇ ਵਿਚ ਤੱਕਣ ਲੱਗਾ।

ਜਿਵੇਂ ਕਿਸੇ ਵੱਡੇ ਖ਼ਤਰੇ ਨੂੰ ਸਾਹਮਣੇ ਵੇਖ ਕੇ ਜੋ ਸਾਡੀਆਂ ਸਾਰੀਆਂ ਸ਼ਕਤੀਆਂ ਨੂੰ ਇਕ ਨੁਕਤੇ ਉਤੇ ਇਕੱਠਿਆਂ ਕਰ ਦੇਂਦਾ ਹੈ, ਉਸ ਦੀ ਚੇਤਨਤਾ ਸੁੰਗੜ ਕੇ ਸੋਚ ਦੀ ਇਕ ਨਿੱਕੀ ਜਿਹੀ ਬਿੰਦੀ ਬਣ ਗਈ ਤੇ ਉਹ ਹਨੇਰੇ ਵਿਚ ਇਕ ਜੰਗਲੀ ਜਾਨਵਰ ਵਾਂਗ ਸਾਹ ਰੋਕ ਕੇ ਬੈਠ ਗਿਆ ਤੇ ਸੁਣਨ ਲੱਗਾ.......

ਬਾਹਰ ਬਾਰਸ਼ ਹੋ ਰਹੀ ਸੀ ਤੇ ਹਵਾ ਜਾਲ ਵਿਚ ਫਸੇ ਹੋਏ ਰਿੱਛ ਵਾਂਗ ਚੰਘਿਆੜ ਰਹੀ ਸੀ। ਇਹ ਬੇ-ਮੌਸਮੀ ਬਾਰਸ਼ ਕਿਉਂ ? ਭਲਾ ਵਿਸਾਖ ਵਿਚ ਵੀ ਕਦੇ ਬਾਰਸ਼ ਹੋਈ ਹੈ ? ਬਿਨ-ਮੌਸਮੀ ਬਰਖਾ ਹਮੇਸ਼ਾਂ ਮਾੜੀ ਹੁੰਦੀ ਹੈ। ਹਾਈਡਰੋਜਨ ਬੰਬ ਦੇ ਫਟਣ ਨਾਲ ਜੋ ਗਰਮੀ, ਧੂੰਆਂ ਉਠਿਆ ਸੀ, ਸ਼ਾਇਦ ਇਹ ਓਸੇ ਦਾ ਅਸਰ ਹੋਵੇ।

ਉਸ ਦੇ ਗੁੱਟ ਉਤੇ ਤੇਜ਼ ਠੰਡੀ ਸੂਈ ਦੀ ਚੁਭਣ ਹੁਣ ਤੀਕ ਜਲ ਰਹੀ ਸੀ।



ਬਾਹਰ ਬਿਜਲੀ ਚਮਕੀ ਤੇ ਝੁੱਗੀ ਦੀ ਝੀਤ ਵਿਚੋਂ ਇਕ ਲਿਸ਼ਕੋਰ ਨੇ ਤੇਜ਼ ਗੰਡਾਸੀ ਵਾਂਗ ਹਨੇਰੇ ਨੂੰ ਵੱਢਿਆ।

ਬਾਹਰ ਬੱਦਲਾਂ ਵਿਚ ਵਾਰ-ਵਾਰ ਚਾਨਣਾ ਜਗ ਉਠਦਾ। ਇਸ ਹਨੇਰੇ ਤੇ ਚਾਨਣੇ ਦੇ ਪਰਛਾਵਿਆਂ ਵਿਚ ਉਸ ਮੀਂਹ ਦੀ ਸ਼ਾਂ-ਸ਼ਾਂ ਸੁਣੀ.......ਤੇ ਵੇਖਿਆ ਕਿ ਛੱਤ ਵਿਚੋਂ ਪਾਣੀ ਦੀ ਇਕ ਬੂੰਦ ਟਪਕੀ ਤੇ ਉਸ ਦੀ ਮੰਜੀ ਦੇ ਪਾਵੇ ਉਤੇ ਡਿੱਗੀ ਤੇ ਖਿੰਡ ਗਈ, ਏਸੇ ਦੀ ਇਹ ਨਿੱਕੀ ਜੇਹੀ ਕਣੀ ਉਸ ਦੇ ਹੱਥ ਉਤੇ ਵੱਜੀ ਸੀ.......ਠੰਡੀ ਜ਼ਹਿਰ ਵਿਚ ਬੁਝੀ ਹੋਈ ਸੂਈ ਵਾਂਗ, ਤੇ ਉਹ ਤ੍ਰਭਕ ਪਿਆ ਸੀ।

ਮੰਜੀ ਦੇ ਪਾਵੇ ਉਤੇ ਡਿੱਗੀ ਹੋਈ ਪਾਣੀ ਦੀ ਬੂੰਦ ਚਮਕਣ ਲੱਗੀ ਜਿਵੇਂ ਲਹੂ ਦਾ ਟੇਪਾ ਹੋਵੇ।

ਫਿਰ ਇਕ ਹੋਰ ਤੁਪਕਾ ਡਿੱਗਿਆ ਤੇ ਫਟਿਆ ਤੇ ਖਿੰਡ ਗਿਆ.......

ਮਨਸਾ ਸਿੰਘ ਦਾ ਦਿਲ ਹੌਲ ਨਾਲ ਭਰ ਗਿਆ ਪਾਣੀ ਦਾ ਇਹ ਤੁਪਕਾ ਜੋ ਫੱਟ ਕੇ ਆਕਸੀਜਨ ਤੇ ਹਾਈਡਰੋਜਨ ਬਣਦਾ ਹੈ ਤੇ ਫਿਰ.......ਹਾਈਡਰੋਜਨ ਬੰਬ !

ਲੰਬੀ ਨੱਕ ਵਾਲਾ ਵਕੀਲ, ਮੋਟੀ ਗੋਗੜ ਵਾਲਾ ਲਾਲਾ, ਫ਼ੌਜੀ, ਵਿਦਿਆਰਥੀ ਤੇ ਪਤਲਾ ਸੁੱਕਿਆ ਹੋਇਆ ਕਲਰਕ ਜਿਨ੍ਹਾਂ ਨੂੰ ਉਹ ਉਸ ਦਿਨ ਸੜਕ ਉਤੇ ਮਿਲਿਆ ਸੀ, ਸਭ ਇਹੋ ਆਖ ਰਹੇ ਸਨ।

ਪਾਣੀ, ਜੋ ਸਾਡੀ ਆਤਮਾ ਤੇ ਸਰੀਰ ਨੂੰ ਸ਼ੁੱਧ ਕਰਦਾ ਹੈ, ਜਿਸ ਦੁਨੀਆਂ ਵਿਚ ਸਭ ਤੋਂ ਪਹਿਲੇ ਜੀਵ ਦੀ ਪਾਲਣਾ ਕੀਤੀ, ਜੋ ਹਰ ਜੀਂਦੀ-ਜਾਗਦੀ ਤੇ ਸਾਹ ਲੈਂਦੀ ਚੀਜ਼ ਵਿਚ ਧੜਕ ਰਿਹਾ ਹੈ, ਜੋ ਫਲਾਂ ਫੁੱਲਾਂ ਤੇ ਖੇਤੀਆਂ ਵਿਚ ਜੀਵਨ-ਰਸ ਬਣ ਕੇ ਦੌੜ ਰਿਹਾ ਹੈ, ਏਸੇ ਪਾਣੀ ਦਾ ਤੁਪਕਾ ਸਾਰੀ ਸ੍ਰਿਸ਼ਟੀ, ਸਾਰੀ ਕਾਇਆ, ਸਾਰੀ ਜ਼ਿੰਦਗੀ ਨੂੰ ਮਾਰ ਸਕਦਾ ਹੈ, ਤਬਾਹ ਕਰ ਸਕਦਾ ਹੈ !.......ਏਸ ਤਰ੍ਹਾਂ ਤਾਂ ਕਿਸੇ ਵੇਲੇ ਹੀ, ਕੋਈ ਵੀ ਮਸਤਿਆ ਹੋਇਆ ਆਦਮੀ ਏਸ ਪਾਣੀ ਦੇ ਇਕ ਤੁਪਕੇ ਨੂੰ ਤੋੜ ਕੇ ਸਾਰੇ ਸੰਸਾਰ ਨੂੰ ਉਡਾ ਸਕਦਾ ਹੈ ! ਭਸਮ ਕਰ ਸਕਦਾ ਹੈ !

ਇਹ ਖ਼ਿਆਲ ਜ਼ੋਰ ਦੀ ਫਟਿਆ ਤੇ ਉਸ ਦਾ ਨਿੱਕਾ ਜਿਹਾ ਦਿਮਾਗ਼ ਧੂੰਏਂ ਨਾਲ ਭਰ ਗਿਆ।

ਮੰਜੀ ਦੇ ਪਾਵੇ ਉਤੇ ਪਾਣੀ ਦਾ ਤੁਪਕਾ ਹਿੱਲ ਰਿਹਾ ਸੀ ਤੇ ਚਮਕ ਰਿਹਾ ਸੀ ਜਿਵੇਂ ਹਨੇਰੇ ਵਿਚ ਸੱਪ ਦੀ ਮਣੀ ਚਮਕਦੀ ਹੈ.....ਜਿਵੇਂ ਕਰੋਧ ਵਿਚ ਦਗਦੀ ਸ਼ਿਵ ਜੀ ਦੀ ਤੀਜੀ ਅੱਖ ਹੋਵੇ, ਭਸਮ ਕਰ ਦੇਣ ਵਾਲੀ, ਸਾੜ ਸੁੱਟਣ ਵਾਲੀ ਅੱਖ ! ਮਨਸਾ ਸਿੰਘ ਨੂੰ ਕੰਬਣੀ ਛਿੜ ਗਈ।

ਉਹ ਦੋ ਜੰਗਾਂ ਵਿਚ ਲੜਿਆ ਸੀ, ਉਹ ਡੂੰਘੀਆਂ ਘਾਟੀਆਂ ਤੇ ਖੋਹਾਂ ਵਿਚ ਲੱਥਾ ਸੀ, ਸਿਖਰ ਪਹਾੜਾਂ ਦੀਆਂ ਉੱਚੀਆਂ ਟੀਸੀਆਂ ਉਤੇ ਚੜ੍ਹਿਆ ਸੀ ਤੇ ਉਸ ਘਣੇ ਜੰਗਲਾਂ ਨੂੰ ਗਾਹਿਆ ਸੀ.....ਉਸ ਨੇ ਸ਼ੇਰਾਂ ਦਾ ਮੁਕਾਬਲਾ ਕੀਤਾ ਸੀ.......ਉਸ ਨੇ ਫ਼ਸਾਦ ਤੱਕੇ ਸਨ, ਮੌਤ ਵੇਖੀ ਸੀ ਤੇ ਉਹ ਜੰਗ ਦੇ ਮੈਦਾਨ ਵਿਚ ਲੋਥਾਂ ਵਿਚਕਾਰ ਤੁਰਿਆ ਸੀ।

ਪਰ ਉਹ ਇਤਨਾ ਕਦੀ ਨਹੀਂ ਸੀ ਡਰਿਆ, ਜਿਤਨਾ ਹੁਣ, ਏਸ ਵੇਲੇ ਰਾਤ ਦੇ ਹਨੇਰੇ ਵਿਚ ਇਕੱਲਾ ਬੈਠਾ ਪਾਣੀ ਦੇ ਇਕ ਤੁਪਕੇ ਤੋਂ ਡਰ ਰਿਹਾ ਸੀ !

# 37

# ਟਿਕਟ ਚੈੱਕਰ

ਭਾਵੇਂ ਗੱਡੀ ਨੇ ਦਿੱਲੀ ਤੋਂ ਹੀ ਚਲਣਾ ਸੀ ਪਰ ਸ਼ਤਾਬਦੀ ਟਿਕਟਾਂ ਦੀ ਭੀੜ ਤੋਂ ਡਰਦੇ ਅਸੀਂ ਗੱਡੀ ਵਿਚ ਇਕ ਘੰਟਾ ਪਹਿਲਾਂ ਹੀ ਆ ਕੇ ਬੈਠ ਗਏ ਸਾਂ। ਅਸੀਂ ਤੀਹ ਕਲਾਕਾਰ ਸਾਂ ਜੋ ਲੋਕ-ਨਾਟਕ ਦੀ ਸਤਵੀਂ ਕਾਨਫਰੰਸ ਉਤੇ ਇਕ ਗੀਤ-ਨਾਟ ਪੇਸ਼ ਕਰਨ ਲਈ ਬੰਬਈ ਜਾ ਰਹੇ ਸਾਂ।

ਸਾਡੇ ਵਿਚੋਂ ਆਸ਼ਿਮ, ਇਕ ਗੋਰਾ ਚਿੱਟਾ ਨੌਜਵਾਨ ਜੋ ਨਾਟਕ ਵਿਚ 'ਵਲਾਇਤੀ ਵਣਜਾਰੇ' ਦਾ ਪਾਰਟ ਕਰਦਾ ਸੀ, ਕਿਸੇ ਟਿਕਟ ਬਾਬੂ ਕੋਲੋਂ ਇਕ ਚਿੱਟ ਉਤੇ ਝੂਠੀ-ਮੂਠੀ "ਰੀਜ਼ਰਵ" ਲਿਖਵਾ ਲਿਆਇਆ ਤੇ ਡੱਬੇ ਦੇ ਬੂਹੇ ਉਤੇ ਖੜਾ ਹੋ ਗਿਆ। ਜੋ ਮੁਸਾਫ਼ਿਰ ਡੱਬੇ ਉਤੇ ਹੱਲਾ ਬੋਲਦਾ ਆਸ਼ਿਮ ਉਸ ਨੂੰ ਝਈ ਲੈ ਕੇ ਪੈਂਦਾ "ਰੀਜ਼ਰਵ ਹੈ ਵੇਖਦਾ ਨਹੀਂ ?"

ਨਤੀਜਾ ਇਹ ਹੋਇਆ ਕਿ ਸਾਡੇ ਡੱਬੇ ਵਿਚ ਤੀਹ ਮੈਂਬਰਾਂ ਤੋਂ ਛੁਟ ਹੋਰ ਕੋਈ ਨਾ ਆਇਆ। ਹੱਥ ਵਿਚ ਨਿੱਕੀ ਜਿਹੀ ਕਾਗਤੀ ਫੜੀ ਆਸ਼ਿਮ ਹਰ ਇਕ ਮੁਸਾਫ਼ਿਰ ਨੂੰ ਕੜਕ ਕੇ ਆਖਦਾ, "ਰੀਜ਼ਰਵ ਹੈ ! ਦਿਸਦਾ ਨਹੀਂ ? ਰੀਜ਼ਰਵ।"

'ਰੀਜ਼ਰਵ' ਦਾ ਹੰਟਰ ਲਗਦਿਆਂ ਹੀ ਹੋਰ ਪੁੱਛ-ਗਿੱਛ ਕਰੇ ਬਿਨਾ ਬਾਹਰੋਂ ਮੁਸਾਫ਼ਿਰ ਆਪਣੀ ਗੰਢੜੀ ਤੇ ਬੀਵੀ ਨੂੰ ਸੰਭਾਲਦਾ ਹੋਇਆ ਕਿਸੇ ਦੂਜੇ ਡੱਬੇ ਵਲ ਦੌੜ ਪੈਂਦਾ।

ਜਦ ਗੱਡੀ ਚੱਲੀ ਤਾਂ ਅਸੀਂ ਦਰਵਾਜ਼ਾ ਬੰਦ ਕਰ ਲਿਆ। ਡੱਬਾ ਕਾਫ਼ੀ ਵੱਡਾ ਸੀ। ਸਾਰੇ ਮੈਂਬਰ ਸੀਟਾਂ ਮੱਲ ਕੇ ਤੇ ਬਿਸਤਰੇ ਵਿਛਾ ਕੇ ਤੇ ਪਾਣੀ ਨਾਲ ਝੱਜਰਾਂ ਭਰ ਕੇ ਅਰਾਮ ਨਾਲ ਬੈਠ ਗਏ। ਦਿਨੇਸ਼ ਤੇ ਪ੍ਰੋਫ਼ੈਸਰ ਨਿਰੰਜਨ ਸਿੰਘ ਨੇ ਦੋ ਸੀਟਾਂ ਦੇ ਵਿਚਕਾਰ ਦੋ ਸੂਟ-ਕੇਸ ਜੋੜ ਕੇ ਨਿੱਕਾ ਜਿਹਾ ਮੇਜ਼ ਬਣਾ ਲਿਆ ਤੇ ਤਾਸ਼ ਖੇਡਣ ਲੱਗੇ। ਥੋੜ੍ਹੇ ਚਿਰ ਵਿਚ ਹੀ ਸੋਢੀ ਜੋਗਿੰਦਰ ਤੇ ਸੁਰਿੰਦਰ ਕੌਰ ਤੇ ਵੇਦ ਵਿਆਸ ਵੀ



ਇਸ ਟੋਲੇ ਵਿਚ ਰਲ ਗਏ ਤੇ ਤਾਸ਼ ਖੇਡਣ ਲੱਗੇ।

ਇੰਦੂ ਘੋਸ਼, ਜਿਸ ਸਾਡੇ ਗਰੁੱਪ ਦੇ ਹਰ ਨਾਟਕ ਵਿਚ ਕਲਾਕਾਰਾਂ ਦਾ ਮੇਕ-ਅੱਪ ਕੀਤਾ ਸੀ, ਕਿਸੇ ਨੂੰ ਰਾਜਾ, ਕਿਸੇ ਨੂੰ ਨੌਕਰ, ਕਿਸੇ ਨੂੰ ਜੱਟ, ਕਿਸੇ ਨੂੰ ਸੂਦਖੋਰ ਬਾਣੀਆਂ, ਕਿਸੇ ਨੂੰ ਨਾਈ ਤੇ ਕਿਸੇ ਨੂੰ ਚੂੜ੍ਹਾ ਬਣਾਇਆ ਸੀ, ਗੋਲ ਕਾਲੀਆਂ ਐਨਕਾਂ ਲਾਈ ਖਿੜਕੀ ਕੋਲ ਬੈਠਾ ਬਾਹਰ ਵਲ ਤੱਕ ਰਿਹਾ ਸੀ। ਤਾਮਿਲਨਾਡੂ ਦਾ ਰਹਿਣ ਵਾਲਾ ਬਾਲਮ, ਜੋ ਕਨਾਟ ਪਲੇਸ ਵਿਚ ਇਕ ਲਾਂਡਰੀ ਵਿਚ ਕੰਮ ਕਰਦਾ ਹੈ, ਨਾਟ-ਮੰਡਲੀ ਦਾ ਸਭ ਤੋਂ ਸਾਊ ਮੈਂਬਰ ਹੈ। ਉਸ ਦੀਆਂ ਅੱਖਾਂ ਡੱਡੂ ਦੀਆਂ ਅੱਖਾਂ ਵਾਂਗ ਬਾਹਰ ਨੂੰ ਉੱਲਰੀਆਂ ਹੋਈਆਂ ਸਨ। ਗਰਮੀ ਤੇ ਥਿੰਧਿਆਈ ਕਰ ਕੇ ਉਸ ਦਾ ਮੂੰਹ ਇਉਂ ਲਗਦਾ ਸੀ ਜਿਵੇਂ ਕਿਸੇ ਨੇ ਸੜੇ ਘਿਓ ਨਾਲ ਚੋਪੜ ਦਿੱਤਾ ਹੋਵੇ। ਉਹ ਚੁਪ-ਚਾਪ ਬੈਠਾ ਬਾਕੀ ਲੋਕਾਂ ਵਲ ਤੱਕ ਰਿਹਾ ਸੀ। ਸ਼ੁਕਲਾ ਧਵਨ ਤੇ ਪ੍ਰੀਓ ਬਾਲਾ ਦੋਵੇਂ ਮੁਗ਼ਲ ਸ਼ਹਿਜ਼ਾਦੀਆਂ ਵਾਂਗ ਸਰਹਾਣਿਆਂ ਨਾਲ ਢੋਅ ਲਾਈ, ਆਪਣੇ ਸਿਰਾਂ ਨੂੰ ਕੀਮਤੀ ਰਾਂਗਲੀ ਸਾੜ੍ਹੀਆਂ ਦੇ ਪੱਲੇ ਨਾਲ ਕੱਜੀ ਆਰਾਮ ਨਾਲ ਲੇਟੀਆਂ ਹੋਈਆਂ, ਅਧ-ਮੀਚੀਆਂ ਅੱਖਾਂ ਨਾਲ ਤੱਕ ਰਹੀਆਂ ਸਨ.......

ਸਨੇਹ ਲਤਾ ਸਾਨੀਆਲ ਸਾਡੇ ਗਰੁੱਪ ਦੀ ਲੀਡਰ ਸੀ ਭਾਰਾ ਕੱਦ-ਕਾਠ, ਚਿੱਟਾ ਰੰਗ ਤੇ ਮੋਟੇ ਸ਼ੀਸ਼ਿਆਂ ਦੀ ਐਨਕ ਜਿਸ ਵਿਚੋਂ ਦੋ ਗੰਭੀਰ ਅੱਖਾਂ ਘੂਰਦੀਆਂ ਨਜ਼ਰ ਆਉਂਦੀਆਂ ਸਨ। ਉਹ ਸਿਰ ਤੋਂ ਪੈਰ ਤੀਕ ਲੀਡਰ ਜਾਪਦੀ ਸੀ। ਹਰ ਮੈਂਬਰ ਨੂੰ ਗਹੁ ਨਾਲ ਤੱਕ ਕੇ, ਵੇਖ ਕੇ, ਪਰਖ ਕੇ ਉਹਨਾਂ ਦੇ ਟਿਕਟਾਂ ਦੀ ਗਿਣਤੀ ਕਰ ਕੇ ਉਹ ਹੰਭ ਗਈ ਸੀ ਤੇ ਆਪਣੀ ਸੀਟ ਉਤੇ ਬੈਠੀ ਪਾਣੀ ਮੰਗ ਰਹੀ ਸੀ। ਜਦ ਅਮੀਰ ਖ਼ਾਨ ਨੇ ਨਾਲ ਦੀ ਝੱਜਰ ਵਿਚੋਂ ਉਸ ਨੂੰ ਪਾਣੀ ਪਿਲਾਇਆ ਤਾਂ ਉਸ ਦੇ ਸਾਹ ਵਿਚ ਸਾਹ ਆਇਆ।

ਚੌੜੇ ਚੱਘੇ ਵਾਲਾ ਅਮੀਰ ਖ਼ਾਨ ਜੋ ਨਾ ਹੀ ਅਮੀਰ ਹੈ ਤੇ ਨਾ ਹੀ ਖ਼ਾਨ, ਸਗੋਂ ਬੇਹੱਦ ਗ਼ਰੀਬ ਹੈ ਤੇ ਇਕ ਅਖ਼ਬਾਰ-ਰਸਾਂ ਏਜੰਸੀ ਵਿਚ ਅਨੁਵਾਦਕ ਹੈ, ਇਸ ਵੇਲੇ ਡੱਬੀਦਾਰ ਸਾਵਾ ਤਹਿਮਦ ਬੰਨ੍ਹੀ, ਬੁਨੈਣ ਪਾਈ ਤੇ ਸਿਰ ਉਤੇ ਸਿੰਧੂਰੀ ਥਿੰਦਾ ਮੈਲਾ ਰੁਮਾਲ ਬੰਨ੍ਹੀ, ਜਿਸ ਹੇਠੋਂ ਉਸ ਦੇ ਤੇਲ ਨਾਲ ਗੱਚ ਛੱਤੇ ਝਾਕ ਰਹੇ ਸਨ, ਬੈਠਾ ਕਬਾਬ ਗਿਣ ਰਿਹਾ ਸੀ। ਉਸ ਦੀਆਂ ਨਿੱਕੀਆਂ ਤੇਜ਼ ਪੁਤਲੀਆਂ ਭਾਰੀ ਪਪੋਟਿਆਂ ਵਿਚੋਂ ਝਾਕ ਰਹੀਆਂ ਸਨ। ਇਸ ਭੇਸ ਵਿਚ ਉਹ ਇਕ ਕਸਾਬ ਲੱਗ ਰਿਹਾ ਸੀ।

ਕਬਾਬਾਂ ਦੀ ਗਿਣਤੀ ਕਰਕੇ ਅਮੀਰ ਖ਼ਾਨ ਮੁਰਸ਼ਿਦ ਤੇ ਅਨਵਰ ਨਾਲ ਸ਼ੇਅਰ-ਓ-ਸ਼ਾਇਰੀ ਬਾਰੇ ਗੱਲ ਕਰਨ ਲੱਗਾ। ਪਾਣੀ ਪੀ ਚੁੱਕਣ ਪਿਛੋਂ ਮਿਸਿਜ਼ ਸਾਨਿਆਲ ਤੇ ਪ੍ਰੋਫ਼ੈਸਰ ਬੱਤਰਾ ਟਿਕਟਾਂ ਦਾ ਹਿਸਾਬ ਜੋੜਨ ਲੱਗੇ। ਬਾਂਕੇ ਬਿਹਾਰੀ ਵਤਸ, ਜਿਸ ਨੂੰ ਅਸੀਂ ਪਿਆਰ ਨਾਲ "ਮੌਲਾਨਾ ਹਾਲੀ" ਆਖਦੇ ਸਾਂ, ਸ਼ੀਲਾ ਭਾਟੀਆ ਦੇ ਨਾ ਆਉਣ ਉਤੇ ਉਦਾਸ ਬੈਠਾ ਊਂਘ ਰਿਹਾ ਸੀ। ਪ੍ਰੋਫ਼ੈਸਰ ਹਰਚਰਨ ਸਿੰਘ ਤਾਸ਼ ਤੇ ਹਿਸਾਬ-ਕਿਤਾਬ ਤੋਂ ਬਚ ਕੇ ਇਕ ਪਾਸੇ ਬੈਠਾ ਖਿੜਕੀ ਵਿਚੋਂ ਬਾਹਰ ਦੌੜਦੀ ਹੋਈ ਦੁਨੀਆਂ ਨੂੰ ਤੱਕ ਰਿਹਾ ਸੀ, ਖੇਤਾਂ, ਕਿਆਰੀਆਂ, ਝੁੱਗੀਆਂ, ਰੋਹੀਆਂ ਤੇ ਬੂਟਿਆਂ ਝਾੜੀਆਂ ਦੀ ਦੁਨੀਆਂ ਨੂੰ।

ਗੱਡੀ ਵੱਡੀਆਂ-ਵੱਡੀਆਂ ਪੁਲਾਂਘਾਂ ਭਰਦੀ ਜਾ ਰਹੀ ਸੀ। ਮੈਂ ਉਪਰਲੇ ਫੱਟੇ

ਉਤੇ ਲੇਟ ਗਿਆ ਤੇ ਮੈਨੂੰ ਨੀਂਦ ਆ ਗਈ।

ਜਦ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਵੇਖਿਆ ਕਿ ਗੱਡੀ ਵਿਚ ਇਕ ਰੌਲਾ ਜਿਹਾ ਮਚ ਰਿਹਾ ਸੀ। ਪ੍ਰੋਫ਼ੈਸਰ ਬੱਤਰਾ ਤੇ ਮਿਸਿਜ਼ ਸਾਨਿਆਲ, ਦੋਹਾਂ ਦੇ ਸਿੰਙ ਸਿਆਸੀ ਬਹਿਸ ਵਿਚ ਫਸੇ ਹੋਏ ਸਨ।

ਬੱਤਰਾ ਗੱਜਿਆ, "ਹੁਣ ਰੂਸ ਨੇ ਸਾਰੇ ਡਾਕਟਰਾਂ ਨੂੰ ਛਡ ਦਿੱਤਾ—ਆਖ਼ਰ ਕਿਉਂ ? ਇਨ੍ਹਾਂ ਡਾਕਟਰਾਂ ਨੂੰ ਜਿਨ੍ਹਾਂ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਸੀ—ਇਨ੍ਹਾਂ ਨੂੰ ਕਿਉਂ ਛਡ ਦਿੱਤਾ ?"

ਮਿਸਿਜ਼ ਸਾਨਿਆਲ ਨੇ ਸਫ਼ੈਦ ਰਿੱਛਣੀ ਵਾਂਗ ਗ਼ੁੱਰਾ ਕੇ ਬੱਤਰਾ ਵਲ ਤੱਕਿਆ ਤੇ ਆਖਿਆ, "ਇਨ੍ਹਾਂ ਡਾਕਟਰਾਂ ਨੂੰ ਕਿਸ ਗੱਲ ਉਤੇ ਛਡ ਦਿੱਤਾ, ਇਹ ਸਭ ਕੁਝ ਅਖ਼ਬਾਰ ਵਿਚ ਲਿਖਿਆ ਹੋਇਆ ਤਾਂ ਹੈ, ਤੁਸੀਂ ਵੀ ਅਜੀਬ ਹੋ। ਜਦ ਇਨ੍ਹਾਂ ਡਾਕਟਰਾਂ ਨੂੰ ਨਹੀਂ ਸੀ ਛਡਦੇ ਤਾਂ ਰੌਲਾ ਪਾਉਂਦੇ ਸਾਉ, 'ਕਿਉਂ ਨਹੀਂ ਛਡਦੇ ?' ਹੁਣ ਛਡ ਦਿੱਤਾ ਹੈ ਤਾਂ ਗੁੱਸੇ ਹੁੰਦੇ ਹੋ, 'ਕਿਉਂ ਛਡ ਦਿੱਤਾ ?' ਆਖ਼ਿਰ ਤੁਸੀਂ ਕੀ ਚਾਹੁੰਦੇ ਹੋ ?"

"ਮੈਂ ਕੁਝ ਨਹੀਂ ਚਾਹੁੰਦਾ" ਪ੍ਰੋਫ਼ੈਸਰ ਬੱਤਰਾ ਬੋਲਿਆ, "ਪਰ ਮੈਂ ਰੂਸੀ ਸਿਸਟਮ ਦੀ ਆਪਾ-ਧਾਪੀ ਨੂੰ ਨਹੀਂ ਮੰਨਦਾ। ਸੁਣਿਆ ਹੈ ਉਥੇ ਇਤਿਹਾਸ ਦੀਆਂ ਕਿਤਾਬਾਂ ਦੁਬਾਰਾ ਲਿਖੀਆਂ ਜਾ ਰਹੀਆਂ ਹਨ। ਤੁਸੀਂ ਖ਼ਾਰਜੀ ਹਕੀਕਤਾਂ ਨੂੰ ਕੀਕਰ ਆਪਣੇ ਢੱਬ ਸਿਰ ਮੋੜ ਕੇ ਲਿਖ ਸਕਦੇ ਹੋ ?"

"ਮੁਆਫ਼ ਕਰਨਾ ਮਿਸਟਰ ਬੱਤਰਾ, ਖ਼ਾਰਜੀ ਹਕੀਕਤ ਵੀ ਬਹੁਤ ਹੱਦ ਤੀਕ ਤੱਕਣ ਵਾਲੀ ਅੱਖ ਉਤੇ ਨਿਰਭਰ ਹੈ", ਮਿਸਿਜ਼ ਸਾਨਿਆਲ ਚਮਕ ਕੇ ਬੋਲੀ। "ਇਕੋ ਘਟਨਾ ਨੂੰ ਇਕ ਫ਼ਿਲਾਸਫ਼ਰ ਤੱਕਦਾ ਹੈ, ਇਕ ਯਥਾਰਥਵਾਦੀ ਤੱਕਦਾ ਹੈ ਤੇ ਇਕ ਅਫ਼ੀਮੀ ਤੱਕਦਾ ਹੈ—ਤਿੰਨਾਂ ਦੇ ਤੱਕਣ ਵਿਚ ਫ਼ਰਕ ਹੋਵੇਗਾ। ਜੋ ਸ਼ਖ਼ਸ ਹਕੀਕਤ ਨੂੰ ਪਰਖਦਿਆਂ ਉਸ ਦਾ ਸਮਾਜੀ ਪਛੋਕੜ ਉਸ ਦਾ ਵਰਤਮਾਨ ਤੇ ਉਸ ਦਾ ਭਵਿੱਖ ਅਨੁਭਵ ਨਹੀਂ ਕਰ ਸਕਦਾ—ਤੇ ਇਨ੍ਹਾਂ ਤਿੰਨਾਂ ਪੱਖਾਂ ਨੂੰ ਇਕ ਲੜੀ ਵਿਚ ਪਰੋ ਕੇ ਇਕ ਦੂਜੇ ਦੀਆਂ ਜੜ੍ਹਾਂ ਵਿਚੋਂ ਨਵੇਂ ਰੂਪ ਧਾਰੇ ਫੁਟਦੇ ਨਹੀਂ ਵੇਖ ਸਕਦਾ ਉਸ ਦੀ ਤੱਕਣੀ ਵਿਚ ਹੀ ਨੁਕਸ ਹੈ.......ਪੁਰਾਣੇ ਇਤਿਹਾਸਕਾਰਾਂ ਨੇ ਬਾਦਸ਼ਾਹਾਂ ਦੇ ਚੋਚਲੇ ਉਨ੍ਹਾਂ ਦੇ ਹਰਮਾਂ ਵਿਚ ਕੈਦ ਬਾਂਦੀਆਂ ਦੀ ਗਿਣਤੀ ਤੇ ਉਨ੍ਹਾਂ ਦੇ ਦਰਬਾਰਾਂ ਵਿਚ ਐਸ਼-ਆਰਾਮ ਦੀਆਂ ਮਹਿਫ਼ਲਾਂ ਤੇ ਚੁਹਲਾਂ ਨੂੰ ਹੀ ਬਿਆਨ ਕੀਤਾ ਹੈ। ਉਨ੍ਹਾਂ ਜਨਤਾ ਵਿਚ ਮਚਲਦੀਆਂ ਲਹਿਰਾਂ ਨੂੰ, ਉਨ੍ਹਾਂ ਦੀ ਤੜਪ ਤੇ ਉਨ੍ਹਾਂ ਦੀਆਂ ਸੱਧਰਾਂ ਨੂੰ ਨਹੀਂ ਚਿਤਰਿਆ। ਕੀ ਇਤਿਹਾਸ ਦੀਆਂ ਇਹੋ ਜਿਹੀਆਂ ਪੋਥੀਆਂ ਪੜ੍ਹਨਯੋਗ ਹਨ ? ਸਾਡੇ ਦੇਸ ਦਾ ਇਤਿਹਾਸ ਵੀ ਅੰਗਰੇਜ਼ਾਂ ਨੇ ਲਿਖਿਆ ਜਿਨ੍ਹਾਂ ਸਾਡੇ ਕਾਰੀਗਰਾਂ ਦੇ ਅੰਗੂਠੇ ਕੱਟ ਦਿਤੇ...... ਸਾਡੀ ਸੱਭਿਅਤਾ, ਸਾਡੇ ਲੋਕ ਗੀਤਾਂ, ਸਾਡੀ ਬੋਲੀ ਤੇ ਸਾਡੇ ਸਾਹਿਤ ਤੇ ਨਿਰਤ-ਕਲਾ ਨੂੰ ਪੈਰਾਂ ਥੱਲੇ ਲਿਤਾੜ ਕੇ ਇਸ ਦੀ ਕਬਰ ਉਤੇ ਬਦੇਸ਼ੀ ਸੱਭਿਅਤਾ ਦਾ ਖੋਖਲਾ ਢਾਂਚਾ ਖੜ੍ਹਾ ਕੀਤਾ। ਇਨ੍ਹਾਂ ਇਤਿਹਾਸਕਾਰਾਂ ਨੇ ਹਰ ਦੇਸ ਦੀ ਚੀਜ਼ ਨੂੰ ਭੰਡਿਆ। ਹਰ ਦੇਸ਼-ਭਗਤ ਨੂੰ ਗ਼ੱਦਾਰ ਆਖ ਕੇ ਉਸ ਉਤੇ ਮੁਕੱਦਮੇ ਚਲਾਏ ਤੇ ਉਸ ਨੂੰ ਜੇਲ੍ਹਾਂ ਵਿਚ ਸੁੱਟਿਆ ਤੇ ਹਰ ਝੋਲੀ ਚੁੱਕ ਨੂੰ ਇਨਾਮ ਦਿੱਤੇ। ਕੀ ਇਹ ਇਤਿਹਾਸ ਪੜ੍ਹਨਯੋਗ



ਹਨ ? ਰੂਸ ਮੁੜ ਇਤਿਹਾਸ ਲਿਖ ਰਿਹਾ ਹੈ, ਰੂਸ ਹੀ ਨਹੀਂ, ਸਾਰੀ ਦੁਨੀਆਂ ਦਾ ਇਤਿਹਾਸ ਦੁਬਾਰਾ ਲਿਖਿਆ ਜਾ ਰਿਹਾ ਹੈ ਤੇ ਲਿਖਿਆ ਜਾਣਾ ਚਾਹੀਦਾ ਹੈ।"

ਵੇਦ ਵਿਆਸ ਵੀ ਚੌਕੜੀ ਵਿਚੋਂ ਉੱਚੀ ਦੇਣੀ ਬੋਲਿਆ, "ਹਾਏ ! ਮੈਨੂੰ ਕਦੀ ਜੋਕਰ ਨਹੀਂ ਆਇਆ।"

ਦਿਨੇਸ਼ ਨੇ ਆਖਿਆ, "ਤੈਨੂੰ ਜੋਕਰ ਦੀ ਕੀ ਲੋੜ ਹੈ, ਤੂੰ ਤਾਂ ਆਪ ਜੋਕਰ ਹੈਂ।"

ਸੋਢੀ ਜੋਗਿੰਦਰ ਉੱਚੀ-ਉੱਚੀ ਹੱਸਿਆ ਤੇ ਉਸ ਦਾ ਢਿੱਡ ਇਉਂ ਹਿੱਲਿਆ ਜਿਵੇਂ ਹਾਂਡੀ ਵਿਚ ਦਲੀਆ ਰਿੱਝ ਰਿਹਾ ਹੋਵੇ।

ਸੁਰਿੰਦਰ ਕੌਰ ਤਾਸ਼ ਦੇ ਪੱਤੇ ਜੋੜਦੀ ਹੋਈ ਕੂਕ ਉਠੀ :

"ਲੱਠੇ ਦੀ ਚਾਦਰ
ਉਤੇ ਸਲੇਟੀ ਰੰਗ ਮਾਹੀਆ।"

ਸ਼ੁਕਲਾ ਧਵਨ ਤੇ ਪ੍ਰੀਓ ਬਾਲਾ ਡਰਾਮੇ ਦੀਆਂ ਡਰੈਸਾਂ ਦੀ ਗਿਣਤੀ ਕਰ ਰਹੀਆਂ ਸਨ। ਜੋ ਵਸਤਰ ਥੁੜ੍ਹਦੇ ਸਨ ਉਨ੍ਹਾਂ ਨੂੰ ਬੰਬਈ ਜਾ ਕੇ ਇਕੱਠਿਆਂ ਕਰਨ ਬਾਰੇ ਸੋਚ ਰਹੀਆਂ ਸਨ।

ਸ਼ੁਕਲਾ ਬੋਲ ਰਹੀ ਸੀ ਤੇ ਪ੍ਰੀਓ ਲਿਖ ਰਹੀ ਸੀ :

ਇਕ ਤੁਰਕੀ ਟੋਪੀ.......ਕਾਲੀ ਅਚਕਨ.......ਦੋ ਪੁਰਾਣੀਆਂ ਪੱਗਾਂ ਤੇ ਚਾਰ ਕੁੱਲ੍ਹੇ.......ਮਹਾਰਾਜਾ ਦੀ ਪਗੜੀ ਤੇ ਕਲਗੀ।

ਬਾਲਾ ਆਖ ਰਹੀ ਸੀ—ਮਹਾਰਾਜਾ ਦੀ ਕਲਗੀ ਖ਼ਰੀਦਣ ਦੀ ਕੀ ਲੋੜ ? ਪਗੜੀ ਉਤੇ ਗੋਟਾ ਲਾ ਦੇਵਾਂਗੇ ਇਹੋ ਕਲਗੀ ਬਣ ਜਾਏਗੀ।

ਸ਼ੁਕਲਾ :- ਕਲਗੀ ਬਗ਼ੈਰ ਮਹਾਰਾਜਾ ਕੀਕਰ ਫਬੇਗਾ ?

ਹੋਸ਼ਿਆਰਪੁਰ ਤੋਂ ਆਇਆ ਹੋਇਆ ਇਕ ਜੋਸ਼ੀਲਾ ਨੌਜੁਆਨ ਜਿਸ ਦੇ ਝਾੜੀਆਂ ਵਰਗੇ ਵਾਲ ਬਹੁਤ ਘੁੰਗਰਾਂ ਵਾਲੇ ਤੇ ਉਲਝੇ ਹੋਏ ਸਨ ਤੇ ਜਿਸ ਦੇ ਐਕਟਰਾਨਾ ਅੰਦਾਜ਼ ਨੂੰ ਵੇਖ ਕੇ ਸਭ ਸਾਥੀ ਉਸ ਨੂੰ ਸਿਕੰਦਰ ਆਖਦੇ ਸਨ, ਇਸ ਵੇਲੇ ਖੜਾ ਜੋਸ਼ ਨਾਲ ਗਾ ਰਿਹਾ ਸੀ :

ਏਕ ਸਾਥ ਹੈ ਕਦਮ
ਜਹਾਨ ਸਾਥ ਹੈ
ਏਕ ਸਾਥ ਹੈ ਕਦਮ

ਹਾਲੀ ਨੇ ਗੀਤ ਸੁਣ ਕੇ ਕੰਨ ਚੁੱਕੇ ਤੇ ਉਸ ਨਾਲ ਰਲ ਕੇ ਉੱਚੀ-ਉੱਚੀ ਗਾਉਣ ਲੱਗਾ :

ਏਕ ਸਾਥ ਹੈ ਕਦਮ
ਏਕ ਸਾਥ ਹੈ ਕਦਮ

ਆਸ਼ਿਮ ਕਿਸੇ ਫ਼ਿਲਮੀ ਟੱਪੇ ਨੂੰ ਦੁਹਰਾ ਰਿਹਾ ਸੀ।

ਮਿਸਿਜ਼ ਸਾਨਿਆਲ ਦਾ ਮੂੰਹ ਤਪੇ ਹੋਏ ਤਾਂਬੇ ਵਾਂਗ ਭਖਿਆ ਹੋਇਆ ਸੀ ਤੇ ਉਹ ਆਖ ਰਹੀ ਸੀ :

"ਸਭ ਬਾਦਸ਼ਾਹ ਤਖ਼ਤ ਤੋਂ ਥੱਲੇ ਲੱਥ ਗਏ ਹਨ ਤੇ ਜੋ ਰਹਿ ਗਏ ਹਨ ਉਹ

ਬਸ ਦਿਹਾੜੇ ਈ ਗਿਣ ਰਹੇ ਹਨ।"

ਏਸ ਵੇਲੇ ਗੱਡੀ ਅਜਿਹੀ ਥਾਂ ਤੋਂ ਲੰਘ ਰਹੀ ਸੀ ਜਿਥੇ ਦੋਹਾਂ ਪਾਸੇ ਨਿਵਾਣ ਸੀ। ਗੱਡੀ ਦਾ ਖੜਕਾ ਉੱਚਾ ਹੋ ਗਿਆ। ਸਾਡੀਆਂ ਸਭਨਾਂ ਦੀਆਂ ਆਵਾਜ਼ਾਂ ਉੱਚੀਆਂ ਹੋ ਕੇ ਇਕ ਦੂਜੇ ਵਿਚ ਵੱਜਣ ਲੱਗੀਆਂ, ਜੋਕਰ ਦੇ ਸਿਰ ਉਤੇ ਕਲਗੀ ਧਰੀ ਜਾ ਰਹੀ ਸੀ, ਲੱਠੇ ਦੀ ਚਾਦਰ ਖੜਕ ਰਹੀ ਸੀ, ਸਲੇਟੀ ਰੰਗ ਉਤਾਰਿਆ ਜਾ ਰਿਹਾ ਸੀ। ਇੱਟ ਦਾ ਬਾਦਸ਼ਾਹ ਤਖ਼ਤ ਤੋਂ ਉਤਾਰਿਆ ਜਾ ਰਿਹਾ ਸੀ। ਦਸ ਅਵਾਜ਼ਾਂ ਗਾ ਰਹੀਆਂ ਸਨ :

ਏਕ ਸਾਥ ਹੈ ਕਦਮ

ਹਾਲਾਂਕਿ ਉਨ੍ਹਾਂ ਦੇ ਗਲਿਆਂ ਵਿਚੋਂ ਵੱਖ-ਵੱਖ ਸੁਰ ਨਿਕਲ ਰਹੇ ਸਨ, ਬੇ-ਸੁਰੇ ਸ਼ਬਦ ਬੇ-ਤਾਲੇ ਬੋਲ, ਥਿੜਕੇ ਹੋਏ ਟੱਪੇ....ਤੇ ਸਿਕੰਦਰ ਹੱਥ ਚੁੱਕ-ਚੁੱਕ ਕੇ ਗਾ ਰਿਹਾ ਸੀ —

ਏਕ ਸਾਥ ਹੈ ਕਦਮ

ਵਿਚੋਂ ਇਸ ਤਰ੍ਹਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ :

"ਹਾਏ! ਤੁਰਕੀ ਟੋਪੀ ਦਾ ਕੀ ਕਰੀਏ?"
"ਜੋਕਰ ਨੂੰ ਮਾਰੋ ਗੋਲੀ।"
"ਮੈਨੂੰ ਭੁੱਖ ਲੱਗੀ ਐ, ਹਾਏ ਕਬਾਬ।"
"ਸੀਖਾਂ ਤੇ ਕਬਾਬ ਤੇ ਕਲਗੀ।"
"ਲੱਠੇ ਦੀ ਚਾਦਰ ਵਿਚ ਬੰਨ੍ਹ ਲਓ।"
"ਸਲੇਟੀ ਕਬਾਬ।"
"ਮੇਰਾ ਜੁੱਤਾ ਕਿਥੇ ਹੈ"
"ਏਕ ਸਾਥ ਹੈ ਕਦਮ"
"ਕਬਾਬ ਸਾਥ ਹੈ।"

ਇਨ੍ਹਾਂ ਸਾਰੀਆਂ ਅੱਗੜ-ਦੁੱਗੜ ਅਵਾਜ਼ਾਂ ਵਿਚੋਂ ਇਕ ਗੁਲਾਬੀ ਅਵਾਜ਼ ਲਰਜ਼ੀ, ਉੱਚੀ ਪਤਲੀ ਅਵਾਜ਼ ਜਿਵੇਂ ਮੰਡੀ ਦੇ ਰੌਲੇ ਉਤੇ ਮਦਾਰੀ ਦੀ ਬੰਸਰੀ ਵਜਦੀ ਹੈ, ਟੂਣਿਆਂ ਭਰੀ ਅਵਾਜ਼ ਤੇ ਸਭ ਚੁੱਪ ਹੋ ਗਏ :

ਸੜਕੇ ਸੜਕੇ ਜਾਂਦੀਏ
ਮੁਟਿਆਰੇ ਨੀ!
ਕੰਡਾ ਚੁਭਾ ਤੇਰੇ ਪੈਰ
ਬਾਂਕੀਏ ਨਾਰੇ ਨੀ!
ਸੜਕੇ ਸੜਕੇ ਜਾਂਦੀਏ
ਮੁਟਿਆਰੇ ਨੀ!

ਸੁਰਿੰਦਰ ਕੌਰ ਗਾ ਰਹੀ ਸੀ।

ਲੰਬੀ-ਲੰਝੀ ਸੁਰਿੰਦਰ ਕੌਰ—ਸਾਂਵਲਾ ਰੰਗ, ਘਣੇ ਵਾਲ, ਸਾਫ਼ ਅੱਖਾਂ। ਉਸ ਨੂੰ ਵੇਖ ਕੇ ਪੰਜਾਬ ਦੀ ਕਿਸੇ ਜੱਟੀ ਦਾ ਖ਼ਿਆਲ ਆਉਂਦਾ ਹੈ ਜਿਵੇਂ ਹੁਣੇ ਉਹ ਮੱਝ ਚੋ ਕੇ ਆਈ ਹੋਵੇ ਜਾਂ ਹੁਣੇ ਖੁਰਲੀ ਵਿਚ ਵੰਡ ਰਲਾ ਕੇ ਆਈ ਹੋਵੇ। ਸਾਡੇ ਪਿੰਡ ਅਜੇਹੀ ਪਟਵਾਰੀਆਂ ਦੀ ਇਕ ਕੁੜੀ ਸੀ, ਤਕੜੀ ਹੱਟੀ-ਕੱਟੀ ਜੋ ਇਕੱਲੀ ਹੀ ਵੱਡੇ



ਖੁੰਢ ਨੂੰ ਘੜੀਸ ਕੇ ਲੈ ਜਾਂਦੀ ਸੀ। ਸਭ ਉਸ ਨੂੰ "ਖੁੰਢ-ਘੜੀਸਣੀ" ਆਖਦੇ ਸਨ। ਸੁਰਿੰਦਰ ਕੌਰ ਵੀ ਸ਼ਕਲੋਂ ਪਟਵਾਰੀਆਂ ਦੀ ਉਸ ਕੁੜੀ ਵਾਂਗ 'ਖੁੰਢ-ਘੜੀਸਣੀ' ਲਗਦੀ ਹੈ। ਪਰ ਜਦ ਉਹ ਉੱਚੀ ਬੇ-ਤਹਾਸ਼ਾ ਹੱਸਦੀ ਹੈ ਤਾਂ ਉਸ ਦੇ ਸਡੌਲ ਦੰਦ ਚਮਕਣ ਲਗਦੇ ਹਨ ਤੇ ਇਉਂ ਲਗਦਾ ਹੈ ਜਿਵੇਂ ਕਿਸੇ ਨੇ ਤ੍ਰੇਲ ਤੁਪਕਿਆਂ ਨਾਲ ਭਰੀ ਝਾੜੀ ਨੂੰ ਹਲੂਣ ਦਿੱਤਾ ਹੋਵੇ। ਤੇ ਜਦ ਉਹ ਗਾਉਂਦੀ ਹੈ ਤਾਂ ਉਸ ਦੀ ਆਵਾਜ਼ ਵਿਚੋਂ ਰਸ ਚੋਣ ਲਗਦਾ ਹੈ। ਉਸ ਦਾ ਸਾਰਾ ਵਜੂਦ ਸੰਗੀਤ ਦੀ ਝਰਨਾਹਟ ਨਾਲ ਪਤਲੀ ਤਾਰ ਵਾਂਗ ਕੰਬਣ ਲਗਦਾ ਹੈ ਤੇ ਜਜ਼ਬੇ ਪੰਘਰ ਕੇ ਉਸ ਦੀਆਂ ਅੱਖਾਂ ਵਿਚ ਘੁਲ ਜਾਂਦੇ ਹਨ ਤੇ ਉਸ ਦੀ ਗਰਦਨ ਲੰਮੀ-ਲੰਮੀ ਲਗਦੀ ਹੈ, ਸੁਰਾਹੀ ਵਾਂਗ।

ਸੁਰਿੰਦਰ ਕੌਰ ਗਾ ਰਹੀ ਸੀ। ਗੱਡੀ ਇਕ ਦਮ ਇਕ ਥਾਂ ਤੋਂ ਮੁੜੀ ਤੇ ਇਕ ਪਾਸੇ ਨੂੰ ਲਿਫ਼ ਕੇ ਮੋੜ ਕੱਟਣ ਲੱਗੀ। ਸੋਢੀ ਜੁਗਿੰਦਰ ਭਰੇ ਮਟਕੇ ਵਾਂਗ ਲੁੜ੍ਹਕਿਆ। ਸੁਰਾਹੀ ਤੇ ਮਟਕਾ ਦੋਵੇਂ ਗਾਉਣ ਲੱਗੇ —

ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ।

ਦੂਰ-ਦੁਰੇਡੇ ਜਾਣ ਦੇ ਚਾਉ ਨਾਲ ਸਭ ਮੈਂਬਰ ਖੁਸ਼ ਸਨ। ਗੀਤਾਂ, ਹਾਸੇ ਤੇ ਮਖੌਲਾਂ ਵਿਚ ਸਭ ਮਸਤ ਸਨ। ਰੇਲ ਗੱਡੀ ਪਟੜੀ ਉਤੇ ਝਕੋਲੇ ਖਾਂਦੀ ਜਾ ਰਹੀ ਸੀ। ਅਸੀਂ ਇਸ ਦੀ ਹਿਲੋਰ ਵਿਚ ਝੂਲ ਰਹੇ ਸਾਂ। ਅਚਨਚੇਤ ਹੀ ਸਾਡਾ ਮਨ ਗੱਡੀ ਦੀ ਤੇਜ਼ ਰਫ਼ਤਾਰ ਨਾਲ ਧੜਕਣ ਲਗਾ। ਸਾਨੂੰ ਨਿੱਤ ਦਾ ਰੁਝੇਵਾਂ ਭੁੱਲ ਗਿਆ। ਆਪਣੇ ਆਪਣੇ ਕੰਮਾਂ ਦੇ ਨਿਕੇ ਮੋਟੇ ਫ਼ਿਕਰ ਭੁਲ ਗਏ। ਦਿੱਲੀ ਦੀ ਇਕ ਰਟ ਰਿੜ੍ਹਨ ਵਾਲੀ ਜ਼ਿੰਦਗੀ ਤੋਂ ਹਟ ਕੇ ਸਾਨੂੰ ਗੱਡੀ ਦੀ ਮੁਸਾਫ਼ਰੀ ਬਹੁਤ ਦਿਲਕਸ਼ ਤੇ ਸੁਆਦਲੀ ਜਾਪੀ। ਇਸ ਤੋਂ ਪਹਿਲਾਂ ਅਸੀਂ ਦੋ ਵਾਰ ਏਸੇ ਤਰ੍ਹਾਂ ਜਲੰਧਰ ਤੇ ਕਲਕੱਤੇ ਜਾ ਚੁੱਕੇ ਸਾਂ। ਦੋਹਾਂ ਵਾਰੀ ਭੀੜ ਵਿਚ ਕੁਚਲੇ ਗਏ ਸਾਂ ਸਾਨੂੰ ਥਰਡ ਕਲਾਸ ਦਾ ਪੂਰਾ-ਪੂਰਾ ਤਜਰਬਾ ਸੀ। ਚਿਪਚਿਪੀ ਗਰਮੀ, ਮੁਸਾਫ਼ਰਾਂ ਦੀ ਖਿਚਮ-ਖਿੱਚ, ਧੱਕਾ, ਰੌਲਾ, ਖੋਹਾ-ਖਿੰਝੀ, ਚੀਕ-ਚੰਘਿਆੜਾ ਤੇ ਸਾਹ ਘੋਟੂ ਭੀੜ—ਇਨ੍ਹਾਂ ਗੱਲਾਂ ਨੂੰ ਕੌਣ ਨਹੀਂ ਜਾਣਦਾ? ਪਰ ਇਸ ਵਾਰ ਡੱਬੇ ਵਿਚ ਅਸੀਂ ਸਿਰਫ਼ ਤੀਹ ਜਣੇ ਸਾਂ। ਅਸੀਂ ਫ਼ੈਸਲਾ ਕਰ ਲਿਆ ਸੀ ਕਿ ਰੇਲਵੇ ਦੇ ਇਸ ਕਾਨੂੰਨ ਦੀ ਜੋ ਇਹ ਆਖਦਾ ਹੈ ਕਿ ਇਹ ਡੱਬਾ ਸਿਰਫ਼ ਪੱਚੀ ਆਦਮੀਆਂ ਲਈ ਹੈ, ਅਸੀਂ ਪੂਰੀ-ਪੂਰੀ ਹਿਫ਼ਾਜ਼ਤ ਕਰਾਂਗੇ।

ਪ੍ਰੋਫ਼ੈਸਰ ਬੱਤਰਾ ਜੋ ਪੰਜਾਬ ਕੈਂਪ ਕਾਲਜ ਵਿਚ ਪੋਲੀਟੀਕਲ ਸਾਇੰਸ ਪੜ੍ਹਾਉਂਦਾ ਸੀ, ਕਾਨੂੰਨ ਵੀ ਪੜ੍ਹਿਆ ਹੋਇਆ ਸੀ। ਪ੍ਰੋਫ਼ੈਸਰ ਬੱਤਰਾ ਦੇ ਕੂਲ੍ਹੇ ਚੌੜੇ, ਜਬਾੜੇ ਤਕੜੇ ਤੇ ਮੋਟੇ ਬੁੱਲ੍ਹਾਂ ਉਤੇ ਤਰਾਸ਼ੀਆਂ ਹੋਈਆਂ ਮੁੱਛਾਂ ਦੀ ਲੀਕ—ਸ਼ਕਲੋਂ ਉਹ ਰੰਜਨ ਐਕਟਰ ਦਾ ਵੱਡਾ ਭਰਾ ਜਾਪਦਾ ਸੀ। ਜੇ ਉਹ ਕਾਲਜ ਵਿਚ ਪ੍ਰੋਫ਼ੈਸਰ ਨਾ ਹੁੰਦਾ ਤਾਂ ਕਿਸੇ ਅਖਾੜੇ ਵਿਚ ਗਤਕਾ ਜਾਂ ਤਲਵਾਰ ਚਲਾਉਣੀ ਸਿਖਾਉਣ ਉਤੇ ਲਗਿਆ ਹੁੰਦਾ। ਉਸ ਦੇ ਜਬਾੜੇ ਇਉਂ ਜਾਪਦੇ ਸਨ ਕਿ ਉਹ ਭਾਵੇਂ ਕਿਸੇ ਚੀਜ਼ ਨੂੰ ਫੜ ਲੈਣ, ਭਾਵੇਂ ਕਾਨੂੰਨ ਦਾ ਕੋਈ ਨੁਕਤਾ ਤੇ ਭਾਵੇਂ ਮੁਖ਼ਾਲਿਫ਼ ਦੀ ਗਰਦਨ ਆਸਾਨੀ ਨਾਲ ਨਹੀਂ ਛਡਣਗੇ।

ਪ੍ਰੋਫ਼ੈਸਰ ਬੱਤਰਾ ਨੇ ਆਖਿਆ, "ਅਸੀਂ ਕਿਸੇ ਨੂੰ ਅੰਦਰ ਵੜਨ ਨਹੀਂ ਦੇਣਾ। ਕਿਸ-ਕਿਸ ਨੂੰ ਜਗ੍ਹਾ ਦੇਵਾਂਗੇ, ਬਾਹਰ ਤਾਂ ਹਜ਼ਾਰਾਂ ਆਦਮੀ ਖੜੇ ਹਨ। ਡੱਬੇ ਵਿਚ ਜੇ ਬਹੁਤ ਕਰਾਂਗੇ ਤਾਂ ਵੀਹ-ਤੀਹ ਆਦਮੀ ਹੋਰ ਘੁਸੜ ਕੇ ਬੈਠ ਜਾਣਗੇ। ਤੇ ਬਾਕੀ ਦੇ

ਲੋਕ ਕਿਧਰ ਜਾਣਗੇ ? ਤੇ ਜੇ ਇਸ ਸਟੇਸ਼ਨ ਤੋਂ ਅਸੀਂ ਕੁਝ ਮੁਸਾਫਰ ਲਈਏ ਤਾਂ ਅਗਲੇ ਸਟੇਸ਼ਨ ਤੋਂ ਕਿਉਂ ਨਾ ਲਈਏ, ਤੇ ਫੇਰ ਉਸ ਤੋਂ ਅਗਲੇ ਸਟੇਸ਼ਨ ਤੋਂ ਕਿਉਂ ਨਾ । ਇਥੇ ਤਾਂ ਹਰ ਇਕ ਸਟੇਸ਼ਨ ਉਤੇ ਇਹੋ ਹਾਲ ਐ । ਗੌਰਮਿੰਟ ਨੂੰ ਚਾਹੀਦਾ ਹੈ ਕਿ ਹੋਰ ਗੱਡੀਆਂ ਚਲਾਏ । ਇਹ ਨਹੀਂ ਕਿ ਇਨ੍ਹਾਂ ਗੱਡੀਆਂ ਨਾਲ ਹੀ ਰੇਲਵਾਈ ਦਾ ਘਰ ਭਰ ਲਓ, ਮੁਸਾਫ਼ਰ ਜਾਣ ਖਾਰੇ ਖੂਹ ਵਿਚ । ਇਹ ਕੋਈ ਸਰਕਾਰ ਥੋੜ੍ਹਾ ਈ ਐ, ਇਹ ਤਾਂ ਬਾਣੀਆਂ ਵਾਲੀ ਹੱਟੀ ਐ । ਇਸ ਨੂੰ ਲੋਕਾਂ ਦੀ ਤਕਲੀਫ਼ ਨਾਲੋਂ ਆਪਣੀ ਖੱਟੀ ਦੀ ਵਧੇਰੇ ਫ਼ਿਕਰ ਐ—ਤੁਸੀਂ ਫਿਕਰ ਨਾ ਕਰੋ ਮੈਂ ਦਰਵਾਜ਼ੇ ਉਤੇ ਖੜੋਂਦਾ ਹਾਂ, ਅੰਦਰ ਕੋਈ ਨਹੀਂ ਆ ਸਕੇਗਾ ।"

ਇਹ ਆਖ ਕੇ ਪ੍ਰੋਫ਼ੈਸਰ ਬੱਤਰਾ ਬੂਹੇ ਉਤੇ ਡਟ ਕੇ ਖੜਾ ਹੋ ਗਿਆ ।

ਝਾਂਸੀ ਦੇ ਸਟੇਸ਼ਨ ਉਤੇ ਹਜ਼ਾਰਾਂ ਲੋਕੀ ਪਲੇਟ ਫ਼ਾਰਮ ਉਤੇ ਖੜੇ ਸਨ । ਸਾਡੇ ਡੱਬੇ ਵਿਚ ਛੀੜ ਵੇਖ ਕੇ ਇਸ ਉਤੇ ਪਿਲ ਪਏ । ਉਨ੍ਹਾਂ ਦੀ ਉਹੀ ਹਾਲਤ ਹੋਈ ਜੋ ਖਾਣੇ ਨਾਲ ਲੱਦੀ ਮੇਜ਼ ਨੂੰ ਵੇਖ ਕੇ ਭੁਖਿਆਂ ਦੀ ਹੁੰਦੀ ਹੈ ।

ਕੁਝ ਗਰੀਬ ਅਨਪੜ੍ਹ ਕਿਰਸਾਨ ਤਾਂ ਬੱਤਰਾ ਦੀ ਬੜ੍ਹਕ ਸੁਣ ਕੇ ਅੱਗੇ ਚਲੇ ਗਏ ਪਰ ਤਿੰਨ-ਚਾਰ ਪੜ੍ਹੇ-ਲਿਖੇ ਵਪਾਰੀ ਡੱਬੇ ਅੱਗੇ ਅੜ ਗਏ ।

"ਸਾਨੂੰ ਅੰਦਰ ਆਉਣ ਦਿਉ ।"

"ਨਹੀਂ ਆਉਣ ਦੇਂਦਾ ।"

"ਕਿਉਂ ਨਹੀਂ ਆਉਣ ਦੇਂਦਾ ਤੂੰ ? ਕੀ ਇਹ ਡੱਬਾ ਤੇਰਾ ਰੀਜ਼ਰਵ ਕੀਤਾ ਹੈ ?"

"ਹਾਂ, ਰੀਜ਼ਰਵ ਹੈ ।"

"ਕਿਥੇ ਐ ਰੀਜ਼ਰਵ ਦਾ ਸਰਟੀਫਿਕੇਟ ?"

"ਨਹੀਂ ਵਖਾਉਂਦਾ ।" ਬੱਤਰਾ ਘੁਰਕ ਕੇ ਪਿਆ ।

"ਨਹੀਂ ਵਖਾਉਂਦਾ ਤਾਂ ਹਟ ਇਕ ਪਾਸੇ ।" ਇਕ ਤਗੜੇ ਲਾਲੇ ਨੇ ਜਿਸ ਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ ਸੀ, ਹੁੱਜ ਮਾਰ ਕੇ ਆਖਿਆ ।

ਬੱਤਰਾ ਨੇ ਉਸੇ ਤਰ੍ਹਾਂ ਕੜਕ ਕੇ ਆਖਿਆ, "ਖਬਰਦਾਰ ਜੇ ਕੋਈ ਅੱਗੇ ਆਇਆ, ਨਹੀਂ ਤਾਂ ਧੱਕਾ ਦੇ ਦੇਵਾਂਗਾ ।"

"ਮੈਂ ਪੁਲਸ ਨੂੰ ਬੁਲਾਵਾਂਗਾ" ਲਾਲਾ ਚੀਕਿਆ ।

"ਬੁਲਾ ਲੈ ।"

"ਤੂੰ ਅੰਦਰ ਨਹੀਂ ਆਉਣ ਦੇਂਦਾ ?"

"ਨਹੀਂ ।"

"ਤੂੰ ਕੌਣ ਹੁੰਦਾ ਐਂ ?"

"ਤੂੰ ਕੌਣ ਹੁੰਦਾ ਐਂ ?"

"ਗੱਡੀ ਤੇਰੇ ਬਾਪ ਦੀ ਐ ?"

"ਤੇਰੇ ਬਾਪ ਦੀ ਐ ?"

ਤਿੰਨ-ਚਾਰ ਮੋਟੇ ਲਾਲੇ ਬੂਹੇ ਨੂੰ ਧੱਕਾ ਦੇ ਕੇ ਅੰਦਰ ਵੱਤਨ ਲੱਗੇ । ਬੱਤਰਾ ਤੇ ਦਿਨੇਸ਼ ਸਾਰਾ ਜ਼ੋਰ ਲਾ ਕੇ ਅੰਦਰੋਂ ਬੂਹੇ ਨੂੰ ਬੰਦ ਕਰ ਰਹੇ ਸਨ । ਜ਼ਿੰਦਗੀ ਤੇ ਮੌਤ



ਦੀ ਜੰਗ ਸੀ । ਬਾਹਰੋਂ ਲੋਕਾਂ ਦਾ ਹਜੂਮ, ਨਾਅਰੇ, ਆਵਾਜ਼ਾਂ ਤੇ ਅੰਦਰੋਂ ਪ੍ਰੋਫ਼ੈਸਰ ਬੱਤਰਾ ਤੇ ਦਿਨੇਸ਼ । ਬੂਹਾ ਜਾਨ ਕਨੀ ਦੀ ਹਾਲਤ ਵਿਚ ਅੱਧਾ ਖੁੱਲ੍ਹਾ ਤੇ ਅੱਧਾ ਬੰਦ ਸੀ—ਨਾ ਏਧਰ ਨਾ ਉਧਰ ।

ਮਿਸਿਜ਼ ਸਾਨਿਆਲ ਰਿੱਛਣੀ ਵਾਂਗ ਖੁਰ-ਖੁਰ ਕਰਨ ਲੱਗੀ, ਕਸਾਬ ਨੇ ਛੁਰਾ ਘੁਮਾਇਆ, ਬੱਤਰਾ ਉੱਚੀ ਦੇਣੀ ਬੁਲਡਾਗ ਵਾਂਗ ਗ਼ੁਰਾਇਆ ਤੇ ਉਸ ਨੇ ਜ਼ੋਰ ਦੀ ਧੱਕਾ ਮਾਰਿਆ । ਮੋਟਾ ਲਾਲਾ ਪਲੇਟ ਫ਼ਾਰਮ ਉਤੇ ਡਿਗ ਪਿਆ, ਮੈਦਾਨ ਸਾਡੇ ਹੱਥ ਰਿਹਾ ।

ਲੋਕਾਂ ਦੇ ਇਸ ਹੱਲੇ ਤੋਂ ਪਹਿਲਾਂ ਅਸੀਂ ਵੱਖ-ਵੱਖ ਬੈਠੇ ਸਾਂ, ਨਿਜ਼ੀ ਤੇ ਆਸ਼ਿਮ ਟੋਸਟ ਦੇ ਇਕ ਟੁੱਕੜੇ ਉਤੇ ਲੜ ਰਹੇ ਸਨ, ਵੇਦ ਵਿਆਸ ਤੇ ਨਿਰੰਜਨ ਸਿੰਘ ਤਾਸ਼ ਦੇ ਪੱਤਿਆਂ ਉਤੇ ਜੂਤ-ਪਤਾਣ ਹੋ ਰਹੇ ਸਨ । ਪਰ ਬਾਹਰ ਦਾ ਖ਼ਤਰਾ ਵੇਖ ਕੇ ਸਭ ਇਕੱਠੇ ਹੋ ਗਏ ਤੇ ਆਪਣੇ ਮੁਫ਼ਾਦ ਨੂੰ ਬਚਾਉਣ ਵਾਸਤੇ ਸਭ ਤਾਸ਼, ਟੋਸਟ ਤੇ ਕਬਾਬ ਦਾ ਝਗੜਾ ਛਡ ਕੇ ਨਾਕਾ-ਬੰਦੀ ਕਰਨ ਲਈ ਬੂਹੇ ਉਤੇ ਡਟ ਗਏ ।

ਬਾਹਰ ਪੰਜ ਸੌ ਆਦਮੀ ਮੁੱਠੀਆਂ ਕੱਸੀ, ਦੰਦ ਭਚੀਟੀ ਸਾਨੂੰ ਗਾਲ੍ਹਾਂ ਕਢ ਰਹੇ ਸਨ, "ਦਰਵਾਜ਼ਾ ਖੋਲ੍ਹੋ ।"

ਇਕ ਆਦਮੀ ਦੌੜ ਕੇ ਗਿਆ ਤੇ ਸਟੇਸ਼ਨ ਮਾਸਟਰ ਨੂੰ ਬੁਲਾ ਲਿਆਇਆ । ਸਟੇਸ਼ਨ ਮਾਸਟਰ ਨੇ ਆ ਕੇ ਗੱਡੀ ਵਿਚ ਝਾਤ ਸੁੱਟੀ ।

"ਦਰਵਾਜ਼ਾ ਖੋਲ੍ਹੋ ।" ਸਟੇਸ਼ਨ ਮਾਸਟਰ ਨੇ ਬੱਤਰਾ ਨੂੰ ਆਖਿਆ ।

ਬੱਤਰਾ ਨੇ ਆਖਿਆ, "ਕਿਉਂ ?"

"ਬਾਬੂ ਜੀ ਇਕ ਪਾਸੇ ਹਟ ਜਾਓ, ਲੋਕਾਂ ਨੂੰ ਅੰਦਰ ਆਉਣ ਦਿਉ ।"

"ਜਗ੍ਹਾ ਹੈ ਨਹੀਂ" ਬੱਤਰਾ ਨੇ ਮੂੰਹ ਵੱਟ ਕੇ ਆਖਿਆ ।

"ਜਗ੍ਹਾ ਹੈ—ਸਾਫ ਨਜ਼ਰ ਆ ਰਹੀ ਹੈ ਜਗ੍ਹਾ—ਹਟੋ ਇਕ ਪਾਸੇ ।" ਸਟੇਸ਼ਨ ਮਾਸਟਰ ਨੇ ਰੋਅਬ ਨਾਲ ਆਖਿਆ ।

"ਇਹ ਰੋਅਬ ਕਿਤੇ ਹੋਰ ਵਖਾਉਣਾ", ਬੱਤਰਾ ਨੇ ਸਾਰੇ ਡੱਬੇ ਦੀ ਕਮਾਨ ਆਪਣੇ ਹੱਥ ਵਿਚ ਲੈਂਦਿਆਂ ਆਖਿਆ, "ਅੰਦਰ ਕੋਈ ਆਦਮੀ ਨਹੀਂ ਆ ਸਕਦਾ । ਰੇਲਵੇ ਦਾ ਕਾਨੂੰਨ ਆਖਦਾ ਹੈ ਕਿ ਇਹ ਡੱਬਾ ਪੰਝੀਆਂ ਆਦਮੀਆਂ ਲਈ ਹੈ—ਅਸੀਂ ਪੂਰੇ ਤੀਹ ਬੈਠੇ ਹਾਂ । ਫਿਰ ਤੁਸੀਂ ਕਿਸ ਦਫ਼ਾ ਜਾਂ ਕਾਨੂੰਨ ਨਾਲ ਆਖਦੇ ਹੋ ਕਿ ਇਸ ਡੱਬੇ ਵਿਚ ਹੋਰ ਮੁਸਾਫ਼ਿਰ ਤੁਸੇ ਜਾਣ । ਦੇਖੋ ਬਾਬੂ ਸਾਹਿਬ ! ਜੇ ਤੁਸੀਂ ਜ਼ਬਰਦਸਤੀ ਹੋਰ ਮੁਸਾਫ਼ਰਾਂ ਨੂੰ ਅੰਦਰ ਤੁਸਿਆ ਤੇ ਸਾਡੇ ਮੈਂਬਰਾਂ ਵਿਚੋਂ ਕਿਸੇ ਦੀ ਤਬੀਅਤ ਖ਼ਰਾਬ ਹੋ ਗਈ ਜਾਂ ਕੋਈ ਕੁੜੀ ਬੇਹੋਸ਼ ਹੋ ਗਈ ਤਾਂ ਤੁਸੀਂ ਜ਼ੁੰਮੇਵਾਰ ਹੋਵੋਗੇ, ਤੁਹਾਨੂੰ ਅਦਾਲਤ ਭੁਗਤਣੀ ਪਵੇਗੀ । ਅਸੀਂ ਦਿੱਲੀ ਤੋਂ ਸਫ਼ਰ ਕਰਦੇ ਆ ਰਹੇ ਹਾਂ ਬੰਬਈ ਜਾਣਾ ਐਂ, ਤੀਹ ਘੰਟਿਆਂ ਦਾ ਸਫ਼ਰ । ਸਾਨੂੰ ਪਹਿਲਾਂ ਹੀ ਸਾਹ ਨਹੀਂ ਆ ਰਿਹਾ, ਗਰਮੀ ਵਿਚ ਅਸੀਂ ਮਰੇ ਜਾ ਰਹੇ ਹਾਂ, ਤੁਹਾਨੂੰ ਅਦਾਲਤ ਭੁਗਤਣੀ ਪਵੇਗੀ । ਅਸੀਂ ਆਰਟਿਸਟ ਲੋਕ ਆਂ, ਬੰਬਈ ਪਹੁੰਚ ਕੇ ਪਰਸੋਂ ਸਟੇਜ ਉਤੇ ਖੇਲ ਕਰਨਾ ਹੈ, ਜੇ ਸਾਡੇ ਵਿਚੋਂ ਕੋਈ ਬੀਮਾਰ ਪੈ ਗਿਆ ਜਾਂ ਕੋਈ ਕੁੜੀ ਬੇਹੋਸ਼ ਹੋ ਗਈ ਤਾਂ ।"

ਬੱਤਰਾ ਨੇ ਫਿਰ ਕਾਨੂੰਨ ਦਾ ਰੋਅਬ ਦਿਖਾਇਆ । ਸਟੇਸ਼ਨ ਮਾਸਟਰ ਨੇ ਬੋਰਡ

ਪੜ੍ਹਿਆ, "ਪੰਝੀਆਂ ਮੁਸਾਫ਼ਰਾਂ ਲਈ ।" ਸਾਨੂੰ ਸਭਨਾਂ ਨੂੰ ਗਿਣਿਆਂ, ਤੀਹ ਆਦਮੀ ਸਨ, ਤੀਹ ਟਿਕਟ ਸਨ । ਉਹ ਬੱਤਰਾ ਦੀ ਦਲੀਲ ਅੱਗੇ ਝੁਕ ਗਿਆ ।

ਇੰਜਣ ਨੇ ਸੀਟੀ ਮਾਰੀ, ਮੁਸਾਫ਼ਰਾਂ ਨੇ ਚੀਖ਼ਾਂ ਮਾਰੀਆਂ, ਗਾਰਡ ਨੇ ਝੰਡੀ ਹਿਲਾਈ ਤੇ ਗੱਡੀ ਮੁਸਾਫ਼ਰਾਂ ਨੂੰ ਵਿਲਕਦਿਆਂ ਤੇ ਗਾਲ੍ਹਾਂ ਕਢਦਿਆਂ ਛਡ ਕੇ ਤੁਰ ਪਈ ।

ਅਸੀਂ ਸਭਨਾਂ ਨੇ ਬੱਤਰਾ ਨੂੰ ਘੁੱਟ ਕੇ ਜੱਫੀ ਪਾ ਲਈ, ਉਸ ਦੇ ਨਾਂ ਦੇ ਤਿੰਨ ਨਾਅਰੇ ਲਾਏ, "ਪ੍ਰੋਫ਼ੈਸਰ ਬੱਤਰਾ, ਜ਼ਿੰਦਾਬਾਦ ।" ਤੇ ਉਸ ਨੂੰ ਡੱਬੇ ਦਾ ਫਾਰਨ ਮਨਿਸਟਰ ਬਣਾ ਦਿੱਤਾ ।

ਇਸ ਪਿਛੋਂ ਅਸੀਂ ਕੱਛਾਂ ਵਜਾਉਂਦੇ, ਬਾਘੀਆਂ ਪਾਉਂਦੇ, ਹੱਸਦੇ-ਖੇਡਦੇ, ਟਹਿਕਦੇ ਤੇ ਇਕ ਦੂਜੇ ਨਾਲ ਚੁਹਲਾਂ ਕਰਦੇ ਰੋਟੀ ਖਾਣ ਲੱਗੇ । ਫ਼ੂਡ ਮਨਿਸਟਰ ਮਿਸਿਜ਼ ਸਾਨੀਆਲ ਸਭਨਾਂ ਨੂੰ ਰੋਟੀਆਂ ਪਰਾਂਠੇ ਤੇ ਕਬਾਬ ਵਰਤਾਉਣ ਲੱਗੀ ।

ਅਗਲੇ ਸਟੇਸ਼ਨ ਉਤੇ ਜਦ ਗੱਡੀ ਰੁਕੀ ਤਾਂ ਅਸੀਂ ਬਾਰੀਆਂ ਬੂਹੇ ਪੂਰੀ ਤਰ੍ਹਾਂ ਬੰਦ ਕਰ ਲਏ ।

ਬੂਹੇ ਉਤੇ ਮੁੱਕਿਆਂ ਦੀ ਬਾਰਸ਼ ਹੋ ਰਹੀ ਸੀ ।

"ਖੋਲ੍ਹੋ !"

"ਤੋੜ ਦਿਓ !"

"ਖੋਲ੍ਹੋ !"

ਅਸੀਂ ਅੰਦਰ ਬੈਠੇ ਰਹੇ । ਅਮੀਰ ਖ਼ਾਨ ਕਬਾਬ ਦੀਆਂ ਕਿਸਮਾਂ ਗਿਣਵਾ ਰਿਹਾ ਸੀ । ਬੱਤਰਾ ਰਾਜਸੀ ਬਹਿਸ ਤੋਂ ਹਟ ਕੇ ਕਵਿਤਾ ਸੁਣਾ ਰਿਹਾ ਸੀ । ਸੋਢੀ ਜੋਗਿੰਦਰ ਤੇ ਵੇਦ ਵਿਆਸ ਤਾਸ਼ ਖੇਲ ਰਹੇ ਸਨ ।

ਮਿਸਿਜ਼ ਸਾਨੀਆਲ ਨੇ ਆਖਿਆ, "ਦਰਵਾਜ਼ਾ ਖੋਲ੍ਹ ਦਿਓ, ਵੇਖੋ ਤਾਂ ਸਹੀ ਕੌਣ ਹੈ ?"

"ਜੀ ਬਕਣ ਦਿਓ—ਨਾ ਖੋਲ੍ਹੋ ।" ਵੇਦ ਵਿਆਸ ਤਾਸ਼ ਖੇਡਦਾ ਖੇਡਦਾ ਬੋਲਿਆ ।

ਇਕ ਭਾਰੀ ਆਵਾਜ਼ ਵਾਰ-ਵਾਰ ਕਹਿ ਰਹੀ ਸੀ "ਦਰਵਾਜ਼ਾ ਖੋਲ੍ਹੋ ! ਟਿਕਟ ਚੈੱਕਰ, ਦਰਵਾਜ਼ਾ ਖੋਲ੍ਹੋ !"

ਇਤਨੇ ਵਿਚ ਫੱਟ ਦੇਣੀ ਦਰਵਾਜ਼ੇ ਦੀ ਖਿੜਕੀ ਖੁੱਲ੍ਹ ਗਈ ਤੇ ਅਸੀਂ ਵੇਖਿਆ ਕਿ ਚਿੱਟੀ ਵਰਦੀ ਵਿਚ ਇਕ ਸਰਦਾਰ ਸਾਹਿਬ ਖੜੇ ਹਨ, ਉਮਰ ਪੰਜਾਹ ਸਾਲ ਦੇ ਲਗਪਗ, ਮੱਥੇ ਉਤੇ ਤਿਊੜੀ ਤੇ ਮੁੜੀ ਹੋਈ ਨੱਕ ਉਤੇ ਮੋਟੇ ਸ਼ੀਸ਼ਿਆਂ ਦੀ ਐਨਕ । ਉਨ੍ਹਾਂ ਰੇਲਵਾਈ ਚਾਬੀ ਲਾ ਕੇ ਖਿੜਕੀ ਨੂੰ ਬਾਹਰੋਂ ਹੀ ਖੋਲ੍ਹ ਲਿਆ ਸੀ । ਉਹ ਟਿਕਟ ਚੈੱਕਰ ਸਨ ।

"ਤੁਸੀਂ ਲੋਕ ਦਰਵਾਜ਼ਾ ਕਿਉਂ ਨਹੀਂ ਖੋਲ੍ਹਦੇ ?" ਉਨ੍ਹਾਂ ਖਿਝ ਕੇ ਆਖਿਆ ।

ਬੱਤਰਾ ਨੇ ਬੂਹਾ ਖੋਲ੍ਹ ਦਿੱਤਾ ।

"ਹਟੋ ਇਕ ਪਾਸੇ ।"

ਇਹ ਆਖ ਕੇ ਸਰਦਾਰ ਸਾਹਿਬ ਕਹਿਰ-ਭਰੀਆਂ ਨਜ਼ਰਾਂ ਸੁੱਟਦੇ ਹੋਏ ਡੱਬੇ ਅੰਦਰ ਦਾਖ਼ਲ ਹੋਏ । ਸਰਦਾਰ ਸਾਹਿਬ ਦੇ ਨਾਲ ਹੀ ਚਾਰ-ਪੰਜ ਹੋਰ ਆਦਮੀ ਅੰਦਰ



ਵੜਨ ਲੱਗੇ । ਬੱਤਰਾ ਨੇ ਰੋਕ ਦਿੱਤਾ, "ਬਸ ।"

ਸਰਦਾਰ ਸਾਹਿਬ ਨੇ ਆਖਿਆ, "ਤੁਸੀਂ ਇਨ੍ਹਾਂ ਨੂੰ ਕਿਉਂ ਰੋਕਦੇ ਹੋ ? ਆਉਣ ਦਿਓ ਅੰਦਰ ਕਾਫ਼ੀ ਜਗ੍ਹਾ ਹੈ ।"

ਬੱਤਰਾ ਬੋਲਿਆ, "ਜੀ ਅੰਦਰ ਬਿਲਕੁਲ ਜਗ੍ਹਾ ਨਹੀਂ । ਅਸੀਂ ਤਾਂ ਆਪ ਮਸਾਂ ਬੈਠੇ ਹਾਂ । ਪੱਚੀ ਦੀ ਥਾਂ ਪੂਰੇ ਤੀਹ ਬੈਠੇ ਹਾਂ ।"

"ਜੇ ਜਗ੍ਹਾ ਹੈ ਤਾਂ ਕਿਉਂ ਨਹੀਂ ਬੈਠਣ ਦੇਂਦੇ ਤੁਸੀਂ ?" ਸਰਦਾਰ ਸਾਹਿਬ ਬੋਲੇ ।

"ਨਹੀਂ ਬੈਠਣ ਦੇਂਦੇ, ਰੇਲਵੇ ਦਾ ਕਾਨੂੰਨ ਈ ਇਹ ਹੈ ।" ਬੱਤਰਾ ਨੇ ਆਖਿਆ ।

"ਕਾਨੂੰਨ ਦੀ ਗੱਲ ਨਾ ਕਰੋ ।" ਸਰਦਾਰ ਸਾਹਿਬ ਨੇ ਆਖਿਆ, "ਜੇ ਤੁਸੀਂ ਪੰਜ ਸੱਤ ਆਦਮੀਆਂ ਨੂੰ ਜਗ੍ਹਾ ਦੇ ਸਕਦੇ ਹੋ ਤਾਂ ਵਿਚਾਰਿਆਂ ਨੂੰ ਆਉਣ ਦਿਓ ।"

"ਕਾਨੂੰਨ ਦੀ ਗੱਲ ਕਿਉਂ ਨਾ ਕਰੀਏ, ਸਰਦਾਰ ਸਾਹਿਬ ?" ਬੱਤਰਾ ਨੇ ਜ਼ਿਰਹ ਕਰਦਿਆਂ ਆਖਿਆ, "ਤੇ ਪੰਜ-ਸੱਤ ਸੌ ਨੂੰ ਕਿਉਂ ਨਾ ? ਇਲਾਜ ਸਾਡੇ ਕੋਲ ਨਹੀਂ । ਜਿਸ ਸਮਾਜ ਦਾ ਆਵਾ ਹੀ ਊਤਿਆ ਹੋਵੇ ਉਸ ਨੂੰ ਅਸੀਂ ਦਇਆ ਦੀਆਂ ਨਿੱਕੀਆਂ ਨਿੱਕੀਆਂ ਟਾਕੀਆਂ ਨਾਲ ਨਹੀਂ ਜੋੜ ਸਕਦੇ । ਜੇ ਰੇਲਵੇ ਨੂੰ ਇਤਨਾ ਹੀ ਦੁਖ ਹੈ ਤਾਂ ਹੋਰ ਗੱਡੀਆਂ ਚਲਾ ਦੇਵੇ ।"

ਸਰਦਾਰ ਜੀ ਨੂੰ ਬੱਤਰਾ ਦੇ ਇਸ ਮੜਕ ਜੁਆਬ ਉਤੇ ਗੁੱਸਾ ਆ ਗਿਆ । ਉਸ ਟਿਕਟ ਦੇਖਣੇ ਸ਼ੁਰੂ ਕੀਤੇ । ਬੱਤਰਾ ਨੇ ਆਖਿਆ, "ਜੀ, ਸਾਡੇ ਸਭਨਾਂ ਪਾਸ ਟਿਕਟ ਹਨ । ਤੁਸੀਂ ਕਿਉਂ ਖੇਚਲ ਕਰਦੇ ਹੋ ?"

ਸਰਦਾਰ ਜੀ ਨੇ ਆਖਿਆ, "ਇਹ ਮੇਰਾ ਫ਼ਰਜ਼ ਹੈ । ਮੈਂ ਇਸ ਨੂੰ ਪੂਰਾ ਕਰ ਰਿਹਾ ਹਾਂ ।"

ਅਮੀਰ ਖ਼ਾਨ ਨੇ ਆਖਿਆ, "ਕਰਨ ਦਿਓ ਪੂਰਾ ਇਨ੍ਹਾਂ ਨੂੰ ਆਪਣਾ ਫ਼ਰਜ਼ ।"

ਸਰਦਾਰ ਜੀ ਨੂੰ ਕਿਸੇ ਨੇ ਨਾ ਗੌਲਿਆ । ਸਭ ਆਪਣੇ-ਆਪਣੇ ਕੰਮ ਵਿਚ ਲੱਗੇ ਰਹੇ—ਤਾਸ਼ ਖੇਡਣ ਵਾਲੀ ਚੌਕੜੀ ਤਾਸ਼ ਖੇਡਣ ਵਿਚ, ਅਮੀਰ ਤੇ ਨਫ਼ੀਸ ਸ਼ੇਰ-ਓ-ਸ਼ਾਇਰੀ ਵਿਚ ਤੇ ਬਾਲਾ ਸ਼ੁਕਲਾ ਤੇ ਮਿਸਿਜ਼ ਸਾਨੀਆਲ ਰੋਟੀ ਖਾਣ ਵਿਚ । ਪ੍ਰੋਫ਼ੈਸਰ ਹਰਚਰਨ ਸਿੰਘ ਇਕ ਪਾਸੇ ਬੈਠਾ ਤਾਸ਼ ਦੀ ਚੌਕੜੀ ਨੂੰ ਤੱਕ ਰਿਹਾ ਸੀ, ਬਾਲਮ ਮਲਿਆਲਮ ਵਿਚ ਕੁਝ ਗੁਣ-ਗੁਣਾ ਰਿਹਾ ਸੀ ।

ਸਰਦਾਰ ਜੀ ਨੇ ਫੱਟੇ ਉਤੇ ਰਖੇ ਹੋਏ ਇਕ ਵੱਡੇ ਸੰਦੂਕ ਵਲ ਇਸ਼ਾਰਾ ਕਰ ਕੇ ਆਖਿਆ, "ਇਹ ਕਿਸ ਦਾ ਸੰਦੂਕ ਹੈ ?"

"ਸਾਡਾ ।"

"ਸਾਡੇ ਦਾ ਕੀ ਮਤਲਬ ਮੈਂ ਆਖਦਾ ਹਾਂ ਇਹ ਸੰਦੂਖ ਕਿਸ ਦਾ ਹੈ ?"

ਸਰਦਾਰ ਜੀ ਸਰਕਾਰੀ ਜ਼ਬਾਨ, ਮਿਲੀ-ਜੁਲੀ, ਅੱਧੀ ਉਰਦੂ ਤੇ ਅੱਧੀ ਅੰਗਰੇਜ਼ੀ ਵਿਚ ਗੱਲਾਂ ਕਰ ਰਹੇ ਸਨ । ਸ਼ਾਇਦ ਇਸ ਨਾਲ ਰੋਅਬ ਜ਼ਿਆਦਾ ਪੈਂਦਾ ਹੈ ।

ਅਮੀਰ ਨੇ ਉੱਤਰ ਦਿੱਤਾ, "ਸਾਡੇ ਸਭਨਾਂ ਦੀਆਂ ਡਰੈਸਾਂ ਤੇ ਡਰਾਮੇ ਦੇ ਸਾਮਾਨ ਨਾਲ ਭਰਿਆ ਹੋਇਆ ਹੈ ਇਹ ਸੰਦੂਖ ।"

ਸਰਦਾਰ ਜੀ ਨੇ ਆਖਿਆ, "ਇਸ ਨੂੰ ਤੁਲਵਾਣਾ ਪਵੇਗਾ । ਜੇ ਇਹ ਪੱਚੀ

ਸੇਰ ਤੋਂ ਵਧ ਹੋਇਆ ਤਾਂ ਮੈਂ ਚਾਰਜ ਕਰਾਂਗਾ।"

ਬੱਤਰਾ ਨੇ ਆਖਿਆ, "ਇਹ ਕਿਸੇ ਇਕ ਟਿਕਟ ਉਤੇ ਨਹੀਂ ਤੁਲ ਸਕਦਾ, ਸਾਡੇ ਸਭਨਾਂ ਦਾ ਸਾਂਝਾ ਸਾਮਾਨ ਹੈ, ਤੇ ਟਿਕਟਾਂ ਵੀ ਇਕੱਠੀਆਂ ਹਨ, ਤੁਸੀਂ ਬੇ-ਕਨੂੰਨੀ ਗੱਲ ਨਾ ਕਰੋ।"

ਨਿਰੰਜਨ ਸਿੰਘ ਬੋਲਿਆ, "ਜੇ ਸਰਦਾਰ ਜੀ ਟਿਕਟ ਚੈੱਕਰ ਹਨ ਤਾਂ ਅਸੀਂ ਵੀ ਟਿਕਟ ਚੈੱਕਰ ਹਾਂ।"

ਸਰਦਾਰ ਜੀ ਦੀ ਤਿੱਖੀ ਮੁੜੀ ਹੋਈ ਨੱਕ ਹੋਰ ਵੀ ਮੁੜ ਗਈ। ਉਨ੍ਹਾਂ ਪੁੱਛਿਆ, "ਤੁਸੀਂ ਵੀ ਟਿਕਟ ਚੈੱਕਰ ਹੋ?"

ਨਿਰੰਜਨ ਸਿੰਘ ਨੇ ਉੱਤਰ ਦਿੱਤਾ, "ਹਾਂ ਅਸੀਂ ਵੀ ਟਿਕਟ ਚੈੱਕਰ ਹਾਂ। ਤੁਸੀਂ ਗੱਡੀ ਦੇ ਟਿਕਟ ਚੈੱਕ ਕਰਦੇ ਹੋ ਅਸੀਂ ਸਮਾਜ ਦੀ ਗੱਡੀ ਵਿਚ ਬੈਠੇ ਲੋਕਾਂ ਦੇ ਟਿਕਟ ਚੈੱਕ ਕਰਦੇ ਹਾਂ। ਸਾਡੇ ਸਮਾਜ ਵਿਚ ਵੀ ਤਿੰਨ ਦਰਜੇ ਹਨ, ਥਰਡ ਕਲਾਸ, ਸੈਕੰਡ ਤੇ ਫਸਟ ਕਲਾਸ। ਕਿਉਂ ਸਰਦਾਰ ਜੀ! ਜੋ ਲੋਕ ਸਾਡੇ ਸਮਾਜ ਦੀ ਗੱਡੀ ਉਤੇ ਚੜ੍ਹੇ ਫਿਰਦੇ ਹਨ, ਤੁਸੀਂ ਕਦੀ ਉਨ੍ਹਾਂ ਦੇ ਵੀ ਟਿਕਟ ਚੈੱਕ ਕੀਤੇ ਹਨ?"

ਸਰਦਾਰ ਜੀ ਘੂਰ ਕੇ ਤੱਕਣ ਲੱਗੇ ਤੇ ਉਨ੍ਹਾਂ ਦੀਆਂ ਅੱਖਾਂ ਉੱਲੂ ਦੀਆਂ ਅੱਖਾਂ ਵਾਂਗ ਝਪਕੀਆਂ।

ਨਿਰੰਜਨ ਸਿੰਘ ਬੋਲਦਾ ਗਿਆ, "ਕਈ ਲੋਕਾਂ ਕੋਲ ਟਿਕਟ ਨਹੀਂ ਹੁੰਦੇ ਫਿਰ ਵੀ ਉਹ ਠਾਠਦਾਰ ਬੰਗਲਿਆਂ ਵਿਚ ਰਹਿੰਦੇ ਹਨ, ਮੋਟਰਾਂ ਗੱਡੀਆਂ ਤੇ ਹਵਾਈ ਜਹਾਜ਼ਾਂ ਵਿਚ ਘੁੰਮਦੇ ਹਨ, ਹੋਟਲਾਂ ਵਿਚ ਡਿਨਰ ਖਾਂਦੇ ਹਨ। ਭਲਾ ਦੱਸੋ ਕਿਸੇ ਨੇ ਉਨ੍ਹਾਂ ਦੀਆਂ ਸੀਟਾਂ ਰਿਜ਼ਰਵ ਕੀਤੀਆਂ ਹਨ? ਤੁਹਾਨੂੰ ਪਤਾ ਹੈ, ਦੱਸੋ ਸਰਦਾਰ ਸੀ। ਕੀ ਉਨ੍ਹਾਂ ਕੋਲ ਮਿਹਨਤ ਦਾ ਟਿਕਟ ਹੈ? ਨਹੀਂ, ਉਹ ਸਭ ਨਕਲੀ ਟਿਕਟਾਂ ਉਤੇ ਸਫ਼ਰ ਕਰ ਰਹੇ ਹਨ, ਜਾਅਲੀ ਟਿਕਟਾਂ ਉਤੇ, ਮੈਂ ਉਨ੍ਹਾਂ ਦਾ ਟਿਕਟ ਚੈੱਕਰ ਹਾਂ।"

ਸਰਦਾਰ ਜੀ ਆਪਣੇ ਆਪ ਨੂੰ ਇਕ ਨਾਟ-ਮੰਡਲੀ ਵਿਚ ਘਿਰੇ ਹੋਏ ਇਉਂ ਮਹਿਸੂਸ ਕਰਨ ਲੱਗੇ ਜਿਵੇਂ ਕੋਈ ਚੂਹਾ ਪਿੰਜਰੇ ਵਿਚ ਫਸ ਗਿਆ ਹੋਵੇ। ਉਨ੍ਹਾਂ ਨੇ ਆਖਿਆ, "ਤੁਸੀਂ ਮਸ਼ਖਰੀਆਂ ਨਾ ਕਰੋ, ਮੈਂ ਜਾਣਦਾ ਹਾਂ, ਤੁਸੀਂ ਹੱਸ ਰਹੇ ਹੋ—ਪਰ—"

ਸ਼ੁਕਲਾ ਨੇ ਹੱਸਦਿਆਂ ਹੋਇਆ ਆਖਿਆ, "ਸਰਦਾਰ ਜੀ, ਅਸੀਂ ਤੁਹਾਡੇ ਉਤੇ ਨਹੀਂ, ਆਪਣੇ ਆਪ ਉਤੇ ਹੱਸ ਰਹੇ ਹਾਂ।"

ਸਰਦਾਰ ਜੀ ਨੇ ਪੁੱਛਿਆ, "ਤੁਹਾਡੇ ਸਭਨਾਂ ਪਾਸ ਟਿਕਟ ਹੈ?"

"ਜੀ ਹਾਂ ਸਭਨਾਂ ਪਾਸ ਹੈ।"

ਸਰਦਾਰ ਜੀ ਇਕ ਇਕ ਦਾ ਟਿਕਟ ਦੇਖਣ ਲਗੇ।

ਬੱਤਰਾ ਨੇ ਦਬੀ ਜ਼ਬਾਨ ਵਿਚ ਆਖਿਆ, "ਸਰਦਾਰ ਜੀ ਨੂੰ ਸ਼ੱਕ ਹੈ।"

ਵੇਦ ਵਿਆਸ ਬੋਲਿਆ, "ਇਹ ਸ਼ੱਕ ਕਿਵੇਂ ਨਾ ਕਰਨ। ਇਨ੍ਹਾਂ ਨੂੰ ਸਾਰੀ ਉਮਰ ਏਸੇ ਚੀਜ਼ ਦਾ ਸਬਕ ਮਿਲਿਆ ਹੈ ਕਿ ਸ਼ੱਕ ਕਰੋ। ਹਰ ਇਕ ਨੂੰ ਗੁੰਡਾ ਸਮਝੋ ਜਦ ਤੀਕ ਉਹ ਇਹ ਸਾਬਤ ਨਾ ਕਰੇ ਕਿ ਉਹ ਸ਼ਰੀਫ਼ ਆਦਮੀ ਹੈ। ਇਸ ਵਿਚ ਸਰਦਾਰ ਹੋਰਾਂ ਦਾ ਕੀ ਕਸੂਰ?"



ਸਰਦਾਰ ਜੀ ਨੇ ਇਹ ਫ਼ਿਕਰੇ ਵੀ ਸੁਣ ਲਏ। ਉਨ੍ਹਾਂ ਨੂੰ ਹੋਰ ਰੋਹ ਚੜ੍ਹਦਾ ਗਿਆ।

ਅਸੀਂ ਸਭ ਲਾਪਰਵਾਹ ਬੈਠੇ ਸਾਂ। ਸਭਨਾਂ ਪਾਸ ਟਿਕਟ ਸੀ। ਸਾਮਾਨ ਦਾ ਬੋਝ ਲੋੜ ਨਾਲੋਂ ਵੀ ਘਟ ਸੀ, ਫਿਰ ਅਸੀਂ ਉਨ੍ਹਾਂ ਦੀ ਧੌਂਸ ਕਿਉਂ ਸਹੀਏ?

ਜਦ ਸਰਦਾਰ ਜੀ ਟਿਕਟ ਵੇਖਦੇ ਹੋਏ ਤਾਸ਼ ਦੀ ਚੌਕੜੀ ਕੋਲ ਗਏ ਤਾਂ ਵੇਦ ਵਿਆਸ ਨੇ ਤਾਸ਼ ਦੀ ਢੇਰੀ ਵਿਚੋਂ ਪੱਤਾ ਚੁਕਦੇ ਹੋਏ ਚੀਖ਼ ਕੇ ਖ਼ੁਸ਼ੀ ਨਾਲ ਆਖਿਆ, "ਆ ਗਿਆ ਜੋਕਰ! ਮੇਰੀ ਰੰਮੀ ਤਿਆਰ ਹੈ।"

"ਆ ਗਿਆ ਜੋਕਰ!" ਦੇ ਨਾਂ ਉਤੇ ਸਰਦਾਰ ਜੀ ਤ੍ਰਭਕੇ। ਉਹ ਹੁਣ ਜ਼ਿਆਦਾ ਗਹੁ ਨਾਲ ਹਰ ਇਕ ਦਾ ਟਿਕਟ ਦੇਖਣ ਲੱਗੇ।

ਸ਼ਤਾਬਦੀ ਟਿਕਟ ਉਤੇ ਸਫ਼ਰ ਕਰਨ ਦੇ ਕੁਝ ਅਸੂਲ ਸਨ, ਮਸਲਨ ਸ਼ਤਾਬਦੀ ਟਿਕਟ ਉਤੇ ਹਰ ਉਸ ਆਦਮੀ ਦੇ ਜੋ ਸਫ਼ਰ ਕਰ ਰਿਹਾ ਹੋਵੇ, ਦਸਖ਼ਤ ਹੋਣੇ ਜ਼ਰੂਰੀ ਸਨ, ਸਿਰਫ਼ ਉਹ ਸਫ਼ਰ ਕਰ ਸਕਦਾ ਸੀ ਹੋਰ ਕੋਈ ਨਹੀਂ। ਜਦ ਤੀਕ ਦਸਖ਼ਤ ਨਹੀਂ ਹੋਣਗੇ ਟਿਕਟ ਜਾਇਜ਼ ਨਹੀਂ ਸਮਝਿਆ ਜਾਏਗਾ। ਪ੍ਰੋਫ਼ੈਸਰ ਬੱਤਰਾ ਨੇ ਇਹ ਨੁਕਤਾ ਸਾਨੂੰ ਪਹਿਲਾਂ ਹੀ ਸਮਝਾ ਦਿੱਤਾ ਸੀ ਇਸ ਲਈ ਹਰ ਇਕ ਨੇ ਆਪਣੇ ਟਿਕਟ ਉਤੇ ਦਸਖ਼ਤ ਕਰ ਲਏ ਸਨ। ਪਰ ਅਨਵਰ ਬਹੁਤ ਸਾਰੇ ਪਰਾਂਠੇ ਖਾ ਕੇ ਉਪਰਲੇ ਫੱਟੇ ਉਤੇ ਸੌਂ ਗਿਆ ਸੀ। ਉਸ ਨੇ ਇਸ ਹਦਾਇਤ ਉਤੇ ਅਮਲ ਨਹੀਂ ਸੀ ਕੀਤਾ। ਜਦ ਸਰਦਾਰ ਜੀ ਨੇ ਉਸ ਦਾ ਮੋਢਾ ਹਲੂਣ ਕੇ ਉਸ ਨੂੰ ਜਗਾਇਆ, "ਟਿਕਟ!"

ਤਾਂ ਉਸ ਨੇ ਸੁੱਤੇ ਪਏ ਪਏ ਹੀ ਆਪਣਾ ਟਿਕਟ ਸਰਦਾਰ ਜੀ ਦੇ ਹਵਾਲੇ ਕਰ ਦਿੱਤਾ।

ਸਰਦਾਰ ਜੀ ਨੇ ਟਿਕਟ ਨੂੰ ਤੱਕਿਆ ਤੇ ਆਪਣੀ ਜੇਬ ਵਿਚ ਪਾ ਲਿਆ।

"ਤੁਸੀਂ ਟਿਕਟ ਜੇਬ ਵਿਚ ਕਿਉਂ ਪਾ ਲਿਆ?" ਮਿਸਿਜ਼ ਸਾਨੀਆਲ ਬੋਲੀ।

"ਮੇਰੀ ਮਰਜ਼ੀ।"

"ਤੁਹਾਡੀ ਮਰਜ਼ੀ? ਕਿਉਂ?"

"ਹਾਂ ਮੇਰੀ ਮਰਜ਼ੀ—ਘਾਬਰੋ ਨਹੀਂ, ਹੁਣੇ ਦੱਸ ਦੇਵਾਂਗਾ। ਹਾਂ ਤੁਸੀਂ ਦਖਾਓ ਆਪਣਾ ਟਿਕਟ, ਬੀਬੀ ਜੀ!"

ਮਿਸਿਜ਼ ਸਾਨੀਆਲ ਨੇ ਟਿਕਟ ਦਿਖਾ ਦਿੱਤਾ।

ਸਰਦਾਰ ਜੀ ਅੱਗੇ ਵਧੇ। "ਤੁਹਾਡਾ ਟਿਕਟ?" ਸੋਢੀ ਜੋਗਿੰਦਰ ਸਿੰਘ ਨੇ ਤਾਸ਼ ਖੇਡਦਿਆਂ ਜੇਬ ਵਿਚੋਂ ਟਿਕਟ ਕੱਢਿਆ ਤੇ ਸਰਦਾਰ ਜੀ ਵਲ ਦੇਖੇ ਬਗ਼ੈਰ ਟਿਕਟ ਫੜਾ ਦਿਤਾ।

ਸਰਦਾਰ ਜੀ ਨੇ ਟਿਕਟ ਉਤੇ ਲਿਖਿਆ ਨਾਂ ਪੜ੍ਹਿਆ-"ਹੂੰ ਕੀ ਤੁਹਾਡਾ ਨਾਂ ਸੁਰਿੰਦਰ ਕੌਰ ਹੈ?"

ਸੋਢੀ ਨੇ ਆਖਿਆ, "ਨਹੀ, ਮੇਰਾ ਨਾਂ ਸੋਢੀ ਜੋਗਿੰਦਰ ਸਿੰਘ ਹੈ।"

"ਮਿਸਟਰ, ਤੁਸੀਂ ਜ਼ਨਾਨਾ ਟਿਕਟ ਉਤੇ ਸਫ਼ਰ ਕਰ ਰਹੇ ਹੋ! ਇਸ ਟਿਕਟ ਉਤੇ ਸੁਰਿੰਦਰ ਕੌਰ ਲਿਖਿਆ ਹੋਇਆ ਏ—ਇਹ ਗ਼ੈਰ-ਕਾਨੂੰਨੀ ਹੈ।"

ਇਹ ਆਖ ਕੇ ਸਰਦਾਰ ਜੀ ਨੇ ਇਹ ਟਿਕਟ ਵੀ ਆਪਣੇ ਖੀਸੇ ਵਿਚ ਪਾ

ਲਿਆ ।

ਸੋਢੀ ਚੀਕਿਆ, "ਸਰਦਾਰ ਜੀ ! ਮੁਆਫ਼ ਕਰਨਾ, ਇਹ ਮੇਰੀ ਬੀਵੀ ਦਾ ਟਿਕਟ ਹੈ, ਇਹ ਲਓ ਮੇਰਾ ਟਿਕਟ !"

ਸਰਦਾਰ ਜੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸਨ । ਬੜੀ ਮੁਸ਼ਕਲ ਨਾਲ ਏਥੋਂ ਖਹਿੜਾ ਛੁਡਾਇਆ ਤਾਂ ਉਨ੍ਹਾਂ ਸੁਰਿੰਦਰ ਕੌਰ ਦੇ ਕੋਲ ਬੈਠੀ ਉਸ ਦੀ ਨਿੱਕੀ ਬੱਚੀ ਡੋਲੀ ਦਾ ਟਿਕਟ ਪੁੱਛ ਲਿਆ ।

"ਇਸ ਦਾ ਟਿਕਟ ?"

ਸੁਰਿੰਦਰ ਕੌਰ ਨੇ ਉੱਤਰ ਦਿੱਤਾ, "ਜੀ ਇਸ ਦਾ ਟਿਕਟ ਤਾਂ ਹੈ ਨਹੀਂ ।"

"ਕਿਉਂ ਨਹੀਂ ?"

"ਇਹ ਸਿਰਫ਼ ਢਾਈਆਂ ਸਾਲਾਂ ਦੀ ਐ ।" ਸਰਦਾਰ ਜੀ ਨੇ ਐਨਕ ਦੇ ਮੋਟੇ ਸ਼ੀਸ਼ਿਆਂ ਵਿਚੋਂ ਦੀ ਘੂਰ ਕੇ ਤੱਕਿਆ, "ਨਹੀਂ, ਇਹ ਪੰਜ ਸਾਲਾਂ ਤੋਂ ਘਟ ਦੀ ਨਹੀਂ ।"

ਸੁਰਿੰਦਰ ਕੌਰ ਨੇ ਉੱਤਰ ਦਿੱਤਾ, "ਵੇਖਣ ਵਿਚ ਇਹ ਭਾਵੇਂ ਪੰਜ ਸਾਲ ਦੀ ਲਗਦੀ ਹੋਵੇਗੀ ਪਰ ਇਸ ਦੀ ਉਮਰ ਢਾਈਆਂ ਸਾਲਾਂ ਤੋਂ ਵਧ ਨਹੀਂ ।"

ਸਰਦਾਰ ਜੀ ਨੇ ਕੁੜੀ ਵਲ ਗਹੁ ਨਾਲ ਤੱਕਿਆ ਤੇ ਆਖਿਆ "ਇਹ ਬੇਬੀ ਤਿੰਨਾਂ ਸਾਲਾਂ ਤੋਂ ਉਤੇ ਹੈ—ਮੈਂ ਇਸ ਦਾ ਟਿਕਟ ਚਾਰਜ ਕਰਾਂਗਾ ।"

ਸੁਰਿੰਦਰ ਕੌਰ ਨੇ ਜੋ ਕਲਾਕਾਰ ਬਹੁਤੀ ਤੇ ਦੁਨੀਆਂਦਾਰ ਘਟ ਸੀ, ਭੋਲੇਪਨ ਨਾਲ ਆਖਿਆ, "ਸਰਦਾਰ ਜੀ, ਮੈਨੂੰ ਤਾਂ ਤਿੰਨ ਸਾਲ ਹੋ ਗਏ ਨੇ ਇਸ ਕੁੜੀ ਨਾਲ ਏਸੇ ਤਰ੍ਹਾਂ ਸਫ਼ਰ ਕਰਦਿਆਂ—ਕਦੇ ਕਿਸੇ ਨੇ ਨਹੀਂ ਪੁੱਛਿਆ । ਤੁਸੀਂ ਅੱਜ ਕਿਵੇਂ ਪੁਛਦੇ ਹੋ ?"

ਸਰਦਾਰ ਜੀ ਨੇ ਸੁਰਿੰਦਰ ਕੌਰ ਦੇ ਇਸ ਸਹਿਜ-ਸੁਭਾ ਫ਼ਿਕਰੇ ਨੂੰ ਫੜ ਲਿਆ । "ਬੀਬੀ ਜੀ ! ਤੁਸੀਂ ਤਿੰਨ ਸਾਲਾਂ ਤੋਂ ਇਸ ਕੁੜੀ ਨਾਲ ਸਫ਼ਰ ਕਰ ਰਹੇ ਹੋ—ਕਦੇ ਕਿਸੇ ਨੇ ਨਹੀਂ ਪੁੱਛਿਆ, ਏਸੇ ਲਈ ਅੱਜ ਮੈਂ ਪੁੱਛ ਰਿਹਾ ਹਾਂ । ਇਹ ਕੁੜੀ ਪੰਜ ਸਾਲਾਂ ਤੋਂ ਘਟ ਦੀ ਨਹੀਂ । ਕੱਢੋ ਇਸ ਦਾ ਟਿਕਟ ।"

ਸਰਦਾਰ ਜੀ ਬਹੁਤ ਗੁੱਸੇ ਵਿਚ ਸਨ । ਉਨ੍ਹਾਂ ਆਪਣੇ ਖੀਸੇ ਵਿਚੋਂ ਰੇਲਵਾਈ ਦਾ ਗਰੰਥ ਕੱਢਿਆ ਤੇ ਕਰਾਏ ਦਾ ਹਿਸਾਬ ਕਿਤਾਬ ਫੋਲਣ ਲੱਗੇ । ਪਹਿਲਾਂ ਤਾਂ ਸਾਨੂੰ ਯਕੀਨ ਨਹੀਂ ਸੀ ਆਉਂਦਾ ਕਿ ਸਾਡੇ ਕੋਲੋਂ ਟਿਕਟ ਚਾਰਜ ਕਰਨਗੇ । ਪਰ ਜਦ ਉਨ੍ਹਾਂ ਰਸੀਦ ਬੁਕ ਕੱਢ ਲਈ ਤੇ ਪਰਚੀ ਕੱਟਣ ਲੱਗੇ ਤਾਂ ਅਸਾਂ ਸਭਨਾਂ ਹਾੜ੍ਹੇ ਕੱਢਣੇ ਸ਼ੁਰੂ ਕਰ ਦਿੱਤੇ । "ਸਰਦਾਰ ਜੀ ! ਜਾਣ ਦਿਓ ! ਇਹ ਤਾਂ ਬੱਚੀ ਏ ।"

"ਬੱਚੀ ਐ ! ਤਾਂ ਕਿਉਂ ਸਫ਼ਰ ਕਰਦੀ ਐ ? ਕੀ ਇਹ ਖਾਂਦੀ-ਪੀਂਦੀ ਨਹੀਂ ? ਜੇ ਇਸ ਦੇ ਖਾਣ-ਪੀਣ ਤੇ ਕਪੜੇ ਪਹਿਨਣ ਦੇ ਪੈਸੇ ਲਗਦੇ ਹਨ ਤਾਂ ਸਫ਼ਰ ਕਰਨ ਦੇ ਕਿਉਂ ਨਾ ਪੈਸੇ ਲੱਗਣ ? ਇਸ ਦੇ ਪੈਸੇ ਲਗਣਗੇ, ਧੁਰ ਦਿੱਲੀ ਤੋਂ, ਦੂਣੇ ਪੈਸੇ ਜੁਰਮਾਨਾ । ਕੱਢੋ ਬਾਈ ਰੁਪਈਏ ਛੀ ਆਨੇ ! ਤੇ ਉਸ ਭਾਈ ਦਾ ਜਿਸ ਦੇ ਟਿਕਟ ਉਤੇ ਨਾਂ ਨਹੀਂ ਸੀ ਲਿਖਿਆ, ਉਸ ਦਾ ਟਿਕਟ ਵੀ ਗ਼ੈਰ-ਕਾਨੂੰਨੀ ਹੈ, ਉਸ ਨੂੰ ਚੁਤਾਲੀ ਰੁਪਈਏ ਬਾਰਾਂ ਆਨੇ ਦੇਣੇ ਪੈਣਗੇ । ਚੁਤਾਲੀ ਰੁਪਈਏ ਬਾਰਾਂ ਆਨੇ ਤੇ ਬਾਈ ਰੁਪਈਏ



ਛੀ ਆਨੇ, ਸਤਾਹਠ ਰੁਪਈਏ ਦੋ ਆਨੇ !"

ਮਿਸਿਜ਼ ਸਾਨੀਆਲ ਦੀਆਂ ਅੱਖਾਂ ਖੁਲ੍ਹੀਆਂ ਰਹਿ ਗਈਆਂ । ਥੀਏਟਰ ਗਰੁੱਪ ਦੇ ਕੋਲ ਬੁੱਗੇ ਵਿਚ ਮਸਾਂ ਚਾਲ੍ਹੀ ਰੁਪਈਏ ਸਨ । ਅਸੀਂ ਸਤਾਹਠ ਰੁਪਈਏ ਕਿਥੋਂ ਦੇਂਦੇ ?

ਬੱਤਰਾ ਨੇ ਆਖਿਆ, "ਸਰਦਾਰ ਸਾਹਿਬ ! ਮਿਸਟਰ ਅਨਵਰ ਪਾਸ ਟਿਕਟ ਹੈ, ਉਹ ਦਸਖ਼ਤ ਕਰਨਾ ਭੁੱਲ ਗਿਆ ਹੈ, ਦਸਖ਼ਤ ਉਹ ਤੁਹਾਡੇ ਸਾਹਮਣੇ ਕਰ ਦੇਂਦਾ ਹੈ ।"

"ਜੇ ਦਸਖ਼ਤ ਮੇਰੇ ਸਾਹਮਣੇ ਕਰੇਗਾ ਤਾਂ ਉਸ ਪਿਛੋਂ ਅੱਗੇ ਸਫ਼ਰ ਕਰਨ ਲਈ ਉਸ ਦਾ ਟਿਕਟ ਜਾਇਜ਼ ਹੋ ਜਾਏਗਾ, ਪਰ ਪਿਛੇ ਦਿੱਲੀ ਤੋਂ ਏਥੇ ਤੀਕ, ਉਸ ਗ਼ੈਰ-ਕਾਨੂੰਨੀ ਸਫ਼ਰ ਕੀਤਾ ਹੈ । ਉਸ ਦਾ ਕਰਾਇਆ ਤਾਂ ਤੁਹਾਨੂੰ ਦੇਣਾ ਹੀ ਪਵੇਗਾ, ਮੈਂ ਤੁਹਾਡੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ।"

"ਤੁਸੀਂ ਕਾਨੂੰਨ ਵਲ ਧਿਆਨ ਨਾ ਦਿਓ, ਤੁਸੀਂ ਸਾਡੀ ਨੀਅਤ ਵਲ ਦੇਖੋ", ਬੱਤਰਾ ਬੋਲਿਆ ।

"ਕਾਨੂੰਨ ਦੀ ਗੱਲ ਤੁਸੀਂ ਹੀ ਛੇੜੀ ਸੀ ਬਾਬੂ ਸਾਹਿਬ, ਮੈਂ ਨਹੀਂ । ਹੁਣ ਮੈਂ ਕਾਨੂੰਨ ਦੀ ਹੀ ਗੱਲ ਕਰਾਂਗਾ ।" ਸਰਦਾਰ ਜੀ ਨੇ ਆਖਿਆ ।

ਮਿਸਿਜ਼ ਸਾਨੀਆਲ ਬੱਤਰਾ ਦੀ ਕਾਨੂੰਨ-ਬਾਜ਼ੀ ਉਤੇ ਪਛਤਾ ਰਹੀ ਸੀ । ਉਸ ਇਕ ਫਾਥੀ ਘੁੱਗੀ ਵਾਂਗ ਸਰਦਾਰ ਜੀ ਵਲ ਤੱਕਿਆ ਪਰ ਸਰਦਾਰ ਹੋਰਾਂ ਉਤੇ ਇਸ ਦਾ ਕੋਈ ਅਸਰ ਨਾ ਹੋਇਆ ।

ਸਰਦਾਰ ਜੀ ਜੰਮ ਕੇ ਸੀਟ ਉਤੇ ਬੈਠ ਗਏ ਤੇ ਕਰਾਇਆ ਮੰਗਣ ਲੱਗੇ ।

ਦਿਨੇਸ਼ ਨੇ ਪੁੱਛਿਆ, "ਸਰਦਾਰ ਜੀ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ?"

ਸਰਦਾਰ ਜੀ ਨੇ ਆਖਿਆ, "ਸਾਹਿਬ, ਮੈਂ ਅਜਿਹੇ ਹਥਕੰਡੇ ਬਹੁਤ ਵੇਖ ਚੁੱਕਾ ਹਾਂ—ਜੇ ਮੈਂ ਕਹਾਂਗਾ ਕਿ ਮੈਂ ਗੁਜਰਾਂਵਾਲੇ ਦਾ ਰਹਿਣ ਵਾਲਾ ਹਾਂ ਤਾਂ ਤੁਸੀਂ ਝਟ ਕੋਈ ਨਾ ਕੋਈ ਰਿਸ਼ਤੇਦਾਰੀ ਗੰਢਣ ਲੱਗੋਗੇ—ਪਰ ਮੈਂ ਅਰਜ਼ ਕਰਾਂ, ਮੈਂ ਨਾ ਲਾਹੌਰ ਦਾ ਤੇ ਨਾ ਹੀ ਅੰਮ੍ਰਿਤਸਰ ਦਾ—ਮੈਂ ਰੇਲ-ਗੱਡੀ ਦਾ ਰਹਿਣ ਵਾਲਾ ਹਾਂ । ਰੇਲ ਮੇਰਾ ਘਰ ਹੈ, ਤੁਸੀਂ ਇਸ ਘਰ ਵਿਚ ਬਗ਼ੈਰ ਟਿਕਟ ਦੇ ਆ ਵੜੇ ਓ, ਇਸ ਲਈ ਟਿਕਟ ਕੱਢੋ ਨਹੀਂ ਤਾਂ ਮੈਂ ਤੁਹਾਡਾ ਚਾਲਾਨ ਕਰਾਂਗਾ ।"

"ਸਰਦਾਰ ਜੀ, ਸਾਡੇ ਪਾਸ ਇਤਨੇ ਪੈਸੇ ਹੀ ਨਹੀਂ, ਅਸੀਂ ਤਾਂ ਆਰਟਿਸਟ ਹਾਂ, ਕਲਾਕਾਰ ਹਾਂ, ਲੋਕਾਂ ਦੇ ਡਰਾਮੇ ਖੇਡਣ ਬੰਬਈ ਜਾ ਰਹੇ ਹਾਂ—ਪੀਪਲਜ਼ ਥੀਏਟਰ ਦੇ ਆਰਟਿਸਟ ਹਾਂ", ਮਿਸਿਜ਼ ਸਾਨੀਆਲ ਗਿੜਗੜਾਈ ।

ਇਨ੍ਹਾਂ ਸਾਰੀਆਂ ਦਲੀਲਾਂ ਲੇਲ੍ਹੜੀਆਂ ਦਾ ਸਰਦਾਰ ਜੀ ਉਤੇ ਕੋਈ ਅਸਰ ਨਾ ਹੋਇਆ । ਉਹ ਅਹਿਲ ਉਸੇ ਤਰ੍ਹਾਂ ਬੈਠੇ ਰਹੇ । ਛੇਕੜ ਉਨ੍ਹਾਂ ਬੜੇ ਰੁੱਖੇ ਤਰੀਕੇ ਨਾਲ ਆਖਿਆ, "ਦੇਖੋ ਬੀਬੀ ਜੀ, ਕਰਾਇਆ ਤੁਹਾਨੂੰ ਦੇਣਾ ਹੀ ਪਵੇਗਾ, ਭਾਵੇਂ ਤੁਸੀਂ ਪੀਪਲਜ਼ ਥੀਏਟਰ ਦੇ ਆਰਟਿਸਟ ਹੋ ਭਾਵੇਂ ਕਿੱਕਰ ਤੇ ਭਾਵੇਂ ਬੋਹੜ ਦੇ । ਕਰਾਇਆ ਮੈਂ ਨਹੀਂ ਜੇ ਛਡਣਾ । ਮੈਂ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ, ਕਰਾਇਆ ਦੇ ਦਿਓ, ਨਹੀਂ ਤਾਂ ਮੈਂ ਅਗਲੇ ਸਟੇਸ਼ਨ ਇਹ ਕੇਸ ਪੁਲਸ ਦੇ ਹਵਾਲੇ ਕਰਾਂਗਾ, ਮੈਨੂੰ ਇਸ ਗੱਲ ਤੋਂ

ਕੋਈ ਨਹੀਂ ਹਟਾ ਸਕਦਾ, ਇਹ ਮੇਰਾ ਪੱਕਾ ਫੈਸਲਾ ਹੈ, ਫ਼ਜ਼ੂਲ ਬਹਿਸ ਨਾ ਕਰੋ, ਬਹਿਸ ਲਈ ਮੇਰੇ ਕੋਲ ਕੋਈ ਵਕਤ ਨਹੀਂ ।"

ਸਰਦਾਰ ਜੀ ਦੀ ਅੜੀ ਵੇਖ ਕੇ ਸਾਡਾ ਸਭਨਾਂ ਦਾ ਹਾਸਾ-ਖੇਡਾ ਰੁਕ ਗਿਆ । ਮਿਸਿਜ਼ ਸਾਨੀਆਲ ਦਾ ਚਿਹਰਾ ਕਪਾਹ ਦੇ ਫੁੱਲ ਵਰਗਾ ਹੋ ਗਿਆ । ਉਹ ਆਖਣ ਲੱਗੀ, "ਸਰਦਾਰ ਜੀ, ਤੁਸੀਂ ਸਾਨੂੰ ਇਸ ਵੇਲੇ ਮੁਆਫ ਕਰੋ, ਇਹ ਮੁੰਡ-ਖੁੰਡੇ ਹਨ, ਇਹਨਾਂ ਤੋਂ ਭੁੱਲ ਹੋ ਗਈ, ਇਹਨਾਂ ਦਾ ਇਹ ਮਤਲਬ ਨਹੀਂ ਸੀ, ਤੁਸੀਂ ਤਾਂ ਬਜ਼ੁਰਗ ਹੋ, ਤੁਸੀਂ ।"

ਸਰਦਾਰ ਜੀ ਨੇ ਖਿੱਝ ਕੇ ਆਖਿਆ, "ਦੇਖੋ ਬੀਬੀ, ਤੁਸੀਂ ਫ਼ਜ਼ੂਲ ਆਪਣਾ ਤੇ ਮੇਰਾ ਵਕਤ ਜ਼ਾਇਆ ਕਰ ਰਹੀ ਓ, ਮੈਂ ਟਿਕਟਾਂ ਦੇ ਪੈਸੇ ਮੰਗਦਾ ਹਾਂ, ਤੁਸੀਂ ਮੇਰੇ ਕੋਲੋਂ ਮੁਆਫ਼ੀ ਮੰਗ ਰਹੀ ਓ । ਮੁਆਫ਼ੀ ਤਾਂ ਮੈਂ ਤੁਹਾਡੇ ਕੋਲੋਂ ਮੰਗਦਾ ਹਾਂ, ਮੈਨੂੰ ਪੈਸੇ ਦਿਓ, ਤੇ ਮੁਆਫ਼ ਕਰੋ ।"

ਪ੍ਰੋਫ਼ੈਸਰ ਹਰਚਰਨ ਸਿੰਘ ਨੇ ਜੋ ਠਾਠਾ ਬੰਨ੍ਹੀ ਖਿੜਕੀ ਤੋਂ ਬਾਹਰ ਨਿੱਸਰੀਆਂ ਫ਼ਸਲਾਂ ਨੂੰ ਤੱਕ ਰਿਹਾ ਸੀ, ਇਹ ਰੌਲਾ ਸੁਣ ਕੇ ਆਪਣਾ ਸਿਰ ਅੰਦਰ ਕਰ ਲਿਆ ਤੇ ਖਿੜਕੀ ਦਾ ਸ਼ੀਸ਼ਾ ਜੜ ਦਿੱਤਾ । ਪ੍ਰੋਫ਼ੈਸਰ ਹਰਚਰਨ ਸਿੰਘ ਸਾਡੇ ਸਭਨਾਂ ਵਿਚੋਂ ਜ਼ਿਆਦਾ ਗੰਭੀਰ ਲਗਦਾ ਸੀ । ਸਫ਼ਰ ਦੇ ਵਿਚਕਾਰ ਉਹ ਬਹੁਤ ਘਟ ਬੋਲਿਆ ਸੀ । ਸਰਦਾਰ ਹੋਰਾਂ ਦੀ ਅੜੀ ਤੇ ਮੁਆਮਲੇ ਦੀ ਨਜ਼ਾਕਤ ਨੂੰ ਭਾਂਪ ਕੇ ਹਰਚਰਨ ਸਿੰਘ ਨੇ ਆਖਿਆ —

"ਸਰਦਾਰ ਜੀ, ਤੁਸੀਂ ਜਾਣਦੇ ਹੋ ਅਸੀਂ ਸਾਰੇ ਪੰਜਾਬ ਤੋਂ ਆਏ ਹਾਂ, ਪੰਜਾਬ ਦੇ ਗੀਤ ਤੇ ਨਾਟਕਾਂ ਨੂੰ ਲੈ ਕੇ ਬੰਬਈ ਜਾ ਰਹੇ ਹਾਂ, ਇਹ ਤੁਹਾਡੇ ਸਾਹਮਣੇ ਬੈਠੀ ਬੀਬੀ ਸੁਰਿੰਦਰ ਕੌਰ ਦਾ ਨਾਂ ਤਾਂ ਸੁਣਿਆ ਹੋਵੇਗਾ ਕਦੀ ?"

"ਨਹੀਂ"

"ਤੁਸੀਂ ਸੁਰਿੰਦਰ ਕੌਰ ਦੇ ਗੀਤ ਕਦੇ ਨਹੀਂ ਸੁਣੇ ?"

"ਨਹੀਂ, ਮੈਂ ਕਦੇ ਨਹੀਂ ਸੁਣੇ ।" ਸਰਦਾਰ ਸਾਹਿਬ ਇਸ ਵੇਲੇ ਬਹਿਸ ਦੇ ਮੂਡ ਵਿਚ ਨਹੀਂ ਸਨ ।

"ਤੁਸੀਂ ਮੋਹਨ ਸਿੰਘ ਦਾ ਨਾਂ ਸੁਣਿਆ ਐ ਕਦੀ, ਪ੍ਰੋਫ਼ੈਸਰ ਮੋਹਨ ਸਿੰਘ ਜਿਨ੍ਹਾਂ 'ਸਾਵੇ ਪੱਤਰ' ਲਿਖੇ ਹਨ ?"

"ਨਹੀਂ"

"ਫ਼ਜ਼ਲ ਸ਼ਾਹ ਤੇ ਦਮੋਦਰ ਦਾ ਨਾਂ ?"

"ਨਹੀਂ !"

"ਤੁਸੀਂ ਪੰਜਾਬੀ ਜਾਣਦੇ ਹੋ, ਕਦੀ ਪੰਜਾਬੀ ਪੜ੍ਹੀ ਹੈ ?"

"ਨਹੀਂ !"

"ਕੀ ਤੁਸੀਂ ਪੰਜਾਬੀ ਨਹੀਂ ?" ਪ੍ਰੋਫ਼ੈਸਰ ਹਰਚਰਨ ਸਿੰਘ ਨੇ ਹੈਰਾਨੀ ਨਾਲ ਪੁੱਛਿਆ ।

ਸਰਦਾਰ ਸਾਹਿਬ ਚੁੱਪ ਹੋ ਗਏ । ਉਨ੍ਹਾਂ ਹਰਚਰਨ ਸਿੰਘ ਵਲ ਦੁਬਾਰਾ ਤੱਕਿਆ ਤੇ ਕੁਝ ਸੋਚਣ ਲੱਗੇ । ਇਹ ਕੀ ਸੋਚ ਰਹੇ ਸਨ ? ਸਾਨੂੰ ਪਤਾ ਨਹੀਂ ਲਗਦਾ ।



ਕੀ ਉਹ ਨਾਰਾਜ਼ ਸਨ ? ਅਸੀਂ ਉਨ੍ਹਾਂ ਦੇ ਮੂੰਹ ਵਲ ਤੱਕ ਰਹੇ ਸਾਂ । ਉਨ੍ਹਾਂ ਦਾ ਚਿਹਰਾ ਸਿੱਕੇ ਦੇ ਜਿੰਦਰੇ ਵਾਂਗ ਸੀ, ਬੰਦ, ਠੋਸ, ਸਖ਼ਤ । ਪਤਾ ਨਹੀਂ ਸੀ ਲਗਦਾ ਇਸ ਦੇ ਪਿਛੇ ਕੀ ਹੋ ਰਿਹਾ ਹੈ ।

ਥੋੜ੍ਹੇ ਚਿਰ ਪਿਛੋਂ ਉਹ ਬੋਲੇ "ਮੈਂ ਪੰਜਾਬੀ ਨਹੀਂ ਬੋਲਦਾ । ਪਿਛਲੇ ਚਾਲ੍ਹੀ ਵਰ੍ਹਿਆਂ ਤੋਂ ਅਸੀਂ ਸੀ. ਪੀ. ਵਿਚ ਰਹਿ ਰਹੇ ਹਾਂ । ਮੇਰੇ ਬਾਪੂ ਨੂੰ ਏਥੇ ਕੁਝ ਜ਼ਮੀਨ ਮਿਲ ਗਈ ਸੀ, ਚਿਰ ਹੋਇਆ ਪੰਜਾਬ ਨੂੰ ਛਡ ਕੇ ਅਸੀਂ ਏਥੇ ਆ ਗਏ । ਉਸ ਵੇਲੇ ਮੈਂ ਅੱਠਾਂ ਵਰ੍ਹਿਆਂ ਦਾ ਸਾਂ । ਇਸ ਪਿਛੋਂ ਮੇਰੀ ਤਾਲੀਮ ਏਥੇ ਹੋਈ, ਮੇਰਾ ਵਿਆਹ ਏਥੇ ਹੋਇਆ । ਏਥੇ ਹੀ ਮੇਰੇ ਬੱਚੇ ਪੈਦਾ ਹੋਏ ਤੇ ਏਥੇ ਹੀ ਉਹ ਵੱਡੇ ਹੋਏ । ਉਹ ਹਿੰਦੁਸਤਾਨੀ ਬੋਲਦੇ ਹਨ । ਮੈਂ ਵੀ ਹਿੰਦੁਸਤਾਨੀ ਹੀ ਬੋਲਦਾ ਹਾਂ, ਕਦੀ ਪੰਜਾਬੀ ਨਹੀਂ ਬੋਲੀ, ਭਾਵੇਂ ਮੈਂ ਪੰਜਾਬੀ ਹਾਂ ।"

ਹਰਚਰਨ ਸਿੰਘ ਨੇ ਆਖਿਆ, "ਤੁਸੀਂ ਪੰਜਾਬੀ ਹੋ ਇਸ ਵਿਚ ਕੋਈ ਸ਼ੱਕ ਨਹੀਂ, ਪਰ ਹਰ ਕੌਮ ਤੇ ਹਰ ਮਿੱਲਤ ਦੀ ਨਿਸ਼ਾਨੀ ਉਸ ਦੀ ਬੋਲੀ ਹੈ, ਉਸ ਦਾ ਕਲਚਰ ਹੈ, ਉਸ ਦੇ ਨਾਚ ਹਨ, ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ?"

"ਅਸੀਂ ਗੁਜਰਾਤ ਦੇ ਰਹਿਣ ਵਾਲੇ ਹਾਂ ।"

"ਤੁਹਾਨੂੰ ਸੋਹਣੀ ਮਹੀਂਵਾਲ ਦਾ ਕਿੱਸਾ ਤਾਂ ਆਉਂਦਾ ਹੋਵੇਗਾ ?"

"ਚੰਗੀ ਤਰ੍ਹਾਂ, ਨਿੱਕਾ ਹੁੰਦਾ ਮੈਂ ਝਨਾਂ ਵਿਚ ਨਹਾਇਆ ਕਰਦਾ ਸਾਂ ।"

"ਤੁਸੀਂ ਵਾਰਸ ਸ਼ਾਹ ਦੀ ਹੀਰ ਪੜ੍ਹੀ ਹੈ ?"

"ਪੜ੍ਹੀ ਨਹੀਂ, ਸੁਣੀ ਹੈ ।"

"ਤੁਸੀਂ ਹੀਰ ਸੁਣਨੀ ਪਸੰਦ ਕਰੋਗੇ ? ਅਸੀਂ ਪੰਜਾਬ ਦੀ ਏਸ ਹੀਰ ਨੂੰ ਲੈ ਕੇ ਬੰਬਈ ਜਾ ਰਹੇ ਹਾਂ । ਇਸ ਦੇ ਕੁਝ ਗੀਤ ਸੁਰਿੰਦਰ ਕੌਰ ਗਾਵੇਗੀ ।"

ਸਾਰੇ ਜਣੇ ਆਖਣ ਲੱਗੇ, "ਹਾਂ, ਹਾਂ ਇਕ ਗੀਤ ਸੁਰਿੰਦਰ ਕੌਰ ਗਾਵੇਗੀ ।"

"ਸੁਰਿੰਦਰ ਕੌਰ ! ਸੁਰਿੰਦਰ ਕੌਰ !" ਸਭ ਜਣੇ ਚਿੱਲਾਏ ।

ਸੁਰਿੰਦਰ ਕੌਰ ਆਖਣ ਲੱਗੀ, "ਜੇ ਸਰਦਾਰ ਜੀ ਆਖਣਗੇ ਤਾਂ ਗਾਵਾਂਗੀ ।"

ਸਰਦਾਰ ਜੀ ਇਨਕਾਰ ਨਾ ਕਰ ਸਕੇ । ਉਨ੍ਹਾਂ ਆਖਿਆ, "ਹਾਂ, ਕੋਈ ਗੀਤ ।"

ਹਰਚਰਨ ਸਿੰਘ ਨੇ ਆਖਿਆ, "ਸੁਰਿੰਦਰ ਕੌਰ ਜੀ, ਤੁਸੀਂ ਕੋਈ ਲੋਕ-ਗੀਤ ਸੁਣਾਓ ।"

ਸੁਰਿੰਦਰ ਕੌਰ ਨੇ ਚੁੰਨੀ ਨਾਲ ਆਪਣਾ ਸਿਰ ਕੱਜ ਲਿਆ ਤੇ ਗਾਉਣ ਲੱਗੀ :

ਗੱਡੀਏ ਤੇਰੇ ਪਹੀਏ ਟੁੱਟ ਜਾਣ
ਚਾਰੇ ਟੁੱਟ ਜਾਣ ਬਾਹੀਆਂ,
ਗੱਭਰੂ ਤੂੰ ਢੋ ਲਏ
ਨਾਰਾਂ ਦੇਣ ਦੁਹਾਈਆਂ,
ਗੱਭਰੂ ਤੂੰ ਢੋ ਲਏ ।......

ਅਸੀਂ ਸਾਰੇ ਗਿੱਧਾ ਪਾਉਣ ਲੱਗੇ । ਸੋਢੀ ਸੰਦੂਖ ਉਤੇ ਥਾਪ ਦੇਣ ਲੱਗਾ । ਆਸ਼ਿਮ ਸੁਰਾਹੀ ਉਤੇ ਚਮਚਾ ਵਜਾਉਣ ਲੱਗਾ, ਬਾਲਮ ਦੀਆਂ ਅੱਖਾਂ ਨੱਚਣ ਲਗੀਆਂ ਤੇ ਅਸੀਂ ਸਾਰੇ ਨਾਲ ਨਾਲ ਗਾਉਣ ਲੱਗੇ :

ਗੱਭਰੂ ਤੂੰ ਢੋ ਲਏ

ਨਾਰਾਂ ਦੇਣ ਦੁਹਾਈਆਂ,

ਗੱਭਰੂ ਤੂੰ ਢੋ ਲਏ ।......

ਸੁਰਿੰਦਰ ਕੌਰ ਗਾ ਰਹੀ ਸੀ । ਗੱਡੀ ਦੌੜ ਰਹੀ ਸੀ, ਨਾਲ-ਨਾਲ ਇਹ ਗੀਤ ਦੌੜ ਰਿਹਾ ਸੀ, ਇਹ ਗੀਤ ਜੋ ਪੰਜਾਬ ਦੀ ਧਰਤੀ ਵਿਚੋਂ ਉਗਿਆ ਸੀ ਤੇ ਸੁਰਿੰਦਰ ਕੌਰ ਦੀਆਂ ਅੱਖਾਂ ਹੱਸ ਰਹੀਆਂ ਸਨ ।

ਉਹ ਆਖ ਰਹੀ ਸੀ :

ਗੱਭਰੂ ਤੂੰ ਢੋ ਲਏ ।

ਉਹ ਕਿਹੜੀ ਗੱਡੀ ਵਲ ਇਸ਼ਾਰਾ ਕਰ ਰਹੀ ਸੀ । ਸਰਦਾਰ ਜੀ ਦੀਆਂ ਅੱਖਾਂ ਅੱਗੇ ਵੀ ਗੱਡੀ ਦੌੜਨ ਲੱਗੀ—ਉਹ ਗੱਡੀ ਜੋ ਸਾਰੇ ਪੰਜਾਬ ਦੇ ਗੱਭਰੂ ਢੋ ਕੇ ਚੀਨ ਤੇ ਬਸਰੇ ਲੈ ਗਈ, ਉਹ ਗੱਡੀ ਜੋ ਸ਼ਾਇਦ ਖ਼ੁਦ ਸਰਦਾਰ ਜੀ ਨੂੰ ਪੰਜਾਬ ਤੋਂ ਏਥੇ ਬਦੇਸ਼ ਲੈ ਆਈ ਸੀ ਜਿਥੇ ਆ ਕੇ ਉਹ ਆਪਣਾ ਦੇਸ਼ ਭੁੱਲ ਗਏ ਸਨ, ਆਪਣੀ ਬੋਲੀ, ਆਪਣੇ ਗੀਤ, ਆਪਣਾ ਸਾਰਾ ਵਿਰਸਾ ਖੋ ਬੈਠੇ ਸਨ ।

ਲਗਾਤਾਰ ਟਿਕਟ ਚੈੱਕ ਕਰਦੇ-ਕਰਦੇ ਉਨ੍ਹਾਂ ਉਤੇ ਨਿੱਤ ਦੇ ਰੁਝੇਵੇਂ ਦਾ ਇਕ ਗਿਲਾਫ ਜੇਹਾ ਚੜ੍ਹ ਗਿਆ ਸੀ । ਜ਼ਿੰਦਗੀ ਦੇ ਪਲੇਟ ਫ਼ਾਰਮ ਉਤੇ ਉਨ੍ਹਾਂ ਹਰ ਇਕ ਸ਼ਖ਼ਸ ਨੂੰ ਬਸ ਦੋ ਜ਼ਾਵੀਆਂ ਤੋਂ ਹੀ ਤੱਕਿਆ ਸੀ, ਟਿਕਟ ਵਾਲੇ, ਜਾਂ ਬਿਨਾ ਟਿਕਟ ਪਰ ਕਲਾਕਾਰਾਂ ਦਾ ਇਹ ਕਾਫ਼ਲਾ ਨਾ ਟਿਕਟ ਵਾਲਿਆਂ ਵਿਚੋਂ ਸੀ ਨਾ ਬਿਨਾ ਟਿਕਟ ਵਾਲਿਆਂ ਵਿਚੋਂ । ਇਹ ਕਿਹੋ ਜਿਹਾ ਕਾਫ਼ਲਾ ਸੀ ?

ਸਾਰੀ ਜ਼ਿੰਦਗੀ ਉਨ੍ਹਾਂ ਓਪਰੇ ਦੇਸ਼ ਵਿਚ, ਓਪਰੀ ਬੋਲੀ ਵਿਚ, ਓਪਰੇ ਲੋਕਾਂ ਵਿਚ ਗੁਜ਼ਾਰ ਦਿੱਤੀ ਸੀ । ਮੁੱਦਤਾਂ ਹੀ ਬੀਤ ਚੁੱਕੀਆਂ ਸਨ ਜਦ ਉਹ ਪੰਜਾਬ ਛਡ ਕੇ ਏਥੇ ਆਏ ਸਨ । ਹੁਣ ਉਨ੍ਹਾਂ ਨੂੰ ਪੰਜਾਬ ਭੁੱਲ ਚੁੱਕਿਆ ਸੀ ਤੇ ਉਹ ਇਹ ਵੀ ਭੁੱਲ ਚੁੱਕੇ ਸਨ ਕਿ ਉਹ ਭੁੱਲ ਚੁੱਕੇ ਹਨ ।

ਇਕ ਦਮ ਇਸ ਗੀਤ ਨੇ ਉਨ੍ਹਾਂ ਦੀਆਂ ਸੁੱਤੀਆਂ ਸੱਧਰਾਂ ਨੂੰ ਜਗਾ ਦਿੱਤਾ । ਉਹਨਾਂ ਦਾ ਸਾਰਾ ਵਜੂਦ ਗਲੋਟੇ ਵਾਂਗ ਉਧੜਨ ਲੱਗਾ । ਉਹਨਾਂ ਨੂੰ ਇਉਂ ਜਾਪਿਆ ਜਿਵੇਂ ਜੀਵਨ ਦੀ ਚਿਰਾਂ ਤੋਂ ਉਲਝੀ ਹੋਈ ਤਾਣੀ ਦੀ ਤੰਦ ਮੁੜ ਹੱਥ ਆ ਗਈ ਹੋਵੇ । ਉਨ੍ਹਾਂ ਆਪਣੇ ਸਾਰੇ ਜੀਵਨ ਉਤੇ ਝਾਤ ਸੁੱਟੀ । ਪੰਜਾਬ ਦੇ ਇਹ ਗੀਤ ਜੋ ਧਰਤੀ ਹੇਠ ਦੱਬੇ ਪਏ ਸਨ, ਮੁੜ ਹਰੇ ਹੋ ਕੇ ਬੂਟਿਆਂ ਵਾਂਗ ਉਨ੍ਹਾਂ ਦੇ ਸਾਹਮਣੇ ਉੱਗ ਖੜੋਤੇ । ਇਕ ਵਾਰ ਫਿਰ ਉਨ੍ਹਾਂ ਨੂੰ ਪੰਜਾਬ ਯਾਦ ਆਇਆ, ਆਪਣਾ ਬਚਪਨ ਯਾਦ ਆਇਆ, ਗੁਜਰਾਤ ਤੇ ਝਨਾਂ ਯਾਦ ਆਇਆ, ਆਪਣੇ ਪਿੰਡ ਦੀ ਧਰਤੀ ਯਾਦ ਆਈ ਜੋ ਉਨ੍ਹਾਂ ਦੇ ਹੱਸ ਕੇ ਗੱਲ ਮਿਲ ਰਹੀ ਸੀ । ਉਨ੍ਹਾਂ ਨੂੰ ਇੰਜ ਭਾਸਿਆ ਜਿਵੇਂ ਇਹ ਧਰਤੀ ਆਖ ਰਹੀ ਹੋਵੇ, "ਮੇਰੇ ਪੁੱਤਰੋ ! ਮੇਰੇ ਬਚੜਿਓ ! ਆਪਣੀ ਮਾਂ ਦੇ ਬੋਲ ਸੁਣੋ, ਮੇਰੀ ਕੁੱਖ ਵਿਚੋਂ ਉੱਗੇ ਗੀਤ ਸੁਣੋ, ਮੇਰੀ ਹਾਕ ਸੁਣੋ ! ਮੇਰੇ ਬਚੜਿਓ ! ਮੇਰੇ ਪੁੱਤਰੋ !!"

ਗੱਡੀ ਹਵਾ ਨੂੰ ਫਕਦੀ ਜਾ ਰਹੀ ਸੀ । ਬਾਰੀ ਵਿਚੋਂ ਤੇਜ਼ ਆਉਂਦੀ ਹਵਾ ਵਿਚ ਸਰਦਾਰ ਸਾਹਿਬ ਦੀ ਦਾੜ੍ਹੀ ਉੱਡ ਰਹੀ ਸੀ । ਸਰਦਾਰ ਜੀ ਬੈਠੇ ਗੀਤ ਸੁਣ ਰਹੇ ਸਨ ।



ਸੁਰਿੰਦਰ ਕੌਰ ਦੇ ਨਾਲ-ਨਾਲ ਉਸ ਦੀ ਧੀ ਡੌਲੀ ਵੀ ਗਾਉਣ ਲੱਗੀ । ਤੋਤਲੇ ਬੋਲਾਂ ਨਾਲ ਉਹ ਆਪਣੀ ਮਾਂ ਦੇ ਸੁਰ ਨਾਲ ਸੁਰ ਮਿਲਾ ਕੇ ਗਾ ਰਹੀ ਸੀ ਤੇ ਹੱਥ ਨਾਲ ਤਾਲ ਦੇ ਰਹੀ ਸੀ ।

ਸਰਦਾਰ ਜੀ ਨੂੰ ਆਪਣੇ ਬੱਚੇ ਯਾਦ ਆਏ । ਆਪਣੀ ਮਾਂ ਯਾਦ ਆਈ । ਇਸ ਗੀਤ ਨੇ ਉਨ੍ਹਾਂ ਦੀਆਂ ਚਿਰਾਂ ਤੋਂ ਦੱਬੀਆਂ ਯਾਦਾਂ ਨੂੰ ਹਲੂਣ ਦਿੱਤਾ ਤੇ ਉਸ ਵਿਚੋਂ ਨਿੱਕੇ-ਨਿੱਕੇ ਵਲਵਲੇ ਇਉਂ ਉੱਡਣ ਲੱਗੇ ਜਿਵੇਂ ਤੇਜ਼ ਹਵਾ ਚਲਣ ਨਾਲ ਅੱਕ ਦੀ ਸੁੱਕੀ ਕੁਕੜੀ ਵਿਚੋਂ ਫੁੰਗੀਆਂ ਉੱਡਦੀਆਂ ਹਨ ।

ਹੌਲੀ-ਹੌਲੀ ਉਹਨਾਂ ਦੇ ਬੁੱਲ੍ਹ ਕੰਬਣ ਲੱਗੇ । ਉਨ੍ਹਾਂ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ, ਉਨ੍ਹਾਂ ਦਾ ਸਖ਼ਤ ਚਿਹਰਾ ਜੋ ਸਿੱਕੇ ਦੇ ਜਿੰਦਰੇ ਵਾਂਗ ਠੋਸ ਤੇ ਕਰੜਾ ਸੀ, ਜਜ਼ਬਾਤ ਦੀ ਗਰਮੀ ਨਾਲ ਪੰਘਰ ਗਿਆ । ਉਨ੍ਹਾਂ ਦੇ ਮੱਥੇ ਦੀ ਤਿਊੜੀ ਉਨ੍ਹਾਂ ਦੇ ਚਿਹਰੇ ਦੀਆਂ ਸਖ਼ਤ ਵੱਟਾਂ, ਖੁਰਦਰੇ ਕੋਨੇ, ਤਿੱਖੀਆਂ ਨੋਕਾਂ ਸਭ ਢਲ ਕੇ ਇਕ ਮਧੁਰਤਾ ਵਿਚ ਬਦਲ ਗਏ—ਉਹ ਮਧੁਰਤਾ ਜਿਹੜੀ ਬਹੁਤ ਚਿਰ ਵਿਛੜੇ ਦੋਸਤ ਨੂੰ ਘੁੱਟ ਕੇ ਜੱਫੀ ਪਾ ਹਟਣ ਪਿਛੋਂ ਸਾਡੇ ਚਿਹਰੇ ਉਤੇ ਝਲਕਦੀ ਹੈ, ਜੋ ਦਿਲ ਖੋਲ੍ਹ ਕੇ ਰੋ ਚੁੱਕਣ ਪਿਛੋਂ ਹੁੰਦੀ ਹੈ ।

ਜਦ ਗੀਤ ਮੁੱਕਿਆ ਤਾਂ ਸਰਦਾਰ ਜੀ ਦੇ ਬੁੱਲ੍ਹ ਕੰਬ ਰਹੇ ਸਨ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਸਨ । ਉਹ ਚੁੱਪ-ਚਾਪ ਬੈਠੇ ਰਹੇ । ਗੱਡੀ ਤੁਰਦੀ ਰਹੀ । ਬਾਹਰ ਝਾੜੀਆਂ, ਦਰਖ਼ਤ, ਮਲ੍ਹੇ ਤੇ ਤਾਰ ਦੇ ਖੰਬੇ ਉਡਦੇ ਰਹੇ । ਯਕਾਯਕ ਅਮਲਿੰਦੂ ਆਪਣੀ ਸੀਟ ਉਤੋਂ ਉਠਿਆ । ਉਹ ਇਕ ਕਾਗ਼ਜ਼ ਉਤੇ ਪਿਨਸਲ ਨਾਲ ਕੁਝ ਵਾਹ ਰਿਹਾ ਸੀ । ਉਸ ਨੇ ਉਹ ਕਾਗ਼ਜ਼ ਸਰਦਾਰ ਸੀ ਦੀ ਝੋਲੀ ਵਿਚ ਸੁੱਟ ਦਿੱਤਾ । ਅਸੀਂ ਸਭਨਾਂ ਤੱਕਿਆ, ਇਹ ਸਰਦਾਰ ਜੀ ਦਾ ਸਕੈਚ ਸੀ ਜੋ ਉਸ ਨੇ ਇਕ ਪਾਸੇ ਚੁੱਪ-ਚਾਪ ਬੈਠੇ-ਬੈਠੇ ਛੇਤੀ-ਛੇਤੀ ਕਾਗ਼ਜ਼ ਉਤੇ ਵਾਹ ਦਿੱਤਾ ਸੀ, ਉਸੇ ਤਰ੍ਹਾਂ ਮੁੜੀ ਹੋਈ ਨੱਕ, ਉਹੀ ਮੋਟੇ ਸ਼ੀਸ਼ਿਆਂ ਵਾਲੀ ਐਨਕ ਤੇ ਧੌਲੀ ਦਾੜ੍ਹੀ ।

ਆਪਣੀ ਤਸਵੀਰ ਤੱਕ ਕੇ ਸਰਦਾਰ ਜੀ ਦੀਆਂ ਗਿੱਲੀਆਂ ਅੱਖਾਂ ਵਿਚੋਂ ਮੁਸਕ੍ਰਾਹਟ ਦੀਆਂ ਕਿਰਣਾਂ ਫੁਟ ਪਈਆਂ ਤੇ ਉਨ੍ਹਾਂ ਪੁੱਛਿਆ, "ਇਹ ਤੁਸੀਂ ਕਿਵੇਂ ਖਿੱਚ ਦਿੱਤੀ ?"

ਅਮਲਿੰਦੂ ਨੇ ਆਖਿਆ, "ਤੁਸੀਂ ਇਸ ਉਤੇ ਦਸਖ਼ਤ ਕਰ ਕੇ ਸਾਨੂੰ ਦੇ ਦਿਓ, ਅਸੀਂ ਤੁਹਾਨੂੰ ਯਾਦ ਕਰਾਂਗੇ ।"

ਸਰਦਾਰ ਜੀ ਨੇ ਆਖਿਆ, "ਨਹੀਂ ! ਮੈਂ ਇਸ ਨੂੰ ਆਪਣੇ ਪਾਸ ਰੱਖਾਂਗਾ । ਮੈਂ ਇਸ ਫ਼ੋਟੋ ਨੂੰ ਆਪਣੇ ਘਰ ਲੈ ਕੇ ਜਾਵਾਂਗਾ ਤੇ ਆਪਣੇ ਬੱਚਿਆਂ ਨੂੰ ਵਖਾਵਾਂਗਾ, ਤੁਹਾਡੀਆਂ ਸਭਨਾਂ ਦੀਆਂ ਸ਼ਕਲਾਂ ਸਾਡੇ ਸਾਹਮਣੇ ਰਹਿਣਗੀਆਂ ਤੇ ਤੁਹਾਡਾ ਇਹ ਗੀਤ ਮੇਰੀ ਹਿੱਕ ਅੰਦਰ ਧੜਕੇਗਾ ।"

ਉਨ੍ਹਾਂ ਡੌਲੀ ਨੂੰ ਆਪਣੀ ਗੋਦ ਵਿਚ ਲੈ ਲਿਆ ਤੇ ਉਸ ਨੂੰ ਪਿਆਰ ਕਰਨ ਲੱਗੇ ।

ਸਟੇਸ਼ਨ ਨੇੜੇ ਆ ਰਿਹਾ ਸੀ ।

ਸਰਦਾਰ ਜੀ ਨੇ ਅਨਵਰ ਦਾ ਟਿਕਟ ਮੋੜ ਦਿੱਤਾ ਤੇ ਉਸ ਨੂੰ ਆਖਿਆ,

"ਇਸ ਉਤੇ ਦਸਤਖ਼ਤ ਕਰ ਕੇ ਆਪਣੇ ਕੋਲ ਰਖ ਲਓ ।"

ਡੌਲੀ ਨੇ ਤੋਤਲੇ ਬੋਲਾਂ ਵਿਚ ਆਖਿਆ, "ਦਾਰ ਜੀ, ਮੇਲਾ ਤਿਕਤ ਤਾਂ ਮੇਰੀ ਮਾਂ ਕੋਲ ਐ ।"

ਸਰਦਾਰ ਜੀ ਨੇ ਹੱਸ ਕੇ ਉੱਤਰ ਦਿੱਤਾ "ਹਾਂ ਪੁੱਤਰੀ, ਮੈਂ ਤੇਰਾ ਟਿਕਟ ਚੈੱਕ ਕਰ ਲਿਆ ਹੈ ।"

ਗੱਡੀ ਰੁਕੀ । ਸਰਦਾਰ ਜੀ ਨੇ ਸਾਡੇ ਵਲ ਸ਼ੁਕਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਸਾਨੂੰ ਸਭਨਾਂ ਨੂੰ ਆਖਿਆ :

"ਸਤਿ ਸ੍ਰੀ ਅਕਾਲ !"

ਤੇ ਗੱਡੀ ਤੋਂ ਹੇਠਾਂ ਉਤਰ ਗਏ । ਸੁਰਿੰਦਰ ਕੌਰ, ਸੋਢੀ ਜੋਗਿੰਦਰ ਤੇ ਪ੍ਰੋਫ਼ੈਸਰ ਹਰਚਰਨ ਸਿੰਘ ਨੇ ਮਿਲ ਕੇ ਆਖਿਆ :

"ਸਤਿ ਸ੍ਰੀ ਅਕਾਲ !"

ਥੋੜ੍ਹੇ ਚਿਰ ਪਿਛੋਂ ਜਦ ਗੱਡੀ ਤੁਰੀ ਤਾਂ ਅਸੀਂ ਵੇਖਿਆ, ਪਲੇਟ ਫਾਰਮ ਉਤੇ ਸਰਦਾਰ ਜੀ ਡੁਬ-ਡੁਬਾਈਆਂ ਅੱਖਾਂ ਨਾਲ ਸਾਨੂੰ ਤੱਕ ਰਹੇ ਸਨ ।